ਵਾਲੀ ਪਗਤੀਆਂ ਨੂੰ ਮੁਰਤੀ ਮਾਨ ਕਰਦਿਆਂ ਹੋਇਆ, ਸਮੁੰਦਰਾਂ ਨੂੰ ਚੀਰ ਕੇ, ਭੁਖਾਂ ਜਰਕੇ ਦੁਖੜੇ ਸਹਿਕ, ਕੇਦਾਂ ਕਟ ਕੇ, ਪਰਦੇਸ ਵਿਚ ਜਾ ਦਰਸ਼ਨ ਕੀਤੇ। ਕਈਆਂ ਪ੍ਰੀਤਮ ਦੇ ਦੁਸਨ ਨਮਿਤ ਪਾਠ ਕਰਾਏ, ਤੇ ਬਦਲੇ ਵਿਚ ਕੈਦਾਂ ਕਟੀਆਂ, ! ਖਿੜੇ ਮਥੇ, ਜੁਰਮਾਨੇ ਭਰ ਤੇ ਖਿੜੇ ਮਸਤਕ, ਮਾਰਾਂ ਖਾਧੀਆਂ ਤਾਂ ਵੀ, ਸੀ ਨਾਂ ਕੀਤੀ, ਬੜੇ ਬੜੇ ਦੁਖ ਝਲੇ ਪਰ ? ਉਸ ਲੰਮੀ ਗਰਦਨ ਵਾਲੇ ਨ ਆਪਣਾਂ ਕਈ ਬਹੁ ਪਤਾ ਨਾਂ ਦਿਤਾ ਚੀਨੀ ਦੀਆਂ ਵਾਗਾਂ ਨਹੀਂ ਮੋੜੀਆਂ।

ਉ ਦੇ ਪਿਛੋਂ ਸਾਡੀਆਂ ਕਈ ਬਸੰਤਾਂ, ਆਕੇ ਟਰ ਗਈਆਂ ਪਰ ! ਇਸ ਬਸੰਤ ਦਾ ਵਾਲੀ ਬਸੰਤ ਦਾ ਸੁਹਾਗ ਬਸੰਤ ਨੂੰ ਉਚਾ ਕਰਨ ਵਾਲਾ, ਅਜੇ ਤਕ ਨਾਂ ਆਇਆ ਤੇ ਸਾਡੀ ਬਸੰਤ ਨੂੰ ਸੁਹਾਵਣਾ ਨਾਂ ਕੀਤਾ।

ਦਾਤਾ ਜੀ ! ਤੇਰ ਦਰ ਤੇ ਸਵਾਲੀ ਖੜੇ

Sri Satguru Jagjit Singh Ji Elibrary NamdhariElibrary@gmail.com

ਗੁਰੂ ਰਾਮ ਸਿੰਘ ਜਗ ਵਿਚ ਆਇਆ !

[ਵਲੋ :-ਸ੍ਰੀਮਾਨ ਸਤ ਬਿਸ਼ਨ ਸਿੰਘ ਜੀ ਨੰਗਲ ਕਲਾਂ

[ਜ਼ਿਲਾ ਲੁਦਿਆਣਾ]

ਸਾਧ ਸੰਗਤ ਜੀ ! ਮੇਰਾ ਅਜ ਵਾਲ ੨ ਖੁਸ਼ ਹੋ ਰਿਹਾ ਏ । ਜਦ ਤੋਂ ਸੰਤ ਟੈਹਲ ਸਿੰਘ ਜੀ ਸਦੇਵਾਲ ਨੇ ਕਥਾ ਕੀਤੀ ਹੈ, ਮੇਰੇ ਮਨ ਵਿਚ ਖੁਸ਼ੀਆਂ ਦੇ ਢੇਰ ਲਗ ਗਿਆ ਏ। ਬਾਬਾ ਕਾਲਾ ਸਿੰਘ ਨੰਗਲਾਂ ਵਾਲੇ ਨੇ ਜੋ ਪੰਥ ਪ੍ਰਕਾਸ਼ ਵਿਚ ਸਤਿਗੁਰਾਂ ਦੇ ਸੁਭ ਆਗਮਨ, ਬਸੰਤ ਪੰਚਮੀ ਦਾ ਦਸਿਆ ਹੈ। ਆਪਾਂ ਵੀ ਬਸੰਤ ਦਾ ਗਰਪੁਰਬ ਮਨਾਈਏ। ਇਹ ਬਚਨ ਸੰਤ ਮਤਾਬ ਸਿੰਘ ਨ ਗਿਲਾਂ ਪਿੰਡ ਦੀ ਧਰਮਸਾਲ ਵਿਚ ਉਨਕ ਆਖ।

ਹਾਂ ! ਹੋਰ ਕਿਸੇ ਚੀਜ਼ ਦੀ ਲੋੜ ਨਹੀਂ, ਸਿਰਫ ਦਰਸ ਦਾ ਖੈਰ ਪਾ ਦੇਹ । ਲੋਕ ਬਸੰਤ ਮਨਾਂਦੇ ਹਨ, ਵੇਖਕੇ ਸਾਡਾ ਵੀ ਦਿਲ ਕਰਦਾ ਹੈ, ਕਿ ਬਸੰਤ ਮਨਾਈਏ । ਪਰ, ਹੋ ਵਿਛੜੇ ! ਤੇਰਾ ਸਤਿਆ ਨਾਸ ਹੋਵ, ਤੂੰ ਬੜ ਅੰਬ ਤਿਆਂ ਨੂੰ ਕਖੋਂ ਹੌਲ ਕਰ ਦਿਤਾ। ਤ ਾਰ ਜਗ ਵਿਚ ਦਰ ਦਰ ਰੋਲਿਆ। ਹ ਮਾਲਕ ! ਵਿਛੋੜਾ ਕਿਸੇ ਨੂੰ ਨਾ ਪਵੇ। ਏਹ ਤਾਂ ਵੈਰੀ ਨੂੰ ਵਾ ਨਾਂ ਪਵੇ । ਮੈਂ ਮੰਗ ਕਰਦਾ ਹਾਂ:--

ਮਾਗਤ ਹੋਂ ਤੁਮਤ ਬਰ ਮਾਂਗਤ,
ਹ ਦਾਤਨ ਦਾਤਾ ਸਿਰ ਮੌਰ।
ਤੀਅ ਸੇ ਪਾਂਆਅਰੂ, ਚਕਵੀ ਸੇ,ਰਵਿ,
ਚਾਦ, ਚਕੋਰੋਂ ਦਾਏ ਨਾਂ ਦੌਰ।
ਸੰਤਨ ਸੇ ਹਰਿ, ਧੇਨ ਸੇ ਬਛਰਾ,
ਨਾਗ ਸੇ ਮਣੀਂ, ਨਾਂ ਜਾਂ ਅਰ।
ਜਲ ਸੇ, ਮੀਨ, ਵ, ਪ੍ਰਾਤ ਸ,ਚਾਤ੍ਰਿਕ,
ਕਮਲੋਂ, ਕਭੀ ਨਾ, ਬਿਛਰ 'ਭੈਰ'।

ਨੰਬਰਦਾਰ ਲੈਹਿਣਾ ਸਿੰਘ ਆਖਿਆ:- 'ਜੇ ਕੁਝ ਸੰਤਾਂ ਨ ਕਿਹਾਏ, ਠੀਕ ਹੈ ਅਤੇ ਮੈਂ ਇਸ ਗੁਰਪੁਰਬ ਵਾਸਤੇ ਘਿਓ ਦਿੰਦਾ ਹਾਂ.....।

ਭਾਈ ਪਰੇਮ ਸਿੰਘ ਜੀ ਤੇ ਰੂੜ ਸਿੰਘ ਜੀ ਦੁਕਾਨਦਾਰ ਨੇ, ਦੋਏ ਹਥ ਜੋੜ, ਵਡੀ ਨਿਮਰਤਾ ਨਾਲ ਅਰਜ ਕੀਤੀ, ਜਿਤਨਾ ਘਿਓ ਹੋਵੇਗਾ, ਤੇ ਸਾਡੇ ਵਲੋਂ ਓਨਾਂ ਹੀ ਖਡ ਦਾ ਮਿਠਾ । ਮਾਨ ਸਿੰਘ ਜੀ ਆਖਿਆਂ, ਆਟਾ ਤੇ ਦਾਲ ਮੇਰਾ ਤੇ ਇੰਦਰ ਸਿਘ ਦੇ ਵਲੋਂ ਹੈ।

ਮਾਈ ਤਾਬ ਕੌਰ ਤੇ ਮਾਤਾ ਲਛਮੀ ਨ ਕਿਹਾ,--ਦੁਧ ਬਲਾਮ ਤੇ ਸਮੱਗਰੀ ਸਾਡੇ ਵਲੋਂ ਤੇ 'ਅਖਡ ਪਾਠ' ਕੀਤਾ ਜਾਵੇ। ਤੇਜਾ ਸਿੰਘ, ਬੂਟਾ ਸਿੰਘ, ਸੋਰ ਸਿੰਘ ਸੰਤ ਨਰੈਣ ਸਿੰਘ ਤੇ ਸਃ ਚਰਨ ਸਿੰਘ ਨੇ ਜੈਕਾਰਾ ਛਡ ਦਿਤਾ ।

ਪਰੀਤਮ ਸਿੰਘ, ਈਸ਼ਰ ਸਿੰਘ ਭਗਤ ਕਿਸ਼ਨ ਸਿੰਘ ਹੋਰਾਂ ਸਾਰੇ ਨਗਰ ਵਿਚ ਹੋਕਾਫੇਰ ਦਿਤਾ, ਅਜ ਅਖੰਡ ਪਾਠ ਬਸੰਤ ਪੰਚਮੀ ਮੀ ਸਤਿਗੁਰੂ ਰਾਮ ਸਿੰਘ ਜੀ ਦੇ ਅਵਤਾਰ ਦੀ ਖੁਸ਼ੀ ਵਿਚ ਹੋਵੇਗਾ ਸਭ ਸੇਵਾ ਕਰੇ, ਦਰਸ਼ਨ ਕਰੇ। ਕਾਕਾ ਲਾਲ ਸਿੰਘ, ਨਿਹਾਲ ਸਿੰਘ ਹਰਬੰਸ ਸਿੰਘ ਤੇ ਸ੍ਰ: ਚਰਨ ਸਿੰਘ ਨੇ ਪੰਡਾਲ ਵਾਸਤੇ ਦਾਨਣੀ ਦੀ ਸੇਵਾ ਸਾਂਭ ਲਈ ! ਸੰਤ ਜਗ ਸਿੰਘ ਮਸੈਕੇ ਵਾਲੇ,ਤੇ ਗੋਪਾਲ ਸਿੰਘ ਤਿਤ੍ਰਾਂ ਵਾਲਿਆਂ ਨੇ ਸੌਦ ਪੱਤ੍ਰ ਲਿਆਂਦ । ਪਰਮ ਪੂਜਯ ਸੰਤ ਭੂਰੀ ਵਾਲ ਬਾਬੇ ਸੁੰਦਰ ਸਿੰਘ ਜੀ ਜਥੇ ਸਮੇਤ ਪੁਜ ਕਏ। ਪਬਰਤਨ ਵਿਦਿਆ ਸਾਗਰ ਸੰਤ ਭਰਤ ਸਿਘ ਦਾਤੇਵਾਲ ਅਨਕਾਂ ਸੰਗਤਾਂ ਸਮੇਤ

ਨਾ ਦਰਸਨ ਦਿਤੇ; ਪੰਜ ਅਖੰਡ ਪਾਠ ਤੇ ਨਪ ਮਾਰਾਜਨ ਭੁਗ ਪਾਏ।

ਸੰਤ ਭਗਤੋ ਸਿੰਘ ਸ਼ਬਦ ਪੜਨ ਲਗ।

ਪਾਪੀਆਂ ਦੇ ਤਾਰਨ ਨੂੰ.

ਗੁਰੂ ਰਾਮ ਸਿੰਘ ਜਗ ਵਿਚ ਆਇਆ।

ਸਾਰੀ ਸੰਗਤ।

ਪਾਪੀਆ ਦੇ ਤਾਰਨ,.....

ਸੰਤ ਫਰ।

ਸਾਧ ਸੰਗਤ ਜੀ! ਅਜ ਓਹ ਦਿਨ ਹੈ, ਜਿਸ ਦਿਨ ਅਕਾਲ ਪੁਰਖ ਨ ਆਪਣਾ ਸਰੂਪ ਧਾਰਕ ਜਗਤ ਵਿਚ ਧਾਰਿਆ। ਨਾਨਕ ਤੋਂ ਦਵਲ ਕੇ ਰਾਮ ਸਿੰਘ ਹੋਕੇ, ਦੁਖੀਆਂ ਦ ਦਖ ਦੂਰ ਕੀਤੇ ਨੈਣਾ ਸਿੰਘ ਦਾ ਪਿੰਜਲ ਪੁਣਾ ਤੋੜਿਆ ਕੋੜ੍ਹ ਦੂਰ ਕੀਤੇ।

ਰਾਇ ਸਿੰਘ ਨੂੰ ਸੇਰ ਤੋਂ ਸਜਾਇਆ। ਘਮਾਰੀਦਾ ਮੋਹਿਆ ਬਚਾ ਜਿੰਦਾ ਕੀਤਾ।

ਰਾਮ ਸਿੰਘ ਮੇਰ ਹੋਇ ਨਾਮਾ,

ਬਾਣੀ ਸਤ ਭੈਣੀ ਕਾ ਧਾਮਾ।

ਪਾਪੀਆ ਦੇ ਤਾਰਨ ਨੂੰ.

ਗੁਰੂ ਰਾਮ ਸਿੰਘ ਜਗ ਵਿਚ ਆਇਓ।

ਸਾਰੀ ਸੰਗਤ ਏਹੋ ਸਬਦ, ਵਾਰ ਵਾਰ ਪੜਦੀ ਹੈ।

ਸੰਤ ਫੇਰ.....

ਪਾਪੀ ਤਾਰੇ ਚੋਰ ਯਾਰ ਠਗ ਨੂੰ ਵਡਭਾ ਕਰ ਦਿਤਾ, ਦਸਮੇਸ ਪਿਤਾ ਦੀ ਰੋਹਿਤ ਖੰਡ ਦਾ ਅੰਮ੍ਰਿਤ ਛਕਾਕੇ ਸਿੰਘ ਬਣਾਇਆ।

ਮਾਈਆ ਨੂੰ ਖੰਡੇ ਦਾ ਅੰਮ੍ਰਿਤ ਅਖਤ ਪਾਠ ਰੋਹਿਤ ਸੋਧ ਅਨੰਦ ਵਜਵਾਰ ਸਾਹਿਬ ਦਾ ਪ੍ਰਕਾਸ਼ ਬਾਣੀ ਦਾ ਪ੍ਰਚਾਰ ਹਰ ਮਾਸ ਬ੍ਰਾਹਮ ਜੰਞ, ਛੋਮ, ਵਾਹ ਅਮਲ ਹਟਾਕੇ ਨਾਮ ਦਾ ਵਾਹ ਲਾਇਆ। ਕਲਿਜਗ ਮੇਂ ਸਾਕਤਾ ਵਰਤਾਉ

ਬਬਹੀ ਬਾਣਦਾ ਬਪ ਵਾਰੇ ...

ਪਾਪੀਆ ਦੇ ਤਾਰਨ ਨੂੰ,

ਗੁਰੂ ਰਾਮ ਸਿੰਘ ਜਗ ਵਿਚ ਆਇਓ।

ਸੰਤ ਫੇਰ.....

ਆਓ ਭਾਸਨ ਪਛ ਨਾਮ ਜਪੋ, ਏਸਨੇ ਬਲ ਰਾਜੇ ਨੂੰ ਪਤਾਲ ਦਾ ਰਾਜ, ਤੇ ਰਾਵਨ ਦਾ ਹੰਕਾਰ, ਰਾਮ ਹੋਕੇ ਦੂਰ ਕੀਤਾ। ਕ੍ਰਿਸਨ ਹੋਕੇ ਗੀਤਾ ਦਾ ਗਿਆਨ ਅਰਜਨ ਨੂੰ ਦਿਆ ਮੋ ਮਰਬ ਮਿਆਪਕ ਹੋ ਦਾ ਬੋਧ ਦਿਤਾ।

ਗੁਰੂਮਾਲਕਵੇਚ ਹੋਕੇ ਸਿਧਾਂ ਨੂੰ ਸਿਧੇ ਰਾਹੇ ਪਾਇਆ। ਅੰਗਦ ਹੋਕੇ ਗੁਰਮੁਖੀ, ਅਖਰ ਅਤੇ ਅਮਰਦਾਸ ਹੋਕੇ ਪੰਗਤ ਭੇਦ, ਰਾਮਦਾਸ ਹੋਕ ਸਰੋਵਰ, ਸ੍ਰੀ ਅਰਜਨ ਹੋਕੇ ਬਾਣੀ, ਹਰਗੋਬਿੰਦ ਹੋਕੇ ਜਾਲਮ ਰਾਜਦੀ ਜੁੰਘੀ ਨਿਓ ਵਿਚ ਪਾਣੀ ਪਾਰੇ ਹਰਿਰ ਏ, ਹੋਕੇ ਚਸ ਕੀਤ ਬਖਸ਼ਿਸ਼ਾਂ ਦੇ ਰਾਹ ਦਿਤ, ਹਰ ਕ੍ਰਿਸਨ ਹੋਕ, ਕੁੰਭੇ ਤਿਓਰ ਤੋਂ ਜੀਤਾਂ ਦਾ ਸਾਰ ਦਸਿਆ ਤਗਬਹਾਦਰ ਹੋਕੇ ਦਿਲੀ ਵਿਚ ਹਿੰਦ ਧਰਮ ਦੀ ਰਖਿਆ ਕੀਤੀ, ਦਸਮੇਜਾਮੇ ਵਿਚ ਨਾਲ ਤਾਰ ਏਕੇ ਕਰ ਤੋਂ ਸ਼ੇਰ, ਜੰਗ ਜਿਥੇ ਕੰਮ ਕੀਤੇ ਗਿਆਰਵੇ ਜਾਮੇ ਵਿਚ ਗੁਪਤ ਸਬਦ ਦਾ ਪ੍ਰਚਾਰ ਕੀਤਾ, ਅਜ ਬਾਰਮੇ ਜਾਮੇ ਵਿਚ ਕਲ੍ਹ ਦੇ ਜੀਵਾਂ ਨੂੰ ਨਾਮ ਦਾ ਸਟਾ ਦੇਣ ਵਾਸਤੇ-ਨਿਹਕਲੰਕ, ਹੋਇ ਉਤਰਸੀ,

ਮਹਾਂ ਬਲੀ ਅਵਤਾਰ।

ਸੰਤ ਰਖਿਆ ਜੁਗ ਜੁਗ ਕਰ,

ਦੁਸਟਾ ਕਰ ਪ੍ਰਹਾਰ।

ਨਮਾ ਧਰਮ ਥਲ ਥਿਪੀ,

ਜਗ ਹੋਸ ਹੋਏ ਬਹੁ ਬਾਰ।

ਪਾਪੀਆ ਦੇ ਤਾਰਨੇ ਨੂੰ,

ਗੁਰੂ ਰਾਮ ਸਿੰਘ ਜਗ ਵਿਚ ਆਇਓ।

ਅਜ ਦਿਨ ਸਿਰ ਪਾਤਸ਼ਾਹ ਗਉਆ ਦਾ ਕਸ਼ਟ ਤੁਹਾਰਨ ਲੀ ਅਵਤਾਰ ਦੇ ਕਾ ਪੂਰਬ ਵਡਭਾਗੇ ਚੁ ਜਾਗੋ ਏਹ ਚਮੀ ਹੈ ਸਭ ਸਨ।

ਸ੍ਰੀ ਸਤਿ ਸ੍ਰੀ ਅਕਾਲ ਕੀਤੋ।

ਸੁਨੇਹੀਆਂ ਨੂੰ—

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਮੁਭ ਆਗਮਨ ਦੀ ਖੁਸੀ ਵਿਚ ਸਮੂੰਹ ਸੰਸਾਰ ਨੂੰ ਬਹੁਤ ਬਹੁਤ ਵਧਾਈਆਂ ਦੇਂਦੇ ਸਤਿਜੁਗ ਦੇ ਪਾਠਕਾਂ ਪ੍ਰਤੀ ਉਨ੍ਹਾ ਦ ਵਲੋਂ ਭੇਜੇ ਫਲਾਂ ਦਾ ਗੁਲਦਸਤਾ ਤਿਆਰ ਕਰ ਮਾਣ ਨਾਲ ਭੇਟ ਕਰਦੇ ਹਾਂ। ਇਹ ਆਪਣੇ ਥਾਂ ਕਿੰਨਾਂ ਚਗਾ ਹੈ, ਇਸ ਵਿਚ ਕੀ ਕੀ

ਪਾਤਸਾਹ ਛਤੀ ਹੀ ਪੰਜਾਬ ਦੇਸ ਆ-ਸੰਗਤਾਂ ਉਡੀਕ ਵਿਚ ਰਾਤ ਦਨ ਬਹ ਬਲ ਹੋਕੇ ਪੁਕਾਰ ਰਹੀਆਂ ਹਨ। ਉਸ ਬਾਰੇ ਜੋ ਬਚਨ ਸਤਿਗੁਰਾਂ ਕੀਤਾ ਉਸਦਾ ਰੂਪ ਸੱਚਖਡੀ ਸੰਤ ਕਾਲਾ ਸਿੰਘ ਜੀ ਇਉਂ ਘੜਦੇ ਹਨ:-

ਬੈਂਤ:-

ਮੈਂ ਆਪ ਪੰਜਾਬ ਦੇ ਬਿਚ ਆਮਾਂ,
ਥੋੜੇ ਦਿਨਾਂ ਦੇ ਤਾਈ ਬਿਚਾਰ ਬੇਟਾ!
ਭਾਰਤ ਬਰਸੇ ਫਰੰਗੀ ਦਾ ਰਾਜ ਜਾਵੇ,
ਜਕਾਂ ਗਊ ਤੋਂ ਛੁਰੀ ਤਲਵਾਰ ਬੇਟਾ!
ਗਾਇ ਬਛਰਾ ਮੁਰਗੀ ਨਾ ਸੂਰ ਮਾਰੇ,
ਨਾਮ ਜਪਗਾ ਕੁਲ ਸੰਸਾਰ ਬੇਟਾ!
ਗਏ ਦਿਨ ਬਹੁਤੇ ਸਮਾ ਹੈ ਥੋੜਾ,
ਹਾਥੀ ਲਗਿਆ ਪੂਛ ਬਿਚਕਾਰ ਬੇਟਾ!
ਕਲਜੁਗ ਹਟੇ ਸਤਿਜੁਗ ਲੌਣ ਖਾਤਰ,
ਇਕੋ ਜਾਪਦੀ ਕਰਾਂਗਾ ਕਾਰ ਬੇਟਾ!
ਕਾਲਾ ਸਿੰਘ ਅਕਾਲ ਦੀ ਜੋਤ ਮੇਰੀ;
ਚੌਦਾ ਧਾਰਾਂਗਾ ਮੈਂ ਅਵਤਾਰ ਬੇਟਾ!

ਪਾਪੀਆਂ ਦੇ ਤਾਰਨੇ ਨੂੰ ਗੁਰੂ ਰਾਮ ਸਿੰਘ ਜਗ ਵਿਚ ਆਇਓ।

ਪਰ ਸਾਧਸੰਗਤ ਜੀ। ਪਾਪੀਆਂ ਦ ਤਾਰਨੇ ਨੂੰ ਗੁਰੂ ਰਾਮ ਸਿੰਘ ਜਗ ਵਿਚ ਆਇਆ। ਵਾਰ ਵਾਰ ਪੜੋ।

ਵਸ਼ੇਸਤਾ ਤੇ ਉਣਤਾਈਆਂ ਹਨ ਇਸ ਬਾਰ ਪਾਠਕਜਨ ਆਪ ਮੁਲ ਪਾਣ! ਭਾਵੇ ਕਿੰਨਾ ਜਤਨ ਕੀਤਾ ਗਿਆ ਹੈ। ਪ੍ਰਵਰੀਡੰਗ ਕਾਰਨ ਕੋਰੜ ਮੋਠ ਵਾਂਗੂ ਭੁਲੀਆਂ ਰੜਕਾਂ ਕਰਦੀਆਂ ਹਨ ਤ ਦਿਨ ਰਾਤ ਦੀ ਮਾਰ ਖਾਦੇ ਟਾਈਪ ਪਾਸੇ ਸੇਵਾ ਲੈਣ ਕਾਰਨ ਇਸ ਨੂੰ ਚਮਕ ਦਮਕ ਦੇ ਕਪੜੇ ਪਾਉਣ ਵਿਚ ਅਸਮਰਥ ਰਹ ਹਾਂ। ਇਨ੍ਹਾਂ ਸਮੂੰਹ ਤਰੁਟੀਆਂ ਨੂੰ ਲਾਂਭੇ ਰਖਕੇ ਵੀ ਅਸੀ ਫਖਰ ਕਰਦ ਹਾਂ ਕਿ 'ਸਤਿਜੁਗ' ਪੁਰਾਣੇ ਛਡੇ ਰਾਹ ਵਲ ਮੁੜਿਆ ਹੈ, ਤੇ ਸਤਿਗੁਰ ਕਿਰਪਾਲਤਾ ਕਰਨ ਤਾਂ ਅਗਲੇ ਸਾਲ ਪੂਰੇ ਜੋਬਨ ਵਿਚ ਨਿਖਾਰ ਫੜੇਗਾ

ਲੇਖਾ ਪਤਰਾ—

ਬੀਤੀਆਂ ਸਾਲ ਬੜਾ ਚੜੀਦੀਆਂ ਕਲਾ ਵਿਚ ਬੀਤੀਆਂ ਹੈ। ਸਾਡੇ ਹਸਾਬ ਵਿਚ ਉਹ ਸਮਾ ਸੁਹਾਵਣਾ ਹੈ, ਜਿਸ ਵਿਚ ਮਾਹੀ ਦੀ ਯਾਦ ਬਹੁਤੀ ਬੀਤੇ। ਇਸ ਸਾਲ ਵੀ ਜਿਥੇ ਗ੍ਰੀਬ ਨਿਵਾਜ ਸਤਿਗੁਰੂ ਜੀ ਜਿਆਮ ਦੇਸ ਨੂੰ ਤਿੰਨ ਵੇਰ ਭਾਗਲਾਏ ਹਨ ਤੇ ਪੰਜਾਬ ਦਾ ਦੌਰਾ ਕਰਕ ਭੁਲੀਆਂ ਆਤਮਾਂ ਨੂੰ ਨਾਮ ਬਾਣੀ ਵਲ ਜੜਿਆ ਹੈ ਓਥੇ ਸੁਹੇਵ ਸਾਹਿਬ ਦੇ ਮਹਾਨ ਦਾ ਭਗੌਤੀ-ਪ੍ਰਯੋਗ ਰਚਕ ਜਿਸ ਵਿਚ ਛੜਪਕਪਣ ਪਾਠ ਹਏ ਹਨ ਸਤਿਗੁਰੂ ਰਾਮ ਸਿੰਘ ਜੀ ਨੂੰ ਦਸ ਵਲ ਵਾਗਾਂ ਮੜਨ ਤੇ ਰਾਮ-ਰਾਜਯ ਦੀ ਸ਼ੀਘਰ ਸਥਾਪਤਾ ਵਾਸਤੇ ਕਾਫੀ ਪੈਂਡਾ ਮੁਕਾ ਇਆ ਹੈ।

ਜਿਥੇ ਇਹ ਸਾਲ ਖੇੜਾ ਭਰਿਆ ਬੀਤਿਆ ਹਾਂ ਉਸਦ ਨਾਲ ਹੀ ਸੰਤ ਸੁੰਦਰ ਸਿੰਘ ਜੀ ਭੂਰੀ ਵਾਲੇ, ਸੂਬ ਇਦ ਸਿੰਘ ਜੀ ਰੋਡੇ ਤੇ ਸੇਠ ਫੂਲਾ ਸਿੰਘ ਜੀ ਤੇ ਹੋਰ ਵਿਅਕਤ ਆਂ ਦਾ ਸਦੀਵੀਵਛੋੜਾ ਦੇ ਜਾਣ ਦੁਖਦਾਈ ਭਾ ਸਿਆ ਹੈ। ਪਰ ਉਹਨਾਂ ਦਾ ਚੂੰਕਿ ਡੇਰਾ ਸਤਿਗਰ ਚਰਨਾਂ ਵਿਚ ਲਗਾ ਹੈ ਇਸ ਵਾਸਤੇ ਉਹ

Sri Satguru Jagjit Singh Ji Elibrary NamdhariElibrary@gmail.com

ਸ਼ੋਕ ਦੀ ਘਟ ਵੀ ਭਰਨ ਦੀ ਵਾਰਤਾ ਕਾਰਨ ਕੁਝ ਖੇਡ ਨਾਲ ਹੀ ਬਾਂਧਿਆ ਹੈ।

ਆਉਣ ਵਾਲਾ ਸਾਲ—

ਵੀ ਬੜੀਆਂ ਰੀਝਾਂ ਭਰਪਰ ਦਿਖ ਰਿਹਾ ਹੈ। ਸ੍ਰੀ ਭੈਣੀ ਸਾਹਿਬ ਅਖੰਡ ਪਾਠਾਂ ਦਾ ਪੁੰਜ ਬਣ ਰਿਹਾ ਹੈ। ਨਾਮਧਾਰੀ ਪਰਵਾਰ ਬਾਰੇ ਪਲੈਨ ਸੋਚ ਰੱਖ ਹਨ. ਸ਼ਾਇਦ ਕੋਈ ਮਨਾ-ਵਿਰਿਜਾਲਾ ਚਾਲੂ ਹੋ ਜਾਵੇ ਤਾਂ ਬਤੇ ਲਾਭ ਨਹੀਂ, ਮਲਾਰ ਸੰਗਤਾਂ ਵਿਦਿਆ ਪਰ ਚ ਹਿਤ ਆਪਣੇ ਆਪਣੇ ਅਲਾਕ ਵਿਚ ਸੇਵਾ ਸੋਚ ਰਹੀਆਂ ਹਨ। ਇਨ੍ਹਾਂ ਕਾਰਜਾਂ ਦਾ ਮਹਿਸ਼ ਹੀ ਨਪਰ ਚੜ੍ਹ ਜਾਣਾ ਭਾਸਦਾ ਹੈ, ਕਿਉਂਕਿ ਸਤਿਗੁਰੂ ਜੀ ਦੀ ਤੀਬਰ ਇੱਛਾ ਹੈ ਕਿ ਨਾਮਧਾਰੀ ਫੁਲਵਾੜੀ ਦ ਸਿਸ ਪਾਸੇ ਰੁਖ ਕਰੀਏ ਝਿਪਟਾਂ ਹੀ ਝਿਪਟਾਂ ਆਉਣ।

ਧਨਜਵਾਦ

ਕੀਬ ਨਿਰਾਬ ਸਤਿਗੁਰੂ ਜੀ ਦਾ ਧਨਜ ਬ ਦ ਤਾਂ ਅਸੀ ਕਰ ਹੀ ਨਹੀਂ ਸਕਦੇ ਕਿਉਂ ਕਿ ਉਨ੍ਹਦੀ ਮਹਿਮਾ ਅਪਾਰ ਪਰ ਕਸਮਾ ਤੋਂ ਅਸੀਂ ਉਨ੍ਹਾਂ ਦਾ ਨਿਮਾਣਾ ਸਾਂਹਤ ਧਨਜਵਾਦ ਕਰਦੇ ਹਨ ਜਿਨ੍ਹਾਂ ਸੇਵਕਾਂ ਪਾਸੋਂ ਪੂਰਾ ਕਰਾਕ ਆਪ ਜੀ ਸੇਵਾ ਲਈ ਹੈ।

ਸ੍ਰੀ ਪੂਜਯ ਮਹਾਰਾਜ ਜਗਜੀਤ ਸਿੰਘ ਜੀਤੇ ਮਹਾਰਾਜ ਬਾਬਾ ਬੀਰ ਸਿੰਘ ਜੀਦਾ ਧਨਜਵਾਦ ਉਚਿਤ ਹੈ, ਜਿਨ੍ਹਾਂ ਹਰ ਪ੍ਰਕਾਰ ਦੀ ਦਖ ਭਾਲ ਕਰਦਿਆਂ ਹਬ ਵਟਾਇਆ ਹੈ। ਮਾਸਟਰ ਬਲਵੰਤ ਸਿਘ ਚੋਫ ਅੰਡੀਟਰ ਦਾ ਵੀ ਬਹੁਤ ਹ ਧਨਜਵਾਦ ਹੈ, ਜਿਨ੍ਹਾਂ ਹਰ ਪਕਾਰ ਦੀ ਸਲਾਹ ਨਾਲ ਸਸ਼ਵਰਤ ਕੀਤਾ ਹੈ।

ਕਵੀਆਂ ਲਿਖਾਰੀਆਂ ਤੇ ਹੋਰ ਕਲਾਕਾਰਾਂ ਦਾ ਜਿਨ੍ਹਾਂ ਵੀ ਧਨਜਵਾਦ ਕੀਤਾ ਜਾਵੇ ਥੋੜਾ ਹੈ, ਜਿਨ੍ਹਾਂ ਬੇਨਤੀ ਪ੍ਰਵਾਨ ਕਰ ਕੀਮਤੀ ਸਮਾ ਦੇ ਇਸ ਅੰਕ ਨੂੰ ਚਾਰ ਚੰਨ ਲਾਣ ਲਈ ਸਾਡੇ ਹੋਸਲੇ ਵਧਾਏ ਹਨ। ਇਨ੍ਹਾਂ ਚਰ ਚਰੇ ਸਜਣਾਂ ਦੇ ਨਾਲ ਸੋਹਣ ਦਿਲ ਵਾਲ ਪੈਸ ਦੇ ਬ ਚਆਂ ਦਾ ਧਨਜਵਾਦ ਕਰਨਾ ਵੀ ਜ਼ਰੂਰੀ ਹੈ, ਕਿਉਂਕਿ ਉਹ 'ਸਤਿਜੁਗ' ਦੀ ਤਨੋਂ ਮਨੋਂ ਤੇ ਜੋ ਮਿਲੇ ਪ੍ਰਵਾਨ ਤੇ ਸੁਬਰ ਕਰ ਸੇਵਾ ਕਰ ਰਹੇ ਹਨ। ਸੰਤ ਜਗਜੀਤ ਸਿੰਘ ਜੀ ਤੇ ਉਨ੍ਹਾਂ ਦੀ ਧਰਮਪਤਨੀ ਵੀ ਧਨਜਵਾਦ ਦੇ ਹਕਦਾਰ ਹਨ, ਕਿਉਂਕਿ ਜਿਥੇ ਉਹ ਹੋਰ ਖਚਲ ਝਲਦੇ ਹਨ, ਉਹ ਇਨ੍ਹਾਂ ਦਿਨਾਂ ਵਿਚ ਪੈਂਚ ਸੌ ਦੇ ਲੰਗਰ ਦੀ ਸੇਵਾ ਆਪਣੇ ਸਿਰ ਲੈ ਰਹੇ ਹਨ। ਮਸ਼ੀਨ ਮੈਨ ਸੰਤ ਗੁਰਬਚਨ ਸਿੰਘ ਜੀ ਪਿਆਰਾ ਸਿੰਘ ਜੀ ਕਰਮ ਸਿੰਘ ਜੀ 'ਸੇਕੀ' ਕੰਪੋਜੀਟ ਸੰਤ ਗੁਰਬਖਸ਼ ਸਿੰਘ ਜੀ 'ਭੋਤਾ (ਰਮਦਸਾ) ਸੰਤ ਬਲੀ ਸਿੰਘ ਜੀ, ਸੰਤ ਸੇਵਾ ਸਿੰਘ ਮਫਰਨ ਸਿੰਘ ਹਜ਼ਾਰਾ ਸਿੰਘ ਜੀ ਤ ਗੋਪਾਲ ਸਿੰਘ ਦਾ ਧਨ ਜਵਾਦ ਬਿਲਕੁਲ ਚੁਰਵਾ ਜਾਪਦਾ ਹੈ - ਸਿਆਮ ਦੀ ਸੰਗਤ, ਅਫ੍ਰੀਕਾ ਵੀ ਸੰਗਤ ਤੇ ਹੋਰ ਨਾਮਧਾਰੀ ਸਮਾਜ ਜਿਹੜਾ ਇਸਦੀ ਮਾਇਕ ਸਹੇਤਾ ਕਰਦਾਹੈ ਧਨਜਵਾਦ ਦਾ ਹਕਦਾਰ ਹੈ, ਉਸਦ ਨਾਲ ਸੰਤ ਸਾਹਿਬ ਸਿੰਘ ਜੀ ਨਰੈਣਾ ਤੇ ਹੋਰ ਹਤੈਸ਼ੀਆਂ ਦਾ ਧਨਵਾਦ ਜ਼ਰੂਰੀ ਹੈ, ਕਿਉਂਕਿ ਇਹ 'ਸਤਿਜੁਗ' ਦ ਗਾਹਕ ਵਧਾਉਣ ਵਿਚ ਅਗੇ ਅਗੇ ਰਹਿੰਦੇ ਹਨ। ਅੰਤ ਅਸੀਂ ਸ੍ਰੀ 'ਵਹਿਮਾ ਜੀ, ਸੰਤ ਸਾਧੂ ਸਿਘ, ਡਾਕਟਰ ਤ੍ਰਿਲੋਕ ਸਿੰਘ ਜੀ ਤੇ ਬਾਬਾ 'ਫਰੀਦ' ਜੀ ਜਿਹੜ ਹਰ ਪ੍ਰਕਾਰ ਦ' ਹਬ ਵਟਾਉਣ ਵਿਚ ਤੱਤਪਰ ਰਹਿੰਦ ਹਨ—ਧੰਨਜਵਾਦ। ਸ੍ ਕੀਰ ਨਿਰਾਜ ਸਤਿਗੁਰੂ ਜੀ ਦਾ ਮੁਲ ਧਨਜਵਾਦ ਕਰਦਾ ਹਾ, ਜਿਨ੍ਹਾਂ ਦੀ ਅੰਤਰਲੀ ਪੂਰਨਾ ਨਾਲ ਸਮੂਹ ਸਜਣ ਧਨਜਵਾਦ ਦੇ ਪਾਤਰ ਬਣੇ ਹਨ

ਖਿਮਾ:—

ਜਿਨ੍ਹਾਂ ਸਜਣਾਂ ਦੇ ਵਡ ਮੁਲੇ ਲੇਖ ਸਾਡੇ

Sri Satguru Jagjit Singh Ji Elibrary NamdhariElibrary@gmail.com

ਸਭ ਨ ਪੁਜਣ ਕਾਰਣ ਰਹਿ ਗਏ ਹਨ ਉਨ੍ਹਾਂ ਪਾਸੋਂ ਖਿਮਾ ਮੰਗਦੇ ਹਾਂ ਤੇ ਉਨ੍ਹਾਂ ਨੂੰ ਭਰੋਸਾ ਦਵਾਉਂਦੇ ਹਾਂ ਕਿ ਉਨ੍ਹਾਂ ਦੇ ਲੇਖ 'ਸਤਿਜੁਗ' ਵਿਚ ਫੁਰਵੀਂ ਥਾਂ ਲੈਣਗੇ।

ਸਮੇਂ ਦੇ ਰੰਗ

ਇਹ ਸਾਲ ਬੜਾ ਫੁਕਾਰ ਮਾਰ ਮਾਰ ਗੁਜ਼ਰਿਆ ਹੈ। ਸੰਸਾਰ ਦੇ ਹਾਲਾਤ ਅੰਦਰ ਗੁੰਝਲਾਂ ਅੰਦਰ ਗੁੰਝਲਾਂ ਪੈਂਦੀਆਂ ਗਈਆਂ ਹਨ, ਸਗੋਂ ਵਾਧਾ ਇਹ ਕਿ ਗੁੰਝਲਾਂ ਪਾਊਣ ਵਿਚ ਡਖਰ ਜਾਣਿਆ ਗਿਆ ਹੈ, ਤੇ ਸੁਲਝਾਉਣ ਵਾਲਿਆਂ ਦਾ ਮਖੌਲ ਉਡਦਾ ਰਿਹਾ ਹੈ। ਕੋਰੀਆ ਦੇ ਘੋਲ ਵਿਚ ਸੰਸਾਰ ਦੇ ਜਹਿਸਿਆਂ ਵਿਚ ਵੰਡਿਆ ਪ੍ਰਤਖ ਨਜ਼ਰੀ ਆ ਗਿਆ ਹੈ। ਅਮੀਰਕਨ ਫਲਾਕ ਤੇ ਰੂਸੀ ਬਲਾਕ ਦੇ ਵਡੇ ਹੋਣ। ਭਾਰਤ ਵਰਗੇ ਨਿਰਪੱਖ ਰਹਿਣ ਵਾਲੇ ਦੇਸ਼ ਦਾ ਪਾਰਟ ਅਦਾ ਕਰ ਰਿਹਾ ਹੈ, ਪਰ ਜਦੋਂ ਮੂਹੋਂ ਨੂੰ ਲਹੂ ਲਗਾ ਹੋਵੇ, ਰਵਾਂ ਪਿਛੇ ਹਟਿਆ ਜਾਂਦਾ ਹੈ। ਯੂਰਪ ਵਿਚ ਵੀ ਸਾਂਝੀ ਫੌਜ ਕਾਇਮ ਕਰਨ ਦੀ ਗਲ ਚਲੀ ਹੈ।

ਦੇਸ਼ ਨੂੰ ਹੜ੍ਹਾਂ ਤੇ ਭੁੱਖਾਲਾਂ ਸਖਤ ਨੁਕਸਾਨ ਪਹੁੰਚਾਇਆ ਹੈ। ਲਖਾਂ ਦੀ ਗਿਣਤੀ ਬੇ-ਘਰ, ਨੰਗੇ ਤੇ ਭੁਖ ਦੇ ਸ਼ਿਕਾਰ ਹੋ ਗਏ ਹਨ। ਕਾਲ ਨੇ ਬੁਰੀ ਤਰ੍ਹਾਂ ਡੇਰਾ ਪਾਇਆ ਹੋਇਆ ਹੈ। ਬੀਤੇ ਸਾਲ ਨਾਲੋਂ ਚੌਥਾਈ ਰਾਸ਼ਨ ਦਾ ਕਟੌਤੀ ਕਰ ਦਿਤੀ ਗਈ ਹੈ। ਸ੍ਰਦਾਰ ਪਟੇਲ ਉਪ-ਮੰਤਰੀ ਦੀ ਮ੍ਰਿਤੂ ਨੇ ਵੀ ਕਾਫੀ ਸਟ ਮਾਰੀ ਹੈ। ਜੋ ਗੁਜ਼ਰਿਆ ਸਾਲ ਔਕੜਾਂ ਦੇ ਕਡਿਆਂ ਨਾਲ ਪਛਿਆ ਜਾਂਦਾ ਰਿਹਾ ਹੈ ਤਾਂ ਆਉਣ ਵਾਲਾ ਸਾਲ ਵੀ ਸਾਡਾ ਰੋਸ਼ ਨਹੀਂ ਦਿਸ ਰਿਹਾ। ਜੰਤਾ ਦੇ ਬਦਲ ਫਟਣ ਦੀ ਬਜਾਏ ਜ਼ੁਲਮ ਹੀ ਕੁੜੇ ਹੁੰਦੇ ਜਾਂਦੇ ਹਨ। ਭਵਿਖਤ ਦੇ ਚਿਤ ਵਿਚ ਕੀ ਛੁਪਿਆ ਹੋਇਆ ਹੈ, ਇਹ ਸਮਾਂ ਹੀ ਦਸੇਗਾ। [ਨਿਹਾਲ ਸਿੰਘ

ਬਸੰਤੀ ਭੇਟਾ !

[ਕਲੰ-ਹਜ਼ਾਰਾ ਸਿੰਘ,

ਚੀਨੀ ਵਾਲੇ ਪ੍ਰੀਤਮ ਪਿਆਰਿਆ ਵੇ;
ਸੰਗਤ ਬਿਹਾਲ ਹਈ ਨੂੰ ਆ ਪ੍ਰੀਤਮ !
ਆ ਆ ਚਿਲਚਰ ਸਭ ਪਰਾਂਦੇ ਨੇ
ਛੇਤੀ ਆ ਤੇ ਦੇ ਦੀਦਾਰ ਪ੍ਰੀਤਮ !
ਤੇਰੇ ਵਿਚ ਵਿਜੋਗ ਦੇ ਸਭ ਦੁਖੇ;
ਖਾਣ ਪੀਣ ਵਿਚ ਵਿਸਾਰੇ ਪ੍ਰੀਤਮ !
ਅਸੀਂ ਭੋਲੇ ਹਾਂ ਸਤਿਗੁਰ ਰਾਮ ਸਿੰਘ ਜੀ;
ਬਸੰਤ ਪੰਚਮੀ ਨੂੰ ਭਾਗ ਲਾ ਪ੍ਰੀਤਮ!

ਸੂਚਨਾਵਾਂ--ਹੋਲਾ ਮਹੱਲਾ

ਸਮੂਹ ਸੰਗਤ ਪਤੀ ਰਿਆਤ ਹੋਵੇ, ਕਿ ਇਸ ਸਾਲ ਨਾਮਧਾਰੀ ਖਾਲਸੇ ਦਾ ਹੋਲਾ ਮਹੱਲਾ ਸ੍ਰੀ ਭੈਣੀ ਸਾਹਿਬ ਦੀ ਪਵਿਤਰ ਧਰਤੀ ਤੇ ਮਨਾਇਆ ਜਾਵੇਗਾ।

ਪਾਠਕ ਜਨ ਧਿਆਨ ਦੇਣ

''ਸਤਿਜੁਗ'' ਦੇ ਪਾਠਕਾਂ ਨੂੰ ਸੂਚਤ ਕੀਤਾ ਜਾਂਦਾ ਹੈ, ਕਿ ਸਾਲ ਸਮਾਪਤ ਹੋ ਗਿਆ ਹੈ। ਉਹ ਆਪਣੇ ਆਪਣੇ ਚੰਦੇ ਤੇ ਚੰਦਿਆਂ ਦੇ ਬਕਾਏ ਭੇਜਣ ਦੀ ਖੇਚਲ ਕਰਨ। ਅਸੀਂ ਆਪਣੀ ਸੇਵਾ ਨਿਭਾ ਰਹੇ ਹਾਂ, ਤੁਸੀਂ ਆਪਣਾ ਫਰਜ਼ ਪਾਲੋ। (ਮੈਨਜਰ

ਘਰ ਵਿਚ ਰੌਲਾ !

ਬੁਤ ਵਾਲਾ ਚੌਕ ਤੇ ਖੁਸ਼ਹਾਲ ਸਿੰਘ ਨਾਮ ਮੇਰਾ
ਸਨਸ ਵਿਚ ਹਨੀ ਮੇਰੀ ਅੰਨਾ ਜੀ ਪਛਾਨ ਕੇ।
ਜਦੋਂ ਕਦੀ ਲੜ ਪਵੇ ਹੋਵੇ ਜੇ ਬੀਮਾਰ ਕੋਈ,
ਹੁਲੀਆ ਬੀਮਾਰੀ ਲਿਖ ਚਿਠੀ ਪ ਓ ਜਾਨਕੇ।
ਭੇਜਾਂ ਦਵਾਦਾ ਚੰਗੀ ਘਰ ਬੈਠ ਹੋਵੇ ਠੀ ਜੀ,
ਲੰਗਾ ਆਈ ਘਰ ਵਿਚ ਤਾਪ ਗਏ ਜ਼ਨਾਨਕੇ;
ਦਿਤ ਵਾਰ ਪੂਖ ਕਰੇ ਹੋਵੇਗਾ ਅਰੋਗ ਫੇਰ,
ਉਂਗਲਾਂ ਨਾਦਿਕੇ ਜਹੀਆਂ ਰੁਪਤ ਸਮਾਨਕੇ।

[ਦਾਸ-ਖੁਸ਼ਹਾਲ ਸਿੰਘ ਗੁਪਤ' ਸਿਰਸਾ

Sri Satguru Jagjit Singh Ji Sta... www.SriSatguruJagjitSinghJiStatusWhatsAppStatus.com

ਕਾਵਜ ਕਿਆਰੀ...

ਔਂਦੀ ਬਸੰਤ ਨੂੰ ਵੇਖਕੇ ਕੂਕੇ ਦਾ ਕੈਰਣਾ !

ਵਲੋਂ ਸਤ ਸਿੰਗਾਰਾ ਸਿੰਘ ਜੀ ਸਿੰਗਾਰ ਕਰੀ ਵਾਲਾ

ਨੀ ! ਬਸੰਤੇ ਭੈੜੀਏ ਕਿਉਂ ਭਜੀ ਆਵੇਂ । ਵਾਰ ਕਿਦੇ ਤੇ ਕਰੇਂ ਗੀ ਕਿਨੂੰ ਤੜਫਾਵੇਂ ।
ਮਾਨੂੰ ਚੇਗੀ ਮੂਲ ਨਾ ਤੂੰ ਲਗੇਂ ਅੜੀਏ । ਜੀ ! ਚਾਹ ਬੁਖਾੜ ਤੇਰੇ ਤੇ ਛੰਡਾ ਜੜੀਏ ।
ਨੀ ! ਤੂ ਆਕੇ ਤਜੀਏ ਕੀ ਕੀਤੇ ਕਾਰੇ । ਵਮਦ ਰਮਦ ਮਾਵਾਂਦੇ ਕਈ ਪੁਤਸ਼ੇਘਾਰ ।
ਨੀ ! ਪੈਲਾਂ ਤੈਨੂੰ ਤਕ ੨ ਕੂਕੇ ਦੇਣ ਵਧਾਈਆਂ ।
ਆਗਮ ਪੀਆ ਮਨੇਣ ਦੀਆਂ ਸਨ ਖਸ਼ੀਆਂ ਛਾਈਆਂ ।
ਫਰ ਆਨ ਕੇ ਭੈੜੀਏ ਤੂ ਜੁਲਮ ਕਮਾਇਆ ਵਿਚ ਕੰਟਲੇ ਬੈਠਕੇ ਸੀ ਭੜਥੂ ਪਾਇਆ ।
ਅੱਸੀ ਸਿੰਘ ਸਹੀਦ ਕਰ ਤੂ ਝੋਲੀ ਪਾਏ । ਪਿਛ ਸਾਥੀ ਤੜਫਦੇ ! ਤੂੰ ਕੂਚ ਵਜਾਏ ।
ਨੀ ! ਮਾਲੀ ਏਨਾਂ ਗਚਿਆਂ ਦਾ ਤੂੰ ਸਤਾਯਾ । ਓ ! ਚਾਲੇ ਤੇਰੇ ਤਕਕੇ ਪ੍ਰਦੇਸ ਸਧਾਯਾ ।
ਭਾਵੇਂ ਕੰਡਾ ਲਾ ਲਾ ਸ਼ਿੰਗਾਰ ਪਈ ਆਵੇਂ ।
ਹਟ ਜਾ ਪਿਛੇ ਪਾਪਣੇ ਨਾ ਸਾਨੂੰ ਭਾਵੇਂ ।

ਉੱਤ੍ਰ ਬਸੰਤ-ਕਬਿਤ

ਹੱਥ ਦੇਵੇਂ ਜੋੜ ਜੀ ਮੈਂ ਕਰਾਂ ਅਰਜ਼ੋਈ ਅਜ, ਕਵੀ ਜੀ ਗਰੀਬਣੀ ਚਾ ਦੇਸ ਰਤੀ ਕੋਈ ਨਾਂ ।
ਐਵੇਂ ਬਦਨਾਮ ਮੈਨੂੰ ਸਾਰ ਈ ਪਏ ਕਰਦੇ ਨੇ ਹੋਈ ਜੋੜ੍ਹੀ ਭਾਵੇ ਓਹਨੂੰ ਹੋਰ ਕੋਈ ਹੋਈ ਨਾਂ ।
ਸੀਨ ਏਹੋ ਵੇਖਕੇ ਸ਼ਹੀਦੀ ਵਾਲੀ ਕਾਰਦਾ ਮੈਂ ਮੇਰੇ ਜੇਹੀ ਨਵੇਕਲੀ ਹੋ ਸ੍ਰਿਸ਼ਟੀ ਵੀ ਰੋਈ ਨਾਂ ।
ਲਾਹਕ ਸ਼ਿੰਗਾਰ ਪਾੜ ਸਾੜ ਸਟ ਚੀਰ ਸਭ ਫਿਰਾਂ ਭੌਂਜੀਜਗ ਵਿਚ ਵੇਈ ਰਤੀ ਕੋਈ ਨਾਂ ।
ਫੇਰ ਫੇਰ ਆਵਾਂ ਤਾਹੀਂ ਏਸੇ ਹੀ ਟੇਮ ਉਤੇ, ਰਜ ਰੱਜ ਮੁਖ ਪ੍ਰਦੇਸੀ ਦਾ ਤਕਾਵਾਂ ਕਿਵੇਂ ।
ਦਿਸ ਪਵੇ ਬੈਠਾ ਹੋਯਾ ਆਪਣ ਸੰਘਾਸਨ ਜੇ ਘਟਚਰਨ ਉਦੇ ਸੀਨੇ ਨਾਲ ਲਾਵਾਂ ਕਿਵੇਂ ।
ਵਾੜੀਆਂ ਖਿੜਾਕ ਉਤੇ ਮਹਿਕਵ ਨੂੰ ਵਾਂ ਹਥੀਂ ਹਸੂੰ ੨ ਕਰ ਰੋਂਦੇ ਮੱਗਨੂੰ ਹਸਾਵਾਂ ਕਿਵੇਂ ।
ਦਿਲ ਦੀਆਂ ਸਧਰਾਂ ਮੈਂ ਲਾਹਕਾਂਹਥੀ ਸੇਵਾਕਰ ਸ਼ਿੰਗਾਰ ਰਸਭਿੰਨ ਗੀਤ ਗਾ ਗਾਸੁਨਾਵਾਂ ਕਿਵੇਂ ।

ਹੋਰ ਅਜਮਾਓ ਨਾਂ

ਵਲੋਂ ਸ੍ਰੀ ਮਾਨ ਸੰਤ ਤਾਨਾ ਸਿੰਘ ਜੀ (ਧਨੀ ਨਿਵਾਸੀ)

ਤਕ ੨ ਥਕੇ ਹਾਂ, ਅਕ ਤੇ ਨਹੀਂ ਅਸੀਂ ਅਜੇ, ਏਦੂੰ ਵਧ ਅਸਾਂ ਕੋਲੋਂ ਹੋਰ ਅਖਵਾਓ ਨਾਂ ।
ਔਗਣਾਂ ਨੂੰ ਵੇਖ ੨ ਅਸਾਂਕੋਲੋਂ ਦੂਰਹੋਣਾਂ ਸਲ ਏ ਵਿਛੋੜੇ ਵਾਲਾ ਦਿਲਾਂ ਤਾਈ ਲਾਓਨਾਂ ।
ਆਵਾਂ ਗਾ ਜਰੂਰ ਅਤੇ ਲਾਵਾਂਗਾ ਵੀ ਸਤਿਜਗ ਏਹ ਵਾਕ ਯਾਦ ਕਰ ਅਸਾਂ ਨੂੰ ਭੁਲਾਓਨਾਂ ।
ਮੰਨ ਅਰਜੋਈ ਦਿਹੇ ਸੁੰਦਰ ਦਿਦਾਰ ਆਕੇ, ਸਤਿਗੁਰੂ ਰਾਮ ਸਿੰਘ ਹੋਰ ਅਜਮਾਓ ਨਾਂ ।
ਸਾਡੇ ਵਾਲ ਗਲ ਜਹੜੀ ਜਾਪਦੀ ਅਖੀਰ ਹੋਈ ਅਪਨਾ ਸੰਭਾਲ ਬਿਰਦ ਅਸਾਂਨੂੰ ਭੁਲਾਓਨਾ ।
ਮੰਨਿਆਂ ਏ ਅਸਾ ਹੁਕਮ ਤੁਸਾਂ ਦਾ ਕੋਈ ਮੰਨਿਆ ਨਹੀਂ ਅਪਨੇਹੀ ਜਾਨ ਹਰ ਪਿਛਾਂਨੂੰ ਹਟਾਓਨਾਂ ।
ਪਤਦਾ ਕਪੁਤ ਹਣਾ ਆਪਿਆ ਸਿਆਣਿਆਂਨੋ ਪਿਤਾ ਵਾਲਾ ਸਾਰਜਾਣ ਅਸਾਂ ਨੂੰ ਧਰਾਓਨਾਂ
ਹੋ ਜਿਹੜੀ ਅਸਾਂ ਕੋਲੋਂ ਮਾਫ ਕਰ ਬਖਸ਼ ਲਵੋ, ਸਤਿਗੁਰੂ ਰਾਮ ਸਿਘ ਹੋਰ ਅਜਮਾਓ ਨਾ ।

Sri Satguru Jagjit Singh Ji Elibrary NamdhariElibrary@gmail.com

ਤਰਲਾ !

{ਵਲੋਂ- ਸੰਤ ਚੇਨਣ ਸਿੰਘ ਜੀ 'ਪ੍ਰਦੇਸੀ' ਵਮਦਮ'

ਤੇਰੀ ਸੋਹਣੀ ਚੀਨੀ, ਤੇਰਾ ਸੁੰਦਰ ਮੁਖੜਾ, ਅਸੀਂ ਬੇਬਲ ਹੋਏ, ਮਿਤਾ ਨਾ ਨੂੰ ਦੁਖੜਾ।
ਮੈਂ ਉਮਰ ਤੋਂ ਤਰਸਾਂ ਤੈਨੂੰ ਅਜੇ ਨਾ ਡਿਠਾ ਹੁਣ ਮਿਲੀ ਆਸਾਦੀ, ਤੈਨੂੰ ਫਰ ਨ ਡਿਠਾ।
ਦਸਵਾਂ ਗੁਰ ਬਣਕੇ, ਜਹੜੇ ਕੌਲ ਤੇ ਕੀਤ, ਹੁਣ ਪੂਰੇ ਕਰਨ ਸਮੇਂ ਢਰ ਨ ਬੀਤੇ।
ਕਿਧਰੇ ਲੁਕ ਬੈਠੇ ? ਇਕ ਝਲਕ ਤੂੰ ਪਾ ਜਾ, ਨਿਸ਼ਰਦਕ ਹੋਇਆ ਦੀ ਧੀਰ ਬਨਾਹ ਜਾ।
ਮੈਂ ਤਰਲੇ ਕਰਦਾ ਮੈ ਅਰਜਾਂ ਕਰਦਾ, ਲੋਕ ਤ ਹਨ ਦੇਵਣ ਤੂੰ ਆਸ ਪੁਜਾ ਜਾ।

....

ਵੇ ਬੀਬੀਆ ਸਿਖਾ, ਕਿਉਂ ਬਬਲ ਹੋਇਆ। ਰੋ ਰੋ ਕੇ ਹਝੂਆ ਦਾ, ਕਿਉਂ ਹਾਰ ਪਰੋਇਆ ?
ਤੇਰ ਤ ਲੇ ਮੈਨੂੰ, ਪਏ ਯਾਦ ਕਰਾਉਂਦੇ। ਬਾਕੀਦ ਸਿਖਨੇ, ਬਿਨੌਟੀ ਪਏ ਗੌਂਦੇ।
ਉਹ ਸਿਖਾ ਵਾਲੀ, ਸਿਖੀ ਨੂੰ ਛਡ ਗਏ। ਉਹ ਸਿਖਾਂ ਵਾਲੇ ਕਰਮਾਂ ਤੋਂ ਹਟ ਗਏ।
ਉਹ ਸਿਖਾ ਵਾਲੇ ਧਰਮਾਂ ਤੋਂ ਹਟ ਗਏ। ਉਹ ਸਿਖਾਂ ਵਾਲੀ ਸ਼ਰਮਾਂ ਤੋਂ ਹਟ ਗਏ।
ਉਹ ਸਿਖ ਕਹਾਕੇ ਕਕਰਮਾਂ ਤੇ ਡਟ ਗਏ। ਮੇਰ ਸੋਹਣਿਆਂ ਸਿਖਾ ਉਹ ਸਿਖਾ ਛਡ ਗਏ

... ...

ਤੂ ਚੀਨੀ ਵਾਲਾ ਪਿਆ ਰਾਮ ਕਹਾਵੇ। ਕਿਤੇ ਬਣ ਗੁਰ ਨਾਨਕ ਪਿਆ ਚੋਜ ਦਖਾਵੇ
ਕਿਤੇ ਬੀਸਰੀ ਵਾਲਾ ਤੂੰ ਪਿਆ ਕਹਾਵ। ਕਿਤੇ ਦਸਵਾਂ ਬਣਕੇ ਸਿਖ ਪਥ ਬਨਾਵ
ਹਣ ਵੀ ਤੂ ਰਖਲੇ ਆ ਸ਼ਾਨ ਸਿਖਾ ਦੀ। ਸ਼ਾਨ ਸਿਖਾਂ ਦੀ ਰਖ ਆਣ ਸਿਖਾਂ ਦੀ
ਹਣ ਸਿਖੀ ਬਦਲੇ ਝਟ ਪਿਆਰ ਦਿਖਾਜਾ। ਸਦੀਆਂ ਦੇ ਰੂਠੇ ਝਟ ਆਣ ਮਨਾਜਾ।
ਮੈਂ ਤਰਲ ਕਰਦਾ ਤੁਸਾਂ ਤਰਸ ਨਾਂ ਆਵੇ। ਲੋਕ ਤਾਰਨੇ ਦੇਵਣ ਤੁਸਾਂ ਮੂਲ ਨਾਂ ਭਾਵੇ

... ...

ਸਦੀ ਜੇ ਸਰਧਾ ਮੇਰੇ ਤੇ ਕਰਦਾ। ਬਣਕੇ ਮੈਂ ਸੇਵਕ ਜਲ ਉਸਦਾ ਭਰਦਾ।
ਪਾਹਲਾਂ ਦਿਲ ਵਿਚ ਦੂਈ ਦੂਰ ਕਰਾਵ। ਮੈਂ ਮੈਂ ਹੰਕਾਰਾਂ ਨੂੰ ਪਰੇ ਹਟਾਏ।
ਮੈਂ ਦੂਰ ਹੀ ਬੈਠਾ ਮੈਂ ਕੋਲ ਹਾਂ ਤੇਰੇ ਮੈ ਕੋਲ ਹਾਂ ਤੇਰੇ ਵੇਖ ਚਾਰ ਚੁਫੇਰੇ।
ਦਿਲ ਵਿਚ ਤੂ ਆਪਣੇ ਬਣ ਦਰਿੜ ਵਸਵਾਸੀ। ਕਟੀ ਜਾਊ ਤੇਰੀ ਜੋ ਜਮ ਦੀ ਫਾਸੀ।
ਤੇਰ ਜੋ ਤਰਲੇ ਮੈਨੂੰ ਖਿਚ ਲਿਆਵਣ। ਮੈ ਆਇਆ, ਆਇਆ, ਮੈ ਆਇਆ ਆਇਆ।

{ ਉਹਦਾ ਪ੍ਰਤਾਪ ਏ !! }

{ ਵਲੋਂ —ਨਥਾ ਸਿੰਘ ਜੀ 'ਭੌਰ' ਚਗਾਵਾਂ

ਉਠ ਮਨਾ ਉਠ ਚਲ ਉਹਦੀ ਕਿਤੇ ਭਾਲ ਕਰ ਨਾਮਧਾਰੀ ਪੰਥ ਜਿਹਦਾ ਕਰ ਰਿਹਾ—ਜਾਪ ਏ।
ਕਾਮ ਤੇ ਕਰੋਧ ਮੋਹ ਮਾਇਆ ਹੰਕਾਰਾ ਵਾਲਾ, ਪਾਪ ਤੇ ਪਖੰਡ ਵਾਲਾ ਲੌਹਦਾ ਜਿਹੜਾ—ਤਾਪਏ
ਤਨੇ ਮਨੇ ਹੋਕੇ ਤੂੰ ਵੀ ਲਗ ਉਹਦੀ ਭਾਲ ਵਿਚ, ਓਵੀ ਤੇਰੀ ਕਰੇਗਾ ਤਲਾਸ਼ ਖੁਦ—ਆਪਏ।
ਜਾਂ ਤੇ ਕਿਤੇ ਮੁਰਦੇ ਜ਼ਵਾਉਂਦਾ ਹੋਊ ਮੜੀਆਂ ਚੋਂ ਨਹੀ ਤੇ ਰਿਹਾ ਰਾਵੀ ਕੰਡੇ ਰਬ ਨੂੰ-ਅਲਾਪਏ
ਓਥੇ ਨਹੀ ਤਾਂ ਓਥੇ ਤਾਂ ਜ਼ਰੂਰ ਹੋਣਾਂ ਏਂ ਤੇਪ ਕੋਲ, ਜਿਥੇ ਸਿੰਘ ਕਾਬਲ ਨੂੰ ਦਿਤਾ ਸੀ ਸਰਾਪ ਏ।
ਮਾਰਕ ਧਿਆਨ ਮਨਾ ਮੇਰਿਆ ਤੂੰ ਵੇਖਤਾਂ ਸਹੀ, ਓਹਤਾਂ ਹਰਜਾਈ ਰਿਹਾ ਹਰਥਾਂ ਵਿਆਪ ਏ।
ਪਤਾ ਨਹੀਂਗਾ ਤੈਨੂੰ ਤੇਰੇ ਦਿਲਦੀ ਧੜਕ ਵਿਚ ਚੀਨੀ ਵਾਲਾ ਚੀਨੀ ਤਾਂ ਈ ਲਾਈਜਾਂਦਾ ਟਾਪਏ।
ਬਰਹੋਂ ਦਾ ਗੀਤਸੁਣ ਦੁਨੀਆਂ ਦੀਵਾਨੀ ਹੋਈ, ਗੀਤ ਨਹੀਂ ਕਿਹਾ ਉਸ ਕੀਤਾ ਵਰਲਾਪ ਏ।
ਹੋਇਆਕੀ ਜੇ ਭੌਰਾ ਗੁਰਦਿਆਲ ਬੈਠਾ ਸਚਖੰਡ, ਕਲੂ ਕਾਲ ਵਿਚ ਵੀ ਤਾਂ ਉਹਦਾਈ ਪ੍ਰਤਾਪ ਏ॥

Sri Satguru Jagjit Singh Ji Elibrary NamdhariElibrary@gmail.com

ਦਸ ਚੀਨੀ ਵਾਲਿਆ ਵੇ ਇਵੇਂ ਅਜਮਾਈ ਦਾ ?

(ਵਲੋਂ ਮਖਣ ਸਿੰਘ ਗਾਜੀ ਵਾਲ ਹਾਲ ਸਤਿਕੋਹਾ ਜਿਲਾ ਗੁਰਦਾਸ ਪੁਰ)

ਪਹਿਲੀਸੀ ਦਲੀਲਤਰੀਮੇਰੀਤੇਰੀ ਹੋਰ ਸੀ ਨਾਂ, ਕਾਂਗਾਂ ਵਿਚ ਕੋਲ ਬੋਲ ਕੋਲ ਵਾਗ ਜਾਈਦਾ
ਮਿਠੇ ਤੇਰ ਬੋਲਚੋਲ ਕੋਲ ਵਾਂਗ ਕੀਲਿਓਈ ਲੈਲਿਓਈ ਦਿਲ ਮਿਲ ਮਾਰਕੇ ਮਕਾਈਦਾ
ਪਾਇਕ ਪਿਆਰ ਨਰ ਨਾਰ ਨਰਾ ਨਬਿਆਏ ਪਬਿਆ ਪ੍ਰੀਤ ਰੀਤ ਕਰਕੇ ਭੁਲਾਈਦਾ
ਬੰਸਰ ਵਜਾਏ ਹਾਏ, ਰਾਸਰੱਸ ਤੁਰ ਗਿਓ, ਦਸ ਚੀਨੀ ਵਾਲਿਆ ਵੇ ਇਵੇਂ ਅਜਮਾਈਦਾ
ਹਰੀ ਹਰੀ ਹਰੀ ਰਖੀ ਹਰੀ ਮੁਗਿਦ ਵਾਲੀ, ਕਾਲੀ ਜਹੀ ਕਬਲੀ ਨੂੰ ਪਾਕੇ ਟੁਰ ਜਾਈਦਾ
ਤਤੱਕੀ ਨਖੱਦੜੀ ਨੂੰ ਰੇਦੜੀ ਨੂੰ ਧੌਦੜੀ ਨੂੰ ਵੇਣ ਭੈਣ ਪੌਦੜੀ ਨੂੰ ਵੇਖੀ ਨੀ ਵਹਾਈਦਾ
ਗਡ ਉਤੇ ਬੈਠਿਆ ਈਂ ਐਓ ਕਰ ਛੜਿਆ ਸੂ, ਸੋਹਣਾ ਜਿਹਾ ਹਥ ਕਰ ਵਖੋ ਨੂੰ ਮਨਾਈਦਾ
ਤਰ ਪ੍ਰਦੇਸ ਗਿਆ ਰਿਹਾ ਰੇਣ ਰੁਕਣੋ ਨਾਂ, ਦਸ ਚੀਨੀ ਵਾਲਿਆ ਵੇ ਇਵੇਂ ਅਜਮਾਈਦਾ
ਬਾਵਰੀਆਂ ਰੋਈ ਹੋਈ ਥਲਾਂ ਵਿਚ ਮੋਈ ਹੋਈ ਗਲੇ ਵਿਚ ਬਾਵਰੀਆਂ ਬਾਵਰੀ ਹੋ ਗਾਈਦਾ
ਗਾਈਦਾ ਏ ਗੀਤ ਨੀਤ ਮੀਤ ਘਰ ਆਓ ਮਰੇ ਆਪਦਾ ਬਤੀਤ ਹੋਈ ਰੋਈ ਕੁਰਲਾਈਦਾ
ਪਾਇਕ ਪ੍ਰੀਤ ਤੇ ਨਿਭਾਣ ਵਾਰੀ ਮਖ ਫਰੋਂ, ਦੁਖੇ ਹੋਏ ਦਿਲਾਂ ਤਾਈਂ ਇੰਵ ਨਹੀਂ ਸਤਾਈਦਾ
ਕਰੀ ਏ ਹਵਨ, ਪਾਠ, ਵਾਸਤੇ ਦੀਦਾਰ ਤੇਰੇ, ਦਸ ਚੀਨੀ ਵਾਲਿਆ ਵੇ ਇੰਵ ਅਜਮਾਈ ਦਾ

†-o-†

ਉਡੀਕ

(ਸੰਤ ਗੁਰਬਖਸ਼ ਸਿੰਘ ਜੀ 'ਹੰਸ ਬੰਗੋਕ ਸਿਆਮ)

ਰੋਖਾ ਚਿਰ ਬੀਤਿਆ ਨਾ ਆਏ ਮੁੜ ਦੇਸ ਪੀਆ,
ਅਠ ਪਹਿਰ ਤਾਂਘਾਂ ਕਦੋਂ ਆਪ ਦਾ ਦੀਦਾਰ ਹੋ।
ਖਿਚਾਂ ਤਾਂ ਲਿਆਈਆਂ ਖਿਚ ਯਾਦਾਂ ਪੁਤਾਇਆ ਨਾ
ਅਸਾਂ ਦੁਖਿਆਰਿਆਂ ਨੂੰ ਦਿਤਾ ਕਿਉਂ ਵਿਸਾਰ ਹੋ।
ਖਾਣਾਂ, ਪਾਣਾਂ, ਸੌਣਾ ਬਹਿਣਾ ਤਿਆਗ ਦਿਤੇ ਸਭੇ ਸੁਖ
ਖੁਲੇ ਗਲੇ ਕੇਸ ਢੂੰਡੇ ਜੰਗਲ ਹਜਾਰ ਹੋ।
ਸੁਕ ਗਿਆ ਤਨ, ਮਨ, ਹੋ ਗਿਆ ਕਬਾਬ ਭੁਜ,
ਲਬਾਂ ਉਤੇ ਜਿੰਦ ਗਮ ਲਗੇ ਬੈ ਸੁਮਾਰ ਹੋ।
ਅਖਾਂ ਵਿਚ ਟੋਏ ਰੰਗ ਹੋ ਗਿਆ ਵਸਾਰ ਵਾਂਗੂਂ,
ਅਠ ਪਹਿਰ ਜਿੰਦ ਮੇਰੀ ਰੋਹਿੰਦੀ ਗਮਖਾਰ ਹੋ।
ਜੋਗਨਾਂ ਦਾ ਭੇਸ ਰੂਪ ਬਨਿਆ ਦੀਵਾਨਿਆਂ ਦਾ,
ਨੈਣ ਲਟਬੋਰ ਕਰਨ ਆਪ ਦਾ ਇੰਤਜਾਰ ਹੋ।
ਪਾਨ ਨਾਥ ਪੀਆ ਬਿਨ ਜਗ ਤੇ ਹਨੇਰ ਦਿਸੇ, ਮਨ ਸਮਝ ਵਨੇ ਨੂੰ ਕੀਤੇ ਉਪਚਾਰ ਹੋ।
ਤੀਨ ਲੋਕ ਪਾਲੀ, ਜੋਗੀਰਾਜ ਦੀਨਦਿਆਲ ਸਭੇ, ਅਵੇ ਗੁਰੂ ਰਾਮ ਸਿੰਘ ਚੀਨੀ ਅਸ਼ਵਾਰ ਹੋ।

Sri Satguru Jagjit Singh Ji Elibrary NamdhariElibrary@gmail.com

ਬਸੰਤ !

ਸੰਤ ਗੁਰਜਿਆਲ ਸਿੰਘ ਰਾਹੀ ਦਮਦਮਾਂ

-:o:-:o:-

ਇਹ ਰੁਤ ਜੁ ਬਸੰਤ ਦੀ ਬਾਰੀ ਸਿਰ ਜਗ ਤੇ ਆ ਗਈ।
ਸਦੀਆਂ ਦੇ ਸੜਦੇ ਜਗ ਨੂੰ ਇਹ ਸ਼ਾਂਤ ਛਿਟੇ ਪਾ ਗਈ।
ਰਾਈਆਂ ਦੀ ਕੇਣੀ ਵੇਖਕ ਇਸ ਡੋਗ ਉਥੇ ਲਾ ਲਿਆ।
ਦੁਨੀਆਂ ਦੇ ਚਾਨਣ ਵਾਸਤੇ ਸੂਰਜਾਂ ਦਾ ਸੂਰਜ ਆ ਗਿਆ।
ਪ੍ਰਗਟਿਆ ਸਤਿਗੁਰ ਰਾਮ ਸਿੰਘ ਦੁਨੀਆਂ ਦਾ ਨੇਹਰਾ ਹਟਿਆ।
ਦਰਸ਼ਨ ਲਈ ਆਏ ਦੇਵਤੇ ਇੰਦਰ ਭੀ ਆਇਆ ਨਠਿਆ।
ਲੈ ਤਾਰਿਆ ਨੂੰ ਚਦ ਕਹਿਦਾ ਮੈਂ ਵੀ ਦਰਸ਼ਨ ਪਾ ਲਵਾਂ।
ਅਗੇ ਲਈ ਜਨਮ ਮਰਨ ਦਾ ਦੁਖੜਾ ਮੈਂ ਮਿਟਾ ਲਵਾਂ।
ਮੋਰਾਂ ਨੇ ਪੈਲਾਂ ਪਾਈਆਂ ਬੁਲ ਬੁਲ ਭੀ ਬੋਲੇ ਬਾਗ ਮੈਂ।
ਪਰੀਆਂ ਨੇ ਸੁਰਾਂ ਛੜੀਆਂ ਰਾਵਨ ਮਲਾਰ ਉਹ ਰਾਗ ਮੈਂ।
ਚੀਰੀ ਵਾਲੇ ਚੇਰੀਆਂ ਹਣ ਦਸ ਨੂੰ ਸੁਧਾਰ ਦੇ।
ਉਜੜ ਗਈ ਗਰੀਬ ਦਨੀਆਂ ਉਨੂ ਆ ਸਵਾਰ ਦੇ।
ਸੂਰੀ ਜੀ ਖਬਰ ਪੈਣ ਨੇ ਝਲਨ ਲਈ ਪਖਾ ਆ ਗਈ।
ਦੇਵੀ ਭੀ ਹਾਰ ਗੁੰਦਕ ਮਾਲਨ ਬਨ ਗਲ ਵਿਚ ਪਾ ਗਈ!
ਸੂਰਜ ਭੀ ਦਰਸ਼ਨ ਵਾਸਤੇ ਅਕਾਸ ਉਤੇ ਖੜ ਗਿਆ।
ਪਿਆਰੇ ਦਾ ਮੁਖੜਾ ਵੇਖਕੇ ਉਸਦਾ ਸੀ ਸੀਨਾ ਠਰ ਗਿਆ।
ਖੁਸ ਹੋਕੇ ਅਗਨ ਦੇਵਤਾ ਲੋ ਦੀਵਿਆਂ ਨੂੰ ਲਾ ਰਿਹਾ।
ਹਵਨ ਵਾਲੇ ਕੁੰਡ ਮੈਂ ਖੁਸ਼ੀਆਂ ਦੇ ਮੁਹਲੇ ਗਾ ਰਿਹਾ।
'ਰਾਹੀ' ਇਸ ਰੁਤ ਬਸੰਤ ਦਾ ਅਨੋਖਾ ਹੀ ਭੇਦ ਖੁਲਿਆ।
ਇਸ ਦਿਨ ਆਕ ਫਰਸ਼ ਤੇ ਅਕਾਸੀ ਨੂਰ ਡੁਲਿਆ।

-:o:-:o:-

ਪ੍ਰੇਮ ਕੇ ਪੁਜਾਰੀ ਹੀਯੇ ਅਮੂ ਹੋ ਜਾਤੇ ਹੈ।

[ਵਲੋਂ ਸੰਤ ਈਸ਼ਰ ਸਿੰਘ ਜੀ ਠੇਕੇਦਾਰ ਹਰੀਕੇ ਬ੍ਰਿਜ ਜਿਲਾ ਫੀਰੋਜ਼ ਪੁਰ

ਮਾਨਸਰੋਵਰ ਹੈ ਸਤਿਗੁਰੂ ਚਰਨੋਮੈਂ, ਡਾਰਾ ਕੀਆਂ ਡਾਰਾਂ ਹੰਸ ਸਰੋਵਰ ਪਹਿ ਸਹਾਤੇ ਹੈ।
ਸਹਾਤੇ ਹੈਂ ਵਣਜਾਰੇ ਹੀ ਰੇਲਾਲ ਮੋਤੀ ਮਾਣਕ ਕੇ, ਮੋਤੀ ਹੈਂ ਰਸਾਲ ਬੈਨ ਗੁਰੂ ਮੁਖ ਸੇ ਫੁਰਮਾਤੇ ਹੋ।
ਫਰਮਾਤੇ ਹੈ ਅਮੂ ਕਥਾ ਖਸਮ ਸੰਤ ਖਾਲਸੇ ਕੇ, ਪ੍ਰੇਮ ਕੇ ਪੁਜਾਰੀ ਹੀਯੇ ਅਮੂ ਹੋ ਜਾਤੇ ਹੋ।
ਜਾਤੇ ਭਵ ਸਾਗਰ ਕੋ ਪਾਰ ਕਰ ਸੋਈ ਜੋ ਪ੍ਰਤਾਪ ਮਰਗੇਸ਼ ਤੇਰੇ ਦਰਪਹਿ ਆਤੇ ਹੈ।

††††††††††

Sri Satguru Jagjit Singh Ji Elibrary NamdhariElibrary@gmail.com

ਤੈਨੂੰ ਯਾਦ ਕਰੇ ਸ੍ਰੀ ਭੈਣੀ!

(ਵਲੋਂ ਭਾਈ ਸੁਰਜਨ ਸਿੰਘ ਜੀ ਪ੍ਰੇਮੀ
ਪਿੰਡ ਸਿਆੜ੍ਹ ਜਿਲਾ ਲੁਧਿਆਣਾ)

ਜੀਨੀ ਵਾਲੇ ਕਰੀ ਤਿਆਰੀ,
ਚੜ੍ਹ ਗਡੇ ਤੇ ਅਸਵਾਰੀ,
ਕੁਲ ਰੋਂ ਦੇ ਨ ਨਰ ਤੇ ਨਾਰੀ
ਹੋ ਨੀਰ ਭਰੇ ਨੇਣੀ, ੧।
ਤਕਣ ਚਕੋਰਾਂ ਚਦ ਨੂੰ,
ਜਿਉਂ ਗੋਪਣ ਘਰਾ ਨੰਦ ਨੂੰ,
ਦੂਤੋਂ ਮੁਕਾਵਣ ਪੰਧੂ ਨੂੰ,
ਆ ਦਰਣ ਪੀਆ ਦੀ ਲੋਣੀ ੨।
ਜਦੋਂ ਹੋਇਆ ਭਾਰੀ ਤਕਰਾਰ,
ਆਇਆ ਦਿਲ ਪੀਆ ਦੇ ਪਯਾਰ,
ਕੀਤੀ ਮੁਖ ਸੇ ਏਹ ਗੁਫਤਾਰ,
ਮੈਂ ਆਣ ਮਿਲੂਂ ਸ੍ਰੀ ਭੈਣੀ ੩।
ਤੁਸੀ ਕਰੋਂ ਅਵਾਜ ਬਲੇਦ,
ਛਤੀ ਟੁਟ ਜਾਣ ਗੇ ਵੰਦ,
ਏਥੋਂ ਬਿਲੇ ਪਾਣ ਗੇ ਧ
ਏਹ ਨਹੀਂ ਗੁਲਾਮੀ ਰਹਿਣੀ, ੪
ਅਸਾਂ ਦਿਤਾ ਜੋ ਬਿਰਛ ਲਗਾ,
ਏਹਨੂੰ ਸਕੇ ਨ ਕੋਈ ਹਲਾ,
ਭਾਵੇਂ ਲਖਾਂ ਦੇਣ ਹਲਾ,
ਪਰ ਥੋਨੂੰ ਕਿਸੇ ਦਾ ਭੈ-ਣੀ ੫।
ਮੈਂ ਝਬਦੇ ਫੇਰਾ ਪਾਉਂ,
ਪ੍ਰਦੇਸ ਨ ਦਿਲ ਲਗਾਉਂ,
ਫਿਰ ਸੰਗਤ ਦੇ ਵਿਚ ਆਊਂ,
ਆ ਝਬਦੇ ਖਬਰ ਮੈਂ ਲੈਣੀ ੬।
ਸਾਰੇ ਰੋਂਦੇ ਦੇਣ ਦੁਹਾਈ,
ਅਗੇ ਦਿਸ ਦੀ ਪਈ ਜੁਦਾਈ,
ਰਾਮ ਹਿਜਰ ਦੀ ਨੇਰੀ ਆਈ,
ਐਖੀ ਹੋ ਗਈ ਘੜੀ ਸੈਹਣੀ ੭।

ਦਰਸ ਦਿਖਾਵੇਗੇ !!

{ਕਾਕਾ ਸਵਰਨ ਸਿੰਘ-
ਸ੍ਰੀ ਜੀਵਨ ਨਗਰ}

ਪੀਆ ਤੇਰੇ ਦੂਸਨਾਂ ਨੂੰ ਤਰਸਦੇ ਨੇ ਲੋਕਸਾਰੇ,
ਆਨ ਪੀਆ ਕਦੋਂ ਤੁਸੀਂ ਦਰਸ ਦਖਾਵੇਗੇ।
ਅਡ ਅਡ ਝੋਲੀਆਂ ਚਿਰਾਂ ਤੋਂ ਖੋਰ ਮੰਗਦ ਹਾਂ,
ਦਰਸ ਦੀ ਭਿਖ ਮਾਹੀ ਕਦੋਂ ਆਨ ਪਾਵੇਗੇ।
ਰੋਂਵਦੇ ਨੇ ਨੇਣ ਸਾਡੇ ਪ੍ਰੀਤਮ ਤੇਰੀ ਯਾਦ ਵਿਚ
ਮੋਹਣੇ ਮੇਰੇ ਮਾਹੀ ਕਦੋਂ ਧੀਰਜ ਧਰਾਵੇਗੇ।
ਕੂਕਦੇ ਨੇ ਕੂਕੇ ਨਿਤ ਕੂਕਾਂ ਇਹੋ ਮਾਰਦ ਨੇ,
ਸਤਿਗੁਰ ਰਾਮ ਸਿੰਘ ਕਦ ਦਰਸ ਦਖਾਵੇਗ।

ਹਾਏ ਰਾਮ ਚਲੇ ਬਬਾਨਸ,
ਰਾਮ ਸਰ ਭਇਆ ਉਦਾਸ,
ਗਏ ਗੁਲਬਨ ਉਦਾਸ,
ਤੈਨੂੰ ਯਾਦ ਕਰੇ ਸ੍ਰੀ ਭੈਣੀ,
ਦਿਲ ਉਠਿਆ ਪਰਮ ਤਰੰਗਾ,
ਜਦੋਂ ਛਲਾਂ ਖਾਵਣ ਗੰਗਾ।
ਦਿਲ ਹੋਗਿਆ ਡਾਢਾ ਤੰਗ,
ਚਗੀ ਲਗਦੀ ਸਾਨੂੰ ਕੋਈ ਸੈਂਣੀ।
ਹਾਏ ਛਡ ਪੀਆ ਤਕਰਾਰ,
ਮੁੜ ਆਈ ਹੈ ਬਾਹਰੀ।
ਕਰ ਪੂਰਾ ਆ ਇਕਰਾਰ
ਰੂਹ ਅਜੇ ਵਖਾਲੀ ਤੈਨੀ।
ਬਿਲੇ ਗਏ ਹਿੰਦ ਨੂੰ ਛੋੜ,
ਨ ਲੇ ਗਏ ਦੇਸ ਨੂੰ ਤੋੜ।
ਜੀਨੀ ਵਾਲਿਆ ਤੂੰ ਵਾਗਾਂ ਮੋੜ,
ਸਾਨੂੰ ਗਲ ਪਈ ਹੈ ਕਹਿਣ।

Sri Satguru Jagjit Singh Ji Elibrary NamdhariElibrary@gmail.com

ਅਜ ਮੌਲਿਆ ਸਾਰਾ ਸੰਸਾਰ ਦਿਸੇ !

[ਵਲੋਂ:—ਸ੍ਰੀਮਾਨ ਸੰਤ ਗੁਰਬਚਨ ਸਿੰਘ ਜੀ 'ਰਤਨ' ਸੰਤ ਨਗਰ ਨਿਵਾਸੀ]

ਪੰਛੀ ਬੋਲਦੇ ਬੋਲੀਆਂ ਪ ਵਚੇ ਨੇ, ਖਿਚਾਂ ਬੀਤੀ ਤੇ ਖਿੜੀ ਗੁਲਜਾਰ ਦਿਸੇ।
ਥਾਂ ਥਾਂ ਵਿਚ ਰਾਗ ਤੇ ਨਾਚ ਹੋਵ, ਅਜ ਆਈ ਕੋਈ ਸੋਹਨੀ ਬਹਾਰ ਦਿਸੇ।
ਚੰਬਾ ਚਾਹ ਚਬੇਲੀ ਗੁਲਾਬ ਗੇਂਦਾ, ਗੁੰਜ ਗੁੰਦ ਹਾਰ ਕੋਈ ਲਿਆਈ ਮੁਟਿਆਰ ਦਿਸੇ।
ਚਮਨ ਭੌਰਿਆ ਨਾਲ ਅਜ ਗੂੰਜ ਰਿਹਾ, ਆਇਆਂ ਜਗਤ ਤੇ ਖੁਦ ਨਿਰੰਕਾਰ ਦਿਸੇ।
ਬੇਧਰ ਦੇਵਤੇ ਫੁਲ ਬਰਸਾਨ ਲਗ ਪਏ, ਸਜਾ ਕੌਰ ਦ ਕੋਲ ਹੋਣ ਹਾਰ ਦਿਸੇ।
'ਰਤਨ' ਦੁਖ ਦਿਲਿਦਰ ਮਿਟਾ ਸਾਰ, ਅਜ ਮੌਲਿਆ ਸਾਰਾ ਸੰਸਾਰ ਦਿਸੇ!
ਸੁਭਾ ਹੋਈ ਤੇ ਕੀਤਾ ਅਸਨਾਨ ਸੀ ਜਦ, ਘਰਿ ਮੇਰੇ ਮੇਰਾ ਸੋਹਣਾ ਯਾਰ ਆਇਆ।
ਹਸੂ ਹਸੂ ਕਰਦਾ ਚਿਹਰਾ ਡਲਕਦਾ ਸੀ ਉਹਦੇ ਚਹਰ ਵਿਚ ਮੇਰਾ ਪਿਆਰ ਆਇਆ।
ਕਹਿੰਦਾ ਸੁਨਿਆ ਏ 'ਰਤਨ'ਜੀ ਬਾਦੀਆਂ ਘਰ,ਲੋਕੀ ਕਹਿੰਦੇ ਨੇ ਅਜ ਅਵਤਾਰ ਆਇਆ।
ਜਸਾ ਸਿੰਘ ਪਿਤਾ ਤਾਂਈ ਖਬਰ ਪੁਜੀ ਘਰਿ ਅਜ ਤੇਰੇ ਪ੍ਰਵਦਗਾਰ ਆਇਆ।
ਜਾਂ ਫਿਰ ਗੁਰੂ ਨਾਨਕ ਜਾਮਾਂ ਪਲਟ ਆਇਆ, ਜਾਂ ਘਰਿ ਜਸੰਧਾਂ ਮੁਰਾਰ ਆਇਆ।
ਜਾਂ ਪੰਥ ਦੀ ਨੀਂਹ ਨੂੰ ਕੰਮ ਕਰਨੇ, ਨੀਹਾਂ ਲਾਨ ਬਚੇ ਕਲਗੀਧਾਰ ਆਇਆ।
ਤੇਤੀ ਕਰੋੜ ਬ੍ਰਹਮਾਂ ਦੇ ਪੁਤ ਸਾਰੇ, ਕਹਿਨ ਚੀਨੀ ਦਾ ਅਜ ਅਸਵਾਰ ਆਇਆ।
'ਰਤਨ' ਅਜ ਵਧਾਈਆਂ ਨ ਜਗ ਉਤੇ, ਭੈਣੀ ਸਾਹਿਬ ਅਜ ਆਇਆ ਕਰਤਾਰ ਦਿਸੇ!
ਖੁਸ਼ੀਆਂ ਹੋ ਰਹੀਆਂ ਭਾਰਤ ਵਰਸ਼ ਅੰਦ੍ਰ, ਅਜ ਮੌਲਿਆ ਸਾਰਾ ਸੰਸਾਰ ਦਿਸੇ!

ਵਧਾਈ !

(ਵਲੋਂ:—ਸ੍ਰੀਮਾਨ ਸੰਤ ਗੁਰਬਚਨ ਸਿੰਘ ਜੀ 'ਸਫ਼ਰੀ' ਕਰੀਵਾਲਾ

ਉਠਕੇ ਭਲਾਗੇ ਅਜ ਪਹੁੰਚ ਮੈਂ ਜੰਗਲ ਵਿਚ, ਵੇਖਿਆ ਕੀ ਜਾਨਵਰਾਂ ਰਾਗ ਛੜੀ ਲਾਈ ਏ।
ਰੰਗ ਅਸਮਾਨ ਹੈ ਸੋਹਨਾ ਜੇਹਾ ਨੀਲਾ ਨੀਲਾ, ਧਰਤੀ ਤੇ ਘਾਸ ਹਰੀ ਛਹਬਰ ਲਗਾਈ ਏ।
ਹਰ ਇਕ ਚੇਹਰੇ ਉਤੇ ਲਾਲੀਆਂ ਡਲਕਦੀਆਂ, ਗ਼ਮੀ ਦਿਲਗੀਰੀ ਦਿਲੋਂ ਬਾਹਰ ਵਗਾਈ ਏ।
ਤੂਸ਼ ਤੇ ਰਬਾਬ ਥਾਈਂ ਥਾਈਂ ਹੈ ਸਰੇਤ ਹੁੰਦਾ, ਰਚਨਾ ਹੀ ਰਚਨਾ, ਰਚਨਾ ਨਜਰ ਆਈ ਏ।
ਕੋਲ ਜਾਕੇ ਪੰਛੀਆਂ ਦ ਪੁਛਿਆ ਮੈਂ ਉਨ੍ਹਾਂ ਤਾਈ, ਤੁਹਾਡੀ ਦੇਹੀ ਖਸ਼ੀ ਵਿਚ ਫੁਲੀਨ ਸਮਾਈ ਏ।
ਮੇਰੇ ਤਾਈਂ ਪੰਛੀਆਂ ਨੇ ਉਤੂ ਵਿਚ ਇਓਂ ਕੇਹਾ, ਗੁਰੂ ਦਿਆ ਸਿੱਖਾ ਤੈਂਨੂੰ ਖ਼ਬਰ ਨ ਕਾਈ ਏ।
ਪਾਪੀਆਂ ਦੀ ਨਾਸਕ ਤੇ ਧਰਮ ਦੀ ਰਖਸ਼ਕ, ਪ੍ਰਗਟੀ ਏ ਜੋਤ ਚੰਦ ਸੂਰਜੋਂ ਸਵਾਈ ਏ।
ਚਿਤ ਮੇਰਾ ਓਸੇ ਵੇਲੇ ਖਸ਼ੀ ਵਿਚ ਭਰ ਆਇਆ, ਪੁਛਿਆ, ਏ ਕਿਥੇ? ਅਜ ਰਚਨਾ ਰਚਾਈਏ।
ਮਾਘ ਸੁਦੀ ਪੰਚਵੀ ਤੇ ਦਿਨ ਵੀਰਵਾਰ ਸੋਹਣਾ ਭੈਣੀ ਸਾਹਿਬ ਪਿੰਡ ਵਿਚ ਧਰਾ ਅਵਤਾਰ ਅਜ।
ਪਿਤਾ ਜਸਾ ਸਿੰਘ ਅਤੇ ਮਾਤਾਸਦਾ ਕੌਰ ਵਾਹ ਕਗੋਈ ਵਿਚ ਡਿਠਾ ਇਹਨਾਂਆਪ ਜਗਤਾਰ ਅਜ।
ਕਠੇ ਹੋਕੇ ਦੇਵਤੇ ਆ ਫੁਲ ਬਰਸੋਣ ਲਗੇ ਜਗਤ ਏ ਸੁਧਾਰ ਹਿਤ ਆਇਆ ਕਰਤਾਰ ਅਜ।
ਲਖ ਤੇ ਕਰੋੜ 'ਸਫ਼ਰੀ' ਸੰਗਤ ਨੂੰ ਵਧਾਈ ਹੋਵੇ ਮਾਲਕ ਤ੍ਰਿਲੋਕੀ ਵੇਖੋ ਆਇਆ ਹੈ ਦਾਤਾਰ ਅਜ।

Sri Satguru Jagjit Singh Ji Elibrary NamdhariElibrary@gmail.com

ਚੀਨੀ ਵਾਲੇ ਪ੍ਰੀਤਮ ਦੀ ਬਸੰਤ ਆਈ।

(ਵੱਲੋਂ ਸੰਤ ਮਹਿਤਾਬ ਸਿੰਘ ਜੀ ਰਾਜਿੰਦ੍ਰ ਨਗ੍ਰ ਨਵੀਂ ਦਿੱਲੀ)

ਦਿੱਵ ਮੇਂ ਬਸੰਤ, ਦਿੱਵ ਦੇਸ ਮੇਂ ਬਸੰਤ, ਦੇਸ ਦੇਸ ਮੇਂ ਬਸੰਤ ਹਰ ਗਲਾ ਮੇ ਬਸੰਤ ਹੈ।
ਚਰੁਮ ਮੇਂ ਬਸੰਤ, ਚਰਮ ਪਾਤ ਮੇ ਬਸੰਤ, ਪੂਤੀ ਸਾਥ ਮੇ ਬਸੰਤ ਹਰ ਕਲੀ ਮੇ ਬਸੰਤ ਹੈ।
ਫੂਲ ਫੂਲਾ ਹੈ ਬਸੰਤ, ਫੂਲ ਬੱਲੀ ਮੇ ਬਸੰਤ, ਤਲੀ ਤਲੀ ਹੈ ਬਸੰਤ ਵਲੀ ਵਲੀ ਮੇ ਬਸੰਤ ਹੈ।
ਫੂਲੀ ੨ ਹੈ ਬਸੰਤ, ਫੂਲ ਬੱਲਾ ਮੇ ਬਸੰਤ, ਜੋ ਪਹਿ ਘਰੁ ਨਹੀ ਕੰਤ ਸਖੀ ਕਾਹ ਵੀਬ ਸੰਤ ਹੈ।

ਦੌਰ ਮੇ ਬਸੰਤ, ਪੌਰ ਪੌਰ ਮੇ ਬਸੰਤ, ਅਖਿਲੋਰ ਹੈ ਬਸੰਤ ਤੌਰ ਤੌਰ ਮੇਂ ਬਸੰਤ ਹੈ
ਤੌਰ ਮੇ ਬਸੰਤ, ਰਮੀ ਮੌਰ ਮੇ ਬਸੰਤ, ਕੌਰ ਕੌਰ ਮੇ ਬਸੰਤ, ਦੌਰ ਦੌਰ ਮੇ ਬਸੰਤ ਹੈ।
ਬਾਰ ਮੇ ਬਸੰਤ, ਬਾਰ ਬਾਰ ਮੇ ਬਸੰਤ, ਯਾਰ ਯਾਰ ਮੇ ਬਸੰਤ, ਘਾਰ ਘਾਰ ਯਹ ਬਸੰਤ ਹੈ।
ਵਵਾਰ ਮੇ ਬਸੰਤ, ਬੰਦ ਨਾਰ ਭੀ ਬਸੰਤ ਜੋ ਪਹਿ ਘਰੁ ਨਹੀ ਕੰਤੁ ਸਖੀ ਕਾਹ ਵੀ ਬਸੰਤ ਹੈ

ਯਾਰ ਮੇ ਬਸੰਤ, ਯਾਰ ਪਿਆਰ ਮੇ ਬਸੰਤ, ਸਰੀਵਾਰ ਹੈ ਬਸੰਤ, ਗੀਤ ਵਾਨ ਮੇ ਬਸੰਤ ਹੈ।
ਤਾਰ ਮੇ ਬਸੰਤ, ਤਾਰ ਤਾਰ ਮੇ ਬਸੰਤ ਛਕ ਛਾਕ ਹੈ ਬਸੰਤ, ਹੈ ਬਸੰਤ ਹੀ ਬਸੰਤ ਹੈ।
ਗੁਰਵ ਮੇ ਬਸੰਤ ਲਾਰ ਲਾਰ ਹੈ ਬਸੰਤ, ਸਰਸਾਰ ਹੈ ਬਸੰਤ ਕਰੁੱਫਾਰ ਯਹ ਬਸੰਤ ਹੈ।
ਹੈਤੇ ਯਹ ਬਸੰਤ ਪੋਖ ਵਾਰਨ ਬਸੰਤ ਜੋ ਪਹਿ ਘਰੁ ਨਹੀ ਕੰਤ ਪੁਰ ਖਾਰ ਯਹ ਬਸੰਤ ਹੈ।

ਫਰਯਾਦ

(ਕੇਹਰ ਸਿੰਘ ਜੀ 'ਕੇਹਰ' ਬੰਕੋਕ ਥਾਈਲੈਂਡ)

ਤਰਜ - ਉਚੀ ਮਾੜੀ.....

ਰਾਹ ਤਕਦੀ ਮੈਂ ਹੋ ਗਈ ਦਿਵਾਨੀ।
ਖਲੇ ਕੇਸ ਤੇ ਹੋਸ਼ ਮਸਤਾਨੀ।
ਦਨੀਆਂ ਦੇ ਤਾਨ੍ਹਿਆਂ ਨੇ ਸੀਨਾ ਜਾਲਿਆ ੨।
ਕਿਉਂ, ਵਿਚ ਪ੍ਰਦੇਸ ਜਾਕੇ ਡੇਰਾ ਲਾ ਲਿਆ...
ਪੀਆ ਤੜਪਾ ਤੇ ਮੈਂ ਕਰਲਾਵਾਂ।
ਪਾਵਾਂ ਔਸੀਆਂ ਤੇ ਸ਼ਗਨ ਮਨਾਵਾਂ।
ਮੁਦਤਾਂ ਨੇ ਬੀਤੀਆਂ ਨਾਂ ਵਾਗਾਂ ਮੋੜੀਆਂ ੨।
ਅਬਲਾਂ ਦੇ ਨਾਲੋਂ ਕਾਹਨੂੰ ਪ੍ਰੀਤਾਂ ਤੋੜੀਆਂ...
ਦਸਾਂ ਕਿਸਨੂੰ ਮੈਂ ਦਿਲ ਦਾ ਹਾਲ ਵੇ।
ਹੈ ਸਾਥ ਨਾਂ ਹਾਲ ਤੋਂ ਬਿਹਾਲ ਵੇ।
ਤਕਿਆ ਸੀ ਤੇਰਾ ਸਾਥ ਦਿਲ ਜਾਨੀਆਂ ੨।
ਤੇਰ ਬਿਨਾਂ ਹੋਰ ਨਾਂ ਮੈਂ ਕੋਈ ਚਾਹਨਾਂਆਂ...
ਲਾਈਆਂ ਅੱਖੀਆਂ ਮੈਂ ਕਾਰੀਗਰ ਜਾਣਕੇ।
ਸਾਰੀ ਦੁਨੀਆਂ 'ਚ ਅਵਲ ਪਛਾਣਕੇ।
ਤੇਰੇ ਹਥ ਵਾਗ ਡੋਰ ਮੋਹਨ ਪਿਆਰਿਆ ੨।
ਸੁਆਸਾਂ ਵਾਲਾ ਢਾਂਚਾ ਹੁਣ ਜਾਵੇ ਹਾਰਿਆ...
ਆਇਓਂ ਤੁੰਨਾ ਇਹ ਆ ਗਈ ਬਸੰਤ ਵੇ।
ਤੇਰੇ ਬਾਝ ਨਾਂ ਭਾਵੇ ਮੇਰੇ ਕੰਤ ਵੇ।
'ਕੇਹਰ' ਅਰਜੋਈਆਂ ਕਰ ੨ ਹਾਰਿਆ ੨।
ਛੇਤੀ ਹੁਣ ਆ ਪੀਆ 'ਸਦਾ' ਤਾਰਿਆ...

-:o:-

Sri Satguru Jagjit Singh Ji Elibrary NamdhariElibrary@gmail.com

ਮਹਾਰਾਣਾ ਬਸੰਤ

[ਵਲੋਂ:—ਮਹਾਨ ਵੈਦਜ ਖੁਸ਼ਹਾਲ ਸਿੰਘ ਕੀ 'ਕੁਪਤ'

ਰਾਣੀਆਂ ਤੋਂ ਰਾਨੀ ਵਡੀ ਮਹਾਰਾਣੀ ਆਈ ਅਸ,
ਸਾਡੁ ਏ ਬਸੰਤੀ ਉਤੇ ਲਗੀ ਹੋਇ ਗਲ ਨੋ।
ਫੁਲਾਂ ਵੀਚ ਸ਼ਾਨ ਚੋਖੀ ਕਰੇ ਹਇ ਕਾਰੀਗਰ,
ਇੰਦਰ ਦੇ ਬਾਗ ਵਿਚੋਂ ਆਇ ਕਿਰੋ ਭਲ ਨ।
ਕਸਾਂ ਨੂੰ ਸੁਰਾਨ ਕੇ ਤੇ ਮਾਰੀ ਏ ਸੰਦੂਰ ਲਾਇਆ,
ਮਾਰਾ ਤੇ ਬਰੀਚਿਆਂ 'ਚ ਮਸਤ ਕੀਤਾ ਹੁਲ ਨ
ਸਾਵੀ ਪੀਲੀ ਸੋਜ ਉਤੇ ਨੰਦਨ ਬਸੰਤ ਵੰਹਲ,
ਖੁਸ਼ੀ ਭਰੇ ਫਲਾਂ ਨਾਲ ਲਾਲ ਦੂਹ ਬੁਲ ਨੋ।
ਚੁਨ ਚੁਨ ਫੁਲ ਸੋਹਨ ਸੰਹਰਾ ਏ ਹਾਰ ਕਰਾਂ ,
ਗੁੰਦ ਗੁੰਦ ਹਾਰ ਕਈ ਰਖੇ ਹਾਂਵ ਅਡੁਲ ਨੋ।
ਮੋਤੀਆ ਰਵੇਲ ਚੰਬਾ ਗੋਂਦਾ ਤੇ ਗੁਲਾਬ ਨਿਤੇ,
ਭਾਨ ਮੁਖੀ ਰਾਤ ਰਾਣੀ ਸੁਗੰਦੀਆ ਸਮੁਲ ਨ।
ਹਥ ਜੋੜ ਅਰਜ ਕਰਾਂ ਮਹਾਰਾਣੀ ਦਸੋ ਮੈਨੂੰ
ਸੰਹਰਾ ਅਤੇ ਹਾਰ ਗਾਨੇ ਪਾਨ ਕਿਨ ਥਲ ਨੋ।
'ਕਵਲ ਨੈਨ ਮਧੁ ਬੈਨ, ਮਹਾਰਾਣਾ ਉਤਰ ਦਿਤਾ,
ਪ੍ਰੀਤਮ ਪਿਆਰੇ ਐਨਾ ਏਹੀ ਸੁਤ ਜਲ ਨੋ।
ਪਾਤਸ਼ਾਹ ਸਤਿਗੁਰੂ ਰਾਮ ਸਿੰਘ ਐਨਾ ਅਜ
ਸੀਸ ਉਤੇ ਸੰਹਰੇ ਬਨ੍ਹਾ ਹਾਰ ਪਾਵਾਂ ਫੁਲ ਨੋ।
ਚ ਨ ਦਕ ਨਾਮ ਮੇਰਾ ਤਾਂਹੀ ਮਸ਼ਹੂਰ ਹੋਇਆ,
''ਕੁਪਤ'' ਬਸੰਤ ਰਾਣੀ ਮੰਨੀ ਆਲਮ ਕੁਲ ਨੋ।

ਰਾਉ ਗ਼ੀਬ ਦਾ ਨਿਸ਼ਨ ਨਾਮੀ ਬੈਸ ਰੈਹਣਾ।

[ਬਲੋਂ—ਹ. ਬੈਸ ਸਿੰਘ 'ਬੈਸ' ਕ ਮਰਾੜ ਫਗਵਾੜਾ ਪੈਪਸੂ।

ਕਲਮ ਦਾ ਹਨੇਰ ਜਦੋਂ ਮੱਚਿਆ ਸੀ ਹਿੰਦ ਉਤੇ ਹਾਹਾ ਕਾਰ ਹਰ ਹਿੰਦੂ ਪਏ ਕੁਰਲਾਂਦੇ ਦੇ
ਮੁਣਦਾ ਨਾ ਕੋਈ ਸੋਣੀ ਹਿੰਦ ਉਤੇ ਹੋਂਦੀ ਸੀ, ਭੈਰੇ ਕੁਰਾ ਦੇਂਦੀ ਮੁਖ ਕੰਦਰੀ ਛਪਾਂਦੇ
ਮਾ ਇਆ ਨਾ ਤਰਸ ਰੱਤੀ ਜਿਨਾ ਸ਼ਿਵ ਭੋਲੇ ਜੀ ਨੂੰ ਚੜ ਪੋਲੇ ਬੋਲ ਤੇ ਕੰਠ ਸ਼ ਉਤੇ ਧਾਰਦੇ।
ਠੱਲੂ ਤੇ ਤਾਂਬੇ ਗਲ ਉਤੇ ਛੁਰੀ ਵਖ ਕੇਰੇ ਧਰ ਅਰ ਗੁਰੂ ਰਾਮ ਸਿੰਘ ਆਵਣ
ਪਾਰ ਅਵਤਾਰ ਗੁਰੂ ਰਾਮ ਸਿੰਘ ਜਦੋ ਆਏ ਦੇਵੀ ਦੇਵ ਦੇਵਤੇ ਸਾ ਖੁਸ਼ੀਆਂ ਮਨਾਵਣ
ਇਹ ਅਪੱਛਰਾਂ ਗੰਧਰਬਾਂ ਨੇ ਹਾਰ ਲਾਏ, ਚਲਕੇ ਬੈਬਾਨ ਉਤੇ ਫੁਲ ਬਰਸਾਵਣ
ਰਾਮੂ, ਹਰੀ, ਪੂਰਨ,ਆਖੇਦੂਰ ਹੋਣ ਸਭਪਾਪ ਸਿਖ ਕਰਨ ਜੋੜ ਜਪ ਨਾਂ ਨਰਕ ਮੂਲ ਜਾਂਵਦੇ
ਛਾਨੂੰ ਤੇ ਗਰੀਬ ਦਾ ਬੁਰਾ ਹੈਸੀ ਹਾਲ ਹੋਣਾ, ਖਾਰ ਜੋ ਦੇਸ ਪੁਦੇਸ ਨ ਸਿਧਾਵਦੇ

Sri Satguru Jagjit Singh Ji Elibrary NamdhariElibrary@gmail.com

ਸਤਿਗੁਰੂ ਜਗਜੀਤ ਸਿੰਘ ਪੁਸਤਕ

ਚੀਨੀ ਵਾਲੇ ਦੀ ਯਾਦ ਵਿਚ !!

ਗੀਤ ?

ਪਰਦੇਸ ਨੂੰ ਜਾਵਣ ਵਾਲਿਆ ਮੇਰਾ ਲਈ ਸਨਿਓੜਾ ਜਾ।
ਆਖੀਂ ਉਸ ਰੁਸ ਹੁਏ ਢੋਲ ਨੂੰ ਕਿਤੇ ਘਰ ਵਲ ਫੇਰਾ ਪਾ।
ਮੇਰੀ ਰੂਹ ਮਸਤਾਨੀ ਹੋ ਗਈ!
ਮੈਂ ਤਦੇ ਦੀਵਾਨੀ ਹੋ ਗਈ!
ਮਰੇ ਕਨ ਵਿਚ ਫੂਕਾਂ ਮਾਰਕੇ ਮੇਰੀ ਸੁਧ ਬੁਧ ਗਿਆ ਭਲਾ।
ਪਰਦੇਸ ਨੂੰ ਜਾਵਣ ਵਾਲਿਆ ਮੇਰਾ ਲਈ ਸਨਿਓੜਾ ਜਾ।
ਮੇਰੇ ਸੀਤਾ ਵਰਗੀ ਦੇ ਰਾਮ ਨਾਲ!
ਉਸ ਕਮਲੀ ਵਾਲੇ ਸ਼ਾਮ ਨਾਲ!
ਮੈਂ ਰੱਜ ਨਾ ਰਲਾਂ ਕੀਤੀਆਂ ਮੇਰੇ ਮਨੋਂ ਨਾਂ ਲਬਤਾ ਚਾ।
ਪਰਦੇਸ ਨੂੰ ਜਾਵਣ ਵਾਲਿਆ ਮੇਰਾ ਲਈ ਸਨਿਓੜਾ ਜਾ।
ਆਖੀਂ ਉਸ ਦੇਸ ਦੇ ਦਰਦ ਨੂੰ!
ਉਸ ਪਿਆਰ ਦਿ ਪੁਗੀ ਹਈ ਨਰਦ ਨੂੰ!
ਮੈਂ ਹਸਨ ਦੀ ਬਾਜੀ ਹਾਰਕ ਹੁਣ ਲਾ ਦਿਤਾ ਜੀਵਣ ਦਾ।
ਪਰਦੇਸ ਨੂੰ ਜਾਵਣ ਵਾਲਿਆ ਮੇਰਾ ਲਈ ਸਨਿਓੜਾ ਜਾ।
ਆਖੀ ਤੂੰ ਅੱਖੀਆਂ ਨਿਚਰ ਕੇ!
ਮੇਰੇ ਵਾਂਗੂ ਹੌਕੇ ਨੂੰ ਮੇਰਕੇ!
ਮੈਂ ਦੂਰ ਵਸੇਂਦਿਆਂ ਸੋਹਣਿਆਂ ਨਾਂ ਬਿਰਹਾਂ ਨੂੰ ਤੜਪਾ।
ਪਰਦੇਸ ਨੂੰ ਜਾਵਣ ਵਾਲਿਆ ਮੇਰਾ ਲਈ ਸਨਿਓੜਾ।

{ "ਬਿਰਹਣ ਦ ਗੀਤ" } [ਵਲੋਂ ਸੰਤ ਹਰਬੰਸ ਸਿੰਘ ਜੀ 'ਦੋਸ਼ੀ' ਲਖਲਊ।

ਕਿਉਂ ਰਠ ਗਏ ਹੋ ਪ੍ਰਾਤਮ ਜੀ, ਮੇਰੀਆਂ ਕਰਤੂਤਾਂ ਤੱਕ ਤੱਕ ਕੇ।
ਰਾਹ ਤਕ ਤਕ ਕ ਨਹੀਂ ਅਜ ਅਕੀਆਂ ਅਖੀਆਂ ਮੇਰੀਆਂ ਬਕ ਬਕ ਕੇ।
ਮਨਿਆਂ ਕਿ ਮੈਂ ਬੜੀ ਹਾਂ ਕਚਜੀ, ਚੱਜ ਅਚਾਰ ਤੋਂ ਹੀਣੀ ਹਾਂ।
ਵਾਂਗੂ ਭਗਤਣੀ ਭੀਲਣੀ ਪਿਆਰ, ਜਾਤ ਦੀ ਵੀ ਮੈਂ ਕਮੀਣੀ ਹਾਂ।
ਨ ਕਈ ਰੂਪ ਨ ਢਗ ਹਾਂ ਮਰਾ, ਨ ਕੁਝ ਸੇਵ ਕਮਾਈ ਆ।
ਇਸ਼ਕ ਤੇਰੇ ਵਿਚ ਕਮਲੀ ਹੋਈ, ਰਾਰੇ ਨੈਣਾਂ ਦੀ ਸੇਤ ਗਵਾਈ ਆ।
ਹਿਜ਼ਰ ਤੇਰ ਵਿਚ ਮੈਂ ਪਈ ਤੜਪਾਂ, ਮਛਲੀ ਜਿਉਂ ਤੜਪੇ ਨੀਰ ਬਿਨਾ
ਮਰ ਜਿਲ ਦੀ ਨਗਰੀ ਸੁੰਝੀ ਤੇਰੇ ਬਿਨਾ, ਅਜ ਪਿਆ ਰਘੂ ਬੀਰ ਬਿਨਾ।
ਵਾਂਗ ਉਡਾਵਾਂ ਅੰਧੀਆਂ ਪਾਵਾਂ, ਕੋਠ ਤੇ ਚੜ ਚੜ ਪੰਥ ਨਿਹਾਰਾਂ।
ਕਛੂ ਨ ਭਾਵੇ ਤਪ ਬਿਨ ਸਜਣਾ, ਜਿਕਾਂਆਂ ਲਗਣ ਬਸੰਤ ਬਹਾਰਾਂ।
ਕਮਲੀ ਤਰੀ ਨੇ ਕਮਲਿਆਂ ਚਾ ਕੀਤਾ, ਕਮਲੀ ਵਾਲੇ ਛੇਤੀ ਆ।
ਚਕੋਰ ਪਈ ਤੜਪੇ ਆਜ ਚਾਂਵੇ, ਆਕ ਨੂਰੀ ਦਰਸ ਦਿਖਾ।

Sri Satguru Jagjit Singh Ji Elibrary NamdhariElibrary@gmail.com

ਸਦੀਵੀ ਲੋ !

ਸ੍ਰੀ "ਆਸ਼ੀ" ਜੀ

ਉਹਦੀ ਮਿਸ਼ਾਲ ਸਾਰਨ ਬਲਦੀ ਰਹੇਗੀ ! ਮਿਸ਼ਾਲ ਲਈ, ਚਰਬੀ ਉਹਦਾ ਚਲਦੀ ਰਹੇਗੀ !
ਮਿਟਾ ਹਸਤੀ ਪਾਲੇ ਤੇਂ ਕੁਰਬਾਨੀਆਂ ਦਾ ਉਹਦੀ ਸਭਮਾ ਸਦਾ ਮੁੰਨਤਾ ਚਲਦੀ ਰਹੇਗੀ !
ਅਖਾ ਮੁੰਦਕ, ਪੈਣਾ ਕੁਕਾਰੇ, ਮਰਜ਼ੀ ਨੁਹਾੜਾ—ਉਹਦੀ ਮਿਸ਼ਾਲ ਭਾਮਕਾਮਾਰ ਬਲਦੀ ਰਹੀ !
ਮੰਸਦੇ ਆਖਾ ਖਿੜਨਦੀ ਸੰਦਰਸ਼ਦੀ ਫਾਦੀ ! ਓਸ ਖੁਨ ਚਸਿਆ, ਮੁਰਦ ਹਾਨੇਤਾ ਨਾਂ !
ਉਹਦੀ ਮੰਨਤ ਤੇਂ, ਉਹਦ ਬਲਾਮਾ ਧੁਰਮਾ-ਫੁਲਾਂਦਾ ਛਾ ਗੀ, ਭਾਗੀ ਭੁੱਖ ਦੇ ਅਸਾਤੀ !
ਉੱਹਦੀ ਨਾਮ ਝੜੀਦੀ ਫੁਲਦੀ ਫੱਲਦੀ ਰਹੇਗੀ! ਉਹਦੀ ਸਿਖਾਲ ਲਟ ਲਟ ਸਲਦੀ ਰਹੇਗੀ !
ਉਹਦੀ ਸਮਾ ਉਤੇ ਭੁੱਖਣ ਮਣਦੇ ਰਹਿਣ ! ਦਖ ਦਰਿਸ਼ ਲਈ ਕੋਸ਼ ਲਸ਼ਕੀ ਕਾਂਦੇ ਰਹਿਣ !
ਸਵ ਮੀਰਨਲਸ਼ੀ; ਮਨ ਚੁ-ਮੱਲ ਮਰਦੇ ਰਹਿਣ ! ਚਰਵਾਹੇ ਨਾਂ ਖਿਲਦੇ ਰਹਿਣ !
ਸਰਮਨ ਸਵਾ, ਸਾਰਾਪਨਦੀਰੇਖਲਦੀ ਰਹੇਗੀ! ਉਹਦੀ ਸਿਖਾਲ ਲਟ ਲਟ ਬਲਦੀ ਰਹੇਗੀ !
ਉਹ ਦਸਦਾ ਸਾਝੀਵਾਲ ਬਣੇ, ਵੰਡਖਾਉ ਸਾਰੇ ! ਉਹ ਹਵਾਨਾਮਨਧੰਮਾਰਾਕਾ ਜਾਉ ਸਾਰੇ !
ਉਹਆਖ ਗੋਰਜ਼ਨਦਾਓ ਹਰ ਹਿਲਾਉ ਸਾਰੇ ! ਉਹਕੁਕਸਾਂ ਆਪਲੇ ਦਾਖੀ ਬਣਾਉ ਸਾਰੇ !
ਉਹਬਸਤੰਤਰਿਆਹਰਆਫ ਦਲਦੀਰਹੇਗੀ! ਉਹਦੀ ਸਿਖਾਲ ਲਟ ਲਟ ਬਲਦੀ ਰਹੇਗੀ !

ਪ੍ਰੀਤਮ ਦੀ ਭਾਲ

'ਅ ਕਿਸ'

ਕਸ ਸਹਾਓ ਪਤਾ ਕੋਈ ਦੱਸੀ ਸਾਨੂੰ ਅਮਦਾਰ ਦਾ,
ਫਾਸਤਾ ਮੈਂ ਪਾਵਦੀ ਹਾਂ ਓਸ ਦੇ ਪਿਆਰ ਦਾ.
ਪਥ ਕਾਰੇ ਬਿੱਲੀਆਂ ਸੁਹਾਵਣਾ ਨ ਲਹਿੰਦੀਆਂ,
ਨੈਂਤੂ ਕੀ ਹੈ ਹੋ ਕਿਸੇ ਮਖੋਲ ਨਾਲ ਕਹਿੰਦੀਆਂ,
ਪਤਾ ਨਹੀਂ ਮੈਨੂੰ ਕੋਈ ਹਾਰ ਤ ਸ਼ਿੰਗਾਰ ਦਾ।
ਫਾਸਤਾ ਮੈਂ____

ਬਣ ਕੇ ਮੈਂ ਕੋਇਲ ਬਾਗ਼ਾਂ 'ਚ ਕੂਕਾ ਮਾਰੀਆਂ.
ਫੁਲ ਬੁਲ ਦਾ ਰੂਪ ਧਾਰ ਫੋਲੀਆਂ ਖਿਲਾਰੀਆਂ.
ਪੱਤਾ ਪੱਤਾ ਛਾਣਿਆ ਮੈਂ ਸਾਰ ਸੰਸਾਰ ਦਾ
: ਫਾਸਤਾ ਮੈਂ____

ਸੋਹਣੀ ਹਾਂ ਸਹੀਓ ਮੈਂ ਓਸ ਮਹੀਂਵਾਲ ਦੀ.
ਦੀਰ ਬਣ ਆਪਣਾ ਮੈਂ ਰਾਂਝਣ ਹਾਂ ਭਾਲਦੀ,
ਦਖਣਾ ਨਾ ਮੁਣ ਕੋਈ ਦਮ ਦੁਖਿਆਰ ਦਾ।
ਫਾਸਤਾ ਮੈਂ____

ਮਿਲਿਆ ਨਾ ਪੁੰਨ ਹੋਇਆ ਦਲਾ ਵਿਚ ਦੁਖ ਮੈਂ.
ਜੰਗਲੀ ਸੁ ਸਣੀ ਝੱਟ ਬਣੀ ਮਨਮੁਖ ਮੈਂ.
ਨਿਉਣ ਨਾਲੋਂ 'ਆਵਿਚ' ਸੁਆਦ ਬਹੁਤਾ ਦਾਰ ਦਾ।
ਫਾਸਤਾ ਮੈਂ____

Sri Satguru Jagjit Singh Ji Elibrary NamdhariElibrary@gmail.com

MohariElibrary@gmail.com

Sri Satguru Jagjit Singh Ji Elibrary NamdhariElibrary@gmail.com

1935 ਵੀ

1992

Registered L. No. 2551.

੧ਓ

ਸਤਿਗੁਰ

ਦਾ

ਸਚਿੱਤ੍

ਸਤਿਗੁਰੂ ਸ੍ਰੀ ਜਗਜੀਤ ਸਿੰਘ ਪੁਸਤਕਾਲਯ
ਪੁਸਤਕ ਨੰ.:.....
ਅਲਮਾਰੀ .....
ਸ੍ਰੀ ਭੈਣੀ ਸਾਹਿਬ

ਬਸੰਤ-ਅੰਕ

ਹਾਰ ਗੁੰਦੋ, ਸਿਹਰੇ ਲਿਆਓ, ਦਿਲਾਂ ਦੀ ਸਜਾਓ ਸੇਜਾ,
ਚਾਵਾਂ ਵਿਚ ਹੱਸੋ, ਵਿਗਸਾਓ, ਗਿੱਧੇ ਪਾਓ ਨੀ।
ਰੰਗ ਵਿਚ ਆਓ, ਚਾਓ ਨਾਲ ਉਛਲ਼ਾਓ ਸੀਨੇ,
ਸਵਾਗਤ ਦਾ ਰੂਪ ਸਹੀਓ ! ਆਪ ਬਣ ਜਾਓ ਨੀ।
ਕਾਹਦਾ ਸ਼ਰਮਾਓ, ਮਿਲ ਗੀਤ ਗਾਓ ਮੰਗਲਾਂ ਦੇ,
ਪਿਆਰ ਨਾਲ ਸੱਧਰਾਂ ਦਾ ਹੀਆ ਹੁਲਸਾਓ ਨੀ।
ਆ ਗਿਆ ਜੇ ਕੰਤ ਸੰਗ ਆਪਣੇ ਬਸੰਤ ਲਿਆਇਆ,
ਏਦ੍ਹੀ ਚਰਨ-ਧੂੜ ਨੈਣ-ਕਜਲ਼ਾ ਵਣਾਓ ਨੀ।

'ਆਜ਼ਾਦ'

ਐਡੀਟਰ—ਬਲਵੰਤ ਸਿੰਘ

ਕੀਮਤ ੧।)

Sri Satguru Jagjit Singh Ji Elibrary NamdhariElibrary@gmail.com

ਸ੍ਰੀ ਸਤਿਗੁਰੂ ਰਾਮ ਹਰੀ ਪੋਸ ਸ੍ਰੀ ਭੈਣੀ ਸਾਹਿਬ { ਜ਼ਿਲਾ ਲੁਧਿਆਨਾ }

ਵਿਚ ਸੰਤ ਬਲਵੰਤ ਸਿੰਘ ਪ੍ਰਿੰਟਰ ਤੇ ਪਬਲਿਸ਼ਰ ਦੇ ਪ੍ਰਬੰਧ ਨਾਲ ਛਪਕੇ ।

ਦਫਤਰ "ਸ੍ਰੀ ਭੈਣੀ ਸਾਹਿਬ ਤੋਂ ਪ੍ਰਕਾਸ਼ਿਤ ਹੋਯਾ ।

Sri Satguru Jagjit Singh Ji Elibrary NamdhariElibrary@gmail.com

ਲੇਖ-ਮਾਲਾ

ਲੇਖ		ਲੇਖਕ	ਪੰਨਾ
ਮੁਕਤਿ ਭੁਗਤਿ ਦੇਣ ਵਾਲ਼ਾ	(ਕਵਿਤਾ)	'ਆਜ਼ਾਦ'	੧
ਤਨ ਦਾ ਸ਼ਿਵਾਲਾ	,,	'ਆਜ਼ਾਦ'	੨
ਕੁਝ ਆਪਣੀ ਵਲੋਂ		ਐਡੀਟਰ	੩
ਪੂਰਨ ਪੁਰਖ ਦਾ ਅਵਤਾਰ	(ਕਵਿਤਾ)	'ਨਾਇਕ'	੭
ਮਨ ਮੋਹਣਾ ਮਾਹੀ	,,	'ਆਜ਼ਾਦ'	੮
ਅਪੂਰਵ--ਬਲੀਦਾਨ		'ਚਕ੍ਰਵਰਤੀ'	੯
ਪ੍ਰੀਤਮ ਪਿਆਰੇ	(ਕਵਿਤਾ)	ਸ੍ਰ: ਵਿਧਾਤਾ ਸਿੰਘ ਜੀ 'ਤੀਰ'	੩੯
ਨਾਮਧਾਰੀ ਸ਼ਹੀਦਾਂ ਦੇ ਸਮਾਚਾਰ		'ਆਜ਼ਾਦ'	੪੩
ਆ ਮਿਲ ਚੀਨੀ ਵਾਲਿਆ	(ਕਵਿਤਾ)	ਲਾਲਾ ਧਨੀ ਰਾਮ ਜੀ 'ਚਾਤ੍ਰਿਕ'	੫੨
ਬਸ ਅੰਤ ਵਿਚ--ਫਿਰ ਬਸੰਤ		ਪ੍ਰੋਫੈਸਰ ਗੰਗਾ ਸਿੰਘ ਜੀ	੫੩
ਨਾਮਧਾਰੀ ਲਹਿਰ		ਪ੍ਰੋਫੈਸਰ ਗੁਰਮੁਖ ਨਿਹਾਲ ਸਿੰਘ ਜੀ ਐਮ.ਏ,	੫੮
ਪ੍ਰੇਮ ਉਡੀਕ	(ਕਵਿਤਾ)	ਊਧਮ ਸਿੰਘ 'ਮੁਸਾਫ਼ਰ'	੬੩
ਧਰਮਾਂ ਦੀ ਸਚੀ ਸਾਂਝ		ਪ੍ਰੋਫੈਸਰ ਸ਼ੇਰ ਸਿੰਘ ਐਮ.ਏ,	੬੪
ਇਲਾਹੀ ਦਾਤੇ ਦਾ ਬ੍ਰਹਮਾ ਵਿਚ ਫੇਰਾ		ਸ੍ਰ: ਗੁਰਦਿਤ ਸਿੰਘ 'ਕਮਲ'	੬੯
ਪੰਜਾਬੀ ਲਿਖਾਰੀ		ਸ੍ਰ: ਸੂਰਤ ਸਿੰਘ 'ਜੋਗੀ'	੭੫
ਕੌਮ ਦਾ ਸਚਾ ਸਪੂਤ ਕੌਣ ?		ਲਾਲ਼ਾ ਗੁਰਾਂ ਦਿਤਾ ਖੰਨਾ	੭੯
ਸ਼ਹੀਦ ਪੈਦਾ ਕਰਨ ਵਾਲੀ ਉਚ ਸ਼ਕਤੀ		ਸ੍ਰ: ਨੌਰੰਗ ਸਿੰਘ ਤਾਂਘੀ	੮੧
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਮਹਾਰਾਜ		ਸ੍ਰੀ ਰੂਪ ਨਾਰਾਇਣ ਪਾਂਡੇ	੮੪
ਬੰਦਿਆਂ ਨੂੰ ਰਬ ਨਾਲ਼ ਜੋੜਨ ਵਾਲਾ		ਸੰਤ ਭੂਰੀ ਵਾਲੇ	੮੫
ਦੇਸ਼ ਭਗਤ ਬਾਬੇ ਦਾ ਜਨਮ ਉਤਸ਼ਵ		ਸ੍ਰ: ਨਿਰੰਜਨ ਸਿੰਘ ਜੀ 'ਤਾਲਿਬ'	੮੮
ਤਲ਼ਵਰੀਏ, ਤੋਂ ਅੰਮ੍ਰਤ ਸਰੀਏ		ਸ੍ਰ: ਰਣਧੀਰ ਸਿੰਘ ਜੀ 'ਤਰਸ'	੯੦
ਵਿਦੈਗੀ ਸਮੇ ਦੇ ਹੁਕਮ	(ਕਵਿਤਾ)	ਸੂਬਾ ਹਰਨਾਮ ਸਿੰਘ ਜੀ	੯੩
ਪ੍ਰੀਤਮ ਵਿਛੋੜਾ		ਮੁਸਾਫ਼ਰ	੯੪
ਇਕ ਨਵੇਂ ਅਵਤਾਰ ਦੀ ਲੋੜ		ਸ੍ਰ: ਸ਼ੇਰ ਸਿੰਘ ਜੀ ਐਮ.ਏ.	੯੮
ਧੰਨ ਸਤਿਗੁਰੂ ਰਾਮ ਸਿੰਘ ਜੀ		ਸ੍ਰ: ਹਜ਼ਾਰਾ ਸਿੰਘ ਜੀ	੧੦੦
ਸਾਦਗੀ ਦਾ ਪਜਾਰਾ ਸਤਿਗੁਰੂ		"ਕੌਮੀ"	੧੦੩
ਬਾਬੇ ਜੀ ਦੀ ਵਰੇ ਗੰਢ		ਡਾਕਟਰ ਪੰਜਾਬ ਸਿੰਘ	੧੦੭

Sri Satguru Jagjit Singh Ji Elibrary NamdhariElibrary@gmail.com

ਲੇਖ ਮਾਲਾ

ਨੰ:	ਲੇਖ	ਲੇਖਕ	ਪੰਨ
੨੮	ਸੰਤ ਚਵਿੰਡੇ ਵਾਲੇ	"ਵਹਿਮੀ"	੧੦੯
੨੯	ਸ਼ਹੀਦੀਆਂ ਦਾ ਉਤੁਸ਼ਾਹ ਬਖਸ਼ਣ ਹਾਰੇ	ਭਾਤ ਮੋਹਨ ਸਿੰਘ ਜੀ "ਵੈਦ"	੧੧੮
੩੦	ਨਾਮਧਾਰੀ ਜੀਵਨ ਆਦਰਸ਼	"ਦੁਖੀ"	੧੨੧
੩੧	ਚੀਨੀ ਵਾਲਾ ਬਾਬਾ	ਸ੍ਰ: ਸ਼ਿੰਗਾਰਾ ਸਿੰਘ	੧੨੪
੩੨	੧੯ ਵੀਂ ਸਦੀ ਦਾ ਸਭ ਤੋਂ ਵਡਾ ਦੇਸ਼ ਭਗਤ	ਬਾਬਾ ਮਦਨ ਸਿੰਘ 'ਗਾਗਾ'	੧੨੭
੩੩	ਸਾਡਾ ਮਜ਼ੂਬ	ਸ੍ਰ: ਆਸਾ ਸਿੰਘ	੧੨੯
੩੪	ਬਿਨ ਸਿਮਰਨ ਜਿਉ ਜੀਵਨ ਬਲਨਾਂ	ਮਹੰਤ ਗੁਰਬਖੱਸ਼ ਸਿੰਘ	੧੩੩
੩੫	ਸਾਰਿਆਂ ਦਾ ਸਾਂਝਾ	ਮਾਸਟਰ ਤਾਰਾ ਸਿੰਘ ਬੀ. ਏ.	੧੩੬
੩੬	ਚੀਨੀ ਵਾਲੇ ਦਾ ਪੈਰਾਮ	ਸਰਦਾਰਨੀ ਲੀਲਾ ਵੰਤੀ	੧੩੭
੩੭	ਕੂਕਿਆਂ ਦਾ ਦੀਵਾਨ	ਸ੍ਰ: ਧੰਨਾ ਸਿੰਘ ਕਾਨੂੰਗੋ	੧੩੮
੩੮	ਨੈਣਾਂ ਨਾਲ ਜੋਵਾਣ ਵਾਲਾ (ਕਵਿਤਾ)	ਸਰਦਾਰਨੀ ਨਿਰੰਦ ਕੌਰ	੧੪੨
੩੯	ਬਸੰਤੀ ਦਰਬਾਰ (ਕਵਿਤਾ)	"ਕਮਲ"	੧੪੩
੪੦	ਸਿਖੀ ਤੇ ਸਾਦਗੀ ਦਾ ਪ੍ਰਚਾਰਕ	ਸ੍ਰ: ਨਾਹਰ ਸਿੰਘ ਜੀ ਐਮ. ਏ.	੧੪੬
੪੧	ਅਜ਼ਾਦੀ ਪਰਾਪਤੀ ਦੇ ਅਸਲੀ ਸਾਧਨ	ਸ੍ਰ: ਆਤਮਾ ਸਿੰਘ	੧੪੮
੪੨	ਪਜਾਰਾ ਚੀਨੀ ਵਾਲਾ (ਕਵਿਤਾ)	"ਅਜ਼ਾਦ"	੧੫੦
੪੩	ਸ੍ਰੀ ਸਤਿਗੁਰੂ ਰਾਮ ਸਿੰਘ ਜੀ ਕੇ ਸਿਧਾਂਤ	ਰਾਜਨ ਬਾਬੂ ਪਟਨ	੧੫੩
੪੪	ਬਸੰਤ ਦੇ ਮਹਾਰਾਜ ਦੀ ਬਸੰਤ ਰੀਝ	ਸ੍ਰ: ਗੁਰਬਖਸ਼ ਸਿੰਘ 'ਪ੍ਰੀਤ-ਲੜੀ'	੧੫੫
੪੫	ਸਭਨਾਂ ਨੇ ਜਾ ਜਾ ਚੁੰਮਿਆਂ (ਕਵਿਤਾ)	"ਜਟ" ਜੀਆ ਬੁਗਾ	੧੫੯
੪੬	ਅਜ਼ਾਦੀ ਦਾ ਸੰਦੇਸਾ ਦੇਣ ਵਾਲਾ	ਸ੍ਰ: ਈਸਰ ਸਿੰਘ ਮਝੈਲ	੧੬੧
੪੭	ਚਿੜ੍ਹ-ਚਰਚਾ		੧੬੩
੮੮	ਤਤਿਕ੍ਰਾਰਾਂ ਦੀ ਆਗਜਾ (ਕਵਿਤਾ)	"ਵਹਿਮੀ"	੧੬੫
੪੯	ਰੀਵੀਊ	ਐਡੀਟਰ	੧੬੬
੫੦	ਗੋਬਿੰਦ ਦਾਸ-ਸੰਤ ਹਰਨਾਮ ਸਿੰਘ	'ਚਕ੍ਰ ਵਰਤੀ'	੧੬੭

(ਨੋਟ) ਚਿੜ੍ਹ ਚਰਚਾ ਵਿਚ ਕਾਕਾ ਕਰਮ ਸਿੰਘ ਦਾ ਨਾਮ ਨਹੀਂ ਆਇਆ। ਆਪ ਸਰਦਾਰ ਸ਼ਿੰਗਾਰਾ ਸਿੰਘ ਜੀ ਦੇ ਸਪੁਤ੍ਰ ਹਨ ਤੇ ਆਪਦੇ ਦਿਲ ਵਿਚ ਗੁਰਸਿਖੀ ਨਾਲ ਬੜਾ ਪਿਆਰ ਹੈ।

Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji Elibrary NamdhariElibrary@gmail.com



ਤੁਰ ਚਲਿਆ ਪ੍ਰਦੇਸ ਪ੍ਰੀਤਮ, ਗਲ ਵਿਚ ਕਮਲੀ ਪਾਕੇ। ਕਹਿਰ ਵਿਛੋੜਾ, ਜਰਨ ਨਾ ਹੋਸੀ, ਕੂਕਾਂਗੇ ਬਿਲਲਾਕੇ।
ਇਕ ਪਲ ਜੁਗ ਹੋ ਬੀਤੂ ਸਾਨੂੰ, ਭੜਕੂ ਬ੍ਰੋਹੋਂ ਅਗਨੀ। ਰਾਤ ਦਿਨੇ ਤੜਪਾਂਗੇ ਦੁਖੀਏ, ਮਚਸਨ ਦਿਲੀਂ ਭਬਾਕੇ।

Sri Satguru Jagjit Singh Ji Elibrary
NamdhariElibrary@gmail.com

ੴ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ।

ਮਾਹਾ ਰੁਤੀ ਮਹਿ ਸਦ ਬਸੰਤੁ। ਜਿਤੁ ਹਰਿਆ ਸਭ ਜੀਅ ਜੰਤੁ।

ਨਾਮਧਾਰੀ ਪੰਥ ਦਾ ਇਕਲੌਤਾ ਸਪਤਾਹਕ--ਪੱਤ੍ਰ

'ਸਤਿਜੁਗ'

ਸ੍ਰੀ ਭੈਣੀ ਸਾਹਿਬ ਦਾ ਸਚਿਤ

ਬਸੰਤ-ਅੰਕ

ਸਤਿਗੁਰੂ ਜਗਜੀਤ ਸਿੰਘ ਪੁਸਤਕਾਲਾਂ
ਪੁਸਤਕ ਨੰ.....
ਅਲਮਾਰੀ.....
ਸ੍ਰੀ ਭੈਣੀ ਸਾਹਿਬ

ਕਲਿਜੁਗ ਤੇ ਸਤਿਜੁਗ ਕਰ ਠਾਨੋ।
ਤਬੀ ਬਾਰੂਵਾ ਬੱਪ ਪਹਿਚਾਨੋ।

ਕਲਿਜੁਗ ਤੇ ਸਤਿਜੁਗ ਕਰ ਠਾਨੋ।
ਤਬੀ ਬਾਰੂਵਾ ਬੱਪ ਪਹਿਚਾਨੋ।

ਸੰਪਾਦਕ Th. 'Satjug' Sri Bhaini Sahib (Ludhiana) ਬਲਵੰਤ ਸਿੰਘ

ਅੰਕ ੧, ੧੦ ਮਾਘ ਸੰਮਤ ੧੯੯੨-ਸੰਮਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ ੧੨੧ {ਜਿਲਦ ੧੧

ਮੁਕਤਿ ਭੁਗਤਿ ਦੇਣ ਵਾਲਾ

ਕੌਣ ਆਯਾ? ਨੈਣਾ ਵਾਲਾ; ਕੀ ਲਯਾਯਾ? ਬਰਕਤਾਂ ਏ;
ਕਦੋਂ ਆਯਾ? ਅੱਜ ਨੀ ਛਬੀਲਾ ਛਬਿ ਨਜਾਰੀ ਵਾਲਾ।
ਬੀਬਾ ਜਿਹਾ ਮੁਖ, ਭੁਖ ਲਥਦੀ ਏ ਵਿਹੰਦਿਆਂ ਈ,
ਸੂਰਤ ਨੂਰਾਨੀ ਵਾਲਾ, ਮੂਰਤ ਪਜਾਰੀ ਵਾਲਾ।
ਬੁੱਲਾਂ ਦੇ ਕਟੋਰਿਆਂ 'ਚੋਂ ਅੰਮ੍ਰਿਤ-ਤ੍ਰੋਂਕ ਲਾਵੇ,
ਟੱਸ ਦਿਲ ਲੈਣ ਵਾਲਾ, ਚੀਨੀ ਦੀ ਸਵਾਰੀ ਵਾਲਾ।
ਚਰਨਾ ਦੀ ਧੂੜੀ ਲਾ ਲੈ ਅੱਖਾਂ ਤੇ 'ਆਜ਼ਾਦ' ਏਦ੍ਹੀ,
ਕਜੋਂਕਿ ਏਹੋ ਹਈ ਮੁਕਤਿ, ਭੁਗਤਿ ਦੀ ਅਟਾਰੀ ਵਾਲਾ।

[ਅਵਤਾਰ ਸਿੰਘ "ਆਜ਼ਾਦ"

Sri Satguru Jagjit Singh Ji Elibrary NamdhariElibrary@gmail.com

ੴ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ।

ਮਾਹਾ ਰੁਤੀ ਮਹਿ ਸਦ ਬਸੰਤੁ। ਜਿਤੁ ਹਰਿਆ ਸਭ ਜੀਅ ਜੰਤੁ।

ਨਾਮਧਾਰੀ ਪੰਥ ਦਾ ਇਕਲੌਤਾ ਸਪਤਾਹਕ-ਪੱਤ੍ਰ

ਕਲਿਜੁਗ ਮੇ ਸਤਿਜੁਗ ਵਰਤਾਉਂ। ਤੜੀ ਬਾਰੂਵਾਂ ਬੰਪ ਕਹਾਉਂ।

'ਸਤਿਜੁਗ'

ਸ੍ਰੀ ਭੈਣੀ ਸਾਹਿਬ ਦਾ ਸਚਿਤ

ਬਸੰਤ-ਅੰਕ

ਕਲਿਜੁਗ ਤੇ ਸਤਿਜੁਗ ਕਰਨਾਨੋ। ਤੜੀ ਬਾਰੂਵਾ ਬੰਪ ਪਹਿਜਾਨੋ।

ਸੰਪਾਦਕ The 'Satjug' Sri Bhaini Sahib (Ludhiana) ਬਲਵੰਤ ਸਿੰਘ

ਅੰਕ ੧, ੧੦ ਮਾਘ ਸੰਮਤ ੧੯੯੨-ਸੰਮਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ ੧੨੧ {ਜਿਲਦ ੧੧

ਸਤਿਗੁਰੂ ਜਗਜੀਤ ਸਿੰਘ ਪੁਸਤਕਾਲਾਂ
ਪੁਸਤਕ ਨੰ.....
ਅਲਮਾਰੀ.....
ਸ੍ਰੀ ਭੈਣੀ ਸਾਹਿਬ

ਮੁਕਤਿ ਭੁਗਤਿ ਦੇਣ ਵਾਲਾ

ਕੌਣ ਆਯਾ? ਨੈਣਾ ਵਾਲਾ; ਕੀ ਲਯਾਯਾ? ਬਰਕਤਾਂ ਏ;
ਕਦੋਂ ਆਯਾ? ਅੱਜ ਨੀ ਛਬੀਲਾ ਛਬਿ ਨਜਾਰੀ ਵਾਲਾ।
ਬੀਬਾ ਜਿਹਾ ਮੁਖ, ਭੁਖ ਲਥਦੀ ਏ ਵਿਹੰਦਿਆਂ ਈ,
ਸੂਰਤ ਨੂਰਾਨੀ ਵਾਲਾ, ਮੂਰਤ ਪਜਾਰੀ ਵਾਲਾ।
ਬੁੱਲਾਂ ਦੇ ਕਟੋਰਿਆਂ 'ਚੋਂ ਅੰਮ੍ਰਿਤ-ਤ੍ਰੋਂਕ ਲਾਵੇ,
ਰੱਸ ਦਿਲ ਲੈਣ ਵਾਲਾ, ਚੀਨੀ ਦੀ ਸਵਾਰੀ ਵਾਲਾ।
ਚਰਨਾ ਦੀ ਧੂੜੀ ਲਾ ਲੈ ਅੱਖਾਂ ਤੇ 'ਆਜ਼ਾਦ' ਏਦ੍ਹੀ,
ਕਜੋਂਕਿ ਏਹੋ ਹਈ ਮੁਕਤਿ, ਭੁਗਤਿ ਦੀ ਅਟਾਰੀ ਵਾਲਾ।

[ਅਵਤਾਰ ਸਿੰਘ "ਆਜ਼ਾਦ"

Sri Satguru Jagjit Singh Ji Elibrary NamdhariElibrary@gmail.com

ਤਨ ਦਾ ਸ਼ਵਾਲਾ ਵਸੋਣ ਵਾਲਾ

(ਵਲੋਂ ਸ੍ਰੀ ਮਾਨ ਸਰਦਾਰ ਅਵਤਾਰ ਸਿੰਘ ਜੀ 'ਆਜ਼ਾਦ')

ਮਹਿਕੇ ਬਨ ਬੇਲੇ, ਟਹਿਕ ਉਠੀਆਂ ਨੇ ਜੂਹਾਂ ਸਭੇ,
ਰਸ ਲੈ ਅਨੋਖਾ ਕੂਹੂ ਕੂਹੂ ਕੋਇਲਾਂ ਕੂਕੀਆਂ।
ਜਾਗ ਪਇ ਹੁਸਨ ਸੁੱਤੇ ਪਯਾਰ ਉਲਸੇਟਾ ਲੈਕੇ,
ਇਸ਼ਕ-ਦਰਯਾਓ ਦੀਆਂ ਕਾਂਗਾਂ ਕੋਈ ਸ਼ੁਕੀਆਂ।
ਫੁੱਟ ਪਈਆਂ ਨਵੀਆਂ ਅੰਜੂਰੀਆਂ ਨੇ ਰੁੱਖਾਂ ਦੀਆਂ,
ਨਿਰਤ ਕਰਨ ਲਗੀਆਂ ਨੇ ਸ਼ਾਖਾਂ ਤੇ ਮਲੂਕੀਆਂ।
ਹੱਸੀਆਂ ਸੁੰਦਰਤਾਈਆਂ ਇਕ ਇਕ ਪੱਤੇ ਵਿਚੋਂ,
ਝੁੰਬ ਮਾਰ ਤੁਤ ਗਈਆਂ ਕਿਧਰੇ ਕਰੂਪੀਆਂ।

* * *

ਦੁਲਦੁਲਾਂ ਦੇ ਗਲੇ ਗਾਣ ਲਗ ਪਇ 'ਬਹਾਰ-ਤ੍ਰਾਨੇ'
ਭੁਲੀਆਂ ਨੇ ਖਿਜ਼ਾਂ ਦੀਆਂ 'ਮਾਰੂ' ਬੇ ਸਲੂਕੀਆਂ।
ਭੌਰਾਂ ਨੇ ਬਸੰਤ ਵੇਖਿ ਛੋਹ ਲਈ ਬਸੰਤ ਤਕੇ!
ਸੋਗ ਦੀਆਂ ਹੋਲੀਆਂ ਚਾ 'ਮੰਗਲਾਂ' ਨੇ ਫੂਕੀਆਂ।
ਖਿੜਿਆ ਗੁਲਾਬ, ਆਬ ਗੁੱਟੇ ਦੀ ਨਾ ਜਾਇ ਝਲੀ,
ਸਰੋਆਂ ਦੇ ਫੁਲਾਂ ਬਿਸਥਾਰੀਆਂ ਅਨਪੀਆ।
ਆ ਗਈ ਬਹਾਰ ਸੁਕਮਾਰ ਇਠਲਾਂਦੀ ਹੋਈ,
ਜਿਸ ਦੇ ਕਟਾਖਨਾਂ ਦੀਆਂ ਚਾਬਕਾਂ ਨੇ ਘੂਕੀਆਂ।

* * *

ਏਸ ਵਿਗਸਾਓ ਦਾ ਅਨੰਦ ਲੈਣ ਆਜਾ ਸਖੀ,
ਵੇਣ? ਓਹੋ ਲੰਮਾ-ਉਚਾ ਬਾਂਕਾ ਚੀਨੀ ਵਾਲਾ ਨੀ!
ਮੁੱਖ ਦਾ ਉਜਲਾ ਜਿਦ੍ਹਾ ਸੂਰਜ ਨੂੰ ਫਿੱਕਾ ਪਾਇ,
ਵੇਖਿ ਵੇਖਿ ਜਿਹਨੂੰ ਹੋਵੇ ਮਨ ਮਤਵਾਲਾ ਨੀ!
ਨੈਣਾਂ ਵਿਚ ਨੈਣ ਪਾਕੇ ਦਿਲਾਂ ਵਿਚ ਲੱਥਦਾ ਏ,
ਆਪ ਹਥੀਂ ਬਖਸ਼ਦਾ ਏ ਇਸ਼ਕ ਦਾ ਪਯਾਲਾ ਨੀ!
ਜੋੜਦਾ ਏ ਸਾਂਈਂ ਨਾਲ, ਰੋੜ੍ਹ, ਭਰਮ, ਕਰਮ ਸਾਰੇ,
ਪਲਾਂ 'ਚ' ਵਸਾਂਵਦਾ ਏ ਤਨ ਦਾ ਸ਼ਵਾਲਾ ਨੀ!

Sri Satguru Jagjit Singh Ji Elibrary Namdhari Library@gmail.com

ਕੁਝ ਆਪਣੀ ਵਲੋਂ ਵੀ

'ਸਤਿਜੁਗ' ਦੇ ਪਿਆਰੇ ਪਾਠਕਾਂ ਦੇ ਸਾਹਮਣੇ ਇਸ ਵੇਰਾਂ ਦਾ 'ਬਸੰਤ-ਅੰਕ' ਰਖਦਿਆਂ ਹੋਇਆਂ ਸਾਨੂੰ ਬੇਹਦ ਪ੍ਰਸੰਨਤਾ ਹੋ ਰਹੀ ਹੈ ਅਤੇ ਅਸੀਂ ਸਤਿਗੁਰੂ ਸੱਚੇ ਪਾਤਸ਼ਾਹ ਦਾ ਧੰਨਵਾਦ ਕਰਦੇ ਹਾਂ ਕਿ ਉਸ ਦੀ ਅਪਾਰ ਮੇਹਰ ਦਾ ਸਦਕਾ, ਇਹ ਕਠਿਨ ਮੁਹਿੰਮ ਨੇਰਵਿਘਨ ਤੋੜ ਚੜ੍ਹ ਗਈ ਹੈ। ਸਾਨੂੰ ਇਹ ਗਲ ਦੱਸਣ ਦੀ ਲੋੜ ਪ੍ਰਤੀਤ ਨਹੀਂ ਹੁੰਦੀ ਕੇ ਏਡੇ ਵਡੇ ਆਕਾਰ ਦਾ ਅੰਕ 'ਸਤਿਜੁਗ' ਤੋਂ ਬਿਨਾਂ, ਪੰਜਾਬੀ ਦੇ ਕਿਸੇ ਸਪਤਾਹਕ ਅਥਵਾ ਮਾਸਕ-ਪਤ੍ਰ ਨੇ ਵੀ ਕਦੇ ਪ੍ਰਕਾਸ਼ਤ ਨਹੀਂ ਕੀਤਾ। ਇਹ ਫ਼ਖਰ 'ਸਤਿਜੁਗ' ਨੂੰ ਹੀ ਪ੍ਰਾਪਤ ਹੈ ਕਿ ਉਹ ਹਰ ਸਾਲ ਏਹੋ ਜਿਹਾ ਅਦੁੱਤੀ ਅੰਕ ਕਢਕੇ, ਪੰਜਾਬੀ ਅਖਬਰ ਨਵੀਸੀ ਦੀ ਸ਼ਾਨ ਨੂੰ ਚਾਰ ਚੰਨ ਲਾ ਦਿੰਦਾ ਹੈ।

'ਸਤਿਜੁਗ' ਦੀ ਇਸ ਕਾਮਯਾਬੀ ਦਾ ਰਾਜ਼ ਕੀ ਹੈ? ਕੇਵਲ ਇਹ ਕਿ ਸਤਿਗੁਰੂ ਗ਼ਰੀਬ ਨਿਵਾਜ਼ ਪਾਤਸ਼ਾਹ ਦਾ ਬਰਕਤਾਂ ਵਾਲਾ ਹਥ ਇਸਦੇ ਸਿਰ ਹੈ, ਤੇ ਉਸਦੇ ਅਤੁੱਟ ਖਜ਼ਾਨੇ ਵਿਚੋਂ ਮੂੰਹ ਮੰਗੀ ਦਾਤ ਪ੍ਰਾਪਤ ਕਰਕੇ, ਇਹ ਇਹਨਾਂ ਸ਼ਾਨਾ ਦਾ ਮਾਲਕ ਬਣ ਜਾਂਦਾ ਹੈ। ਨਿਸੰਚੇ ਜੇਕਰ 'ਸਤਿਜੁਗ' ਦੇ ਸਿਰ ਤੇ ਇਹ ਸਦਾ ਕਾਇਮ ਦਾਇਮ ਹੱਥ ਨਾ ਹੋਵੇ, ਤਾਂ ਇਸ ਨੂੰ ਪੈਰ ਪੈਰ ਤੇ ਅਨੇਕਾਂ ਔਕੜਾਂ ਦਾ ਸਾਮ੍ਹਣਾ ਕਰਨਾ ਪਵੇ। ਅਸੀਂ ਸਤਿਗੁਰੂ ਗ਼ਰੀਬ ਨਿਵਾਜ਼ ਦਾ ਕੋਟਾਨ ਕੋਟ ਧੰਨਵਾਦ ਅਦਾ ਕਰਦੇ ਹਾਂ ਅਤੇ ਸ਼ੁਕਰ ਵਿਚ ਭਰਕੇ ਪ੍ਰਾਰਥਕ ਹਾਂ ਕਿ ਉਹ ਹੋਰ ਅਨੇਕ ਜੀਆਂ ਦੀ ਸੰਭਾਲ ਕਰਨ ਦੇ ਨਾਲ, ਸਾਡੇ ਉਪਰ ਇਸੇ ਤਰ ਰਹਿਮਤਾਂ ਦੀਆਂ ਬਾਰਸ਼ਾਂ ਕਰਦਾ ਰਹੇ।

'ਬਸੰਤ-ਅੰਕ' ਉਪਰ ਅਸਾਂ ਕਿੰਨੀ ਕੁ ਮਿਹਨਤ ਕੀਤੀ ਹੈ, ਇਸ ਗੱਲ ਦਾ ਅੰਦਾਜ਼ਾ 'ਸਤਿਜੁਗ' ਦੇ ਸੁਹਿਰਦ ਪਾਠਕ ਚੰਗੀ ਤਰਾਂ ਕਰ ਸਕਦੇ ਹਨ ਆਪ ਲੇਖ ਲਿਖਣ ਤੇ ਹੋਰ ਸਜਣਾਂ ਪਾਸੋਂ ਪ੍ਰਾਪਤ ਕਰਨ ਦੇ ਜਤਨਾਂ ਵਿਚ ਸਾਨੂੰ ਰਾਤ ਦਿਨ ਇਕ ਕਰਨਾ ਪਿਆ ਹੈ ਤੇ ਇਹ ਗਲ ਅਸੀਂ ਹੀ ਜਾਣਦੇ ਹਾਂ ਕਿ ਇਸ 'ਅੰਕ' ਨੂੰ ਅਜੇਹਾ ਬਨਾਉਣ ਵਿਚ ਕਿੰਨਾਂ ਵਕਤ, ਕਿੰਨੀ ਮਿਹਨਤ, ਕਿੰਨੀ ਮਾਇਆ ਅਤੇ ਕਿੰਨੀ ਭੱਜ ਦੌੜ ਖਰਚ ਕਰਨੀ ਪਈ ਹੈ। ਜਿਨ੍ਹਾਂ ਸਜਣਾ ਨੂੰ ਸ਼ਹਿਰਾਂ ਦੇ ਸਭੀਤੇ ਪ੍ਰਾਪਤ ਹਨ, ਉਹ ਸ਼ਾਇਦ ਇਸ ਗਲ ਦਾ ਬਹੁਤ ਘਟ ਅੰਦਾਜ਼ਾਂ ਲਾ ਸਕਣਗੇ ਕਿ ਭੈਣੀ ਸਾਹਿਬ ਵਰਗੇ ਨਵੇਕਲੇ ਤੇ ਸ਼ਹਿਰਾਂ ਨਾਲੋਂ ਬਿਲਕੁਲ ਦੂਰ ਟਿਕਾਣੇ ਤੇ ਕਿਸੇ ਕਾਮਯਾਬ ਨੰਬਰ ਦਾ ਪ੍ਰਕਾਸ਼ਤ ਕਰਨਾਂ ਕਿੰਨੀ ਔਖੀ ਗਲ ਹੁੰਦੀ ਹੈ। ਨਿਕੇ ਜਹੇ ਪੈਸ ਵਿਚ ਛੱਟੇ ੨ ਵਿਦਯਾਰਥੀਆਂ ਪਾਸੋਂ ਪ੍ਰੇਮ ਦੀ ਸੇਵਾ ਕਰਵਾਕੇ, ਗਿਣਤੀ ਦੇ ਦਿਨਾਂ ਵਿਚ ਏਡਾ ਨੰਬਰ ਕਢ ਲੈਣਾ, ਸਚ ਮੁਚ ਕਰਾਮਾਤ ਹੋ ਜਾਣ ਵਾਲੀ ਗਲ ਹੈ ਤੇ ਇਹ ਕਰਾਮਾਤ ਹੀ ਹੈ ਜੋ ਸਾਨੂੰ ਹਰ ਸਾਲ ਦੇ ਕਰੜੇ ਇਮਤਿਹਾਨ ਵਿਚੋਂ ਪਾਸ ਕਰ ਦੇਂਦੀ ਹੈ।

ਪਾਠਕ ਇਹ ਗੱਲ ਸੁਣਕੇ ਹੈਰਾਨ ਰਹਿ ਜਾਣਗੇ ਕਿ 'ਸਤਿਜੁਗ' ਦਾ ਇਹ ਅੰਕ ਉਹਨ ਦੇ ਹਥਾਂ ਵਿਚ ਪਹੁੰਚਣ ਤੋਂ ਪਹਿਲ, ਸ੍ਰੀ ਭੈਣੀ ਸਾਹਿਬ ਤੋਂ ਬਿਨਾ ਵਖ ਵਖ ਸੂਰਤਾਂ ਵਿਚ ਦੂਰ

Sri Satguru Jagjit Singh Ji Elibrary NamdhariElibrary@gmail.com

ਦਹਾਡ਼ੀਆਂ ਸੈਠਾਂ ਕਰ ਆਇਆ ਹੈ। ਚਾਰ ਤਿੰਨ ਰੰਗੀਆਂ ਤਸਵੀਰਾਂ ਕਲਕਤੇ ਛਪੀਆਂ ਹਨ ਤੇ ਜਿਨ੍ਹਾਂ ਦੇ ਬਲਾਕਾਂ ਦੀ ਢਲਾਈ ਤੇ ਛਪਵਾਈ ਤੇ ਚਾਰ ਸੌ ਰੁਪਏ ਤੋਂ ਵਧ ਰਕਮ ਖਰਚ ਆ ਗਈ ਹੈ। ੭ ਤਸਵੀਰਾਂ ਲਾਹੌਰ ਛਪੀਆਂ ਹਨ ਅਤੇ ਜਿਨ੍ਹਾਂ ਉਪਰ ਵੀ ਚੋਖੀ ਰਕਮ ਲਗੀ ਹੈ । ਕਟਾਈ ਅਤੇ ਤਿਆਰੀ ਲੁਦਿਹਾਣੇ ਹੋਈ ਹੈ ਤੇ ਇਸ ਤਰਾਂ ਬੇ ਕਿਆਸ ਮਿਹਨਤ ਦੇ ਪਿਛੋਂ 'ਸਤਿਜੁਗ' ਇਸ ਯੋਗ ਹੋਇਆ ਹੈ ਕਿ ਆਪਣੇ ਪਾਠਕਾਂ ਤੀਕ ਪਹੁੰਚ ਸਕੇ।

ਅਸੀਂ ਸ੍ਰੀ ਮਾਨ ਜਥੇਦਾਰ ਰੁਰਮੁਖ ਸਿੰਘ ਜੀ ਦਾ ਧੰਨਵਾਦ ਕਟਨੋਂ ਕਦੇ ਨਹੀਂ ਰਹਿ ਸਕਦੇ,ਜਿਨ੍ਹਾਂ ਦੀ ਸਦਾ ਸਜੱਰੀ ਹਿੰਮਤ ਸਾਨੂੰ ਉਤਸ਼ਾਹਤ ਰਖਦੀ ਰਹੀ ਹੈ ਤੇ ਜੋ ਹਰ ਸੱਜਣ ਪਾਸੋਂ ਪਿਆਰ ਤੇ ਨਰਮੀ ਨਾਲ ਸਮੇਂ ਸਿਰ ਕੰਮ ਲੈਕੇ ਸਾਡੇ ਭਾਰ ਨੂੰ ਬਹੁਤ ਹੌਲਿਆਂ ਕਰਦੇ ਰਹੇ ਹਨ। ਜਥੇਦਾਰ ਜੀ ਦੇ ਨਾਲ ਪ੍ਰੈਸ ਦੇ ਇੰਚਾਰਜ ਸੰਤ ਦਜ਼ਾਰਾ ਸਿੰਘ ਜੀ ਦੀ ਸੇਵਾ ਨੂੰ ਅਸੀਂ ਉਕਾ ਹੀ ਨਹੀਂ ਭੁਲ ਸਕਦੇ। ਬਚਿਆਂ ਪਾਸੋਂ ਕੰਮ ਲੈਣ ਦੀ ਆਪਨੂੰ ਵਡ਼ੀ ਸੋਹਣੀ ਜਾਚ ਹੈ ਤੇ ਇਹ ਆਪਦੀ ਹਿੰਮਤ ਹੀ ਹੈ ਜਿਸ ਨੇ ਬਹੁਤ ਵੱਡੇ ਸਮੇਂ ਵਿਚ ਏਡਾ ਵੱਡਾ ਤੇ ਹਰ ਪਹਿਲੂ ਤੋਂ ਸੁੰਦਰ ਅੰਕ ਪ੍ਰਕਾਸ਼ਤ ਕਰਵਾ ਦਿੱਤਾ ਹੈ ।

ਐਡੀਟੋਰੀਅਲ ਸਟਾਫ, ਪ੍ਰੈਸ ਦੇ ਪ੍ਰਬੰਧਕਾਂ ਅਤੇ ਬਚਿਆਂ ਦੀ ਦਿਨ ਰਾਤ ਮਿਹਨਤ ਤੋਂ ਇਨਾਂ ਸਾਡੇ ਚਿਤ੍ਰਕਾਰ ਸ੍ਰੀ ਮਾਨ ਭਾਈ ਵਰਜਾਮ ਸਿੰਘ ਜੀ ਨੇ ਤਿੰਨ ਰੰਗੇ ਚਿਤ੍ਰ ਬਨਾਉਣ ਤੇ ਜਿਹੜਾ ਤਾਣ ਲਾਇਆ ਹੈ, ਉਹ ਵਸ਼ੇਸ਼ ਤੌਰ ਤੇ ਸ਼ਲਾਘਾ ਯੋਗ ਹੈ। ਭਾਈ ਵਰਜਾਮ ਸਿੰਘ ਜੀ ਇਕ ਗੱਭਰੂ ਚਿਤ੍ਰਕਾਰ ਹਨ ਜਿਨ੍ਹਾਂ ਦੇ ਦਿਲ ਵਿਚ ਅਪਣੇ ਇਤਿਹਾਸ ਨਾਲ ਸਬੰਧ ਰਖਣ ਵਾਲੀਆਂ ਤਸਵੀਰਾਂ ਬਨਾਣ ਲਈ ਬੇਹਦ ਉਤਸ਼ਾਹ ਹੈ। ਆਪ ਕਈਆਂ ਸਾਲਾਂ ਤੋਂ ਭੈਣੀ ਸਾਹਿਬ ਹੀ ਟਿਕੇ ਹੋਏ ਹਨ ਤੇ ਸਚੇ ਪਾਤਸ਼ਾਹ ਜੀ ਦੀ ਪਾਵਨ ਆਗਿਆ ਅਨੁਸਾਰ ਸੇਵਾ ਵਿਚ ਲਗੇ ਹੋਏ ਹਨ। ਆਪ ਪ੍ਰਸਿਧ ਚਿਤ੍ਰਕਾਰ ਸ੍ਰ: ਸੋਭਾ ਸਿੰਘ ਜੀ ਦੇ ਹੋਨਹਾਰ ਸ਼ਾਗਿਰਦ ਹਨ ਅਤੇ ਉਚੇ ਤਸੱਵਰ ਦੇ ਚਿਤ੍ਰ ਚਿਤ੍ਰ ਨੇ ਆਪ ਨੇ ਆਪਣੇ ਸੁਘੜ ਉਸਤਾਦ ਪਾਸੋਂ, ਵਿਰਸੇ ਵਿਚ ਲਏ ਜਾਪਦੇ ਹਨ। ਸਤਿਗੁਰੂ ਆਪ ਦੇ ਸਿਰ ਤੇ ਇਸੇ ਤਰਾਂ ਹੱਥ ਰਖਣ ਤੇ ਆਪ ਦਾ ਸੁਚੱਜਾ ਬੁਰਸ਼ ਏਹੋ ਜਹੀਆਂ ਪਾਵਨ ਤਸਵੀਰਾਂ ਬਣਾਕੇ ਸਦਾ ਪਵਿਤ੍ਰ ਹੁੰਦਾ ਰਹੇ।

ਆਮ ਰਵਾਜ ਅਨਸਾਰ ਅਸੀਂ ਅਜ ਰ ਲੇਖਾਂ ਸੰਬੰਧੀ ਆਪਣੀ ਰਾਇ ਦਣੀ ਮੁਨਾਸਬ ਨਹੀ ਸਮਝਦੇ । ਵੰਨੋ ਵੰਨ ਦੇ ਸਦਾ ਮਹਿਕਦੇ ਫੁਲਾਂ ਨਾਲ ਤਿਆਰ ਕੀਤਾ ਹੋਯਾ ਇਹ ਗੁਲਦਸਤਾ ਸਜਣਾਂ ਦੇ ਸਾਹਮਣੇ ਹੈ। ਫੁਲ ਸਾਰੇ ਮਹਿਕ ਦਾਤੇ ਹਨ, ਸੁੰਦਰ ਹਨ, ਸੋਭਨੀਕ ਹਨ ਅਤੇ ਅਖਾਂ ਵਿਚ ਤਰਾਵਤ ਪੈਦਾ ਕਰਨ ਵਾਲੇ ਹਨ। ਕਿਹੜਾ ਭੌਰ ਕਿਸ ਫੁਲ ਤੇ ਰੀਝਕੇ ਰਸ ਮਾਣਦਾ ਹੈ, ਇਹ ਅਨਮਾਨ ਅਸੀਂ ਕਿਵੇਂ ਲਾ ਸਕਦੇ ਹਾਂ। ਹਾਂ ਅਸੀਂ ਏਹ ਗਲ ਫਖਰ ਨਾਲ ਕਹਿ ਸਕਦੇ ਹਾਂ ਕਿ ਇਸ ਅੰਕ ਦੇ ਲੇਖਕਾਂ ਵਿਚ ਪਾਠਕਾਂ ਨੂੰ ਉਹ ਉਹ ਨਾਮ ਦਿਸਣਗੇ, ਜੋ ਆਪਣੀਆ ਮਹਾਨ ਉਚ ਵਜ਼ਕਤੀਆਂ ਕਰਕੇ ਸਾਰੇ ਦੇਸ਼ ਲਈ ਸਨਮਾਨ ਜੋਗ ਹਨ। ਰਾਸ਼ਟਰ ਪਤਿ,ਨਿਰਮਾਣ ਤੇ ਨਿਸ਼ਕਾਮ ਦੇਸ਼ ਭਗਤ ਸ੍ਰੀ ਬਾਬੂ ਰਜਿੰਦ੍ਰ ਪ੍ਰਸ਼ਾਦ ਜੀ ਪ੍ਰਧਾਨ ਸਰਬ ਹਿੰਦ ਕਾਂਗ੍ਰਸ, ਪ੍ਰਸਿਧ ਹਿੰਦੀ ਮਾਸਿਕ

Sri Satguru Jagjit Singh Ji Elibrary NamdhariElibrary@gmail.com

ਪਤ੍ਰਕਾ ਮਾਧੁਰੀ ਦੇ ਵਿਦਵਾਨ ਐਡੀਟਰ ਸ੍ਰੀ ਰੂਪ ਨਾਰਾਇਣ ਪਾਂਡੇ, ਪ੍ਰਸਿਧ ਦੇਸ਼ ਭਗਤ ਬਾਬਾ ਮਦਨ ਸਿੰਘ ਜੀ "ਗਾਗਾ" ਜਾਦੂ ਨਿਗਾਹ ਲੇਖਕ ਸ੍ਰਦਾਰ ਗੁਰਬਖ਼ਸ਼ ਸਿੰਘ ਜੀ ਐਡੀਟਰ 'ਪ੍ਰੀਤ-ਲੜੀ', ਅਕਾਲੀ ਪਾਰਟੀ ਦੀ ਰੂਹ ਸ੍ਰੀ ਮਾਨ ਮਾਸਟ ਤਾਰਾ ਸਿੰਘ ਜੀ ਬੀ. ਏ., ਹਿੰਦੂ ਯੂਨੀ ਵ੍ਰਸਟੀ ਬਨਾਰਸ ਦੇ ਮਹਾਂ ਵਿਦਵਾਨ ਪ੍ਰੋਫੈਸਰ ਸ੍ਰ: ਗੁਰਮੁਖ ਨਿਹਾਲ ਸਿੰਘ ਜੀ ਐਮ. ਏ., ਪਛਮੀ ਤੇ ਪੂਰਬੀ ਵਿਦਿਆ ਦੇ ਖਜ਼ਾਨੇ ਪ੍ਰੋਫੈਸਰ ਸ਼ੇਰ ਸਿੰਘ ਜੀ ਐਮ. ਏ. ਪਸਰੂਰ, ਪ੍ਰੇਮ ਦੇ ਸਾਕਾਰ ਸੰਤ ਹਜ਼ੂਰਾ ਸਿੰਘ ਜੀ ਭੂਰੀ ਵਾਲੇ, ਗੁਰਮੁ ਖ ਪਿਆਰੇ ਭਾਈ ਸਾਹਿਬ ਭਾਈ ਮੋਹਨ ਸਿੰਘ ਜੀ ਵੈਦ, ਪ੍ਰਸਿਧ ਇਤਹਾਸ ਖੋਜੀ ਸ੍ਰ: ਨਾਹਰ ਸਿੰਘ ਜੀ ਐਮ. ਏ, ਕਵਿ ਕੁਲ ਤਿਲਕ ਲਾਲਾ ਧਨੀ ਰਾਮ ਜੀ ਚਾਤ੍ਰਿਕ, ਅਲਬੇਲੇ ਤੇ ਰਸਕ ਮਹਾਂ ਕਵੀ ਸ੍ਰ: ਮੁਨਸ਼ਾ ਸਿੰਘ ਜੀ ਦੁਖੀ, ਕਵਿ ਸ਼ੋਮਣਿ ਸ੍ਰ: ਵਿਧਾਤਾ ਸਿੰਘ ਜੀ 'ਤੀਰ', ਸ੍ਰੀ ਗੁਰੂ ਨਾਨਕ ਸਰਬ ਸੰਪ੍ਰਦਾਇ ਕਮੇਟੀ ਦੀ ਜਿੰਦ ਜਾਨ ਅਤੇ ਨਾਮਧਾਰੀ ਪੰਥ ਦੇ ਮਹਾਂ ਨਿਸ਼ਕਾਮ ਸੇਵਕ ਸ੍ਰੀ ਮਾਨ ਸ੍ਰ: ਆਤਮਾਂ ਸਿੰਘ ਜੀ ਰਈਸ ਰਾਵਲ ਪਿੰਡੀ, ਸੇਵਾ ਪੰਥੀ ਅਡਣ ਸ਼ਾਹੀ ਸੰਪ੍ਰਦਾਇ ਦੇ ਫ਼ਖਰ ਸ੍ਰੀ ਮਾਨ ਮਹੰਤ ਗੁਰਬਖ਼ਸ਼ ਸਿੰਘ ਜੀ ਅਤੇ ਅਨੇਕਾਂ ਹੋਰ ਮਾਂਨਯੋਗ ਸਜਣਾਂ ਨੇ ਸਤਿਜੁਗ ਦੇ ਇਸ ਅੰਕ ਲਈ ਆਪਣੇ ਵਡ ਮੁਲੇ ਲੇਖ ਅਤੇ ਕਵਿਤਾਵਾਂ ਲਿਖੀਆਂ ਹਨ ਤੇ ਇਹ ਮਿਲਵੀਂ ਹਿੰਮਤ ਹੀ ਹੈ, ਜਿਸਨੇ ਸਾਡਾ ਸਿਰ ਫ਼ਖਰ ਨਾਲ ਉਚਾ ਕਰ ਦਿਤਾ ਹੈ। ਅਸੀ ਇਹਨਾਂ ਸਾਰੇ ਸਜਣਾਂ ਦਾ ਸਚੇ ਦਿਲੋਂ ਧੰਨਵਾਦ ਕਰਦੇ ਹਾਂ ਕਿ ਇਹਨਾਂ ਨੇ ਆਪਣਾਂ ਬਹੁ ਮੁੱਲਾ ਸਮਾਂ ਕਢਕੇ ਸਾਡਾ ਹਥ ਵਟਾਇਆ ਹੈ। ਸਤਿਗੁਰੂ ਸਚਾ ਪਾਤਸ਼ਾਹ ਇਹਨਾਂ ਤੇ ਮਿਹਰਾਂ ਦੀਆਂ ਬਾਰਸ਼ਾਂ ਕਰੇ।

ਅਸੀ ਆਪਣਾਂ ਫਰਜ਼ ਅਦਾ ਕਰਨ ਵਿਚ ਅਧੂਰੇ ਰਹਾਂਗੇ ਜੇਕਰ ਅਸੀ ਉਹਨਾਂ ਸਾਰੇ ਸਜਣਾਂ ਦਾ ਸਚੇ ਦਿਲੋਂ ਧੰਨਵਾਦ ਨਾਂ ਕਰੀਏ ਜਿਨ੍ਹਾਂ ਨੇ ਛਪਾਈ, ਭਨਾਈ ਅਤੇ ਹੋਰ ਅਨੇਕਾਂ ਕੰਮਾਂ ਵਿਚ ਸਾਡੀ ਵਧ ਚੜ੍ਹਕੇ ਸਹਾਇਤਾ ਕੀਤੀ ਹੈ। ਵਸ਼ੇਸ਼ ਕਰਕੇ ਭੈਣੀ ਸਾਹਿਬ ਵਿਦਯਾਲੇ ਦੇ ਉਹ ਉਦਮੀ, ਸੇਵਾ ਦਾ ਚਾਓ ਰਖਣ ਵਾਲੇ ਅਤੇ ਮਾਸੂਮ ਮਿਹਨਤ ਦੇ ਸ਼ੌਕੀ ਬਚੇ ਵਧੇਰੇ ਧੰਨਤ੍ਰ ਦੇ ਯੋਗ ਹਨ, ਜਿਨ੍ਹਾਂ ਨੇ ਕਈ ਰਾਤ੍ਰਾਂ ਅਖਾਂ ਵਿਚ ਕਢਕੇ ਸਾਡੀ ਸਹਾਇਤਾ ਕੀਤੀ ਹੈ। ਇਹਨਾਂ ਬਚਿਆਂ ਦੀ ਮਿਹਨਤ ਦਾ ਮੁਲ ਅਸੀਂ ਕਦੇ ਨਹੀ ਦੇ ਸਕਦੇ। ਸਤਿਗੁਰ ਇਹਨਾਂ ਨੂੰ ਦਰੋਂ ਘਰੋਂ ਖੁਸ਼ੀਆਂ ਬਖਸ਼ਣ।

ਇਹ ਸਭ ਕੁਝ ਕਰਨ ਦੇ ਉਪਰੰਤ ਅਸੀਂ ਇਹ ਨਵੇਂ ਸਾਲ ਦੀ ਨਵੀਂ ਸੁਗਾਤ ਜਿਸ ਦਾ ਇਕ ਇਕ ਸਫਾ ਤੇ ਸਫੇ ਦੀ ਇਕ ਇਕ ਸਤਰ, ਚੀਨੀ ਵਾਲੇ ਪਾਤਸ਼ਾਹ ਦੇ ਜਸ ਨਾਲ ਗੁੰਥਤ ਹੈ, 'ਸਤਿਜੁਗ' ਦੇ ਉਹਨਾਂ ਮਾਨ ਯੋਗ ਪਾਠਕਾਂ ਦੀ ਸੇਵਾ ਵਿਚ ਹਾਜ਼ਰ ਕਰਦੇ ਹਾਂ, ਜੋ ਕਈਆਂ ਚਿਰਾਂ ਤੋਂ ਉਤਕੰਠਤ ਹੋਕੇ ਇਸ ਦੀ ਉਡੀਕ ਕਰ ਰਹੇ ਸਨ। ਜੇ ਪਰਵਾਨ ਹੋਵੇ ਤਾ ਸਾਡੇ ਧੰਨ ਭਾਗ।

ਚੀਨੀ-ਵਾਲੇ ਦੇ ਜਨਮ-ਗੁਰ ਪੁਰਬ ਦੀ ਸਤਿਜੁਗ ਦੇ ਪਾਠਕਾਂ ਨੂੰ ਲਖ ਲਖ ਵਧਾਈ ਹੋਵੇ।

Sri Satguru Jagjit Singh Ji Elibrary NamdhariElibrary@gmail.com

ਪਿਰ ਪਰਦੇਸ ਸਿਧਾਇਓ !

ਤੁਰ ਚੱਲਿਓਂ ਸਜਣਾਂ ਪਰਦੇਸੀਂ, ਝਲਕ ਨੂਰਾਨੀ ਪਾਕੇ,
ਤੜਫਾਂਗੇ ਮੱਛੀ ਦੇ ਵਾਕਰ, ਫੜਕਾਂਗੇ ਬਿਲਲਾਕੇ।
ਜੀਓ ਹੁੰਦਿਆਂ ਜੀਵਨ ਨਾ ਹੋਸੀ, ਭੜਕੂ ਬਿਰਹੋਂ-ਅਗਨੀਂ,
ਚੀਸਾਂ ਪੈਣਗੀਆਂ ਹਰ ਅੰਗੋਂ, ਹੋਸ਼ ਨ ਰਹਿਸੀ ਅਪਨੀ।
ਨੈਣ ਨਿਰਾਸੇ ਡੁਲ੍ਹ ਡੁਲ੍ਹ ਅੰਦਰੋਂ, ਜਾਵਣਗੇ ਹੋ ਖਾਲੀ,
ਧੁਖਸਨ ਧੁਖ ਵਿਚ ਪ੍ਰਾਣ-ਪਖੇਰੂ, ਦੇਹ ਹੋਸੀ ਜਲ ਕਾਲੀ।
ਯਾਦ ਆਊ ਜਦ ਨੂਰੀ ਮੁਖੜਾ, ਰੁੱਗ ਕਲੇਜੇ ਪੈਸੀ,
ਹੋਸ਼ ਨਾ ਰਹਿਸੀ ਦਿਲ ਨੂੰ ਕਾਈ, ਸੁਰਤੀ ਤਖ ਤੋਂ ਢਹਿਸੀ।
ਨਾ ਕੁਈ ਡਾਢ ਅੰਦਰੋਂ ਆਸੀ, ਨਾ ਕੋਈ ਸਧਰ ਲਹਿਸੀ,
ਨਾ ਕੁਈ ਬੈਠ ਸੁਣੂੰ ਫਰਯਾਦਾਂ, ਨ ਕੋਈ ਦਿਲ ਦੀਆਂ ਲੈਸੀ।
ਇਹ ਦਰਸ਼ਨ ! ਹਾਇ ਸੋਣ੍ਹੇ ਦਰਸ਼ਨ, ਇੰਵ ਨਾ ਜਦ ਹੋਵਣਗੇ,
ਥੰਮ ਸਿਦਕ ਦੇ ਕੁੱਲ ਢਹਿਣਗੇ, ਡੰਵ-ਨੈਣ ਚੋਵਨਗੇ।
ਹਾਇ ! ਇਹ ਨੈਣ ਮਹਾਂ ਰਸ ਭਿੰਨੇ, ਉਫ਼ ! ਇਹ ਬੋਲ ਰਸੀਲੇ,
ਯਾਦ ਔਂਦਿਆਂ ਚੁਭ ਜਾਵਣਗੇ ਸੀਨੇ ਤੀਰ ਨੁਕੀਲੇ।
ਬੇਸ਼ਕ ਆਖੇਂ ਅੰਗ ਸੰਗ ਹੋਸਾਂ, ਜਦ ਚਾਹਸੋ ਮਿਲ ਪੈਸਾਂ,
ਪਰ ਪ੍ਰੀਤਮ ਤੁਧ ਸ਼ਰਤ ਕਠਿਨ ਨੂੰ ਪੂਰਾ ਕਿਵੇਂ ਕਰੇਸਾਂ ?
ਸਖਣੇ ਅਸੀਂ, 'ਨਾਮ' ਬਿਨ ਊਣੇ, ਸ਼ੁਕਰ ਵਿਸਾਰਣ ਵਾਲੇ,
ਮਹਾਂ ਪਤਿਤ, ਮੰਦ ਭਾਗ, ਕ੍ਰਿਤਘਣ, ਤਨ ਉਜਲੇ, ਮਨ ਕਾਲੇ।
ਬਿਨ ਦਿਵ-ਨੇਤ੍ਰ ਦਿਵ ਦਰਸ਼ਨ ਤੁਧ, ਦੱਸ ਨਾ ! ਕੀਕਰ ਹੋਸੀ ?
ਕਿਵੇਂ ਵਲਿਖੀ-ਮਜਲਾਂ ਕਟਸਨ ? ਕਿਵੇਂ ਹਨੇਰ ਪਲੋਸੀ ?
ਚੰਨਾ ! ਮੇਟ ਨਾ ਕਵੀਆਂ ਖਿੜੀਆਂ, ਭਾਣਾ ਨਾ ਵਰਤਾ ਵੇ !
ਸੇਲ੍ਹੇ ਮਾਰ ਫਿਰਾਕਾਂ ਵਾਲੇ, ਨਾ ਸੀਨੇ ਸੱਲ ਪਾ ਵੇ !
ਕਮਲੀ ਓਢ ਨਾ ਪੌ ਇਉਂ ਕਾਹਲਾ, ਖੇਢ ਨ ਲੁਕਣ ਮਚਾਈ,
ਹਾਇ ! ਅਜ਼ਮਾ ਨਾ ਸਿਦਕ ਅਸਾਡਾ, ਦੋਹਾਈ ! ਦੋਹਾਈ !!
ਨਾ ਜਾ ਵਤਨ ਪਿਆਰਾ ਛਡਕੇ, ਨਾ ਜਾ ਦੇਸ ਬਗਾਨੇ,
ਸ਼ਮਾਂਅ ਬੁਝਾਕੇ ਚੁੱਕ ਨ ਮਹਿਫਲ, ਤੋੜ ਨ ਇੰਵ ਯਰਾਨੇ।
ਆਹ ! ਇਹ ਤਾਂ ਮੰਨਦਾ ਨਹੀ ਮਿੰਨਤਾ, ਕਰਦੈ ਜ਼ੋਰਾਵਰੀਆਂ,
ਚੜ੍ਹ ਗੱਡੇ ਤੇ ਤੁਰਿ ਪਿਆ ਸਈਓ, ਰੋਂਦੀਆਂ ਛਡ ਬਾਵਰੀਆਂ।
ਰਹਿ ਗਏ ਹਥ ਅੱਡੇ ਨੇ ਖਾਲੀ, ਖ਼ੈਰ ਨਾ ਪਾਯਾ ਕਾਸੇ,
ਲਾਸ਼ੇ ਲੁਛਦੇ ਛਡ ਨੱਸਿਆ, ਜੀਸਾਂ ਕਿਸ ਭਰਵਾਸੇ।

ਅਵਤਾਰ ਸਿੰਘ "ਆਜ਼ਾਦ"

Sri Satguru Jagjit Singh Ji Elibrary NamdhariElibrary@gmail.com

ਗੁਰ ਅਰ ਗੋਵਿੰਦ ਆਨੰਦ ਕੰਦ ਦੁੰਦ ਹਰਨ,
ਕਰਣਾ ਸਕਲ ਕਾਜਨ ਚਰਨੋਂ ਮੈਂ ਸ਼ਕਤੀ ਹੈ।
ਏਕ ਸਿਰਜਨ ਹਾਰ, ਏਕ ਸਿਖਸ਼ਾ ਦੈ ਪਾਰ ਕਰਤ,
ਹਰਤ ਤ੍ਰੈਈ ਤਾਪ ਕੋ ਬਖਾਨਤ ਬੇਦ ਪਕਤੀ ਹੈ।
ਦੋਊ ਗੁਣਾ ਗਾਰ ਸੰਸਾਰ ਮੈਂ ਅਧਾਰ ਸਭ ਕੋ,
ਦਯਾਸਾਗਰ,ਭਗਤ ਵਤ੍ਸਲ ਜਾਨਤ ਸਭ ਵਜਕਤੀ ਹੈ।
ਮਨ ਬਚ ਕਾਇ ਜੋ ਜਾਇ ਸ਼ਰਨ ਸੇਵਾ ਕਰਨ,
ਗੋਬਿੰਦ ਤੇ ਅਨੰਤ ਫਲ ਦਾਇਕ ਗੁਰੂ-ਭਗਤੀ ਹੈ। ੧।

ਸ੍ਰੀ ਗੁਰੂ ਨਾਨਕ ਦੇਵ, ਅੰਗਦ,ਅਮਰ ਦਾਸ ਜੀ,
ਰਾਮਦਾਸ ਅਰਜਨ ਦੇਵ ਦਿਵ ਕਾਰਜ ਕੀਨੇ ਹੈ।
ਗੁਰੂ ਹਰਿ ਗੋਬਿੰਦ, ਹਰਿ ਕ੍ਰਿਸ਼ਨ ਹਰਿ ਰਾਏ ਜੀ,
ਸ੍ਰੀ ਤੇਗ ਬਹਾਦਰ ਦੇਸ਼ ਹਿਤ ਬਲੀ ਦੀਨੇ ਹੈ।
ਅਮ੍ਰਿਤ ਛਕਾਇ ਗੁਰੂ ਗੋਬਿੰਦ ਸਿੰਘ ਜਥਾ ਕੋਈ,
ਗੁਰੂ ਬਾਲਕ ਸਿੰਘ ਭਗਵਤ ਭਗਤੀ ਚੀਨੇ ਹੈ।
ਸੰਮਤ ਅਠਾਰਾਂ ਸੈ ਬਹੱਤ੍ਰ ਮਾਘ ਪੰਚਮੀ ਕੋ,
ਪੁਰਖ ਅਕਾਲ ਅਵਤਾਰ ਆਪ ਲੀਨੇ ਹੈ।
ਦੇਸ਼ ਪੰਚਾਲ ਮੈਂ ਬਿਹਾਲ ਨਰ ਨਾਰ ਸਬੈ,
ਸੰਕਟ ਅਨੇਕਨ ਸਹਿ ਤ੍ਰਾਹਿ ਤ੍ਰਾਹਿ ਕਰਤੇ।
ਪਿਤਾ ਸੇ ਪੁਤ੍ਰ, ਭਾਈ ਭਾਈ, ਦਾਸ ਪਾਲਕ ਸੇ,
ਝਪਟ ਝਪਟ ਝਟਕਾ ਹਲਾਲੀ ਪੈ ਲਰੇ।
ਤਜਾਗ ਸ਼ੁਧ ਪੰਥ ਕੋ ਕੁਪੰਥ ਮੈਂ ਲਿਪਟਿ ਗਇ,
ਭੂਲੇ ਭਲੀ ਗੁਰੂ ਬਾਣੀ ਧਿਆਨ ਨ ਧਰਤੇ।
ਪ੍ਰਸਪਰ ਝਗਰਤੇ ਬਹਿ ਜਾਤਿ ਕੁਮਤਿ ਸਾਗਰ ਮੇਂ,
ਆਪ ਚੀਨੀ ਵਾਲੇ ਨੇ ਉਧਾਰ ਲੀਨੇ ਕਰਤੇ।
ਸਤਿਗੁਰੂ ਰਾਮ ਸਿੰਘ ਨਿਰਭਜ ਸ੍ਰਿੰਘ ਨਾਦ ਕਰ,
ਅਦੱਭੁਤ ਉਪਦੇਸ਼ ਦੈ ਹਿੰਸਾਂ ਤੇ ਹਟਾਏ ਹੈ।
ਗਯਾਨ ਗਰਮਾਂ ਸਿਖਾਏ ਸਮਝਾਏ ਧਰਮ ਹੋਣ ਕੋ,
ਸਵੇ ਕੋ ਵਟੋਰ ਗੁਰੂ ਬਾਣੀ ਕੋ ਵਤਾਏ ਹੈ।
ਸੁਮਾਰਗ ਪਰ ਲੇ ਆਯੇ ਮਾਸ ਮਦਰਾ ਕੋ ਛੁੜਾਏ,
ਨਾਮ ਰਟ ਲਾਏ ਨਾਮਧਾਰੀ ਕਹਾਏ ਹੈ।
ਠੀਕ ਸਮਯ ਆਪਕੇ ਵਚਾਏ ਜਾਤੀ ਦੇਸ਼ ਧ੍ਰਮ,
ਭ੍ਰਮ ਕੋ ਭਗਾਇ ਪੰਥ ਖਾਲਸਾ ਬਚਾਏ ਹੈ।

Sri Satguru Jagjit Singh Ji Elibrary NamdhariElibrary@gmail.com

ਮਨ ਮੋਹਣਾ ਮਾਹੀ

ਗੀਤ

ਬਾਂਕੇ ਨੈਣਾਂ ਵਾਲਾ ਆਇਆ,
ਖੇੜੇ, ਖੁਸ਼ੀਆਂ, ਨਾਲ ਲਿਆਇਆ,
ਜੀਵਿਆ ਜਿਸਨੇ ਦਰਸ਼ਨ ਪਾਇਆ,
ਸੋਹਣਿਆਂ ਦਾ ਸਰਦਾਰ !

* * *

ਹੱਸ ਹੱਸ ਬੋਲੇ, ਪਯਾਰ ਜਗਾਵੇ,
ਝਾਤੀ ਪਾਵੇ, ਲੁੱਟ ਲੈ ਜਾਵੇ,
ਪ੍ਰੇਮ ਦੇ ਪੀਚੇ ਪੇਚੇ ਪਾਵੇ,
ਮਨ ਮੋਹਣੀ ਨੋਹਾਰ !

* * *

ਰੂਹ ਦੇ ਸਾਜ਼ ਵਜਾਵੇ ਲੁਕ ਲੁਕ,
ਦਿਲ ਦੀ ਤਾਰ ਹਿਲਾਵੇ ਲੁਕ ਲੁਕ,
ਅਪਣਾ ਹੁਸਨ ਵਿਖਾਵੇ ਲੁਕ ਲੁਕ,
ਕਰਮ ਕਮਾਵਣ ਹਾਰ !

* * *

ਆਖਣ ਇਸ ਨੂੰ ਚੀਨੀ–ਵਾਲਾ,
ਮਸਤਾਂ ਵਾਲਾ ਹੈਸੂ ਚਾਲਾ,
ਜਿਧਰ ਵੇਖੇ 'ਕਰੇ' ਉਜਾਲਾ,
ਨੂਰ ਦਾ ਹੈ 'ਅਵਤਾਰ' !

* * *

ਕੌਤਕ ਇਸ ਦੇ ਇੰਨ ਨ੍ਰਾਲੇ,
ਸੁੱਤੀ ਕਿਸਮਤ ਹੁਣ ਉਠਾਲੇ,
ਦਰਸ਼ਨ ਮੰਗੋ, ਕਹਿੰਦਾ: ਹਾਲੇ,
ਵਸਿਆ ਸਾਗਰੋਂ ਪਾਰ !

* * *

'ਆਜ਼ਾਦ'

Sri Satguru Jagjit Singh Ji Elibrary NamdhariElibrary@gmail.com

ਸਤਿਗੁਰੂ ਜਗਜੀਤ ਸਿੰਘ ਪੁਸਤਕਾਲਾ
ਪੁਸਤਕ ਨੰ.:.....
ਤਿਮਾਹੀ .....
ਸ੍ਰੀ ਭੈਣੀ ਸਾਹਿਬ

ਅਪੂਰਵ—ਬਲੀ ਦਾਨ

(ਚੀਫ ਐਡੀਟਰ ਦੀ ਕਲਮ ਤੋਂ)

ਸ੍ਰੀ ਭੈਣੀ ਸਾਹਿਬ ਵਿਚਕਾਰ ਇਕ ਵਡਾ ਸਾਰਾ ਮੰਦ੍ ਏ,ਜਿਸ ਅੰਦਰ ੨੫ ਦਰਬਾਰਸਾਹਬ ਪ੍ਰਕਾਸੇ ਹੋਏ ਹਨ। ਇਸ ਮੰਦ੍ ਦੇ ਇਕ ਪਾਸੇ ਸ੍ਰੀਮਾਨ ਬਾਬਾ ਸਾਹਬਸਿੰਘ ਜੀ ਸੂਬਾ ਆਪਣੇ ਭ੍ਰਾਤਾ ਬਾਬਾ ਹੀਰਾਸਿੰਘ ਜੀ ਨਾਲ, ਜੋ ਹੁਣੇ ਹੀ ਆਪਣੇ ਨਗਰ ਬ੍ਰਮਾਲੀ ਪੁਰ ਜਿਲਾ ਅੰਮ੍ਰਤਸਰ ਤੋਂ ਆਏ ਹਨ, ਬੈਠੇ ਬਚਨ ਬਲਾਸ ਕਰ ਰਹੇ ਹਨ—

"ਸੁਣਾਓ ਭਾਈ ਹੀਰਾਸਿੰਘ ਜੀ, ਕਿਸਤ੍ਰਾਂ ਔਣੇ ਹੋਏ ਕੀ ਕੋਈ ਖਾਸ ਕੰਮ ਤੇ ਨਹੀ ਨ ?"

"ਸੰਤ ਜੀ ਮਹਾਰਾਜ ਕੀ ਦਸਾਂ, ਆਪ ਤਾਂ ਘਰ ਬਾਰ ਦਾ ਮੋਹ ਛਡ ਸਾਧ੍ ਹੋ ਗਏ ਹੋ, ਮੇਰੀ ਜਿੰਦੜੀ ਦੁਖਾਂ ਵਿਚ ਫਸਾ ਆਏ ਹੋ। ਮੈ ਕੱਲਾ ਕੀ ਕਰਾਂ ! ਕੀ ਨ ਕਰਾਂ !! ਵੜਾ ਹੈਰਾਨ ਹਾਂ। ਬੜਾ ਪ੍ਰੇਸ਼ਾਨ ਹਾਂ।"

"ਅਜੇਹਾ ਕੀ ਦੁਖ ਆ ਵਾਪਰਿਆ ਏ, ਜਿਸ ਕਰਕੇ ਏਡੇ ਅਧੀਰਜ ਹੋ ਰਹੇ ਹੋ, ਕੁਝ ਦਸੋ ਤਾਂ ਸਹੀ। ਘਰ ਤੇ ਸਭ ਸੁਖ ਹੈ ਨਾ ?।"

"ਸ੍ਰੀਰਕ ਦੁਖਾਂ ਦੀ ਮੈ ਕੋਈ ਖਾਸ ਪ੍ਰਵਾਹ ਨਹੀ ਕਰਦਾ, ਪਰ ਕਈ ਵਾਰ ਅਜੇਹੇ ਆਤਿਮਿਕ ਦੁਖ ਆ ਵਾਪਰਦੇ ਹਨ, ਜਿੰਨ੍ਹਾ ਦੀ ਨਵਿਰਤੀ ਬਿਨਾ ਸਤਿਗੁਰੂ ਅਤੇ ਸਾਧ ਸੰਗਤ ਤੋਂ ਨਹੀ ਹੋ ਸਕਦੀ"

"ਫਿਰ ਕੀ ਭਜਨ ਵਿਚ ਬਿਰਤੀ ਨਹੀਂ ਲਗਦੀ ? ਜਾਂ ਮਨ ਨਿਰ ਵਿਕਲਪ ਹੋਕੇ ਇਕਾਗਰ ਨਹੀ ਹੁੰਦਾ ? ਜਾਂ ਸੁਰਤ ਸਬਦ ਨਾਲ ਜੁੜਦੀ ਨਹੀ ?"

"ਸੰਤ ਜੀ ਜਿਸਨੇ ਸਤਿਗੁਰਾਂ ਤੋਂ ਭਜਨ ਪੁਛਿਆ ਹੋਵੇ, ਜੇਹੜਾ ਇਸ ਚੀਨੀ ਵਾਲੇ ਪਾਤਸ਼ਾਹ ਦੀ ਸ਼ਰਨ ਆਇਆ ਹੋਵੇ, ਉਸ ਨੂੰ ਭਜਨ ਨਾ ਫੁਰੇ ! ਉਸਦੀ ਚਿਤ ਇਤਣੀ ਇਕਾਗਰ ਨ ਹੋਵੇ !! ਏਹ ਅਸੰਭਵ ਏ, ਸ੍ਰੀ ਗੁਰੂ ਜੀ ਤਾਂ ਜੇ ਪਥਰ ਤੇ ਨਾਮ ਸੁਣਣ ਤਾਂ ਓਥੇ ਵੀ ਉਗੇ ਬਿਨਾਂ ਨਹੀ ਰਹਿ ਸਕਦਾ, ਫਿਰ ਮਨੁਖ ਦੀ ਤਾਂ ਭਲਾ ਗਲ ਹੀ ਕੀਏ, ਜਿਸਨੂੰ ਏਸ ਆਜਾਨੁ ਬਾਹ, ਇਸ ਸ਼ਾਹਾਨ ਸ਼ਾਹ ਨ ਆਪਣੀ ਰਸਨਾ ਥੀਂ ਭਜਨ ਸੁਣਾਦਿਤਾ ਏ। ਫਿਰ ਓਸਦਾ ਮਨ ਕਿਸੇ ਹੋਰਸ ਪਾਸੇ ਜਾ ਸਕਦਾ ਏ ! ਫਿਰ ਓਸ ਦੀ ਚਿਤ ਬਿਰਤੀ ਵਿਚ ਕੋਈ ਖਲਲ ਪੈਦਾ ਹੋ ਸਕਦਾ ਏ ?"

"ਆਖਿਰ ਏਹਨਾ ਬੁਝਾਰਤਾਂ ਦਾ ਕੁਝ ਪਤਾ ਵੀ ਲਗੇ ? ਆਪ ਜੀ ਦੇ ਔਣ ਦਾ ਕੁਝ ਕਾਰਨ ਤਾਂ ਜਾਪੇ ?"

"ਇਕ ਗਲ ਪੁਛਾਂ ? ਦਸੋਂਗੇ ਨਾ !"

"ਦਸਾਂਗਾ ਕਿਉਂ ਨਹੀ, ਪੁਛੋ ਕੀ ਪੁਛਦੇ ਹੋ"

"ਤੁਸੀਂ ਤੇ ਸ੍ਰੀ ਮਾਨ ਬਾਬਾ ਕਾਨ੍ਹਸਿੰਘ ਜੀ ਨਿਹੰਗ, ਗਰਮੀਆਂ ਵਿਚ ਮਝਾਂ ਕਿਥੇ ਲੈਕੇ ਗਏ ਸੋ ?"

"ਵਾਹ ਭਈ ਵਾਹ, ਬੜੀ ਗਲ ਪੁਛੀ ਨੇ, ਮਝਾਂ ਵੇਚਣ ਗਏ ਸਾਂ ਕਿ, ਸਚੇ ਪਾਤਸ਼ਾਹ

Sri Satguru Jagjit Singh Ji Elibrary NamdhariElibrary@gmail.com

ਨੇ ਭੇਜਿਆ ਸੀ।"

"ਸਚੇ ਪਾਤਸ਼ਾਹ ਨੇ ਭੇਜਿਆ ਸੀ ! ਕਿਉਂ ? ਸਤਿਗੁਰ ਜੀ ਏਹ ਵਾਪਾਰ ਕਦੋਂ ਕੂ ਦਾ ਆਰੰਭ ਕੀਤਾ ਨੇ ? "

"ਅਸਲ ਵਿਚ ਅਸੀਂ, ਮੱਝਾਂ ਵਾਪਾਰ ਵਾਸਤੇ ਨਹੀ ਸਾਂ ਲਰ.ਏ, ਮਹਾਰਾਜਾ ਨੈਪਾਲ ਨੂੰ ਤੋਹਫਾ ਦੇਣ ਵਾਸਤੇ ਗਏ ਸਾਂ, ਜਿਸਨੂੰ ਮਹਾਰਾਣਾ ਨੈਪਾਲ ਨੇ ਏੜਾ ਪਸੰਦ ਕੀਤਾ, ਮੱਝਾਂ ਚੰਗਾ ਮੁਲ ਪਾ ਗਈਆਂ।"

"ਹਾਂ, ਮੈ ਸਮਝ ਗਿਆ, ਨੈਪਾਲ ਮਝਾਂ ਦੇ ਵਾਪਾਰੀ ਏਣ ਕੇ ਗਏ ਸੋ।"

"ਏਣਕੇ ਨਹੀ ਸਾਂ ਗਏ, ਸਚਮੁਚ ਦੇ ਹੀ ਵਾਪਾਰੀ ਸਾਂ ਕਿ, ਮੱਝਾਂ ਮੁਲ ਤਾਂ ਚੰਗਾ ਪਾ ਜਾਦੀਆਂ, ਪਰ.....!"

"ਹਾਂ ! ਹਾਂ !! ਰੁਕ ਕਿਉਂ ਗਏ ਦਸੋ, ਸੋਚ ਸਮਝ ਕੇ ਦਸੋ, ਕਦੀ ਮਝਾਂ ਵੇਚਣ ਵਾਸਤੇ ਗਏ ਸਾਂ, ਕਦੀ ਵਾਪਾਰ ਵਾਸਤੇ ਨਹੀ ਸਾਂ ਲਗਏ, ਕਹਿ ਦਿਓ ਨਾ ਏਹ ਤੇ ਸਿਰਫ ਬਹਾਨਾ ਸੀ ਦਰ ਅਸਲ ਅਸੀਂ ਨੈਪਾਲ ਸ੍ਰਕਾਰ ਨੂੰ ਮਿਲਣ ਗਏ ਸਾਂ।"

"ਵੇਚਣ ਗਏ ਹੀ ਸਮਝੋ, ਮਝਾਂ ਦੇ ਇਵ-ਜਾਨੇ ਵਿਚ, ਸ੍ਰੀ ਮਹਾਰਾਣਾਂ ਨੈਪਾਲ ਨੇ ਆਪਨੀ ਖਾਸ ਅਸਵਾਰੀ ਦਾ ਗੂਟ ਘੋੜਾ ਦਿਤਾ, ਚਲੋ ਤੁਹਾਨੂੰ ਵਿਖਾਵਾਂ ਜੋ ਤਬੇਲੇ ਦੀ ਸ਼ਾਨ ਨੂੰ ਵਧਾ ਰਿਹਾ ਏ।"

"ਭਲਾ ਜੀ, ਚੀਨੀ, ਸੁਰਖੀ, ਚੰਬੀ, ਚੰਬਾ, ਅਤੇ ਕਮੈਤ ਤੇ ਕੋਈ ਵੀ ਚੀਜ ਨਾ ਨਾ ਹੋਏ, ਜੇ ਏਹ ਗੂਟ ਨਾ ਹੁੰਦਾ ਤਾਂ ਬਸ ਤਏਲਾ ਤਾਂ ਬੇ ਸ਼ਾਨਾਂ ਹੀ ਸੀ, ਗਏ ਸੋ ਵਾਪਾਰ ਕਰਨ ਅਤੇ ਵਟਾ ਲਿਆਏ ਗੂਟ ਟਟੂ, ਇਸ ਦਾਲ ਵਿਚ ਕੁਝ ਕਾਲਾ ਕਾਲਾ ਜਰੂਰ ਏ। ਵਾਪਾਰ ਕਰਨ ਗਏ ਸੀ ਤਾਂ ਮਝੀਂ ਦਾ ਮੁਲ ਕਿਉਂ ਨਾ ਆਂਦਾ, ਦਸੋ ਨਗਦੀ ਕੀ ਆਂਦਾ ਜੇ?"

"ਨਗਦੀ ਲਿਆਵਣ ਦਾ ਸਚੇ ਪਾਤਸ਼ਾਹ ਦਾ ਹੁਕਮ ਨਹੀ ਸੀ"

"ਏਹ ਹੁਕਮ ਸੀ ਕਿ ਮਝਾਂ ਬਦਲੇ ਗਿਠ ਮੁਠੀਆ ਟਟੂ ਵਟਾ ਲਿਆਇਓ"

"ਨਹੀ ਹੁਕਮ ਤੇ ਏਹ ਵੀ ਨਹੀ ਸੀ, ਪਰ ਨੈਪਾਲ ਸ੍ਰਕਾਰ ਮੰਨੇ ਹੀ ਨਾਂ ਆਖਣ ਲਗੇ ਕਿ ਅਜ਼ਾਦੀ ਦੇ ਜਨਮ ਦਾਤਾ, ਗੋ ਗ੍ਰੀਬ, ਹਿੰਦੂ ਧਰਮ ਰਖਕ ਲਈ ਅਸਾਂ ਕੁਝ ਨਾ ਕੁਝ ਭੇਟ ਜਰੂਰੀ ਹੀ ਦੇਣੀਏਂ"

"ਭੇਟ, ਡਾਢੀ ਸੋਹਣੀ ਦਿਤੀ, ਹਦ ਕਰ ਛਡੀ ਨੇ।"

"ਤੁਸੀਂ ਤੇ ਐਵੇਂ ਹੀ ਗਲ ਉਡਾ ਦਿੰਦੇ ਜੇ, ਪਹਿਲਾਂ ਸੁਣ ਤੇ ਲਓ, ਇਸਤੋਂ ਬਿਨਾਂ ਦੋ ਜੜਾਉ ਮੁਠ ਵਾਲੀਆਂ ਸੁਨਹਿਰੀ ਖੋਖਰੀਆਂ। ਸੋਨੇ ਵਿਚ ਮੜ੍ਹੇ ਹੋਏ ਕਸਤੂਰੀ ਦੇ ਇਕ ਸੌ ਅਠ ਨਾਪਿਆਂ ਦੀ ਬੇਸ਼ ਕੀਮਤ ਮਾਲਾ, ਕਈ ਥਾਨ ਸੁੰਦ ਵਡਮੁਲੀ ਬਨਾਤ ਦ ਕਪੜੇ ਦੇ"

"ਵਾਹ, ਭਈ ਵਾਹ ! ਵਾਪਾਰੀ ਤੇ ਬੜ ਚਾਲਾਕ ਨਿਕਲੇ"

"ਸਾਡੀ ਚਾਲਾਕੀ ਦੀ ਏਹ ਕੋਈ ਗਲ ਨਹੀ, ਏਹ ਤੇ ਸਚੇ ਪਾਤਸ਼ਾਹ ਦੀ ਆਪਣੀ ਕਾਰ ਏ, ਓਹ ਜਿਸਤੋਂ ਚਾਹੁਣ ਲੈ ਸਕਦੇ ਹਨ"

ਇਸਤਰਾਂ ਪਤਾ ਨਹੀ ਏਹਨਾਂ ਅਜੇ ਕਿਨਾਂ ਚਿਰ ਬਚਨ ਕਰਨੇ ਸਨ, ਅਚਾਨਕ ਸ੍ਰੀ ਸਤਿਗੁਰ ਰਾਮ ਸਿੰਘ ਜੀ ਏਧਰ ਆ ਨਿਕਲੇ ਅਤੇ ਪਿਛਲੇ ਪਾਸਿਓਂ ਬਾਬਾ ਸਾਹਬ ਸਿੰਘ ਜੀ ਦੇ ਮੋਢੇ ਤ ਹਥ ਰਖਕੇ ਆਖਣ ਲਗੇ

Sri Satguru Jagjit Singh Ji Elibrary NamdhariElibrary@gmail.com

ਕਿ–"ਸੁਣਾਓ ਨਿਰਬਾਣ ਸਿਘ ਜੀ† ਭਾਈ ਹੀਰਾ ਸਿੰਘ ਜੀ ਨਾਲ ਕੀ ਗਲਾਂ ਬਾਤਾਂ ਹੋ ਰਹੀਆਂ ਹਨ, ਘਰਤੇ ਸਭ ਸੁਖ ਹੈ ਨਾਂ ?"

ਸਾਹਬਾਂ ਦ ਇਸਤਰਾਂ ਅਛੋਪਲੇ ਜੇਹੇ ਆ ਜਾਣ ਤੇ ਦੋਏ ਇਕ ਉਠੇ ਅਤ ਸਚ ਪਾਤਸ਼ਾਹ ਜੀ ਦ ਚਰਨਾਂ ਤੇ ਡਿਗ ਪਏ।

"ਦੁਖ ਸੁਖ ਨਾਲ ਅਸਾਂ ਸੰਸਾਰ ਤਿਆਗੀਆਂ ਨੂੰ ਕੀ, ਅਸੀਂ ਤੇ ਕੁਝ ਹੋਰ ਹੋਰ ਗਲਾਂ ਹੀ ਪਏ ਕਰਦ ਸਾਂ, ਅਜੇ ਇਹਨਾਂ ਤੇ ਆਪਣੇ ਆਣ ਸਬੰਧੀ ਕੁਝ ਦਸਿਆ ਹੀ ਨਹੀ।" ਬਾਬਾ ਸਾਹਿਬਸਿਘ ਜੀ ਕਿਹਾ।

"ਦਸੋ ਭਾਈ ਹੀਰਾਸਿੰਘ ਜੀ, ਕਿਵੇਂ ਦੁਸ਼ਨ ਦਿਤੇ ਜੇ ? ਸਗੋਂ ਨਿਰਬਾਣਸਿੰਘ ਹੋਰਾਂ ਨੂੰ ਪਿੰਡ ਤੇ ਨਹੀ ਨਾਂ ਲਜਾਣਾਂ ?"

"ਗ਼ਰੀਬ ਨਿਵਾਜ, ਸਾਡ ਅਜੇਹੇ ਭਾਗ ਕਿਥੋਂ ਜੋ ਇਹ ਮਹਾਂ ਪੁਰਸ਼ ਆਪਣੇ ਪਵਿਤ੍ਰ ਚਰਨ ਪਾਕੇ ਘਰ ਨੂੰ ਪਵਿਤ੍ਰ ਕਰਨ। ਘਰ ਵੀ ਏਹਨਾ ਦਾ ਏ ਤੇ ਮੈ ਵੀ ਏਹਨਾਂ ਦਾ ਹੀ ਹਾਂ। ਕੁਝ ਦਿਨ ਹੋਏ, ਮੇਰੇ ਨਾਲ ਇਕ ਡਾਢੀ ਹੈਰਾਨੀ ਵਾਲੀ ਕਾਰ ਵਰਤੀ ਏ, ਮੈ ਉਹੋ ਸੁਣਾਨ ਲਈ ਹਾਜਰ ਹੋਇਆ ਹਾਂ। ਜਿਸਦੀ ਯਾਦ ਨਾਲ ਹੀ ਮੇਰੇ ਲੂੰ ਕੰਡੇ ਹੋ ਜਾਂਦੇ ਹਨ" (ਗਲਾ ਭਰ ਜ ਦਾ ਏ ਅਤੇ ਅਖੀਆਂ ਵਿਚ ਅਥਰੂ ਆ ਜਾਂਦੇ ਹਨ)

"ਹੈਂ ! ਹੈਂ !! ਸਿੰਘ ਹੋਕੇ ਅੰਮ੍ਰਿਤ ਪਾਨ ਕਰਕੇ, ਇੰਵ ਰੋਣਾਂ ਸੂਰਮਿਆਂ ਦਾ ਕੰਮ ਨਹੀ, ਮਰਦ ਦਾ ਕੰਮ ਹਰ ਔਣ ਵਾਲੀ ਵਿਪਤਾ ਦਾ ਵੀਰਤਾ ਨ ਲ ਟਾਕਰਾ ਕਰਨਾਂ ਹੈ।"

"ਮੈਂ ਕੀ ਕਰਾਂ, ਮੈਨੂੰ ਆਪਣੀ ਚਿੰਤਾ ਨਹੀ, ਪ੍ਰਵਾਰ ਦਾ ਕਲੇਸ਼ ਨਹੀ, ਘਰ ਦਾ ਫਿਕਰ ਨਹੀ, ਪਤ ਮੈਂ ਆਪਣੇ ਪਯਾਰੇ ਪੰਥ ਨੂੰ ਦੁਖੀ ਅਤ ਆਪਣੇ ਹਲਤ ਪਲਤ ਦੇ ਵਾਲੀ ਦੀ ਵਿਪਤਾ ਨਹੀ ਵੇਖ ਸਕਦਾ"

"ਹੀਰਾਸਿੰਘਾ, ਪੰਥ ਦਾ ਫਿਕਰ ਨਾਂ ਕਰ ਇਸਦੀਆਂ ਜੜ੍ਹਾਂ ਗੁਰੂ ਜੀ ਨੇ ਪਾਤਾਲ ਵਿਚ ਲਾਈਆਂ ਹਨ, ਜਿਨਾਂ ਨੂੰ ਕੋਈ ਸ਼ਕਤੀ ਵੀ ਨਹੀ ਹਲਾ ਸਕਦੀ। ਰਹੀ ਗਲ ਇਸ ਮੜ੍ਹ ਦੀ ਜਿਨਾਂ ਚਿਤ ਧਰਮ ਨਹੀ ਟੁਰਦਾ ਓਨਾਂ ਚਿਰ ਇਸਦਾ ਕੋਈ ਵਾਲ ਵੀ ਵਿੰਗਾ ਨਹੀ ਕਰ ਸਕਦਾ। ਓਨਾਂ ਚਿਤ ਏਹ ਅਲੋਪ ਨਹੀ ਹੋ ਸਕਦਾ।"

"ਏਹ ਠੀਕ ਹੈ, ਪਾਤਸ਼ਾਹਾ, ਪਰ ਮੇਰੀਆਂ ਦੁਨਿਆਵੀ ਅਖੀਆਂ ਨ ਜੇਹੋ ਜੇਹਾ ਦ੍ਰਿਸ਼ਨ ਡਿਠਾ ਏ, ਓਹ ਹਜਾਰ ਜਤਨ ਕਰਨ ਤੇ ਵੀ ਭੁਲਾਯਾ ਨਹੀ ਜਾ ਸਕਦਾ। ਮੇਰੀ ਛਾਤੀ ਫਟ ਰਹੀਏ। ਕਲੇਜਾ ਟੁਕੜ ਟੁਕੜੇ ਪਿਆ ਹੁੰਦਾ ਏ। ਨਾਥ ! ਬਚਾਓ ਆਪਣੇ ਕਿਸੇ ਪਯਾਰੇ ਦੇ ਸਦਕੇ ਆਪਣੇ ਪੰਥ ਨੂੰ ਬਚਾਓ"

"ਅਕਾਲ ਦੀ ਰਜਾ ਮੇਟੀ ਨਹੀ ਜਾ ਸਕਦੀ, ਫਿਕਰ ਨਾਂ ਕਰ, ਹੋਵੇਗਾ ਓਹੀ ਜੋ ਵਿਧਾਤਾ ਨੂੰ ਪ੍ਰਵਾਨ ਹੈ। ਕੁਝ ਦਸ ਤਾਂ ਸਹੀ ਕਿ ਤੂੰ ਡਿਠਾ ਕੀ ਏ ?"

"ਮੈ ਜੋ ਕੁਝ ਡਿਠਾ ਏ ਓਹ ਡਾਢਾ ਭਿਆਨਕ ਏ। ਇਕ ਦਿਨ ਮੈ ਸਮਾਧੀ ਲਾਈ ਨਾਮ ਅਭਿਆਸ ਕਰ ਰਿਹਾ ਸਾਂ। ਮਨ ਆਪ ਜੀ ਦੇ ਧਯਾਨ ਵਿਚ ਮਗਨ ਸੀ। ਸੁਰਤ ਆਪ ਜੀ ਦ ਚਰਨਾ ਵਿਚ ਲੀਨ ਸੀ। ਅਚਾਨਕ ਇਕ ਕੜੱਕ ਜੇਹੀ ਦੀ ਅਵਾਜ ਆਈ, ਮੈ ਬੇਸੁਧ ਜਹਾ ਹੋਕੇ ਕਿਸੇ ਹੋਰਸ ਦੁਨੀਆਂ ਵਿਚ ਹੀ ਪੁਜ ਗਿਆ। ਇਸ ਦੁਨੀਆਂ

†ਬਾਬਾ ਸਾਹਬ ਸਿੰਘ ਜੀ ਪਹਿਲਾਂ ਉਦਾਸੀ ਸਾਧੂ ਹੁੰਦੇ ਸਨ। ਆਪ ਪ੍ਰਸਿਧ ਅੰਮ੍ਰਿਤਸਰੀ ਸੇਤ ਬ੍ਰਹਮ ਬੂਟਾ ਜੀ ਦੇ ਵਡੇ ਭਲੇ ਸਨ, ਜਮਾਤ ਵੱਰਿਆ ਕਰਦੇ, ਆਪ ਸਤਿਜੁਗਾਂ ਦਾ ਜਸ ਸੁਣਕੇ ਚੌਕਿਆਂ ਸਮੇਤ ਸਿੰਘ ਸਜੇ। ਗੁਰੂ ਜੀ ਆਪ ਨੂੰ ਨਿਰਬਾਣ ਸਿੰਘ ਜੀ ਕਹਿਕੇ ਬੁਲਾਯਾ ਕਰਦੇ ਸਨ।

Sri Satguru Jagjit Singh Ji Elibrary NamdhariElibrary@gmail.com

ਦੀਆਂ ਹੋਣ ਵਾਲੀਆਂ ਗਲਾਂ ਮੇਰੀਆਂ ਅਖੀਆਂ ਅਗੇ ਤਸਵੀਰਾਂ ਵਾਂਗ ਫਿਰਨ ਲਗ ਪਈਆਂ। ਮੈ ਕੀ ਵੇਖਦਾ ਹਾਂ ਕਿ ਤੇਰੇ ਕਈ ਲਾਡਲੇ ਫਾਸੀਆਂ ਤੇ ਚੜ੍ਹ ਰਹੇ ਹਨ। ਕਈ ਤੋਪਾਂ ਅੱਗੇ ਰੂੰ ਵਾਂਗ ਪਿੰਜੇ ਜਾਂਦੇ ਹੋਏ ਉਡ ਰਹੇ ਹਨ ਕਈਆਂ ਨੂੰ ਪਿੰਜਰੇ ਵਿਚ ਬੰਦ ਕੀਤਾ ਹੋਇਆ ਏ। ਮੇਰੇ ਦੇਵਤਾ ਸਰੂਪ, ਭਾਈ ਸਾਹਬਸਿੰਘ ਜੀ ਦੇ ਹਥਕੜੀ ਲਗੀ ਹੋਈਏ। ਚਾਰ ਗੋਰੇ ਨੰਗੀਆਂ ਤਲਵਾਰਾਂ ਲਈ ਓਹਨਾ ਦ ਅਗੇ ਹਨ ਅਤੇ ਚਾਰ ਪਿਛੇ। ਇਸੇ ਤਰਾਂ ਹੋਰ ਸੂਬਿਆਂ ਦਾ ਵੀ ਹਾਲ ਏ। ਜੇ ਏਹ ਨਜ਼ਾਰਾ ਏਥੇ ਹੀ ਬਸ ਹੋ ਜਾਦਾਂ ਤਾਂ ਕੋਈ ਏਡੀ ਚਿੰਤਾ ਨਹੀ ਸੀ। ਫਿਰ ਆਪਨੂੰ ਵੀ ਗੋਰੇ ਲੈ ਜਾਂਦੇ ਹਨ। ਸੰਗਤ ਦਰਸ਼ਨ ਲਈ ਵਿਆਕੁਲ ਹੈ। ਕੁਝ ਪਤਾ ਨਹੀ ਲਗਦਾ ਕਿ ਆਪ ਕਿਥੇ ਹੋ। ਪਿਛੋਂ ਭੈਣੀ ਸਾਹਬ ਨੂੰ ਲੁਟ ਲੁਟਾਕੇ ਪਾਣੀ ਹਾਂਡੇ ਤੀਕ ਮਿਟੀ ਪੁਟੀ ਜਾਂਦੀ ਏ। ਹਜੂਰ ਦੇ ਭਜਨ ਕਰਨ ਵਾਲੇ ਮੰਦਰ ਅੰਦਰ ਮਲੇਛ ਹੁਕਾ ਪਏ ਪੀ ਰਹੇ ਹਨ। ਪਿੰਡ ਪਿੰਡ ਸਿੰਘਾਂ ਦੀ ਨਿਗਰਾਨੀ ਲਈ ਪੁਲੀਸ ਬੈਠੀ ਏ। ਗੁਰਦੁਆਰੇ ਦੇ ਦਰਸ਼ਨ ਨਹੀ ਕੀਤੇ ਜਾ ਸਕਦੇ। ਸਿੰਘ ਕਠੇ ਹੋਕੇ ਭੇਗ ਨਹੀ ਪਾ ਸਕਦੇ। ਇਕ ਦਿਨ ਡਾਢੇ ਕਸਟਾਂ ਤੇ ਦੁਖਾਂ ਪਿਛੋਂ ਆਪ ਆ ਜਾਂਦੇ ਹੋ। ਸੰਗਤ ਨਾਲ ਬੇਅੰਤ ਹੈ। ਦਰਸ਼ਨ ਛਤ ਦੇ ਹੀ ਹੁੰਦੇ ਹਨ। ਮੈ ਜੋ ਕੁਝ ਡਿਠਾ ਏ ਓਹ ਦਸਣ ਵਿਚ ਨਹੀ ਆ ਸਕਦਾ। ਡਾਢਾ ਭਿਆਨਕ ਹੈ। ਅਤੀ ਦਰਦਨਾਕ ਹੈ।"

"ਹੀਰਾਸਿੰਘ ਜੀ, ਏਹਨਾ ਗਲਾਂ ਦਾ ਕੀ ਪਏ ਫਿਕਰ ਕਰਦੇ ਹੋ। ਏਹ ਤੇ ਮਮੂਲੀ ਗਲਾਂ ਹਨ। ਜਿੰਨਾ ਚਿਰ ਏਹ ਕਾਰ ਨਹੀ ਵਰਤਦੀ ਉਤਨਾ ਚਿਰ ਧਰਮ ਨਹੀ ਟੁਰਦਾ ਉਤਨਾ ਚਿਰ ਪਾਪ ਰਾਜ ਦਾ ਨਾਸ ਨਹੀ ਹੁੰਦਾ। ਓਨਾ ਚਿਰ ਭਾਰਤ ਗੁਲਾਮੀ ਦੇ ਬੰਧਨਾ ਤੋਂ ਆਜ਼ਾਦ ਨਹੀਹੋ ਸਕਦਾ। ਫਿਕਰ ਨਾ ਕਰੋ ਕਰਤਾਰ ਦੇ ਰੰਗ ਤਕੋ। ਜੋ ਕੁਝ ਹੋਵੇਗਾ ਚੰਗਾ ਹੀ ਹੋਵੇਗਾ ਏਹ ਕਹਿਕੇ ਮੰਦ ਮੰਦ ਮੁਸ਼ਕ੍ਰਾਂਦੇ ਹੋਏ, ਸਤਿਗੁਰੂ ਸਚੇ ਪਾਤਸ਼ਾਹ ਜੀ, ਬਾਬੇ ਸਾਹਬਸਿੰਘ ਹੋਰਾਂ ਨੂੰ ਸੰਬੋਧਨ ਕਰਕੇ ਆਖਣ ਲਗੇ ਕਿ— ਨਿਰਬਾਣ ਸਿੰਘ ਜੀ ਸੰਗਤਾਂ ਨੂੰ ਹੁਣੇ ਹੀ ਚਿਠੀਆਂ ਲਿਖ ਭੇਜੋ ਕਿ ਐਤਕਾਂ ਮਾਘੀ ਦਾ ਮੇਲਾ ਸ੍ਰੀ ਭੈਣੀ ਸਾਹਿਬ ਹੀ ਹੋਵੇਗਾ, ਸਭ ਸੰਗਤ, ਮਾਈ, ਭਾਈ, ਬੁਢਾ, ਬਾਲਾ, ਦਰਸ਼ਨ ਨੂੰ ਜਰੂਰ ਆਵੇ।"

"ਸਤਿ ਬਚਨ, ਦੀਨਾ ਨਾਥ"

੨.

ਸੰਮਤ ੧੯੨੮ ਬਿ: ਦੀਆਂ ਗਲਾਂ ਹਨ। ਸਿਆਲੇ ਦੇ ਦਿਨ ਹਨ। ਪੋਹ ਬੀਤ ਚੁਕਾ ਏ। ਸਰਦੀ ਜੋਰਾਂ ਤੇ ਹੈ। ਪਛੋਂ ਦੀ ਠੰਢੀ ਪੌਣ ਰੁਮਕਦੀ ਹੋਈ ਤ੍ਰਿਖੀ ਛੁਰੀ ਵਾਂਗ ਵਿਚੋਂ ਦੀ ਨਿਕਲਦੀ ਜਾ ਰਹੀਏ। ਹਡ ਕੜਕਵਾਂ ਪਾਲਾ ਏ। ਅਗਲੇ ਅੰਦਰਾਂ ਵਿਚ ਸੁਤੇ ਹੋਏ ਦੁਨੀਆਂ ਦੇ ਬੰਦੇ ਲੇਡਾਂ ਵਿਚੋਂ ਹਥ ਬਾਹਰ ਕਢਣਾਂ ਵੀ ਪਸੰਦ ਨਹੀ ਕਰਦੇ। ਭਾਵੇਂ ਅਜੇ ਰਾਤ ਦੇ ਦੋ ਹੀ ਵਜੇ ਹਨ, ਪਰ ਭੈਣੀ ਸਾਹਿਬ ਵਿਚ ਇਸ ਵੇਲੇ ਵੀ ਹਜਾਰਾਂ ਪ੍ਰੀਤਮ ਦੇ ਚਰਨ ਪ੍ਰਸਨ ਆਏ ਪ੍ਰੇਮੀ ਬਿਸਤਰਿਆਂ ਵਿਚੋਂ ਉਠ ਬੈਠੇ ਹਨ। ਜਿੰਨ੍ਹਾ ਦੇ ਦਿਲ ਪਜਾਰੇ ਦੀ ਯਾਦ ਵਿਚ ਮਗਨ ਹਨ। ਜਿਨਾਂ ਨੂੰ ਨੀਦ੍ ਨਾਲ ਪਯਾਰ ਨਹੀ। ਜਿਨ੍ਹਾ ਦੀ ਆਲਸ ਨਾਲ ਆਸ਼ਕੀ ਨਹੀ। ਜਿਨਾਂ ਦੀ ਦੁਨੀਆਵੀ ਭੋਗਾਂ ਨਾਲ ਪ੍ਰੀਤੀ ਨਹੀ, ਓਹ ਕਈ ਪ੍ਰੇਮੀ ਹਥਾਂ ਵਿਚ ਗਡਵੇ ਡੋਰੀਆਂ ਫੜੀ ਖੂੰਹਾਂ ਤੇ ਖਲੋਤੇ ਅਵਾਜਾ ਦੇ ਰਹੇ ਹਨ ਕਿ—"ਆਓ, ਖਾਲਸਾਜੀ! ਅਸ਼ਨਾਨ ਕਰੋ, ਨਾਮ ਜਪੋ। ਏਹ ਸੋਣ ਦਾ ਵੇਲਾ

Sri Satguru Jagjit Singh Ji Elibrary NamdhariElibrary@gmail.com

ਨਹੀ ਜ ਮਨੁ ਖਾ ਜਨਮ ਡਾਢੇ ਪੂਰਬਲੇ ਪੁੰਨਾਂ ਦੇ ਪ੍ਰਤਾਪ ਹਥ ਆਇਆਏ ਉੱਠ ਉਦਮ ਧਾਰੋ ਅਤੇ ਅਸ਼ਨਾਨ ਕਰਕੇ ਕੀਰਤਨ ਦਾ ਰੰਗ ਮਾਣੋ" ਕਦੀ ਪੋਮੀ ਦਾਤਣਾਂ ਲਦੀ ਫਿਤ ਰਹੇ ਹਨ।

ਸ੍ਰੀ ਭੈਣੀ ਸਾਹਬ ਦੇ ਖੂਹਾਂ ਤੇ ਗਹਿਮਾਂ ਗਹਿਮ ਹੈ। ਅਸ਼ਨਾਨ ਲਈ ਇਕ ਦੂਜ ਤੇ ਅਗ ਵਧਣ ਲਦੀ, ਤਿਆਰ ਖਲੋਤਾ ਏ। ਸਭ ਸਕੇਲ ਅਸ਼ਨਾਨ ਪਏ ਕਰਦੇ ਹਨ ਓਹਨਾਂ ਨੂੰ ਨਾ ਪਾਲੇ ਦਾ ਪਾਲਾ ਏ, ਨਾ ਸਰਦੀ ਦਾ ਡਰ ਏ। ਨ ਹਵਾ ਦਾ ਭੈ ਏ, ਨਾ ਨਮੂਨੀਏ ਦਾ ਖੌਫ ਏ। ਓਹ ਆਪਣੀ ਧੁਨ ਵਿਚ ਮਸਤ ਹਨ। ਓਹ ਆਪਣੇ ਧਿਆਨ ਵਿਚ ਮਗਨ ਹਨ। ਓਹ ਆਪਣੀ ਕਾਰ ਵਿਚ ਬੇ ਪ੍ਰਵਾਹ ਹਨ ਓਹਨਾਂ ਨੂੰ ਇਕੋ ਚਾਹ ਏ ਪਯਾਰੇ ਦੇ ਹੁਕਮ ਦੀ ਪਾਲਣਾ ਦੀ। ਓਹਨਾਂ ਦੀ ਇਕੋ ਸਧਰ ਏ ਪਯਾਰੇ ਦੀ ਪ੍ਰਸੰਨਤਾ ਦੀ। ਓਹ ਸਦਾ ਇਸੇ ਸਦਾ ਨਾਲ ਅਸਮਾਨ ਗੂੰਜਾਂਦੇ ਹਨ ਕਿ–'ਰਾਜੀ ਹੈਂ ਹਮ ਉਸੀ ਪੈ ਜੋ ਤੇਰੀ ਰਜਾ ਹੈ'

ਸਭ ਸੰਗਤ ਅਸ਼ਨਾਨ ਕਰ ਚੁਕਦੀ ਏ। ਦੀਵਾਨ ਸਜ ਜਾਂਦਾ ਏ। ਭਾਰਤ ਰਖਕ, ਸਿਖੀ ਬਾਗ ਦੇ ਮਾਲੀ, ਸੁਤੰਤ੍ਰਤਾ ਦੇ ਆਸ਼ਕ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀਵਾਨ ਵਿਚ ਚੌਕੜਾ ਮਾਰ ਪਦਮਾਸਨ, ਜਮਾਕੇ ਬੈਠ ਜਾਂਦੇ ਹਨ। ਦੁਆਲੇ ਸੁਬੇ ਬੈਠੇ ਇੰਵ ਸੋਭਦੇ ਹਨ ਜਿਵੇਂ ਪੂਰਨਮਾਸੀ ਦੇ ਚੰਨ ਦੇ ਦੁਆਲੇ ਤਾਰੇ। ਜਿਵੇਂ ਭਗਵਾਨ ਵਿਸ਼ਨੂੰ ਦੇ ਦੁਆਲੇ ਦੇਵ ਮੰਡਲ, ਭਾਈ ਤਾਰਾ, ਭਾਈ ਮਾਲੀ, ਭਾਈ ਖੁਸ਼ਾਲੀ, ਭਾਈ ਦਿਤੂ, ਭਾਈ ਫਕੀਰੀਆ, ਭਾਈ ਪ੍ਰੇਮ ਸਿੰਘ, ਭਾਈ ਲਾਭ ਸਿੰਘ, ਭਾਈ ਅਤ੍ਰ ਸਿੰਘ ਆਦਿ ਰਾਗੀ ਤੇ ਰਬਾਬੀ ਤਾਊਸ ਤੇ ਸਰੰਦੇ ਸੁਰ ਕਰਕੇ ਆਸਾ ਜੀ ਦੀ ਵਾਰ ਦਾ ਕੀਰਤਨ ਆਰੰਭ ਕਰ ਦਿੰਦੇ ਹਨ। ਆਹਾ! ਇਸ ਕੀਰਤਨ ਦੀ ਮਹਿਮਾ ਕੌਣ ਦਸੇ। ਜਿੰਨਾਂ ਨੇ ਏਹ ਦੈਵੀ ਕੀਰਤਨ ਸੁਣਿਆ ਏ, ਜਿੰਨਾਂ ਦੇ ਇਸ ਇਲਾਹੀ ਸਦ ਦੀ ਧੁਨਿ ਕੰਨੀ ਪਈ ਏ, ਓਹ ਅਜ ਵੀ ਇਸਦੀ ਯਾਦ ਨਾਲ ਹੀ ਰਤੇ ਜਾਂਦੇ ਹਨ। ਵਜਦ ਵਿਚ ਆ ਜਾਂਦੇ ਹਨ। ਓਹਨਾਂ ਦੀ ਮਸਤੀ ਅਜਤੀਕ ਨਹੀ ਲਥੀ। ਓਹਨਾਂ ਦੇ ਕੰਨਾਂ ਵਿਚ ਅਜ ਵੀ ਏਹ ਗੂੰਜ ਸੁਣਾਈ ਪਈ ਦਿੰਦੀ ਏ,–

"ਸਬਦ ਤਾਲ ਸੋ ਸਮਸਰ ਹੋਵੈ।
ਬੇਧਤ ਰਿਦਾ ਪਾਪ ਗਨ ਖੋਵੈ।
ਕਿਤੋ ਛੁਡਾਵਤ ਦੁਨੀਆਂ ਪਾਸਾ।
ਸਾਚੇ ਪੰਥ ਚਲਾਵੈ ਖਾਸਾ।
ਗੁਰੂ ਰਾਮ ਸਿੰਘ ਬੀਚ ਸੁਹੰਤੇ।
ਤਾਰਕ ਜਗ ਰਟਾਵੈ ਮੰਤੇ।
ਐਸੀ ਮੌਜ ਫੌਜ ਕੇ ਵਾਲੀ।
ਮਸਤ ਗੰਭੀਰ ਤਬਾ ਲੌਬਾਲੀ।
ਮਾਨੋਂ ਏਹ ਵੈਕੁੰਠ ਸਥਾਨ।
ਬੈਠੇ ਆਪ ਵਿਸ਼ਨੁ ਭਗਵਾਨ।
ਜੋੜੀ ਤਾਊਸਨ ਕੀ ਧੁਨਿ ਲਾਗੀ।
ਸਬਦ ਪੜਤ ਹੋਵਤ ਵੈਰਾਗੀ।
ਗੁਰੁ ਨਾਨਕ ਕੀ ਅੰਮ੍ਰਤ ਬਾਣੀ।
ਬਾਣੀ ਸਭ ਹੂ ਕੋ ਮਨ ਭਾਣੀ।
ਭਾਣੀ ਜਿਨ ਨਿਸਚੈ ਕਰ ਜਾਣੀ।
ਜਾਣੀ ਛੂਟੀ ਕਾਣ ਜਮੌਣੀ।
ਮਾਣੀ ਮੌਜ ਤਿਨੈ ਮੁਕਤਾਣੀ।
ਤਾਣੀ ਸਿਖਨ ਭੇਤ ਵਖਾਣੀ।
ਨਿਰਬਾਣੀ ਜਾਣੀ ਗੁਣ ਖਾਣੀ।
ਗੁਣ ਖਾਣੀ ਸਤਿਗੁਰ ਸੁਖ ਦਾਣੀ।
ਦਾਣੀ ਚਾਰ ਵਥ ਮਹਾਰਾਣੀ।
ਰਾਣੀ ਦੁਰਬੁਧ ਕਰੇ ਸਿਆਣੀ।
ਆਣੀ ਜਿਨ ਨਿਸਚੇ ਮਨ ਠਾਣੀ।
ਠਾਣੀ ਮਿਲੇ ਸੁ ਸਾਰਿੰਗ ਪਾਣੀ।

Sri Satguru Jagjit Singh Ji Elibrary NamdhariElibrary@gmail.com

ਪਾਣੀ ਸਮ ਲੂੰ ਲੂੰ ਵਿਚ ਧਾਣੀ। .....
ਜੋ ਬਾਣੀ ਪੜ੍ਹ ਹੈ ਸਹਿ ਪ੍ਰੇਮਾ।
ਪੜਤ ਸੁਣਤ ਜਾਕੋ ਲਹਿ ਖੇਮਾ।
(ਸ੍ਰੀ ਸਤਿਗੁਰੂ ਬਿਲਾਸ। ਸੰਤ ਧਿਆਨਸਿੰਘ ਜੀ ਕ੍ਰਿਤ)

ਸੰਗਤ ਸਭ ਥਾਓਂ ਥਾਈਂ ਸਜੀ ਹੋਈ ਏ। ਸੁਰਤ ਸ਼ਬਦ ਦੇ ਅਭਿਆਸ ਵਿਚ ਲੀਨ ਏ। ਨਾਮ ਅੰਮ੍ਰਤ ਵਰਸ ਰਿਹਾ ਏ। ਗੁਰੁ ਸਿਖ ਚਾਤ੍ਰਕ ਖੀਵੇ ਹੋ ਰਹੇ ਹਨ। ਕਈ ਲਖ ਦਾ ਭੀੜ ਭੜੱਕਾ ਹੈ। ਖਾਲਸੇ ਦਾ ਅਰੂਜ ਅਦੁਤੀ ਏ।

ਹੌਲੀ ਹੌਲੀ ਪੂਰਬ ਦਿਸ਼ਾ ਤੋਂ ਉਸ਼ਾ ਦੇਵੀ, ਦਿਨਦੇ ਬਾਦਸ਼ਾਹ ਦੇ ਸੁਆਗਤ ਲਈ ਲਾਲ ਬਨਾਤ ਦੀ ਵਛਾਈ ਕਰ ਦਿੰਦੀ ਏ, ਔਹ ਤਕੋ! ਸੂਰਜ ਭਗਵਾਨ ਆਪਣੇ ਤਖਤੇ ਤਾਉਸੀ ਤੇ ਆ ਬਰਾਜੇਹਨ। ਪਰ ਡਾਢੇ ਬੇਸ਼ਾਨੇ ਜੇਹੇ। ਜਿਵੇਂ ਪਛਮੀ ਸੱਭਯਤਾ ਦੀ ਚਕਾ ਚੌਂਧ ਵਿਚ ਭਾਰਤੀ ਸਾਦਗੀ।

ਆਸਾ ਜੀ ਦੀ ਵਾਰ ਦਾ ਭੋਗ ਪੈ ਜਾਂਦਾ ਏ। ਅਰਦਾਸ ਹੁੰਦੀਏ। 'ਬੋਲੇਸੋਨਿਹਾਲ, ਸਤਿ ਸ੍ਰੀ ਅਕਾਲ' ਦੇ ਗਗਨਭੇਦੀ ਜੈਕਾਰੇ ਗਜਾ ਸੰਗਤ ਫਿਰ ਥਾਂਓ ਥਾਈਂ ਸਜ ਜਾਂਦੀ ਏ।

ਸ੍ਰੀ ਮਾਨ ਸੂਦਾਰ ਭਗਵਾਨਸਿੰਘ ਜੀ† ਚੋਬਦਾਰ ਨੇ ਅਵਾਜ਼ ਦਿਤੀ ਕਿ--"ਆਓ ਖਾਲਸਾ ਜੀ ਜਿਸਨੇ ਕੋਈ ਅਰਜ ਕਰਨੀ ਹੋਵੇ। ਆਓ ਜਿਸਨੇ ਸਤਿਗੁਰ ਸਚੇ ਪਾਤਸ਼ਾਹ ਜੀ ਦੇ ਚਰਣਾਂ ਵਿਚ ਕੋਈ ਦੁਖ, ਸੁਖ, ਕੋਈ ਵੇਦਨ, ਕਹਿਣੀ ਹੋਵੇ। ਏਹ ਸਚੇ ਪਾਤਸ਼ਾਹ ਦਾ ਦ੍ਰਬਾਰ ਏ। ਏਹ ਮੁਕਤ ਭੁਗਤ ਦੀ ਸ੍ਰਕਾਰ ਏ"

ਏਹ ਅਵਾਜਾ ਸੁਣਕੇ ਇਕ ਸੁੰਦ੍ ਡੀਲ ਡੌਲ, ਅਤੇ ਭਰਵਾਂ ਚੇਹਰਾ, ਰੋਹਬਦਾਰ ਅਖੀਆਂ ਵਾਲਾ ਸਿਖ ਹਥ ਜੋੜਕੇ ਆ ਹਾਜਰ ਹੋਇਆ। ਕਹਿਣ ਲਗਾ--

"ਗ੍ਰੀਬਨਿਵਾਜ ਮੇਰੀ ਇਕ ਅਰਜ ਏ।"

"ਦਸੋ, ਸਾਧ ਸੰਗਤ ਕਲਪ ਬ੍ਰਿਛ ਏ, ਇਛਾ ਪੂਰਕ ਏ"

ਸ੍ਰੀ ਗੁਰੂ ਜੀ ਕਿਹਾ।

"ਦੀਨ ਦਜਾਲ, ਮੈ ਗੁਰਮੁਖਸਿੰਘ ਨਾਮੀ ਜਿਮੀਦਾਰ ਫਰਵਾਹੀ ਰਾਜ ਮਾਲੇਰ ਕੋਟਲੇ ਦਾ ਰਹਿਣ ਵਾਲਾ ਹਾਂ। ਪਿੰਡ ਦਾ ਨੰਬਰਦਾਰ ਹਾਂ। ਮੈ ਪਿੰਡ ਦਾ ਮਾਮਲਾ ਤਾਰਨ ਕੋਟਲੇ ਨੂੰ ਆ ਰਿਹਾ ਸਾਂ। ਰਸਤੇ ਵਿਚ ਇਕ ਕਰੂੰਜੜਾ ਬੈਲ ਤੇ ਮੂਲੀਆਂ ਲਦੀ ਜਾਂਦਾ ਮਿਲਯਾ। ਭਾਰ ਚੋਖਾ ਸੀ। ਕਰੂੰਜੜਾ ਆਪ ਵੀ ਉਤੇ ਬੈਠਾ ਸੀ। ਬਲਦ ਮਾੜਾ ਤੇ ਭਾਰ ਨਾਲ ਔਖਾ ਸੀ। ਟੁਰ ਨਹੀਂ ਸੀ ਸਕਦਾ। ਮੈ ਕਿਹਾ-ਮੀਆਂ ਭਾਰ ਅਗੇ ਹੀ ਕਾਫੀਏ ਤੂੰ ਉਤਰਕੇ ਟੁਰ। ਉਸ ਨਾ ਅਗਾ ਡਿਠਾ ਨ ਤੁਗਾ ਮੈਨੂੰ ਪੰਜ ਸਤ ਗਾਲਾਂ ਸੁਣਾ ਦਿਤੀਆਂ। ਆਖਣ ਲਗਾ ਕਿ 'ਕਾਫਰਾ ਸਿਖੜਿਆ ਇਸ ਮੁਸਲਮ ਰਾਜ ਵਿਚ ਦਸਤੰਦਾਜ਼ੀ ਕਰਨ ਦਾ ਤੇਰਾ ਕੀ ਕੰਮ, ਸਾਡਾ ਜੋ ਜੀ ਆਵੇ ਅਸੀਂ ਕਰਾਂਗੇ। ਤੈਨੂੰ ਇਸ ਗਲ ਨਾਲ ਕੀ ਮੈ ਹਣੇ ਇਸ ਬਲਦ ਨੂੰ ਜ਼ਿਬ੍ਹਾ ਕਰਾਂਦਾ ਹਾਂ, ਮੈਂ ਵੇਖਾਂਗਾ ਕਿ ਤੂੰ ਮੈਨੂੰ ਹਟਾਨ ਵਾਲਾ ਹੁੰਦਾ ਕੌਣ ਏ' ਇਸ ਤਰਾਂ ਝਗੜਦਿਆਂ ਝਗੜਾਂਦਿਆਂ ਕੋਟਲਾ ਆ ਗਿਆ। ਰੌਲਾ ਸੁਣਕੇ ਹੋਰ ਮੁਸਲ ਮਾਨ ਆ ਗਏ। ਓਹ ਸਾਨੂੰ ਦੋਹਾਂ ਨੂੰ ਕੁਟਵਾਲੀ ਲੈ ਗਏ। ਬੈਲ ਵੀ ਨਾਲ ਸੀ। ਕੁਤਵਾਲ ਨੂੰ ਮੈ ਸਚ ਸਚ ਜਾ ਬਿਆਨ ਕੀਤਾ, ਬਜਾਇ ਇਸ ਗਲ ਦੇ ਕਿ ਕੁਤਵਾਲ ਕਰੂੰਜੜੇ ਨੂੰ ਕੁਝ ਆਖਦਾ ਅਤੇ ਇਨਸਾਫ ਕਰਦਾ, ਉਸ

†ਸ੍ਰੀ ਮਾਨ ਸੂਦਾਰ ਭਗਵਾਨ ਸਿੰਘ ਜੀ, ਫਤੇਵਾਲ, ਜ਼ਿਲਾ ਅੰਮ੍ਰਤਸਰ ਤਾਸੀਲ ਅਜਨਾਲਾ ਦੇ ਵਸਨੀਕ ਆਹਲੂ ਵਾਲੀਆ ਖਾਨ ਦਾਨ ਦੇ ਰਤਨ. ਰਾਈਸ ਸਨ ਆਪ ਆਪਣੀ ਪ੍ਰਸੰਨਤਾ ਨਾਲ ਚੋਬਦਾਰੀ ਦੀ ਸੇਵਾ ਕੀਤਾ ਕਰਦੇ ਸਨ। ਆਪ ਸਤਿਗੁਰਾਂ ਦੇ ਸੂਬੇ ਵੀ ਸਨ।

Sri Satguru Jagjit Singh Ji Elibrary NamdhariElibrary@gmail.com

ਤਜੱਸਬੀ ਨੇ ਕਾਜੀ ਨੂੰ ਸਦ ਸਰੋਂ ਮੇਰੇ ਸੋਹੇਂ ਹੀ ਓਹ ਬੈਲ ਹਲਾਲ ਕਰਵਾ ਦਿਤਾ। ਮੇਰਾ ਬੜਾ ਜੀ ਕਰੇ ਕਿ ਮੈ ਏਥੇ ਹੀ ਸ਼ਹੀਦ ਹੋ ਜਵਾਂ ਪਰ ਮੇਰਾ ਵਸ ਕੁਝ ਨਾ ਚਲੇ। ਮੈ ਮਾਮਲਾ ਵੀ ਨ ਤਾਰਿਆ। ਮੈ ਹਜੂਰ ਦੀ ਸ਼ਰਨ ਆਇਆ ਹਾਂ ਤੇ ਇਨਸਾਫ ਚਾਹਨਾ ਹਾਂ। ਮੈ ਏਹ ਮਾਜਰਾ, ਭਾਈ ਹੀਰਾਸਿੰਘ ਜੀ ਤੇ ਲਹਿਣਾਸਿੰਘ ਜੀ ਮਸਤਾਨਿਆਂ ਨੂੰ ਵੀ ਸੁਣਾ ਚੁਕਾ ਹਾਂ"

ਅਜੇ ਭਾਈ ਗੁਰਮੁਖ ਸਿੰਘ ਜੀ ਅਰਜ ਕਰ ਹੀ ਰਹੇ ਸਨ ਕਿ ਇਕ ਹੋਰ-ਭਾਈ ਸੋਭਾ ਸਿੰਘ ਜੀ ਨਾਮੀ ਰਬੋਂ ਨਗਰ ਦੇ ਸਿਖ ਨੇ ਕਿਹਾ ਕਿ-

"ਸਚੇ ਪਾਤਸ਼ਾਹ ਜੀ ! ਭਾਈ ਗੁਰਮੁਖ ਸਿੰਘ ਜੀ ਨੇ ਜੋ ਕੁਝ ਕਿਹਾ ਏ, ਕੋਟਲੇ ਦੇ ਪਠਾਣਾਂ ਤੇ ਰੰਤਾਂ ਦੇ ਜਨਮ ਇਸ ਨਾਲੋਂ ਬਹੁਤ ਜ਼ਿਆਦਾ ਵਧ ਹੋਏ ਹਨ। ਜਿਥੇ ਦੋ ਦੋ ਸੌ ਰਾਸ ਗਊਆਂ ਦੀ ਡਾਰ ਫਿਰਦੀ ਸੀ ਅਜ ਓਥੇ ਇਕੜ ਦੁਕੜ ਗਊ ਫਿਰਦੀ ਵੀ ਨਜਰ ਨਹੀਂ ਔਂਦੀ। ਸਭ ਗਊਆਂ ਫੜਕੇ ਖਾ ਗਏ ਹਨ। ਹਿੰਦੂ-ਸਿਖਾਂ ਦੀ ਸੁਣਦਾ ਕੋਈ ਨਹੀ। ਡਾਢਾ ਪਾਪ ਵਰਤ ਰਿਹਾ ਏ। ਜਿਸ ਨੂੰ ਆਪ ਤੋਂ ਬਿਨਾ ਦੂਜਾ ਕੋਈ ਵੀ ਨਹੀ ਰੋਕ ਸਕਦਾ। ਇਸ ਲਈ-

"ਯਹੀ ਆਸ ਪੂਰਨ ਕਰੋ ਤੁਮ ਹਮਾਰੀ।
ਮਿਟੈ ਕਸ਼ਟ ਗਊਅਨ ਛੁਟੈ ਖੇਦ ਭਾਰੀ।
ਯਹੀ ਬੇਨਤੀ ਖਾਸ ਹਮਰੀ ਸੁਣੀਜੈ।
ਅਸੁਤ ਮਾਰ ਕਰ ਲਛ ਗਊਅਨ ਕਰੀਜੈ।"

ਦੀਨ ਦਯਾਲ ਮੇਹਰ ਕਰੋ ਤੇ ਕੋਈ ਅਜੇਹਾ ਉਪਾਦਸੋ ਜਿਸ ਕਰਕੇ ਗਊ ਘਾਤ ਦਾ ਦੁਖ ਮਿਟੇ"

ਅਜਜਾਂ ਸੁਣਕੇ ਗੁਰੂ ਜੀ ਬਚਨ ਕੀਤਾ, ਕਿ-"ਖਾਲਸਾ ਜੀ ਪਾਪ ਰਾਜ ਦਾ ਬੇੜਾ ਭਰ ਚੁਕਾ ਏ। ਹੁਣ ਡੁਬਣ ਵਾਲਾ ਹੀ ਹੈ, ਤੁਸੀਂ ਧੀਰਜ ਧਰੋ ਅਤੇ ਸ਼ਾਂਤੀ ਰਖੋ। ਭਜਨ ਕਰੋ, ਕਰਤਾਰ ਨੂੰ ਆਪਣੇ ਜੀਆਂ ਦਾ ਆਪ ਫਿਕਰ ਹੈ। ਓਹ ਗਊ ਗ਼ਰੀਬ ਦਾ ਦੁਖ ਆਪ ਹੀ ਦੂਰ ਕਰੇਗਾ।"

ਗੁਰੂ ਜੀਦੇ ਏਹ ਵਾਕ ਸੁਣਕੇ ਦੂਜੇ ਸਿਖ ਤੇ ਸਭ ਚੁਪ ਹੋ ਗਏ ਪਰ ਬਾਬਾ ਹੀਰਾ ਸਿੰਘ ਜੀ ਤੇ ਲਹਿਣਾਸਿੰਘ ਜੀ ਆਖਣ ਲਗੇ ਕਿ-"ਸਚੇਪਾਤਸ਼ਾਹ ਗਊ ਗ਼ਰੀਬ ਦਾ ਦੁਖ ਓਨਾਂ ਚਿਰ ਦੂਰ ਨਹੀਂ ਹੋ ਸਕਦਾ ਜਿੰਨਾਂ ਚਿਰ ਖਾਲਸੇ ਦੇ ਸੀਸ ਨਹੀਂ ਲਗਦੇ। ਸਾਨੂੰ ਆਗਯਾ ਦਿਓ ਤਾਕਿ ਅਸੀਂ ਗਊ ਗ਼ਰੀਬ ਦਾ ਦੁਖ ਦੂਰ ਕਰੀਏ ਅਤੇ ਧਰਮ ਤੋਂ ਕੁਰਬਾਨ ਹੋਈਏ। ਸਾਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਦਰਸ਼ਨ ਦੇਕੇ ਹਕਮ ਕਰ ਰਹੇ ਹਨ ਕਿ ਜਾਓ ਕੋਟਲੇ ਵਿਚ ਸ਼ਹੀਦ ਹੋਕੇ ਮਲੇਛ ਰਾਜ ਦੀ ਜੜ ਖੋਖਲੀ ਕਰੋ। ਜਾਓ ਧਰਮ ਤੇ ਸ਼ਹੀਦੀ ਪ੍ਰਾਪਤ ਕਰੋ।"

ਏਹ ਬਚਨ ਸੁਣਕੇ ਸ੍ਰਕਾਰ ਕੁਝ ਸੋਚਣ ਲਗ ਪਏ, ਫਿਰ ਕੁਝ ਰੰਗ ਜਹੇ ਵਿਚ ਹੋਕੇ ਆਖਣ ਲਗੇ ਕਿ-"ਸ੍ਰੀ ਸਤਿਗੁਰੂ ਤੇਗ ਬਹਾਦਰ ਜੀ ਦੇ ਹੁਕਮ ਅਗ ਮੇਰਾ ਕੋਈ ਜੋਰ ਨਹੀਂ। ਮੈ ਕੋਈ ਰੁਕਾਵਟ ਨਹੀ ਪਾ ਸਕਦਾ। ਜੋ ਜੀ ਆਵੇ ਕਰੋ। ਆਪਣੀ ਕਾਰ ਦੇ ਤੁਸੀਂ ਆਪ ਹੀ ਜ਼ੁੰਮੇਵਾਰ ਹੋ ਪਰ ਮੇਰੀ ਅਜੇ ਮਰਜੀ ਅਜਹਾ ਕਰਨ ਦੀ ਨਹੀਂ"

ਏਹ ਬਚਨ ਕਰਕੇ ਸਾਹਬ ਦੀਵਾਨ ਵਿਚੋਂ ਉਠ ਖਲੋਤੇ ਅਤੇ ਦਰਬਾਰ ਬਰਖਾਸਤ ਹੋ ਗਿਆ।

੩.

"ਲਹਿਣਾਸਿੰਘ ਜੀ, ਮਸਤਾਨਿਆਂ ਦਾ ਕੀ ਹਾਲ ਏ ?" ਸ੍ਰੀ ਗੁਰੂ ਜੀ ਨੇ ਪੁਛਿਆ।

Sri Satguru Jagjit Singh Ji Elibrary NamdhariElibrary@gmail.com

"ਦੀਨਾ ਨਾਥ ਬੜਾ ਰਲਾ ਏ। ਭਾਈ ਗੁਟ-ਮੁਖ ਸਿੰਘ ਜੀ ਦੇ ਸੋਹੇਂ ਬੈਲ ਦੇ ਜਿਬ੍ਹਾ ਕਰ ਦੇਣ ਕਰਕੇ ਵੜਾ ਜੋਸ਼ ਫੈਲ ਗਿਆ ਏ। ਮਸ-ਤਾਨੇ ਮਰਨ ਮਾਰਨ ਤੇ ਤੁਲੇ ਹੋਏ ਬੈਠੇ ਨੇ"

"ਦਸੋ ਫਿਰ ਕੀ ਉਪਾ ਕਰੀਏ ?"

"ਦੀਨ ਦਜਾਲ, ਤੇਰੀਆਂ ਤੂੰਹੇਂ ਜਾਣੇਂ, ਅਸੀਂ ਅਲਪਗ ਜੀਵ ਤੇਰੀ ਕਾਰ ਨੂੰ ਕੀ ਸਮਝ ਸਕਦੇ ਹਾਂ ਅਤੇ ਕੀ ਕਹਿ ਸਕਦੇ ਹਾਂ। ਮਸਤਾਨਿਆਂ ਦਾ ਜੋਸ਼ ਵਖ ਅਸੀਂ ਆਪ ਪਏ ਹੈਰਾਨ ਹੁੰਦੇ ਹਾਂ ਕਿ ਏਹਨਾਂ ਨੂੰ ਮੌਤ ਦਾ ਉਕਾ ਹੀ ਕੋਈ ਭੈ ਨਹੀਂ, ਏਹ ਜਾਣਦੇ ਬੁਝਦੇ ਹੋਏ ਪਹਾੜ ਨਾਲ ਮਥਾ ਡਾਹਣ ਚਲੇ ਹਨ। ਮਾਈ ਇੰਦ ਕੌਰ ਹੰਢਾਏ ਵਾਲੀ ਦੇ ਹਥ ਸ਼ਹੀਦੀ ਝੰਡਾ ਏ। ਮਾਈ ਰਣ ਚੰਡੀ ਦਾ ਰੂਪ ਧਾਰਨ ਕਰੀ ਖਲੀ ਏ। ਮਾਈ ਦੀ ਬਾਣੀ ਵਿਚ ਤੇਜ ਏ, ਸ਼ਬਦਾਂ ਵਿਚ ਜਾਦੂ ਏ, ਜਬਾਨ ਵਿਚ ਤਾਸੀਰ ਏ। ਬੋਲੇ ਵਿਚ ਖਾਸ ਅਸਰ ਏ। ਬੜੇ ਬੜੇ ਡਰਾਕਲ ਤੇ ਕਾਇਰ ਮਾਈ ਦੇ ਵਾਕਾਂ ਤੇ ਅਮਲ ਕਰਕੇ ਸ਼ਹੀਦੀ ਝੰਡੇ ਹੇਠ ਆ ਜਾਂਦੇ ਹਨ। ਮਾਈ ਜਦੋਂ ਆਂਹਦੀਏ ਕਿ—ਆਓ ਖਾਲਸਾ ਜੀ, ਜਿਸ ਧਰਮ ਜਹਾਜ ਤੇ ਸਵਾਰ ਹੋਣਾ ਏ। ਆਓ ਜਿਸ ਗਊ ਗ਼ੀਬ ਪਿਛੇ ਸ਼ਹੀਦੀ ਪਾਣੀ ਏ। ਆਓ ਜਿਸ ਭਾਰਤ ਦੀ ਅਜ਼ਾਦੀ ਹਿਤ ਜਾਨ ਵਾਰਨੀ ਏ। ਆਓ ਜਿਸ ਦੇਸ਼, ਧਰਮ, ਤੋਂ ਫਾਂਸੀਆਂ ਦੇ ਝੂਟੇ ਲੈਣੇ ਹਨ। ਤਦ ਦਲਾਂ ਦੇ ਦਲ ਇਕ ਵਾਰ ਹੀ ਕਹਿ ਉਠਦੇ ਹਨ ਕਿ-ਅਸੀਂ ਤਿਆਰ ਹਾਂ। ਜਿਥੇ ਚਾਹੇ ਜੀ ਲੈਚ ਲੋ, ਸਾਨੂੰ ਪ੍ਰਾਣਾਂ ਦਾ ਕੋਈ ਮੋਹ ਨਹੀਂ, ਸਾਡਾ ਸ਼ੀਰ ਨਾਲ ਕੋਈ ਸੀਰ ਨਹੀਂ। ਅਸੀ ਗਊ ਗ਼ੀਬ ਦੇ ਗਲ ਤੇ ਛੁਰੀ ਫਿਰਦੀ ਨਹੀਂ ਵੇਖ ਸਕਦੇ। ਅਸੀਂ ਜਾਂ ਮਰ ਜਾਵਾਂਗੇ ਅਤੇ ਜਾਂ ਭਾਰਤ ਨੂੰ ਸੁਤੰਤ੍ਰ ਕਰ ਦਿਆਂਗੇ—ਨਾਥ, ਅਸੀਂ ਸਮਝਦੇ ਸਾਂ ਕਿ ਏਹ ਮੁਠੀ ਭਰ ਮਸਤਾਨੇ ਚੀਜ ਹੀ ਕੀ ਹਨ ਪਰ ਅਜ ਤੇ ਅਕਾਲ ਬੁੰਗੇ ਤਿਲ ਧਰਨ ਨੂੰ ਵੀ ਥਾਂ ਨਹੀਂ ਸੀ, ਅਜ ਤੇ ਸੈਂਕੜੇ ਜਬਾਨਾਂ ਵਿਚੋਂ ਇਕ ਹੀ ਅਵਾਜ ਆਂਦੀ ਸੀ—

ਖਖਾ ਖਾਲਸੇ ਬੈਠ ਮਲਾਹ ਕੀਤੀ। ਲਿਖਨ ਚਿਠੀਆਂ ਨਾਲ ਵਧਾਈਆਂ ਦੇ। ਅਸਾਂ ਧਰਮ ਉਤੋਂ ਤੰਗ ਚਕਨੀ ਏਂ ਧਰਮ ਰਖਦੇ ਨੀ ਪੁਤ੍ਰ ਮਾਈਆਂ ਦੇ। ਹਿੰਦੂ ਕੋਈ ਨ ਏਸ ਵਿਚ ਦਖਲ ਦੇਵੇ ਅਸੀ ਕਟਣੇ ਮੂੰਡ ਕਸਾਈਆਂ ਦੇ। ਜਿਥੇ ਸਿੰਘ ਸੂਦਾਰ ਜਗੀਰ ਵਾਲੇ ਓਥੇ ਚਿਠੀਆਂ ਲਿਖ ਪੁਚਾਈਆਂ ਦੇ।

(ਪੈਂਤੀਸ ਅਖਰੀ ਬਾਬਾ ਕਾਲਾ ਸਿੰਘ ਜੀ ਮਹਾਰਾਜ)

ਅਸੀਂ ਬੜਾ ਜਤਨ ਕੀਤਾ, ਬੜਾ ਸਮਝਾਯਾ ਪਰ ਸਾਡੇ ਸਮਝਾਣ ਦਾ ਕੋਈ ਵੀ ਅਸਰ ਨਹੀਂ ਹੋਇਆ। ਦੀਨ ਦਜਾਲ, ਏਹ ਵਿਦਸ਼ੀ ਗੋਰੇ ਅਗੇ ਹੀ ਖਾਲਸੇ ਤੇ ਦੰਦ ਪੀਂਹਦੇ ਹਨ ਕਿਤੇ ਅਜੇਹਾ ਨ ਹੋਵੇ ਜੋ ਏਹਨਾਂ ਦੀਆਂ ਦਤੀਆਂ ਸਾਨੂੰ ਖੋਹਲਣੀਆਂ ਪੈ ਜਾਣ।"

"ਭਾਈ ਲਖਾਸਿੰਘ ਜੀ, ਫਿਕਰ ਨ ਕਰੋ, ਜੋ ਅਕਾਲ ਨੂੰ ਪ੍ਰਵਾਨ ਹੈ ਓਹ ਹੋਕੇ ਹੀ ਰਹੇਗਾ, ਗੁਰੂ ਜੀ ਭਲੀ ਹੀ ਕਰਨਗੇ। ਜਾਓ ਮਸਤਾਨਿਆਂ ਦੇ ਜਥੇਦਾਰ ਭਾਈ ਹੀਰਾਸਿੰਘ ਜੀ ਤੇ ਲਹਿਣਾ ਸਿੰਘ ਜੀ ਨੂੰ ਤੇ ਸਦ ਲਿਆਓ"

"ਜੋ ਆਗਯਾ, ਗ਼ੀਬ ਨਿਵਾਜ"

ਬਾਬਾ ਲਖਾਸਿੰਘ ਜੀ ਮਸਤਾਨਿਆਂ ਦੇ ਦੋਹਾਂ ਜਥੇਦਾਰਾਂ ਨੂੰ ਨਾਲ ਲੈਕੇ ਆ ਜਾਂਦੇ ਹਨ. ਦੋਏ ਜਥੇਦਾਰ ਆਪਣੇ ਰੰਗ ਵਿਚ ਮਸਤ, ਬੇ ਪ੍ਰਵਾਹ, ਮਸਤੀ ਨਾਲ ਝੂੰਮਦੇ ਹੋਏ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਚਰਨਾ ਤੇ ਆ ਨਮਸ਼ਕਾਰ ਕਰਦੇ ਹਨ, ਸਾਹਿਬ ਦੋਹਾਂ ਨੂੰ

Sri Satguru Jagjit Singh Ji Elibrary NamdhariElibrary@gmail.com

ਉਠਾਲਕੇ ਆਂਹਦੇ ਹਨ–

"ਆਓ, ਮੇਰੇ ਲਾਡਲੇ ਪੁਤ੍ਰੋ, ਕੀ ਖੇਡ ਵਰਤਾਣ ਦੀ ਸਲਾਹ ਨੇ। ਸ਼ਾਂਤੀ ਰਖੋ, ਧੀਰਜ ਕਰੋ"

"ਦੀਨ ਦਯਾਲ, ਸ਼ਾਂਤੀ ਦੀ ਵੀ ਕੋਈ ਹਦ ਹੁੰਦੀ ਏ, ਜੋਤੇ ਦੀ ਵੀ ਕੋਈ ਸੀਮਾਂ ਹੁੰਦੀ ਏ। ਧੀਰਜ ਦਾ ਵੀ ਕੋਈ ਸਮਾ ਹੁੰਦਾ ਏ। ਸਭ ਦੇਖ ਚੁਕੇ ਹਾਂ, ਪਰ ਮਲੇਛ ਸਗੋਂ ਦਿਨੋ ਦਿਨ ਵਧਦ ਹੀ ਚਲ ਜਾਂਦੇ ਹਨ, ਭਾਰਤ ਸਪੁਤ੍ਰਾਂ ਦੀ ਦਸ਼ਾ ਡਾਢੀ ਦਰਦਨਾਕ ਏ। ਗਊ ਗ਼ੀਬ ਦੁਖੀ ਏ। ਥਾਂ ਥਾ ਬੁਚੜ ਖਾਨੇ ਖੋਲ੍ਹੇ ਜਾ ਚੁਕ ਹਨ, ਜੇ ਬਾਬਾ ਲਹਿਣਾਸਿੰਘ ਜੀ, ਬਾਬਾ ਬੀਹਲਾ ਸਿੰਘ ਜੀ, ਬਾਬਾ ਹਕਮ ਸਿੰਘ ਜੀ ਅਤੇ ਬਾਬਾ ਫਤਹ ਸਿੰਘ ਜੀ ਸ੍ਰੀ ਅੰਮ੍ਰਿਤਸਰ ਸ਼ਹੀਦ ਨਾ ਹੁੰਦੇ ਤਦ ਕਾਵਾਂ ਗਊ ਦੇ ਮਾਸ ਦੀਆਂ ਬੋਟੀਆਂ ਚੁਕ ਚੁਕ ਕੇ ਸ੍ਰੀ ਅੰਮ੍ਰਿਤਸਰੋਵਰ ਵਿਚ ਸੁਟਿਆ ਕਰਨੀਆਂ ਸਨ। ਧੰਨ ਹਨ ਓਹ ਸੂਰਮੇ ਜੋ ਸ੍ਰੀ ਹਰਿ ਮੰਦ੍ਰ ਸਾਹਿਬ ਦੀ ਪਵਿਤ੍ਰਤਾ ਖਾਤਰ ਜਾਨ ਵਾਰ ਗਏ। ਫਾਂਸੀਆਂ ਤੇ ਹਾਸੀਆਂ ਕਰਦੇ ਚੜ੍ਹੇ। ਕੋਟਲੇ ਦੇ ਰੁਤੇ ਤੇ ਪਠਾਣਾਂ ਦੇ ਹਾਂਸਲੇ ਬੜੇ ਵਧ ਗਏ ਹਨ। ਓਹਨਾ ਰਾਮ ਗਉਆਂ ਦੇ ਵੱਗਾਂ ਦੇ ਵੱਗ ਚੁਗ ਖਾਧੇ ਹਨ। ਹਿੰਦੂ, ਸਿਖ ਬੇ ਜਬਾਨ ਹਨ, ਡਰਦੇ ਕੁਸਕਦ ਨਹੀਂ। ਧਰਮ ਵਿਚ ਦਖਲ ਨਾ ਦੇਣ ਦੇ ਬਹਾਨੇ ਗੋਰੇ ਵੀ ਚੁਪ ਵਟੀ ਬੈਠੇ ਹਨ। ਇਸ ਲਈ ਅਸਾਂ ਤ ਇਹ ਪ੍ਰਣ ਕਰ ਲਿਆ ਏ ਕਿ ਕੋਟਲੇ ਦੇ ਪਠਾਣਾਂ ਨੂੰ ਓਹਨਾਂ ਦੀ ਕਰਨੀ ਦਾ ਫਲ ਜਰੂਰ ਚਖਾਣਾ ਏ ਫਿਰ ਅਸੀਂ ਭਾਵੇਂ ਕਿਸੇ ਮੰਤੇ ਮਰੀਏ ਇਸ ਗਲ ਦਾ ਸਾਨੂੰ ਉਕਾ ਹੀ ਕੋਈ ਡਰ ਨਹੀ। ਨਾਲ ਸਾਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਦਰਸਨ ਦੇਕੇ ਹੁਕਮ ਕਰ ਰਹੇ ਹਨ, ਕਿ ਭਾਰਤ ਦੀ ਅਜਾਦੀ ਦੇ ਹਵਨ ਵਿਚ ਸਭ ਤੋਂ ਪਹਿਲਾਂ ਤੁਸੀ ਹੀ ਆਪਣੇ ਸਿਰਾਂ ਦੀਆਂ ਅਹੂਤੀਆਂ ਪਾਕੇ ਪ੍ਰਜ੍ਵਲ ਕਰੋ। ਫਿਰ ਸਾਡਾ ਕੀ ਚਾਰਾ ਏ"

"ਪੁਤ੍ਰੋ ਏਹ ਪਿਤਾ ਦੀ ਮਮਤਾ ਏ। ਏਹ ਪਯਾਰ ਦਾ ਨਾਤਾ ਏ। ਏਹ ਆਂਦ੍ਰਾਂ ਦਾ ਸਾਕ ਏ। ਮੈ ਕੀ ਕਰਾਂ ਮੇਰਾ ਜੀ ਨਹੀ ਮੰਨਦਾ ਕਿ ਤੁਹਾਨੂੰ ਮੌਤ ਦੇ ਮੂੰਹ ਜਾਂਦਿਆਂ ਤਕਾਂ ਪਰ ਸ਼ਹੀਦ ਸਿਰਤਾਜ ਸ੍ਰੀ ਗੁਰੂ ਤੇਗ ਬਹਾਦ੍ਰ ਜੀ ਦੇ ਹੁਕਮ ਅਗੇ ਮੇਰਾ ਕੋਈ ਜੋਰ ਨਹੀ ਚਲ ਸਕਦਾ। ਚੰਗਾ ਤਾਂ ਏਹ ਸੀ ਕਿ ਅਜੇ ਤੁਸੀਂ ਇਕ ਸਾਲ ਚੁਪ ਕਰ ਰਹਿੰਦੇ, ਏਹ ਵਿਦੇਸ਼ੀਆਂ ਦੀ ਹਕੂਮਤ ਏ। ਏਹ ਪਾਪਦਾ, ਜ਼ੁਲਮ ਦਾ, ਜ਼ੋਰ ਦਾ ਰਾਜ ਏ। ਏਹ ਖਾਲਸੇ ਦੇ ਵਧ ਰਹੇ ਅਰੂਜ਼ ਨੂੰ ਵੇਖ ਨਹੀ ਸੁਖਾਂਦੇ। ਏਹ ਬੂਟਾ ਅਜੇ ਨੰਨ੍ਹਾ ਜੇਹਾ ਹੀ ਏ। ਇਸਦੀ ਪ੍ਵਰਸ਼ ਅਤੇ ਦੇਖ ਭਾਲ ਦੀ ਅਜੇ ਲੋੜ ਏ।"

ਸ੍ਰੀ ਗੁਰੂ ਜੀ ਅਜੇ ਏਹ ਵਚਨ ਕਰ ਹੀ ਰਹੇ ਸਨ, ਸ੍ਰੀ ਮਾਨ ਬਾਬਾ ਜੁਵਾਹਰਸਿੰਘ ਜੀ ਵਿਚਾਲੇ ਹੀ ਬੋਲ ਉਠੇ–

"ਕਦੇ ਦੇ ਕਹਿਦੇ ਹੁੰਦੇ ਸੋ ਕਿ ਅਕਾਲ ਪੁਰਖ ਦਾ ਹੁਕਮ ਹੀ ਇੰਵ ਏ, ਇਸਨੂੰ ਕੋਈ ਮੋੜ ਨਹੀ ਸਕਦਾ। ਅਸੀਂ ਪ੍ਦਸ ਜਾਵਾਂਗੇ ਤਾਂ ਧਰਮ ਟੁਰੇਗਾ। ਤਾਂ ਪਾਪ ਰਾਜ ਦਾ ਅੰਤ ਹੋਵੇਗਾ ਤਾਂ ਗਊ ਗ਼ੀਬ ਦ ਗਲ ਤੋਂ ਛੁਰੀ ਲਹੇਗੀ। ਤਦ ਸ੍ਰੀ ਦਸਮੇਸ਼ ਸੁਆਮੀ ਦੇ ਵਾਕ ਸੁਫਲੇ ਹੋਣਗੇ। ਸਾਨੂੰ ਤੇ ਹੁਣ ਸਾਰੇ ਹੀ ਏਹ ਲਖਣ ਪ੍ਰਤੀਤ ਦੇ ਰਹੇ ਹਨ। ਸਾਰੀ ਖੇਡ ਦੇ ਜੁੰਮੇ ਵਾਰ ਹੋਕੇ ਹੁਣ ਇੰਵ ਅੰਜਾਣ ਬਣ ਰਹ ਹੋ।"

"ਬਾਬਾ ਜੀ, ਆਪ ਠੀਕ ਕਹਿ ਰਹੇ ਹੋ, ਇਸਨੂੰ ਕੋਈ ਮੇਟ ਨਹੀਂ ਸਕਦਾ। ਹੋਵੇਗਾ ਓਹੀ ਜੋ ਸਤਿਗੁਰੂ ਦੀ ਰਜਾ ਏ। ਦਸੋ ਕੀ

Sri Satguru Jagjit Singh Ji Elibrary NamdhariElibrary@gmail.com

ਕੀਤਾ ਜਾਇ ਆਪਣ ਪੁਤ੍ਰਾਂ ਨੂੰ ਅਜੇਹਾ ਕੇਹੜਾ ਬੇ ਦਰਦ ਪਿਤਾ ਏ ਜੇਹੜਾ ਬਲਦੀ ਭਠੀ ਵਿਚ ਪ੍ਰਸੰਨਤਾ ਨਾਲ ਝੋਕੇ।"

"ਤਦ ਫਿਰ ਆਪ ਕਰਨ ਕਾਰਨ ਹੋ। ਖੋਲ ਸੰਕੋਚ ਲਓ, ਪ੍ਰਦੇਸ ਜਾਣ ਦਾ ਵਿਚਾਰ ਛਡ ਛਡੋ। ਏਥੇ ਬੈਠੇ ਹੀ ਧਰਮ ਟੋਰ ਲਓ।"

"ਨਹੀ ਬਾਬਾ ਜੀ, ਅਜੇਹਾ ਨਹੀ ਹੋ ਸਕਦਾ, ਮੈ ਜਾਣਾਂ ਏ, ਤੇ ਜਰੂਰ ਜਾਣਾ ਏ। ਦਸੋ ਭਾਈ ਹੀਰਾਸਿੰਘ ਜੀ ਕਦੋਂ ਕੂ ਚਾਲੇ ਪਾਣਦਾ ਵਿਚਾਰ ਏ?"

"ਗ੍ਰੰਥ ਨਿਵਾਜ ਅਜ ਹੀ ਟੁਰਨ ਦੀ ਸਲਾਹ ਨ"

"ਚੰਗਾ ਜ.ਓ, ਸਾਰੇ ਸਿੰਘਾਂ ਨੂੰ ਨਾਲ ਲੈਕੇ ਆਓ, ਅਜ ਮੈ ਆਪ ਆਪਣੇ ਹਥੀਂ ਪ੍ਰਸ਼ਾਦ ਛਕਾਵਾਂ ਗਾ"

"ਜੋ ਆਗਜਾ, ਸਚੇ ਪਾਤਸ਼ਾਹ"

੪.

"ਬਾਬਾ ਜੀ, ਕੜਾਹ ਪ੍ਰਸ਼ਾਦ ਤਿਆਰ ਕਰਾਓ"

"ਦੀਨਾ ਨਾਥ ਪਹਿਲਾਂ ਹੀ ਤਿਆਰ ਏ"

"ਮਸਤਾਨੇ ਆ ਗਏ ਹਨ ਕਿ ਨਹੀ?"

"ਆ ਗਏ ਹਨ, ਸਚੇ ਪਾਤਸ਼ਾਹ ਜੀ"

"ਚਲੋ ਫਿਰ ਅਜ ਏਹਨਾ ਧਰਮ ਪ੍ਰਵਾਨਿਆਂ ਨੂੰ ਪ੍ਰਸ਼ਾਦ ਛਕਾਈਏ।"

"ਚਲੋ ਸ੍ਵਾਮੀ ਜੀ"

ਸਚੇ ਪਾਤਸ਼ਾਹ ਜੀ ਮਸਤਾਨਿਆਂ ਨੂੰ ਪ੍ਰੇਮ ਨਾਲ ਪ੍ਰਸ਼ਾਦਿ ਛਕਾਂਦੇ ਹਨ। ਪ੍ਰਸ਼ਾਦ ਛਕਕੇ ਮਸਤਾਨੇ ਟੁਰਨ ਦੀ ਆਗਯਾ ਮੰਗਦੇ ਹਨ ਸਤਿਗੁਰੂ ਸਚੇ ਪਾਤਸ਼ਾਹ ਨੇਤ੍ਰਾਂ ਵਿਚ ਜਲ ਭਰਕੇ ਆਂਹਦੇ ਹਨਃ—

"ਲਓ ਬਈ ਮੇਰੇ ਪਯਾਰ ਦੀ ਵੱਲ ਦੇ ਮਿਠੇ ਫਲੋ ਤੇ ਖੁਸ਼ਬੂਦਾਰ ਫੁਲੋ, ਮੈ ਤੁਹਾਡੀ ਮਿਠਾਸ ਨਾਲ ਮਿਠਾ ਅਤੇ ਤੁਹਾਡੀ ਖੁਸ਼ਬੂ ਨਾਲ ਮਹਿਕ ਰਿਹਾ ਹਾਂ। ਲਓ ਅਜ ਅੰਤ ਵੇਲੇ ਮੈ ਤੁਹਾਨੂੰ ਅਸੀਸ ਦਿੰਦਾ ਹੋਇਆ ਆਖਦਾ ਹਾਂ ਜੇ ਚਲੇ ਹੋ ਤਾਂ ਧਰਮ ਜੁਧ ਤੋਂ ਮੂੰਹ ਨਹੀ ਮੋੜਨਾ। ਹਿੰਦ ਲਈ ਜਿੰਦ ਦੇਕੇ ਅਮਰ ਪਦਵੀ ਪ੍ਰਾਪਤ ਕਰਨੀ, ਚਗਾ ਤਾਂ ਏਹ ਸੀ ਜੇ ਅਜੇ ਤੁਸੀ ਜਰਾਂਦਕਰਦੇ। ਜੇਹੜਾ ਕੰਮ ਤੁਸੀਂ ਤਲਵਾਰ ਨਾਲ ਕਰਨਾ ਚਾਂਹਦੇ ਹੋ ਏਹ ਮਾਲਾ ਨੇ ਹੀ ਕਰ ਦੇਣਾ ਸੀ. ਤੁਹਾਡੀ ਮਰਜੀ। ਤੁਹਾਡਾ ਇਰਾਦਾ ਸ਼ੁਭ ਏ, ਤੁਹਾਡੀ ਨੀਯਤ ਸਾਫਏ, ਤੁਹਾਡੀ ਕੁਰਬਾਨੀ ਅਦੁਤੀ ਏ। ਇਸ ਲਈ ਮੈ ਤੁਹਾਨੂੰ ਰੋਕਦਾ ਨਹੀ, ਪਰ ਅਜੇ ਵੇਲਾ ਨਹੀ ਸੀ ਆਇਆ। ਜਰਾ ਕਾਹਲੀ ਕਰ ਚਲੇ ਹੋ।"

ਮਸਤਾਨੇ ਕਮਰ ਕਸੇ ਕਰੀ ਅਰਦਾਸ ਕਰ ਰਹੇ ਹਨ। ਸਾਹਬਾਂ ਦੇ ਨੇਤ੍ਰਾਂ ਵਿਚੋਂ ਜਲ ਵਗ ਰਿਹਾ ਏ। ਸੂਬੇ ਸਾਰੇ ਵੈਰਾਗੀ ਹਨ। ਸੰਗਤ ਦੀ ਦਸ਼ਾ ਵਚਿਤ੍ਰ ਏ'——ਚੜ੍ਹਦਾ ਹੋਇਆ ਬੋਲਿਆ ਪੈਜ ਰਖੀਂ ਆਪਣੇ ਨਾਮ ਦੀ—' ਪੜ੍ਹਦੇ ਹੋਏ ਮਸਤਾਨੇ ਪਿਛਲੇ ਪੈਰੀਂ ਟੁਰੇ ਜਾ ਰਹੇ ਹਨ। ਨਾਲੇ ਪੜ੍ਹ ਰਹੇ ਹਨ—

"ਏਹ ਮਲੇਛ ਨੰਦਣੇਂ ਆਏ। ਏਹਨਾ ਬੁਚੜ ਖਾਨੇ ਲਾਏ। ਸਾਨੂੰ ਗਊਆਂ ਦਾ ਦੁਖ ਖਾਏ। ਸਿੰਘੋ ਸੀਸ ਦੇਣੇ ਹੁਣ ਆਏ। ਨਾਮ ਅਕਾਲਦੇ।"

ਜਿੰਨਾ ਚਿਰ ਸਚੇ ਪਾਤਸ਼ਾਹ ਨਜ਼ਰ ਪੈਂਦੇ ਰਹੇ ਪਿਠ ਨਹੀ ਕੀਤੀ। ਏਧਰ ਸ੍ਰੀ ਸਤਿਗੁਰੂ ਜੀ ਖਲੋਤੇ ਵੇਖ ਰਹੇ ਹਨ। ਅਥਰੂ ਵਹਾ ਰਹੇ ਹਨ। ਨਾਲੇ ਕਹਿ ਰਹੇ ਹਨ——ਧਰਮ ਤੋਂ ਕੁਰਬਾਨ ਹੋਣਾਂ ਕਿਸੇ ਵਿਰਲੇ ਦੇ ਹੀ ਹਿੱਸੇ ਆਇਆ ਏ। ਧਰਮ ਤੋਂ

Sri Satguru Jagjit Singh Ji Elibrary NamdhariElibrary@gmail.com

ਮਰਕੇ ਸਦਾ ਲਈ ਜ਼ਿੰਦਗੀ ਹਾਸਲ ਕਰਨੀ ਸੂਰਮਿਆਂ ਦਾ ਹੀ ਕੰਮ ਏ। ਧੰਨ ਹਨ ਏਹ ਪਯਾਰੇ ਜਿੰਨਾਂ ਨੇ ਗੁਰੂ ਜੀ ਦੇ ਹੁਕਮ ਤੇ ਫੁਲ ਚੜ੍ਹਾਕੇ ਮੌਤ ਦੀ ਕੋਈ ਪ੍ਰਵਾਹ ਨਹੀਂ ਕੀਤੀ—ਮਸਤਾਨੇ ਅਖੀਆਂ ਤੋਂ ਔਝਲ ਹੋਗਏ ਅਤੇ ਸਚੇ ਪਾਤਸ਼ਾਹ ਅਕਾਲ ਬੁੰਗੇ ਤੋਂ ਸ੍ਰੀ ਭੈਣੀ ਸਹਿਬ ਆ ਗਏ।

੫.

ਨਾਮਧਾਰੀ ਦਬਾਰ ਦੀ ਖਾਸ ਇਕੱਤ੍ਰਤਾ ਏ। ਸੂਬੇ ਅਤੇ ਸੰਤ ਮਹਾਤਮਾਂ, ਪ੍ਰਤਿਸ਼ਠ ਸਜਣ ਸਭ ਸ੍ਰੀ ਗੁਰੂ ਜੀ ਦੀ ਹਜੂਰੀ ਵਿਚ ਬੈਠੇ ਹੋਏ ਹਨ। ਮਸਤਾਨਿਆਂ ਦੀ ਕਾਰ ਤੇ ਵਿਚਾਰ ਹੋ ਰਹੀ ਏ। "ਸਚਿਆ ਪਾਤਸ਼ਾਹਾ, ਹੁਣ ਕੀ ਕਾਰ ਵਰਤਾਣੀ ਜੇ?" ਬਾਬਾ ਲਖਾ ਸਿੰਘ ਜੀ ਨੇ ਅਰਜ ਕੀਤੀ।

"ਜੋ ਅਕਾਲ ਦੀ ਰਜਾ। ਅਸੀਂ ਕਈ ਵਾਰ ਆਖ ਚੁਕੇ ਹਾਂ ਕਿ ਅਸਾਂ ਪ੍ਰਦੇਸ ਗਵਨ ਕਰਨਾ ਏਂ ਇਸ ਭਾਣੇ ਨੂੰ ਕੋਈ ਮੇਟ ਨਹੀਂ ਸਕਦਾ। ਸਤਿਗੁਰੁ ਦਾ ਹੁਕਮ ਹੀ ਇਉਂ ਹੈ। ਜਿਸਨੂੰ ਮਿਠਾ ਕਰਕੇ ਮੰਨਣਾਂ ਮੇਰਾ ਫਰਜ਼ ਹੈ। ਮਸਤਾਨੇ ਚਾਲੇ ਪਾ ਚੁਕੇ ਹਨ। ਸਾਡੀ ਮਰਜੀ ਹਾਲਾਂ ਅਜੇਹਾ ਕਰਨ ਦੀ ਨਹੀ ਸੀ। ਮੈਂ ਸ਼ਸਤ੍ਰ ਨਹੀ ਫੜਨਾਂ ਚਾਂਹਦਾ ਨਾ ਹੀ ਸ਼ਸਤ੍ਰ ਦਾ ਪਖੀ ਹਾਂ। ਸ਼ਸਤ੍ਰ ਦੀ ਥਾਂ ਮੈਂ ਮਾਲਾ ਨੂੰ ਦਿਤੀ ਲੋਚਦਾ ਹਾਂ। ਮੈਂ ਮਸਤਾਨਿਆਂ ਨੂੰ ਵੜਾ ਸਮਝਾਇਆ ਪਰ ਓਹਨਾਂ ਕਿਹਾ ਕਿ ਸਾਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਹੁਕਮ ਕਰ ਰਹੇ ਹਨ ਕਿ ਗਉ ਗ਼ੀਬ ਬਦਲੇ ਸਿਰ ਦਿਓ। ਬਸ ਮਸਤਾਨਿਆਂ ਦਾ ਕੋਟਲੇ ਨੂੰ ਚਲੇ ਜਾਣਾ ਹੀ ਸਾਡੇ ਪ੍ਰਦੇਸ ਗਵਨ ਦਾ ਚੰਗਾ ਬਹਾਨਾ ਬਝ ਗਿਆ ਜਾਪਦਾ ਏ। ਫਿਰ ਵੀ ਅਸੀਂ ਦੁਨੀਆਂ ਦੇ ਸੋਹੇਂ ਗੋਰੇ ਕਾਨੂੰਨ ਦਾ ਭਾਂਡਾ ਭੰਨਕੇ ਦਸਣਾਂ ਹੈ ਕਿਉਂਕਿ ਗੋਰੇ ਭਾਰਤੀ ਲੋਕਾਂ ਸੋਹੇਂ ਕਾਨੂੰਨ ਪਾਲਣ ਦੀਆਂ ਵੜ੍ਹੀਆਂ ਫੜਾਂ ਮਾਰਿਆ ਕਰਦੇ ਹਨ, ਅਸਾਂ ਇਹ ਦਸਣਾਂ ਹੈ ਕਿ ਗੋਰੀ ਸ੍ਰਕਾਰ ਦਾ ਏਹ ਕਨੂੰਨ ਇਨਸਾਫ ਦੀ ਖਾਤ੍ਰ ਨਹੀ ਸਗੋਂ ਹਿੰਦੀਆਂ ਨੂੰ ਸਕੰਜੇ ਵਿਚ ਕਸਣ ਲਈ ਹੀ ਘੜਿਆ ਗਿਆ ਏ। ਨਾਲ ਹੀ ਪੰਜਾਬੀਆਂ ਨੂੰ ਅਤੇ ਸਿਖਾਂ ਨੂੰ ਅਸਾਂ ਇਹ ਗਲ ਜਤਾਣੀ ਏਂ ਕਿ ਜਿਸ ਵਿਦੇਸ਼ੀ ਸ੍ਰਕਾਰ ਨਾਲ ਤੁਸਾਂ ਸਾਡੇ ਕਹੇ ਮਿਲ ਵਰਤਣ ਨਹੀ ਸੀ ਛਡਿਆ। ਉਸਦਾਨਿਆਉਂ ਇਨਸਾਫ ਈਹੋ ਜਿਹਾ ਹੀ ਹੈ। ਇਸ ਲਈ ਸਾਧ ਸੰਗਤ ਜੀ, ਅਕਾਲ ਦਾ ਹੁਕਮ ਸਾਡੇ ਪ੍ਰਦੇਸ ਜਾਣ ਦਾ ਕਦੀ ਵੀ ਨਹੀ ਟਲਣਾਂ ਪਰ ਕਾਨੂੰਨ ਨੂੰ ਝੂਠਿਆਂ ਸਾਬਤ ਕਰਨ ਲਈ ਅਤੇ ਆਪਣੀ ਸਚਾਈ ਵਾਸਤੇ ਭਾਈ ਲਖਾਸਿੰਘ ਜੀ ਲੁਦੇਹਾਣੇ ਜਾਣ ਤੇ ਜਾਕੇ ਇਤਲਾਹ ਕਰ ਦੇਣ ਕਿ ਕੁਝ ਮਸਤਾਨੀਆਂ ਫੌਜਾਂ ਸਾਡੇ ਵੱਸ ਤੋਂ ਬਾਹਰ ਹਨ ਅਸੀਂ ਸਾਹਨੇ ਵਾਲੀਏ ਥਾਨੇਦਾਰ ਨੂੰ ਵੀ ਕਿਹਾ ਸੀ ਪਰ ਉਸ ਕੋਈ ਪ੍ਰਵਾਹ ਨਹੀ ਕੀਤੀ। ਮਸਤਾਨੇਆਪਣੀ ਮਰਜੀ ਦੇ ਮਾਲਕ ਹਨ, ਸ੍ਰਕਾਰ ਏਹਨਾਂ ਦਾ ਬੰਦੋ ਬਸਤ ਕਰੇ।"

ਇਸ ਰਾਇ ਨੂੰ ਸਭਨਾਂ ਪਸੰਦ ਕੀਤਾ, ਉਸੇ ਵੇਲੇ ਇਤਲਾਹ ਦੇਣ ਲਈ, ਸ੍ਰੀ ਮਾਨ ਬਾਬਾ ਲਖਾ ਸਿੰਘ ਜੀ ਸੂਬਾ ਲੁਦੇਹਾਣੇ ਨੂੰ ਟੁਰ ਪਏ। ਬਹੁਤ ਸਾਰੀਆਂ ਹੋਰ ਪੰਥਕ ਵਿਚਾਰਾਂ ਮਗਰੋਂ ਦਰਬਾਰ ਬਰਖਾਸ਼ਤ ਹੋ ਗਿਆ।

੬.

"ਸਾਹਬਸਿੰਘ ਜੀ, ਲਖਾਸਿੰਘ ਜੀ ਅਜੇ ਨਹੀ ਆਏ ?"

ਸ੍ਰੀ ਗੁਰੂ ਜੀ ਕਿਹਾ

Sri Satguru Jagjit Singh Ji Elibrary NamdhariElibrary@gmail.com

"ਨਹੀ ਪਾਤਸ਼ਾਹ, ਪਤਾ ਲਗਾ ਏ ਕਿ ਓਹਨਾਂ ਨੂੰ ਓਥੇ ਹੀ ਗ੍ਰਿਫਤਾਰ ਕਰ ਲਿਆ ਏ।"

"ਏਹ ਤੇ ਸਾਨੂੰ ਪਹਿਲਾਂ ਹੀ ਅਸੈਂਦ ਸੀ ਉਸ ਦਿਨ ਮਲੋਦ ਗਲੀਂ ਗਲੀਂ ਗੋਰੇ ਵੀ ਦਸ ਹੀ ਦਿਤਾ ਸੀ"

"ਹਾਂ, ਜਿਲੇ ਦੀਆਂ ਗਲਾਂ ਤੋਂ ਵੀ ਏਹੀ ਨਤੀਜਾ ਨਿਕਲਦਾ ਸੀ ਕਿ ਏਹ ਸਾਡੇ ਕੋਲੋਂ ਡਾਢੇ ਹੀ ਡਰੇ ਹੋਏ ਨ"

"ਸਾਡੀ ਮਨਸ਼ਾ ਤਾਂ ਕਿਸੇ ਨੂੰ ਡਰਾਣ ਦੀ ਨਹੀ ਅਤੇ ਨਾ ਹੀ ਕਿਸੇ ਤੋਂ ਡਰਨ ਦੀ ਹੀ ਏ ਪਰ ਏਹਨਾਂ ਨੂੰ ਏਹਨਾਂ ਦਾ ਆਪਣਾਂ ਪਾਲਾ ਏ ਪਿਆ ਮਾਰਦਾ ਏ। ਆਂਹਦੇ ਨੇ ਓਨਾਂ ਸ ਸਵਾਰ ਦਾ ਡਰ ਨਹੀ ਜਿਨਾਂ ਆਪਣੀ ਕ੍ਰਤੂਤ ਦਾ ਹੁੰਦਾਏ।"

"ਸਚ ਏ,ਪਾਤਸ਼ਾਹਾ"

ਸਚੇ ਪਾਤਸ਼ਾਹ ਜੀ, ਭਾਈ ਲਾਲ ਸਿੰਘ ਜੀ ਸਿਆੜ ਵਾਲੇ ਆਏ ਹਨ ਅਤੇ ਦਰਸ਼ਨ ਕਰਨਾਂ ਚਾਹਦ ਹਨ ਬਾਬਾ ਭਗਵਾਨਸਿੰਘ ਜੀ ਨੇ ਅਰਜ ਕੀਤੀ।

"ਓਹਨਾ ਨੂੰ ਸਾਡੇ ਕੋਲ ਭੇਜ ਦੇਵੋ ਅਸੀਂ ਤੇ ਅਗੇ ਹੀ ਉਡੀਕ ਰਹੇ ਸਾਂ"

"ਸਤਿ ਬਚਨ ਦੀਨਾ ਨਾਥ"

ਭਾਈ ਲਾਲਸਿੰਘ ਜੀ ਆਕੇ ਚਰਨਾਂ ਤੇ ਨਮਸ਼ਕਾਰ ਕਰਕੇ ਇਸ਼ਾਰਾ ਪਾਕੇ ਇਕ ਪਾਸੇ ਬੈਠ ਜਾਂਦੇ ਹਨ। ਭਾਈ ਹੋਰੀਂ ਡਾਢੇ ਹੈਰਾਨ ਪ੍ਰੇਸ਼ਾਨਜੇਹੇ ਹੋਏ ਹੋਏ ਹਨ। ਚੇਹਰਾ ਉਤ੍ਰਿਗਿਆ ਏ। ਮੂੰਹ ਤੇ ਹਵਾਈਆਂ ਉਡ ਰਹੀਆਂ ਹਨ।

"ਆਓ ਭਾਈ ਲਾਲ ਸਿੰਘ ਜੀ, ਅਸੀਂ ਤੇ ਤੁਹਾਡੀ ਉਡੀਕ ਵਿਚ ਹੀ ਬੈਠ ਹੋਏ ਸਾਂ। ਸੁਣਾਓ ਕੋਟਲੇ ਦੀ ਕੋਈ ਖਬਰ! ਮੇਰੇ ਲਾਡਲਿਆਂ ਨਾਲ ਕਿਵੇਂ ਬੀਤੀ ?" ਸ੍ਰੀ ਗੁਰੂ ਜੀ ਕਿਹਾ। "ਦੀਨ ਦਯਾਲ ਕੀ ਅਰਜ ਕਰਾਂ, ਮੈ ਜੋ ਕੁਝ ਡਿਠਾ ਏ ਓਹ ਡਾਢਾ ਭਿਆਨਕ ਏ। ਅਤੀ ਦਰਦਨਾਕ ਏ। ਮਨੁਖਤਾ ਦੇ ਨਾਉਂ ਨੂੰ ਕਲੰਕਤ ਕਰਨ ਵਾਲਾ ਕਾਰਨਾਮਾ ਏ।"

"ਫਿਰ ਵੇ, ਧੀਰਜ ਕਰਕੇ, ਸਬਰ ਕਰਕੇ, ਭਾਣਾ ਮੰਨਦੇ ਹੋਏ ਜੋ ਕੁਝ ਡਿਠਾ ਏ, ਜਰਾ ਸੁਣਾਓ ਤੇ ਸਹੀ ?"

"ਦੀਨ ਦਯਾਲ, ਆਪ ਜੀ ਦੇ ਹੁਕਮ ਅਨੁਸਾਰ ਮੈ ਜਟ ਦਾ ਸਾਂਗ ਧਾਰਕ ਭਾਂਡੇ ਖ੍ਰੀਦਨ ਦੇ ਬਹਾਨੇ ਕੋਟਲੇ ਗਿਆ ਸਾਂ, ਅਗੇ ਬਾਜਾਰ ਵਿਚ ਸਿੰਘਾਂਦੀਆਂ ਚਾਰ ਲੋਥਾਂ ਪਈਆਂ ਸਨ। ਜ਼ਖਮ ਏਨੇ ਸਨ ਕਿ ਮੈ ਠੀਕ ਠੀਕ ਪਛਾਣ ਵੀ ਨਹੀ ਸਕਿਆ ਜੋ ਓਹ ਕੇਹੜੇ ਕੇਹੜੇ ਸਿੰਘ ਸਣ। ਫਿਰ ਮੈ ਬਹੁਤ ਸਾਰੇ ਲੋਕੀਂ ਰਕੜ ਵਲ ਜਾਂਦੇ ਡਿਠੇ। ਮੈ ਪੁਛਿਆ ਸੁਣਾਓ ਬਈ ਓਥੇ ਅਜ ਕੋਈ ਮੇਲ ਏ ? ਅਗਾਂ ਲੋਕਾਂ ਕਹਿਆ ਤੈਨੂੰ ਨਹੀ ਪਤਾ ਅਜ ਕੂਕਿਆਂ ਨੂੰ ਤੋਪਾਂ ਨਾਲ ਉਡਾਣਾ ਨ ਅਸੀ ਤਮਾਸ਼ਾ ਵੇਖਣ ਜਾ ਰਹੇ ਹਾਂ। ਚਲ ਤੂੰ ਵੀ ਵੇਖਿ ਆ। ਆਹ! ਚਿੜੀਆਂ ਦੀ ਮੌਤ ਅਤੇ ਗਵਾਰਾਂ ਦਾ ਹਾਸਾ, ਵਾਲੀ ਗਲ ਸੀ। ਕਿਸੇ ਦੀ ਜਾਨ ਦੇ ਲਾਲੇ ਸਨ ਕਿਸੇ ਦੇ ਭਾ ਦਾ ਤਮਾਸ਼ਾ ਸੀ। ਕਿਸੇ ਮਾਂ ਦੇ ਪੁਤ੍ਰ ਨੇ ਤੂੰਬੇ ਤੂੰਬੇ ਹੋਕੇ ਉਡਣਾ ਸੀ, ਕਿਸੇ ਦੇ ਭਾ ਦੀ ਖੇਡ ਸੀ। ਦੀਨਦਯਾਲ ਤੇਰੀਆਂ ਤੂਹੰ ਜਾਣੇ। ਮੈ ਲੋਕਾਂ ਦੇ ਨਾਲ ਰਕੜ ਵਿਚ ਜਾ ਰਿਹਾ। ਸਿੰਘਾਂ ਦੇ ਹਥ ਕੜੀਆਂ ਤੇ ਬੇੜੀਆਂ ਲਗੀਆਂ ਹੋਈਆਂ ਸਨ। ਪਛੋਂ ਦੀ ਠੰਢੀ ਵਾ ਵਿਚੋਂ ਨਿਕਲਦੀ ਚੀਰਦੀ ਜਾ ਰਹੀ ਸੀ। ਲੋਕਾਂ ਦੇ ਦੰਦ ਵਜ ਰਹੇ ਸਨ,ਪਰ ਤੇਰੇ ਧਰਮੀ ਜੋਧੇ ਅਡੋਲ ਸਨ,ਅਚਲ ਸਨ। ਅਹਿੱਲ ਸਨ। ਬੇ ਪ੍ਰਵਾਹ ਸਨ। ਚੇਹਰਿਆਂ ਤੇ ਲਾਲੀਆਂ ਭਖਦੀਆਂ ਸਨ। ਮਨ ਸ਼ੁਕਰਾਨੇ ਨਾਲ ਭਰਪੂਰ ਸਨ। ਓਹ ਇੰਵ ਬੇ

Sri Satguru Jagjit Singh Ji Elibrary NamdhariElibrary@gmail.com

ਪ੍ਰਵਾਹ ਬੈਠੇ ਹੋਏ ਸਨ ਜਿਵੇਂ ਕੋਈ ਗਲ ਹੋਈ ਹੀ ਨਹੀਂ। ਦੁਆਲੇ ਫੌਜੀ ਸਿਖਾਂ ਦਾ ਪਹਿਰਾ ਸੀ। ਸਿੰਘ ਕੀਰਤਨ ਕਰ ਰਹੇ ਸਨ ਜਦ ਮੈਂ ਗਿਆ ਸਾਂ ਓਦੋਂ ਏਹ ਸਬਦ ਪੜ੍ਹਿਆ ਜਾ ਰਿਹਾ ਸੀ–

"ਅਪਨੇ ਸੇਵਕ ਕੀ ਆਪੇ ਰਾਖੈ ਆਪੇ ਨਾਮ ਜਪਾਵੈ। ਜਹ ਜਹ ਕਾਜ ਕਿਰਤ ਸੇਵਕ ਕੀ ਤਹਾ ਤਹਾ ਉਠ ਧਾਵੈ। ਸੇਵਕ ਕਉ ਨਿਕਟੀ ਹੋਇ ਦਿਖਾਵੈ। ਜੋ ਜੋ ਕਹੈ ਠਾਕੁਰ ਪਹਿ ਸੇਵਕ ਤਤਕਾਲ ਹੋਇ ਆਵੈ। ਤਿਸ ਸੇਵਕ ਕੰ ਹਉ ਬਲਿਹਾਰੀ ਜੋ ਅਪਨੇ ਪ੍ਰਭ ਭਾਵੈ। ਤਿਸਕੀ ਸੋਇ ਸੁਣੀ ਮਨੁ ਹਰਿਆ ਤਿਸੁ ਨਾਨਕ ਪਰਸਣਿ ਆਵੈ।"

ਇਸਤੋਂ ਮਗਰੋਂ ਸਭਨਾ ਨੇ ਡਾਢੇ ਪਯਾਰ ਵਿਚ, ਡਾਢੇ ਵੈਰਾਗ ਵਿਚ, ਵੀਰ ਰਸ ਪੂਰਤ ਜੋਸ਼ ਵਾਲੇ ਭਾਵ ਵਿਚ ਫਿਰ ਏਹ ਪੜ੍ਹਿਆ–

"ਦੇਹ ਸਿਵਾ ਬਰ ਮੋਹਿ ਇਹੈ ਸੁਭ ਕਰਮਨ ਤੇ ਕਬਹੂ ਨ ਟਰੋਂ। ਨ ਟਰੋਂ ਕਬਹੂ ਅਰ ਸੋਂ ਜਬ ਜਾਇ ਲਰੋਂ ਨਿਸਚੈ ਕਰ ਅਪਨੀ ਜੀਤ ਕਰੋਂ। ਅਰੁ ਸਿਖਹੀ ਹੌ ਅਪਨੇ ਮਨਕੋ ਏਹ ਲਾਲਚ ਹੌ ਗੁਨ ਤਉ ਉਚਰੋਂ। ਜਬ ਅਯੁ ਕੀ ਔਧਨਿ ਦਾਨ ਬਨੈ ਅਤਿ ਹੀ ਰਨ ਮੈ ਤਬ ਜੂਝ ਮਰੋਂ॥"

ਤੋਪਾਂ ਤਿਆਰ ਖਲੋਤੀਆਂ ਸਨ। ਨਾਭਾ, ਪਟਿਆਲਾ. ਜੀਂਦ, ਕੋਟਲੇ ਦੀਆਂ ਫੌਜਾਂ ਫਾਰਮ ਸਨ। ਸਿਪਾਹੀ ਸਿੰਘ ਸਨ। ਕੋਲ ਲੁਦੇਹਾਨੇ ਵਾਲਾ ਜਿਲ੍ਹਾ ਗੋਰਾ ਖਲੋਤਾ ਸੀ। ਤ੍ਰਾਹ ਤ੍ਰਾਹ ਮਚੀ ਹੋਈ ਸੀ। ਦੋ ਮਾਈਆਂ ਤੇ ਦੇ ਬਚੇ ਨਾਲ ਸਨ। ਬਹੁਤ ਸਾਰੇ ਰਬਦੇ ਭੈ ਵਾਲੇ ਨਰਮ ਦਿਲ ਲੋਕੀ ਤਾਂ ਹਾਹਾ ਕਾਰ ਕਰ ਰਹੇ ਸਨ। ਡਰ ਸਹਿਮ ਅਜੇਹਾ ਸੀ ਕੋਈ ਉਚੀ ਸਾਹ ਨਹੀ ਸੀ ਲੈਂਦਾ। ਏਨੇ ਗੋਰੇ ਸਿੰਘਾਂ ਨੂੰ ਕਿਹਾ ਤਿਆਰ ਹੋ ਜਾਓ। ਸਿੰਘ ਤਾਂ ਪਹਿਲਾਂ ਹੀ ਤਿਆਰ ਸਨ। ਸਾਰੇ ਉਠ ਖਲੋਤੇ। ਅਰਦਾਸ ਸ਼ੁਰੂ ਹੋ ਗਈ। ਭਾਈ ਹੀਰਾਸਿੰਘ ਜੀ ਨੇ ਡਾਢੇ ਪਯਾਰ ਵਿਚ ਅਰਦਾਸ ਕੀਤੀ। ਜਿਸਨੂੰ ਸੁਣਕੇ ਪਥਰ ਦਿਲ ਵੀ ਧਾਹੀਂ ਮਾਰ ਉਠੇ। ਜਿਸਦਾ ਕੁਝ ਕੁਝ ਭਾਵ ਏਹ ਸੀ–––––ਦੀਨ ਦਯਾਲ, ਅਸੀਂ ਨਾਚੀਜ ਬੰਦੇ, ਗਊ ਗ਼ੀਬ ਅਤੇ ਦੇਸ, ਧਰਮ ਤੋਂ ਸ਼ਹੀਦ ਹੋਣ ਲਗੇ ਹਾਂ। ਸਾਡੇ ਦਿਲ ਵਿਚ ਆਪਣੀ ਮਾੜ੍ਹੀ ਭੂਮੀ ਦੀ ਅਜ਼ਾਦੀ ਦੀ ਲਗਨ ਸੀ। ਭਾਰਤ ਦੀ ਸੁਤੰਤ੍ਰਤਾ ਦੀ ਉਮੰਗ ਸੀ। ਅਸੀਂ ਜਨਨੀ ਜਨਮ ਭੂਮੀ ਨੂੰ ਗੁਲਾਮੀ ਦੇ ਬੰਧਨਾ ਵਿਚ ਬਧੀ ਹੋਈ ਨਹੀ ਸਾਂ ਵੇਖ ਸਕਦੇ। ਅਸੀਂ ਗਊ ਗ਼ੀਬ ਦਾ ਦੁਖ ਨਹੀ ਸਾਂ ਝਲ ਸਕਦੇ। ਇਸੇ ਅਪ੍ਰਾਧ ਖਾਤ੍ਰ ਅਜ ਅਸੀਂ ਤੋਪਾਂ ਨਾਲ ਉਡਣ ਲਗੇਹਾਂ। ਨਾਥ! ਸਾਡੇ ਅੰਗ ਸੰਗ ਰਹਿਨਾ ਆਪਣੇ ਚਰਨਾਂ ਦੀ ਪ੍ਰੀਤ ਬਖਸ਼ਣੀ। ਜਿਸ ਅਜ਼ਾਦੀ ਦੀ ਵੱਲ ਨੂੰ ਅਸੀਂ ਆਪਣੀ ਸ਼ਾਹ ਰਗ ਦਾ ਖੂੰਨ ਪਾਕੇ ਬੀਜਣ ਲਗੇ ਹਾਂ ਇਸਨੂੰ ਮੁਰਝਾਣ ਨਾ ਦੇਣਾਂ। ਸਮੇ ੨ ਸਿਰ ਭਾਰਤ ਦੇ ਸਪੁਤ੍ਰਾਂ ਨੂੰ ਪ੍ਰੇਰਕੇ ਇਸਦੀ ਪਾਲਣਾਂ ਕਰਵਾਂਦਿਆਂ ਰਹਿਣਾਂ। ਜਦੋਂ ਤੂੰ ਆਵੇਂ ਅਸੀ ਤੇਰੇ ਨਾਲ ਆਵੀਏ। ਸਾਡੇ ਅਜ਼ਾਦ ਭਾਰਤ ਤੇ ਕਦਮ ਟਿਕਣ। ਗਊ ਗ਼ੀਬ ਦੇ ਦੁਖ ਦੂਰ ਹੋਏ ਹੋਏ ਹੋਣ। ਰਾਮ ਰਾਜ ਦੀ ਸਥਾਪਨਾਂ ਹੋਈ ਹੋਈ ਹੋਵੇ। ਬਸ ਏਹੋ ਸਾਡੀ ਮੰਗ ਏ, ਈਹੋ ਸਾਡੀ ਅਰਦਾਸ ਏ"

ਇਸ ਅਰਦਾਸ ਨੂੰ ਸੁਣ ਪਥਰ ਪੰਘਰ ਗਏ। ਗਦਾਰੰਵੀ ਰੋ ਉਠੇ ਫਿਰ ਸ੍ਰ: ਹੀਰਾਸਿੰਘ ਜੀ ਗੋਰੇ ਨੂੰ ਆਖਣ ਲਗੇ ਕਿ–"ਖਬਰ ਦਾਰ ਜੇ ਸਾਨੂੰ ਕਿਸੇ ਹਥ ਲਾਯਾ। ਅਸੀਂ ਆਪਣੇ ਆਪ ਹੀ ਤੋਪਾਂ ਅਗੇ ਆ ਖਲੋਯਾ ਕਰਾਂਗੇ" ਇਸ ਗਲ ਨੂੰ

Sri Satguru Jagjit Singh Ji Elibrary NamdhariElibrary@gmail.com

ਗੋਰੇ ਪ੍ਰਵਾਨ ਕਰ ਲਿਆ। ਤੋਪ ਤਿਆਰ ਹੋਈ। ਸਭਤੋਂ ਪਹਿਲਾਂ ਮਸਤਾਨਿਆਂ ਦੇ ਜਥੇਦਾਰ ਸ੍ਰਦਾਰ ਹੀਰਾਸਿੰਘ ਜੀ ਅਗੇ ਵਧੇ—ਸੂਰਾ ਸੋ ਪਹਿਚਾਨੀਐ ਜੋ ਲਰੈ ਦੀਨ ਕੇ ਹੇਤ। ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤ—ਪੜ੍ਹਦੇ ਹੋਏ ਅਗੇ ਜਾ ਖਲੋਤੇ। ਗਜਕੇ ਆਖਣ ਲਗੇ "ਲਓ ਬਈ ਤੁਹਾਡੇ ਦਿਲ ਵਿਚ ਏਹ ਗੁਮਾਨ ਨਾ ਰਹਿ ਜਾਇ ਕਿ ਅਸੀਂ ਏਹਨਾਂ ਨੂੰ ਮਾਰਨ ਲਗੇ ਹਾਂ। ਨਹੀਂ ਸਭ ਮੇਰੇ ਗੁਰੂ ਜੀ ਦੀ ਕਾਰ ਏ, ਓਸਦੇ ਆਪਣੇ ਚੋਜ ਹਨ। ਓਹਦੇ ਹੁਕਮ ਅਨੁਸਾਰ ਹੀ ਸਭ ਕੁਝ ਹੋਣਾਂ ਏ।" ਤ੍ਰੈਵਾਰ ਤੋਪ ਲਾਈ ਪਲੀਤਾ ਚਟ ਗਈ, ਨਾਂ ਹੀ ਚਲ ਸਕੀ। ਲੋਕੀ ਆਂਹਦੇ ਸਨ ਕਿ ਜੇ ਤ੍ਰੈਵਾਰ ਤੋਪ ਨਾ ਚਲੇ ਫਿਰ ਨਹੀ ਸਨ ਚਲਾਂਦੇ, ਫਿਰ ਓਸ ਆਦਮੀ ਨੂੰ ਛਡ ਦਿੰਦੇ ਸਨ। ਏਹ ਕਾਨੂੰਨ ਸੀ, ਸਭ ਨੂੰ ਆਸ ਸੀ ਕਿ ਭਾਈ ਹੀਰਾ ਸਿੰਘ ਜੀ ਨੂੰ ਹੁਣ ਨਹੀਂ ਸ਼ਹੀਦ ਕੀਤਾ ਜਾਵੇਗਾ ਪਰ ਏਥੇਤਾਂ ਕਾਨੂੰਨ ਦਾ ਪਾਜ ਉਘੜਨਾ ਸੀ। ਚੌਥੀ ਵਾਰ ਸ੍ਰਦਾਰ ਨੇ ਕਿਹਾ 'ਲੈ ਬਈ ਤੁਸੀਂ ਵੀ ਝੂਠੇ ਤੁਹਾਡਾ ਕਾਨੂੰਨ ਵੀ ਝੂਠਾ ਹੁਣ ਤੋਪ ਚਲਾਓ ਹੁਣ ਮੇਰੇ ਸਤਿ-ਗੁਰੂ ਜੀ ਦਾ ਹੁਕਮ ਹੈ' ਚੌਥੀ ਵਾਰ ਫੇਰ ਤੋਪ ਚਲੀ ਸਿੰਘ ਹੁਰਾਂ ਦਾ ਸ੍ਰੀਰ ਉਡਾਕੇ ਲੈਗਈ। ਕਲਾ ਕਲਾ ਅੰਗ ਜਮੀਨ ਤੇ ਹੋ ਗਿਰਿਆ। ਸੀਸ ਕਾਫੀ ਉਚਾ ਹੋਕੇ ਡਿਗਯਾ। ਵੇਖਣ ਵਾਲੇ ਰੋ ਉਠੇ ਕਈ ਆਂਹਦੇ ਸਨ ਕਿ ਹੁਣ ਬਾਕੀਦੇ ਮਾਫੀ ਮੰਗਕੇ ਛੁਟ ਜਾਣਗੇ ਪਰ ਅਜੇਹਾ ਨਾ ਹੁੰਦਾ ਵੇਖਕੇ ਕਈ ਕਮਜੋਰ ਦਿਲ ਵਾਲੇ ਦਰਸ਼ਕ ਓਥੇ ਨਾ ਖਲੋ ਸਕੇ। ਇਸੇਤ੍ਹਾਂ ਵਾਰੋ ਵਾਰੀ ਸਿੰਘ ਪ੍ਰਸੰਨਤਾ ਨਾਲ ਤੋਪਾਂ ਅਗੇ ਔਂਦੇ ਰਹੇ ਅਤੇ ਸ਼ਹੀਦੀਆਂ ਪਾਂਦੇ ਰਹੇ ਭਾਈ ਹਰਨਾਮਸਿੰਘ ਜੀ ਧਮੋਟ ਵਾਲੇ ਜਿੰਨਾ ਨੂੰ ਅਜੇ ੮ ਦਿਨ ਭਜਨ ਪੁਛਿਆਂ ਹੋਏ ਸਨ, ਜਿੰਨਾਂ ਨੇ ਅਜੇ ਅੰਮ੍ਰਤ ਨਹੀ ਸੀ ਛਕਿਆ। ਓਹਨਾ ਦੀ ਵਾਰੀ ਵੀ ਤ੍ਰੈਵਾਰ ਤੋਪਨਾ ਚਲੀ। ਜਦ ਭਾਈ ਵਰਜਾਮਸਿੰਘ ਜੀ ਮਰਾਝ (ਫੁਲ—ਮਰਾਝ) ਵਾਲਿਆਂ ਦੀ ਵਾਰੀ ਆਈ ਤਦ ਭਾਢੀ ਹੀ ਅਸਚਰਜ ਕਾਰ ਵਰਤੀ। ਭਾਈ ਵਰਿਆਮ ਸਿੰਘ ਜੀ ਠਾਜਿਆਂ ਦੇ ਭਾਈ ਚਾਰੇ ਵਿਚੋਂ ਸਨ। ਆਲ੍ਹਾ ਖਾਨ ਦਾਨ ਦੇ ਸ੍ਰਦਾਰ ਸਨ। ਏਹਨਾਂ ਦੇ ਪਿਛਲਿਆਂ ਨੂੰ ਜਦ ਏਹਨਾਂ ਦੀ ਗ੍ਰਿਫਤਾਰੀ ਦਾ ਪਤਾ ਲਗਾ ਤਾਂ ਓਹਨਾਂ ਗੋਰੇ ਨੂੰ ਬੜੀ ਵਡੀ ਸ਼ਿਫਾਰਸ਼ ਆਂਦੀ। ਪਟਿਆਲੇ ਦੇ ਤੋਪ ਖਾਨੇ ਦੇ ਅਫਸਰ ਏਹਨਾਂ ਦੇ ਰਿਸ਼ਤੇਦਾਰ ਸਨ। ਓਹ ਵੀ ਏਹਨਾਂ ਦੀ ਰਿਹਾਈ ਦਾ ਜਤਨ ਕਰ ਰਹੇ ਸਨ। ਜਦ ਭਾਈ ਵਰਿਆਮਸਿੰਘ ਜੀ ਤੋਪ ਅਗੇ ਆਏ ਤਾਂ ਗੋਰੇ ਨੇ ਗੋਲੰਦਾਜ ਦੇ ਕੰਨ ਵਿਚ ਕੁਝ ਕਿਹਾ ਗੋਲੰਦਾਜ ਨੇ ਤੋਪ ਚਲਾਣ ਤੋਂ ਇਨਕਾਰ ਕਰਦਿਆਂ ਹੋਇਆਂ ਕਿਹਾ ਕਿ ਵਰਿਆਮਸਿੰਘ ਦਾ ਕਦ ਮਧਰਾ ਏ ਇਸ ਲਈ ਤੋਪਦੀ ਸਿਸਤ ਨਹੀ ਬਝਦੀ। ਗੋਰੇ ਕਿਹਾ ਚੰਗਾ ਇਸਨੂੰ ਛਡ ਦਿਓ। ਭਾਈ ਵਰਿਆਮਸਿੰਘ ਜੀ ਕਿਹਾ 'ਕਿਉਂ? ਮੈ ਕੀ ਜੁਰਮ ਕੀਤਾਏ ਮੈ ਸਿੰਘਾਂ ਦੇ ਨਾਲ ਸਾਂ ਅਤੇ ਨਾਲ ਹੀ ਰਹਿਨਾਂ ਚਾਹਦਾ ਹਾਂ ਮੇਰੇ ਤੇ ਰਹਿਮ ਕਰਕੇ ਮੈਨੂੰ ਸਾਥ ਨਾਲੋਂ ਨ ਵਿਛੋੜੋ, ਗੋਲੰਦਾਜ ਕਿਹਾ 'ਤੇਰਾ ਕਦ ਮਧਰਾਏ॥ ਸਿਸਤ ਨਹੀ ਲਗਦੀ'। ਕੋਲ ਕਚੀਆਂ ਇਟਾਂ ਦੀ ਢੇਰੀ ਪਈ ਸੀ ਭਾਈ ਹੋਰੀਂ ਓਥੋਂ ਦੋ ਵਡੇ ਢੇਲੇ ਚੁਕਕੇ ਤੋਪ ਅਗੇ ਪੈਰਾਂ ਹੇਠ ਲੈਕੇ ਖਲੋ ਗਏ ਅਤੇ ਆਖਣ ਲਗੇ—ਲਓ ਹੁਣ ਤੇ ਨਿਸ਼ਾਨਾਂ ਠੀਕ ਲਗੇਗਾ ਨਾ। ਮੇਰੇ ਤੇ ਰਹਿਮ ਕਰਕੇ ਮੈਨੂੰ ਸਚ ਖੰਡ ਜਾਣਤੋਂ ਨ ਰੋਕੋ। ਵੇਖਣ ਵਾਲੇ ਅਸ਼ ਅਸ਼

Sri Satguru Jagjit Singh Ji Elibrary NamdhariElibrary@gmail.com

ਕਰ ਉਠੇ। ਤੋਪ ਚਲੀ ਅਤੇ ਭਾਈ ਹੋਰਾਂ ਦੇ ਤੁੰਬੇ ਤੁੰਬੇ ਕਰਦੀ ਲਗੀ ਗਈ।

ਬਹੁਤੀ ਦਰਦਨਾਕ ਮੌਤ ਭਾਈ ਬਿਸ਼ਨ ਸਿੰਘ ਜੀ ਤੇ ਹਰਨਾਮ ਸਿੰਘ ਜੀ ਰੜ ਵਾਲਿਆਂ ਦੀ ਹੋਈ। ਏਹ ਦੋਵੇ ੧੨–੧੪ ਸਾਲੇ ਭੁਜੰਗੀ ਸਨ। ਜਦ ਓਹਨਾਂ ਨੂੰ ਤੋਪ ਅਗੇ ਖਲਾਰਿਆ ਗਿਆ ਤਦ ਲੋਕੀਂ ਧਾਹੀਂ ਮਾਰ ਰੁੰਨੇ। ਸਾਰੇ ਰੌਲਾ ਪੈ ਗਿਆ ਕਿ ਏਹਨਾਂ ਮਾਸੂਮਾਂ ਕਿਸੇ ਦਾ ਕੀ ਵਗਾੜਿਆ ਏ। ਸਾਰੇ ਲੋਕੀਂ ਗੋਰੇ ਨੂੰ ਤੇ ਬਿਲਿਆਂ ਦੇ ਰਾਜ ਨੂੰ ਫਟਕਾਰਾਂ ਪਏ ਪਾਣ ਪਰ ਏਹ ਜ਼ੁਰਤ ਕਿਸੇ ਦੀ ਨ ਪਏ ਜੋ ਕੋਈ ਆਖੇ ਕਿ ਏਹਨਾਂ ਨੂੰ ਛਡ ਦਿਓ। ਪਤਾ ਨਹੀ ਗੋਰੇ ਦੀ ਮੇਮ ਦੇ ਦਿਲ ਵਿਚ ਕੀ ਖਯਾਲ ਆਯਾ। ਓਹ ਓਹਨਾਂ ਦੇ ਭੋਲੇ ਭਾਲੇ ਅਤੇ ਸੁੰਦ ਚੇਹਰੇ ਤਕ ਬੋਲੀ "ਸਾਹਬ! ਏਹਨਾਂ ਤੇਰਾ ਕੀ ਗੁਆਇਆ ਏ? ਏਹਨਾਂ ਨੂੰ ਨਾਂ ਮਾਰ। ਛਡ ਦੇਹ" ਗੋਰੇ ਕਿਹਾ ਜੇ ਏਹ ਆਖ ਦੇਣ ਕਿ ਅਸੀਂ (ਗੁਰੂ) ਰਾਮ ਸਿੰਘ ਦੇ ਸਿਖ ਨਹੀ ਤਦ ਛੋੜਿਆ ਜਾ ਸਕਦਾ ਏ। ਮੇਮ ਨੇ ਦੋਹਾਂ ਭ੍ਰਾਵਾਂ ਦੇ ਕੋਲ ਹੋਕੇ ਕਿਹਾ:–ਵੈਲ ਲੜਕੋ ਤੁਮ ਕਹਿਨੇ ਸਕਣਾ ਹਮ ਰਾਮ ਸਿੰਘ ਕੇ ਸਿਖ ਨਹੀਂ, ਹਮ ਤੁਮਕੋ ਛੋੜਨੇ ਸਕਣਾ ਮਾਂਗਣ"ਮੇਮ ਦੀ ਏਹ ਗਲ ਸੁਣਕੇ ਦੋਏ ਬਚੇ ਧਾਹੀਂ ਮਾਰ ਉਠੇ। ਓਹਨਾਂ ਦੀ ਮਾਤਾ, ਮਾਈ ਖੇਮ ਕੌਰ ਜੀ ਓਥੇ ਹੀ ਸ਼ਹੀਦਾਂ ਦੇ ਵਿਚ ਹੀ ਖਲੋਤੀ ਕੜਕ ਕੇ ਸਿੰਘਣੀ ਵਾਂਗ ਗਰਜਕੇ ਬੋਲੀ–ਗੀਦੀਤ, ਮੇਰੀ ਕੁਲ ਨੂੰ ਕਲੰਕ ਲਾਣ ਵਾਲਿਓ, ਸਿੰਘਣੀ ਦਾ ਸੀਰ ਪੀਕੇ ਇੰਵ ਮੌਤ ਤੋਂ ਡਰਦੇ ਪਏ ਰੋਂਦੇ ਓ। ਮੈ ਤੁਹਾਡਾ ਮੂਹ ਵੇਖਣਾਂ ਵੀ ਪਸੰਦ ਨਹੀਂ ਕਰਾਂਗੀ, ਮੇਰੇ ਪੁਤ੍ਰ ਜੇ ਤਾਂ ਸਿਧੇ ਮਥੇ ਮਰਕੇ ਭ੍ਰਾਵਾਂ ਨਾਲ ਰਲੋ। ਔਹ ਤਕੋ ਸੂਦਾਰ ਹੀਰਾ ਸਿੰਘ ਜੀ ਤੁਹਾਨੂੰ ਉਡੀਕ ਰਹੇ ਜੇ ਔਹ ਵੇਖੋ ੧੨ ਪਾਤਸ਼ਾਹ ਤੁਹਾਡੇ ਲਈ ਫੁਲਾਂ ਦੇ ਹਾਰ ਲਈ ਖਲੋਤੇ ਜੇ, ਔਹ ਝਾਕੋ ਤੁਹਾਡੇ ਪਿਤਾ, ਮੇਰੇ ਪਯਾਰੇ ਪਤੀ ਤੁਹਾਨੂੰ ਉਡੀਕ ਦੇ ਜੇ ਪਏ। ਜਾਓ ਦ੍ਰਸ਼ਨ ਕਰੋ, ਅਤੇ ਅਮਰ ਪਦਵੀ ਹਾਸਲ ਕਰੋ।

ਓਹਨਾ ਕਿਹਾ– ਮਾਤਾ ਜੀ, ਅਸੀਂ ਇਸ ਲਈ ਨਹੀਂ ਰੋਂਦੇ ਕਿ ਸਾਨੂੰ ਕੋਈ ਮੌਤ ਦਾ ਭੈ ਏ, ਨਹੀਂ ਸਗੋਂ ਅਸੀਂ ਤੇ ਇਸ ਲਈ ਰੋਂਦੇ ਹਾਂ ਕਿ ਮਤਾਂ ਇਹ ਜ਼ਾਲਮ ਸਾਨੂੰ ਸਾਡੇ ਸਾਥ ਨਾਲੋਂ ਨਾਂ ਵਿਛੋੜ ਦੇਣ। ਜਿਵੇਂ ਸਾਨੂੰ ਗੁਰੂ ਨਿੰਦਾ ਕੰਨੀ ਸੁਣਨੀ ਪਈਏ, ਇਵੇਂ ਕੁਝ ਹੋਰ ਵੀ ਨਾ ਹੋ ਜਾਵੇ। ਮਾਤਾ ਜੀ ਤੁਸੀਂ ਡਰੋ ਨਾ ਅਸੀਂ ਸਾਥ ਤੋਂ ਵਿਛੜਕੇ ਜੀਉਣ ਨੂੰ ਚੰਗਾ ਨਹੀ ਸਮਝ ਸਕਦੇ।

ਮਾਤਾ ਕਿਹਾ "ਸਾਬਾਸ਼ ਬੇਟਾ, ਧਰਮ ਪਿਛੇ ਮਰਨਾ ਸਦਾ ਦੀ ਜਿੰਦਗੀ ਹਾਸਲ ਕਰਨਾ ਏ। ਜਨਨੀ ਜਨਮ ਭੂਮੀ ਤੋਂ ਮੂਹ ਮੋੜਕੇ ਜੀਉਣ ਵਾਲਾ ਪਾਪੀ ਕੁਤੇ ਦੀ ਮੌਤ ਮਰਦਾ ਏ ਅਤੇ ਉਸਨੂੰ ਨਰਕ ਵਿਚ ਵੀ ਢੋਈ ਨਹੀਂ ਮਿਲਦੀ।"

ਭਾਈ ਬਿਸ਼ਨ ਸਿੰਘ ਜੀ, ਸਾਹਿਬ ਨੂੰ ਕਿਹਾ ਗਲ ਸੁਨ, ਜਦ ਸਾਹਿਬ ਝੁਕ ਕੇ ਕੰਨ ਨੇੜੇ ਕਰਕੇ ਗਲ ਸੁਣਨ ਲਗਾ ਤਦ ਸਾਹਿਬ ਦੀ ਵਧੀ ਹੋਈ ਦਾਹੜੀ ਸਿੰਘ ਬਚੇ ਨੇ ਅਜੇਹੀ ਫੜੀ ਜੋ ਗੋਰੇ ਦੀ ਜਾਨ ਕਾਗਸੇ ਆ ਗਈ। ਜਦ ਦੂਜਿਆਂ ਦੇ ਜੋਰ ਲਾਨ ਤੇ ਵੀ ਆਪ ਨੇ ਨਾ ਛਡੀ ਤਦ ਕੋਲ ਖਲੋਤੇ ਗਦਾਰ, ਗੀਦੀ ਗੁਲਾਮਾਂ ਨੇ ਤਲਵਾਰ ਨਾਲ ਭਾਈ ਬਿਸ਼ਨ ਸਿੰਘ ਜੀ ਦੇ ਦੋਏ ਹਥ ਵਢ ਘਤੇ। ਫਿਰ ਦੋਹਾਂ ਦੇ ਸਿਰ ਤਲਵਾਰ ਨਾਲ ਧੜ ਨਾਲੋਂ ਜੁਦੇ ਕਰ ਦਿਤੇ ਗਏ। ਬਸ ਇਸ

Sri Satguru Jagjit Singh Ji Elibrary NamdhariElibrary@gmail.com

ਤੋਂ ਮਗਰੋਂ ਓਥੇ ਕੋਈ ਵੀ ਨਾਂ ਠਹਿਰ ਸਕਿਆ ਸਭ ਡਰਦੇ ਮਾਰੇ ਦਹਿਲੇ ਹੋਏ ਘਰਾਂ ਨੂੰ ਟੁਰ ਆਏ।

ਅਸਮਾਨ ਦਾ ਰੰਗ ਲਾਲ ਹੋ ਗਿਆ ਸੀ। ਅਤੇ ਸੂਰਜ ਦਾ ਤੇਜ ਘਟ ਚੁਕਾ ਸੀ। ਅੰਧਕਾਰ ਜਿਹਾ ਫੈਲ ਗਿਆ ਸੀ। ਦਿਨੇ ਹੀ ਰਾਤ ਪਈ ਜਾਪਦੀ ਸੀ। ਇਸ ਲਈ ਤੋਪ ਚਲਣੀ ਬੰਦ ਹੋ ਗਈ ਸੀ। ਨਾਲੇ ਪਤਾ ਲਗਾ ਸੀ ਕਿ ਅੰਬਾਲੇ ਵਾਲੇ ਵਡੇ ਗੋਰੇ ਦੀ ਚਿਠੀ ਆਈ ਸੀ, ਜਿਸ ਨੂੰ,ਕਿ ਮੇਰੇ ਔਂਦਿਆਂ ਤੀਕ ਕਿਸ ਨੂੰ ਮਾਰੀਂਨਾਂ। ਓਸ ਚਿਠੀ ਦੀ ਕੋਈ ਪ੍ਰਵਾਹ ਨਾ ਕਰਦਿਆਂ ਏਹ ਸਾਕਾ ਵਰਤਾਯਾ ਸੀ। ਰਾਤੀਂ ਸਾਰੇ ਸਿੰਘ ਉਸੇ ਥਾਂ ਹੀ ਪਹਿਰੇ ਵਿਚ ਰਖੇ ਗਏ। ਆਂਹਦੇ ਸਨ ਏਹਨਾਂ ਨੂੰ ਕੱਲ੍ਹ ਦਿਨੇ ਸ਼ਹੀਦ ਕਰਨ ਗੇ। ਏਹ ਹੈ ਕੋਟਲੇ ਦਾ ਹਾਲ ਸਾਰਾ ਜੋਹੜਾ ਮੈ ਅਖੀਂ ਵੇਖ ਆਯਾ ਹਾਂ।"

ਸਾਹਬਾਂ ਦੇ ਨੇਤ੍ਰਾਂ ਵਿਚੋਂ ਨਾਲੇ ਜਲ ਜਾ ਰਿਹਾ ਏ ਅਤੇ ਨਾਲੇ ਬਚਨ ਕਰ ਰਹੇ ਹਨ ਕਿ—ਭਾਈ ਲਾਲਸਿੰਘਾ ਤੋਪਾਂ ਚਲਦੀਆਂ ਤਾਂ ਉਸ ਦਿਨ ਮੈ ਸਿਆੜ੍ਹ ਭਾਈ ਵਸਾਵਾਸਿੰਘ ਜੀ ਦੇ ਘਰ ਬੈਠਿਆਂ ਹੀ ਸੁਣ ਲਈਆਂ ਸਨ। ਮੈਨੂੰ ਤੇ ਉਸੇ ਦਿਨ ਪਤਾ ਲਗ ਗਿਆ ਸੀ। ਕਿ ਏਹ ਮੇਰੇ ਲਾਡਲਿਆਂ ਤੇ ਹੀ ਚਲਾਈਆਂ ਜਾ ਰਹੀਆਂ ਹਨ। ਧੰਨ ਹਨ ਉਹ ਸਿਦਕੀ ਜੋਹੜੇ, ਦੇਸ਼ ਤੋਂ, ਧਰਮ ਤੋਂ, ਕੌਮ ਤੋਂ, ਮਰਕੇ ਪਾਪਰਾਜ ਦੀਆਂ ਜੜ੍ਹਾਂ ਖੋਖਲੀਆਂ ਕਰ ਗਏ ਹਨ। ਮੈਨੂੰ ਓਹਨਾਂ ਤੋਂ ਏਹੀ ਆਸ ਸੀ। ਏਹੀ ਅਮੈਦ ਸੀ। ਏਹੀ ਭਰੋਸਾ ਸੀ, ਧੰਨ ਸਿਖੀ! ਧੰਨ ਸਿਦਕ !! ਧੰਨ ਸ਼ਹੀਦੀ !!!

੨.

"ਦੀਨ ਦਯਾਲ ਸਾਹਨੇ ਵਾਲੀਆ ਥਾਨੇ ਦਾਰ ਹਜੂਰ ਨੂੰ ਮਿਲਣਾਂ ਚਾਂਹਦਾ ਏ" ਬਾਬਾ ਸਾਹਬਸਿੰਘ ਜੀ ਨੇ ਅਰਜ ਕੀਤੀ।

"ਨਿਰਬਾਣ ਸਿੰਘ ਜੀ! ਸਾਨੂੰ ਪਤਾ ਏ, ਜਿਸ ਵੇਲੇ ਦੀ ਅਸੀਂ ਉਡੀਕ ਕਰ ਰਹੇ ਸਾਂ ਓਹ ਆਪੁਜਾ ਏ। ਫਿਰਵੀ ਜਾਓ ਪੁਛ ਆਓ ਕਿ ਕੀ ਕੰਮ ਨੇ ?" ਸ੍ਰੀ ਗੁਰੂ ਜੀ ਕਿਹਾ।

"ਸਚੇ ਪਾਤਸ਼ਾਹ ਜੀ, ਮੈਂ ਪਹਿਲਾਂ ਹੀ ਪੁਛ ਆਯਾ ਹਾਂ ਓਸ ਕਿਹਾ ਏ ਕਿ ਹਜ਼ੂਰ ਨੂੰ ਸਾਹਬ ਨੇ ਲੁਦੇਹਾਣੇ ਦੂਸ਼ਨ ਦੇਣ ਲਈ ਕਿਹਾ ਏ। ਮੈਨੂੰ ਪਤਾ ਲਗਾ ਏ ਕਿ ਲਾਣੇਂ ਬਹੁਤ ਸਾਰੀ ਫੌਜ ਖਲੋਤੀ ਹੋਈ ਏ, ਉਸਨੂੰ ਥਾਨੇਦਾਰ ਨਾਲ ਨਹੀਂ ਲਿਆਯਾ"

"ਹਾਂ ਠੀਕ ਏ, ਫਿਰਤਿਆਰ ਹੋ ਜਾਣਾਂ ਚਾਹੀਦਾ ਏ। ਬਾਬਾ ਜਵਾਹਰਸਿੰਘ ਜੀ ਤੇ ਕਾਨ੍ਹਸਿੰਘ ਜੀ ਨਿਹੰਗ, ਅਤੇ ਆਪ ਨੂੰ ਤੇ ਅਸੀਂ ਨਾਲ ਲੈ ਚਲਾਂ ਗੇ ਬਾਕੀ ਸੂਬੇ ਮਗਰੋਂਆ ਜਾਣ ਗੇ। ਸਾਡੇ ਨਾਲ ਸੇਵਾ ਨੂੰ ਕੌਣਜਾਏਗਾ?-

"ਸ੍ਰੀ ਗੁਰੂ ਬੋਲੇ ਹੈ ਕੋ ਸਿੰਘ। ਚਾਲੇ ਜੋ ਅਬ ਹਮਰੇ ਸੰਗ। ਮਹਾਰਾਜ ਛੋਟੇ ਤਬ ਕਹੇ। ਦਾਸ ਪ੍ਰਭੂ ਜੀ ਹਾਜਰ ਅਹੇ। ਬੋਲੇ ਤੁਮ ਪੀਛੇ ਸਭ ਸਾਰਾ। ਈਹਾਂ ਰਾਖੋ ਭਲੀ ਪ੍ਰਕਾਰਾ। ਕਰੀਜੋ ਭਜਨ ਕਰਾਵੋ ਔਰਨ। ਬਿਨਾ ਨਾਮ ਕਾਹੂ ਕੋਊ ਠੌਰਨ। ਸਾਰ ਸਮਾਲ ਰਖੋ ਸਭ ਸੰਗਤ। ਇਤ ਦਰਦੀ ਹੋਵੈ ਲਖ ਮੰਗਤ। ਤੁਮ ਨਿਰਭੈ ਬੈਠੋ ਨਿਗਮਾਂ। ਬੀਚ ਭਜਨ ਕਾਟੋ ਕਿਛ ਸਮਾ। ਗੁਰੂ ਗ੍ਰੰਥ ਕਰਵਾਵੋ ਪਾਠ। ਸਦ ਅਟਲਾ ਸਾਚੇ ਕੋ ਠਾਟ।

(ਸ੍ਰੀ ਸਤਿਗੁਰੂ ਬਿਲਾਸ ਕ੍ਰਿਤ ਸੰਤ ਧਿਆਨ ਸਿੰਘ ਜੀ, ਅਪ੍ਰਕਾਸ਼ਤ)

"ਨਾਨੂੰ ਸਿੰਘ ਕਿਥੇਹੈ, ਅਸੀ ਉਸਨੂੰ ਨਾਲ ਲਜਾਵਾਂ ਗੇ। ਨਾਨੂੰ ਸਿੰਘ ਨੂੰ ਨਾਲ ਰਖਣ ਦਾ ਸਾਡਾ ਪੁਰਾਣਾਂ ਇਕਰਾਰ ਏ।

"ਜਿਵੇਂ ਹੁਕਮ ਦੀਨਾ ਨਾਥ"

Sri Satguru Jagjit Singh Ji Elibrary NamdhariElibrary@gmail.com

NamdhariElibrary@gmail.com
Sri Satguru Jagjit Singh Ji Elibrary

ਤੋਂ ਮਗਰੋਂ ਓਥੇ ਕੋਈ ਵੀ ਨਾਂ ਠਹਿਰ ਸਕਿਆ ਸਭ ਡਰਦੇ ਮਾਰੇ ਦਹਿਲੇ ਹੋਏ ਘਰਾਂ ਨੂੰ ਟੁਰ ਆਏ।

ਅਸਮਾਨ ਦਾ ਰੰਗ ਲਾਲ ਹੋ ਗਿਆ ਸੀ। ਅਤੇ ਸੂਰਜ ਦਾ ਤੇਜ ਘਟ ਚੁਕਾ ਸੀ। ਅੰਧਕਾਰ ਜਿਹਾ ਫੈਲ ਗਿਆ ਸੀ। ਦਿਨੇ ਹੀ ਰਾਤ ਪਈ ਜਾਪਦੀ ਸੀ। ਇਸ ਲਈ ਤੋਪ ਚਲਣੀ ਬੰਦ ਹੋ ਗਈ ਸੀ। ਨਾਲੇ ਪਤਾ ਲਗਾ ਸੀ ਕਿ ਅੰਬਾਲ ਵਾਲੇ ਵਡੇ ਗੋਰੇ ਦੀ ਚਿਠੀ ਆਈ ਸੀ, ਜਿਲੇ ਨੂੰ,ਕਿ ਮੇਰੇ ਆਂਦਿਆਂ ਤੀਕ ਕਿਸ ਨੂੰ ਮਾਰੀਂਨਾਂ। ਓਸ ਚਿਠੀ ਦੀ ਕੋਈ ਪ੍ਰਵਾਹ ਨਾ ਕਰਦਿਆਂ ਏਹ ਸਾਕਾ ਵਰਤਾਯਾ ਸੀ। ਰਾਤੀਂ ਸਾਰੇ ਸਿੰਘ ਉਸੇ ੜ੍ਹਾਂ ਹੀ ਪਹਿਰੇ ਵਿਚ ਰਖੇ ਗਏ। ਆਂਹਦੇ ਸਨ ਏਹਨਾਂ ਨੂੰ ਕੱਲ੍ਹ ਦਿਨੇ ਸ਼ਹੀਦ ਕਰਨ ਗੇ। ਏਹ ਹੈ ਕੋਟਲੇ ਦਾ ਹਾਲ ਸਾਰਾ ਜੋਹੜਾ ਮੈ ਅਖੀਂ ਵੇਖ ਆਯਾ ਹਾਂ।"

ਸਾਹਬਾਂ ਦੇ ਨੇੜ੍ਹਾਂ ਵਿਚੋਂ ਨਾਲੇ ਜਲ ਜਾ ਰਿਹਾ ਏ ਅਤੇ ਨਾਲੇ ਬਚਨ ਕਰ ਰਹੇ ਹਨ ਕਿ—ਭਾਈ ਲਾਲਸਿੰਘਾ ਤੋਪਾਂ ਚਲਦੀਆਂ ਤਾਂ ਉਸ ਦਿਨ ਮੈ ਸਿਆੜ੍ਹ ਭਾਈ ਵਸਾਵਾਸਿੰਘ ਜੀ ਦੇ ਘਰ ਬੈਠਿਆਂ ਹੀ ਸੁਣ ਲਈਆਂ ਸਨ। ਮੈਨੂੰ ਤੇ ਉਸੇ ਦਿਨ ਪਤਾ ਲਗ ਗਿਆ ਸੀ। ਕਿ ਏਹ ਮੇਰੇ ਲਾਡਲਿਆਂ ਤੇ ਹੀ ਚਲਾਈਆਂ ਜਾ ਰਹੀਆਂ ਹਨ। ਧੰਨ ਹਨ ਉਹ ਸਿਦਕੀ ਜੋਹੜੇ, ਦੇਸ਼ ਤੋਂ, ਧਰਮ ਤੋਂ, ਕੌਮ ਤੋਂ, ਮਰਕੇ ਪਾਪਰਾਜ ਦੀਆਂ ਜੜ੍ਹਾਂ ਖੋਖਲੀਆਂ ਕਰ ਗਏ ਹਨ। ਮੈਨੂੰ ਓਹਨਾਂ ਤੋਂ ਏਹੀ ਆਸ ਸੀ। ਏਹੀ ਅਮੈਦ ਸੀ। ਏਹੀ ਭਰੋਸਾ ਸੀ, ਧੰਨ ਸਿਖੀ! ਧੰਨ ਸਿਦਕ !! ਧੰਨ ਸ਼ਹੀਦੀ !!!

੭.

"ਦੀਨ ਦਯਾਲ ਸਾਹਨੇ ਵਾਲੀਆ ਥਾਨੇ ਦਾਰ ਹਜੂਰ ਨੂੰ ਮਿਲਣਾਂ ਚਾਂਹਦਾ ਏ" ਬਾਬਾ ਸਾਹਬਸਿੰਘ ਜੀ ਨੇ ਅਰਜ ਕੀਤੀ।

"ਨਿਰਬਾਣ ਸਿੰਘ ਜੀ! ਸਾਨੂੰ ਪਤਾ ਏ, ਜਿਸ ਵੇਲੇ ਦੀ ਅਸੀਂ ਉਡੀਕ ਕਰ ਰਹੇ ਸਾਂ ਓਹ ਆਪੁਜਾ ਏ। ਫਿਰਵੀ ਜਾਓ ਪੁਛ ਆਓ ਕਿ ਕੀ ਕੰਮ ਨੇ ?" ਸ੍ਰੀ ਗੁਰੂ ਜੀ ਕਿਹਾ।

"ਸਚੇ ਪਾਤਸ਼ਾਹ ਜੀ, ਮੈਂ ਪਹਿਲੇ ਹੀ ਪੁਛ ਆਯਾ ਹਾਂ ਓਸ ਕਿਹਾ ਏ ਕਿ ਹਜ਼ੂਰ ਸਾਹਬ ਨੇ ਲੁਦੇਹਾਣੇ ਦੂਸ਼ਨ ਦੇਣ ਲਈ ਭੇਜਾ ਏ। ਮੈਨੂੰ ਪਤਾ ਲਗਾ ਏ ਕਿ ਲਾਣੇਂ ਬਹੁਤ ਭਾਰੀ ਫੌਜ ਖਲੋਤੀ ਹੋਈ ਏ, ਉਸਨੂੰ ਥਾਨੇ ਤੁਹਾਰ ਨਾਲ ਨਹੀਂ ਲਿਆਯਾ"

"ਹਾਂ ਠੀਕ ਏ, ਫਿਰਤਿਆਰ ਹੋ ਜਾਣਾਂ ਚਾਹੀਦਾ ਏ। ਬਾਬਾ ਜਵਾਹਰਸਿੰਘ ਜੀ ਤੇ ਕਾਨੂੰਸਿੰਘ ਜੀ ਨਿਹੰਗ, ਅਤੇ ਆਪ ਨੂੰ ਤੇ ਅਸੀਂ ਨਾਲ ਲੈ ਚਲਾਂ ਗੇ ਬਾਕੀ ਸੂਬੇ ਮਗਰੋਂਆ ਜਾਣ ਗੇ। ਸਾਡੇ ਨਾਲ ਸੇਵਾ ਨੂੰ ਕੌਣਜਾਏਗਾ?-

"ਸ੍ਰੀ ਗੁਰੂ ਬੋਲੇ ਹੈ ਕੋ ਸਿੰਘ। ਚਾਲੇ ਜੋ ਅਬ ਹਮਰੇ ਸੰਗ। ਮਹਾਰਾਜ ਛੋਟੇ ਤਬ ਕਹੇ। ਦਾਸ ਪ੍ਰਭੂ ਜੀ ਕਾਮਲ ਅਹੈ। ਬੋਲੇ ਤੁਮ ਪੀਛੇ ਸਭ ਸਾਰਾ। ਈਹਾਂ ਰਾਖੋ ਭਲੀ ਪ੍ਰਕਾਰਾ। ਜਤੀਜੋ ਭਜਨ ਕਰਾਵੋ ਔਰਨ। ਬਿਨਾ ਨਾਮ ਕਾਹੂ ਕੋਊ ਠੌਰਨ। ਸਾਰ ਸਮਾਲ ਰਖੋ ਸਭ ਸੰਗਤ। ਇਤ ਦਰਦੀ ਹੋਵੈ ਲਖ ਮੰਗਤ। ਤੁਮ ਨਿਰਭੈ ਬੈਠੋ ਨਿਗਮਾਂ। ਬੀਚ ਭਜਨ ਕਾਟੋ ਕਿਛ ਸਮਾ। ਗੁਰੂ ਗ੍ਰੰਥ ਕਰਵਾਵੋ ਪਾਠ। ਸਦ ਅਟਲਾ ਸਾਚੇ ਕੋ ਠਾਟ।

(ਸ੍ਰੀ ਸਤਿਗੁਰੂ ਬਿਲਾਸ ਕ੍ਰਿਤ ਸੰਤ ਧਿਆਨ ਸਿੰਘ ਜੀ, ਅਪ੍ਰਕਾਸ਼ਤ)

"ਨਾਨੂੰ ਸਿੰਘ ਕਿਥੇਹੈ, ਅਸੀ ਉਸਨੂੰ ਨਾਲ ਲਜਾਵਾਂ ਗੇ। ਨਾਨੂੰ ਸਿੰਘ ਨੂੰ ਨਾਲ ਰਖਣ ਦਾ ਸਾਡਾ ਪੁਰਾਣਾਂ ਇਕਰਾਰ ਏ।

"ਜਿਵੇਂ ਹੁਕਮ ਦੀਨਾ ਨਾਥ"

Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji Elibrary
NamdhariElibrary@gmail.com

Sri Satguru Jagjit Singh Ji Elibrary NamdhariElibrary@gmail.com

"ਪਾਤਸ਼ਾਹ, ਆਪ ਬਸਤ੍ਰ ਬਦਲ ਲਓ ਆਗਯਾ ਕਰੋ ਬਨਾਤ ਦਾ ਓਹ ਚੋਗਾ ਲਿਆਵਾਂ ਜੋ ਮਹਾਰਾਣਾ ਨੈਪਾਲ ਨੇ ਹਜ਼ੂਰ ਦੀ ਭੇਟਾ ਕੀਤਾ ਏ, ਜਾਂ ਖੀਨ ਖਾਫ਼ ਦਾ ਲਿਆਵਾਂ ਕੇਹੜਾ ਸਜਾਓਗੇ ?" ਸ੍ਰੀ ਗੁਰੂ ਜੀ ਸੁਣਕ ਚੁਪ ਹੋ ਗਏ, ਬੜਾ ਚਿਰ ਸੋਚ ਸੋਚਕੇ ਬੋਲੇ:-

"ਨਿਰਬਾਣ ਸਿੰਘ ਜੀ ! ਬਨਾਤ ਤੇ ਖੀਨ ਖਾਫ ਦੇ ਚੋਗੇ ਸੰਦੂਕਾਂ ਵਿਚ ਪਏ ਰਹਿਣ ਦਿਓ। ਹੁਣ ਏਹਨਾਂ ਦੀ ਲੋੜ ਨਹੀਂ। ਗੁਰੂ ਪਹਿਨਾਏਗਾ ਤਾਂ ਉਸੇ ਦਿਨ ਪਹਿਨਾਂਗੇ ਜਿਸ ਦਿਨ ਧਰਮ ਦੀ ਸਥਾਪਨਾ ਹੋ ਜਾਇਗੀ। ਜਿਸ ਦਿਨ ਪਾਪ ਰਾਜ ਦਾ ਨਾਸਹੋ ਜਾਇਗਾ। ਜਿਸ ਦਿਨ ਭਾਰਤ ਸੁਤੰਤ੍ਰ ਹੋ ਜਾਇਗਾ। ਜਿਸ ਦਿਨ ਗਊ ਗ਼ੀਬ ਦੇ ਗਲੋਂ ਛੁਰੀ ਲਹਿ ਜਾਇਗੀ। ਜਿਸ ਦਿਨ ਫਿਰ ਇਸ ਰਾਮਦਾਸ ਪੁਰੇ ਅਤੇ ਇਸ ਸਾਧ ਸੰਗਤ ਦ ਦ੍ਰਸ਼ਨ ਹੋਣਗੇ। ਹੁਣ ਤੇ ਓਹ ਕੇ ਝਲ ਲਿਆਓ ਜੋ ਉਸ ਦਿਨ ਇਕ ਮਾਈ ਸ਼ਰਧਾ ਭਾਵਨੀ ਨਾਲ ਲਿਆਈ ਸੀ। ਦੁਸ਼ਾਲੇ ਪਏ ਰਹਿਣ ਦੇ। ਦਸਰੀਆਂ ਧਰੀਆਂ ਰਹਿਣ ਦੇ। ਅਜ ਕੰਬਲੀਦੀ ਦਸਤ ਰ ਸਜਾਵਾਂਗੇ ਅਤੇ ਕੰਬਲੀਹੀ ਉਤੇ ਲਵਾਂਗੇ। ਅਜ ਅਸਾਂ ਕੁਝ ਚਿਰ ਲਈ ਇਸ ਸਾਧ ਸੰਗਤ ਤੋਂ ਵਖ ਹੋਣਾਏ ਜਿਸ ਬਿਨਾਂ ਇਕ ਖਿਨ ਦਿਕ ਪਲ, ੫੦ ਵਰੇ ਲਗਦੇ ਸਨ। ਅਜ ਅਸਾਂ ਪਯਾਰੇ ਪਿਤਾ ਨੂੰ ਫਿਰ ਰੋਂਦਿਆਂ ਛਡਕੇ ਟੁਰਨਾ ਏ, ਜੇਹੜਾ ਅਗੇ ਇਕ ਵਾਰੀ ਸਾਡੇ ਵਯੋਗ ਵਿਚ ਪ੍ਰਾਣ ਗੁਆ ਚੁਕਾ ਏ। ਅਜ ਅਸਾਂ ਉਸ ਸਾਧ ਸੰਗਤ ਨੂੰ ਰੋਂਦਿਆਂ ਛਡਣਾਏਂ ਜੋ ਸਾਨੂੰ ਪ੍ਰਾਣਾਂ ਤੋਂ ਵਧੀਕ ਪਯਾਰੀ ਅਤੇ ਪੁਤਾਂ ਤੋਂ ਵਧ ਲਾਡਲੀ ਏ,ਜਿਸਦਾ ਵਿਛੋੜਾ, ਸਾਡੇ ਲਈ ਮਹਾਂ ਦੁਖ ਦਾਈ ਏ, ਅਸੈਹ ਏ, ਅਕੈਹ ਏ," ਫਿਰ, ਸ੍ਰੀ ਗੁਰੂ ਹਰੀ ਸਿੰਘ ਜੀ ਨੂੰ ਸੰਬੋਧਨ ਕਰਕੇ ਬਚਨ ਕੀਤਾ----"ਭਾਈ ਬੁਧ ਸਿੰਘ ਜੀ, ਮੈ ਹੁਣ ਪ੍ਰਦੇਸ ਗਵਨ ਕਰਨਾ ਏ। ਬਹੁਤ ਸਾਰੇ ਜੀਵ ਟਾਪੂਆਂ ਵਿਚ ਦ੍ਰਸ਼ਨ ਲਈ ਅਰਜੋਈਆਂ ਕਰ ਰਹੇ ਹਨ, ਓਹਨਾਂ ਦੀ ਭਾਵਨਾ ਪੂਰਨ ਕਰਨ ਸਾਨੂੰ ਓਥੇ ਜਾਣਾਂ ਪੈਣਾ ਏਂ। ਅਜ ਓਹ ਸਮਾਂ ਆ ਗਿਅ ਏ। ਮੇਰੇ ਮਗਰੋਂ ਮੇਰੀ ਇਸ ਕਾਰ ਦੀ ਜੁੰਮੇਵਾਰੀ ਤੁਹਾਡੇ ਹੀ ਸਿਰਏ। ਤੁਸਾਂ ਹੀ ਇਸ ਸੰਗਤ ਨੂੰ ਧੀਰਜ ਬੰਧਾਣੀਏ, ਅਤੇ ਸੰਭਾਲ ਕਰਨੀ ਏਂ।"

ਏਹ ਬਚਨ ਸੁਣਕੇ ਗੁਰੂ ਹਰੀ ਸਿੰਘ ਜੀ ਚਰਨਾਂ ਤੇ ਡਿਗਕੇ ਧਾਹੀਂ ਮਾਰ ਰੋ ਉਠੇ। ਨਾਲੇ ਵੈਰਾਗ ਕਰ ਰਹੇ ਹਨ ਅਤੇ ਨਾਲੇ ਅਰਜਾਂ ਕਰ ਰਹੇ ਹਨ:-

"ਦੀਨ ਦਯਾਲ ਤੇਰੀ ਏਹ ਸੰਗਤ ਵਿਛੋੜੇ ਦਾ ਦੁਖ ਝਲਣ ਜੋਗੀ ਨਹੀ, ਮੇਹਰ ਕਰ ਅਤੇ ਏਸਦੀ ਸਾਰ ਸੰਭਾਲਣਾਂ ਤੂੰ ਆਪ ਹੀ ਕਰ ! ਤੂੰ ਏਥੇ ਰਹਿ, ਮੈ ਤਰੇ ਥਾਂ ਪ੍ਰਦੇਸ ਜਾਂਦਾ ਹਾਂ, ਓਥੇ ਦੀਆਂ ਸੰਗਤਾਂ ਅਗੇ ਹਥ ਜੋੜਕੇ, ਗਲ ਵਿਚ ਪਲਾ ਪਾ ਕੇ, ਚਰਨੀ ਸਿਰ ਰਖਕੇ ਅਰਜ ਕਰਾਂਗਾ ਕਿ ਸਾਡੇ ਹਾਲਤੇ ਰਹਿਮ ਕਰਕੇ ਅਜੇ ਸਚੇ ਪਾਤਸ਼ਾਹ ਨੂੰ ਏਧਰ ਨਾ ਸਦੋ। ਅਜੇ ਸੰਗਤ ਇੰਵਾਣੀਏਂਅਜੇਏਹਪੰਥਕ ਬੂਟਾ ਮਛੋਹਰ ਏ, ਨੰਨ੍ਹਾ ਏ। ਯਤੀਮਏ। ਮੇਹਰ ਕਰਕੇ ਸਾਡੇਗ਼ੀਬਾਂ ਦੇ ਸਦਕੇ,ਆਪਣੇ ਕਿਸੇ ਪਯਾਰੇ ਦੇ ਸਦਕੇ ਆਪਣੇ ਕਿਸੇ ਆਪਣੇ ਦੇ ਸਦਕੇ, ਇਸਦੀ ਦੇਖ ਭਾਲ ਤੂੰ ਆਪ ਕਰ, ਇਸਦੀ ਪ੍ਰਵਰਸ਼ ਕਰ, ਇਸਦੇ ਸਿਰ ਤੇ ਹਥ ਰਖ। ਮੈ ਹੁਣੇ ਗੋਰੇ ਕੋਲ ਜਾਂਦਾ ਹਾਂ ਅਤੇ ਜਾਕੇ ਆਖਦਾਹਾਂ ਕਿ ਪਾਤਸ਼ਾਹ ਬੇ ਖਬਰ ਹਨਚਿਹਨਾਂ ਨੂੰ ਕੋਈ ਪਤਾ ਨਹੀਂ ਕਸੂਰ ਮੇਰਾ ਏ। ਮਸਤਾਨੇ ਮੈ ਟੋਰੇ ਹਨ। ਬੁਚੜ ਮੈ ਮਰਵਾਏ ਹਨ। ਰੋਲਾ ਮੈ ਪਾਯਾ ਏ, ਇਸਦੀ ਸਜਾ ਮੈਨੂੰ ਕਲੇ ਨੂੰ

Sri Satguru Jagjit Singh Ji Elibrary NamdhariElibrary@gmail.com

ਹੀ ਮਿਲਣੀ ਚਾਹੀਦੀ ਏ। ਪਯਾਰੇ ਤੂੰ ਨਾ ਜਾਹ, ਤੇਰੇ ਖਾਤ੍ਰ ਮੈਂ ਆਪਣੇ ਪ੍ਰਾਣਾਂ ਦੀ ਬਲੀ ਦੇ ਸਕਦਾ ਹਾਂ। ਟੋਟੇ ੨ ਹੋ ਸਕਦਾ ਹਾਂ ਪਰ ਤੇਰਾ ਮਹਾਂ ਦੁਖਦਾਈ ਵਿਛੋੜਾ ਸਹਿਨ ਦੀ ਮੇਰ ਵਿਚ, ਤੇਰੇ ਪਯਾਰੇ ਪੰਥ ਵਿਚ, ਤੇਰੀ ਗ਼ੀਬ ਸਾਧ ਸਗਤ ਵਿਚ, ਸ਼ਕਤੀ ਨਹੀ, ਤਾਕਿਤ ਨਹੀ। ਬਸ ਇਕ ਪਾਸੇ ਤੇਰਾ ਵਿਛੋੜਾ ਏ, ਦੂਜ ਪਾਸ ਕਈਆਂ ਦੀ ਮੌਤ ਏ। ਵਿਛੋੜੇ ਦੀ ਅੱਗ ਵਿਚ ਘੁਲ ਘੁਲਕੇ, ਸੜ ਸੜਕੇ, ਜਿੰਦ ਗੁਆਣ ਨਾਲੋਂ, ਬਿਹੋਂ ਦੀ ਚੋਟ ਨਾਲ ਇਕ ਵਾਰ ਮਰਨਾ ਹੀ ਠੀਕ ਏ। ਜ ਏਹ ਨਹੀ ਤਾਂ ਮੈਨੂੰ ਨਾਲ ਲੈ ਚਲੋ, ਮੈ ਆਪ ਦੁਖ ਸਹਿਕੇ ਹਜ਼ੂਰ ਦੇ ਸੁਖ ਦੀ ਬਿਵੱਸਥਾ ਕਰਾਂਗਾ, ਮੈ ਚਰਨ ਧੋਇਆ ਕਰਾਂਗਾ। ਮੁਠੀ ਚਾਪੀ ਕਰਿਆ ਕਰਾਂਗਾ। ਮੈਨੂੰ ਪਤਾ ਲਗਾ ਏ ਕਿ ਆਪ ਭਾਈ ਨਾਨੂ ਸਿੰਘ ਜੀ ਨੂੰ ਨਾਲ ਲੈ ਚਲ ਹੋ। ਮੈ ਓਹਨਾ ਦੇ ਪੈਰੀਂ ਪੈਕੇ ਓਹਨਾਂ ਨੂੰ ਏਥੇ ਰਹਿਣਾਂ ਮਨ ਲਵਾਂਗਾ, ਪਰ ਮੈਨੂੰ ਨਾਲ ਜ਼ਰੂਰ ਲੈ ਚਲੋ। ਨਾਨੂ ਸਿੰਘ ਵੱਡਾ ਭਾਗਾਂ ਵਾਲਾ ਏ, ਇਕ ਅਸੀਂ ਨਭਾਗ ਹਾਂ..." ਬਸ ਇਸ ਤੋਂ ਆਗੇ ਆਪ ਕੁਝ ਨ ਕਹਿ ਸਕੇ ਤੇ ਧੜੰਮ ਕਰਦੇ ਚਰਨਾਂ ਤੇ ਢਹਿ ਪਏ। ਸ੍ਰੀ ਗੁਰੂ ਜੀ ਨਾਲੇ ਆਪਣਾ ਪਯਾਰ ਭਰਿਆ ਹਥ ਕੰਡ ਤੇ ਫੇਰਦੇ ਹਨ। ਨਾਲੇ ਆਂਹਦੇ ਹਨ—

"ਭਾਈ! ਧੀਰਜ ਕਰ, ਸਬਰ ਕਰ, ਕਰਤਾਰ ਦੇ ਰੰਗ ਵੇਖ। ਮੇਰਾ ਪ੍ਰਦੇਸ ਜਾਣਾਂ ਜ਼ਰੂਰੀ ਏ ਇਸਨੂੰ ਕੋਈ ਰੋਕ ਨਹੀ ਸਕਦਾ। ਕੋਈ ਹਟਾ ਨਹੀ ਸਕਦਾ। ਏਹ ਗੋਰਿਆਂ ਦਾ ਤਾਂ ਐਵੇਂ ਇਕ ਵਿਚਕਾਰ ਬਹਾਨਾਂ ਹੀ ਹੈ। ਏਹ ਖੇਲ ਸਭ ਕਰਤਾਰ ਦੀ ਏ, ਮੇਰੇ ਸਤਿਗੁਰੂ ਜੀ ਦੀ ਏ। ਏਹ ਵਿਛੋੜਾ ਸਿਦੀਵੀ ਵਿਛੋੜਾ ਨਹੀ। ਥੋੜੇ ਚਿਰ ਖਾਤ੍ਰ ਹੀ ਹੈ। ਮੇਰੀ ਕਾਰ ਦੀ ਸੰਭਾਲਨਾ ਤੁਹੇਂ ਕਰਨੀ ਏ। ਤੂੰ ਸਿਖੀ ਰੂਪ ਖੇਤੀ ਨੂੰ ਹਰੀ ਰਖਣਾ ਏ। ਮੈ ਤਤੇ ਕੋਲ ਵਸਾਂਗਾ। ਅੰਗ ਸੰਗ ਰਹਾਂਗਾ। ਜਦ ਯਾਦ ਕਰੋਗੇ ਹਾਜਰ ਹੋਵਾਂਗਾ। ਭਾਣਾਂ ਮੰਨੋ ਅਕਾਲ ਦੇ ਕੰਮ ਵਿਚ ਵਿਘਨ ਨ ਪਾਓ। ਇੰਵ ਧਰਮ ਨਹੀਟੁਰ ਸਕੇਗਾ ਇੰਵ ਪਾਪ ਰਾਜ ਦੀਆਂ ਜੜਾਂ ਨਹੀ ਪੁਟੀਆਂ ਜਾ ਸਕਣਗੀਆਂ।" ਅਜੇ ਸਚੇ ਪਾਤਸ਼ਾਹ ਬਚਨ ਕਰ ਹੀ ਰਹੇ ਸਨ ਕਿ ਬਾਬੇ ਕਾਨੂ ਸਿੰਘ ਜੀ ਨੇ ਆਕੇ ਅਰਜ ਕੀਤੀ—"ਗ਼ੀਬ ਨਿਵਾਜ ਜੀ, ਥਾਣੇਦਾਰ ਕਾਹਲੀਆਂ ਪਿਆ ਕਰਦਾ ਏ।"

"ਅਸੀਂ ਤੇ ਭਾਈ ਅਗੇ ਹੀ ਤਿਆਰ ਹਾਂ, ਲਿਆਓ ਨਿਰਬਾਣ ਸਿੰਘ ਜੀ ਕੰਬਲੀ ਲਿਆਓ।"

ਬਾਬਾ ਜੀ ਨੇ ਕੰਬਲੀ ਅਗੇ ਲਿਆ ਰੱਖੀ, ਸਾਹਬਾਂ ਨੇ ਇਕ ਸੀਸ ਤੇ ਸਜਾ ਲਈ ਅਤੇ ਇਕ ਦੁਆਲੇ ਲੈ ਲਈ। ਏਹ ਦ੍ਰਿਸ਼ਜ ਤਕ ਸੰਗਤ ਭੁੱਬਾਂ ਮਾਰ ਰੋ ਉਠੀ। ਬਾਬਾ ਜਸਾ ਸਿੰਘ ਜੀ ਇੰਵ ਬੈਠੇ ਹਨ, ਜਿਵੇਂ ਸ਼ਰੀਰ ਵਿਚ ਪ੍ਰਾਣ ਨਹੀ ਰਹੇ। ਜਿਵੇਂ ਸੋਚ ਸ਼ਰੀਰ ਧਾਰਕੇ ਬੈਠੀ ਹੋਈ ਏ। ਗੁਰੂ ਜੀ ਨੇ ਕੋਲ ਜਾਕੇ ਕਿਹਾ:—

"ਬਾਬਾ ਜੀ ਆਗਯਾ ਬਖਸ਼ੋ"

"ਮੈ ਆਗਯਾ ਬਖਸ਼ਾਂ, ਮੈ ਆਗਯਾ ਦੇਣ ਵਾਲਾ ਕੋਣ ਹੁੰਦਾ ਹਾਂ। ਮੇਰੀ ਜ਼ਬਾਨ ਏਹ ਕਦੀ ਕਹਿ ਸਕਦੀ ਏ ਕਿ ਤੁਸੀਂ ਜਾਓ, ਨਹੀ ਨਹੀ, ਆਪ ਮੇਰੇ ਨਾਲ ਅਗੇ ਵੀ ਇੰਵ ਹੀ ਕੀਤੀ ਸੀ। ਹੁਣ ਫਿਰ ਓਹੋ ਕਰ ਰਹੇ ਹੋ। ਸਾਹਬਾਂ ਕਿਹਾ—"ਕੁਝ ਦਸੋ। ਆਪ ਜੀ ਦੀ ਕੀ ਸੇਵਾ ਕਰਾਂ" ਬਾਬਾ ਜੱਸਾ ਸਿੰਘ ਜੀ ਕਹਿਆ ਜੇ ਤੁੱਠੇ ਹੋ ਤਾਂ ਮੇਰੇ ਚਲਾਣੇ ਵਕਤ ਤੁਸੀਂ ਕੋਲ ਹੋਣਾਂ"

ਗੁਰੂ ਜੀ ਕਿਹਾ "ਏਵੇਂ ਹੀ ਹੋਵੇਗਾ"

Sri Satguru Jagjit Singh Ji Elibrary NamdhariElibrary@gmail.com

ਭਾਈ ਸਾਵਨ ਸਿੰਘ ਜੀ ਦਰੋਗੇ ਨੇ ਅਰਜ ਕੀਤੀ–

"ਦੀਨ ਦਯਾਲ, ਕਾਠੀ ਚੀਨੀ ਤੇ ਪਾਵਾਂ ਜਾਂ ਚੰਬੀ ਤੇ ਜਾਂ ਸੁਰਖੀ ਤੇ ?"

"ਸੋਣ ਸਿੰਘਾ, ਅਜ ਚੀਨੀ ਸੁਰਖੀ ਨੂੰ ਖਲੋਤੀਆਂ ਰਹਿਣ ਦੇ, ਗੁਰੂ ਜੀ ਨੇ ਚੜ੍ਹਾਯਾ ਤਾਂ ਫੇਰਹੀ ਚੜ੍ਹਾਂਗੇ। ਗੁਰਦਿਤ ਸਿੰਘ ਨੂੰ ਆਖ ਗੱਡਾ ਤਿਆਰ ਕਰੇ"

ਗੱਡਾ ਤਿਆਰ ਹੋ ਗਿਆ, ਬਾਬਾ ਜਵਾਹਰ ਸਿੰਘ ਜੀ, ਬਾਬਾ ਕਾਨ੍ਹ ਸਿੰਘ ਜੀ, ਬਾਬਾ ਸਾਹਬ ਸਿੰਘ ਜੀ, ਬਾਬਾ ਨਾਨੂੰ ਸਿੰਘ ਜੀ, ਨਾਲ ਤਿਆਰ ਹੋਏ। ਗੁਰਦੁਆਰੇ ਅਗੇ ਖਲੋਕੇ ਸਾਹਬਾਂ ਅਰਦਾਸ ਕੀਤੀ। ਸੰਗਤ ਅਧੀਰਜ ਹੋ ਉਠੀ। ਹਾਲ ਦਹਾਈ ਮਚ ਗਈ। ਹਜ਼ਾਰਾਂ ਪ੍ਰੇਮੀ ਨਾਲ ਜਾਣ ਲਈ ਗੱਡੇ ਦੇ ਅੱਗੇ ਪੈਣ ਲਗੇ ਸਾਹਬ ਸਭਨਾਂ ਨੂੰ ਧੀਰਜ ਦਿੰਦੇ ਹੋਏ ਹਟਾਂਦੇ ਜਾ ਰਹੇ ਹਨ। ਗੁਰੂ ਹਰੀ ਸਿੰਘ ਜੀ ਚੁਪ ਕੀਤੇ ਇਕ ਪਾਸੇ ਬੈਠੇ ਹਨ। ਢੰਗ ਅਜੇਹਾ ਛਿਕਾ ਪੈ ਗਿਆ, ਜਿਵੇਂ ਹਰੇ ਭਰੇ ਰੁੱਖ ਨੂੰ ਬਿਜਲੀ ਪੈਕੇ ਸਾੜ ਗਈ ਹੋਵੇ। ਸੰਗਤ ਵਿਰਲਾਪ ਕਰ ਰਹੀ ਏ ਕਿ–"ਜਲ ਵਿਨ ਮਛੀ ਜਿੰਦਾ ਰਹਿ ਸਕਦੀ ਏ, ਸਪ ਮਣੀ ਵਿਨਾਂ ਦੀਨ ਦੁਖੀ ਹੋਕੇ ਬਚ ਸਕਦਾਏ ਪਰ ਅਸੀਂ ਪਯਾਰੇ ਸਤਿਗੁਰੂ ਜੀ ਵਿਨਾਂ ਕਿਵੇਂ ਜੀਆਂਗੇ" ਬਾਬਾ ਜਸਾ ਸਿੰਘ ਜੀ ਡਾਢੀ ਚਿੰਤਾ ਜਨਕ ਦਸ਼ਾ ਵਿਚ ਬੈਠੇ ਹਨ। ਸੰਗਤ ਦੁਖੀ ਏ। ਵਲ ਗਲੇ ਵਿਚ ਪਏ ਹੋਏ ਹਨ। ਭੈਣੀ ਸਾਹਬ ਦੀ ਭੂਮੀ ਇੰਵ ਜਾਪਦੀ ਏ ਜਿਵੇਂ ਮਦ ਮਸਤ ਹਾਥੀ ਨੇ ਕਲਪ ਬ੍ਰਿਛ ਆਦਿ ਉਖਾੜਕੇ ਨੰਦਨ ਬਨ ਉਜਾੜ ਦਿਤਾ ਹੋਵੇ। ਸੰਗਤ ਦੇ ਕੰਠ ਸੁਕ ਗਏ। ਬਚਨ ਨਹੀ ਨਿਕਲਦਾ। ਸਭ ਦੇ ਨੇਤ੍ਰਾਂ ਵਿਚੋਂ ਨੀਰ ਦੇ ਫੁਹਾਰੇ ਵਗ ਰਹੇ ਹਨ। ਬਿਖਮ ਜੁਰ ਵਾਂਗ ਸਾਸ ਤੇਜੀ ਨਾਲ ਆ ਰਹੇ ਹਨ। ਜਿਵੇਂ ਪਾਣੀ ਸੁਕ ਜਾਣ ਤੇ ਜਲ ਜੰਤੂ; ਜਿਵੇਂ ਧਰਣੀ ਦੇ ਬਚੇ ਦੇ ਚਹੁੰ ਪਾਸੀਂ ਲਗੀ ਬਣ ਨੂੰ ਅਗ.ਨੀ। ਆਹ ! ਅਜ ਚੀਨੀ, ਸੁਰਖੀ ਦੀ ਵੇਦਨ ਕੌਣ ਅਨੁਭਵ ਕਰੇ। ਅਖੀਆਂ ਵਿਚੋਂ ਨੀਰ ਵਗ ਰਿਹਾ ਏ। ਜਿਨਾਂ ਨੂੰ ਕਦੀ ਕਿਸੇ ਡੈਠਿਆਂ ਨਹੀ ਸੀ ਡਿਠਾ,ਅਜ ਧਰਤੀ ਤੇ ਸਿਰ ਸਟੀ ਪਈਆਂ ਤੜਫੜਾਂਦੀਆਂ ਹਨ:–

"ਗੁਰੂ ਵਯੋਗ ਵਿਕਲ ਪਸੁ ਐਸੇ । ਸੰਗਤ ਭ੍ਰਾਤ ਜੀਅਹਿ ਪਿਤ ਕੈਸੇ ।" ਸ੍ਰੀ ਗੁਰੂ ਹਰੀ ਸਿੰਘ ਜੀ ਬਾਰ ਬਾਰ ਏਹੀ ਏਨਤੀ ਕਰ ਰਹੇ ਹਨ ਕਿ–"ਨਾਥ ਕ੍ਰਿਪਾ ਕਰ ਕੀਜੀਏ ਸੋਈ। ਜਾਂ ਤੇ ਪੰਥ ਅਨਾਥ ਨ ਹੋਈ।"

ਸਾਹਿਬ ਸਭਨਾ ਨੂੰ ਧੀਰਜ ਦਿੰਦੇ ਹੋਏ ਸੰਗਤ ਨੂੰ ਵਾਪਸ ਮੋੜ ਰਹੇ ਹਨ। ਭਾਈ ਲਾਲ ਸਿੰਘ ਜੀ ਰੁਮਟੀ ਵਾਲੇ ਨੂੰ ਗੱਡੇ ਵੇਲ ਸਦਕੇ ਕਿਹਾ ਕਿ "ਭਾਈ ਸਚ ਝੂਠ ਏਵੇਰਾ ਸੁਣੋਗੇ ਪਰ ਯਕੀਨ ਨਾਂ ਕਰਨਾਂ। ਏਹਨਾਂ ਦੇ ਗਿਆਂ ਇਨਾਂ ਧਰਮ ਨਹੀ ਟੁਟਨਾਂ। ਏਹ ਤੁਸਾਂ ਥੀਂ ਜਾਣਗੇ। ਤੁਸ ਮੋਰੇ ਗਏ ਇਨਾਂ ਨਹੀ ਅੱਣੇ। ਮੈ ਰੁਸਾਂ ਨੂੰ ਨਾਲ ਲੈਕੇ ਆਵਾਂਗਾ. ਧੀਰਜ ਰਖਣੀ ਵਿਛੋੜਾ ਥੋੜਾ ਚਿਰ ਹੀ ਹੈ।"

ਦਾਨ ਸਿੰਘ ਜੀ ਗਡੇ ਨਾਲ ਗਏ, ਗੁਰੂ ਜੀ ਕਿਹਾ "ਦਾਨ ਸਿੰਘਾ, ਭਟਨਾ ਨਹੀ, ਘਬਰਾਣਾਂ ਨਹੀ, ਸਾਂਗੇ ਪਿਛੋਂ ਅਸੀਂ ਜਲਦੀ ਹੀ ਆ ਜਾਣਾ ਏਂ। ਭੁਜਨ ਥਣੀ ਤਕੜੇ ਹੋਕੇ ਕਟਨਾਂ, ਜਿਨਾਂ ਚਿਰ ਧਰਮ ਨਹੀ ਟੁਰਦਾ ਏਹ ਦੇਹ ਕਿਤੇ ਜਾ ਨਹੀ ਸਕਦੀ। ਕਲ ਸਵੇਰੇ ੧੧) ਟੁਪਜਾਂ ਦਾ ਕੜਾਹ ਪ੍ਰਸਾਦ ਕਰਕੇ ਸੰਗਤਾਂ ਨੂੰ ਸਵੇਲੇ ਹੀ ਟੋਰ ਦੇਨਾਂ, ਲੁਦੇਹਾਨੇ ਡਾਕ ਈਗਲੇ ਵਿਚ ਜਾ ਉਤਾਰੇ

Sri Satguru Jagjit Singh Ji Elibrary NamdhariElibrary@gmail.com

ਜਾ ਉਤਾਰੇ। ਬਾਬੇ ਬਾਹਰ ਹੀ ਏਠਾਈ ਰਖੇ। ਜਦ ਰਾਤ ਪਈ, ਬੰਗਲੇ ਵਿਚੋਂ ਜੋਰ ਨਾਲ ਅਵਾਜਾਂ ਔਣ ਲਗ ਪਈਆਂ ਕਿ 'ਕੂਕਾ ਭਾਗ ਗਿਆ ਰੇ, ਕੂਕਾ ਭਾਗ ਗਿਆ ਰੇ' ਸਾਰੇ ਟੋਲ ਬੱਕੇ ਕਿਤੇ ਪਤਾ ਨਾਂ ਲਗਾ। ਜਦ ਏਕਕ ਹਾਰ ਗਏ ਤਦ ਇਕ ਪਾਸਿਓਂ ਬਾਣੀ ਦੀ ਧਨੀ ਸੁਣਾਈ ਦਿਤੀ। ਫਿਰ ਇਕ ਪਾਸੇ ਬੈਠੇ ਡਿਠੇ। ਗੋਲਿਆਂ ਦੀ ਮਸਾਂ ਜਾਨ ਵਿਚ ਜਾਨ ਆਈ। ਗੁਰੂ ਜੀ ਕਿਹਾ—"ਬਸ ਏਹੀ ਜੋਰ ਸਾਜੇ, ਏਹ ਮਾਣ ਨ ਕਰਨਾਂ ਕਿ ਅਸੀਂ ਰਾਮ ਸਿੰਘ ਨੂੰ ਵੜ ਲੈ ਚਲੇ ਹਾਂ, ਨਹੀ ਮੇਰੇ ਸਤਿਗੁਰੂ ਜੀ ਦੀ ਦਜਾ ਹੀ ਇੰਵ ਹੈ। ਨਹੀ ਤੇ ਇਸ ਨੂੰ ਫੜਨ ਵਾਲਾ ਕੋਣ ਜੰਮਿਆਂ ਸੀ"—ਗਡਾ ਵਾਪਸ ਕਰ ਦਿਤਾ। ਗੁਰਦਿਤ ਸਿੰਘ ਜੀ ਨੇ ਬੜੀਆਂ ਅਰਜਾਂ ਕੀਤੀਆਂ ਕਿ—ਮੈਨੂੰ ਵੀ ਨਾਲ ਲੈ ਚਲੋ ਪਰ ਪਰਵਾਨ ਕੋਈ ਨ ਹੋਈ—ਮਹੰਤ ਜੀ* ਹੌਕੇ ਤੇ ਹਾਵੇ ਲੈਂਦੇ ਹੋਏ ਗਡਾ ਮੋੜ ਲਿਆਏ।

ਰੰਗ ਰੂਪ ਫਿਕਾ ਪੈ ਗਿਆ। ਜਿਵੇ ਮਾਪੇ ਮਰ ਗਏ ਹੁੰਦੇ ਹਨ। ਮਨ ਵਿਚ ਏੜਾ ਪਛੋ ਤਾਉ ਕਰ ਰਹੇ ਹਨ ਕਿ ਸ੍ਰੀ ਭੈਣੀ ਸਾਹਿਬ ਜਾ ਕੇ ਕੀ ਦਸਾਂਗੇ। ਜਦ ਭੈਣੀ ਸਾਹਬ ਦੀ ਸੰਗਤ ਪੁਛੇਗੀ ਕਿ ਗੁਰੂ ਜੀ ਕਿਥੇ ਹਨ? ਤਦ ਮੈ ਕੀ ਆਖਾਂਗਾ, ਪਦੇਸ ਗਵਨ ਕਰ ਗਏ, ਜਦ ਗੁਰੂ ਜੀ ਇਨਾ, ਸੰਗਤ ਗਡਾ ਔਂਦਾ ਵੇਖੇਗੀ ਤਾਂ ਮੈਨੂੰ ਸ਼ਰਮ ਸਾਰ ਕਰਦੀ ਹੋਈ ਆਖੇਗੀ ਕਿ ਤੂੰ ਜਿਉਂਦਾ ਕਿਵੇਂ ਆ ਗਿਆ। ਆਹ! ਜਦ ਗੁਰੂ ਹਰੀ ਸਿੰਘ ਜੀ ਪੁਛਣਗੇ ਕਿ—ਮੇਰੇ ਪਯਾਰੇ ਕ੍ਰਾਤਾ? ਮੇਰੇ ਲੋਕ ਪ੍ਰਲੋਕ ਦੇ ਵਾਲੀ? ਮੇਤੇ ਸਤਿ-ਗੁਰੂ ਜੀ ਕਿਥੇ ਹਨ? ਮੈ ਕੀ ਜਵਾਬ ਦਿਆਂਗਾ। ਕੇਹੜੇ ਮੂੰਹ ਨਾਲ ਆਖਾਂਗਾ ਕਿ ਰਾਜੀ ਖੁਸ਼ੀ ਛਡਕੇ ਟਰ ਆਇਆ ਹਾਂ। ਜਦੋਂ ਮਹੰਤ ਜੀ ਸ੍ਰੀ ਭੈਣੀ ਸਾਹਿਬ ਪੁਜੇ ਤਾਂ ਸੰਗਤ ਡਾਢੀ ਵਿਆਕੁਲ ਸੀ—

ਚੰਦ ਛਿਪੇ ਜਿਉਂ ਚਕੋਰ ਗਤੀ,
ਤੁਰਫੇ ਸੁ ਮਤੀ ਮਤਿ ਨਾਹ ਟਿਕਾਨੇ।
ਮੀਨ ਬਿਛੋਹ ਜਥਾ ਜਲਕੇ,
ਪਲਕੇ ਪਲ ਮਾਂਹ ਸੁ ਦੇਤ ਪ੍ਰਾਨੇ।
ਘਾਇਲ ਜਿਉਂ ਤਰਫੈ ਰਨ ਮੈ,
ਤਿਮ ਸਿੰਘ ਦੁਖੀ ਮਨ ਮਾਹ ਮਹਾਨੇ।
ਹੈ ਪ੍ਰਤਾਪ ਹਰੀ ਅਤਿ ਪੀਰ ਨ,
ਧੀਰ ਕਛ ਲਗਦੀ ਜਿਸ ਜਾਨੇ।
ਆਰਤ ਨਾਮ ਪੁਕਾਰਤ ਹੀ ਮੁਖ,
ਹੋਤ ਗਦਾ ਗਦ ਵਾਕ ਭੁਲ ਨੇ।
ਜਿਉਂ ਮਣ ਹੀਨ ਭਯੇ ਸੁਫਨੀ,
ਮਿਲਦੀ ਨ ਮਨੀ ਮਨ ਮਾਹ ਮਲਾਨੇ।
ਕਾਮਨ ਕੰਤ ਬਿਨਾ ਬ੍ਰਿਹਾਗਨ,
ਕੀ ਗਤਿ ਨਾਹ ਸੁਹਾਗਨ ਮਾਨੇ।
ਸੋ ਪ੍ਰਤਾਪ ਹਰੀ ਅਤਿ ਪੀਰਨ,
ਧੀਰ ਕਛੂ ਲਗਦੀ ਜਿਸ ਜਾਨੇ।

ਮਹੰਤ ਜੀ ਸੰਗਤ ਵਲ ਤਕ ਅਧੀਰਜ ਹੋ ਉਠੇ। ਸੰਗਤ ਬਾਰ ਬਾਰ ਅਰਜ ਕਰਦੀ ਏ:
"ਗੁਰੂ ਰਾਮ ਸਿੰਘ ਪ੍ਰਾਨ ਪ੍ਰੀਤੇ।"
ਤੁਮ ਬਿਨ ਜੀਯਤ ਬਹੁਤ ਦਿਨ ਬੀਤੇ।
ਸੰਗਤ ਬਾਰ ਬਾਰ ਪੁਛਦੀ ਏ ਕਿ ਗੁਰੂ

* *ਮਹੰਤ ਗੁਰਦਿਤ ਸਿੰਘ ਜੀ ਮੱਰੋਂ ਜਿਲਾ ਜਲੰਧਰ ਦੇ ਵਸਨੀਕ ਟਾਂਕ ਛਤ੍ਰੀ ਜਾਤੀ ਦੇ ਰਤਨ ਸਨ। ਆਪ ਬੜੇ ਗੁਰਮੁਖ ਗੁਰ ਸਿਖ ਸਨ। ਸਾਰੀ ਆਯੂ ਭਜਨ ਬਾਣੀ ਵਿਚ ਹੀ ਬਿਤਾਈ। ਕੀਰਤਨ ਦੇ ਰਸੀਏ, ਗੁਰਬਾਣੀ ਦੇ ਪ੍ਰੇਮੀ ਸਨ। ਮੰਨੂੰ ਆਪ ਜੀ ਦੀ ਪਵਿਤ੍ਰ ਰਸਨਾਂ ਤੋਂ ਇਹ ਸਾਰੇ ਬਚਨ ਸੁਨਣ ਦਾ ਸੁਭਾਗ ਹਾਸਲ ਹੋਇਆ ਏ। ਆਪ ਨੇ ਸਾਰੀ ਜ਼ਿੰਦਗੀ ਭੈਣੀ ਸਾਹਿਬ ਦੀ ਸੇਵਾ ਕਰਦਿਆਂ ਹੀ ਗੁਜਾਰੀ। ਆਪ ਜੀ ਦੇ ਚੜਾਈ ਕੀਤਿਆਂ ਥੋੜਾ ਚਿਰ ਹੀ ਹੋਇਆ ਏ।

Sri Satguru Jagjit Singh Ji Elibrary NamdhariElibrary@gmail.com

ਜੀ ਕਿਥ ਹਨ, ਮਹੰਤ ਜੀ ਆਂਹਦੇ ਹਨ ਰਲੇ ਚੜ੍ਹ ਗਏ ! ਸੰਗਤ ਪਯਾਰ ਨਾਲ ਵਿਆਕੁਲ ਕਹਿ ਉਠਦੀ ਏ -

ਜੀ ਰਘੁਪਤਿ ਧੀਰ ਚਲੋ ਮੈ ਹਾਰੀ।
ਖੀਨਾਂ ਤ ਖਾਫਾਂ ਗੁਰੂ ਜੀ ਪਾਈਆਂ ਸੰਦੂਕੇ
ਬਰਦੀ ਕੀਤੀ ਇਕ ਰੰਗ ਸਾਰੀ।
ਮਲ ਮਲ ਤੇ ਅਤਲਸ੍ਸ ਗੁਰੂ ਜੀ ਰਖੀਆਂ ਸੰਦੂਕੇ
ਕੰਮਲੀ ਪਹਿਨ ਲਈ ਕਾਰੀ।
ਚੀਨੀ ਤੇ ਸੁਰਖੀ ਗੁਰੂ ਜੀ ਬਧੀਆਂ ਤੁਬੇਲੇ,
ਗਡੇ ਦੀ ਕੀਤੀ ਅਸਵਾਰੀ।
ਆਪ ਤੇ ਗੁਰੂ ਜੀ ਰੇਲੇ ਚੜ੍ਹ ਗਏ,
ਸੰਗਤ ਰੋਂਦੀ ਛਡ ਲਈ ਸਾਰੀ।

ਆਹ ! ਅਜ ਸੰਗਤ ਦੀ ਦਸ਼ਾ ਕੌਣ ਅਨੁਭਵ ਕਰੇ। ਓਧਰ, ਸ੍ਰੀ ਗੁਰੂ ਜੀ ਬੰਗਲੇ ਅੰਦਰ ਸਨ, ਬਾਬਾ ਜਵਾਹਰ ਸਿੰਘ ਜੀ, ਬਾਬਾ ਕਾਨ੍ਹ ਸਿੰਘ ਜੀ ਅਤੇ ਬਾਬਾ ਸਾਹਬ ਸਿੰਘ ਜੀ ਬਾਹਰ ਹੀ ਬੈਠੇ ਹੋਏ ਸਨ । ਫ੍ਰੰਗੀ (ਐਲ. ਕਾਵਨ) ਅੰਦ੍ਰੋਂ ਨਿਕਲ ਕੇ ਕਹਿਣ ਲਗਾ "ਵੈਲ ਸਾਹਬ ਸਿੰਘ ਤੁਮਨੇ ਦੰਗਾ ਕੀਆ" ਬਾਬਾ ਜੀ ਕਹਿਆ, ਅਸਾਂ ਤੇ ਕੁਝ ਨਹੀ ਕੀਤਾ ਜਿੰਨ੍ਹਾਂ ਕੀਤਾ ਏ, ਓਹਨਾ ਸਬੰਧੀ ਅਸਾਂ ਤੁਹਾਡੇ ਥਾਨੇਦਾਰ ਨੂੰ ਇਤਲਾਹ ਦੇ ਦਿਤੀ ਸੀ ਤੁਹਾਨੂੰ ਇਤਲਾਹ ਦੇਣ ਲਈ ਬਾਬਾ ਲਖਾ ਸਿੰਘ ਜੀ ਨੂੰ ਭੇਜ ਦਿਤਾ ਸੀ, ਤੁਹਾਡਾ ਇਨਸਾਫ ਡਾਢਾ ਚੰਗਾ ਏ, ਇਤਲਾਹ ਦੇਣ ਆਇਆਂ ਨੂੰ ਗ੍ਰਿਫਤਾਰ ਕਰ ਲੈਣਾ। ਫ੍ਰੰਗੀ ਕਿਹਾ '੧੩ ਸਿੰਘ ਕਿਆ ਥੇ ?' ਬਾਬਿਆਂ ਕਹਿਆ ਕਿ ਜੇ ਅਸੀਂ ਸਜਾ ਦਿੰਦੇ ਤਾਂ ਤੁਸਾਂ ਕਹਿਣਾ ਸੀ, ਕਿ ਆਪੇ ਸਜਾ ਕਿਉਂ ਦੇਣ ਲਗ ਪਏ ਹੋ। ਅੰਗ੍ਰੇਜ ਕਿਹਾ ੧੩ ਤੋਂ ੭ ਵੀਹਾਂ ਕਿਥੋਂ ਆ ਗਏ। ਸਪੈਸ਼ਲ ਗਡੀ ਤਿਆਰ ਖਲੋਤੀ ਸੀ ੭ ਮਾਘ ੧੯੨੮ ਬਿ: ਨੂੰ ਸੂਬਿਆਂ ਸਹਿਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਅਜ਼ਾਦੀ ਦੇ ਦੇਵਤਾ, ਸਵਾਰ ਹੋ ਗਏ। ਅਜੇ ਅਜ ਤੀਕ ਨਹੀਂ ਪਰਤੇ।

ਰੇਲ ਵਿਚ ਬੈਠਿਆਂ ਬਾਬੇ ਸਾਹਿਬ ਸਿੰਘ ਜੀ ਫਹਿਆ--ਕੁਝ ਹਥ ਨ ਵਿਖਾਏ, ਫ੍ਰੰਗੀ ਐਵੇਂ ਹੀ ਫੜ ਲਿਆਏ--ਹੁਕਮ ਹੋਇਆ- "ਅੰਗ੍ਰੇਜਾਂ ਦੀ ਜੜ ਪੁਟਕੇ ਹਥੇਲੀ ਉਤੇ ਰਖੀ ਹੋਈ ਏ ਜੇ ਤੁਸੀਂ ਲੜਾਈ ਕਰਦੇ ਤਾਂ ਪਤਾਲ ਵਿਚ ਚਲੀ ਜਾਣੀ ਸੀ" ਰੇਲ ਭਜੀ ਜਾ ਰਹੀਏ, ਕਿਓ ਨੂੰ, ਏਹ ਏਹਨਾਂ ਵਿਚਬੈਠਿਆਂ ਯਾਤ੍ਰੂਆਂ ਨੂੰ ਕੀ ਪਤਾ ਏ। ਕਿਸੇ ਅਗਯਾਤ ਥਾਂ ਨੂੰ। ਏਹਨਾਂ ਨੂੰ ਦੇਸ਼ ਨਿਕਾਲਾ ਦੇਣ ਲਈ। ਭਾਰਤ ਨਾਲੋਂ ਅਲੈਹਦਾ ਕਰਨ ਲਈ। ਹਾਂ ਇਕ ਸਭ ਕੁਝ ਜਾਣਦਾ ਏ। ਓਹ ਚੋਜੀ ਏ, ਆਪਣੇ ਰੰਗ ਵਿਚ ਮਸਤ ਏ। ਬੇ ਪ੍ਰਵਾਹ ਏ ਓਹਦੇ ਭਾ ਦਾ ਜਿਵੇਂ ਕੁਝ ਹੋਇਆ ਹੀ ਨਹੀਂ ਹੰਦਾ ! ਜਿਵੇਂ ਕਿਤੇ ਸੈਰ ਕਰਨ ਜਾਈਦਾ ਏ। ਏਹਨਾ ਦਾ ਕਸੂਰ ? ਕਸੂਰ ! ਦੇਸ਼ ਨਾਲ ਪਯਾਰ ! ਆਪਣੀ ਮਾਤ੍ ਭੂਮੀ ਨਾਲ ਪ੍ਰੇਮ ! ਏਹ ਕੋਈ ਏਡਾ ਕਸੂਰ ਏ। ਗੁਲਾਮ ਦੇਸ ਦੇ ਵਸੰਦਿਆਂ ਦਾ ਏਹ ਕੀ ਹਕ ਏ ਕਿ ਓਹ ਅਜ਼ਾਦੀ ਦੇ ਸੋਹਲੇ ਗਾਨ। ਓਹ ਸੁਤੰਤ੍ਰਤਾ ਦੇ ਸੁਪਨੇ ਲੈਣ। ਓਹ ਆਪਣੀ ਮਾਤ੍ਰੀ ਭੂਮੀ ਦੀਆਂ ਬੇੜੀਆਂ ਕਟਣ ਦੀਆਂ ਤਜਵੀਜਾਂ ਸੋਚਨ। ਏਹ ਕਸੂਰ ਕੋਈ ਘਟ ਏ। ਹੋਰ ਸਾਰੇ ਕਸੂਰ ਮਾਫ ਕੀਤੇ ਜਾ ਸਕਦੇ ਹਨ ਪਰ ਏਹ ਵਿਦੇਸ਼ੀ ਗੋਰੇ ਏਹ ਕਸੂਰ ਮਾਫ ਕਰਨ ਨਹੀਂ ਜਾਣਦੇ। ਜੇ ਹਿੰਦੀ ਹਿੰਦ ਨਾਲ ਪਯਾਰ ਕਰਨ ਲਗ ਪਏ ਫਿਰ ਇੰਗਲੈਂਡ ਸੋਹਲੇ ਕਿਵੇਂ ਗਾਏਗੀ। ਫਿਰ ਇੰਗਲੈਂਡ ਦੀ ਐਸ਼ ਇਸ਼ਰਤ ਕਿਵੇ ਨਿਭੇਗੀ। ਬਸ ਇਸ ਦਾ ਇਕੋ ਉਪਾ ਏਹਨਾਂ ਕੋਲ ਏ ਜੋਹੜਾ ਹਿੰਦਸਤਾਨੀ ਆਪਣੇ ਦੇਸ਼ ਨਾਲ, ਆਪਣੀ ਕੌਮ ਨਾਲ,

Sri Satguru Jagjit Singh Ji Elibrary NamdhariElibrary@gmail.com

ਆਪਣੇ ਧਰਮ ਨਾਲ, ਆਪਣੀ ਜਾਤੀ ਨਾਲ, ਪਯਾਰ ਕਰੇ ਉਸਨੂੰ ਦਸ਼ ਨਿਕਾਲਾ ਦੇ ਦੇਣਾਂ, ਫਾਸੀ ਲਾ ਦੇਣਾ, ਤੋਪ ਨਾਲ ਉਡਾ ਦੇਣਾ। ਇਸੇ ਅਪ੍ਰਾਧ ਦੇ ਅਪ੍ਰਾਧੀ, ਏਹ ਸਖੀ ਮਰਦ ਅਜ ਪਤਾ ਨਹੀ ਕਿਸ ਸਟੇਸ਼ਨ ਤੇ ਉਤਾਰੇ ਜਾਣਗੇ ਏਹ ਔਣ ਵਾਲਾ ਸਮਾ ਦਸੇਗਾ। ਇਧਰ ਏਹਨਾਂ ਦੀ ਜਨਮ ਭੂਮੀ ਸ੍ਰੀ ਭੈਣੀ ਸਾਹਬ ਨੂੰ ੮ ਮਾਘ ੧੯੨੯ ਬਿ: ਨੂੰ ਰਾਤੋ ਰਾਤ, ਚਾਰ ਚੁਫੇਰਿਓਂ ਫੌਜੀ ਘੇਰਾ ਪੈ ਜਾਂਦਾ ਏ। ਦੁਆਲੇ ਤੋਪਾਂ ਬੀੜੀਆਂ ਜਾਂਦੀਆਂ ਹਨ। ਦਿਨ ਚੜ੍ਹਦੇ ਨਾਲ ਹੀ ਭੁਖੇ ਗੋਰਖੇ, ਗੁਰ ਦੁਆਰੇ ਅੰਦਰ ਆ ਜਾਂਦੇ ਹਨ। ਲੁਟ ਮਚਾਈ ਜਾਂਦੀਏ ਜੋ ਕੁਝ ਕਿਸੇ ਦੇ ਹਥ ਔਂਦਾ ਏ ਲੈ ਨਿਕਲਦਾ ਏ। ਕੜਾਹ ਪ੍ਰਸ਼ਾਦ ਲੁਟਿਆ। ਸਾਰਾ ਗੁਰ ਦੁਆਰਾ ਪਾਣੀ ਹਾਡੇ ਤੀਕ ਪੁਟਿਆ ਜਾਂਦਾਏ। ਸਭ ਕੀਮਤੀ ਚੀਜਾਂ, ਲੁਟ ਲਈਆਂ ਜਾਂਦੀਆਂ ਹਨ। ਗੁਰੂ ਗ੍ਰੰਥ ਸਾਹਬ ਦੀ ਬੇਅਦਬੀ ਕੀਤੀ ਜਾਂਦੀਏ। ਗੁਰ ਦੁਆਰੇ ਅੰਦ੍ਰ ਹਾਂ ਜੀ, ਮੇਰੇ ਚੀਨੀ ਵਾਲੇ ਪ੍ਰੀਤਮ ਦੇ ਭਜਨ ਕਰਨ ਵਾਲੇ ਮੰਦ੍ ਅੰਦ੍ ਬੜੇ ਸਾਹਬ ਤੇ ਬੈਠ ਕੇ ਮਲੇਛ ਹੁਕਾ ਪੀਂਦੇ ਹਨ। ਪਿੰਡ ਪਿੰਡ ਸਿੰਘ ਨਜਰ ਬੰਦ ਕਰ ਦਿਤੇ ਗਏ ਹਨ। ਭਾਈ ਧੌਕਲ ਸਿੰਘ ਜੀ ਗਰੇਵਾਲ, ਰਾਇ ਪੁਰ ਵਾਲਿਆਂ ਨੂੰ ਪਿੰਜਰੇ ਵਿਚ ਪਾਕੇ ਲਿਆਯਾ ਜਾਂਦਾਂ ਏ ਜੋਹੜੇ ਅਜ ਤੀਕ ਨਹੀ ਮੁੜੇ। ਇੰਝ ਬਾਬਾ ਹੀਰਾਸਿੰਘ ਜੀ ਬ੍ਰਮਾਲੀ ਪੁਰੀਆਂ ਦੀ ਡਿਠੀ ਹੋਈ ਸਭ ਵਾਰਤਾ ਸਚ ਸਚ ਹੋ ਜਾਂਦੀਏ ਜਿਸਨੂੰ ਪਾਠਕ, ਅਰੰਭ ਵਿਚ ਪੜ ਆਏ ਹਨ।

੮.

ਤੀਰਥ ਰਾਜ ਪ੍ਰਾਗ ਦੀ, ਹਿੰਦੂ ਸ਼ਾਸਤ੍ਰਾਂ ਵਿਚ ਬੜੀ ਮਹਿੰਮਾ ਹੈ। ਏਥੇ ਗੰਗਾ, ਜਮਨਾਂ ਅਤੇ ਸਰੁਸਤੀ,–ਅਨੰਤ ਸਾਗਰ ਵਿਚ ਲੀਨ ਹੋਣ ਲਈ–ਇਕ ਦੂਜੀ ਨਾਲ ਅਭੇਦ ਹੁੰਦੀਆਂ ਹਨ। ਸਰੁਸਤੀ ਤਾਂ ਭਾਵੇਂ ਦੇ ਖਣ ਵਿਚ ਨਹੀ ਔਂਦੀ ਪਰ ਗੰਗਾ ਅਤੇ ਜਮਨਾ ਤਾਂ–ਇਕ ਹੋਕੇ ਵੀ–ਸੰਗਮ ਤੋਂ ਕਾਫੀ ਦੂਰ ਤੀਕ ਆਪਾ ਨਹੀਂ ਗੁਆਂਦੀਆਂ। ਚਿਟਾ ਅਤੇ ਕਾਲਾ ਗੰਗਾ ਜਮਨਾ ਦਾ ਨਿਰਮਲਜਲ, ਕਠਾ ਪ੍ਰਵਾਹਤਹੁੰਦਾ ਹੋਇਆ ਇਕ ਦੂਜੇ ਤੋਂ ਇੰਝ ਵਖ ਰਹਿੰਦਾ ਏ, ਜਿਉਂ ਪੂਰਬੀ ਸਭਯਤਾ, ਅਤੇ ਪਛਮੀ ਪਾਲਿਸੀ।

ਇਸ ਤੀਰਥ ਸਥਾਨ ਦੇ ਦ੍ਰਸ਼ਨ ਕਰਨ ਲਈ ਅਨਾਦਿ ਕਾਲ ਤੋਂ ਲਖਾਂ ਲੋਕ ਔਂਦੇ ਹਨ ਏਥੇ ਓਹਨਾਂ ਦੇ ਖਯਾਲ ਵਿਚ ਮਨੁਖੀ ਜਹਾ ਦੁਲਭ ਪਦਾਰਥ ਇਕ ਦੋ ਡੁੱਬੀਆਂ ਲਾਣ ਨਾਲ ਸਹਿਜੇ ਹੀ ਹਥ ਆ ਜਾਂਦਾਏ।

ਜਮਨਾਂ ਦੇ ਪਾਵਨ ਤਟ ਤੇ ਇਕ ਬੜਾ ਪਰਾਣਾ–ਸ਼ਾਇਦ ਸਨਾਤਨ ਧਰਨ ਨਾਲੋਵੀ–ਕਿਲਾਏ ਇਸਦਾ ਭਾਰਤੀ ਇਤਹਾਸ ਨਾਲ ਬੜਾ ਗੂੜਾ ਸਬੰਧਏ। ਇਸਨੇ ਆਪਣੀ ਉਮਰਾ ਵਿਚ ਡਾਢੇਚੜ੍ਹਾ ਲਹਾ ਤਕੇਹਨ। ਵੈਦਿਕ ਸੰਸਕ੍ਰਿਤੀ, ਬੌਧਫਿਲਾਸਫੀ, ਜੈਨ–ਦ੍ਰਸ਼ਨ, ਮੁਸਲਿਮ ਤਹਿਜ਼ੀਬ, ਸਭ ਇਸ ਵਿਚ ਸਮੇ ਸਮੇ ਆਪੋ ਆਪਣਾਂ ਸਾਂਗ ਖੇਲਕੇ ਪੜ੍ਦ ਓਹਲੇ ਜਾ ਛਿਪੀਆਂ ਹਨ। ਅਜ ਕਲ ਏਥੇ ਪੱਛਮੀ ਪਾਲਿਸੀ ਦੀ ਪ੍ਰਧਾਨਤਾਏ। ਜਮਨਾ ਇਸਦੀਆਂ ਦੀਵਾਰਾਂ ਨੂੰ ਧੋਂਦੀ ਹੋਈ· ਵਹਿੰਦੀਏ। ਇਸਤੋਂ ਥੋੜੀ ਦੂਰ ਸੰਗਮ ਏਂ, ਅਥਵਦੇ ਹੋਂਦੇ ਸੂਰਜ ਦੀਆਂ ਕਿਰਣਾਂ ਜਦ ਕਲਿੰਦੀ ਦੇ ਸਾਵੇ ਜਲ ਤੇ ਪੈਂਦੀਆਂ ਹਨ ਤਦ ਇੰਝ ਜਾਪਦਾਏ ਕਿ ਸੋਨਾ ਪੰਘਰਿਆ ਟੁਰਿਆ ਜਾਂਦਾਏ। ਜਮਨਾਂ ਵਿਚ ਪੈ ਰਹੇ ਕਿਲੇ ਦੇ ਕਿੰਗਰਿਆਂ ਦੇ ਪ੍ਰਤੀ ਬਿੰਬ ਸਭ ਸ੍ਵਰਨ ਮਈ ਹੀ ਹੋ ਉਠਦੇ ਹਨ।

Sri Satguru Jagjit Singh Ji Elibrary NamdhariElibrary@gmail.com

ਉਸ ਵੇਲੇ ਦਾ ਭਾਵਾ ਸੁੰਦਰ ਦ੍ਰਿਸ਼, ਯਾਤ੍ਰੂ ਨੂੰ ਬਦੋਬਦੀ ਆਪਣੇ ਵਲ ਖਿਚ ਲੈਂਦਾਏ। ਉਸ ਵੇਲੇ ਸੈਂਕੜੇ ਕਿਸਤੀਆਂ, ਹਾਉਸ ਬੋਟ, ਨਿਕੇ ਨਿਕੇ ਬਜਰੇ, ਇਸ ਵਲ਼ ਵਹਿੰਦੇ ਹੋਏ ਯਾਤ੍ਰੀਆਂ ਦਾ ਮਨ ਅਨੰਦਿਤ ਕਰਦੇ ਹਨ। ਅਜ ਇਸ ਸੁਹਾਵਣੀ ਸੰਧਿਆ ਸਮੇ ਇਸ ਕਿਲ ਦੇ ਇਕ ਬੁਰਜ ਵਿਚੋਂ ਭਾਵੀ ਸੁਹਾਵਣੀ ਦਿਲ ਨੂੰ ਕੋਹ ਦੇਣ ਵਾਲੀ ਅਵਾਜ ਆ ਰਹੀ ਏ। ਅਵਾਜ ਕੀ ਏ ਕੋਈ ਜਾਦੂ ਏ। ਮਿਕਨਾ ਤੀਸੀ ਖਿਚ ਏ। ਅਕ੍ਰਸ਼ਣ ਸ਼ਕਤੀ ਦਾ ਮੰਬਾਏ। ਜਮਨਾਂ ਵਿਚ ਵਹਿੰਦੇ ਹੋਏ, ਹਉਸ ਬੋਟ ਕਿਸ-ਤੀਆਂ ਅਤੇ ਬਜਰਿਆਂ ਵਿਚ ਬੈਠੇ ਸੈਲਾਨੀ ਮਾਝੀਆਂ ਨੂੰ ਆਂਹਦੇ ਹਨ ਠਹਿਰੋ ਚਪੂ ਛਡ ਦਿਓ ਖਲੋਕੇ ਸੁਣੋਂ ਕੋਹੀ ਪਿਆਰੀ ਅਵਾਜ ਏ। ਕੋਹਾ ਸੁੰਦਰ ਨਾਦ ਏ। ਕੋਹੀ ਵਚਿਤ੍ਰਰਿਚਾਏ ਕ ਹੀ ਪਯਾਰੀ ਧੁਨੀਏਂ।

"ਕਨ ਮੰਦ੍ਰ ਪਾੜ ਸੇਜ ਸੈਨ ਸਖੀ
ਮੋਹ ਨਾਹਿ ਇਨ ਸਿਉਂ ਤਾਤ।
ਰੂਖੋ ਭੋਜਨ ਭੂਮ ਸੈਨ ਸਖੀ ਸੰਗ
ਪ੍ਰਿਅ ਸੰਗ ਸੂਖ ਵਿਹਾਤ।

ਹੈਂ ! ਏਤੇ ਗੋਰਿਆਂ ਦੇ ਨਿਵਾਸ ਸਥਾਨ ਵਿਚ ਗੁਰਬਾਣੀ ਦੀ ਇਹ ਪਾਵਨ ਧੁਨੀ ਕਿਥੋਂ ? ਜਰਾ ਗਹੁ ਨਾਲ ਕਿਲੇ ਵਲ ਤਕਨ ਤੋਂ ਪਤਾ ਲਗਦਾ ਏ ਕਿ ਉਪਰਲੀ ਛਤ ਦੀ ਇਕ ਬੈਠਕ ਵਿਚ ਕੋਈ ੧੨–੧੩ ਸਿਖ ਬੈਠੇ ਹੋਏ ਹਨ। ਕੀਰਤਨ ਹੋ ਰਿਹਾ ਏ ਜਿਨ ਦੇ ਵਿਚਕਾਰ ਇਕ, ਭਾਵੀ ਪਿਆਰੀ ਪਤਲੀ ਜਿਹੀ ਸਾਰਿਆਂ ਤੋਂ ਉਚੀ, ਲੰਮੀ ਗਰਦਨ, ਲੰਮੀਆਂ ਬਾਹਾਂ, ਮਸਤ ਅਖੀਆਂ, ਤੇਜ ਅਤੇ ਪ੍ਰਕਾਸ਼ ਮਈ ਨੂਰਾਨੀ ਸੂਰਤ ਬੈਠੀ ਏ। ਸਭਨਾਂ ਦੇ ਸਿਧੇ ਦਸਤਾਰੇ, ਜੂੜੇ ਦੇ ਅਗੇ ਲੰਬੇ ਸਹਬ ਲੋਹੇ ਦੇ ਲਿਸ਼ਕਾਰੇ ਮਾਰਦੇ ਹੋਏ ਖੰਡੇ ਹਨ, ਹਥਾਂ ਵਿਚ ਸ੍ਵੇਤ ਉਨ ਦੀਆਂ ਮਾਲਾ ਹਨ, ਪਦਮਾਸਨ ਜਮਾਈ ਧਿਆਨ ਮਗਨ ਬੈਠੇ ਨਾਮ ਜਪ ਰਹੇ ਹਨ, ਕੁਝ ਕੀਰਤਨ ਕਰ ਰਹੇ ਹਨ।

ਪਾਠਕ ! ਆਪ ਹੈਰਾਨ ਹੁੰਦੇ ਹੋਵੋਗੇ ਕਿ ਇਸ ਕਿਲੇ ਵਿਚ ਬੈਠੇ ਕੀਰਤਨ ਕਰਦੇ ਏਹ ਸਿੰਘ ਕੌਣ ਹਨ ? ਆਪ ਨਹੀਂ ਜਾਣਦੇ ? ਏਹ ਹਨ ਭਾਰਤ ਰੱਖਕ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਅਤੇ ਆਪ ਦੇ ਸੂਬੇ, ਜਿੰਨਾ ਨੂੰ ਹਿੰਦ ਦੀ ਅਜ਼ਾਦੀ ਦੇ ਜ਼ੁਰਮ ਵਿਚ ਗੋਰੀ ਨੌਕਰ ਸ਼ਾਹੀ ਏਥੇ ਲੈ ਆਈ ਏ ਅਤੇ ਕੈਦ ਕਰ ਦਿਤਾ ਨੇ। ਉਸ ਦਿਨ ਲੁਦੇਹਾਨੇ ਆਪ ਨੇ ਇਕ ਸਪੈਸ਼ਲ ਗਡੀ ਵਿਚ ਬੈਠੇ ਏਹ ਧਰਮੀ ਜੋਧੇ ਡਿਠੇ ਹੀ ਸਨ, ਓਥੋਂ ਚੜ੍ਹਾਕੇ ਏਥੇ ਲਿਆ ਉਤਾਰੇ ਸਨ, ਤਾਕਿ ਹਿੰਦੀ, ਹਿੰਦ ਦੀ ਆ-ਜ਼ਾਦੀ ਲਈ ਮੁੜ ਨ ਕੁਸਕਣ ਅਤੇ ਏਹਨਾ ਦੀ ਚਲਾਈ ਹੋਈ ਸੁਤੰਤ੍ਰਤਾ ਦੀ ਲਹਿਰ ਏਥੇ ਹੀ ਖਤਮ ਹੋ ਜਾਇ। ਏਹ ਬੂਟਾ ਵਧੇ ਫੁਲੇ ਨਾ, ਇਸੇ ਖਿਆਲ ਨਾਲ ਪੰਜਾਬ ਵਿਚੋਂ ਏਹਨਾਂ ਨੂੰ ਏਥੇ ਲਿਆ ਭਕਿਆ ਨੇ।

ਭੀਵਾਨ ਦੀ ਸਮਾਪਤੀ ਹੋਈ, ਅਰਦਾਸ ਕਰਕੇ ਸਭਨਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪਾਵਨ ਚਰਨਾਂ ਤੇ ਨਮਸ਼ਕਾਰ ਕੀਤੀ ਫਿਰ ਸੂਬਿਆਂ ਪ੍ਰਸਪਰ ਇਕ-ਦੂਜੇ ਦੇ ਚਰਨੀ ਹਥ ਲਾਯਾ ਇਸ ਰਹਿਰਾਸ ਮਗਰੋਂ ਫਿਰ ਸਾਰੇ ਬੈਠ ਜਾਂਦੇ ਹਨ ਅਤੇ ਵਾਰਤਾਲਾਪ ਸ਼ੁਰੂ ਹੋ ਜਾਂਦਾ ਏ–

"ਦੀਨ ਦਯਾਲ ਜੀ, ਗੁਰਬਾਣੀ ਬੜੀ ਪਾਵਨ ਬੜੀ ਪਵਿਤ੍ਰ, ਬੜੀ ਮਿਠੀ, ਮਨ ਨੂੰ ਸ਼ਾਂਤ ਕਰਦੀ ਜਾਂਦੀ ਏ ਪਈ"

ਸ੍ਰੀ ਬਾਬਾ ਜਵਾਹਰ ਸਿੰਘ ਜੀ ਕਿਹਾ।

"ਹਾਂ, ਬਾਬਾ ਜੀ, ਏਹ ਅੰਮ੍ਰਤ ਬਾਣੀ ਏ,

Sri Satguru Jagjit Singh Ji Elibrary NamdhariElibrary@gmail.com

ਕਥਨ ਕਹਿਨ ਤੋਂ ਪਰੇ ਹੈ, ਅਨੰਦ ਦੀ ਦਾਤੀ ਏ, ਮੁਕਤ ਭੁਗਤ ਦੀ ਖਾਂਣ ਏ, ਪਰ ਹੈ ਤੇ ਨਾੜ ਵਤ ਹੀ ਨਾ" ਸ੍ਰੀ ਗੁਰੂ ਜੀ ਬਚਨ ਕੀਤਾ

"ਫਿਰ ਪਾਤਸ਼ਾਹ ਇਸ ਨਾਲੋਂ ਵਡੀ ਚੀਜ ਕੀ ਹੋਈ ?"

"ਬਾਣੀ ਨਾਲੋਂ ਨਾਮ ਵਡਾ ਏ, ਬਾਣੀ ਨਾਮ ਦੀ ਦਸ ਪਾਂਦੀ ਏ, ਬਾਣੀ ਨਾਮ ਕੀ ਮਹਿਮਾ ਗਾਂਦੀ ਏ, ਬਾਣੀ ਰਸਤਾ ਏ, ਮੰਜ਼ਲ ਮਕਸੂਦ ਨਹੀਂ"

"ਨਾਮ ਸਾਰਿਆਂ ਨਾਲੋਂ ਵਡਾ ਏ ?"

"ਬਾਣੀ ਨਾਲੋਂ ਵਡਾ ਏ, ਉਦ ਨਾਮ ਵੀ ਤੋਹ ਹੀ ਏ"

"ਹੈਂ ਮਹਾਰਾਜ ਇਹ ਕੀ ਕਿਹਾ ਨੇ ? ਹੁਣ ਕੀ ਖੇਡ ਵਰਤਾਣ ਲਗੇ ਹੋ, ਅਜਤੀਕ ਤੇ ਆਪ ਨਾਮ ਦੀ ਮਹਿਮਾ ਕਰਦੇ ਨਹੀਂ ਸੋ ਥਕਦੇ, ਅਜ ਆਂਹਦੇ ਹੋ ਨਾਮ ਵੀ ਤੋਹ ਏ, ਤਾਂ ਅਜ ਤੀਕ ਦੀ ਸਾਡੀ ਕੀਤੀ ਕੜੀ ਏਵੇਂ ਹੀ ਜਾਇਗੀ ? ਏਹ ਸਿਰ ਵਿਚ ਪਾਣੀ ਪਾਯਾ ਏਹ ਮਾਲਾ ਘਸਾਈਆਂ ਕਿਸੇ ਵੀ ਅਰਥ ਨਾ ਆਈਆਂ ? ਚੰਗੇ ਵੇਲੇ ਦਸ ਦਿੜਾ ਜੇ। ਹੁਣ ਦਸੋ ਨਾਮ ਨਾਲੋਂ ਵਡੀ ਚੀਜ਼ ਹੋਰ ਕੀ ਏ ?"

"ਬਾਬਾ ਜੀ, ਮੈਂ ਏਹ ਨਹੀਂ ਕਹਿੰਦਾ ਕਿ ਬਾਣੀ ਕੋਈ ਚੀਜ ਨਹੀਂ, ਬਾਣੀ ਨਾਮ ਜਪਣ ਦੀ ਪੋਰਕ ਏ, ਮੈਂ ਏਹ ਨਹੀਂ ਕਹਿ ਰਿਹਾ ਕਿ ਨਾਮ ਜਪਿਆ ਬਿਅਰਥ ਜਾਇਗਾ। ਨਹੀਂ, ਇਕ ਤਿਲ ਨਹੀ ਭੰਨੈ ਘਾਲਿਆ। ਸ੍ਰੀ ਗੁਰੂ ਜੀ ਦਾ ਹੁਕਮ ਏ, ਪਰ ਬਾਬਾ ਜੀ,ਕਿੰਨੀ ਬਾਣੀ ਪੜ੍ਹੇ, ਕਿੰਨਾ ਨਾਮ ਜਪੇ, "ਪੂਤਨਾਂ ਸਦੀਵ ਤੁਹੀ ਤੁਹੀ ਉਚਰਤ ਹੈ।" ਜੇ ਦਿਲ ਵਿਚ ਸਿਦਕ ਨਹੀਂ, ਭੋਰਾ ਨਹੀ, ਸ਼ਰਧਾ ਤੇ ਵਿਸ੍ਵਾਸ ਨਹੀ, ਫਿਰ ਸ਼ਭ ਕੁਝ ਬਿਅਰਥ ਏ, ਬਾਬਾ ਜੀ ਸਿਟਾ ਸਿਦਕ ਏ"

"ਤਾਂ ਫਿਰ ਸਿਦਕ ਵਾਲੇ ਨੂੰ ਤੇ ਨਾਮ ਜਪਣ ਦੀ ਅਤੇ ਬਾਣੀ ਪੜ੍ਹਨ ਦੀ ਕੋਈ ਲੋੜ ਨਹੀ ਨਾ ?"

"ਲੋੜ ਕਿਉਂ ਨਹੀ, ਨਾਮ ਤੋਂ ਬਿਨਾਂ ਸਿਦਕ ਹੋ ਹੀ ਨਹੀ ਸਕਦਾ, ਨਾਮ ਬਾਣੀ ਬਿਨਾ ਜਪਿਆ ਨਹੀ ਜਾਂਦਾ, ਸਿਦਕੀ ਨਾਮੀਂ ਤੋਂ ਬਿਨਾ ਦੂਜਾ ਹੋਹੀ ਨਹੀ ਸਕਦਾ ।"

"ਦੀਨ ਦਯਾਲ, ਅਸੀਂ ਅਲਪਗ ਜੀਵ ਇਸ ਆਦ੍ਰਸ਼ ਨੂੰ ਕੀ ਜਾਣੀਏ। ਅਸੀਂ ਤੇ ਨਾ ਬਾਣੀ ਪੜ੍ਹ ਸਕਦੇ ਹਾਂ ਨਾ ਨਾਮ ਜਪ ਸਕਦੇ ਹਾਂ । ਰਹੀ ਗਲ ਸਿਦਕ ਦੀ। ਏਹ ਤੇਰੀ ਮੇਹਰ ਬਿਨਾ ਪ੍ਰਾਪਤ ਹੋ ਹੀ ਨਹੀਂ ਸਕਦਾ । ਇਸ ਲਈ ਦਾਤਿਆ ਜਿਵੇਂ ਬਾਣੀ ਪੜਨ ਲਾਯਾ ਏ, ਜਿਵੇਂ ਨਾਪ ਜਪਣ ਲਾਇਆ ਏ। ਤਿਵੇਂ ਮੇਹਰ ਕਰਕੇ ਸਿਦਕ ਵੀ ਬਖਸ਼ ਅਸੀਂ ਤੇ ਕਾਸੇ ਜੋਗੇ ਵੀ ਨਹੀ। ਤੇਰੀਆਂ ਸਭ ਦਾਤਾਂ ਹਨ ਅਤੇ ਤੂੰ ਦਾਤਾਰ ਏਂ। ਜਿਸ ਤੇ ਰਹਿਮਤ ਦਾ ਛਟਾ ਦਏਂਗਾ ਓਹ ਭਾਵੇਂ ਬਚ ਸਕੇ ਨਹੀ ਤੇ ਜੀ ਵਿਚਾਰੇ ਦੀ ਸ਼ਕਤੀਏ ਓਹ ਸਿਦਕ ਦਾ ਦਮ ਭਰ ਸਕੇ"

ਇਸਤੋਂ ਅਗਾਰੋਂ ਚੁਪ ਵਰਤ ਗਈ। ਕੋਈ ਕੁਝ ਨਾ ਬੋਲਿਆ ਕੁਝ ਚਿਰ ਪਿਛੋਂ ਸਤਿਗੁਰੂ ਜੀ ਸ੍ਰਦਾਰ ਮੰਗਲ ਸਿੰਘ ਜੀ ਨੂੰ ਸੰਬੋਧਨ ਕਰਕੇ ਕਿਹਾ—"ਸ੍ਰਦਾਰ ਮੰਗਲ ਸਿੰਘ ਜੀ, ਸੁਣਾਓ, ਕੀ ਗਲ ਜੇ ? ਬੜੇ ਓਦਰੇ ਜੇਹੇ ਲਗਦੇ ਹੋ ? ਸਗੋਂ ਘਰ ਤੇ ਨਹੀਂ ਨ ਯਾਦ ਆ ਰਿਹਾ ?" ਸ੍ਰਦਾਰ ਹੋਰੀਂ ਫਿਰ ਵੀ ਕੁਝ ਨ ਬੋਲੇ, ਓਹਨਾਂ ਨੂੰ ਚੁਪ ਤਕ ਬਾਬਾ ਲਖਾ ਸਿੰਘ ਜੀ ਕਿਹਾ-"ਪਾਤਸ਼ਾਹ,ਏਹ ਓਹੀ ਸ੍ਰਦਾਰ ਮੰਗਲ ਸਿੰਘ ਜੀ ਹਨ, ਜੇਹੜੇ ਆਖਿਆ ਕਰਦੇ ਸਨ ਕਿ 'ਦੀਨ ਦਯਾਲ,ਅਗੇ ਚਾਰ ਜੁਗ ਭੁਲਾਂ ਦਾ ਆਇਆ ਏਂ ਪਰ ਹੁਣ

Sri Satguru Jagjit Singh Ji Elibrary NamdhariElibrary@gmail.com

ਅਸੀਂ ਤੈਨੂੰ ਕਦੀ ਵੀ ਨਹੀ ਭੁਲ ਸਕਦੇ। ਸਾਡੀ ਏਹ ਮੰਗ ਏ, ਜਿਥੇ ਜਾਏਂ ਨਾਲ ਜਾਈਏ, ਜਿਥੇ ਰਹੇਂ ਨਾਲ ਰਹੀਏ"। ਪਰ ਹੁਣ ਤੇ ਐਵੇਂ ਹੀ ਓਦਰ ਗਏ ਹਨ। ਥੋੜੀ ਜੇਹੀ ਗਲ ਬਦਲੇ ਹੀ ਊਣ ਮਝੂਣੇ ਜੇਹੇ ਹੋਏ ਬੈਠੇ ਹਨ। (ਸ੍ਰਦਾਰ ਮੰਗਲ ਸਿੰਘ ਜੀ ਵਲ ਇਸ਼ਾਰਾ ਕਰਕੇ) ਸ੍ਰਦਾਰ ਜੀ ਤਕੜੇ ਹੋਵੋ ਹੌਸ਼ਲਾ ਰਖੋ। ਵਧੀ ਨੂੰ ਕੋਈ ਗਮ ਨਹੀ। ਸਤਿਗੁਰ ਦੇ ਚੋਜ ਤੱਕੋ।"

"ਲਖਾ ਸਿੰਘ ਜੀ, ਓਹ ਮੰਗਲ ਸਿੰਘ ਜੀ ਕੋਈਹੋਰਸਨ,ਏਹ ਕੋਈ ਹੋਰ ਹਨ।ਓਹ ਸਿਦਕ ਭੁੱਸੇ ਦੇ ਪੁਤਲੇ, ਗੁਰੂ ਘਰ ਦੇ ਅਨੰਨ ਸੇਵਕ, ਚੀਨੀ ਦੀ ਭੇਟ ਲਿਆਵਨ ਵਾਲੇ ਸ੍ਰਦਾਰ ਮੰਗਲ ਸਿੰਘ ਜੀ ਸਨ। ਏਹ ਬੇ ਸਿਦਕ, ਭੁੱਸ ਤੋਂ ਖਾਣੇ, ਮੰਗਲ ਸਿੰਘ ਜੀ ਹਨ। ਜੇਹੜੇ ਅਜ ਸਵੇਰੇ ਪਏ ਆਂਹਦੇ ਸਨ, ਮੇਰੇ ਮੂਹੋਂ ਤੇ ਓਹ ਗਲ ਨਿਕਲਣੀ ਵੀ ਮੁਸ਼ਕਲ ਏ ਕਿ– "ਏਵੇਂ ਰੁਖਾਣ ਦੇ ਮਗਰ ਲਗਕੇ ਖ਼ਾਬ ਹੋਏ–," ਬਾਬਾ ਪਹਾੜਾ ਸਿੰਘ ਜੀ ਕਿਹਾ।

ਏਹ ਬਚਨ ਸੁਣਕੇ ਸਾਰੇ ਹੈਰਾਨ ਹੋ ਗਏ। ਸ੍ਰਦਾਰ ਮੰਗਲ ਸਿੰਘ ਜੀ ਨੀਵੀਂ ਨਿਗਾਹ ਕਰਕੇ ਧਰਤੀ ਵਲ ਤਕਨ ਲਗ ਪਏ। ਸੁਬੇ ਵਿਸਮਾਦ ਜੇਹੇ ਹੋਕੇ ਆਖ ਰਹੇ ਹਨ– ਅੱਛਾ ਪਾਤਸ਼ਾਹਾ ਤੇਰੇ ਚੋਜ।

"ਮੰਗਲ ਸਿੰਘਾ ਜੇ ਤੇ ਮੈਂ ਓਹੀ ਹਾਂ, ਜਿਸ ਬਾਬਤ ਸਾਖੀਆਂ ਵਿਚ ਲਿਖਯਾ ਹੋਯਾ ਏ, ਜਿਸ ਬਾਬਤ 'ਮੇਰੋ ਅਵਤਾਰ ਅੰਸ ਰਾਮ ਸਿੰਘ ਹੈ ਭਰੇ, ਸ੍ਰੀ ਦਸਮੇਸ਼ ਜੀ ਨੇ ਕਿਹਾ ਸੀ। ਤਾਂ ਅਜ ਤੋਂ ਅੱਠ ਦਿਨਾਂ ਨੂੰ ਘਰ ਚਲਿਆ ਜਾਏਂਗਾ ਨਹੀ ਤੇ ਜੋ ਜੀ ਆਵੇ ਸਮਝੀਂ?"

ਸ੍ਰੀ ਗੁਰੂ ਜੀ ਨੇ ਡਾਢੇ ਰੰਗ ਵਿਚ ਹੋਕੇ ਬਚਨ ਕੀਤਾ।

ਬਸ ਉਸ ਦਿਨ ਫਿਰ ਹੋਰ ਕੋਈ ਬਚਨ ਨਾਂ ਹੋ ਸਕਿਆ। ਸਭੇ ਆਪੋ ਆਪਣੇ ਥਾਂ ਸ੍ਰ: ਮੰਗਲ ਸਿੰਘ* ਜੀ ਦੀ ਕਰਦੇ ਰਹੇ ਕਾਰ ਤੇ ਵਿਚਾਰ ਹੁੰਦੀ ਰਹੀ। ਬਾਬਾ ਜਵਾਹਰ ਸਿੰਘ ਜੀ ਵੈਰਾਗੀ ਹੋਏ ਹੋਏ ਨਾਲੇ ਭੁੱਬਾਂ ਮਾਰਕੇ ਰੋ ਰਹੇ ਹਨ ਅਤੇ ਨਾਲ ਘੜੀ ਮੁੜੀ ਆਖ ਰਹੇ ਹਨ "ਦੀਨ ਦਯਾਲ ਜੀ, ਸਚੀ ਮੁਚੀ ਸਿਦਕ ਹੀ ਸਿੱਟਾ ਏ!"

੯.

"ਨਾਨੂ ਸਿੰਘਾ, ਸੁਣਾ ਬਈ ਗੋਰਾ ਕੀ ਗੱਲਾਂ ਕਰਦਾ ਸੀ?"

ਬਾਬਾ ਲਖਾ ਸਿੰਘ ਜੀ ਕਿਹਾ।

"ਸੰਤ ਜੀ ਕੀ ਦਸਾਂ! ਡਾਢੀ ਅਜੀਬ ਜਹੀ ਗਲ ਏ, ਦੁਖਦਾਈ ਵੀ ਏ। ਜੋ ਸਤਿਗੁਰ ਦੀ ਰਜਾ ਏ ਹੋਕੇ ਰਹੇਗਾ। ਸਾਡੇ ਕਰਮਾਂ ਵਿਚ ਇੰਵ ਹੀ ਲਿਖਯਾ ਸੀ"

"ਇਸਤੋਂ ਪਤਾ ਲਗਦਾ ਏ ਕਿ ਸਾਡੇ ਲਈ ਕੋਈ ਖਾਸ ਹੁਕਮ ਹੋਇਆ ਏ। ਤੁਸੀਂ ਫਿਕਰ ਨਾ ਕਰੋ, ਸਾਫ ਸਾਫ ਗਲ ਦਸੋ, ਘਬਰਾਨ ਦੀ ਕੋਈ ਲੋੜ ਨਹੀ, ਅਸੀਂ ਤੇ ਉਸ ਦਿਨ ਦੀ ਉਡੀਕ ਵਿਚ ਬੈਠੇ ਹਾਂ ਜਦ ਏਹ ਮਲਮੂਤ ਦਾ ਭਾਂਡਾ ਮਲੇਛਾਂ ਦੇ ਸਿਰ ਭੰਨਕੇ ਮੁੜ ਨੌ-

*ਏਹ ਸ੍ਰਦਾਰ ਮੰਗਲ ਸਿੰਘ ਜੀ ਬਿਸਨ ਪੁਰਾ (ਰਾਜ ਪਟਿਆਲਾ) ਦੇ ਰਾਈਸ ਮਹਾਰਾਜਾ ਪਟਿਆਲਾ ਦੇ ਸੰਬੰਧੀ ਸਨ। ਏਹਨਾਂ ਦੇ ਪੁਤ੍ਰ ਸ: ਜੋਵਨ ਸਿੰਘ ਜੀ ਦੀਵਾਨ ਸਨ। ਇਹ ਬੜੇ ਸਿਦਕ ਭਰੋਸੇ ਵਾਲੇ ਦਾਨੀ ਸਿਖ ਸਨ। ਚੀਨੀ ਆਪ ਜੀਨੇ ਹੀ ਗੁਰੂ ਜੀ ਦੀ ਭੇਟ ਕੀਤੀ ਸੀ। ਏਹ ਸਤਿਗੁਰਾਂ ਪਾਸ ਕਿਹਾ ਕਰਦੇ ਸਚੇ ਪਾਤਸ਼ਾਹ ਚਾਰ ਜੁਗ ਭੁਲਾਂਦਾ ਆਇਆਏਂ ਪਰ ਹੁਣ ਅਸੀਂ ਭੁਲ ਨਹੀ ਸਕਦੇ, ਜਿਥੇ ਰਹੇਂਗਾ ਨਾਲ ਰਹਾਂਗੇ ਜਿਥੇ ਜਾਏ ਗਾ ਨਾਲ ਜਾਵਾਂਗੇ। ਸਤਿਗੁਰੂ ਆਂਹਦੇ 'ਨਾਂ ਭਾਈ ਮੰਗਲ ਸਿੰਘਾ, ਏਹ ਕਾਰ ਗੁਰੂ ਜੀ ਦੇ ਵਸ ਏ, ਓਹ ਜਿਸ ਨੂੰ ਰਖੇ ਰਹਿ ਸਕਦਾਏ। ਜੀ ਦਮ ਮਾਰਨ ਜੋਗਾ ਨਹੀ, ਏਹ ਅਠ ਦਿਨਾਂ ਪਿਛੋਂ ਪਿਛਨੂੰ ਮੁੜ ਆਏ ਸਨ। ਏਥੇ ਆਕੇ ਦਿਨ ਰਾਤ ਸੰਗਤ ਅਤੇ ਸ੍ਰੀ ਭੈਣੀ ਸਾਹਿਬ ਦੀ ਬੜੀ ਸੇਵਾ ਕਰਦੇ ਰਹੇ। ਏਹ ਸਭ ਸਤਿਗੁਰੂ ਜੀ ਦੇ ਚੋਜ ਸਨ।

Sri Satguru Jagjit Singh Ji Elibrary NamdhariElibrary@gmail.com

ਜੁਆਨ ਹੋਕੇ ਅਜ਼ਾਦੀ ਦੀ ਲਹਿਰ ਦੀ ਅਗਵਾਈ ਕਰੀਏ। ਮਰਨਾ ਤੇ ਇਕ ਦਿਨ ਜ਼ਰੂਰ ਏ, ਫਿਰ ਜ ਜਨਨੀ ਜਨਮ ਭੂਮੀ ਤੋਂ ਮਰੀਏ ਤਾਂ ਇਸ ਤੋਂ ਚਗੀ ਮੌਤ ਹੋਰ ਕੀ ਹੋ ਸਕਦੀ ਏ!"

"ਬਾਬਾ ਜੀ, ਆਪ ਜੀ ਦਾ ਹੌਂਸਲਾ ਅਜੇਹਾ ਹੀ ਹੈ। ਕਈ ਮੇਰੇ ਜੇਹੇ ਸਜਨ ਵੀ ਹਨ। ਡਿਠਾ ਸਾ ਜੇ ਸ੍: ਮੰਗਲ ਸਿੰਘ, ਜਿੰਨਾਂ ਚਿਤ ਏਥੋਂ ਪਿਛਾਂਹ ਨਹੀ ਪਰਤਿਆ, ਇਕ ਘੜੀ ਵੀ ਅਰਾਮ ਨਹੀ ਕੀਤਾ"

"ਫਿਰ ਫਿਕਰ ਦਾ ਕੀ ਕੰਮ, ਜੋ ਹੋਣਾ ਏ, ਹੋਕੇ ਰਹਿਣਾ ਏ, ਸਾਨੂੰ ਤੇ ਨਾ ਜੀਉਣ ਦੀ ਮਮਤਾ ਏ, ਨ ਮਰਨ ਦੀ ਚਿੰਤਾ। ਜੋ ਕੁਝ ਹੁੰਦਾ ਏ—ਜੀ ਵਾਰੀ—ਹੁੰਦਾ ਰਹੇ। ਸਾਰੀ ਕਾਰ ਸਤਿਗੁਰੂ ਦੇ ਵਸ ਏ। ਜੇ ਸਤਿਗੁਰੂ ਹੁਕਮ ਨਾਲ ਮੰਗਲ ਸਿੰਘ ਘਰ ਜਾ ਸਕਦਾ ਏ, ਤਾਂ ਸਤਿਗੁਰ ਜੀ ਆਪ ਵੀ ਜਾ ਸਕਦੇ ਨੇ। ਪਰ ਏਹ ਤੇ ਏਹਨਾ ਦੇ ਚੋਜ ਹਨ। ਅਸੀਂ ਤੇ ਏਹਨਾ ਦੀ ਰਜਾ ਵਿਚ ਰਾਜੀ ਹਾਂ, ਜਿਥੇ ਰਖਣ ਸਾਡੇ ਉਹੋ ਵੈਕੁੰਠ ਏ। ਉਹੋ ਸੁਰਗ ਏ ਉਹੋ ਸਭ ਕੁਝ ਏ। ਬੇ ਫਿਕਰ ਹੋਕੇ ਗਲ ਕਰੋ"

"ਗੋਰਾ ਆਂਹਦਾ ਸੀ ਤੁਹਾਨੂੰ ਸ੍ਰੀ ਗੁਰ ਜੀ ਸਮੇਤ, ਫਾਸੀ ਦਾ ਹੁਕਮ ਹੋਇਆ ਏ।"

"ਫਿਰ ਤੇ ਮੌਜਾਂ ਹੋ ਗਈਆਂ ਕਿ, ਸ਼ਹੀਦਾਂ ਨਾਲ ਰਲਾਂ ਗੇ। ਇਸ ਕੈਦ ਤੋਂ ਮੁਕਤ ਹੋਕੇ ੯ ਮਹੀਨੇ ਫਿਰ ਕਿਸੇ ਮਾਤਾ ਦੀ ਕੁਖ ਵਿਚ ਵਾਸ ਲੈਕੇ, ਭਾਰਤ ਦੀ ਅਜ਼ਾਦੀ ਅਤੇ ਗਊ ਗ਼ੀਬ ਦੀ ਰਖਿਆ ਕਰਨ ਲਈ ਜਨਮ ਧਾਰਾਂ ਗੇ।"

"ਹਾਲਾਂ ਗਲਾਂ ਔਂਦੀਆਂ ਹੀ ਹਨ, ਪਤਾ ਓਦੋਂ ਲਗੇਗਾ ਜਦ ਫਾਸੀ ਦੇ ਹੇਠਾਂ ਜਾਕੇ ਖਲੋਤੇ" ਬਾਬਾ ਸਾਹਬ ਸਿੰਘ ਜੀ ਕਿਹਾ।

"ਨਿਰਬਾਣ ਸਿੰਘ ਜੀ, ਆਪੇ ਪਤਾ ਲਗ ਜ ਏਗਾ, ਹੁਣ ਤੇ ਪ੍ਰੀਖਯਾ ਹੋ ਹੀ ਜਾਣੀ ਏ। ਛਡਣਾ ਤੇ ਏਹਨਾ ਹੈ ਹੀ ਨਹੀਂ। ਫਿਰ ਰੋਣ ਧੋਣ ਦਾ ਕੀ ਕੰਮ। ਮਰਾਂਗੇ, ਹਸਦੇ ਹੋਏ ਮਰਾਂਗੇ ਹਾਂ ਜੀ ਮੌਤ ਨੂੰ ਮਜਾਖ ਕਰਦੇ ਮਰਾਂਗੇ।"

"ਕਸੀਂ ਪਾਣੀ ਪਾਂਦਿਆਂ ਵਾਲ ਉਖੜ ਗਏ ਹਨ, ਮਾਲਾ ਘਸਾਂਦਿਆਂ ਹਥ ਘਸ ਗਏ ਹਨ, ਅੰਤ ਫਾਸੀ ਨਾਲਹੀ ਮੌਤ ਹੋਈ ਕੋਈ ਵੀ ਸੁਖ ਨਾ ਮਿਲਯਾ।" ਬਾਬਾ ਸਾਹਬ ਸਿੰਘ ਜੀ ਬੋਲੇ '

"ਨਿਰਬਾਣ ਸਿੰਘ ਜੀ, ਹਮੇਸ਼ਾਂ ਪੜਦੇ ਹੋ 'ਸਣ ਭੂਪਤ ਯਾ ਜਗਤ ਮੈ ਦੁਖੀ ਰਹਿਤ ਹਰਿ ਸੰਤ।" ਫਿਰ ਵੀ ਘਾਬਰ ਰਹ ਹੋ।"

"ਅਕਾਲ ਪੁਰਖ ਤੇਰੀ ਰਜਾ ਤੂੰ ਕੀ ਕਹਿੰਦਾ ਸੈਂ ਤੇ ਕੀ ਕੀਤਾ ਈ, ਤੂੰ ਤੇ ਕਹਿੰਦਾ ਸੈਂ ਤੇਰੀ ਪਤ ਰਖਾਂਗਾ। ਹੁਣ ਕੀ ਕਰਨ ਲਗਾ ਏਂ" ਸ੍ਰੀ ਗੁਰੂ ਜੀ ਬਚਨ ਕੀਤਾ :—ਸੁਣਾ ਨਾਨੂ ਸਿੰਘ ਗੋਰਾ ਫਰ ਕੀ ਆਂ ਹਦਾਸੀ"

"ਦੀਨ ਦਯਾਲ, ਆਂਹਦਾ ਸੀ ਕਿ ਏਥੋਂ ਦੇ ਲਾਟ ਨੇ ਪੰਜਾਬ ਦੇ ਲਾਟ ਨੂੰ ਚਿਠੀ ਲਿਖੀ ਸੀ ਕਿ ਜੇ ਏਹਨਾ ਨੂੰ ਮੁੜ ਪੰਜਾਬ ਭੇਜ ਦਿਤਾ ਜਾਇ ਤਾਂ ਕੀ ਡਰ ਏ। ਜਿੰਨਾ ਕੁਝ ਕੀਤਾ ਸੀ, ਓਹ ਸਜਾ ਪਾ ਗਏ ਹਨ, ਏਹ ਤਾਂ ਨਿਰਦੋਸ਼ ਹਨ। ਫਿਰ ਏਹਨਾਂ ਨੂੰ ਕੈਦ ਰਖਣ ਦਾ ਕੀ ਫਾਇਦਾ! ਪੰਜਾਬ ਦੇ ਰਾਜਿਆਂ, ਮਹਾਰਾਜਿਆਂ, ਸੰਤਾਂ, ਮਹੰਤਾਂ, ਆਗੂਆਂ, ਪੁਜਾਰੀਆਂ ਨੂੰ ਪੁਛਿਆ ਸੀ ਕਿ ਜ ਗੁਰੂ ਰਾਮ ਸਿੰਘ ਜੀ ਨੂੰ ਵਾਪਸ ਕਰ ਦਿਤਾ ਜਾਇ ਤਾਂ ਕੋਈ ਖਤ੍ਰਾ ਤਾਂ ਨਹੀ। ਪਰ ਓਹਨਾਂ ਕਹਿਆ ਜੇ ਓਹਨਾਂ ਨੂੰ ਮੋੜ ਲਿਆਂਦਾ ਤਾਂ ਮੁੜ ਰੌਲਾ ਪੈ ਜਾਇਗਾ ਅਤੇ ਤੁਹ ਛਾ ਰਾਜ ਉਲਟ ਜਾਇਗਾ

Sri Satguru Jagjit Singh Ji Elibrary NamdhariElibrary@gmail.com

ਅਤੇ ਬਗਾਵਤ ਫੈਲ ਜਾਇਗੀ। ਇਸ ਲਈ ਹੁਣ ਫਾਸੀ ਦਾ ਹੁਕਮ ਦੇ ਕੇ ਵਾਇਸਰਾਇ ਦੀ ਮਨਜ਼ੂਰੀ ਲਈ ਕਾਗਜ਼ ਘਲੇ ਹਨ।"

"ਨਾਨੂੰ ਸਿੰਘਾ, ਜਿਸ ਬਗਾਵਤ ਤੋਂ ਪੰਜਾਬ ਦੇ ਲੋਕੀ ਡਰਦੇ ਨੇ ਏਹ ਇਕ ਦਿਨ ਨ ਸਿਰਫ ਪੰਜਾਬ ਵਿਚ ਹੀ ਫੈਲੇਗੀ, ਏਲਕਿ ਸਾਰਾ ਭਾਰਤ ਏਸ ਦੀ ਗੂੰਜਾਰ ਨਾਲ ਗੂੰਜੇ ਗਾ। ਜੇਹੜੀ ਅਗ ਮੈ ਲਾ ਆਯਾ ਹਾਂ, ਏਹ ਹੁਣ ਬੁਝ ਨਹੀ ਸਕੇਗੀ, ਸਗੋਂ ਦਿਨੋ ਦਿਨ ਪ੍ਰਜ਼ਲਤ ਹੋਏਗੀ ਅਤੇ ਲਾਟਾਂ ਛਡੇ ਗੀ। ਨਾਨੂ ਸਿੰਘਜੀ,ਅਤੇਨਿਰਬਾਣਸਿੰਘਜੀਫਿਕਰਨਕਰੋ। ਤੁਹਾਨੂੰ ਫਾਸੀ ਦਾ ਹੁਕਮ ਲਾਣ ਵਾਲਾ ਆਪ ਹੀ ਨ ਰਹੇਗਾ। ਪਹਿਲਾਂ ਉਹੋ ਹੀ ਜਮ ਦੀ ਫਾਸੀ ਲਗ ਜਾਇਗਾ। ਨਾਨੂ ਸਿੰਘਾ ਤੂੰ ਏਹ ਗਲ ਸਾਡੇ ਕੋਲ ਨਹੀ ਕੀਤੀ। ਕਿੰਨ ਕੂ ਦਿਨਾਂ ਦੀ ਗਲ ਏ ?"

"ਦੀਨ ਦਯਾਲ ਜੀ, ਚੋਖੇ ਦਿਨ ਹੋ ਗਏ ਹਨ, ਮੈ ਐਵੇਂ ਹੀ ਨਹੀ ਅਰਜ ਕਰ ਸਕਿਆ।"

ਅਜੇ ਏਹ ਬਚਨ ਹੋ ਹੀ ਰਹੇ ਸਨ ਕਿ ਯੂ. ਪੀ. ਦਾ ਲਾਟ ਕਿਲੇ ਵਿਚ ਆਯਾ। ਸਤਿਗੁਰਾਂ ਨੂੰ ਆਕੇ ਆਖਣ ਲਗਾ "ਬਾਬਾ ਰਾਮ ਸਿੰਘ, ਤੁਹਾਡੇ ਕਰਮ ਅਛੇ ਹਨ। ਅਸੀਂ ਤੁਹਾਨੂੰ ਫ ਸੀ ਲਾਣਾ ਸੀਪਰਹੁਣਓਹਸਲਾਹਹਟ ਗਈ। ਵਡ ਸਾਹਿਬ ਨੂ ਅੰਡਮਨਇਕ ਪਠਾਨ ਨੇ ਮਾਰ ਦਿਤਾ। ਹੁਣ ਤੁਹਾਨੂੰ ਫਾਸੀ ਦੀ ਸਜਾ ਨਹੀਂ ਦਿਤੀ ਜਾਏਗੀ ਪਰ ਏਥੇ ਕਠਿਆਂ ਨਹੀਂਰਖਿਅ ਜਾਏਗਾ। ਆਪ ਅਤੇ ਨਾਨੂ ਸਿੰਘ ਬਾਬਾ ਜਵਾਹਰ ਸਿੰਘ, ਲਖਾ ਸਿੰਘ ਅਤੇ ਬ੍ਰਹਮਾ ਸਿੰਘ ਪੰਜ ਤਿਆਰ ਹੋ ਜਾਓ। ਗਡੀਤਿਆਰ ਏ।

"ਅਸੀਂ ਤੇ ਅਗੇ ਹੀ ਤਿਆਰ ਹਾਂ। ਫਾਸੀ ਲਾਓ, ਕਾਲੇ ਪਾਣੀ ਭੇਜੋ, ਜੋ ਜੀ ਆਵੇ ਕਰੋ, ਜੇਹੜੀ ਗਲ ਬਦਲੇ ਤੁਸੀਂ ਸਾਨੂੰ ਦੁਖ ਦੇਣ ਲਗੇ ਹੋ, ਓਹ ਹੋਏ ਬਿਨਾ ਕਦੇ ਵੀ ਨਹੀ ਟਲੇਗੀ। ਭਾਰਤ ਅਜ਼ਾਦ ਹੋਕੇ ਰਹੇਗਾ ਅਤੇ ਤੁਹਾਨੂੰ ਹਰ ਹ ਲਤ ਵਿਚ ਏਥੋਂ ਜਾਣਾ ਪਏਗਾ। ਜਦੜੀ ਅਜ਼ਾਦੀ ਦੀ ਚਿਣਗ ਮੈ ਲਾ ਆਯਾ ਹਾਂ, ਓਹ ਦਿਨੋ ਦਿਨ ਮਚੇਗੀ,ਲਾਟਾਂ ਛਡੇਗੀ, ਭਾਂਬੜ ਏਲਣਗੇ, ਜਿਸਨੂੰ ਕੋਈ ਸ਼ਕਤੀ ਵੀ ਬੁਝਾ ਨਹੀ ਸਕੇਗੀ" ਗੋਟਾ ਤੇ ਏਹ ਸੁਣਕੇ ਚੁਪ ਕਰਕੇ ਟੁਰ ਗਿਆ, ਗੁਰੂ ਜੀ ਕਿਹਾ— "ਨਿਰਬਾਣ ਸਿੰਘ ਜੀ, ਡਿਠੇ ਜੇ ਮੇਰੇ ਸਤਿਗੁਰੂ ਦੇ ਰੰਗ। ਫਾਸੀ ਲਾਣ ਵਾਲੇ ਆਪ ਹੀ ਨ ਰਹੇ। ਤੁਹਾਨੂੰ ਮਾਰਨ ਵਾਲੇ ਆਪ ਹੀ ਚਲਦੇ ਬਣੇ। 'ਵੈਰ ਕਰੇ ਨਿਰਵੈਰ ਨਾਲ ਧਰਮ ਨਿਆਇ ਪਚੈਦੇ' ਸਤਿਗੁਰੂ ਜੀ ਦਾ ਹੁਕਮ ਹੈ।"

"ਦੀਨ ਦਯਾਲ, ਅਸੀਂ ਬੇਸਿਦਕੇ ਜੀ ਤੇਰੀ ਕਾਰ ਨੂੰ ਕੀ ਜਾਣੀਏ ਹੁਣ ਤੀਕ ਤੇਰੇ ਚਰਨਾਂ ਵਿਚ ਸਾਂ, ਦੂਸ਼ਨ ਕਰਦੇ ਸਾਂ, ਡਾਢੇ ਸੁਖੀ ਸਾਂ ਹੁਣ ਵਿਛੜ ਜਾਂ ਗੇ। ਇਸ ਨਾਲੋਂ ਫਾਂਸੀ ਬੇਹਤ੍ ਸੀ। ਸੂਲੀ ਸਸਤੀ ਸੀ ਮੌਤ ਚੰਗੀ ਸੀ। ਪਰ ਏਹ ਕੱਲਦਾ ਦੁਖ ਡਾਢਾ ਭਿਆਨਕ ਹੈ।"

"ਫਿਕਰਨਾ ਕਰੋ ਨਿਰਬਾਣ ਸਿੰਘ ਜੀ! ਜਿਥੇ ਰਹਾਂਗੇ ਕਠੇ ਰਹਾਂਗੇ ਸ਼ੇਰ ਦਾ ਵਿਛੋੜਾ ਆਤਮਾ ਦਾ ਵਿਛੋੜਾ ਨਹੀ ਪਾ ਸਕੇਗਾ। ਜਦ ਯਾਦ ਕਰਿਆ ਕਰੋਗੇ ਦੂਸ਼ਨ ਹੋਯਾ ਕਰਨਗੇ ਜਦ ਸਦੋ ਗੇ, ਨੰਗੇ ਪੈਰੀ ਹਾਜਰ ਹੋਯਾ ਕਰਾਂ ਗੇ"

"ਦੀਨ ਦਯਾਲ, ਇਸੇ ਭੋ ਸੇ ਜਿੰਦਗੀ ਦੇ ਦਿਨ ਬਤੀਤ ਹੋਣਗੇ, ਨਹੀ ਤੇ ਵਿਛੋੜੇ ਦਾ ਦੁਖ ਝਲਣ ਦੀ ਸ਼ਕਤੀ ਸਾਡੇ ਵਿਚ ਕਿਥੇ ?" ਅਛਾ ਹੁਨ ਤਿਆਰ ਹੋ ਜਾਓ, ਔਹ ਤਕੋ ਇਕ ਗੋਰਾ ਹੋਰ ਪਿਆ ਔਧਰ ਔਂਦਾ ਏ। ਖਬਰੇ ਏਹ

Sri Satguru Jagjit Singh Ji Elibrary NamdhariElibrary@gmail.com

ਕਹਿਣ ਹੀ ਆਯਾਏ ਕਿ ਤਿਆਰ ਹੋਵੋ।

ਆਹਾ ! ਪ੍ਰਾਗ ਰਾਜ ਦੇ ਕਿਲੇ ਵਿਚ ਮੁੜ ਸ੍ਰੀ ਭੈਣੀ ਸਾਹਬ ਤੋਂ ਟਰਨ ਵਾਲਾ ਨਜ਼ਾਰਾ ਬਣਜਾਂਦਾਏ। ਸੂਬੇ ਸਾਰੇਸਾਹਬਾਂ ਦੇ ਚਰਨਾਂ ਤੇ ਗਿਰਕੇ ਆਖ ਰਹੇ ਹਨ ਕਿ—ਸਚੇ ਪਾਤਸ਼ਾਹ ਜੀ ਸਾਨੂੰ ਨਾਲ ਰਖੋ, ਅਸੀਂ ਕਲੇ ਨਹੀਂ ਰਹਿ ਸਕਾਂ ਗੇ। ਜਾਂ ਫਿਰ ਫਾਸੀ ਦਾ ਹੁਕਮ ਲੁਆ ਛਡੋ। ਵਿਛੋੜ ਦਾ ਦੁਖ ਝਲਣ ਦੀ ਸਾਡੇ ਵਿਚ ਸ਼ਕਤੀ ਨਹੀ। ਤੁਹਾਡੇ ਪਿਛੇ ਘਰ ਛਡਿਆ, ਬਾਰ ਛਡਿਆ, ਭੈਣ ਭਾਈ, ਪ੍ਰਵਾਰ ਛਡਿਆ, ਪਯਾਰਾ ਵਤਨ ਛਡਿਆ, ਅਸੀਂ ਕਰਮ ਹੀਣ ਹੁਣਤੁਹਾਨੂੰ ਵੀਛਡ ਰਹਹਾਂ ਸਾਹਿਬ ਸਾਰਿਆਂਨੂੰ ਪਯਾਰ ਦਿੰਦੇ ਹੋਏ ਛਾਤੀ ਨਾਲ ਲਾਕੇ ਧੀਰਜ ਬੰਧਾਂਦੇਹਨਆਹਦੇ ਹਨ—"ਤੁਸੀ ਗਯਾਨੀ ਹੋ ਨਾਮ ਅਭਿਆਸੀ ਹੋ ਭਾਣਾਂ ਮੰਨਣ ਵਾਲੇ ਹੋ ਸਤਿਗੁਰੂ ਦੇ ਹੁਕਮ ਤੇ ਸ਼ਾਂਕਰ ਰਹੋ ਜੋ ਹੋਵੇਗਾ ਚੰਗਾ ਹੀ ਹੋਵੇਗਾ। ਮੇਰਾ ਜੀ ਤੁਹਾਥੋਂ ਵਿਛੜਨ ਲਈ ਕਰਦਾ ਏ ? ਨਹੀ ਏਹ ਵਿਛੋੜਾ ਮੈ ਕਦੀ ਵੀ ਭੁਲ ਨਹੀ ਸਕਾਂਗਾ। ਜਦ ਯਾਦ ਆਯਾ ਕਰੋਗੇ ਭਾਹੀਂ ਬਲਿਆ ਕਰਨਗੀਆਂ। ਆਹੀਂ ਨਿਕਲਿਆ ਕਰਨਗੀਆਂ। ਪਰ ਕ੍ਰਤਾਰ ਦਾ ਹੁਕਮ ਹੀ ਇੰਵ ਏ। ਇਸਨੂੰ ਮਿਠਾ ਕਰਕੇ ਮੰਨਣਾਂ ਮੇਰਾ ਧਰਮ ਏ। ਤੁਹਾਡੀ ਸ਼ਹੀਦੀ ਗਊ ਗ਼ਰੀਬ ਨੂੰ ਦੁਖਾਂ ਤੋਂ ਬਚਾਇਗੀ। ਤੁਹਾਡੀਆਂ ਆਹੀਂ ਅਕਾਲ ਦਾ ਸਿੰਘਾਸਨ ਹਲਾਣਗੀਆਂ ਤੁਹਾਡਾ ਸਬਰ ਜ਼ਾਲਿਮਾਂ ਦਾ ਨਾਸ਼ ਕਰੇਗਾ। ਧੀਰਜ ਧਰੋ ਕ੍ਰਤਾਰ ਦੇ ਰੰਗ ਤਕੋ।" ਏਨੇ ਫਿਰ ਗੋਰੇ ਕਿਹਾ, "ਬਾਬਾ ਸਾਹਬ ਜਲਦੀ ਕਰੋ ਹੁਨ ਸਮਾਂ ਨਹੀਂ। ਬਾਹਰ ਚਲੋ" ਬਸ ਆਖਰੀ ਫਤੇ ਬੁਲਾਕੇ ਸ੍ਰੀ ਗੁਰੂ ਜੀ ਆਖਣੇ ਪਯਾਰੇ ਸੂਬਿਆਂ ਤੋਂ ਪਯਾਰ ਪੁਤ੍ਰਾਂ ਤੋਂ ਵਧ ਹੋ ਗਏ। ਅਜ ਦੂਜੀ ਵਾਰ ਫਿਰ ਭੈਣੀ ਸਾਹਿਬ ਤੋਂ ਟੁਰਨ ਦਾ ਨਜਾਰਾ ਆ ਪੇਸ਼ ਹੋਇਆ।

੧੦.

ਨੌ ਮਹੀਨੇ ਪਿਛੋਂ--

ਅਸੂ ਦਾ ਮਹੀਨਾ ਏ। ਮਠੀ ਮਠੀ ਫੁਹਾਰ ਵਸ ਰਹੀ ਏ। ਠੰਡੀ ਹਵਾ ਦੇ ਝੋਕੇ ਦਿਲ ਅਤ ਦਮਾਗ ਨੂੰ ਅਨੰਦਤ ਕਰ ਰਹੇ ਹਨ। ਰਾਤ ਦ ਬਾਰਾਂ ਵਜ ਦਾ ਵਕਤ ਏ। ਮੰਨ ਲਾਇਨ ਤੇ ਇਕ ਸਪੈਸ਼ਲ ਗਡੀ ਭਜੀ ਜਾ ਰਹੀਏ। ਅਚਾਨਕ ਇਕ ਸਟੇਸ਼ਨ ਤੇ ਪਾਣੀ ਲੈਣ ਲਈ ਖਲੋ ਜਾਂਦੀ ਏ। ਇਸ ਵਿਚ ਅਗੇ ਪਿਛੇ ਗੋਰੇ ਸਿਪਾਹੀਆਂ ਦੀਆਂ ਗਡੀਆਂ ਹਨ। ਜਿੰਨਾਂ ਕੋਲ ਭਰੀਆਂ ਹੋਈਆਂ ਏਂਦੂਕਾਂ ਹਨ ਸ਼ਟੇਸ਼ਨ ਤੇ ਅਜ ਕਿਸੇ ਛਾਬੜੀ ਫੋਸ਼ ਹਿੰਦੁਸਤਾਨੀ ਨੂੰ ਵੀ ਔਣਦਾ ਹੁਕਮ ਨਹੀਂ ਇਲਾਹਾਬਾਦੋਂ ਗਡੀ ਚਲਕੇ ਏਥੇ ਹੀ ਖਲੋਤੀ ਏ, ਇਸਦੇ ਫਸਟ ਕਲਾਸ ਦੇ ਇਕ ਡਬੇ ਵਿਚ ਪ ਯਾੜ੍ਹੀ ਹਨ। ਅਚਾਨਕ ਗਡੀਦੇ ਇਸਤ੍ਰਾਂ ਖਲੋ ਜਾਣ ਤੇ ਉਠ ਕੇ ਬੈਠ ਜਾਂਦੇ ਹਨ। ਏਹ ਗੋਰਿਆਂ ਦੇ ਕਠਿਨ ਪਹਿਰੇ ਵਿਚ ਬੇਫਿਕਰੀ ਦੀ ਨੀਂਦ ਸੋਣ ਵਾਲੇ ਕੌਣ ਹਨ ? ਆਪਨੂੰ ਨਹੀਂ ਪਤਾ ? ਏਹ ਹਨ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਅਤੇ ਉਹਨਾਂ ਦੇ ਸਾਥੀ, ਜਿਨਾਂ ਨੂੰ ਅਜ ਇਲਾਹਾ ਬਾਦੋਂ ਗਡੀ ਵਿਚ ਸਵਾਰ ਕਰਕੇ ਕਿਸੇ ਅਗਯਾਤ ਥਾਂ ਨੂੰ ਲਿਜਾਯਾ ਜਾ ਰਿਹਾ ਏ—

"ਨਾਨੂੰ ਸਿੰਘਾ ਕੇਹੜਾ ਸ਼ਹਿਰ ਏ ?"

"ਪਟਨਾ ਸਾਹਿਬ ਏ, ਗ਼ਰੀਬ ਨਿਵਾਜ"

"ਕੀ ਏਹ ਓਹੀ ਪਟਨਾ ਸਾਹਿਬ ਏ, ਜੋ ਸ੍ਰੀ ਦਸ਼ਮੇਸ਼ਸੁਆਮੀ ਦਾ ਜਨਮ ਸਥਾਨ ਏਂ?"

"ਹਾਂ ਸਚੇ ਪਾਤਸ਼ਾਹ ਜੀ ਏਹੀ ਸਰਕਾਰ ਦੀ ਜਨਮ ਭੂਮੀ ਏ। ਏਥੇ ਹੀ ਹਜੂਰ ਬਾਲ

Sri Satguru Jagjit Singh Ji Elibrary NamdhariElibrary@gmail.com

ਚੋਜ ਕਰਦੇ ਰਹੇ ਹਨ। ਏਹੀ ਓਹ ਪਰਮ ਪਵਿਤ੍ਰ ਨਗਰੀ ਏ ਜਿਸ ਸਬੰਧੀ ਹਜ਼ੂਰ ਆਪਣੇ ਸ੍ਰੀ ਮੁਖ ਥੀਂ ਫਰਮਾਂਦੇ ਹਨ ਕਿ—ਤੁਹੀ ਪ੍ਰਕਾਸ਼ ਹਮਾਰਾ ਭਯੋ। ਪਟਨ ਸ਼ਹਿਰਵਿਖੈ ਭਵ ਲਯੋ। ਹਾਂ ਜੀ, ਏਹ ਓਹੀ ਪਟਨਾ ਏਂ ਜਿਸ ਸਬੰਧੀ ਹਜ਼ੂਰਦਸਵੇਂ ਜਾਮੇਂ ਵਿਚ—ਸੋਸਾਖੀਵਿਚ—ਲਿਖ ਆਏ ਹਨ ਕਿ—ਜਨਮ ਭੂਮਿ ਮੇਰੀ ਹੈ ਪਟਨਾ ਦੇਖੇਗਾ ਜਿਉਂ ਰਾਂਤੀ ਸੁਪਨਾ—ਆਪਣੀ ਜਨਮ ਭੂਮੀ ਨੂੰ ਹੁਣ ਸੁਪਨੇ ਵਤ ਵੇਖ ਲਓ ਨਾ ਜੀ? ਅਜ ਓਹ ਵਾਕ ਪੂਰੇ ਕਰ ਵਿਖਾਓ ਨਾ ਜੀ ? ਕੀ ਅਜ ਆਪ ਸ੍ਰੀ ਪਟਨਾ ਸਾਹਿਬ ਸੁਪਨੇ ਵਾਂਗ ਹੀ ਨਹੀਂ ਵੇਖ ਰਹੇ ! ਹੋਰ ਕੀ ਏ। ਅਜ ਤੇ ਮਸਾਂ ਰਾਤ ਦੇ ੧੨ ਹੀ ਵਜੇ ਹਨ, ਜੇ ਦਿਨ ਹੁਦਾ ਤਦ ਚੰਗੀਤਰਾਂ ਦ੍ਰਸ਼ਨ ਕਰਦੇ ਪਰ ਫਿਰ ਵਾਕ ਨਹੀਂ ਸਨ ਪਰੇ ਹੋ ਸਕਦੇ। ਤੇਰੀਆਂ ਤੂੰਹੀਂ ਜਾਣੇ ਪਾਤਸ਼ਾਹ।"

"ਨਾਨੂੰ ਸਿੰਘਾ ਨਮਸ਼ਕਾਰ ਕਰ। ਏਹ ਪਾਤਸ਼ਾਹ ਦੀ ਪਵਿਤ੍ਰ ਜਨਮ ਭੂਮੀ ਹੈ ਏਹ ਸਾਹਿਬਾਂ ਦਾ ਜਨਮ ਸਥਾਨ ਹੈ। ਏਥੋਂ ਦੀ ਮਿਟੀ ਸਾਡੇ ਲਈ ਅਕਸੀਰ ਏ। ਏਥੇ ਦੇ ਕਣ ਸਾਡੇ ਲਈ ਰਤਨਾਂ ਤੋਂ ਚੰਙੇ ਹਨ। ਏਥੇ ਦੇ ਵਸਨੀਕ ਸਾਡੇ ਆਦਰ ਦੇ ਯੋਗ ਹਨ। ਇਸਦੇ ਦ੍ਰਸ਼ਨ ਦੀ ਮੇਰੇ ਦਿਲ ਵਿਚ ਡਾਢੀ ਲਾਲਸਾ ਸੀ। ਤੀਬਰ ਉਮੰਗ ਸੀ। ਪਰ ਕੀ ਪਤਾ ਸੀ ਕਿ ਏਹ ਲਾਲਸਾ ਇੰਵ ਹੀ ਪੂਰੀ ਕਰਨੀ ਪਏਗੀ। ਨਾਨੂੰ ਸਿੰਘਾ ਅਜ ਇਸਤੇ ਹੀ ਸਬਰ ਕਰ, ਗੁਰੂ ਚਾਹਿਆ ਤਾਂ ਮੁੜ ਛੇਤੀ ਹੀ ਚੰਗੀਤਰਾਂ ਦ੍ਰਸਨ ਕਰਾਂਗੇ। ਸਧਰਾਂ ਲਾਹਾਂਗੇ।"

ਸਭੇ ਯਾਤ੍ਰੂਅਖੀਆਂਮੀਟਕੇ ਪਟਨੇ ਸਾਹਿਬ ਵਲ ਮੂੰਹ ਕਰਕੇ ਨਮਸ਼ਕਾਰ ਕਰਨ ਲਈ ਇਕ ਚਿਤ ਹੋ ਜਾਂਦੇ ਹਨ। ਕੁਝ ਚਿਰ ਇਸੇਤ੍ਰਾਂ ਡਾਢੇ ਅਨੰਦਵਿਚ ਗੁਜਰਦਾ ਏ। ਜਦੋਂ ਅਖੀਆਂ ਖੋਹਲਦੇ ਹਨ ਤਦੋ ਰੇਲ ਫਿਰ ਉਸੇ ਆਪਣੀ ਪੂਰੀ ਰਫਤਾਰ ਤੇ ਦੌੜੀ ਜਾ ਰਹੀ ਨਜਰ ਪੈਂਦੀ ਏ। ਏਹ ਫਿਰ ਆਪਣੀਆਂ ਸੀਟਾਂ ਤੇ ਵਰਾਜ ਜਾਂਦੇ ਹਨ। ਟੇਸ਼ਨ ਤੇ ਟੇਸ਼ਨ ਸ਼ਹਿਰ ਤੇ ਸ਼ਹਿਰ ਛਡਦੀ ਹੋਈ ਗਡੀ ਬੰਗਾਲ ਦੇ ਪ੍ਰਸਿਧ ਸਟੇਸ਼ਨ ਹਾਵੜੇ ਜਾ ਖਲੋਤੀ ਏ। ਯਾਤ੍ਰੂ ਉਤ੍ਰਦ ਹਨ। ਬਘੀਆਂ ਤਿਆਰ ਖਲੋਤੀਆਂ ਹਨ ਜਿਨਾਂ ਵਿਚ ਸਵਾਰ ਕਰਾਕੇ—ਗੋਰਿਆਂ ਦੇ ਸਖਤ ਪਹਿਰੇ ਵਿਚ—ਹੁਗਲੀ ਬੰਦਰ ਤੇ ਪੁਜਾਯਾ ਜਾਂਦਾ ਏ। ਅਗੇ ਇਕ ਖਾਸ ਜਹਾਜ ਪਹਿਲਾ ਹੀ ਤਿਆਰ ਖਲੋਤਾ ਏ। ਸਾਹਿਬ ਜਦ ਜਹਾਜ ਚੜਨ ਲਈ ਪਲੇਟ ਫਾਰਮ ਤੇ ਚਰਨ ਰਖਦੇ ਹਨ, ਤਦ ਅਗੋਂ ਜਹਾਜ ਵਲੋਂ ਬੰਗਾਲ ਦਾ ਲਾਟ ਆਕੇ ਪੁਛਦਾ ਏ "ਬਾਬਾ ਰਾਮ ਸਿੰਘ ਰਾਜੀ ਹੋ?"

ਗੁਰੂ ਜੀ,ਮੁਸਕ੍ਰਾਂਦੇਹੋਏ ਆਂਹਦੇਹਨ—'ਜੇਹੋ ਜੇਹੇ ਅਸੀਂ ਰਾਜੀ ਹਾਂ, ਤੇਹੋ ਜੇਹੇ ਸਤਿਗੁਰੂ ਤੁਹਾਨੂੰ ਵੀ ਕਰੋ। ਤੁਹਾਡੇ ਦੁਆਲੇ ਭਰੀਆਂ ਬੰਦੂਕਾਂ ਦੇ—ਸੰਗੀਨਾ ਦੇ—ਪਹਿਰੇ ਹੋਣ ਫਿਰ ਅਸੀਂ ਪੁਛੀਏ, ਸੁਣਾ ਸਾਹਬ ਰਾਜੀ ਹੋ ? ਰਾਜੀ ਦਾ ਪਤਾ ਫਿਰ ਲਗੇਗਾ। ਹੁਣ ਕੀ ਦਸੀਏ" ਜਵਾਬ ਉਡੀਕਨ ਤੋਂ ਬਿਨਾ ਹੀ ਨਾਲੇ ਸਾਹਬ—ਸ੍ਰੀ ਸਤਿਗੁਰੂ ਰਾਮ ਸਿੰਘ ਜੀ-ਜਹਾਜ ਤੇ ਚੜਦੇ ਜਾ ਰਹੇ ਹਨ ਨਾਲੇ ਪਿਛੇ ਮੁੜਕੇ ਹਥ ਕਰਕੇ ਆਖਦੇ ਜਾ ਰਹੇ ਹਨ-

"ਗਲਾਂ ਦਿਲ ਦੀਆਂ ਦਿਲ ਦੇ ਵਿਚ ਰਹੀਆਂ ਸਭੇ ਪੂਰੀਆਂ ਕਰਕੇ ਵਖਾਣੀਆਂ ਨੇ। ਤੁਸਾਂ ਸਾਨੂੰ ਸਿਆਲ ਵਿਚ ਕਢਿਆ ਏ, ਅਸਾਂ ਹਾੜ ਮੁਸੀਬਤਾ ਪਾਣੀਆਂ ਨੇ।"

ਚੜਨ ਦੀ ਦੇਰ ਸੀ। ਜਹਾਜ ਤਿਆਰ ਸੀ। ਵਿਸਲ ਦਿਤਾ ਅਤੇ ਟੁਰ ਪਿਆ। ਕਿਥ

Sri Satguru Jagjit Singh Ji Elibrary NamdhariElibrary@gmail.com

ਨੂੰ ? ਕੌਣ ਦਸੇ, ਕਿਸਨੂੰ ਪੁਛਣ, ਕੋਈ ਆਪਣਾਂ ਨਹੀ, ਕੋਈ ਵਤਨੀ ਨਹੀ, ਹਮਸਾਯਾ ਨਹੀ । ਸਭ ਓਪਰੇ, ਸਭ ਵਿਦੇਸੀ । ਖਲਾਸੀ ਤੀਕ ਗੋਰੇ । ਸ੍ਰੀ ਗੁਰੂ ਜੀ ਆਂਹਦੇ ਹਨ–

"ਨਾਨੂੰ ਸਿੰਘਾ, ਬਈ ਅਜ ਰਜਕੇ ਭਾਰਤ ਭੂਮੀ ਦੇ ਦ੍ਰਸ਼ਨ ਕਰ ਲੈ ਮਾਤ੍ ਭੂਮੀ ਦੇ ਦੀਦਾਰ ਕਰ ਲੈ । ਫਿਰ ਕੁਝ ਦਿਨ ਏਹ ਧਰਤੀ ਵੇਖਣੀ ਨਸੀਬ ਨਹੀ ਹੋਣੀ । ਫਿਰ ਇਸਦੇ ਸੁਪਨੇ ਆਯਾ ਕਰਨ ਗੇ । ਫਿਰ ਇਸਦੀ ਮਿਟੀ ਨੂੰ ਪਏ ਤਰਸਾਂਗੇ ।" ਮਾਤ੍ ਭੂਮੀ ਨੂੰ ਸੰਬੋ ਧਨ ਕਰਕੇ ਆਖਦੇ ਹਨ––ਦੇਵੀ ਭਾਰਤ, ਫਿਕਰ ਨ ਕਰੀਂ ਅਜ ਭਾਵੇਂ ਤੇਰੇ ਨਲਾਇਕ ਪੁਤ੍ਰਾਂ ਸਾਡਾ ਸਾਥ ਨਹੀ ਦਿਤਾ, ਮੈ ਭਾਵੇਂ ਅਜ, ਤੇਰੀ ਅਜਾਦੀ ਹਿਤ ਦੇਸ਼ ਨਿਕਾਲਾ ਲੈ ਰਿਹਾ ਹਾਂ ਮੇਰੇ ਇੰਵ ਦੇਸ਼ ਛਡ ਜਾਣ ਨੂੰ ਕਿਸੇ ਬੁਰਾ ਮਹਿਸੂਸ ਨਹੀ ਕੀਤਾ ਪਰ ਥੋੜੇ ਚਿਰ ਨੂੰ ਏਹਨਾਂ ਲੋਕਾਂ ਦੀਆਂ ਅਖੀਆਂ ਖੁਲਣਗੀਆਂ ਫਿਰ ਏਹ ਆਪਣੇ ਏਸ ਪਾਪ ਦਾ ਪ੍ਰਾਸਚਿਤ ਕਰਨਗੇ । ਜੇਹੜੀ ਅਜਾਦੀ ਦੀ–ਦੁਸ਼ਮਨਾ ਦੇ ਭਾ ਦੀ ਬਗਾਵਤਦੀ–ਅਗ ਮੈ ਲਾ ਚਲਿਆ ਹਾਂ ਏਹ ਕ੍ਰੋੜ ਯਤਨ ਕਰਨ ਤੇ ਵੀ ਬੁਝ ਨਹੀਂ ਸਕੇਗੀ । ਸਗੋਂ ਦਿਨੋ ਦਿਨ ਭਿਆਨਕ ਸ਼ਕਲ ਅਖਤਿਆਰ ਕਰਦੀ ਜਾਏਗੀ । ਜਿੰਨਾ ਚਿਰ ਤੂੰ ਅਜ਼ਾਦ ਨਾ ਹੋ ਲਏਂ । ਜਿੰਨਾ ਚਿਰ ਤੂੰ ਬੰਧਨ ਮੁਕਤ ਨਾ ਹੋ ਜਾਇ । ਜਿੰਨਾ ਚਿਰ ਤੇਰੀ ਬੰਦ ਖਲਾਸ ਨਾ ਹੋ ਲਏ । ਓਨਾ ਚਿਰ ਏਹ ਲਾਟਾਂ ਛਡਦੀ ਹੀ ਰਹੇ ਗੀ"

ਏਹਨਾਂ ਦੇ ਏਹਨਾ ਖਯਾਲਾਂ ਵਿਚ ਪਿਆਂ ਪਿਆਂ ਹੀ ਜਹਾਜ ਬੰਗਾਲ ਦੀ ਖਾੜੀ ਗੰਗਾ ਸਾਗਰ–ਛਡਕੇ, ਸਮੁੰਦ੍ ਦੇ ਵਿਚਕਾਰ ਜਾ ਰਿਹਾ । ਸਾਡੇ ਪੂਜਨ ਯਾਤ੍ਰੀ ਖਿੜੇ ਮਥੇ ਪ੍ਰਸੰਨਤਾ ਨਾਲ ਡੇਕ ਤੇ ਟਹਿਲ ਰਹੇ ਹਨ । ਬਸ ਹੁਣ ਨਾ ਜਹਾਜ ਦਿਸਦਾ ਏ ਨਾ ਜਹਾਜ ਦੇ ਯਾਤ੍ਰੀ । ਨਾ ਜਹਾਜ ਦਾ ਰੰਗ ਬਰੰਗਾ ਝੰਡਾ ਨਾ ਇੰਵਣ ਦਾ ਬੰਬਾ ।

ਯਾਤ੍ਰੀਆਂ ਨੂੰ ਹੁਣ ਨਾ ਧਰਤੀ ਦਿਸਦੀ ਏ ਨਾ ਪਹਾੜ । ਨਾ ਰੁਖ ਦਿਸਦੇ ਹਨ. ਨ ਦ੍ਰਖਤ ਦਿਸਦਾ ਏ,ਸਿਰਫ ਸਮੁੰਦ੍ ਦਾ ਗੂੜ੍ਹਾ ਨੀਲਾ ਪਾਣੀ ਅਤੇ ਵਿਕਰਾਲ ਗਰਜਨ ਕਰਦੀਆਂ ਹੋਈਆਂ ਮਦ ਮਸਤ ਸਮੁੰਦ੍ਰੀ ਲਹਿਰਾਂ, ਜਾਂ ਉਪਰ ਦਿਸਦਾਏ ਸਿਰ ਧੁਨਦਾ ਹੋਯਾ ਨੀਲਾ ਅਕਾਸ਼ ।

ਸਾਡੇ ਸੋਹਣੇ ਯਾਤ੍ਰੀ ਆਪਣੀ ਧੁਨਿ ਵਿਚ ਮਸਤ, ਆਪਣੇ ਆਨੰਦ ਵਿਚ ਮਗਨ, ਖੇੜੇ ਵਿਚ, ਹੁਲਸਾ ਵਿਚ, ਵੈਰਾਗ ਵਿਚ ਡੋਕ ਤੇ ਖਲੋਤੇ ਨਾਲੇ ਸਮੁੰਦ੍ ਦੀਆਂ ਲਹਿਰਾਂ ਦੀਆਂ ਮੌਜਾਂ ਤਕ ਰਹੇ ਹਨ ਨਾਲੇ ਗਾਰਹੇ ਹਨ -

ਨਦੀਆ ਵਾਹ ਵਿਛੁੰਨਿਆ ਮੇਲਾ
ਸੰਜੋਗੀ ਰਾਮ । ਜਗੁ ਜੁਗੁ ਮੀਠਾ
ਵਿਸੁ ਭਰੇ ਕੋ ਜਾਣੈ ਜੋਗੀ ਰਾਮ ।
ਕੋਈ ਸਹਜਿ ਜਾਣੈ ਹਰਿ ਪਛਾਣੈ
ਸਤਿਗੁਰੁ ਜਿਨਿ ਚੇਤਿਆ । ਬਿਨੁ
ਨਾਮ ਹਰਿਕੇ ਭਰਮ ਭੂਲੇ ਪਚਹਿ
ਮੁਗਧ ਅਚੇਤਿਆ । ਹਰਿ ਨਾਮੁ
ਭਗਤਿ ਨ ਰਿਦੈ ਸਾਚਾ ਸੋ ਅੰਤਿ
ਧਾਹੀ ਰੁੰਨਿਆ । ਸਚੁ ਕਹੈ
ਨਾਨਕੁ ਸਬਦਿ ਸਾਚੈ ਮੇਲਿ ਚਿਰੀ
ਵਿਛੁੰਨਿਆ ।

Sri Satguru Jagjit Singh Ji Elibrary NamdhariElibrary@gmail.com

ਪ੍ਰੀਤਮ-ਪਿਆਰੇ

(ਵਲੋਂ ਸ੍ਰੀ ਮਾਨ ਸ: ਵਿਧਾਤਾ ਸਿੰਘ ਜੀ 'ਤੀਰ' ਅੰਮ੍ਰਿਤਸਰ)

ਧਰਤੀ ਮਾਲਵੇ ਦੀ ਖਾਣ ਬਰਕਤਾਂ ਦੀ, ਰਾਣੀ ਉਹਦੀਆਂ ਕੁਦਰਤਾਂ ਸਾਰੀਆਂ ਦੀ।
ਚਰਨ ਰਾਮ ਦੇ ਸਿਦਕ ਵਿਚ ਪਰਸ ਰਹੀਸੀ, ਦਿਲੋਂ ਭਰੀ ਹੋਈ ਤਾਂਘਾਂ ਭਾਰੀਆਂ ਦੀ।
ਵਗਦੀ ਪਈ ਸੀ ਸਰਸੇ ਦੇ ਕੰਢਿਆਂ ਤੇ, ਖੁਲ੍ਹੀ ਨਾਮ ਧਾਰਾ ਨਾਮਧਾਰੀਆਂ ਦੀ।
ਠੰਢ ਪਾਉਂਦੀ ਪਈ ਸੀ ਸੜਦਿਆਂ ਨੂੰ, ਰੂਹ ਰੱਬ ਦੀ ਸ਼ਕਲ ਸੰਸਾਰੀਆਂ ਦੀ।
ਹਰ ਇਕ ਦਿਲ ਅੰਦਰ ਦਰਦ ਦੇਸ਼ ਦਾ ਸੀ, ਹਰ ਇਕ ਅੱਖ ਅੰਦਰ 'ਰਾਮ' ਵਸਦਾ ਸੀ।
ਹਰ ਇਕ ਜੀਭ ਤੇ ਰਾਮ ਸੀ ਰਾਜ ਕਰਦਾ, ਹਰ ਇਕ ਰੂਪ ਅੰਦਰ ਰਾਮ ਹੱਸਦਾ ਸੀ।

—੦੦੩—

ਹਥਾਂ ਵਿੱਚ ਮਾਲਾ ਮਾਲਾ ਵਿਚ ਬਿਰਤੀ, ਬਿਰਤੀ ਵਿਚ ਰੱਬੀ ਲਹਿਰ ਵਗ ਰਹੀ ਸੀ।
ਪੈਰ ਜਾਪਦੇ ਪਏ ਸੀ ਪੰਧ ਅੰਦਰ, ਸੁਰਤ ਸਿਦਕ ਰੰਗ ਰੱਤੜੀ ਲੱਗ ਰਹੀ ਸੀ।
ਕਿਲੇ ਪਏ ਵਿਕਾਰਾਂ ਦੇ ਢਠਦੇ ਸਨ, ਨਾਮੀ ਤੋਪ ਸਤ ਨਾਮ ਦੀ ਦੱਗ ਰਹੀ ਸੀ।
ਇਰਦ ਗਿਰਦ ਸਨ ਝੁੰਡ ਪਰਵਾਨਿਆਂ ਦੇ, ਵਿੱਚ "ਰਾਮ" ਰੂਪੀ ਜੋਤ ਜਗ ਰਹੀ ਸੀ।
ਪਾਈ ਗੂੰਜ ਚੱਫੇਰ ਸੀ ਭੌਰਿਆਂ ਨੇ, ਮਹਾਰਾਜ ਲਗਦੇ ਵਾਂਙ ਫੁੱਲ ਦੇ ਸਨ।
ਮਾਲਾ ਵਾਂਙ ਸੁਦਰਸ਼ਨ ਦੇ ਚਲਦੀ ਸੀ, ਉਸ ਚੋਂ ਬੰਦਗੀ ਦੇ ਜੌਹਰ ਖੁਲਦੇ ਸਨ।

—੦੦੪—

ਰੰਗ ਰੱਤੜੇ ਏਸ ਵਹੀਰ ਅੰਦਰ, ਝਾਕੀ ਇਕ ਐਸੀ ਨਜ਼ਰ ਆ ਰਹੀ ਸੀ।
ਲਗਨ—ਲੀਨ ਇਕ ਮਾਈਆਂ ਦੀ ਮੰਡਲੀ ਵੀ, ਜਨਮ ਮਰਨ ਦਾ ਪੰਧ ਮੁਕਾ ਰਹੀ ਸੀ।
ਏਨਾਂ ਨਾਲ ਇਕ ਸਿੱਖ ਵੀ ਜਾ ਰਿਹਾ ਸੀ, ਜਿੰਨੂੰ ਸਾਦਗੀ ਸੀਸ ਨਿਵਾ ਰਹੀ ਸੀ।
ਐਪਰ ਓਸ ਦੀ ਤੋਰ "ਮਸਤਾਨਿਆਂ" ਨੂੰ, ਕਿਸੇ ਰੰਧਲੇ ਭਰਮ ਵਿਚ ਪਾ ਰਹੀ ਸੀ।
ਉਨਾਂ ਆਖਿਆ! ਵੇਖ ! ਹਰਨਾਮ ਸਿੰਘਾ, ! ਸਾਡੀ ਹਿਕ ਉਤੇ ਅੱਗ ਬਾਲ ਨਾ ਤੂੰ।
ਹੋਕੇ ਵੱਖਰਾ ਆਪਣਾ ਕੱਟ ਪੈਂਡਾ, ਤੁਰ ਇਸਤਰ੍ਹਾਂ ਬੀਬੀਆਂ ਨਾਲ ਨਾ ਤੂੰ।

—੦੦੪—

ਉਹਨੇ ਆਖਿਆ ! ਕਮਲਿਓ ! ਰਹੋ ਠੱਪੇ, ਮੇਰੀ ਰਮਜ਼ ਨੂੰ ਤੁਸਾਂ ਨਾ ਲੱਖਿਆ ਏ।
ਮੇਰੀ ਅੱਖ ਦੇ ਵਿੱਚ ਨਹੀਂ ਮੈਲ ਕੋਈ, ਤੁਸਾਂ ਭੁਲ ਅੰਦਰ ਲੱਖਣ ਲੱਖਿਆ ਏ।
ਜਿਥੋਂ ਤੁਸਾਂ ਹੈ ਆਬਹਯਾਤ ਪੀਤਾ, ਮੈਂ ਵੀ ਓਸੇ ਸਰੋਵਰੋਂ ਚੱਖਿਆ ਏ।
ਐਵੇਂ ਮੂਰਖੋ ਸਿਰਾਂ ਤੇ ਚੜ੍ਹ ਰਹੇਓ, ! ਤੁਸਾਂ ਕਿਸੇ ਦਾ ਅਦਬ ਨਾਂ ਰੱਖਿਆ ਏ।

Sri Satguru Jagjit Singh Ji Elibrary NamdhariElibrary@gmail.com

ਨਿਰ ਛਲ ਸਿਖ ਨੇ ਇਸਤਰ੍ਹਾਂ ਰੋਹ ਅੰਦਰ, ਜਦੋਂ ਇਹ ਦੋ ਚਾਰ ਸੁਣਾ ਦਿਤੀਆਂ।
ਪਾਰਾ ਚੜ੍ਹ ਗਿਆ ਝਟ ਮਸਤਾਨਿਆਂ ਦਾ, ਉਹਨਾਂ ਪਕੜਕੇ ਖੂਬ ਟਿਕਾ ਦਿਤੀਆਂ।

—੪੦੪—

ਬਸ ਫੇਰ ਕੀ? ਝੱਟ ਸ਼ਕੈਤ ਹੋ ਗਈ, ਵੇਲਾ ਤਾੜਿਆ ਠੀਕ ਬਹਾਨਿਆਂ ਨੇ।
ਕਿਹਾ ਸੂਬਿਆਂ ! ਸ਼ਹਿਨਸ਼ਾਹ ! ਅੱਤ ਚੁੱਕੀ ਏਨ੍ਹਾਂ ਆਪਦੇ ਮੋਏ ਮਸਤਾਨਿਆਂ ਨੇ।
'ਰਬੀ ਜੋਤ' ਜੀ ਸਾੜਿਆ ਦਿੱਲ ਡਾਢਾ ਏਹਨਾਂ ਆਪਦੇ ਪ੍ਰੇਮ ਪਰਵਾਨਿਆਂ ਨੇ।
ਕਹੀਂ ਸਮਝਦੇ, ਕਿਸੇ ਦੀ ਮੰਨਦੇ ਨਹੀ, ਲਾਇਆ ਆਪਣਾ ਟਿੱਲ ਹੈ ਦਾਨਿਆਂ ਨੇ।
ਗੱਲ ਕੱਲ ਦੀ ਇਹਨਾਂ ਦਾ ਦੱਲ ਵੇਖੋ ਇਕ ਸਿੱਖ ਇਕੱਲੇ ਤੇ ਟੁੱਟਿਆ ਏ।
ਸਚੇ ਪਾਤਸ਼ਾਹ ! ਕੁਝ ਵੀ ਰਲ ਨਹੀ ਸੀ, ਉਹ ਨੂੰ ਛੱਲੀਆਂ ਦੇ ਵਾਂਙ ਕੁੱਟਿਆ ਏ।

—੪੦੪—

ਦਰਦ ਪੁੰਜ ਬੋਲੇ ! "ਹੱਛਾ ਫੇਰ ਕੀਏ, ਅਸੀਂ ਅਜ ਹੀ ਲੇਖਾ ਮੁਕਾਦਿਆਂ ਗੇ।
ਸਾਡੇ ਸਿਖ ਨੂੰ ਜਿਨਾਂ ਨੇ ਮਾਰਿਆਏ ਅਸੀ ਉਨ੍ਹਾਂ ਨੂੰ ਮਜਾ ਚਖਾਦਿਆਂ ਗੇ।
ਸਾਡੇ ਸੂਬੇ ਤੇ ਵਰ੍ਹੇ, ਜੋ ਗੜੇ ਹੋਕੇ ਅਸੀਂ ਉਹ ਨੂੰ ਰੰਗ ਵਿਖਾਦਿਆਂ ਗੇ।
ਪਕੇ ਹੋਏ ਹੰਕਾਰੀਆਂ ਸਿੱਟਿਆਂ ਤੇ ਅਸੀ ਭਾਂਗ ਦਾ ਮੀਹ ਵਰ੍ਹਾ ਦਿਆਂ ਗੇ।"
ਏਨਾ ਆਖਕੇ ਚੱਲਪਏ ਰਮਜ ਅੰਦਰ ਕੌਤਕ ਅਜਬ ਸੰਸਾਰ ਤੇ ਕਰਨ ਵਾਲੇ।
ਭਰਿਆਂ ਉਛਲਿਆਂ ਨੂੰ ਖਾਲੀ ਕਰਨ ਵਾਲੇ ਅਤੇ ਸੁਖਿਣਿਆਂ ਨੂੰ ਪਲ ਵਿਚ ਭਰਨ ਵਾਲੇ।

—੪੦੪—

ਓਧਰ ਮਸਤਿਆ ਝੁੰਡ ਮਸਤਾਨਿਆਂ ਦਾ, ਹੈਸੀ ਨੰਗਲੇ ਦੀ ਸੁੰਦਰ ਢਾਬ ਉਤੇ।
ਜਾਪੇ ਖੁਸ਼ੀ ਅਗੰਮੀ ਦੇ ਵਿੱਚ ਖਿੜਿਆ ਭਖਨ ਲਾਲੀਆਂ ਚੇਹਰੇ ਗੁਲਾਬ ਉਤੇ।
ਕੋਈ ਗਾਂਵਦਾ ਸੀ ਕੋਈ ਝੂਮਦਾ ਸੀ, ਕੋਈ ਮਸਤ ਸੀ ਤਾਰ ਰਬਾਬ ਉੱਤੇ।
ਕੋਈ ਨਾਮ ਅਲੱਖਦਾ ਲਿਖ ਰਿਹਾ ਸੀ, ਅਪਣੇ ਦਿਲ ਦੀ ਪਾਕ ਕਿਤਾਬ ਉੱਤੇ।
ਕਿਸੇ ਆਣਕੇ ਆਖਿਆ:—ਸੁਣੋ ਸਿਖੋ "ਜਾਣੀ ਜਾਣ" ਨੇ ਆਪ ਵਲ ਆਉਣ ਲੱਗੇ।
ਬਸ ਫੇਰ ਕੀ ਸੀ ਆਕੇ ਰੰਗ ਅੰਦਰ ਨੱਚਣ ਡਹਿਪਏ ਘੁੰਮਰਾਂ ਪਾਉਣ ਲੱਗੇ।

—੪੦੪—

ਏਨੇ ਚਿਰ ਨੂੰ ਚੀਨੀ ਸਵਾਰ ਆਗਏ ਬੋਲੇ !"—ਉਠਕੇ ਜਾਓ ਖਲੋ ਸਾਰੇ।
ਖ਼ਬਰਦਾਰ ਅਗੇ ਪਿਛੇ ਹੋਵਣਾਂ ਨਾਂ ਜਾਓ ਇਕੋ ਕਤਾਰ ਵਿਚ ਹੋ ਸਾਰੇ।
ਤੋਬਾ ! ਤੁਸਾਂ ਸਤਾਇਆਏ ਬੜਾ ਮੈਨੂੰ ਕੰਡੇ ਦਿਤੇ ਜੇ ਮੈਨੂੰ ਚੁਭੋ ਸਾਰੇ।
ਹੋ ਕੇ ਏਕਤਾ ਦੇ ਫੁੱਲ ਖਾਲਸਾ ਜੀ ਫੇਰ ਰਖੋ ਕਿਉਂ ਦੂਈ ਦੀ ਬੋ ਮਾਰੇ।"
ਝੱਟ ਏਨ੍ਹ ਲਈ ਪਾਲ ਮਸਤਾਨਿਆਂ ਨੇ ਜਾਣੀ ਜਾਣ ਜੀ ਭਾਂਗ ਵਰਤਾਉਣ ਲਗੇ।
ਜਾਣ ਏਧਰੋਂ ਮਾਰਦੇ ਓਸ ਪਾਸੇ ਅਤੇ ਓਧਰੋਂ ਇਧਰ ਨੂੰ ਆਉਣ ਲਗੇ।

Sri Satguru Jagjit Singh Ji Elibrary NamdhariElibrary@gmail.com

ਮਾਰ ਜਿਉਂ ਜਿਉਂ ਪਵੇ ਮਸਤਾਨਿਆਂ ਨੂੰ, ਤਿਉਂ ਤਿਉਂ ਕਹਿਣ ਰੰਗ ਚੜ੍ਹ ਜਾਇਰੇ।
ਖਾਕੇ ਇਕ ਪਾਸੇ ਮੁੜਨ ਦੂਏ ਪਾਸੇ, 'ਆਖਣ ਇਧਰ ਦੇ ਪਾਪ ਵੀ ਝੜ ਜਾਇਰੇ।
ਮੂੰਹ ਨਾਮ ਨਹੀਂ ਜਪਦਾ ਵਰ੍ਹੇ ਇਸਤੇ, ਅਜ ਇਹਦਾ ਵੀ ਭੰਨ ਬੁਥਾੜ ਜਾਇਰੇ।
ਹਥ ਸੇਵਾ ਦਾ ਕਦੇ ਨਹੀ ਨਾਮ ਲੈਂਦੇ, ਮਾਰ ਗੁੱਟ ਉਤੇ ਕਾੜ ਕਾੜ ਜਾਇਰੇ।
ਨਿਵਦੇ ਨਹੀਂ ਸਿਰ ਭਰੇ ਹੰਕਾਰ ਦੇ ਇਹ, ਡਾਂਗ ਮਾਰਕੇ ਇਹਨਾਂ ਨੂੰ ਤੋੜ ਜਾਇਰੇ।
ਸਾਡੇ ਸੀਨਿਆਂ ਵਿਚ ਨਹੀ ਦਰਦ ਰਿਹਾ, ਕੋਈ ਦਰਦ ਵਾਲਾ ਕੰਡਾ ਪੋੜ ਜਾਇਰੇ।

—੪੦੪—

ਲੋਕੀ ਵੇਖਦੇ ਸੀ ਜੋ ਹੜ੍ਹੇ ਏਹ ਕੌਤਕ, ਪਏ ਮੂੰਹ ਵਿਚ ਉਂਗਲਾਂ ਪਾਂਵਦੇ ਸਨ।
ਨਾਲੇ ਸ਼ਹਿਨ ਸ਼ਾਹ, ਕੁੱਟਣ ਮਸਤਾਨਿਆਂ ਨੂੰ, ਨਾਲੇ ਦਰਦ ਵਿਚ ਨੈਨ ਵਹਾਂਵਦੇ ਸਨ।
ਅਜਬ ਹਾਲ ਸੀ ਇਧਰ ਮਸਤਾਨਿਆਂ ਦਾ, ਨਾਲੇ ਨਚਦੇ ਸਨ ਨਾਲੇ ਗਾਂਵਦੇ ਸਨ।
ਚੀਨੀ ਵਾਲੇ ਦੇ ਪਿਆਰ ਦੇ ਹੋ ਭੁੱਖੇ, ਸ਼ੁਕਰ ਸ਼ੁਕਰ ਕਰਕੇ ਡਾਂਗਾਂ ਖਾਂਵਦੇ ਸਨ।
ਲਿਆ ਡਾਂਗ ਪਰਸ਼ਾਦ ਸ਼ਰਧਾਲੂਆਂ ਨੇਂ, ਮਹਾਰਾਜ ਵਰਤਾਕੇ ਚਲੇ ਗਏ।
"ਅੰਨ ਜਲ ਨਾ ਦੇਣਾਂ ਮਸਤਾਨਿਆਂ ਨੂੰ" ਜਾਂਦੀ ਵਾਰ ਫੁਰਮਾਕੇ ਚਲੇ ਗਏ।

—੪੦੩—

ਚਾਰ ਦਿਨ ਹੋ ਗਏ, ਏਸੇ ਹਾਲ ਅੰਦਰ, ਔਪਰ ਭੁੱਖਿਆਂ ਦੀ ਸਿਦਕੀ ਰੱਜਦੇ ਰਹੇ।
ਬੇ ਪਰਵਾਹ ਬੇ ਖੌਫ਼ ਬੇਚਿੰਤ ਹੋਕੇ, ਦਿਲੋਂ 'ਰਾਮ ਜੀ' 'ਰਾਮ ਜੀ' ਭੱਜਦੇ ਰਹੇ।
ਧੂੜੀ ਵਿੱਚ ਲੁਡੰਦੜਦੇ ਸੋਂਹਦੇ ਰਹੇ, ਬਿਨਾਂ ਸੋਹਜ ਸ਼ਿੰਗਾਰ ਤੋਂ ਸਜਦੇ ਰਹੇ।
ਉਨ੍ਹਾਂ ਹਸਦਿਆਂ ਪ੍ਰੇਮ ਦੀ ਕੈਦ ਕੱਟੀ, ਕਾਇਮ ਫੈਸਲੇ ਦਿਲਾਂ ਦੇ ਜੱਜਦੇ ਰਹੇ।
ਏਧਰ ਰੰਗ ਸੀ ਏਹ ਮਸਤਾਨਿਆਂ ਦਾ, ਪਿਆ ਪੇਟ ਅੰਦਰ ਭੋਰਾ ਅੰਨ ਦਾ ਨਹੀਂ।
ਓਧਰ, ਕਹੇ ਜੇ ਕੋਈ ਕੁਝ ਛਕੋ ਪ੍ਰਭੂ ਜੀ !, ਆਖਣ ਮੰਨ ਕੁਝ ਖਾਣ ਨੂੰ ਮੰਨਦਾ ਨਹੀਂ।

—੪੦੪—

ਪੁਛੇ ਕੋਈ ਤਾਂ ਪਾਤਸ਼ਾਹ ਤੜਫ ਆਖਣ, ਮੈਨੂੰ ਗੱਲਾਂ ਵੀ ਲਗਦੀਆਂ ਤੱਤੀਆਂ ਨੇ।
ਮੈਥੋਂ ਨਹੀਂ ਕੁਈ, ਸੱਜਣੋਂ ! ਗੱਲ ਹੁੰਦੀ, ਮੇਰੇ ਗਲ ਅੰਦਰ ਪਈਆਂ ਪੱਤੀਆਂ ਨੇ।
ਮੇਰੀ ਅਖ ਅੰਦਰ ਵਸੇ ਦਰਦ ਕੋਈ, ਇਕੋ ਤੁਲਦੀਆਂ ਸਿਦਕ ਦੀਆਂ ਰੱਤੀਆਂ ਨੇ।
ਉਹਨਾਂ ਹਥ ਹੈ ਸਜਣੋਂ ਡੋਰ ਮੇਰੀ, ਪ੍ਰੇਮ ਪੂਣੀਆਂ ਜਿਨ੍ਹਾਂ ਨੇਂ ਕੱਤੀਆਂ ਨੇ।
ਏਸ ਰਮਜ ਤੋਂ ਕਿਸੇ ਨੇ ਸਮਝ ਲੀਤਾ, ਇਹ ਤਾਂ ਪਲ ਰਹੀ ਪ੍ਰੀਤ ਪਰਵਾਨਿਆਂ ਦੀ।
ਤਦ ਤਕ ਕੁੱਖ ਮਹਾਰਾਜ ਨੂੰ ਲਗਣੀ ਨਹੀਂ, ਜਦ ਤਕ ਮਿਟੇ ਨ ਭੁੱਖ ਮਸਤਾਨਿਆਂ ਦੀ।

—੪੦੫—

ਆਖਰ ਰੋ ਕੇ ਕਿਹਾ ਇਕ ਲਾਡਲੇ ਨੇ, ਜਾਣੀ ਜਾਣ ਨੇ ਅਰਜ ਮਨਜੂਰ ਕੀਤੀ।

Sri Satguru Jagjit Singh Ji Elibrary NamdhariElibrary@gmail.com

ਕਿਹਾ:-ਪਹਿਲੇ ਛਕਾਉ ਮਸਤਾਨਿਆਂ ਨੂੰ, ਸਿਖੀ ਜਿਨ੍ਹਾਂ ਨੇ ਹੈ ਨੂਰੋ ਨੂਰ ਕੀਤੀ।
ਸਿਦਕੀ ਇਸਤਰਾਂ ਸਿਦਕ ਵਿਚ ਵੱਸਦੇ ਨੇ, ਉਨ੍ਹਾਂ ਪੰਥ ਵਿਚ ਗਲ ਮਸ਼ਹੂਰ ਕੀਤੀ।
ਰਹਿਕੇ ਭੁਖਿਆਂ, ਉਨ੍ਹਾਂ ਨੇ ਹੁਕਮ ਅੰਦਰ, ਮੇਰੀ ਭੁਖ ਹੈ ਸਜਣੋ ਦੂਰ ਕੀਤੀ।
'ਤੀਰ' ਇਹ ਹੈ ਪਿਆਰ ਦੀ ਉਚ ਝਾਕੀ, ਲੇਸ ਏਸ ਵਿਚ ਦੁਨੀਆਂ ਦੇ ਰੰਗ ਦੀ ਨਹੀਂ।
ਸਿਖ ਅੰਨ ਦੇ ਬਿਨਾ ਜੇ ਰਹੇ ਭੁੱਖਾ ਬੁਰਕੀ ਸਤਿਗੁਰੂ ਦੇ ਮੁੰਹੋਂ ਲੰਘਦੀ ਨਹੀਂ।

—੪੦੪—

ਦਰਸ ਬਖਸ਼ਨੇ ਉਚੜੀ ਸ਼ਾਨ ਵਾਲੇ।

(ਵਲੋਂ ਡਾਕਟਰ ਰਘਬੀਰ ਸਿੰਘ ਜੀ ਸਾਹਨੇ ਵਾਲ ਜ਼ਿਲਾ ਲੁਦਿਹਾਣਾ)

ਲਿਖੇ ਸਿਫਤ ਕੀ ਤੇਰੀ ਅਨਜਾਨ ਬਾਬਾ, ਰਿਤੂ ਗਾਜ ਨੂੰ ਭਾਗ ਲਗਾਨ ਵਾਲੇ।
ਪਾਮਰ ਪਾਜੀਆਂ ਤੁੱਈਂ ਉਪਦੇਸ਼ ਦੇਕੇ, ਨਾਮ ਧਾਰਨੀ ਸੰਤ ਬਨਾਨ ਵਾਲੇ।
ਸਿਖੀ ਰਹਿਤ ਦਾ ਸਿਕਾ ਬਠਾਨ ਵਾਲੇ, ਬਾਣੀ ਪੜ੍ਹਨ ਦੀ ਜਾਚ ਸਿਖਲਾਨ ਵਾਲੇ।
ਡਿਗਦੇ ਢਹਿੰਦੀਆਂ ਤਾਂਈ ਉਭਾਰ ਕਰਕੇ, ਹੋਣਾ ਪੈਰਾਂ ਤੇ ਖੜਾ ਸਿਖਾਨ ਵਾਲੇ।
ਫੁਟ ਸਿੱਖਾਂ ਦੇ ਵਿਚ ਨਾ ਤਕ ਸਕਿਓਂ, ਐ ਏਕਤਾ ਨਾਦ ਬਜਾਨ ਵਾਲੇ।
ਅਨ ਮਤ ਦੇ ਜਾਲ ਚੋਂ ਕਢਕੇ ਤੇ, ਮੁੜ ਸਿਖੀ ਦੇ ਵਿਚ ਲਿਆਨ ਵਾਲੇ।
ਅਪਣੇ ਦੇਸ ਦੀ ਚੀਜਾਂ ਦੇ ਵਰਤਣੇ ਦਾ, ਲਾਹੇ ਵਾਲੜਾ ਸਬਕ ਪੜ੍ਹਾਨ ਵਾਲੇ।
ਅਪਣੇ ਝਗੜੇ ਆਪ ਨਬੇੜਨੇ ਦੀ, ਸੋਹਣੀ ਫਬਦੀ ਰੀਤ ਚਲਾਨ ਵਾਲੇ।
ਭੈਣੀ ਸਾਹਿਬ ਦੀ ਜੂਹ ਨੂੰ ਭਾਗ ਲਾਕੇ, ਸਾਰੇ ਦੇਸ ਦੇ ਵਿਚ ਚਮਕਾਨ ਵਾਲੇ।
ਕਵੇ ਆਨਕੇ ਫੇਰ ਰਘਬੀਰ ਸਿੰਘਾ, ਦਰਸ ਬਖਸਨੇ ਉਚੜੀ ਸ਼ਾਨ ਵਾਲੇ।

"ਪੀਆ ਆਗਮਨ"

(ਵਲੋਂ ਸਰਦਾਰ ਗੁਰਦਿਤ ਸਿੰਘ ਜੀ "ਕਮਲ" ਮੁਜ਼ਫ਼ਰ ਪੁਰ ਬਿਹਾਰ)

ਸਈਓ ਮਿਲ ਮੰਗਲ ਗਾਓ ਨੀਂ, ਅਜ ਅਰਸ਼ੀ ਪ੍ਰੀਤੁਮ ਆਇਆ ਜੇ!
ਦੁਨੀਆਂ ਦੇ ਦੁਖ ਨਿਵਾਰਨ ਨੂੰ, ਦਾਰੂ "ਹਰਿ ਨਾਮ" ਲਿਆਇਆ ਜੇ!
ਠੰਢਾਂ ਦਾ ਸੋਮਾਂ ਵਗਿਆ ਜੇ, ਅਰਸ਼ਾਂ ਤੋਂ ਫਰਸ਼ੀਂ ਧਾਇਆ ਜੇ!
ਖੁਸ਼ੀਆਂ ਸੰਗ ਹਿਰਦਾ ਉਛਲ ਰਿਹਾ, ਪਿਆਰਾਂ ਦਾ ਵਹਿਣ ਵਗਾਇਆ ਜੇ!
ਅਜ ਖਿੜੀ ਬਸੰਤ ਇਲਾਹੀ ਏ, ਫੁੱਲਾਂ ਦੀ ਵਰਖਾ ਬਰਸ ਰਹੀ,
ਭਰ ਲੋ ਝੋਲੀ ਪੀਆ ਸੱਧਰਾਂ ਦੀ, ਜਲਵਾ ਜਿਸ ਰਬੀ ਵਖਾਇਆ ਜੇ!

Sri Satguru Jagjit Singh Ji Elibrary NamdhariElibrary@gmail.com

ਸਤਿਗੁਰੂ ਜਗਜੀਤ ਸਿੰਘ ਪੁਸਤਕਾਲਯ
ਪੁਸਤਕਾਰ.....
ਅਲਮਾਰੀ.....
ਭੈਣੀ ਸਾਹਿਬ

ਨਾਮਧਾਰੀ ਸ਼ਹੀਦਾਂ ਦੇ ਸਮਾਚਾਰ ਉਨ੍ਹਾਂ ਦੇ ਕਾਤਲਾਂ ਦੀ ਕਲਮ ਤੋਂ

(ਵਲੋਂ ਪ੍ਰਸਿੱਧ ਵਿਦ੍ਵਾਨ, ਕੋਮਲ ਭਾਵਾਂ ਦੇ ਚਿਤ੍ਰਕਾਰ ਸ੍ਰੀ: ਅਵਤਾਰ ਸਿੰਘ ਜੀ "ਅਜ਼ਾਦ").

ਮੇਰੇ ਪਯਾਰੇ ਮਿੱਤ੍ਰ "ਆਜ਼ਾਦ" ਜੀ ਨੇ ਏਹ ਇਤਹਾਸਕ ਲੇਖ ਡਾਢੀ ਖੋਜ ਨਾਲ ਲਿਖਯਾ ਜਾਪਦਾ ਏ। ਇਸ ਸ਼ਬਦ ਚਿਤ੍ਰ ਦੇ ਚਿਤ੍ਰਨ ਵਾਲ਼ੇ ਵੀ ਕੁਝ ਭਲੇ ਸਜਨ ਉਸੇ ਕੌਮ ਜਾਂ ਨਸਲ ਦਾ ਹੀ ਇਕ ਅੰਗ ਹਨ ਜਿੰਨ੍ਹਾ ਨੇ ਏਹ ਮਨੁਖਤਾ ਦੇ ਨਾਉਂ ਨੂੰ ਕਲੰਕਤ ਕਰਨ ਵਾਲਾ ਕਹਿਰ ਭਰਿਆ ਸਾਕਾ ਵਰਤਾਯਾ ਸੀ। ਮੇਰਾ ਭਾਵ ਏਹ ਨਹੀਂ ਕਿ ਅੰਗ੍ਰੇਜ਼ ਕੌਮ ਵਿਚ ਬੰਦੇ ਹੁੰਦੇ ਹੀ ਨਹੀਂ, ਨਹੀਂ ਸਚ ਦੇ ਚੋਜੀ ਹਰ ਥਾਂ ਤੇ ਮਿਲ ਜਾਂਦੇ ਹਨ, ਓਹ ਵੀ ਤੇ ਇਕ ਅੰਗ੍ਰੇਜ਼ ਹੀ ਸੀ ਜਿਸ ਨੇ ਏਹ ਦ੍ਰਿਸ਼ਯ ਅਪਣੀ ਅਖੀਂ ਵੇਖਕੇ ਕਿਹਾ ਸੀ ਕਿ "ਸਾਰਾ ਯੂਰਪ ਇਕ ਈਸਾ ਦੇ, ਸਿਧਾਂਤ ਹਿਤ ਸੂਲ਼ੀ ਚੜ੍ਹਨ ਤੇ ਮਾਣ ਕਰਦਾ ਹੈ ਪਰ ਅਜ ਮੈ ਇਥੇ ਕਈ ਈਸਾ ਡਿਠੇ ਹਨ ਜੇਹੜੇ ਹੱਸ ਹੱਸਕੇ ਸੂਲ਼ੀ ਨੂੰ ਜੱਫੀ ਪਾਂਦੇ ਸਨ।"

ਉਸ ਸਮੇ ਦਾ ਹਾਲ ਲਿਖਨ ਵਾਲੇ ਆਮ ਤੌਰ ਤੇ ਓਹੀ ਅੰਗ੍ਰੇਜ਼ ਸਨ, ਜੇਹੜੇ ਨੌਕਰ ਸ਼ਾਹੀ ਦੇ ਪੁਰਜੇ ਅਤੇ ਆਪਣੇ ਭਰਾ ਐਲ. ਕਾਵਨ ਦੀ ਕਾਲੀ ਕਰਤੂਤ ਨੂੰ ਛੁਪਾਣ ਦੇ ਚਾਹਵਾਨ ਸਨ, ਸਰ ਡੱਗਲਸ ਫੋਰਸਿਥ ਜੇਹੇ ਉਚੇ ਅਹੁਦੇ ਦੇ ਮਾਲਕ ਜੁਮੇਵਾਰ ਅਫਸਰ ਨੇ ਏਹ ਲਿਖਕੇ ਕਿ ਏਹਨਾਂ ਨੂੰ ਮੁਕਦਮਾ ਜਲ਼ਾਏ ਬਿਨਾਂ ਕੋਈ ਸਜਾ ਨ ਦੇਣੀ ਪਰ ਜਦ ਆਪ ਕੋਟਲੇ ਆਕੇ ਸਾਰਾ ਹਾਲ ਡਿਠਾ ਤਾਂ ਮਿ. ਐਲ. ਕਾਵਨ ਤੋਂ ਪੁਛਿਆ ਕਿ ਆਪ ਨੇ ਅਜੇਹਾਂ ਕਿਉਂ ਕੀਤਾ ? ਉਸ ਕਿਹਾ ਮੈਂ ਤੇ ਕਰ ਬੈਠਾ ਹਾਂ ਪਰ ਹੁਣ ਮੇਰੀ ਲਾਜ ਤੁਹਾਡੇ ਹਥ ਏ ਆਪਣੇ ਮਾਤਹਿਤ, ਨੌਕਰ ਸ਼ਾਹੀ ਦ ਪੁਰਜੇ ਦੀ ਕਰਤੂਤ ਲੁਕਾਨ ਲਈ ਅਪਣੇ ਹੁਕਮ ਦੀ ਕੋਈ ਪ੍ਰਵਾਹ ਨ ਕਰਦੇ ਹੋਇਆਂ ਇਨਸਾਫ ਨੂੰ ਛਿਕੇ ਤੇ ਰਖਕੇ ਰਹਿੰਦੇ ਸਿਖਾਂ ਨੂੰ ਅਗਲੇ ਦਿਨ ਅਪਣੇਸੋਹੇਂ ਸੂਲ਼ੀ ਤੇ ਚਾੜ੍ਹ ਦਿਤਾ। ਏਹ ਹੈ ਅੰਗ੍ਰੇਜ਼ੀ ਇਨਸਾਫ ਦਾ ਇਕ ਨਮੂਨਾ।

ਏਹ ਗਲ ਉਕੀ ਹੀ ਨਿਰਮੂਲ ਏ ਕਿ ਸ਼ਹੀਦਾਂ ਨੂੰ ਤੋਪ ਨਾਲ ਬੰਨ੍ਹਕੇ ਉਡਾਯਾ ਗਿਆ ਸੀ, ਮੇਰੇ ਪਾਸ ਕਈ ਓਹਨਾ ਬ੍ਰਿਧ ਸਜਨਾ ਦੇ ਬਿਆਨ ਮੌਜੂਦ ਹਨ ਜਿੰਨਾਂ ਨੇ ਏਹ ਸਾਕਾ ਅਖੀਂ ਡਿਠਾ ਸੀ ਜਾਂ ਜਿੰਨ੍ਹਾਂ ਨੇ ਦੇਖਣ ਵਾਲਿਆਂ ਤੋਂ ਸੁਣਿਆਂ ਸੀ, ਓਹ ਦਸਦੇ ਹਨ ਕਿ ਸਿਖ ਚਾਅ ਨਾਲ ਇਕ ਦੂਜੇ ਤੋਂ ਅਗੇ ਵਧਕੇ ਸ਼ਹੀਦ ਹੋਨ ਲਈ ਤੋਪ ਅਗੇ ਜਾ ਖਲੋਂਦੇ ਸਨ।

ਪਹਿਰੇ ਦੇ ਸਿਪਾਹੀਆਂ ਤੋਂ ਹੱਲਾ ਕਰਕੇ ਕਾਵਨ ਦੀ ਦਾੜੀ ਫੜਨ ਤੋਂ ਵੀ ਏਹ ਗਲ ਨਿਸਚੇ ਹੋ ਜਾਂਦੀ ਏ ਕਿ ਸਿਖ ਬੰਨ੍ਹੇ ਨਹੀ ਸਨ ਗਏ, ਖੁਲ੍ਹੇ ਸਨ, ਫਿਰ ਦਾੜੀ ਫੜਨ ਵਾਲਾ ਤਾਂ ਇਕ ੧੨ ਸਾਲਾ ਭੁਜੰਗੀ, ਭਾਈ ਬਿਸ਼ਨ ਸਿੰਘ ਨਾਮੀ ਰੜ ਪਿੰਡ ਦਾ ਰਹਿਣ ਵਾਲਾ ਸੀ। ਜਿਸਦਾ ਵਿਸਥਾਰ ਸਹਿਤ ਹਾਲ ਮੈਂ ਆਪਣੇ ਪਿਛਲੇਰੇ ਲੇਖ ਵਿਚ ਦਸ ਆਇਆ ਹਾਂ।

ਇੰਦ੍ਰ ਸਿੰਘ "ਚਕ੍ਰਵਰਤੀ"

Sri Satguru Jagjit Singh Ji Elibrary NamdhariElibrary@gmail.com

੧.

ਇਸ ਰਲ ਤੋਂ ਰਤੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਨਾਮਧਾਰੀ ਲਹਿਰ ਦੇ ਪਰ ਵਤਣਕ ਸ੍ਰੀ ਮਹਾਰਾਜ ਬਾਬਾ ਰਾਮ ਸਿੰਘ ਜੀ ਦਾ ਮਨੋਰਥ ਜਿਥੇ ਸਿੱਖੀ ਦੀ ਗਵਾਚੀ ਹੋਈ ਮਰਯਾਦਾ ਨੂੰ ਪੁਨਰ ਸਥਾਪਨ ਕਰਨਾ ਸੀ, ਓਥੇ ਓਹਨਾਂ ਦੇ ਦਿਲ ਵਿਚ ਆਪਣੀ ਔਜ ਇਕਬਾਲ ਤੇ ਰਾਜ ਭਾਗ ਗਵਾ ਚੁਕੀ ਜਾਤੀ ਨੂੰ ਆਜ਼ਾਦ ਕਰਨ ਦੀ ਲਗਨ ਵੀ ਲਹਿਰੇ ਲੈ ਰਹੀ ਸੀ। ਉਹ ਚਾਹੁੰਦੇ ਸਨ ਕਿ ਸਿਖ ਆਪਣੇ ਉਹਨਾਂ ਵਡਾਰੂਆਂ ਜਹੇ ਸਚੇ ਸਿਖ ਬਨਣ ਕਿ ਜਿਨ੍ਹਾਂ ਨੇ ਆਪਣੀ ਅਟੁੱਟ ਜਥੇ ਬੰਦੀ, ਅਦੁਤੀ ਦੇਸ਼ ਪਿਆਰ, ਸਦਾ ਸਜਰੀ ਹਿੰਮਤ ਅਤੇ ਕਦੇ ਨਾ ਝੁਕਣ ਵਾਲੀ ਸਤਾ ਸ਼ਕਤੀ ਰਾਹੀਂ ਸਾਰੀਆਂ ਔਕੜਾਂ ਨੂੰ ਲਤਾੜ ਕੇ ਆਜ਼ਾਦੀ ਦਾ ਨਾਦ ਵਜਾਇਆ ਸੀ। ਆਪਣੇ ਏਸ ਮਹਾਨ ਉੱਚੇ ਅਤੇ ਪਰਮ ਪਵਿਤ੍ਰ ਮਨੋਰਥ ਦੀ ਪੂਰਤੀ ਲਈ ਉਹਨਾਂ ਨੇ ਸਿਖਾਂ ਵਿੱਚ ਸਿੱਖੀ ਸਪ੍ਰਿਟ, ਸਿਖੀ ਜਜ਼ਬਾ, ਅਤੇ ਸਿਖੀ ਪਿਆਰ ਪੈਦਾ ਕੀਤਾ ਅਤੇ ਉਹਨਾਂ ਨੂੰ ਦੀਖਯਤ ਕਰਦਿਆਂ ਹੋਇਆਂ ਦਸਿਆ ਕਿ ਸਦਾ ਚੜ੍ਹਦੀਆਂ ਕਲਾਂ ਵਿਚ ਰਹਿਣਾ ਅਰ ਪਰਤੰਤਰਤਾ ਨੂੰ ਦੂਰ ਕਰਨਾ ਸਿਖ ਮਾਤ੍ਰ ਦਾ ਪਹਿਲਾ ਫਰਜ਼ ਹੈ।

ਸਿਖੀ ਦੀ ਗਵਾਚੀ ਹੋਈ ਸ਼ਾਨ ਮੋੜਨ ਲਈ ਹਜ਼ੂਰ ਨੇ ਸਿਖੀ ਰਹਿਤ ਬਹਿਤ, ਸਿਖੀ ਵਰਤਾਰੇ, ਅਤੇ ਸਿੱਖੀ ਸਪ੍ਰਿਟ ਨੂੰ ਜਿੰਦਾ ਕੀਤਾ ਅਤੇ ਉਹ ਸਿੱਖ ਜੋ ਰਾਜ ਭਾਗ ਗਵਾ ਚੁੱਕਣ ਦੇ ਉਪ੍ਰੰਤ ਆਪਣਾ ਧਰਮ ਵੀ ਗਵਾ ਚੁਕੇ ਸਨ ਉਹਨਾਂ ਨੂੰ ਇਕ ਸੂਤਰ ਵਿਚ ਪਰੋਣ ਲਈ ਜਥੇ ਬੰਦੀ ਦੀ ਨੀਂਹ ਰਖੀ। ਆਪ ਚਾਹੁੰਦੇ ਸਨ ਕਿ ਘੋਕੀਂ ਸੁੱਤੇ ਖਾਲਸੇ ਨੂੰ ਉਠਾਇਆ ਜਾਵੇ ਤੇ ਪੰਥ ਦੀਆਂ ਸਮੂਹ ਸ਼ਕਤੀਆਂ ਨੂੰ ਇਕ ਸੂਤਰ ਵਿਚ ਪਰੋਕੇ ਉਚ ਮਾਅਰਕੇ ਦਾ ਪ੍ਰੋਗ੍ਰਾਮ ਬਣਾਇਆ ਜਾਵੇ ਕਿ ਵਦੇਸ਼ੀ ਸਰਕਾਰ ਸਿਖਾਂ ਨੂੰ ਉਹਨਾਂ ਦਾ ਹੱਕ ਦੇਣ ਲਈ ਮਜਬੂਰ ਹੋ ਜਾਵੇ। ਆਪ ਦੇ ਏਸ ਸੋਚੇ ਹੋਏ ਪ੍ਰੋਗ੍ਰਾਮ ਵਿਚ ਅਸ਼ਾਂਤੀ, ਭੜਕਾਹਟ ਅਤੇ ਹਥਿਆਰ ਬੰਦ ਬਗਾਵਤ ਦੀ ਰਤਾ ਜਿੰਨੀ ਵੀ ਅੰਸ਼ ਨਹੀਂ ਸੀ ਅਤੇ ਆਪ ਜਿਸਦੇ ਪਲਣੇ ਦੇ ਇਛਾਵਾਨ ਸਨ, ਉਸ ਵਿਚ ਖੂਨ ਖਰਾਬੇ ਦਾ ਲੇਸ ਮਾਤ੍ਰ ਵੀ ਦਖਲ ਨਹੀਂ ਸੀ।

ਜਿਥੇ ਆਪ ਦੇ ਮਹਾਂ ਵਸ਼ਾਲ ਸੀਨੇ ਵਿਚ ਇਹ ਸੁਖਦਾਈ ਵਲਵਲੇ ਉਠ ਰਹੇ ਸਨ, ਓਥੇ ਪੰਜਾਬ ਦੀ ਹਾਲਤ ਇਹ ਸੀ ਕਿ ਗਦਰ ਦੇ ਮਹਾਂ ਭਿਆਨਕ ਜ਼ੁਲਮਾਂ ਨੇ ਲੋਕਾਂ ਦੇ ਜਜ਼ਬਿਆਂ ਨੂੰ ਕੁਚਲ ਕੇ ਰੱਖ ਦਿਤਾ ਸੀ, ਅਤੇ ਪੰਜਾਬੀਆਂ ਦੇ ਦਿਲਾਂ ਤੇ ਅੰਗ੍ਰੇਜ਼ੀ ਜਭੇ ਅਤੇ ਤਾਕਤ ਦਾ ਏਨਾਂ ਜ਼ਬਰਦਸਤ ਭੈ ਬੈਠਾ ਹੋਇਆ ਸੀ ਕਿ ਦੇਸ਼ ਨੂੰ ਆਜ਼ਾਦ ਕਰਨ ਦਾ ਖਿਆਲ ਕਿਸੇ ਦੇ ਦਿਲ ਵਿਚ ਭੁਲਕੇ ਵੀ ਪੈਦਾ ਨਹੀਂ ਸੀ ਹੋ ਸਕਦਾ। ਰਾਜੇ, ਮਹਾਰਾਜੇ, ਨਵਾਬ, ਜਾਗੀਰਦਾਰ, ਰਈਸ ਅਤੇ ਉਘੇ ਉਘੇ ਧਾਰਮਕ ਅਸਥਾਨਾਂ ਦੇ ਪੁਜਾਰੀ ਸਰਕਾਰ ਦੇ ਹਥਾਂ ਵਿਚ ਕਠ ਪੁਤਲੀਆਂ ਸਨ, ਤੇ ਜਿਸ ਆਦਮੀ ਦੇ ਵਿਰੁਧ ਓਸ ਨੂੰ ਰਤੀ ਜਿੰਨੀ ਵੀ ਸ਼ਕਾਇਤ ਹੁੰਦੀ ਸੀ, ਉਸ ਨੂੰ ਕੁਚਲਨ ਲਈ ਇਹ ਸਾਰਾ ਲੱਗਾ ਲਾਣਾ ਇਕ ਦਮ ਹਰਕਤ ਵਿਚ ਆ ਜਾਂਦਾ ਸੀ। ਏਹੋ ਕਾਰਨ ਹੈ ਕਿ ਸ੍ਰੀ ਮਹਾਰਾਜ ਜੀ ਨੇ ਜਿਵੇਂ ਹੀ ਦੇਸ਼ ਵਿਚ ਪਰਚਾਰ ਕਰਨਾ ਆਰੰਭ ਕੀਤਾ, ਸਿਆਣੀ ਤੇ ਦੂਰਦਰਸ਼ੀ ਸਰਕਾਰ ਨੂੰ ਕੰਨ ਹੋ ਗਏ ਤੇ ਓਸ ਨੇ ਆਪਣੀ ਵਲੋਂ ਵਿਰੋਧਤਾ ਕਰਨ ਦੀ ਥਾਂ ਪੰਜਾਬ ਦੇ ਰਈਸਾਂ ਤੇ ਪੁਜਾਰੀਆਂ ਪਾਸੋਂ ਨਾਮਧਾਰੀ ਲਹਿਰ ਦੀ ਉਹ ਮੁਖਾਲਫਤ ਕਰਵਾਈ ਕਿ ਜਿਸ ਦਾ

Sri Satguru Jagjit Singh Ji Elibrary NamdhariElibrary@gmail.com



ਆਸਾਂ ਮੈਂ [illegible] ਵਾਹ ਕਲੀਆ । ਕੁੱਲ ਪੰਧ, ਮੁੜਨ ਕਦ ਨੇਸੀ, ਸੋਚ ਇਹੋ ਦਿਲ ਹਲਿਆ ।
[illegible] ਵਾਂਗ [illegible] ਕਰਲਾਸਾਂ । ਜਦ ਤਕ ਸਿਲ ਨਾ, ਬਲਬਲ ਮਚਸਾਂ, ਹੋਣ ਨਾ ਜਾਸੀ ਨਲਿਆ ।

Sri Satguru Jagjit Singh Ji Elibrary
NamdhariElibrary@gmail.com

੧.

ਇਸ ਰਲ ਤੋਂ ਨਹੀਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਨਾਮਧਾਰੀ ਲਹਿਰ ਦੇ ਪਰ ਵਰਤਕ ਸ੍ਰੀ ਮਹਾਰਾਜ ਜਗਜੀਤ ਸਿੰਘ ਜੀ ਦਾ ਮਨੋਰਥ ਜਿਥੇ ਸਿੱਖੀ ਦੀ ਰਵਾਚੀ ਹੋਈ ਮਰਯਾਦਾ ਨੂੰ ਪੁਨਰ ਸਥਾਪਨ ਕਰਨਾ ਸੀ, ਓਥੇ ਓਹਨਾਂ ਦੇ ਦਿਲ ਵਿਚ ਆਪਣੀ ਅੱਜ ਇਕਬਾਲ ਤੇ ਰਾਜ ਭਾਗ ਗਵਾ ਚੁਕੀ ਜਾਤੀ ਨੂੰ ਆਜ਼ਾਦ ਕਟਨ ਦੀ ਲਗਨ ਵੀ ਲਹਿਰੇ ਲੈ ਰਹੀ ਸੀ। ਉਹ ਚਾਹੁੰਦੇ ਸਨ ਕਿ ਸਿਖ ਆਪਣੇ ਉਹਨਾਂ ਵਡਾਰੂਆਂ ਜਹੇ ਸਚੇ ਸਿਖ ਬਣਨ ਕਿ ਜਿਨ੍ਹਾਂ ਨੇ ਆਪਣੀ ਅਟੁੱਟ ਜਥੇ ਬੰਦੀ, ਅਦੁਤੀ ਦੇਸ਼ ਪਿਆਰ, ਸਦਾ ਸਜਰੀ ਹਿੰਮਤ ਅਤੇ ਕਦੇ ਨਾ ਝੁਕਣ ਵਾਲੀ ਸਤਾ ਸ਼ਕਤੀ ਰਾਹੀਂ ਸਾਰੀਆਂ ਅੱਕੜਾਂ ਨੂੰ ਲਤਾੜ ਕੇ ਆਜ਼ਾਦੀ ਦਾ ਨਾਦ ਵਜਾਇਆ ਸੀ। ਆਪਣੇ ਏਸ ਮਹਾਨ ਉੱਚੇ ਅਤੇ ਪਰਮ ਪਵਿਤ੍ਰ ਮਨੋਰਥ ਦੀ ਪੂਰਤੀ ਲਈ ਉਹਨਾਂ ਨੇ ਸਿਖਾਂ ਵਿੱਚ ਸਿੱਖੀ ਸਪ੍ਰਿਟ, ਸਿਖੀ ਜਜ਼ਬਾ, ਅਤੇ ਸਿਖੀ ਪਿਆਰ ਪੈਦਾ ਕੀਤਾ ਅਤੇ ਉਹਨਾਂ ਨੂੰ ਦੀਖਯਤ ਕਰਦਿਆਂ ਹੋਇਆਂ ਦਸਿਆ ਕਿ ਸਦਾ ਚੜ੍ਹਦੀਆਂ ਕਲਾਂ ਵਿਚ ਰਹਿਣਾ ਅਰ ਪਰਤੰਤਰਤਾ ਨੂੰ ਦੂਰ ਕਰਨਾ ਸਿਖ ਮਾਤ੍ਰ ਦਾ ਪਹਿਲਾ ਫਰਜ਼ ਹੈ।

ਸਿਖੀ ਦੀ ਗਵਾਚੀ ਹੋਈ ਸ਼ਾਨ ਮੋੜਨ ਲਈ ਹਜ਼ੂਰ ਨੇ ਸਿਖੀ ਰਹਿਤ ਬਹਿਤ, ਸਿਖੀ ਵਰਤਾਰੇ, ਅਤੇ ਸਿੱਖੀ ਸਪ੍ਰਿਟ ਨੂੰ ਜਿੰਦਾ ਕੀਤਾ ਅਤੇ ਉਹ ਸਿੱਖ ਜੋ ਰਾਜ ਭਾਗ ਗਵਾ ਚੁੱਕਣ ਦੇ ਉਪ੍ਰੰਤ ਆਪਣਾ ਧਰਮ ਵੀ ਗਵਾ ਚੁਕੇ ਸਨ ਉਹਨਾਂ ਨੂੰ ਇਕ ਸੂਤਰ ਵਿਚ ਪਰੋਣ ਲਈ ਜਥੇ ਬੰਦੀ ਦੀ ਨੀਂਹ ਰਖੀ। ਆਪ ਚਾਹੁੰਦੇ ਸਨ ਕਿ ਘੋਕੀਂ ਸੁੱਤੇ ਆਲਸ ਨੂੰ ਉਠਾਇਆ ਜਾਵੇ ਤੇ ਪੰਥ ਦੀਆਂ ਸਮੂਹ ਸ਼ਕਤੀਆਂ ਨੂੰ ਇਕ ਸੂਤਰ ਵਿਚ ਪਰੋਕੇ ਉੱਚ ਮਾਅਰਕੇ ਦਾ ਪੋਗ੍ਰਾਮ ਬਣਾਇਆ ਜਾਵੇ ਕਿ ਵਦੇਸ਼ੀ ਸਰਕਾਰ ਸਿਖਾਂ ਨੂੰ ਉਹਨਾਂ ਦਾ ਹੱਕ ਦੇਣ ਲਈ ਮਜਬੂਰ ਹੋ ਜਾਵੇ। ਆਪ ਦੇ ਏਸ ਸੋਚੇ ਹੋਏ ਪੋਗ੍ਰਾਮ ਵਿਚ ਮਾਰਧਾੜ, ਭੜਕਾਹਟ ਅਤੇ ਹਥਿਆਰ ਬੰਦ ਬਗਾਵਤ ਦੀ ਰਤਾ ਜਿੰਨੀ ਵੀ ਅੰਸ਼ ਨਹੀਂ ਸੀ ਅਤੇ ਆਪ ਜਿਸਦੇ ਪਲੜੇ ਦੇ ਇਛਾਵਾਨ ਸਨ ਉਸ ਵਿਚ ਖੂਨ ਖਰਾਬੇ ਦਾ ਲੇਸ ਮਾਤ੍ਰ ਵੀ ਦਖਲ ਨਹੀਂ ਸੀ।

ਜਿਹੇ ਆਪ ਦੇ ਮਹਾਂ ਵਸ਼ਾਲ ਸੀਨੇ ਵਿਚ ਇਹ ਸੁਖਦਾਈ ਵਲਵਲੇ ਉਠ ਰਹੇ ਸਨ, ਓਥੇ ਪੰਜਾਬ ਦੀ ਹਾਲਤ ਇਹ ਸੀ ਕਿ ਗੋਰੇ ਦੇ ਮਹਾਂ ਭਿਆਨਕ ਜ਼ੁਲਮਾਂ ਨੇ ਲੋਕਾਂ ਦੇ ਜਜ਼ਬਿਆਂ ਨੂੰ ਕੁਚਲ ਕੇ ਰੱਖ ਦਿਤਾ ਸੀ, ਅਤੇ ਪੰਜਾਬੀਆਂ ਦੇ ਦਿਲਾਂ ਤੇ ਅੰਗ੍ਰੇਜ਼ੀ ਜਭੇ ਅਤੇ ਤਾਕਤ ਦਾ ਏਨਾਂ ਜ਼ਬਰਦਸਤ ਭੈ ਬੈਠਾ ਹੋਇਆ ਸੀ ਕਿ ਦੇਸ਼ ਨੂੰ ਆਜ਼ਾਦ ਕਰਨ ਦਾ ਖਿਆਲ ਕਿਸੇ ਦੇ ਦਿਲ ਵਿਚ ਭੁਲਕੇ ਵੀ ਪੈਦਾ ਨਹੀਂ ਸੀ ਹੋ ਸਕਦਾ। ਰਾਜੇ, ਮਹਾਰਾਜੇ, ਨਵਾਬ, ਜਾਗੀਰਦਾਰ, ਰਈਸ ਅਤੇ ਉੱਘ ਉੱਘ ਧਾਰਮਕ ਅਸਥਾਨਾਂ ਦੇ ਪੁਜਾਰੀ ਸਰਕਾਰ ਦੇ ਹਥਾਂ ਵਿਚ ਕਠ ਪੁਤਲੀਆਂ ਸਨ, ਤੇ ਜਿਸ ਆਦਮੀ ਦੇ ਵਿਰੁਧ ਓਸ ਨੂੰ ਰਤੀ ਜਿੰਨੀ ਵੀ ਸ਼ਕਾਇਤ ਹੁੰਦੀ ਸੀ, ਉਸ ਨੂੰ ਕੁਚਲਨ ਲਈ ਇਹ ਸਾਰਾ ਲੱਗਾ ਲਾਣਾ ਇਕ ਦਮ ਹਰਕਤ ਵਿਚ ਆ ਜਾਂਦਾ ਸੀ। ਏਹੋ ਕਾਰਨ ਹੈ ਕਿ ਸ੍ਰੀ ਮਹਾਰਾਜ ਜੀ ਨੇ ਜਿਵੇਂ ਹੀ ਦੇਸ਼ ਵਿਚ ਪਰਚਾਰ ਕਰਨਾ ਆਰੰਭ ਕੀਤਾ, ਸਿਆਣੀ ਤੇ ਦੂਰਦਰਸ਼ੀ ਸਰਕਾਰ ਨੂੰ ਕੰਨ ਹੋ ਗਏ ਤੇ ਓਸ ਨੇ ਆਪਣੀ ਵਲੋਂ ਵਿਰੋਧਤਾ ਕਰਨ ਦੀ ਥਾਂ ਪੰਜਾਬ ਦੇ ਰਈਸਾਂ ਤੇ ਪੁਜਾਰੀਆਂ ਪਾਸੋਂ ਨਾਮਧਾਰੀ ਲਹਿਰ ਦੀ ਉਹ ਮੁਖਾਲਫਤ ਕਰਵਾਈ ਕਿ ਜਿਸ ਦਾ

Sri Satguru Jagjit Singh Ji Elibrary NamdhariElibrary@gmail.com

ਆਸਾਂ ਮੈਂ ਜਦ ਯਾਦ ਕਰੋਗੇ, ਕਹਿ ਮਾਹੀ ਤੁਰ ਚਲਿਆ। ਲੰਮੇ ਪੰਧ, ਮੁੜਨ ਕਦ ਹੋਸੀ, ਸੋਚ ਇਹੋ ਦਿਲ ਹਲਿਆ।
ਕੂੰਜਾਂ ਵਾਂਗ ਵਿਛੋੜੇ ਅੰਦਰ, ਰਾਤ ਦਿਨੇ ਕੁਰਲਾਸਾਂ। ਜਦ ਤਕ ਮਿਲੂ ਨਾ, ਬਲਬਲ ਮਚਸਾਂ, ਰੋਣ ਨਾ ਜਾਸੀ ਠਲਿਆ।

NamdhariElibrary@gmail.com
Sri Satguru Jagjit Singh Ji Elibrary

Sri Satguru Jagjit Singh Ji Elibrary NamdhariElibrary@gmail.com

ਜ਼ਿਕਰ ਮਾਤਰ ਹੀ ਸਾਡੇ ਸਿਰ ਨੀਵੇਂ ਕਰ ਦਿੰਦਾ ਹੈ ।

ਸਾਰੇ ਉਘੇ ਗੁਰਦਵਾਰਿਆਂ ਦੇ ਪੁਜਾਰੀਆਂ ਨੇ ਇਸ ਭਾਵ ਦੇ ਫਤਵੇ ਕਢੇ ਕਿ ਕੂਕੇ ਸਿਖ ਨਹੀਂ ਤੇ ਏਹਨਾਂ ਦਾ ਗੁਰੂ ਮੁਸਲਮਾਨੀ ਕਲਾਮ ਦਾ ਵਿਸ਼ਵਾਸੀ ਹੋਣ ਕਰਕੇ ਤਨਖਾਹੀਆ ਹੈ । ਸਰਕਾਰ ਦਾ ਐਉਂ ਕਰਨ ਦਾ ਮਨੋਰਥ ਇਹ ਸੀ ਸਿਖ ਜਥੇਬੰਦ ਨਾ ਹੋ ਸਕਣ ਤੇ ਸਿਖਾਂ ਨੂੰ ਸਿਖਾਂ ਦੇ ਵਿਰੁਧ ਵਰਤਕੇ ਆਪ ਸਾਰੇ ਅਲਜ਼ਾਮਾਂ ਤੋਂ ਇਕ ਦਮ ਬਰੀ ਰਿਹਾ ਜਾਵੇ । ਸਚੀ ਗੱਲ ਤਾਂ ਇਹ ਹੈ ਕਿ ਸਰਕਾਰ ਨੇ ਆਪਣੇ ਏਸ ਸੋਚੇ ਹੋਏ ਡੀਫੈਨਸਿਵ ਢੰਗ ਨੂੰ ਬੜੀ ਕਾਮਯਾਬੀ ਨਾਲ ਸਿਰੇ ਚਾੜ੍ਹਿਆ ਅਤੇ ਪੰਜਾਬ ਵਿਚ ਉਠ ਰਹੀ ਆਜ਼ਾਦੀ ਦੀ ਜ਼ਬਰਦਸਤ ਲਹਿਰ ਨੂੰ ਉਸ ਨੇ ਝਟ ਪਟ ਹੀ ਕਾਬੂ ਵਿਚ ਕਰ ਲਿਆ । ਮੈਨੂੰ ਵਿਸ਼ਵਾਸ ਹੈ ਕਿ ਜੇ ਪੰਜਾਬ ਦੇ ਰਈਸ, ਰਾਜੇ ਜਾਗੀਰ ਦਾਰ ਅਤੇ ਪੁਜਾਰੀ ਅਸਲ ਗੱਲ ਨੂੰ ਸਮਝਦੇ ਅਤੇ ਉਹਨਾਂ ਵਲੋਂ ਨਾਮਧਾਰੀ ਲਹਿਰ ਦੀ ਵਿਰੋਧਤਾ ਨਾ ਕੀਤੀ ਜਾਂਦੀ, ਤਾਂ ਸਿਖ ਪੰਥ ਦੀ ਪੁਜ਼ੀਸ਼ਨ ਇਹ ਨਾਂ ਹੁੰਦੀ ਜੋ ਅਜ ਹੈ ਤੇ ਉਹ ਖਤਰੇ ਜਿੰਨ੍ਹਾਂ ਦਾ ਨਾਮ ਲੈ ਲੈਕੇ ਅਸੀਂ ਅਜ ਸਿਰ ਧੁਣ ਰਹੇ ਹਾਂ, ਇਹ ਕਦੇ ਸੁਫਨੇ ਵਿਚ ਵੀ ਨਾ ਹੁੰਦੇ ।

ਇਕ ਪਾਸੇ ਇਹ ਵਿਰੋਧਤਾ ਸੀ ਅਤੇ ਇਕ ਪਾਸੇ ਆਪਣੇ ਦੇਸ਼ ਅਤੇ ਜਾਤੀ ਦਾ ਪਿਆਰ ਸੀ ਜੋ ਹਜ਼ਾਰਾਂ ਔਕੜਾਂ ਨੂੰ ਸਨਮੁਖ ਵੇਖਦਾ ਹੋਇਆ ਵੀ ਕੁਝ ਕਰਕੇ ਵਿਖਾਉਣਾ ਚਾਹੁੰਦਾ ਸੀ । ਪੁਜਾਰੀਆਂ ਅਤੇ ਧਾਰਮਕ ਆਗੂਆਂ ਨੂੰ ਨਾਲ ਲੈਣ ਲਈ ਸ੍ਰੀ ਜੀ ਨੇ ਬੇਹਦ ਜਤਨ ਕੀਤਾ ਪਰ ਜਿਵੇਂ ਹਕੂਮਤ ਦੇ ਹਥਾਂ ਤੇ ਚੜ੍ਹੇ ਹੋਏ ਪਹਾੜੀ ਰਾਜੇ ਤੇ ਰਈਸ ਸਾਹਿਬ ਸ੍ਰੀ ਕਲਗੀਧਰ ਪਾਤਸ਼ਾਹ ਦੇ ਝੰਡੇ ਤਲੇ ਨਹੀਂ ਆਏ ਸਨ, ਠੀਕ ਓਸੇ ਤਰਾਂ ਪੁਜਾਰੀਆਂ ਨੇ ਜਥੇ ਬੰਦੀ ਵਿਚ ਪੂਰਚਣੋਂ ਸਾਫ ਇਨਕਾਰ ਕਰ ਦਿਤਾ । ਦੇਸ਼ ਦੇ ਕਿੰਨੇ ਮੰਦ ਭਾਗ ਸਨ, ਕਿ ਉਹ ਮਹਾਂ ਪੁਰਸ਼ ਜੋ ਉਸਦੀ ਗੁਲਾਮੀ ਦੀਆਂ ਜੰਜੀਰਾਂ ਕਟਣਾ ਚਾਹੁੰਦਾ ਸੀ, ਉਸ ਦੇ ਜਾਏ ਉਸ ਮਹਾਂ ਪੁਰਸ਼ ਦੀ ਸਹਾਇਤਾ ਕਰਨ ਦੀ ਥਾਂ, ਉਲਟੀ ਉਸਦੀ ਵਿਰੋਧਤਾ ਕਰਕੇ ਬਦੇਸੀ ਸਰਕਾਰ ਦਾ ਹਥਿਆਰ ਬਣ ਰਹੇ ਸਨ।

੨.

ਇਸ ਵਿਰੋਧਤਾ ਦੇ ਬਾਵਜੂਦ ਹਜ਼ੂਰ ਨੇ ਆਪਣੇ ਪ੍ਰੋਗਰਾਮ ਨੂੰ ਜਾਰੀ ਰਖਿਆ ਤੇ ਆਪਣੀ ਮਹਾਂਨ ਉਚੀ ਵਜਕਤੀ ਦੇ ਅਸਰ ਨਾਲ ਲਖਾਂ ਸ਼ਰਧਾਲੂ ਅਤੇ ਧਰਮ ਦੀ ਸ਼ਮਾਅ ਤੇ ਸਦਕੇ ਹੋਣ ਵਾਲੇ ਆਸ਼ਕ ਆਪਣੇ ਮਗਰ ਲਾ ਲਏ । ਸਫਲਤਾ ਦੀਆਂ ਮੰਜ਼ਲਾਂ ਪੈਰੋ ਪੈਰ ਨੇੜੇ ਆ ਰਹੀਆਂ ਸਨ ਕਿ ਮਾਲੇਰਕੋਟਲੇ ਤੇ ਅੰਮ੍ਰਤਸਰ ਦੇ ਸਾਕੇ ਵਰਤ ਗਏ ਅਤੇ ਸਰਕਾਰ ਜੋ ਘਾਤ ਲਾਈ ਕਿਸੇ ਦੂਰ ਘਟਨਾ ਦੀ ਉਡੀਕ ਕਰ ਰਹੀ ਸੀ, ਪੂਰੀ ਤਾਕਤ ਨਾਲ ਅਗੇ ਵਧੀ ਤੇ ਨਾਮਧਾਰੀ ਲਹਿਰ ਨੂੰ ਦਬਾਣ ਵਿਚ ਰੁਝ ਗਈ।ਵਸ਼ੇਸ਼ ਕਰਕੇ ਮਾਲੇਰ ਕੋਟਲੇ ਦੀ ਘਟਨਾ ਨੇ ਤਾਂ ਸਰਕਾਰ ਦੀਆਂ ਸਾਰੀਆਂ ਬਦਲਾ ਲਊ ਸ਼ਕਤੀਆਂ ਨੂੰ ਓਸੇ ਤਰਾਂ ਜਗਾ ਦਿਤਾ, ਜਿਸ ਤਰਾਂ ਕਿ ਗਦਰ ਦੀ ਅੱਗ ਨੇ ਜਗਾਇਆ ਸੀ ਅਤੇ ਭਾਈ ਹੀਰਾ ਜਿੰਘ ਜੀ ਨੂੰ ਉਹਨਾਂ ਦੇ ਸਾਥੀਆਂ ਸਮੇਤ ਜਿਸ ਨਿਰ ਦਾਇਤਾ ਨਾਲ ਸ਼ਹੀਦ ਕੀਤਾ ਗਿਆ, ਉਸਦਾ ਜ਼ਿਕਰ ਕਰਨ ਲਗਿਆਂ ਵੀ ਦਿਲ ਪਾਟ ਜਾਂਦਾ ਹੈ।

ਉਹ ਸ਼ਹੀਦੀ ਸਮਾਚਾਰ ਆਪਣਿਆਂ ਦੀ ਜ਼ਬਾਨੀ ਤਾਂ ਪਾਠਕ ਅਨੇਕਾਂ ਵੇਰ ਸੁਣ ਚੁਕੇ

Sri Satguru Jagjit Singh Ji Elibrary NamdhariElibrary@gmail.com

ਹਨ , ਪਰ ਕਾਤਲਾਂ ਦੀ ਜ਼ਬਾਨੀ ਸੁਣਨ ਦਾ ਸਮਾਂ ਉਹਨਾਂ ਨੂੰ ਸ਼ਾਇਦ ਘਟ ਵਧ ਹੀ ਮਿਲਿਆ ਹੋਵੇਗਾ । ਮੈਂ ਇਹ ਸਮਾਚਾਰ ਇਕ ਅੰਗ੍ਰੇਜ਼ ਲੇਖਕ ਮਿ: ਐਡਵਰਡ ਟਾਮਸਨ ਦੀ ਪ੍ਰਸਿਧ ਪੁਸਤਕ "The other side of the medal" ਅਰਥਾਤ ਤਸਵੀਰ ਦਾ ਦੂਜਾ ਪਾਸਾ ਨਾਮੀ ਪੋਥੀ ਵਿਚ ਦੇ ਰਿਹਾ ਹਾਂ ਮਿ: ਟਾ ਮਸਨ "Cotton India and Home memories" ਨਾਮੀ ਪੁਸਤਕ ਦਾ ਹਵਾਲਾ ਦੇਂਦਾ ਹੋਇਆ ਲਿਖਦਾਹੈ—

"੧੪ ਜਨਵਰੀ ਸੰਨ ੧੮੭੨ ਵਾਲੇ ਦਿਨ ਇਕੱ ਸੌ ਦੇ ਲਗ ਭਗ ਸਿਖ ਮਜ਼ਹਬੀ ਪਾਗਲਾਂ ਨੇ ਪੰਜਾਬ ਦੇ ਇਕ ਸ਼ਹਿਰ ਮਾਲੇਰ ਕੋਟਲੇ ਉਪਰ ਹਮਲਾ ਕੀਤਾ । ਮਾਲੇਰ ਕੋਟਲੇ ਮਹਾਂ ਭਿਆਨਕ ਅਤੇ ਘਮਸਾਨ ਦੀ ਲੜਾਈ ਹੋਈ ਤੇ ਜਿਸ ਵਿਚ ਦੋਹਾਂ ਪਾਸਿਆਂ ਦਾ ਚੋਖਾ ਨੁਕਸਾਨ ਹੋਇਆ । ਅਖੀਰ ੬੬ ਦੇ ਕਰੀਬ ਸਿਖ ਜਿੰਨ੍ਹਾ ਵਿਚੋਂ ੨੨ ਲਗ ਭਗ ਜ਼ਖਮੀ ਸਨ, ਰਿਆਸਤ ਪਟਿਆਲੇ ਵਿਚ ਜਾਕੇ ਲੁਕ ਗਏ ਤੇ ਜਿਥੇ ਉਹਨਾਂ ਨੂੰ ਘੇਰੇ ਵਿਚ ਲੈਕੇ ਗ੍ਰਿਫਤਾਰ ਕਰ ਲਿਆ ਗਿਆ । ਓਸ ਰਾਤ ਉਹਨਾਂ ਨੂੰ ਸ਼ੇਰ ਪੁਰ ਦੇ ਕਿਲੇ ਵਿਚ ਬੰਦ ਰਖਿਆ ਗਿਆ ਤੇ ਏਸ ਹਾਰ ਦੇ ਨਾਲ ਹੀ **ਪੰਜਾਬ ਵਿਚੋਂ ਕੂਕਿਆਂ ਦੇ ਵਿਦਰੋਹ ਦਾ ਅੰਤ ਹੋ ਗਿਆ ।"**

"ਮਿ: ਕਾਵਨ (Kowan) ਜੋ ਉਹਨੀ ਦਿਨੀ ਲੁਦਿਹਾਣੇ ਦਾ ਡਿਪਟੀ ਕਮਿਸ਼ਨਰ ਸੀ, ੧੬ ਜਨਵਰੀ ਨੂੰ ਰਿਆਸਤੀ ਕਰਮ—ਚਾਰੀਆਂ ਨੂੰ ਲਿਖਿਆ ਕਿ "ਮੈਂ ਕੈਦੀਆਂ ਨੂੰ ਮਾਲੇਰ-ਕੋਟਲੇ ਭੇਜ ਰਿਹਾ ਹਾਂ ।" ਓਸੇ ਦਿਨ ਸ਼ਾਮ ਨੂੰ ਮਾਲੇਰ ਕੋਟਲੇ ਪਹੁੰਚ ਕੇ ਓਸਨੇ ਆਪਣੇ ਨਾਲ ਦੇ ਅਫਸਰ, ਇਲਾਕੇ ਦੇ ਕਮਿਸ਼ਨਰ ਪਾਸ ਰੀਪੋਟ ਭੇਜੀ ਕਿ "ਲਗ ਭਗ ਸਾਰੇ ਬਾਗੀਆਂ ਦਾ ਖੁਰਾ ਖੋਜ ਮਿਟਾ ਦਿਤਾ ਹੈ, ਤੇ ਹੁਣ ਸਾਰੇ ਇਲਾਕੇ ਵਿਚ ਅਮਨ ਵਰਤ ਗਿਆ ਹੈ ।" ਓਸ ਨੇ ਏਹ ਵੀ ਲਿਖਿਆ ਕਿ ਮੈਂ ਚਾਹੁੰਦਾ ਹਾਂ ਕਿ ਭਲਕੇ ਬਾਕੀ ਕੂਕਿਆਂ ਨੂੰ ਤੋਪਾਂ ਨਾਲ ਏਨ੍ਹਾਂਕੋ ਉਡਾ ਦਿਤਾ ਜਾਵੇ ।"

ਉਸ ਦੀ ਰੀਪੋਟ ਦੇ ਉਤਰ ਵਿਚ ੧੭ ਜਨਵਰੀ ਦੀ ਦੋਪਹਿਰ ਨੂੰ ਮਿ: ਫੋਰਸਥ (Forsyth) ਕਮਿਸ਼ਨਰ ਅੰਬਾਲਾ ਨੇ ਲਿਖਿਆ ਕਿ "ਹਾਲਾਂ ਕੈਦੀਆਂ ਨੂੰ ਸ਼ੇਰ ਪੁਰ ਦੇ ਕਿਲੇ ਵਿਚ ਹੀ ਰਖਿਆ ਜਾਵੇ ਤੇ ਉਹ ਓਦੋਂ ਤੀਕ ਓਥੇ ਰਹਿਣ, ਜਦ ਤੀਕ ਕਿ ਉਹਨਾਂ ਨੂੰ ਵਾਪਸ ਲਿਆਉਣ ਲਈ ਇਕ ਰਾਖਾ ਦਸਤਾ ਲੁਧਿਆਨਿਓਂ ਨਾ ਭੇਜ ਦਿਤਾ ਜਾਵੇ ।"

ਮਿ: ਕਾਵਨ ਲਿਖਦਾ ਹੈ ਕਿ "ਮੈਂ ਏਸ ਲਿਖਤੀ ਹੁਕਮ ਨੂੰ ਜੇਬ ਵਿਚ ਪਾਕੇ ਐਉਂ ਭੁਲਾ ਦਿਤਾ ਕਿ ਜਿਵੇਂ ਉਹ ਆਇਆ ਹੀ ਨਹੀਂ ਹੁੰਦਾ ਅਤੇ ਕੈਦੀਆਂ ਦੀ ਉਡੀਕ ਕਰਦਾ ਰਿਹਾ" ਚਾਰ ਬਜੇ ਦਾ ਵਕਤ ਹੋਊ ਜਦ ਬਾਗੀ ਕੂਕਿਆਂ ਨੂੰ ਮਾਲੇਰ ਕੋਟਲੇ ਲਿਆਂਦਾ ਗਿਆ ਅਤੇ ਜਿਨ੍ਹਾਂ ਨੂੰ ਵੇਖਣ ਸਾਰ ਮਿ: ਕਾਵਨ ਨੇ ਬਿਨਾ ਕਿਸੇ ਵਿਖਾਵੇ ਦੀ ਅਦਾਲਤ ਤੋਂ ਹੁਕਮ ਲੈਣ ਦੇ ਝਟ ਪਟ ਤੋਪਾਂ ਨਾਲ ਬੰਨ੍ਹ ਕੇ ਉਡਾਵਣ ਦਾ ਹੁਕਮ ਦੇ ਦਿਤਾ । ਉਹ ਬਦ—ਨਸੀਬ ਮਨੁਖ ਗਿਣਤੀ ਵਿਚ ੬੬ ਸਨ ਤੇ ਜਿਨਾਂ ਨੂੰ ਛੇ ਛੇ ਦੇ ਜਥਿਆਂ ਵਿਚ ਵੰਡਕੇ ਤੇ ਤੋਪਾਂ ਨਾਲ ਬੰਨ੍ਹਕੇ ਉਡਾਣਾ ਸ਼ੁਰੂ ਕਰ ਦਿਤਾ । ਸ਼ਾਮ ਦੇ ੭ ਬਜੇ ਜਦ ਆਖਰੀ ਛੇ ਕੈਦੀਆਂ ਦੀ ਟੋਲੀ ਨੂੰ ਤੋਪਾਂ ਨਾਲ ਬੰਨਿਆ ਜਾ ਚੁਕਾ ਸੀ ਮਿ: ਫੋਰਸਥ [Forsyth] ਦਾ ਇਹ ਹੁਕਮ ਪਹੁੰਚਿਆ ਕਿ "ਕੈਦੀਆਂ ਨੂੰ ਝਟ ਪਟ ਉਸਦੇ ਪਾਸ

Sri Satguru Jagjit Singh Ji Elibrary NamdhariElibrary@gmail.com

ਲੁਦਿਹਾਣੇ ਭੇਜ ਦਿਤਾ ਜਾਵੇ। ਇਸ ਲਈ ਤਾਕਿ ਉਹਨਾਂ ਦੇ ਵਿਰੁਧ ਬਗਾਵਤ ਦਾ ਬਾਕਾਇਦਾ ਮੁਕੱਦਮਾ ਚਲਾਇਆ ਜਾ ਸਕੇ।"

ਮਿ: ਕਾਵਨ ਲਿਖਦਾ ਹੈ ਕਿ "ਮੈਂ ਇਹ ਹੁਕਮ ਪੜਕ ਕਾਗਜ ਮਿ: ਪਰਕਿੰਜ਼(Perkins) ਦੇ ਹਵਾਲੇ ਕਰ ਦਿਤਾ ਅਤੇ ਕਮਿਸ਼ਨਰ ਨੂੰ ਲਿਖ ਦਿਤਾ ਕਿ ਤੋਪਾਂ ਨਾਲ ਬੰਨ੍ਹਣ ਦੇ ਉਪਰੰਤ ਇਹ ਅਸੰਭਵ ਹੈ ਕਿ ਅਜੇਹੀ ਹਾਲਤ ਵਿਚ ਬਾਗ਼ੀਕੈਦੀਆਂ ਦੀਮੌਤਦੀਸਜਾਨੂੰਟਾਲਿਆ ਜਾਵੇ, ਕਿਉਂਕਿ ਇਸਤਰਾਂ ਕਰਨ ਨਾਲ ਸਾਡੇ ਉਦਾਲੇ ਦੇ ਲੋਕਾਂ ਤੇ ਬਹੁਤ ਮੰਦਾ ਪਰਭਾਵ ਪਵੇਗਾ।" ਚੁਨਾਂਚਿ ਪਹਿਲੇ ੪੩ ਕੈਦੀਆਂ ਵਾਂਗ ਉਹਨਾਂ ਅਖੀਰਲੇ ੬ ਕੈਦੀਆਂ ਨੂੰ ਵੀ ਤੋਪਾਂ ਨਾਲ ਉਡਾ ਦਿਤਾ ਗਿਆ ਪੰਜਾਹਵਾਂ ਆਦਮੀ ਵੀ ਉਹਨਾਂ ਵਾਂਗ ਹੀ ਉਡਾ ਦਿਤਾ ਜਾਂਦਾ, ਪਰ ਓਸਨੇ ਪਹਿਰੇ ਦੇ ਸਿਪਾਹੀਆਂ ਪਾਸੋਂ ਕਿਸੇ ਨਾ ਕਿਸੇ ਤਰ੍ਹਾਂ ਖਲਾਸੀ ਪ੍ਰਾਪਤ ਕਰਕੇ ਮਿ: ਕਾਵਨ ਤੇ ਹੱਲਾ ਕਰ ਦਿਤਾ ਤੇ ਓਸ ਨੂੰ ਉਸ ਦੀ ਦਾਹੜੀਓਂ ਪਕੜ ਲਿਆ। ਉਹ ਆਦਮੀ ਸ਼ਾਇਦ ਮਿ: ਕਾਵਨ ਦਾ ਗਲ ਹੀ ਘੁਟ ਦਿੰਦਾ ਪਰ ਹਿੰਦੁਸਤਾਨੀ ਅਫਸਰਾਂ ਦੀਆਂ ਸੰਗੀਨਾ ਨੇ ਓਸ ਨੂੰ ਓਸੇ ਵੇਲੇ ਹੀ ਮੌਤ ਦੇ ਘਾਟ ਉਤਾਰ ਦਿੱਤਾ।

ਮਿ: ਟਾਮਸਨ ਲਿਖਦਾ ਹੈ ਕਿ ਮਿ: ਫੋਰਸਥ (Forsyth) ਨੇ ਬਾਰ ਬਾਰ ਏਸ ਗਲ ਤੇ ਜ਼ੋਰ ਦਿਤਾ ਸੀ ਕਿ ਬਾਗ਼ੀਆਂ ਨੂੰ ਸਜਾ ਦੇਣ ਤੋਂ ਪਹਿਲਾਂ ਉਹਨਾਂ ਦਾ ਅਦਾਲਤ ਦੇ ਸਾਹਮਣੇ ਪੇਸ਼ ਕੀਤਾ ਜਾਣਾ ਬੜੀ ਜ਼ਰੂਰੀ ਗਲ ਹੈ। ਆਪਣੇ ਇਸ ਭਾਵ ਨੂੰ ਜ਼ਾਹਰ ਕਰਨ ਲਈ ਸਰਕਾਰ ਨੂੰ ੧੭ ਜਨਵਰੀ ਵਾਲੇ ਦਿਨ ਇਹ ਤਾਰ ਦਿਤੀ ਸੀ ਕਿ—"ਮੈਂ ਮੌਕੇ ਤੇ ਮੌਜੂਦ ਹਾਂ ਤੇ ਜਿਸ ਕਰਕੇ ਕਾਇਦੇ ਅਤੇ ਕਾਨੂੰਨ ਦੀ ਮਨਸ਼ਾ ਮੁਤਾਬਕ ਦੋਸੀਆਂ ਨੂੰ ਇਬਰਤ ਭਰੀ ਸਜਾ ਦਿਤੀ ਜਾਵੇਗੀ। ਏਸ ਵੇਲੇ ਕਿਸੇ ਵਸ਼ੇਸ਼ ਕਦਮ ਉਠਾਣ ਦੀ ਉਕੀ ਹੀ ਕੋਈ ਲੋੜ ਨਹੀਂ? ਨਹੀਂ ਤਾਂ ਡਰ ਹੈ ਕਿ ਦਬਿਆ ਹੋਇਆ ਜੋਸ਼ ਫੇਰ ਫੁਟ ਪਵੇਗਾ।"

ਇਕ ਪਾਸੇ ਤਾਂ ਉਹ ਸਰਕਾਰ ਨੂੰ ਇਹ ਤਾਰ ਭੇਜਦਾ ਹੈ, ਪਰ ਦੂਜੇ ਪਾਸੇ ਜਦ ਉਸ ਦੇ ਪਾਸ ਮਿ: ਕਾਵਨ(Kawan) ਆਪਣੀ ਬਹਾਦਰੀ ਦੀ ਰੀਪੋਰਟ ਭੇਜਦਾ ਹੈ, ਤੇ ਓਹੋ ਸੰਜਮੀ ਅਤੇ ਕਾਨੂੰਨ ਨੂੰ ਝੁਕਣ ਵਾਲਾ ਕਮਿਸ਼ਨਰ ਫਰੋਸਥ ਜ਼ਾਲਮ ਕਾਵਨ ਨੂੰ ਐਂਉਂ ਸ਼ਾਬਾਸ਼ ਦੇਂਦਾ ਹੈ—"ਏਸ ਕਜ਼ੀਏ ਨੂੰ ਨਿਪਟਾਣ ਲਈ **ਜਿਹੜਾ ਕਦਮ ਤੁਸਾਂ ਉਠਾਇਆ ਹੈ, ਮੈਂ ਉਸ ਦੀ ਪੂਰੀ ਪੂਰੀ ਤਸਦੀਕ ਕਰਦਾ ਹਾਂ ਕਿਉਂਕਿ ਤੁਸਾਂ ਇਸ ਮਾਮਲੇ ਨੂੰ ਪੂਰੀ ਯੋਗਤਾ ਨਾਲ ਨਜਿਠਿਆ ਹੈ।**"

ਇਹ ਸ਼ਬਾਸ਼ ਤਾਂ ਉਸਨੇ ਤਾਰ ਰਾਹੀਂ ਭੇਜੀ, ਪਰ ਜਬਾਨੀ ਪਰਸੰਸਾ ਕਰਨ ਲਈ ਉਹ ਆਪ ਮਾਲੇਰ ਕੋਟਲੇ ਪਹੁੰਚ ਗਿਆ ਅਤੇ ਨਾਮਧਰੀਕ ਕਾਨੂੰਨ ਦਾ ਮਨਸ਼ਾ ਪੂਰਾ ਕਰਨ ਲਈ ਬਾਕੀ ਦੇ ੧੬ ਕੈਦੀਆਂ ਨੂੰ ਵੀ ਫਾਂਸੀ ਦਾ ਹੁਕਮ ਜ਼ਾ ਸੁਣਾਇਆ ਤੇ ਉਹ ਓਸੇ ਵੇਲੇ ਫਾਸੀ ਤੇ ਲਟਕਾ ਦਿਤੇ ਗਏ।

੩.

ਇਹ ਉਹ ਮਹਾਂ ਹਨੇਰ ਸੀ ਕਿ ਜਿਸਨੇ ਮਲਕਾ ਵਿਕਟੋਰੀਆ ਦੇ ਸਾਰੇ ਕੀਤੇ ਐਲਾਨਾਂ ਤੇ ਪਾਣੀ ਫੇਰ ਦਿਤਾ, ਪਰ ਕਿਉਂਕਿ ਸਰਕਾਰ ਆਪਣੀ ਹੁਸ਼ਿਆਰੀ ਨਾਲ ਪੰਜਾਬ ਦੇ ਕੁਝ ਰਾਜਿਆਂ, ਰਈਸਾਂ ਤੇ ਪੁਜਾਰੀਆਂ ਨੂੰ ਆਪਣੇ

Sri Satguru Jagjit Singh Ji Elibrary NamdhariElibrary@gmail.com

ਹਥਾਂ ਹੇਠ ਕਰ ਚੁਕੀ ਸੀ ਏਸ ਲਈ ਏਨੇ ਘੋਰ ਅਨਰਥ ਦੇ ਬਾਵਜੂਦ ਵੀ ਕਿਸੇ ਨੇ ਉਚਾ ਸਾਹ ਵੀ ਨਾ ਲਿਆ ਬਲਕਿ ਜਿਥੇ ਸਰਕਾਰ ਨੇ ਮਿ: ਕਾਵਨ ਦੀ ਕਰਤੂਤ ਤੇ ਨਫਰਤ ਪਰਗਟ ਕਰਨ ਲਈ ਉਸ ਨੂੰ ਨੌਕਰੀ ਤੋਂ ਹਟਾ ਦਿਤਾ, ਓਥੇ ਪਟਿਆਲੇ ਦੇ ਮਹਾਰਾਜੇ ਨੇ ਉਸ ਦੀ ਕਰਤੂਤ ਦੀ ਬੇਹਦ ਪਰਸੰਸਾ ਕੀਤੀ। ਆਪਣੇ ਪਾਠਕਾਂ ਨੂੰ ਦੋਵੇਂ ਪੱਖ ਦਰਸਾਣ ਲਈ ਮੈਂ ਸਰਕਾਰ ਹਿੰਦ ਦਾ ਉਹ ਮਤਾ ਜੋ ਓਸਨੇ ਵਾਇਸਰਾਇ ਦੀ ਐਗਜ਼ੈਕਟਵ ਕੌਂਸਲ ਵਿਚ ਪਾਸ ਕੀਤਾ ਉਹ ਵੀ ਤੇ ਮਹਾਰਾਜੇ ਪਟਿਆਲੇ ਦੀ ਪ੍ਰਸੰਸਾ ਵਾਲੀ ਚਿਠੀ ਦਾ: ਭਾਵ ਦੇਂਦਾ ਹਾਂ ਸਰਕਾਰ ਹਿੰਦ ਨੇ ਵਾਇਸਰਾਇ ਦੀ ਕੌਂਸਲ ਵਿਚ ਜਿਹੜਾ ਮਤਾ ਸੋਧਿਆ ਉਹ ਇਹ ਸੀ:-

"ਹਿਜ਼ ਐਕਸਲੈਨਸੀ ਅਤੇ ਉਹਨਾਂ ਦੀ ਕੌਂਸਲ ਦੇ ਮੈਂਬਰ ਇਸ ਸ਼ੋਕ ਜਨਕ ਹਕੀਕਤ ਨੂੰ ਨਿਰੂਪਨ ਕਰਨਾ ਜ਼ਰੂਰੀ ਸਮਝਦੇ ਹਨ ਕਿ ਓਹਨਾਂਦੀ ਰਾਇ ਵਿਚ ਮਿ: 'ਕਾਵਨ' ਦਾ ਵਤੀਰਾ ਨਾ ਕੇਵਲ ਕਾਨੂੰਨ ਦੇ ਉਕਾ ਵਿਰੁਧ ਹੀ ਸੀ, ਬਲਕਿ ਪਬਲਿਕ ਲੋੜਾਂ ਦੇ ਪ੍ਰਤੀਕੂਲ ਵੀ ਸੀ ਅਤੇ ਜਿਹੜਾ ਸਾਕਾ ਉਸ ਦੇ ਹਥੀਂ ਵਾਪਰਿਆ ਉਸ ਨਾਲ ਸੰਬੰਧ ਰਖਣ ਵਾਲੇ ਸਾਰੇ ਸਮਾਚਾਰਾਂ ਨਾਲ ਮਨੁਖਤਾ, ਸਾਊਪੁ ਣੇ ਅਤੇ ਸਭਨਤਾ ਦਾ ਦੂਰ ਦਾ ਸੰਬੰਧ ਵੀ ਨਹੀਂ।"

ਇਸ ਮਤੇ ਨੂੰ ਪਰਵਾਨ ਕਰਨ ਦੇ ਉਪਰੰਤ ਵਾਇਸਰਾਇ ਨੇ ਏਹ ਹੁਕਮ ਤਾਂ ਜ਼ਰੂਰ ਦੇ ਦਿੱਤਾ ਕਿ ਮਿ: 'ਕਾਵਨ' ਨੂੰ ਨੌਕਰੀ ਤੋਂ ਝਟ ਪਟ ਹਟਾ ਦਿੱਤਾ ਜਾਵੇ, ਪਰ ਮਿ: ਫੋਰਸਿਥ ਨੂੰ ਕੋਈ ਸਜ਼ਾ ਦੇਣ ਦੀ ਥਾਂ ਕੇਵਲ ਬਦਲ ਦੇਣਾ ਹੀ ਮੁਨਾਸਬ ਸਮਝਿਆ ਗਿਆ ਅਤੇ ਥੋੜਾ ਜਿਹਾ ਚਿਰ ਪਿਛੋਂ ਜਦ ਉਸ ਨੂੰ ਯਾਰਕੰਦ ਭੇਜਿਆ ਗਿਆਤਾਂਉਸ ਦੀਸਰਕਾਰੀ ਖਿਦਮਤਾਂਤੋਂ ਖੁਸ਼ਹੋਕੇ ਸਰ(Knight Hood)ਦਾ ਖਤਾਬ ਦਿਤਾ ਗਿਆ।

ਜਿਥੇ ਸਰਕਾਰ ਨੇ ਏਸ ਮਹਾਨ ਕਹਿਰੀ ਸਾਕੇ ਉਪਰ ਪੋਚਾ ਪਾਚੀ ਕਰਨ ਲਈ ਇਹ ਕੁਝ ਕੀਤਾ ਓਥੇ ਪਟਿਆਲੇ ਦੇ ਸਿਖ ਮਹਾਰਾਜੇ ਨੇ ਜਿਹੜੀ ਸਲਾਹ ਸਰਕਾਰ ਨੂੰ ਦਿਤੀ ਉਹ ਇਹ ਸੀ:-

"ਜੇ ਇਹ ਸਜਾ ਏਨੀ ਜਲਦੀ ਨਾ ਦਿਤੀ ਜਾਂਦੀ.....ਤਾਂ ਫਸਾਦ ਦਬਾਏ ਜਾਣ ਦੀ ਉਕੀ ਕੋਈ ਸੰਭਾਵਨਾ ਨਹੀਂ ਸੀ ਅਤੇ ਇਸ ਗਲ ਵਿਚ ਰੰਚਕ ਸੰਦੇਹ ਨਹੀਂ ਕਿ ਫੇਰ ਸ਼ਾਂਤੀ ਕਾਇਮ ਕਰਨ ਲਈ ਬੇਅੰਤ ਰੁਪਏ ਅਤੇ ਜਾਨਾਂ ਦਾ ਨੁਕਸਾਨ ਹੁੰਦਾ,.....ਇਕ ਹੋਰ ਗੱਲ ਜਿਸ ਵਲ ਧਿਆਨ ਦਿਵਾਉਣਾ ਮੈਂ ਜ਼ਰੂਰੀ ਸਮਝਦਾ ਹਾਂ, ਇਹ ਹੈ ਕਿ ਮੈਨੂੰ ਅਖਬਾਰਾਂ ਵੇਖਣ ਤੋਂ ਪਤਾ ਲਗਾ ਹੈ ਕਿ ਸਥਾਨਕ ਅਫਸਰਾਂ ਨੇ ਜੋ ਸਜਾਵਾਂ ਦਿਤੀਆਂ ਹਨ, ਉਹਨਾਂ ਨੂੰ ਸਰਕਾਰ ਹਿੰਦ ਨੇ ਪਸੰਦ ਨਹੀਂ ਕੀਤਾ। ਮੇਰਾ ਵਿਸ਼ਵਾਸ ਹੈ ਕਿ ਲੋਕੀਂ ਸਰਕਾਰ ਦੇ ਮੰਤਵ ਦਾ ਭਾਵ ਗਲਤ ਸਮਝ ਲੈਣਗੇ ਤੇ ਵਸ਼ੇਸ਼ ਕਰਕੇ ਇਹ ਅੰਨ੍ਹਾ ਫਿਰਕਾ (ਨਾਮਧਾਰੀ) ਤਾਂ ਏਹੋ ਹੀ ਸਮਝ ਲਵੇਗਾ ਕਿ ਇਹ ਸਭ ਕੁਝ ਸਾਡੇ ਗੁਰੂ ਦੀ ਕਰਾਮਤ ਨੇ ਹੀ ਕੀਤਾ ਹੈ।"

ਮੇਰੀ ਅਤੇ ਕਈ ਹੋਰ ਬੇਲਾਗ ਸਜਣਾਂ ਦੀ ਇਹ ਸਪਸ਼ਟ ਰਾਇ ਹੈ ਕਿ ਮਿ: ਕਾਵਨ ਅਤੇ ਫੋਰਸਿਥ ਦੀ ਮਹਾਂ ਕਾਲੀ ਕਰਤੂਤ ਤੇ ਪਰਦਾ ਪਾਉਣ ਵਾਲੇ ਅਤੇ ਉਹਨਾਂ ਨੂੰ ਸ਼ਹਿ ਦੇਕੇ ਇਹ ਸਾਕਾ ਵਰਤਾਣ ਵਾਲੇ ਸਿਖ ਮਹਾਰਾਜੇ, ਰਈਸ ਅਤੇ ਪੁਜਾਰੀ ਹੀ ਸਨ। ਨਿਹ ਸੰਦੇਹ ਜੇ ਉਹਨਾਂ ਦੀ ਹਮਦਰਦੀ ਨਾਮਧਾਰੀ ਸ਼ਹੀਦਾਂ ਨਾਲ ਹੁੰਦੀ ਤਾਂ ਇਹ ਕਹਿਰ ਕਦੇ ਵੀ ਨਾ ਵਰਤਦਾ ਅਤੇ ਜੇ ਵਰਤਦਾ ਵੀ, ਤਾਂ ਵਰਤਾਉਣ ਵਾਲਿਆਂ ਨੂੰ ਸੰਗੀਨ ਸਜ਼ਾਵਾਂ ਮਿਲਦੀਆਂ।

Sri Satguru Jagjit Singh Ji Elibrary NamdhariElibrary@gmail.com

ਸਰ ਹੈਨਰੀ ਕਾਟਨ ਜੋ ਉਹਨੀ ਦਿਨੀਂ ਪੰਜਾਬ ਵਿਚ ਹੀ ਸੀ ਆਪਣੀ ਪੁਸਤਕ 'Cotton,India and Home memories' ਵਿਚ ਸਟਕਾਰੀ ਪਾਲਿਸੀ ਉਪਰ ਜ਼ਬਰਦਸਤ ਨੁਕਤਾ ਚੀਨੀ ਕਰਦਾ ਹੋਇਆ ਲਿਖਦਾ ਹੈ—'ਮੇਰੀ ਜਾਤੀ ਰਾਇ ਇਹ ਹੈ ਕਿ ਮੈਂ ਆਪਣੀ ਸਾਰੀ ਨੌਕਰੀ ਦੇ ਜ਼ਮਾਨੇ ਵਿਚ ਏਸ ਮਹਾਨ ਵਡੇ ਕਹਿਰ ਅਤੇ ਫਾਂਸੀਆਂ ਨਾਲੋਂ ਵਧੇਰੇ ਘਿਨਾਉਨੀ ਅਤੇ ਸ਼ੋਕ ਜਨਕ ਘਟਨਾ ਦੂਜੀ ਵੇਖੀ ਹੀ ਨਹੀਂ।' ਸਰ ਹੈਨਰੀ ਲਿਖਦਾ ਹੈ ਕਿ "ਇਹ ਕੇਵਲ ਮੇਰੇ ਇਕੱਲੇ ਦੀ ਹੀ ਰਾਇ ਨਹੀਂ ਬਲਕਿ ਅਨੇਕਾਂ ਅਜੇਹੇ ਆਦਮੀ ਮੌਜੂਦ ਹਨ, ਜੋ ਮੇਰੇ ਨਾਲ ਸਹਿਮਤ ਹਨ ਅਤੇ ਉਹ ਖਿਆਲ ਕਰਦੇ ਹਨ ਕਿ ਭਵਿਖਤ ਏਸ ਗਲ ਨੂੰ ਚੰਗੀ ਤਰਾਂ ਪਰਗਟ ਕਰ ਦੇਵੇਗਾ ਕਿ ਪਥਰ ਦਿਲੀ ਦੇ ਏਸ ਵਿਖਾਵੇ ਦੇ ਉਪਰੰਤ ਇਹ ਕਹਿਰ ਵਰਤਾਂਣ ਵਾਲਿਆਂ ਨੂੰ ਜਿਹੜੀ ਸਜ਼ਾ ਸਰਕਾਰ ਹਿੰਦ ਨੇ ਦਿਤੀ, ਉਹ ਬਿਲਕੁਲ ਹੀ ਥੋੜੀ ਸੀ।"

ਸਰ ਹੈਨਰੀ ਦੀ ਏਸ ਰਾਇ ਉਪਰ ਕਿਸੇ ਟੀਕਾ ਟਿਪਣੀ ਕਰਨ ਦੀ ਲੋੜ ਪਰਤੀਤ ਨਹੀਂ ਹੁੰਦੀ, ਪਰ ਹੋ ਸਕਦਾ ਹੈ ਕਿ ਕੁਝ ਆਦਮੀ ਇਹ ਸਮਝਣ ਕਿ ਸ਼ਾਇਦ ਸਰ ਹੈਨਰੀ ਨੂੰ ਸਾਕੇ ਨਾਲ ਸੰਬੰਧ ਰਖਣ ਵਾਲੇ ਅਫਸਰਾਂ ਨਾਲ ਕੋਈ ਜਾਤੀ ਈਰਖਾ ਹੋਵੇ ਤੇ ਉਸ ਨੇ ਉਹਨਾਂ ਨੂੰ ਨੁਕਸਾਨ ਪੁਚਾਣ ਦੀ ਚੇਸ਼ਟਾ ਕਰਕੇ ਉਪਰ ਲਿਖੀ ਰਾਇ ਪਰਗਟ ਕੀਤੀ ਹੋਵੇ; ਇਸ ਲਈ ਮੈਂ ਜ਼ਰੂਰੀ ਸਮਝਦਾ ਹਾਂ ਕਿ ਮਿ: ਕਾਵਨ ਦੇ ਵਤੀਰੇ ਨੂੰ ਗਲਤ ਸਾਬਤ ਕਰਨ ਲਈ ਮਿ: ਫੋਰਸਿਥ ਦੀ ਆਪਣੀ ਰਾਇ ਹੀ ਦਸ ਦਿਆਂ। ਉਹ ਲਿਖਦਾ ਹੈ

"ਕੰਮਿਸ਼ਨਰ ਅਤੇ ਹਿੰਦੁਸਤਾਨੀ ਰਿਆਸਤਾਂ ਦੇ ਸੁਪ੍ਰੰਟੈਂਡੈਂਟ ਹੋਣ ਦੀ ਹੈਸੀਅਤ ਵਿਚ ਦੋਸੀਆਂ ਨੂੰ ਮੌਤ ਦੀ ਸਜ਼ਾ ਦੇਣ ਜਾਂ ਉਹਨਾਂ ਦੀ ਜਾਨ ਬਖਸ਼ੀ ਕਰਨ ਦੇ ਅਧਿਕਾਰ ਕੇਵਲ ਮੈਨੂੰ ਹੀ ਪ੍ਰਾਪਤ ਸਨ, ਨਾ ਕਿ ਮਿ: ਕਾਵਨ ਨੂੰ। ਇਸੇ ਗਲ ਨੂੰ ਮੁਖ ਰਖਦਿਆਂ ਹੋਇਆਂ ਮੈਂ ਲੁਧਿਆਣਿਓਂ ਓਸ (ਕਾਵਨ) ਨੂੰ ਸਾਫ ਹੁਕਮ ਭੇਜ ਦਿਤਾ ਸੀ ਕਿ ਉਹ ਕੇਵਲ ਦੋਸ਼ੀਆਂ ਦੇ ਵਿਰੁਧ ਕਾਨੂੰਨੀ ਤੌਰ ਤੇ ਮੁਕਦਮਾ ਹੀ ਕਰੇ ਅਤੇ ਸਜ਼ਾ ਓਦੋਂ ਤੀਕ ਹਰਗਿਜ਼ ਨਾ ਦੇਵੇ, ਜਦ ਤੀਕ ਕਿ ਮੈਂ ਆਪ ਓਥੇ (ਮਾਲੇਰ ਕੋਟਲੇ) ਨਾ ਪਹੁੰਚ ਜਾਵਾਂ। ਪਰ ਮਿ: ਕਾਵਨ ਨੇ ਕਾਨੂੰਨ ਨੂੰ ਆਪਣੇ ਹਥ ਵਿਚ ਲੈਕੇ ਨਾ ਕੇਵਲ ਮੇਰੇ ਹੁਕਮ ਦੀ ਪਾਲਣਾ ਕਰਨ ਤੋਂ ਇਨਕਾਰ ਹੀ ਕਰ ਦਿਤਾ ਬਲਕਿ ਆਪਣੇ ਮਾਤਹਿਤਾਂ ਨੂੰ ਹੁਕਮ ਦੇ ਦਿਤਾ ਕਿ ਦੋਸ਼ੀਆਂ ਨੂੰ ਤੋਪਾਂ ਨਾਲ ਬੰਨ੍ਹਕੇ ਉਡਾ ਦੇਣ।"

ਹੈਰਾਨੀ ਦੀ ਗੱਲ ਇਹ ਹੈ ਕਿ ਇਕ ਪਾਸੇ ਤਾਂ ਇਹ ਅਫਸਰ ਮਿ: ਕਾਵਨ ਦੇ ਅਧਿਕਾਰਾਂ ਤੇ ਬਹਿਸ ਕਰਦਾ ਹੋਇਆ, ਇਹ ਲਿਖਦਾ ਹੈ ਕਿ ਉਸ ਨੂੰ ਅਜੇਹਾ ਕਰਨ ਦਾ ਅਧਿਕਾਰ ਨਹੀ ਸੀ, ਪਰ ਦੂਜੇ ਪਾਸੇ ਇਹ ਰਾਇ ਦੇਕੇ ਮਿ: ਕਾਵਨ ਦੀ ਸਾਰੀ ਜ਼ਿਮੇਵਾਰੀ ਆਪਣੇ ਸਿਰ ਤੇ ਲੈ ਲੈਂਦਾ ਹੈ—

"ਮਿ:ਕਾਵਨ ਵਲੋਂ, ਜਦ ਮੈਨੂੰ ਏਸ ਘਟਨਾ ਦੀ ਖਬਰ ਮਿਲੀ ਤਾਂ ਮੈ ਓਸ ਸਾਰੀ ਕਾਨੂੰਨੀ ਵਿਰੋਧਤਾ ਦੀ ਸਾਰੀ ਜ਼ਿਮੇਵਾਰੀ ਆਪਣੇ ਸਿਰ ਲੈਣੀ ਹੀ ਮੁਨਾਸਬ ਸਮਝੀ ਤੇ ਮੈਂ ਓਸ ਨੂੰ ਝਟ ਪਟ ਲਿਖ ਭੇਜਿਆ ਕਿ ਵਰਤਮਾਨ ਹਲਤ ਵਿਚ ਤੂੰ ਜਿਹੜਾ ਕਦਮ ਉਠਾਇਆ ਹੈ, ਮੈ ਓਸਦੀ ਤਸਦੀਕ ਕਰਦਾ ਹਾਂ।"

ਇਕ ਹੋਰ ਥਾਂ ਉਹ ਐਉਂ ਲਿਖਦਾ ਹੈ—'ਜਿਸ ਵੇਲੇ ਓਸ ਨੂੰ ਨੌਕਰੀ ਤੋਂ ਜਵਾਬ ਦੇ ਦਿਤਾ

Sri Satguru Jagjit Singh Ji Elibrary NamdhariElibrary@gmail.com

ਗਿਆ, ਮੈਂ ਜਿਥੋਂ ਤੀਕ ਵੀ ਹੋ ਸਕਿਆ, ਓਸ ਦੀ ਸਹਾਇਤਾ ਕਰਨੋਂ ਕਦੇ ਸੰਕੋਚ ਨਾ ਕੀਤਾ ਅਤੇ ਮੈਂ ਅਜੇ ਹਿੰਦੁਸਤਾਨ ਵਿਚ ਹੀ ਸਾਂ ਕਿ ਓਸ ਨੂੰ ਇਕ ਚੰਗੀ ਨੌਕਰੀ ਲੈ ਦਿਤੀ। ਹਵਾਲੇ ਲਈ ਵੇਖੋ—" Auto Biography and Reminiscences of Sir Dougles"

ਮਿ: ਟਾਮਸਨ ਨੇ ਏਸ ਘਟਨਾ ਬਾਰੇ ਆਪਨੀ ਇਹ ਰਾਇ ਲਿਖੀ ਹੈ—"ਮਾਲੇਰ ਕੋਟਲੇ ਦੀ ਦੁਰਘਟਨਾ ਉਹਨਾਂ ਬਾਹਲੀਆਂ ਘਟਨਾਵਾਂ ਵਿਚੋਂ ਇਕ ਵਸ਼ੇਸ਼ ਘਟਨਾ ਹੈ ਜਿਸ ਦੇ ਹਕ ਵਿਚ ਐਂਗਲੋ ਇੰਡੀਅਨ ਅਖਬਾਰਾਂ ਨੇ ਟਜ ਟਜ ਕੇ ਮਜ਼ਮੂਨ ਲਿਖੇ, ਪਰ ਉਸ ਰੌਲੇ ਦੇ ਬਾਵਜੂਦ ਸਰਕਾਰ ਹਿੰਦ ਨੂੰ ਹਿੰਦੁਸਤਾਨੀ ਲੋਕ ਰਾਇ ਦੇ ਸਾਹਮਣੇ ਝੁਕਣਾ ਪਿਆ, ਅਤੇ ਉਸ ਨੂੰ ਮੰਨਣਾ ਪਿਆ, ਕਿ ਉਸ ਦੇ ਅਫਸਰਾਂ ਪਾਸੋਂ ਵੀ ਭੁੱਲਾਂ ਹੋ ਸਕਦੀਆਂ ਹਨ। ਏਸ ਤੋਂ ਬਿਨਾਂ ਗਦਰ ਤੋਂ ਪੂਰੇ ਚੌਦਾਂ ਸਾਲਾਂ ਪਿਛੋਂ ਸਟਕਾਰ ਨੇ ਨੀਮ ਦਿਲੀ ਨਾਲ ਏਸ ਗਲ ਨੂੰ ਮੰਨਿਆਂ ਕਿ ਮਨੁੱਖਾਂ ਨੂੰ ਤੋਪਾਂ ਨਾਲ ਉਨ੍ਹ ਬੰਨ੍ਹ ਕੇ ਉਡਾਉਣਾ ਪਸ਼ੂਆਂ ਵਾਲਾ ਕੰਮ ਹੈ।"

ਪੰਜਾਬ ਸਟਕਾਰ ਦੇ ਸਖਤੀ ਭਰੇ ਰਵੱਯੇ ਦੀ ਵਸ਼ੇਸ਼ਤਾ ਦਰਸਾਂਦਾ ਹੋਇਆ ਮਿ: ਟਾਮਸਨ ਇਹ ਸ਼ਬਦ ਵਰਤਦਾ ਹੈ—"ਨਾਮ ਧ੍ਰੀਕ ਅਦਾਲਤੀ ਅਡੰਬਰ ਰਚਣ ਤੋਂ ਬਗੈਰ ਬੇ ਸ਼ੁਮਾਰ ਮਨੁੱਖਾਂ ਨੂੰ ਐਂਉਂ ਬੇ ਦਰਦੀ ਨਾਲ ਮਾਰਨ ਦੀ ਘਟਨਾ ਵੀ ਕੇਵਲ ਪੰਜਾਬ ਵਿਚ ਹੀ ਵਰਤਾਈ ਜਾ ਸਕਦੀ ਹੈ ਅਤੇ ਏਹ ਜੋ ਕੁਝ ਹੋਇਆ ਹੈ ਉਸ ਪਾਲਿਸੀ ਦਾ ਨਤੀਜਾ ਹੈ ਜਿਸ ਅਨੁਸਾਰ ਮਾਮੂਲੀ ਮਾਮੂਲੀ ਜੁਰਮਾਂ ਦੀ ਸਜਾ ਵੀ ਬੇਦਰਦੀ ਨਾਲ ਟਲਾਕ ਕਟਨ ਦੀ ਸੂਰਤ ਵਿਚ ਦਿਤੀ ਜਾਂਦੀ ਹੈ।" ਮਿ: ਟਾਮਸਨ ਇਹ ਵੀ ਲਿਖਦਾ ਹੈ ਕਿ:—"ਇਹ ਉਹ ਪਾਲਿਸੀ ਹੈ ਜਿਸਨੂੰ ਪੰਜਾਬ ਸਰਕਾਰ ਦੇ ਕਰਮ ਚਾਰੀ ਭਾਵ ਪਸੰਦ ਕਰਦੇ ਹਨ।"

੪.

ਮਾਲੇਰ ਕੋਟਲੇ ਦੇ ਸਾਕੇ ਨਾਲ ਸੰਬੰਧ ਰਖਣ ਵਾਲੇ ਇਹ ਉਹ ਸਮਾਚਾਰ ਹਨ ਜੋ ਕਾਤਲਾਂ ਅਤੇ ਉਹਨਾਂ ਦੇ ਭਰਾ ਭਾਈਆਂ ਨੇ ਆਪਣੀਆਂ ਕਲਮਾਂ ਨਾਲ ਅੰਕਿਤ ਕੀਤੇ ਹਨ; ਇਹ ਗੱਲ ਠੀਕ ਹੈ ਕਿ ਜਿਹੜੇ ਸਮਾਚਾਰ ਅਸਾਂ ਨਾਮਧਾਰੀ ਬਜ਼ੁਰਗਾਂ ਦੀ ਜ਼ਬਾਨੀ ਸੁਣੇ ਹਨ, ਉਹ ਇਸ ਘਟਨਾਂ ਨੂੰ ਐਂਉਂ ਨਹੀਂ ਦਸਦੇ, ਪਰ ਕਾਤਲਾਂ ਦੀ ਆਪਣੀ ਜ਼ਬਾਨੀ ਜੋ ਕੁਝ ਸਾਨੂੰ ਮਿਲਿਆ ਹੈ, ਇਸ ਦੀ ਇਤਿਹਾਸਕ ਮਹਾਨਤਾ ਤੋਂ ਕੋਈ ਇਨਕਾਰ ਨਹੀਂ ਕੀਤਾ ਜਾ ਸਕਦਾ ਅਤੇ ਉਹ ਸਚਾਈ ਜਿਸ ਨੂੰ ਲੁਕਾਣ ਦਾ ਜਤਨ ਡਾਢੀ ਉਸਤਾਦੀ ਨਾਲ ਕੀਤਾ ਗਿਆ ਹੈ, ਉਹ ਸੌ ਪਰਦਾ ਪਾੜ ਕੇ ਵੀ ਉਘੜ ਆਈ ਹੈ।

ਉਹ ਸਚੀ ਕੁਰਬਾਨੀ ਅਤੇ ਸਿਖੀ ਸਪ੍ਰਿਟ ਜੋ ਸ੍ਰੀ ਮਹਾਰਾਜ ਜੀ ਨੇ ਸਿਖਾਂ ਵਿੱਚ ਪੈਦਾ ਕੀਤੀ, ਮਾਲੇਰ ਕੋਟਲੇ ਦੀ ਘਟਨਾ ਉਸ ਸਪ੍ਰਿਟ ਅਤੇ ਕੁਰਬਾਨੀ ਦੀ ਜੁਗਾਂ ਪ੍ਰਯੰਤ ਜ਼ਿੰਦਾ ਰਹਿਣ ਵਾਲੀ ਜਬਰ ਦਸਤ ਸ਼ਹਾਦਤ ਹੈ। ਤੋਪਾਂ ਨਾਲ ਉੱਡਣ ਸਮੇਂ ਸ਼ਹੀਦਾਂ ਨੇ ਜਿਹੜੀ ਅਦੁਤੀ ਬੀਰਤਾ ਵਿਖਾਈ ਸੀ, ਉਸ ਦਾ ਜ਼ਿਕਰ ਅੰਗ੍ਰੇਜ਼ ਇਤਿਹਾਸਕਾਰਾਂ ਨੇ ਨਹੀਂ ਕੀਤਾ, ਪਰ ਜਿਹੜੇ ਸਜਣਾਂ ਨੇ ਇਹ ਘਟਨਾਂ ਅੱਖੀਂ ਵੇਖੀ, ਉਹ ਦਸਦੇ ਹਨ ਕਿ ਇਹ ਗਲ ਓਕੀ ਹੀ ਗਲਤ ਹੈ, ਕਿ ਨਾਮਧਾਰੀ ਸ਼ਹੀਦਾਂ ਨੂੰ ਤੋਪਾਂ ਦੇ ਨਾਲ ਬੰਨ੍ਹਿਆ ਗਿਆ ਸੀ, । ਉਹ ਸਚੇ ਜੋਧੇ ਤੋਪਾਂਨਾਲ ਨਮਾਣਿਆਂ ਅਤੇਬੁਜ਼ਦਿਲਾਂ ਵਾਂਗ ਬਝਕੇ ਸ਼ਹੀਦ ਹੋਣਾ ਆਪਣੇ ਵੀਰਤਵ ਦੀ ਨਰਾਦਰੀਸਮਝਦੇਸਨਤੇਉਹਨਾਂ ਆਪਣੇਕਾਤੁਲਾਂ

Sri Satguru Jagjit Singh Ji Elibrary NamdhariElibrary@gmail.com

ਨੂੰ ਖਿੜੇ ਮਥੇ ਆਖਿਆ ਸੀ ਕਿ ਸਾਨੂੰ ਤੋਪਾਂ ਨਾਲ ਨਾਂ ਬੰਨ੍ਹ। ਉਹ ਹਠੀਲੇ ਧਰਮੀ ਤੋਪਾਂ ਦੇ ਸਾਹਮਣੇ ਛਾਤੀਆਂ ਤਾਣਕੇ ਖਲੋ ਗਏ ਸਨ ਤੇ ਮੌਤ ਦਾ ਸਵਾਗਤ ਐਉਂ ਕੀਤਾ ਸੀ, ਜਿਵੇਂ ਕਿਸੇ ਮਹਿਬੂਬਾ ਨੂੰ ਮਿਲੀਦਾ ਹੈ। ਉਹ ਮਸ ਫੁਟਦਾ ਗਭਰੂ ਜੋ ਮਿ: ਕਾਵਨ ਦੇ ਗਲ ਪਿਆ ਸੀ, ਉਸ ਨੂੰ ਕੇਵਲ ਇਹ ਸ਼ਬਦ ਕਹੇ ਗਏ ਸਨ ਕਿ ਤੂੰ ਨਾਮਧਾਰੀ ਪੁਣੇ ਤੋਂ ਇਨਕਾਰ ਕਰਕੇ ਆਪਣੀ ਖਲਾਸੀ ਕਰਵਾ ਸਕਦਾ ਹੈਂ ॥"

ਜਿਸ ਵੇਲੇ ਇਹ ਕਹਿਰ ਵਰਤਿਆ ਕਾਸ਼ ! ਪੰਜਾਬ ਵਿਚ ਅਜ ਵਾਲੀ ਜਾਗ੍ਰਤ ਹੁੰਦੀ ਕਾਸ਼ ! ਓਸ ਵੇਲੇ ਦੇ ਮੁਖੀਏ ਅਖ਼ਵਾਣ ਵਾਲੇ ਸਿਖਾਂ ਨੂੰ ਨਾਮਧਾਰੀ ਲਹਿਰ ਦੇ ਅਸਲ ਆਸ਼ੇ ਦਾ ਪਤਾ ਹੁੰਦਾ ਅਤੇ ਉਹ ਆਜ਼ਾਦੀ ਜਿਸ ਦਾ ਨਾਦ ਕਲਗੀਧਰ ਪਾਤਸ਼ਾਹ ਨੇ ਫੂਕਿਆ ਸੀ ਉਸ ਦਾ ਅੰਸ਼ ਮਾਤ੍ ਅਸਰ ਵੀ ਉਹਨਾਂ ਤੇ ਹੁੰਦਾ। ਬਦੇਸ਼ੀ ਗੁਲਾਮੀ ਨੇ ਓਸ ਵੇਲੇ ਦੇ ਪੰਜਾਬ ਨੂੰ ਸਤਾ ਹੀਣ, ਅਣਖ ਹੀਣ, ਉਤਸ਼ਾਹ ਹੀਣ ਅਤੇ ਕਰਤੱਵ ਹੀਣ ਕੀਤਾ ਹੋਇਆ ਸੀ ਅਤ ਨਾਮਧਾਰੀ ਲਹਿਰ ਦਾ ਅਸਲ ਮਨਤੱਵ ਸਮਝਣ ਦੀ ਥਾਂ ਉਸ ਵੇਲੇ ਦੇ ਨਾਮਧੋਕ ਮੁਖੀਆਂ ਨੇ ਉਹ ਗਲਤੀ ਕੀਤੀ ਸੀ, ਕਿ ਜਿਸ ਦਾ ਫਲ਼ ਅਸੀਂ ਹੁਣ ਚਖ ਰਹੇ ਹਾਂ ਅਤੇ ਅਗਲ਼ੇ ਦਿਨਾਂ ਵਿਚ ਹੋਰ ਵਧੇਰੇ ਚਖਾਂਗੇ। ਪੰਜਾਬ ਨੇ ਓਸ ਵੇਲੇ ਜਿਹੜਾ ਪਾਪ ਕੀਤਾ ਸੀ, ਓਹ ਕਦੇ ਵੀ ਮਾਫ ਨਹੀਂ ਕੀਤਾ ਸੀ ਅਤੇ ਵਸ਼ੇਸ਼ ਕਰਕੇ ਸਿਖਾਂ ਨੂੰ ਉਸ ਮੂਰਖਤਾ ਦੀ ਸਜਾ ਹੀ ਮਿਲ਼ ਰਹੀ ਹੈ ਜੋ ਉਹਨਾਂ ਨੇ ਓਦੋਂ ਕੀਤੀ ਸੀ। ਵਧੇਰੇ ਦੁਖ ਦੀ ਗਲ ਇਹ ਹੈ ਕਿ ਜਿਹੜੇ ਪਾਵਨ ਬਜ਼ੁਰਗ ਨੇ ਸਿਖੀ ਲਈ ਅਤੇ ਸਿਖ ਸ਼ਾਨ, ਸ਼ੌਕਤ ਲਈ ਆਪਣੀ ਅਤੇ ਆਪਣੇ ਸਿਖਾਂ ਦੀ ਸਿਰੋਂ ਪਰੇ ਕੁਰਬਾਨੀ ਦਿਤੀ, ਉਸ ਦੀ ਘਾਲੀਆਂ ਹੋਈਆਂ ਘਾਲਾਂ ਦਾ ਜ਼ਿਕਰ ਕਰਨਾ ਵੀ ਪਾਪ ਸਮਝਿਆ ਜਾ ਰਿਹਾ ਹੈ ਅਤੇ ਉਹ ਅਦੁਤੀ ਸ਼ਹੀਦ ਜਿਨ੍ਹਾਂ ਨੇ ਆਪਣੀਆਂ ਬੇ ਮਿਸਾਲ ਕੁਰਬਾਨੀਆਂ ਦੇਕੇ ਸਿਖੀ ਅਣਖ ਦਾ ਸਬੂਤ ਦਿਤਾ ਉਹਨਾਂ ਦਾ ਸੰਬੰਧ ਇਕ ਸੰਪ੍ਰਦਾਇ ਨਾਲ ਜੋੜਕੇ ਆਪਣੇ ਇਤਿਹਾਸਕ ਗੌਰਵ ਨੂੰ ਘਟਾਇਆ ਜਾ ਰਿਹਾ ਹੈ। ਸਾਡੀ ਇਹ ਮਹਾਨ ਵੱਡੀ ਭੁਲ਼ ਹੈ ਅਤੇ ਜਿਸ ਦੀ ਸੋਧ ਜਿੰਨੀ ਛੇਤੀ ਵੀ ਹੋ ਸਕੇ, ਕਰਨੀ ਚਾਹੀਦੀ ਹੈ।

ਸਤਿ ਸ੍ਰੀ ਅਕਾਲ !

ਪਿਆਰੇ ਦੀ ਭਾਲ

(ਵਲੋਂ ਸ੍ਰਦਾਰ ਗੁਰਦਿਤ ਸਿੰਘ ਜੀ 'ਕਮਲ' ਮੁਜ਼ੱਫਰ ਪੁਰ ਬਿਹਾਰ)

ਸਾਰੇ ਦੇਸ ਅੰਦਰ ਮੈਂ ਤਾਂ ਢੂੰਡ ਥਕਾ, ਐਪਰ ਹੋਇਆ ਨਹੀਂ ਤੇਰਾ ਦੀਦਾਰ ਪ੍ਰੀਤਮ !
ਕਿਥੇ ਛੁਪ ਗਿਓਂ ਦੀਦ ਦੀ ਝਲਕ ਦੇਕੇ, ਕਰਾਂ ਚਿਰਾਂ ਤੋਂ ਪਿਆ ਇੰਤਜ਼ਾਰ ਪ੍ਰੀਤਮ !
ਫਿਰਾਂ ਵਿਆਕਲ ਹੋ ਵਾਂਗ ਬੌਰਾਨਿਆਂ ਦੇ, ਦਿਓ ਦੀਦਾਰ ਜੋ ਕਰ ਗਏ ਇਕਰਾਰ ਪ੍ਰੀਤਮ !
ਆ ਮਿਲ਼ ਅਸਾਂ ਨੂੰ ਚੰਨੀ ਵਾਲਿਆ ਜੀ, ਬਿਹੋਂ ਕੁੱਠਿਆਂ ਨੂੰ ਆਕੇ ਠਾਰ ਪ੍ਰੀਤਮ !
ਪਤਾ ਨਹੀਂ ਵਸੇਂ ਕਿਸ ਵਲੈਤ ਅੰਦਰ, (ਕਿ) ਰਬੀ ਜੱਲ਼ਵੇ ਦੇ ਕਿਸੇ ਜ਼ਹੂਰ ਅੰਦਰ ?
ਭੈਣੀ ਵਿਚ ਖਬਰੇ ਲਾ ਦਰਬਾਰ ਬੈਠੋਂ, ਜਾਂ ਕਿ ਪ੍ਰੇਮੀਆਂ ਦੇ ਸੁਹਣੇ ਨੂਰ ਅੰਦਰ ?

Sri Satguru Jagjit Singh Ji Elibrary NamdhariElibrary@gmail.com

ਮੈਨੂੰ ਆ ਮਿਲ ਚੀਨੀ ਵਾਲਿਆ

(ਵਲੋਂ ਸ੍ਰੀ ਮਾਤਾ ਲਾਭਾ ਧਨੀ ਰਾਮ ਜੀ ਚਾਤ੍ਰਿਕ ਅੰਮ੍ਰਿਤਸਰ)

(ਰਾਗ ਸੋਹਣੀ)

ਅਜ ਨਿਖਰੀ ਸ਼ਾਨ ਬਹਾਰ ਦੀ, ਖਿੜ ਪਈ ਕੁਦਰਤ ਕਰਤਾਰ ਦੀ,
ਅਖ ਪੱਟੀ ਸੁੰਤੀਆਂ ਡਾਲੀਆਂ, ਫੁਲ ਪਤਰਾਂ ਟੀਪਾਂ ਢਾਲੀਆਂ,
ਕਲੀਆਂ ਨੇ ਵੇਸ ਵਟਾਲਿਆ,
ਮੈਨੂੰ ਆ ਮਿਲ ਚੀਨੀ ਵਾਲਿਆ,

ਮੈ ਤੜਫਾਂ ਤੇਰੇ ਦਿਦਾਰ ਨੂੰ, ਤੇਰੇ ਰਹਿਮਤ ਭਰੇ ਪਿਆਰ ਨੂੰ,
ਇਕ ਨੀਝ ਪਿਰਮ ਦੀ ਮਾਰ ਜਾ, ਮੇਰੇ ਵਿਗੜੇ ਕਾਜ ਸੁਆਰ ਜਾ,
ਮੈਨੂੰ ਹਿਜ਼ਰ ਦਿਆਂ ਖਾ ਲਿਆ,
ਮੈਨੂੰ ਆ ਮਿਲ ਚੀਨੀ ਵਾਲਿਆ,

ਤੂੰ ਵਸਨਾ ਏਂ ਦੇਸ ਦੁਰਾਡੜੇ, ਘਰ ਪਿਆ ਹਨੇਰਾ ਸਾਡੜੇ,
ਚੁਤਰਫੀਂ ਖਿਲਰੇ ਜਾਲ ਨੇਂ, ਵਿਸਰ ਗਏ ਸਾਰੇ ਤਾਲ ਨੇਂ,
ਮੈਨੂੰ ਮਾਇਆ ਨੇ ਭਰਮਾਲਿਆ,
ਮੈਨੂੰ ਆ ਮਿਲ ਚੀਨੀ ਵਾਲਿਆ,

ਤੇਰੀ ਸੁਹਣੀ ਸੂਪੜ ਨੁਹਾਰ ਨੂੰ, ਤੇਰੇ ਸ਼ਾਂਤ ਭਰੇ ਦਰਬਾਰ ਨੂੰ,
ਕਦੀ ਕੁਦਰਤ ਫੇਰ ਵਿਖਾਇ ਗੀ, ਤੇਰੇ ਚਰਨਾਂ ਨੂੰ ਪਰਸਾਇ ਗੀ,
ਰਾਹ ਤਕ ਦਿਆਂ ਜੁਗੜਾ ਗਾਲਿਆ,
ਮੈਨੂੰ ਆ ਮਿਲ ਚੀਨੀ ਵਾਲਿਆ,

ਤੈਨੂੰ ਹੈਣ ਤੁਫੀਕਾਂ ਸ਼ਾਰੀਆਂ, ਕਿਉਂ ਸੰਗਤਾਂ ਮਨੋਂ ਵਿਸਾਰੀਆਂ ?
ਉਹਲਾ ਕਿਉਂ ਨਹੀਂ ਹਟਾਉਂਦਾ ? ਵਾਰਾਂ ਕਿਉਂ ਨਹੀਂ ਭੁਆਉਂਦਾ ?
ਬਹੁ ਤੇਰਾ ਹਸ਼ਰ ਵਿਖਾ ਲਿਆ,
ਮੈਨੂੰ ਆ ਮਿਲ ਚੀਨੀ ਵਾਲਿਆ,

ਤੂੰ ਜੀਵਨ ਮੇਰੀ ਜਾਨ ਦਾ, ਤੂੰ ਰਾਖਾ ਮੇਰੀ ਆਨ ਦਾ,
ਤੂੰ ਰਹਿਬਰ ਏਸ ਜਹਾਨ ਦਾ, ਤੂੰ ਹਾਦੀ ਓਸ ਜਹਾਨ ਦਾ,
ਮੈਂ ਤੇਰਾ ਦਵਾਰ ਤਕਾ ਲਿਆ,
ਮੈਨੂੰ ਆ ਮਿਲ ਚੀਨੀ ਵਾਲਿਆ,

Sri Satguru Jagjit Singh Ji Elibrary NamdhariElibrary@gmail.com

ਬਸ ਅੰਤ ਵਿਚ ਫਿਰ ਬਸੰਤ

(ਵਲੋਂ:—ਪ੍ਰਸਿੱਧ ਸਿਖ ਵਿਦਵਾਨ ਸ੍ਰੀਮਾਨ ਸਰਦਾਰ ਗੰਗਾ ਸਿੰਘਜੀ ਪ੍ਰਿੰਸੀਪਲ ਸ਼ਹੀਦ ਸਿਖ ਮਿਸ਼ਨਰੀ ਕਾਲਜ ਅੰਮ੍ਰਿਤਸਰ)

ਰਚਨ ਹਾਰ ਨੇ ਰਚਨਾਂ ਦਾ ਸਿਲਸਲਾ ਵੀ ਕੁਝ ਅਜਬ ਬਣਾਇਆ ਹੈ। ਕ੍ਰਿਤਮ ਜਗਤ ਤਿੰਨਾਂ ਹੀ ਅਵਸਥਾਂ ਵਿਚ ਵਰਤ ਰਿਹਾ ਹੈ ਉਠਣਾਂ, ਚੜ੍ਹਨਾਂ ਤੇ ਸਮਾ ਜਾਣਾਂ। ਉਠਨਾਂ ਪਿਆਰਾ, ਚੜ੍ਹਨਾਂ ਦਿਲ ਖਿਚਵਾਂ ਤੇ ਸਮਾ ਜਾਣਾਂ ਸਹਿਮ ਦੇਣ ਵਾਲਾ ਹੈ। ਜਿਸ ਜਗਤ ਦੀ ਜ਼ਾਹਿਰੀ ਅਵਸਥਾ ਤੇ ਹੀ ਨਜ਼ਰ ਰਖੀ ਜਾਵੇ, ਤਾਂ ਅੰਤ ਬੜਾ ਬੇ ਸੁਆਦਾ ਹੈ। ਬਾਗ਼ ਵਿਚ ਖਿੜ ਰਹੇ ਫੁੱਲਾਂ ਦਾ ਦ੍ਰਿਸ਼, ਇਸ ਖਿਆਲ ਨਾਲ ਜੁ ਇਹ ਕੱਲ੍ਹ ਪੱਤੀ ਪੱਤੀ ਹੋਕੇ ਝੜ ਜਾਣਗੇ, ਉਦਾਸੀ ਪੈਦਾ ਕਰ ਦੇਂਦਾ ਹੈ। ਜੋਬਨ-ਮਦ-ਭਰੀ ਸੁੰਦਰੀ ਜੇ ਸ਼ੀਸ਼ੇ ਵਿਚ ਆਪਣਾਂ ਆਪ ਤੁਕਕੇ ਵਿਗਸ ਰਹੀ ਹੁੰਦੀ ਹੈ, ਤਦ ਸਾਹਮਣਿਓਂ ਕਿਸੇ ਚੁਕੀ ਜਾ ਰਹੀ ਅਰਥੀ ਦਾ ਝਾਕਾ ਉਸਦੇ ਸਾਰੇ ਹੁਲਾਸ ਨੂੰ ਗ਼ਮ ਵਿਚ ਬਦਲ ਦੇਂਦਾ ਹੈ। ਗਲ ਕੀ ਅੰਤ ਇਕ ਕੌੜੀ ਸ਼ੈ ਹੈ, ਜਿਸ ਦੇ ਪੀਣ ਦਾ ਖਿਆਲ ਵੀ ਸਮੇਂ ਤੋਂ ਪਹਿਲਾਂ ਆ ਆ ਕੇ ਦੁਖ ਦੇਂਦਾ ਰਹਿੰਦਾ ਹੈ। ਏਹੋ ਕਾਰਨ ਹੈ ਕਿ ਕਈ ਇਕ ਸੰਤਾਂ ਨੇ ਇਸ ਜਗਤ ਨੂੰ ਹੀ ਦੁਖ ਰੂਪ ਕਿਹਾ ਹੈ।

ਇਸ ਦ੍ਰਿਸ਼ਟਮਾਨ ਦੀ ਅਵਸਥਾ ਨੂੰ ਉਪਰਲੇ ਨੁਕਤਾ ਨਿਗਾਹ ਨਾਲ ਵੇਖਣ ਵਾਲੇ ਦਰਸ਼ਕਾਂ ਤੋਂ ਬਿਨਾਂ ਇਕ ਹੋਰ ਸ਼ੈਲੀ ਵੀ ਹੈ ਜੁ ਬਾਹਰ ਮੁਖ ਨਹੀ ਤਕਦੀ ਅੰਤਰ-ਮੁਖ ਵੇਖਦੀ ਹੈ; ਰੂਪ ਵਿਚ ਨਹੀ ਰਹਿੰਦੀ, ਰੂਪ-ਵਾਨ ਤੇ ਨਿਗਾਹ ਰਖਦੀ ਹੈ। ਉਹ ਉਠਾ ਚੜ੍ਹਾ ਤੇ ਸਮਾਓਣ ਦੀਆਂ ਤਿੰਨ ਅਵਸਥਾਵਾਂ ਵਿਚ ਜਗਤ ਨੂੰ ਨਹੀ ਵੰਡਦੀ। ਉਹ ਕੇਵਲ ਹੋਂਦ ਦੀ ਕਾਇਲ ਹੈ। ਉਹਨਾਂ ਦਾ ਖਿਆਲ ਹੈ ਉਠਾ ਹੋਵੇ, ਚੜ੍ਹਾ ਹੋਵੇ ਤੇ ਭਾਂਵੇ ਸਮਾਣਾ ਹੋਵੇ, ਕੁਝ ਵੀ ਕਿਉਂ ਨਾਂ ਹੋਵੇ ਹੋਂਦ ਤਾਂ ਬਣੀ ਹੀ ਰਹਿੰਦੀ ਹੈ ਨਾਂ। ਉਹਨਾਂ ਦੇ ਖਿਆਲ ਵਿਚ ਹਰ ਇਕ ਸਮਾਣਾਂ ਮੁੜਕੇ ਨਵਾਂ ਉਠਣਾਂ ਹੈ। ਅੰਤ ਹੀ ਆਦਿ ਹੈ। ਮੌਤ ਹੀ ਜੀਵਨ ਹੈ। ਪਤ ਝੜ ਹੀ ਬਹਾਰ ਦੇ ਆਉਣ ਦਾ ਮਾਨੋ ਸੰਦੇਸ ਹੈ। ਇਸ ਸ੍ਰੇਣੀ ਦੇ ਸੰਤਾਂ ਨੂੰ ਅੰਤ ਵਿਚੋਂ ਆਦਿ ਦਾ

ਮਾਨ ਯੋਗ ਵੀਰ ਸਰਦਾਰ ਗੰਗਾ ਸਿੰਘ ਜੀ ਪ੍ਰਸਿੱਧ ਸਿਖ ਵਿਦਵਾਨ ਹਨ. ਸ਼ਹੀਦ ਸਿਖ ਮਿਸ਼ਨਰੀ ਕਾਲਜ ਦੇ ਪ੍ਰਿੰਸੀਪਲ ਅਤੇ ਸਿਖ ਵਿਲਾਸਦੀ ਦੇ ਉਚ ਪਤ 'ਅੰਮ੍ਰਿਤ' ਦੇ ਚੀਫ ਐਡੀਟਰ ਹਨ। ਆਪ ਜੀ ਦੀ ਤਕਰੀਰ ਏਡੀ ਪੁਰ ਅਸਰ ਏਡੀ ਬਾ ਕਮਾਲ ਹੁੰਦੀ ਏ ਕਿ ਸ੍ਰੋਤੇ ਦੇ ਦਿਲ ਤੇ ਵਕਤੇ ਤਕੀ ਅਸਰ ਕਰਦੀ ਜਾਂਦੀ ਏ। ਜਿਥੇ ਸਤਿਗੁਰੂ ਨੇ ਸ੍ਰੀ ਜੀ ਨੂੰ 'ਵਿਖਯਾਨ ਵਾਚਸ ਪਤੀ' ਦੀ ਯੋਗਤਾ ਬਖਸ਼ੀ ਏ, ਓਥੇ ਤਹਿ-ਗੀਰ ਦੀ ਦਾਤ ਵੀ ਰਜਕੇ ਪ੍ਰਦਾਨ ਕੀਤੀਏ। ਇਸ ਲੇਖ ਵਿਚ ਸਯੋਗ ਲੇਖਕ ਨੇ "ਅੰਤ ਵਿਚ ਫਿਰ ਬਸੰਤ" ਖਿਡਾ ਤੋਂ ਮਗਰੋਂ ਬਹਾਰ ਦੀ ਝਾਕੀ ਡਾਢੀ ਸੁੰਦ੍ਰਤਾ ਨਾਲ ਅੰਕਿਤ ਕੀਤੀ ਏ। ਸਿਖੀ ਧਰਮ ਰੂਪ ਨੰਦਨ ਕਾਨਨ, ਜਦ ਮਨ ਮਤ ਅਤੇ ਫੂਟ ਰੂਪ ਸਿਸਰ ਨੇ ਸੁਕਾ ਦਿਤਾ ਸਾੜ ਦਿਤਾ. ਉਸ ਸਮੇ 'ਚੀਨੀ ਵਾਲੇ' ਮਾਲੀ ਨੇ ਇਸ ਦੀਆਂ ਜੜ੍ਹਾਂ ਵਿਚ ਮੁਫ਼ ਗੁਰਮਤ, ਅਤੇ ਸਿਖੀ ਪ੍ਰਚਾਰ, ਸਾਹਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਮਰਯਾਦਾ ਦਾ ਸੰਚਾਰ ਕਰ ਪੁਰਲਭ ਕਰਕੇ ਇਸ ਨੂੰ 'ਬਸੰਤ' ਦੀ ਬਹਾਰ ਵਿਚ ਪਲਟਾ ਦਿਤਾ। ਏਹੀ ਇਸ ਲੇਖ ਦਾ ਸਾਰ ਹੈ। 'ਚੀਫ ਐਡੀਟਰ'

Sri Satguru Jagjit Singh Ji Elibrary NamdhariElibrary@gmail.com

ਸੁਆਦ ਆਇਆ ਹੈ; ਮਰਨ ਵਿਚੋਂ ਜੀਵਨ ਦੀ ਝਲਕ ਪਈ ਹੈ। ਏਹੋ ਕਾਰਨ ਹੈ ਜੁ ਉਹ ਨਰਾਸ ਨਹੀ ਹੁੰਦੇ ਤੇ ਮੌਤ ਦੀਆਂ ਡੂੰਘੀਆਂ ਰਾਤਾਂ ਦੀ ਤਹਿ ਵਿਚੋਂ ਜੀਵਨ-ਕਣੀਆਂ ਕਢ ਲਿਆਉਂਦੇ ਹਨ। ਉਚ ਕਾਲ ਦੇ ਘੁਪ ਅੰਧੇਰੇ ਵਿਚ ਅਕਾਲ ਦੀ ਜੋਤ ਜਗਾ ਦੇਂਦੇ ਹਨ। ਅਜੇਹੀਆਂ ਉਹ ਵਜਕਤੀਆਂ ਵਿਚੋਂ ਹੀ ਇਕ ਦਾ ਚੇਤਾ ਅਸੀਂ ਅਜ ਕਰ ਰਹੇ ਹਾਂ।

ਕੌਣ ਨਹੀ ਜਾਣਦਾ ਜੁ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਦੀ ਅਰਸ਼ਾਂ ਤੋਂ ਲਿਆਕੇ ਦਿੱਤੀ ਹੋਈ ਬਰਕਤ ਦਾ ਬੂਟਾ ਜੁ ਸ਼ਹੀਦਾਂ ਨੇ ਆਪਨੇ ਪਾਵਨ ਖੂਨ ਨਾਲ ਸਿੰਚਿਆ ਸੀ, ਰਾਜ-ਮਦ ਮਸਤ ਹੋਏ ਕੰਠਿਆਂ ਤੇ ਕੜਿਆਂ ਵਾਲੇਸਿਖ ਸਵਾਰਾਂ ਨੇ ਪਾਣੀ ਦੀ ਥਾਂ ਸ਼ਰਾਬ ਪਾ ਪਾ ਮੁਰਝਾ ਦਿਤਾ ਸੀ। ਸਤਿਲੁਜ ਦਾ ਪੁਲ ਨਹੀ ਸੀ ਟੁੱਟਿਆ, ਸਿਖ-ਸਤਾ ਦਾ ਸ਼ਤੀਰ ਟੁਟ ਪਿਆ ਸੀ। ਬਿਜਲੀ ਦੀ ਚਮਕ ਵਾਂਗ ਅਸੀਂ ਜਗਤ ਦੀਆਂ ਅੱਖਾਂ ਚੁੰਧਿਆ ਕੇ ਛੁਪ ਚਲੇ ਸਾਂ। ਆਪੇ ਵਿਚ ਫਟੇ ਹੋਏ ਬਗਾਨਿਆਂ ਦੇ ਹਥ ਆਏ ਸਾਂ, ਜਿਨ੍ਹਾਂ ਹੋਰ ਵੀ ਤਾਰ ਤਾਰ ਕਰ ਸੁੱਟਿਆ। ਅਧ ਮੋਇਆਂ ਵਾਂਗ ਪਏ ਹੋਏ ਸਾਂ, ਬਲ, ਪ੍ਰਾਕ੍ਰਮ ਵਿਦਿਆ ਹੋ ਚੁਕਾ ਸੀ, ਆਪੇ ਦੀ ਸੋਝੀ ਕੋਈ ਨਹੀ ਸੀ ਰਹੀ। ਤਲਵਾਰ ਖੁਸ ਗਈ ਸੀ, ਹਾਂ ਚਲਾਣਾਂ ਆਉਂਦਾ ਸੀ ਸੋ ਟਕੇ ਟਕੇ ਤੇ ਬਗਾਨਿਆਂ ਵਾਸਤੇ ਚਲਾਉਂਦੇ ਰਹੇ। ਸੋਝੀ ਕੁਝ ਆਉਂਦੀ ਨਹੀ ਸੀ; ਤੇ ਆਉਂਦੀ ਵੀ ਕਿਸ ਤਰ੍ਹਾਂ ਅੰਦਰੋਂ ਆਤਮ-ਬਲ ਕਮਜ਼ੋਰ ਹੋ ਗਿਆ ਸੀ। ਸਾਡਾ ਤੇਜ਼ ਰੂਹਾਨੀ ਤੇਜ਼ ਦੇ ਆਸਰੇ ਸੀ; ਸਾਡਾ ਏਲ ਆਤਮ-ਬਲ ਕਰਕੇ ਸੀ ਤੇ ਆਤਮ ਬਲ ਆਤਮਕ-ਗਿਜ਼ਾ ਕਰਕੇ। ਜਦ ਕੀਰਤਨ-ਭੋਜਨ ਕਰਦੇ ਸਾਂ, ਮਹਾਂ ਰਸ ਪੀਂਦੇ ਸਾਂ, ਤਾਂ ਆਤਮ-ਬਲ ਪ੍ਰਾਪਤ ਹੁੰਦਾ ਸੀ। ਅੰਦਰੋਂ ਜ਼ਿੰਦਾ ਹੋਏ ਬੀਰ ਕਿਸੇ ਸ਼ਸਤ੍ਰ-ਏਲ ਕਰਕੇ ਮਾਰੇ ਨਹੀ ਸਨ ਜਾ ਸਕਦੇ, ਪਰ ਜਿਵੇਂ ਹੀ ਅੰਦਰੋਂ ਥੋਥੇ ਹੋਏ, ਬਾਹਰੋਂ ਮਾਰੇ ਗਏ।

ਉਚੀਆਂ ਘਾਟੀਆਂ ਤੇ ਚੜ੍ਹਿਆਂ ਸੁਆਦ ਤੇ ਬੜਾ ਆਉਂਦਾ ਹੈ; ਸਿਖਾਂ ਦੀਆਂ ਸੈਰਾਂ ਉਤਸ਼ਾਹ ਜਨਕ ਹੁੰਦੀਆਂ ਹਨ; ਪਰ ਉਹਨਾਂ ਤੇ ਚੜ੍ਹਨਾ ਹੁੰਦਾ ਵੀ ਡਾਢਾ ਕਠਿਨ ਹੈ। ਕਦਮ ਕਦਮ ਤੇ ਤਿਲਕਣ ਤੇ ਢਲਵਾਨ ਹੋਣ ਕਰਕੇ ਡਿਗਣ ਦਾ ਭੈ ਵਾਪਰਦਾ ਹੈ। ਪਾਂਧੀ ਡਾਢਾ ਹੀ ਸੁਚੇਤ ਹੋਵੇ, ਤਾਂ ਸਿਰੇ ਚੜ੍ਹੇ। ਵੱਡੇ ਡਾਢੇ ਹੀ ਸੁਚੇਤ ਸਨ, ਕਦਮ ਕਦਮ ਤੇ ਪੈਰ ਜਮਾ, ਚੜ੍ਹਦੇ ਗਏ, ਉਹਨਾਂ ਦੀਆਂ ਨਿਗਾਹਾਂ ਕਲ-ਗੀਆਂ ਵਾਲੇ ਤੇ ਸਨ; ਜੋ ਸਿਖਰ ਤੇ ਟਿਕੇ ਦਿਸ ਆਉਂਦੇ ਸਨ, ਪਰ ਜਦੋਂ ਪਿਛਲਿਆਂ ਦਾ ਨਸ਼ਾਨਾ ਗੁਰੂ ਚਰਨਾਂ ਤੋਂ ਉਖੜ, ਰਾਜਸੀ ਜਹੋ ਜਲਾਲ ਤੇ ਆ ਪਿਆ, ਤਾਂ ਕਦਮਾਂ ਵਿਚ ਉਹ ਪਹਿਲਾ ਬਲ ਨਾ ਰਿਹਾ। ਰਹਿੰਦਾ ਵੀ ਕਿਸਤਰਾਂ, ਸੁਰਤ ਨੂੰ ਛਡ ਪਰਛਾਵੇਂ ਪਿਛੇ ਉਠ ਪਏ। ਉਖੜੇ, ਢਠੇ, ਅਗੇ ਨਸ਼ੇਬ ਸੀ, ਢਹਿੰਦੇ ਹੀ ਚਲੇ ਗਏ। ਹਥ ਕਿਤੇ ਅੜਿਆ ਨਾ, ਬਸ ਅੰਤ ਹੀ ਆ ਗਿਆ, ਪਰ ਪਿਤਾ ਕ੍ਰਿਪਾਲ ਨੇ ਅੰਤ ਵਿਚੋਂ ਇਕ ਹੋਰ ਆਦਿ ਸ਼ੁਰੂ ਕੀਤਾ। ਨਰਾਸਾ ਦੇ ਅੰਧੇਰ-ਘੁਪ ਵਿਚ ਆਸ਼ਾਂ ਦੀ ਕਿਰਨ ਦਿਸ ਆਈ ਤੇ ਡਿਗਿਆਂ ਨੂੰ ਥਮ੍ਹਣ ਦਾ ਇਕ ਆਸਰਾ ਬਣ ਗਿਆ।

ਪੰਜਾਬ ਵਿਚੋਂ ਸਿਖ ਰਾਜ ਦੇ ਉਠਣ ਦੀ ਦੇਰ ਸੀ ਜੁ ਸਿਖੀ ਹਰ ਬੰਨਿਓਂ ਚੜ੍ਹਿੰਦੀਆਂ ਕਲਾ ਵਿਚ ਦਿਸ ਆਈ। ਤਖਤ ਤੇ ਅੰਗ੍ਰੇਜ਼ ਨੇ ਤੇ ਈਮਾਨ ਤੇ ਬ੍ਰਹਿਮਣ ਨੇਛਾਪਾ ਮਾਰਿਆ।

Sri Satguru Jagjit Singh Ji Elibrary NamdhariElibrary@gmail.com

ਟੱਟਾ ਹੋਇਆ ਸਿਖ ਨਿਰਬਲ ਹੋ ਰਿਹਾ ਸੀ, ਉਸ ਨੇ ਧੌਣ ਝੁਕਾਈ ਹੋਈ ਸੀ। ਨਰਾਸਤਾ ਵਿਚ ਬੇਸੁਧ ਹੋਏ ਦੇ ਗਲੇ ਵਿਚ ਫ੍ਰੰਗੀ ਨੇ ਰਾਜਸੀ-ਗੁਲਾਮੀ ਦਾ ਤੇ ਬ੍ਰਹਿਮਣ ਨੇ ਮਾਨਸਕ ਗੁਲਾਮੀ ਦਾ ਭੌਕ ਪਾ ਲਿਆ। ਹੁਣ ਸਿਖ ਰਾਜ ਨੀਤਕ-ਛੇਤ੍ਰ ਵਿਚ ਫ੍ਰੰਗੀ ਦੇ ਅਖ਼ਾਰੇ ਤੇ ਅਤੇ ਮਾਨਸਕ ਜਗਤ ਵਿਚ ਬ੍ਰਹਿਮਣ ਦੇ ਹੁਕਮ ਤੇ ਚਲ ਰਹਾ ਸੀ। ਚੌਹਾਂ ਤਰ੍ਹਾਂ ਦੀ ਗੁਲਾਮੀ ਦੀ ਇਹ ਦੀਨ ਦਸ਼ਾ ਤਕ ਕੇ ਅਕਾਲ ਪੁਰਖ ਨੇ ਫਿਰ ਕਿਰਪਾ ਕੀਤੀ ਤੇ ਇਹਨਾਂ ਗੁਲਾਮੀਆਂ ਦੇ ਸੰਗਲ਼ਾਂ ਨੂੰ ਕੱਟਣ ਲਈ ਇਕ ਹੋਰ ਮਹਾਂ-ਪੁਰਖ ਘਲਿਆ। ਜਿਸ ਨੇ ਵਿਗੜੀ ਹੋਈ ਤਕਦੀਰ ਨੂੰ ਸਿੱਧਿਆਂ ਕੀਤਾ। ਅੰਤ ਵਿਚ ਇਕ ਨਵੀਂ ਬਸੰਤ ਖਿੜਾਈ।

ਲਾਹੌਰ ਤੇ ਕਲਕਤੇ ਦੇ ਦਰ ਮਿਆਨ ਜੋ ਗਲ ਬਾਤ ਰਹਿੰਦੀ ਸੀ, ਉਸ ਦੀਆਂ ਛਿਕ-ਤਲੇ ਗੱਲਾਂ ਬੜੀਆਂ ਰਸ ਵਿਚ ਝੂਮ ਝੂਮ ਕੇ ਕੀਤੀਆਂ ਜਾ ਰਹੀਆਂ ਸਨ। ਲਾਹੌਰ ਨੇ ਕਲਕਤੇ ਨੂੰ ਕਹਿ ਦਿਤਾ ਸੀ ਬੇ ਫਿਕਰ ਹੋਕੇ ਸਉਂ ਜਾ, ਕਦੇ ਦੇ ਉਨੀਂਦਰੇ ਹੋ, ਕੋਈ ਚਿੰਤਾ ਨਾ ਕਰੋ, ਸਿਖ ਨੂੰ ਸੁਲ਼ਾ ਦਿਤਾ ਗਿਆ ਹੈ ਤੇ ਹੁਣ ਇਹ ਔਖਾ ਹੀ ਉਠੇਗਾ। ਏਸ ਗਲ਼ ਬਾਤ ਵਿਚ ਮਸਤ ਹੋਏ ਗਾਲੜ੍ਹੀ, ਉਸ ਬਾਰੀਕ ਜਹੀ ਆਵਾਜ਼ ਵਲ਼ ਗਹੁ ਨਹੀਂ ਸਨ ਕਰ ਰਹੇ ਜੋ ਲੁਧਿਆਣੇ ਜ਼ਿਲ਼ੇ ਦੇ ਇਕ ਨਾ ਮਾਲੂਮ ਜਹੇ ਪਿੰਡ ਭੈਣੀ ਵਿਚੋਂ ਉਠ ਰਹੀ ਸੀ। ਰਾਜ ਨੀਤ ਦੇ ਬੜੇ ਸ਼ੋਰ ਸ਼ਰਾਬੇ ਵਿਚ ਉਹ ਕਮਜ਼ੋਰ ਜਹੀ ਆਵਾਜ਼ ਕੁਝ ਅਸਰ ਨਹੀਂ ਸੀ ਕਰ ਰਹੀ, ਪਰ ਕੀ ਪਤਾ ਸੀ ਕਿ ਇਹ ਆਵਾਜ਼ ਕਿਸ ਦਿਨ ਨੂੰ ਇਕ ਦਮਾਮੇ ਦੀ ਗੂੰਜ ਹੋ ਜਾਵੇਗੀ। ਸਮਾਂ ਆਇਆ ਕਿ ਸਚ ਮੁਚ ਸ੍ਰੀ ਭੈਣੀ ਦੀ ਸ਼ੱਦਾ ਵਾਯੂਮੰਡਲ ਵਿਚ ਗੂੰਜ ਉਠੀ। ਉਹ ਆਵਾਜ਼ ਗੁਰਮਤ ਦੀ ਆਵਾਜ਼ ਸੀ। ਅਸਲ਼ ਵਿਚ ਓਥੇ ਇਕ ਰੀਂਕਾਰਡ ਵਜ ਰਿਹਾ ਸੀ। ਜਿਸ ਵਿਚੋਂ ਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ-ਦਾਤਾ ਤ੍ਰਾਨਾ ਗਾਇਆ ਜਾ ਰਿਹਾ ਸੀ। ਬੇਹੋਸ਼ ਹੋਏ ਸਿਖ ਦੇ ਕੰਨਾਂ ਵਿਚ ਜਦੋਂ ਇਹ ਅਵਾਜ਼ ਪਈ ਤਾਂ ਉਸ ਦੀ ਜਾਗ ਖੁਲ਼ ਗਈ। ਇਕ ਨਵਾਂ ਮੋਅਜਜ਼ਾ ਹੋਇਆ; ਭਾਰੀ ਮਸੀਹਾਈ ਹੋਈ ਕੂਮ ਦੀ ਅਵਾਜ਼ ਸੁਣਦਿਆਂ ਹੀ ਮੁਰਦੇ ਜੀ ਉਠੇ ਮਰਯਾਦਾ ਬਾਬੇ ਨਾਨਕ ਦੀ ਸੀ, ਜੋ ਪਹਿਲ਼ਾਂ ਮਰਤ ਜੀਵਨ ਪੈਦਾ ਕਰਨਾ, ਆਤਮ ਬਲ਼ ਸਿੰਚਾਰਨਾ ਤੇ ਫਿਰ ਉਸ ਬਲ਼ ਦੇ ਆਸ਼ੇ ਨਾਲ ਬਗਾਨੀ ਗੁਲਾਮੀ ਤੋਂ ਰਿਹਾ ਹੋਣਾ। ਏਦਾਂ ਹੀ ਕੰਮ ਸ਼ੁਰੂ ਕੀਤਾ ਗਿਆ। ਸਿਖ ਦੇ ਗਲ਼ੇ ਵਿਚ ਕੰਠਿਆਂ ਦੀ ਥਾਂ ਢੋਲ਼ਕੀ ਦੀਆਂ ਰਸੀਆਂ ਪਾਈਆਂ ਗਈਆਂ, ਉਸ ਦੇ ਹਥਾਂ ਵਿਚ ਕੜਿਆਂ ਦੀ ਥਾਂ ਕੈਂਸੀਆਂ ਦਿਤੀਆਂ ਗਈਆਂ ਤੇ ਕਿਹਾ ਗਿਆ ਬਦ ਕਿਸਮਤਾ ਤੂੰ ਪਿਤਾ ਤੋਂ ਮੂੰਹ ਮੋੜਿਆ ਸੀ, ਪਿਤਾ ਦੀਆਂ ਬਰਕਤਾਂ ਤੋਂ ਮਹਿਰੂਮ ਹੋਗਿਓਂ। ਹੁਣ ਸੁਰਤ ਸੰਭਾਲ਼ ਤੇ ਬੁਲਾ ਆਪਣੇ ਪਿਤਾ ਨੂੰ। ਜੁਦਾਈ ਦੀ ਤੋਟ ਨੂੰ ਮਹਿਸੂਸ ਕਰ ਰਹੇ ਸਿੱਖ ਨੇ ਪਿਤਾ ਨੂੰ ਕੂਕਾਂ ਮਾਰ ਮਾਰ ਸੱਦਣਾ ਸ਼ੁਰੂ ਕੀਤਾ। ਲੋਕ ਉਸਨੂੰ ਕੂਕਾ ਕਹਿੰਦੇ ਸਨ, ਪਰ ਨਹੀ ਸਨ ਜਾਣਦੇ ਕਿ ਉਸਦੀਆਂ ਕੂਕਾਂ ਵਿਚ ਕੋਈ ਰਾਜ਼ ਹੈ, ਓੜਕ ਬਲ ਆਇਆ ਤੇ ਬ੍ਰਹਿਮਣ ਤੇ ਫ੍ਰੰਗੀ ਦੀਆਂ ਜੰਜੀਰਾਂ ਤੋਂ ਆਜ਼ਾਦ ਹੋ ਬੈਠਾ। ਧਾਰਨਾ ਧਾਰ ਲਈ ਜੁ ਮਨ ਵਿਚ ਇਕ ਸ੍ਰੀ ਅਕਾਲ ਦੀ ਪੂਜਾ ਤੋਂ ਬਿਨਾ ਹੋਰ ਕਿਸੇ ਨੂੰ ਜਗ੍ਹਾ ਨਹੀਂ ਦੇਣੀ। ਮੜ੍ਹੀ, ਮਸਾਣ, ਦੇਵੀ, ਦੇਵ, ਗੰਡਾ, ਤਾਅਵੀਤ, ਭੂਤ ਪ੍ਰੇਤ, ਟੂਣੇ, ਸ਼ਗਨ ਜ਼ਾਤ ਪਾਤ ਤੇ ਵਰਣ ਵੰਡ ਕੇ ਝਮੇਲਿਆਂ ਨੂੰ ਪਰੇ ਸੁੱਟ ਪਾਣਾ ਹੈ

Sri Satguru Jagjit Singh Ji Elibrary NamdhariElibrary@gmail.com

ਅਤੇ ਦੁਨਿਆਵੀ ਕਾਰ ਵਿਹਾਰ ਵਿਚ ਸੰਤੋਖ ਧਾਰਨਾ, ਸਾਦਾ ਪਹਿਨਣਾ ਤੇ ਸਾਦਾ ਖਾਣਾ ਹੈ। ਨੌਕਰੀ ਨਹੀਂ ਕਰਨੀ, ਦਾਸ ਨਹੀਂ ਅਖਵੌਣਾ। ਬਸ ਇਹ ਵਰਤੋਂ ਹੋਣ ਦੀ ਦੇਰ ਸੀ ਜੁ ਪੰਥ ਵਿਚ ਇਕ ਨਵੀਂ ਬਹਾਰ ਆਗਈ, ਨਵੇਂ ਖੇੜੇ ਖਿੜ ਪਏ, ਪੰਥਕ ਸ਼ਾਨ ਨੂੰ ਚਾਰ ਚੰਨ ਲਗ ਗਏ ਤੇ ਜਿਥੇ ਸਾਡਾ ਅੰਤ ਦਿਸ ਰਿਹਾ ਸੀ, ਓਥੇ ਸਾਡੀ ਬਸੰਤ ਖਿੜ ਪਈ। ਇਹ ਸਭ ਕੁਝ ਕਿਸ ਦੀ ਮਿਹਰ ਨਾਲ ਹੋਇਆ ? ਕਿਸ ਨੇ ਇਸ ਮੋਰੀ ਵਾਲੇ ਘਰ ਵਿਚ ਖੁਸ਼ੀ ਦੇ ਗੀਤਾਂ ਦੀ ਗੁੰਜਾਰ ਪਾ ਦਿਤੀ ? ਇਕੋ ਨੇ ਜੋ ਭੈਣੀ ਵਿਚੋਂ ਉਠਿਆ ਸੀ। ਅਜ ਅਸੀਂ ਉਸ ਦੀ ਹੀ ਘਾਲ ਦਾ ਸਦਕਾ ਬਸੰਤ ਮਾਣ ਰਹੇ ਹਾਂ ਤੇ ਜਦ ਤਕ ਉਸਦੇ ਨਾਲ ਜੁੜੇ ਰਹਾਂ ਗੇ, ਇਹ ਬਸੰਤ ਖਿੜੀ ਰਹੇ ਗੀ। ਸਾਨੂੰ ਸਦਾ ਹੀ ਅਜੇਹੇ ਮਹਾਂ ਪੁਰਖਾਂ ਦੀ ਯਾਦ ਆਪਣੇ ਦਿਲਾਂ ਵਿਚ ਤਾਜ਼ਾ ਰਖਣੀ ਚਾਹੀਦੀ ਹੈ। ਜੇ ਸ੍ਰੀ ਬਾਬਾ ਰਾਮ ਸਿੰਘ ਜੀ ਦੀ ਯਾਦ ਤੋਂ ਅਸੀਂ ਰਮੰਤੀ ਰਾਮ ਦੀ ਯਾਦ ਵਿਚ ਟਿਕੀਏ ਤੇ ਸਚੇ ਸਿੰਘ ਬਣਨ ਦਾ ਉਤਸ਼ਾਹ ਸਾਡੇ ਹਿਰਦਿਆਂ ਵਿਚ ਆਵੇ ਤਾਂ ਹੀ ਇਹ ਬਸੰਤ ਸਹਈ ਅਰਥਾਂ ਵਿਚ ਬਸੰਤ ਹੋ ਸਕਦੀ ਹੈ।

—ः—o—ः—

ਨਾਮਧਾਰੀ ਸਿੱਖ

(ਵਲੋਂ ਸ੍ਰ: ਭਗਤ ਸਿੰਘ ਜੀ 'ਪ੍ਰੇਮੀ' ਸੇਖਵਾਂ ਹਾਲ ਬੰਕੋਕ (ਸਿਆਮ)

ਸ੍ਰਬ ਗੁਨ ਸਪੰਨ ਉਪਸਥਿਤ ਊਚੀ ਪਦਵੀ ਪੈ। ਵਿਦਿਆ ਭੰਡਾਰ ਮੁਕਟ ਮਨੀ ਕਨੀ ਏਕ ਕੇ।
ਗੁਰਮੁਖ ਗੁਰਸਿਖ ਗੁਰ ਗਿਆਨ ਰਿਧੇ ਧਿਆਨ ਜਗਤ ਪ੍ਰਸਿਧ ਸੱਤ ਧਾਰਨੀ ਵਵੇਕ ਕੇ।
ਸੀਲ ਸੰਤੋਖੀ ਚੋਖੀ ਅਰਸ਼ਾਂ ਤੋਂ ਦਾਤ ਮਿਲੀ ਆਤਮ ਪ੍ਰਬੋਧੀ ਹੈਂ ਬਿਰੋਧੀ ਅਬਬੇਕ ਕੇ।
ਏਕਤਾ ਖੁਮਾਰੀ ਸਦ ਬ੍ਰਤਧਾਰੀ ਭਾਰੀ ਸਿਖ ਸਾਚੇ ਵਿਗਿਆਨਕ ਹੈਂ ਸ੍ਰੀਜ਼ੂਨੀ ਟੇਕ ਕੇ।

ਜਤੀ ਸਤੀ ਤਪੀ ਹਠੀ ਤੱਤ ਵੇਤਾ ਬ੍ਰਹਮ ਗਿਆਨੀ ਧ੍ਰਮ ਧਿਆਨੀ ਧੀਰਜੀ ਜੋ ਸ੍ਰਬ ਬਿਆਪ ਕੀ।
ਸੋਹਬਤ ਸੁਹਿਰਦ ਤਾਈ ਘੋਰ ਕਲ੍ਹੂਕਾਲ ਵਿਖੇ ਹਰਤ ਕਬਾਧੀ ਆਂਧੀ ਦਵੈਖਤਾ ਕੇ ਤਾਪ ਕੀ।
ਪੰਥ ਪਰਚਾਰਕ ਸੰਚਾਰਕ ਹੈ ਦੈਵੀ ਗੁਨ ਗਵਨ ਨਹੀਂ ਚਮਨ ਮਾਹਿ ਕਨੀ ਆਪੋ ਧਾਪ ਕੀ।
ਕ੍ਰਾਂਤੀ ਸੰਤਾਪ ਕੀ ਸੰਥਾਪਕਾ ਪ੍ਰਤਾਪ ਕੀ ਅਕਾਲੀ ਜਸ ਜਾਪ ਕੀ ਜੋ ਸਾਖੀ ਬਾਨੀ ਆਪ ਕੀ।

ਬਿਰਦ ਪਾਲ ਦੀਨ ਦਿਆਲ ਪ੍ਰਗਟ ਜਮਾਲ ਭਾਲ ਮਸਤ ਹਰ ਹਾਲ ਹੈ ਸੰਭਾਲ ਛਬ ਤਾਲ ਕੀ।
ਗੁਰਮਤ ਗੁਰ ਸਤ ਪਤਤ ਪਾਵਨ ਪੱਤ ਸੱਚੀ ਸਮ੍ਰੰਗਨ ਠਟੀ ਜੁਧ ਬੇ ਮਸਾਲ ਕੀ।
ਬਾਜੀ ਡੰਕ ਹੋ ਨਿਸ਼ੰਕ ਕੰਕ ਬੰਕ ਰੰਕ ਹੋਏ ਲੰਕਾ ਪਤਿ ਜੋਤਿਓ ਸਹੈਤਾ ਲੈ ਅਕਾਲ ਕੀ।
ਫਤੇ ਹੋਇ ਆਈ ਫਹਿਰਾਈ ਧਰਮ ਧ੍ਵਜਾ 'ਪ੍ਰੇਮੀ' ਕਲ੍ਹੂ ਕਾਲ ਵਿਚੇ ਆਛੀ ਕੀਰਤੀ ਬਹਾਲ ਕੀ।

Sri Satguru Jagjit Singh Ji Elibrary NamdhariElibrary@gmail.com

ਸਿੱਖ ਸੰਪਰਦਾ ਕਾਨਫਰੰਸ ਦਾ ਮਨੋਰਥ

(ਵਲੋਂ ਸ੍ਰੀ ਮਾਨ ਸ੍ਰਦਾਰ ਲਾਲ ਸਿੰਘ ਜੀ "ਕੰਵਰ")

ਓਹਦਾ ਪੱਥਰ ਨਾ ਏਸਦੀ ਇੱਟ ਹੋਵੇ

ਰੱਬੀ ਪੰਥ ਦੀ ਸ਼ਾਨ ਦੇ ਕੱਪੜੇ ਤੋਂ, ਦੂਰ ਫੁੱਟ ਤੇਜ਼ਾਬ ਦੀ ਛਿੱਟ ਹੋਵੇ।
ਹੋਵਨ ਉੱਜਲੇ ਸਭ ਦੇ ਦਿਲ ਐਸੇ, ਰੱਤੀ ਜਿੰਨੀ ਨ ਹਸਦ ਦੀ ਭਿੱਟ ਹੋਵੇ।
ਕਿਸੇ ਰੰਗ ਦਾ ਹੋਵੇ ਕੋਈ ਮਨ ਖਿੱਦੋ, ਨੁਕਤਾ ਚੀਨੀ ਦੀ ਮੂਲ ਨ ਹਿੱਟ ਹੋਵੇ।
ਚਾਲੀ ਲੱਖ ਸਿਰ ਲੱਥਿਆਂ ਆਸ਼ਕਾਂ ਲਈ, ਸਾਂਝੀ ਨਾਨਕ ਪਿਆਰੇ ਦੀ ਲਿੱਟ ਹੋਵੇ।
ਸਿੱਖੀ ਵਿੱਚ ਰਹਿ ਕਰੇ ਅਖਤਿਆਰ ਓਹੋ, ਜਿਹੜਾ ਵੇਸ ਕੋਈ ਕਿਸੇ ਨੂੰ ਫਿੱਟ ਹੋਵੇ।
ਹੋਵ ਮਹਿਲ ਮਿਲਾਪ ਦਾ ਜਿਹਾ ਬਣਿਆਂ, ਇਹਦਾ ਪੱਥਰ ਨ ਓਸਦੀ ਇੱਟ ਹੋਵੇ।
ਚਾਲੀ ਲਖ ਭਰਾਵਾਂ ਨੇ ਖਾਲਸਾ ਜੀ, ਅੱਸੀ ਸਾਲ ਤੱਕ ਰੱਜਕੇ ਲੜ ਲਿਆ ਏ।
ਕਿਸੇ ਧਿਰ ਦਾ ਸੋਰਿਆ ਕੁਝ ਵੀ ਨਹੀਂ, ਐਵੇਂ ਪੰਥ ਨੂੰ ਦੁਖ ਵਿਚ ਕੜ ਲਿਆ ਏ।
ਪਾਣੀ ਪੀ ਪੀ ਬਹਿਸ ਵਿੱਚ ਸੜ ਲਿਆ ਏ, ਇਕ ਦੂਜੇ ਦੇ ਰਾਹ ਵਿਚ ਅੜ ਲਿਆ ਏ।
ਸਾਨੂੰ ਡੁਬਣਾ ਸ਼ਰਮ ਹੈ ਜਦੋਂ ਅਸਾਂ, ਪੱਲਾ, ਨਾਨਕ ਮਲਾਹ ਦਾ ਫੜ ਲਿਆ ਏ।
ਸਿਖ ਸਿੱਖ ਨੂੰ ਗੁਰੂ ਦਾ ਰੂਪ ਸਮਝੇ, ਕੋਈ * ਵਲੰਗਟਨ ਭਾਵੇਂ ਕੋਈ †ਪਿੱਟ ਹੋਵੇ।
ਸੀਨੇ ਐਸੇ ਭਰਾਵਾਂ ਦੇ ਮਿਲੇ ਹੋਵਨ, ਇਹਦਾ ਪੱਥਰ ਨ ਓਸਦੀ ਇੱਟ ਹੋਵੇ।
ਮੁੱਢ ਇਕ ਨਸ਼ਾਨਾ ਹੈ ਇੱਕ ਸਾਡਾ, ਨਾਤਾ ਪਿਆਰ ਦਾ ਦਿਲੀਂ ਵਧਾਈ ਜਾਵੇ।
ਇੱਕ ਦੁਏ ਨੂੰ ਟੋਕਣਾ ਛੱਡ ਦੇਵੇ, ਆਪੋ ਆਪਣੇ ਰਾਹ ਤੇ ਧਾਈ ਜਾਵੇ।
ਆਪੋ ਆਪਣੇ ਭਾਂਡੇ 'ਚ' ਦੁਧ ਪਾ ੨, ਜਾਗ ਨਾਨਕੀ ਮੱਤ ਦੀ ਲਾਈ ਜਾਵੇ।
ਸ਼ਾਖਾਂ ਬਣਕੇ ਪੰਥ ਦੇ ਬਿਰਛ ਦੀਆਂ, ਉੱਲਰ ੨ ਕੇ ਜੱਗ ਤੇ ਛਾਈ ਜਾਵੇ।
ਜਾਵੇ ਪੰਥ ਦੇ ਦਫਤਰੋਂ ਰੋਕਿਆ ਨ, ਜਿਦ੍ਹੇ ਕੋਲ ਕੋਈ ਸਿੱਖੀ ਦੀ ਚਿੱਟ ਹੋਵੇ।
'ਕੰਵਰ' ਇਕ ਫੁਲਵਾੜੀ ਦੇ ਫੁੱਲ ਬਣੀਏ, ਇਹਦਾ ਪੱਥਰ ਨ ਓਸਦੀ ਇੱਟ ਹੋਵੇ।

ਗੋਵਰਧਨ ਧਾਰੀ

(ਵਲੋਂ ਸੀ ਮਾਨ ਸ੍ਰ: ਗੁਰਦਿਤ ਸਿੰਘ ਜੀ ਕਮਲ)

ਗਊਆਂ ਦੀ ਚੀਖ ਪੁਕਾਰ ਨਾਲ, ਜਦ ਭਾਰਤ ਬਹੁਤ ਬੇਜ਼ਾਰ ਹੋਈ!
ਕੋਈ ਸੁਣਦਾ ਨ ਫਰਿਆਦਿ ਸੀਗਾ, ਬੇ-ਬਸ ਹੋਈ ਲਾਚਾਰ ਹੋਈ!
ਤਦ ਗਊਆਂ ਦਾ ਰਖਵਾਲਾ ਹੋ, ਤੂੰ ਜਗ ਤੇ ਪ੍ਰੀਤਮ ਆਇਆ ਸੈਂ!
ਲਖ ਮਿਲਨ ਵਧਾਈਆਂ ਭਾਰਤ ਨੂੰ, ਸੰਸਾਰ ਤੇ ਜੈ ਜੈ ਕਾਰ ਹੋਈ!

* ਡਿਊਕ ਆਫ ਵਲੰਗਟਨ ਪ੍ਰਸਿਧ ਅੰਗਰੇਜ਼ ਜਰਨੈਲ। † ਇਕ ਚੋਟੀ ਦਾ ਇੰਗਲਿਸ਼ ਵਜ਼ੀਰ।

Sri Satguru Jagjit Singh Ji Elibrary NamdhariElibrary@gmail.com

ਨਾਮਧਾਰੀ ਲਹਿਰ

(ਵਲੋਂ ਪ੍ਰੋਫੈਸਰ ਸੁਦਾਰ ਗੁਰਮੁਖ ਨਿਹਾਲ ਸਿੰਘ ਜੀ ਹਿੰਦੂ ਯੂਨੀਵਰਸਟੀ ਬਨਾਰਸ)

ਸੰਸਾਰ ਵਿੱਚ ਵਾਧਾ (ਤ੍ਰੱਕੀ) ਸਿਧੇ ਲੰਮੀ ਲਕੀਰ ਵਾਂਗ ਨਹੀਂ ਹੁੰਦਾ, ਪੰਤੂ ਉਸ ਵਿਚ ਉਤਾਰ ਚੜ੍ਹਾ ਹੁੰਦੇ ਹਨ, ਕਦੀ ਵੇਰ ਤਾਂ ਇੰਞ ਜਾਪਦਾ ਏ ਕਿ ਅਸੀਂ ਇਕ ਡੂੰਘੀ ਖਾਈ ਵਿਚ ਜਾ ਪਏ ਹਾਂ ਜਿਤੋਂ ਉਠਕੇ ਨਿਕਲਨਾ ਛਾਢਾ ਹੀ ਅਸੰਭਵ ਭਾਸਦਾ ਹੈ, ਉਸ ਸਮੇਂ ਸਾਨੂੰ ਲੋੜ ਹੁੰਦੀ ਏ ਕਿਸੇ ਅਜੇਹੇ ਸਹਾਰੇ ਦੀ, ਜੇਹੜਾ ਸਾਨੂੰ ਸੁਚੈਨਤਾ ਨਾਲ-ਹੀ ਉਪਰ ਉਠਾ ਦੇਵੇ। ਏਹੋ ਸਮਾਂ ਨਬੀ ਪੈਗੰਬਰ, ਗੁਰੂ, ਸੰਤ, ਮਹਾਤਮਾ ਦੇ ਔਣ ਦਾ ਹੋਯਾ ਕਰਦਾ ਏ, ਜਿੰਨ੍ਹਾਂ ਦੀ ਮਦਦ ਨਾਲ ਅਸੀਂ ਖਾਈ ਵਿਚੋਂ ਨਿਕਲਕੇ ਪਹਾੜ ਦੀ ਚੋਟੀ ਤੇ ਚੜ੍ਹ ਜਾਂਦੇ ਹਾਂ, ਕਈ ਵਾਰ ਇਸ ਉਚਾਈ ਤੇ ਪੁਜਕੇ-ਅਭਿਮਾਨ ਕਾਰਨ ਪੈਰ ਫਿਸਲ ਜਾਂਦਾ ਏ, ਅਤੇ ਹੌਲੀ ਹੌਲੀ-ਕਈ ਵਾਰ ਇਕ ਲਖਤ ਹੀ-ਹਿਠਾਹਾਂ ਢੈਪੈਂਦੇ ਹਾਂ ਮੇਰਾ ਯਕੀਨ ਹੈ ਕਿ ਜਿਉਂ ੨ ਸਮਾਂ ਗੁਜ਼ਰ ਦਾ ਜਾਂਦਾ ਏ ਤਿਉਂ ਤਿਉਂ ਖਾਈ ਦੀ ਡੂੰਘਾਈ ਘਟਦੀ ਜਾਂਦੀ ਏ ਅਤੇ ਪਹਾੜ ਦੀ ਚੋਟੀ ਉਚੀ ਹੁੰਦੀ ਜਾਂਦੀਏ,ਵਾਧੇ ਦੀ ਜੇਹੜੀ ਲਹਿਰ ਔਂਦੀ ਏ ਓਹ ਸਾਨੂੰ ਅਗੇ ਨਾਲੋਂ ਵਧੇਰੇ ਉਚਾ ਲੈ ਜਾਂਦੀ ਏ ਅਤੇ ਇੰਞ ਸੰਸਾਰ ਤਰੱਕੀ ਕਰਦਾ ਲਗਾ ਜਾਂਦਾ ਏ। ਮੇਰੇ ਵਿਚਾਰ ਵਿਚ ਮਨੁਖੀ ਇਤਹਾਸ ਵਿਚ ਅਜਿਹਾ ਸਮਾਂ ਕਦੇ ਵੀ ਨਹੀਂ ਆ ਸਕਦਾ ਕਿ ਉਸ ਵਿਚ ਚੜ੍ਹਾਉ ਹੀ ਚੜ੍ਹਾਉ ਹੋਵੇ ਤੇ ਲਹਾਉ ਉਕਾ ਹੀ ਨਾ ਹੋਵੇ। ਮਨੁਖ ਜਦ ਤੀਕ ਮਨੁਖ ਰਹਿੰਦਾ ਏ, ਈਸ਼ੂਰੀ ਜੋਤ ਵਿਚ ਲੀਨ ਨਹੀਂ ਹੋ ਜਾਂਦਾ, ਓਦੋਂ ਤੀਕ ਉਸ ਵਿਚ ਅਭਿਮਾਨ ਅਤੇ ਹੋਰ ਕਮਜੋਰੀਆਂ ਦੇ ਆ ਜਾਨ ਦਾ ਸਦਾ ਡਰ ਰਹਿੰਦਾ ਏ। ਇਸਤੋਂ ਮਨੁਖ ਨੂੰ ਮਾਯੂਸ ਯਾ ਪ੍ਰੇਸ਼ਾਨ ਨਹੀਂ ਹੋ ਜਾਣਾ ਚਾਹੀਦਾ, ਨਾ ਹੀ ਦਿਲ ਦੀ ਢੇਰੀ ਢਾਹਕੇ ਬਾਹੀਂ ਲਮਕਾਕੇ ਬੈਠ ਹੀ ਰਹਿਣਾ ਚਾਹੀਦਾ ਏ, ਸਗੋਂ ਫਿਰ ਹਿੰਮਤ ਕਰਕੇ ਉਚਿਆਂ ਉਠਨ ਦਾ ਯਤਨ ਕਰਨਾ ਚਾਹੀਦਾ ਏ ਅਤੇ ਵਾਹਿਗੁਰੂ ਦਾ ਸ਼ੁਕਰ ਗੁਜ਼ਾਰ ਹੋਣਾ ਚਾਹੀਦਾ ਏ, ਕਿ ਓਹ ਕ੍ਰਿਪਾਲੂ ਸਾਡਾ ਏਡਾ ਧਿਆਨ ਰਖਦਾ ਹੈ ਕਿ ਜਦ ਵੀ ਅਸੀਂ ਉਸਤੋਂ ਬੇਮੁਖ ਹੋਕੇ ਹਿਠਾਂਹ ਵੈਹ ਪੈਂਨੇ ਹਾਂ ਓਹ ਸਾਨੂੰ ਸਿਧੇ ਮਾਰਗ ਪਾਵਨ ਖਾਤ੍ਰ ਆਪਣੇ ਕਿਸੇ ਨ ਕਿਸੇ ਪਿਆਰੇ ਨੂੰ ਸਾਡੇ ਕੋਲ ਭੇਜਦਾ ਹੈ, ਸਿਖ ਪੰਥ ਤੇ ਵਾਹਿਗੁਰੂ ਦੀ ਅਪਾਰ ਕਿਰਪਾ ਹੈ ਕਿ ਓਸਨੇ ਦਸ ਗੁਰੂਆਂ ਨੂੰ ਸਾਡੇ ਸੁਮਤੇ ਲਾਨ ਲਈ ਸਾਡੇ ਕੋਲ ਘਲਿਆ। ਓਹਨਾਂ ਤੋਂ ਇਲਾਵਾ ਕਈ ਗੁਰੂ ਦੇ ਪਿਆਰਿਆਂ ਨੂੰ ਸਾਨੂੰ ਸਿਧੇ

ਸ੍ਰੀ ਮਾਨ ਸੁਦਾਰ ਗੁਰਮੁਖ ਨਿਹਾਲ ਸਿੰਘ ਜੀ ਹਿੰਦੂ ਯੂਨੀ ਵਰਸਟੀ ਬਨਾਰਸ ਵਿਚ ਪ੍ਰੋਫੈਸਰ ਹਨ।

ਆਪ ਆਪਣ ਵਿਸ਼ੇ ਦੇ ਆਚਾਰਯ ਮੰਨੇ ਜਾਂਦੇ ਹਨ। ਸਾਨੂੰ ਮਾਣ ਹੈ ਕਿ ਸਾਡੇ ਸਿਖ ਵਿਦਵਾਨ ਦੁਨਿਆਂ ਦੀ ਨਜਰ ਵਿਚ ਵੀ ਆਦਰ ਨੀਯ ਗਿਣੇ ਜਾਂਦੇ ਹਨ। ਆਪ ਜੀ ਦੇ ਘਾਨੇ ਤੇ ਪਹਿਲਾ ਹੀ ਸ਼ੁਰਸਤੀ ਦੇਵੀ ਦੀ ਕਿਰਪਾ ਹੈ। ਆਪ ਜੀ ਦੇ ਪੂਜਯ ਪਿਤਾ ਸੁਦਾਰ ਨਿਹਾਲ ਸਿੰਘ ਜੀ, ਗੁਰਮਤ ਵਿਦਯਾ ਦੇ ਉਚ ਮਾਹਨ ਸਨ। ਆਪ ਜੀ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਟੀਕਾ, ਅਤ ਤੀਕ ਦ ਸਾਰ ਟੀਕਿਆਂ ਨਾਲੋਂ ਸੋਹਣਾ ਅਤੇ ਗੁਰਮਤ ਸਿਧਾਂਤ ਪ੍ਰਗਟਾਉ ਏ। ਆਪ ਜੀ ਦੇ ਭ੍ਰਾਤਾ ਸੰਤ ਨਿਹਾਲ ਸਿੰਘ ਜੀ ਜਗਤ ਪ੍ਰਸਿਧ ਵਿਦਵਾਨ, ਅਤੇ ਸਫਲ ਪਤ੍ਰਕਾਰ ਹਨ, ਆਪ ਜੀ ਦੇ ਲੇਖ ਦੂਜੇ ਮੁਲਕਾਂ ਵਿਚ ਬੜੀ ਇਜ਼ਤ ਨਾਲ ਸਤਿਕਾਰੇ ਜਾਂਦੇ ਹਨ। ਆਪਨੇ ਆਪਣੀ ਕਲਮ ਦੀ ਸ਼ਕਤੀ ਦੇ ਸਹਾਰੇ ਸਾਰ ਸੰਸਾਰ ਦਾ ਭ੍ਰਮਣ ਕੀਤਾ ਏ। ਪ੍ਰੋਫੈਸਰ ਸਾਹਿਬ ਨੇ ਏਹ ਲੇਖ ਡਾਢੀ ਸੁੰਦਰਤਾ ਤੇ ਖੂਬੀ ਨਾਲ ਲਿਖਯਾ ਏ। ਚੀਫ ਅੰਡੀਟਰ

Sri Satguru Jagjit Singh Ji Elibrary NamdhariElibrary@gmail.com

ਮਾਰਗ ਉੱਤੇ ਚਲਨ ਵਾਸਤੇ ਮਦਦ ਦੇਨ ਲਈ ਭੇਜਿਆ।

੨.

ਗੁਰੂ ਸਾਹਿਬਾਨ ਦੇ ਮਗਰੋਂ ਵੀ ਬਹੁਤ ਚਿਰ ਤੀਕ ਸਿਖਾਂ ਨੇ ਓਹਨਾਂ ਦਾ ਦਸਿਆ ਹੋਇਆ ਉੱਚ ਆਦਰਸ਼ ਕਾਇਮ ਰਖਿਆ। ਜਿਸ ਲਈ ਬਹੁਤ ਸਾਰੇ ਸੂਰਬੀਰ ਸਿਖਾਂ ਨੇ ਭਾਵੇ ਕਸ਼ਟ ਸਹਿਕੇ ਸ਼ਹੀਦੀਆਂ ਪ੍ਰਾਪਤ ਕੀਤੀਆਂ। ਸਿਖਾਂ ਦਾ ਇਤਹਾਸ ਇਕ ਸ਼ਹੀਦੀ ਇਤਹਾਸ ਹੈ, ਪਰ ਬਹੁਤ ਸਮਾਂ ਗੁਜ਼ਰ ਜਾਣ ਕਰਕੇ ਸਿੱਖਾਂ ਵਿੱਚ ਕਈ ਕਿਸਮ ਦੀਆਂ ਕੁਰੀਤੀਆਂ, ਕਮਜ਼ੋਰੀਆਂ ਆ ਗਈਆਂ ਸਨ। ਜਿਸ ਕਰਕੇ ਉਹ ਆਪਣੀ ਉਚੀ ਧਾਰਮਕ ਹਸਤੀ ਗੁਆ ਬੈਠੇ, ਅਤੇ ਨਾਲ ਹੀ ਆਪਣਾ ਰਾਜ ਭਾਗ ਵੀ ਖੋ ਬੈਠੇ। ੧੮੪੯ ਵਿਚ ਪੰਜਾਬ ਦਾ ਰਾਜ ਅੰਗ੍ਰੇਜ਼ਾਂ ਦੇ ਹਥ ਆ ਗਿਆ ਅਤੇ ਸਿੱਖ ਵੀ ਹੋਰਨਾਂ ਹਿੰਦੁਸਤਾਨੀਆਂ ਵਾਂਗ ਅੰਗ੍ਰੇਜ਼ੀ ਪ੍ਰਜਾ ਵਿਚ ਸ਼ੁਮਾਰ ਹੋ ਗਏ, ਇਸ ਸਮੇਂ ਸਾਰਿਆਂ ਨਾਲੋਂ ਵਡੀ ਕਮਜ਼ੋਰੀ ਜੋੜ੍ਹੀ ਸਿਖਾਂ ਵਿਚ ਆਈ ਉਹ ਅਚਰਨ ਦੀ ਕਮਜ਼ੋਰੀ ਸੀ, ਉਹ ਗੁਰਬਾਣੀ ਦੇ ਪਿਆਰ ਅਤੇ ਅਭਿਆਸ ਦਾ ਘਾਟਾ ਸੀ, ਉਹ ਨਾਮ ਜਪਨ ਤੋਂ ਮਨਮੁਖ ਹੋ ਬੈਠਣਾ ਸੀ, ਏਨ੍ਹਾਂ ਕਮਜ਼ੋਰੀਆਂ ਨੂੰ ਦੂਰ ਕਰਨ ਵਾਸਤੇ ਹੀ ਸ੍ਰੀ ਬਾਬਾ ਰਾਮ ਸਿੰਘਜੀ ਨੇ ਨਾਮ-ਧਾਰੀ ਲਹਿਰ ਚਲਾਈ ਸੀ, ਜਿਸ ਦਾ ਸੰਖੇਪ ਸਮਾਚਾਰ ਮੈਂ ਪਾਠਕਾਂ ਦੀ ਭੇਟਾ ਕਰਦਾ ਹਾਂ।

੩.

ਬਾਬਾ ਰਾਮ ਸਿੰਘ ਜੀ ਦੀ ਸਿਖਾਂ ਵਿਚ ਇੱਕ ਬੜੀ ਉੱਚੀ ਹਸਤੀ ਏ, ਜਿੰਨ੍ਹਾਂ ਨੇ ਹਜ਼ਾਰਾਂ ਸਿੱਖਾਂ ਵਿੱਚ ਇੱਕ ਨਵੀਂ ਤੇ ਉੱਚੀ ਰੂਹ ਫੂਕੀ ਸੀ, ਅਤੇ ਜਿੰਨ੍ਹਾਂ ਦੇ ਸ਼ੁਰੂ ਕੀਤੇ ਹੋਏ ਪਵਿੱਤ੍ਰ ਕੰਮ ਨੂੰ ਅੱਜ ਕੱਲ੍ਹ ਬਾਬਾ ਪ੍ਰਤਾਪ ਸਿੰਘ ਜੀ ਮਹਾਰਾਜ ਬੜੇ ਉਤਸ਼ਾਹ ਤੇ ਖੂਬੀ ਨਾਲ ਚਲਾ ਰਹੇ ਹਨ।

ਬਾਬਾ ਰਾਮ ਸਿੰਘ ਜੀ ਦਾ ਜਨਮ ਇਕ ਗ਼ਰੀਬ ਕਿਰਤੀ ਸਿੰਘ (ਤਰਖਾਣ) ਦੇ ਘਰ ੧੮੧੫ ਈਸਵੀ ਵਿੱਚ ਹੋਇਆ ਸੀ। ਆਪਨੇ ਨਾਮ ਦਾ ਖਜਾਨਾ ਅਤੇ ਪਰ ਉਪਕਾਰ ਦੀ ਸਿਖਯਾ ਹਜਰੋਂ ਦੇ ਸੰਤ ਬਾਬਾ ਬਾਲਕ ਸਿੰਘ ਜੀ ਤੋਂ ਪ੍ਰਾਪਤ ਕੀਤੀ ਸੀ, ਅਤੇ ਉਹਨਾਂ ਦੇ ਹੁਕਮ ਅਨੁਸਾਰ ਹੀ ਸਿਖ ਫੌਜ ਦੀ ਨੌਕਰੀ ਛੱਡ ਸਿਖ ਧਰਮ ਦੇ ਪ੍ਰਚਾਰ ਦਾ ਬੀੜਾ ਚੁਕਿਆ ਸੀ, ੧੮੪੧ ਤੋਂ ੧੮੭੨ ਤਕ ਆਪ ਜੀ ਨੇ ਆਪਣਾ ਜੀਵਨ ਸਿਖਾਂ ਨੂੰ ਸੰਘਟਤ ਕਰਨ ਖਾਤਰ ਅਤੇ ਉਹਨਾਂ ਵਿਚ ਸ਼ੁੱਧ ਤੇ ਉੱਚਾ ਪੁਰਾਤਨ ਸਿੱਖੀ ਆਦਰਸ਼ਕ ਜੀਵਨ ਪੈਦਾ ਕਰਨ ਵਿੱਚ ਲਾਇਆ ਸੀ। ੧੮੭੨ ਵਿੱਚ ਸਰਕਾਰ ਅੰਗ੍ਰੇਜ਼ੀ ਨੇ ਬਾਬਾ ਰਾਮ ਸਿੰਘ ਜੀ ਨੂੰ ਉਹਨਾਂ ਦੇ ਕਈ ਸਾਥੀਆਂ ਨਾਲ ਜਿਲਾ ਵਤਨ ਕਰਕੇ ਰੰਗੂਨ ਵਿਚ ਕੈਦ ਕਰ ਦਿਤਾ ਸੀ।

੪.

ਬਾਬਾ ਰਾਮ ਸਿੰਘ ਜੀ ਦਾ ਦ੍ਰਿੜ ਵਿਸ਼ਵਾਸ ਸੀ ਕਿ ਮਨੁੱਖੀ ਜੀਵਨ ਨੂੰ ਉਚਿਆਂ ਬਨਾਣ ਲਈ ਚਾਰ ਪਦਾਰਥਾਂ ਦੀ ਖਾਸ ਲੋੜ ਏ। ਸਭ ਤੋਂ ਪਹਿਲਾਂ ਸ਼ੁੱਧ ਤੇ ਸਾਦਾ ਅਚਰਨ, ਦੂਜੇ ਵਿਦਿਆ—ਜਿਸ ਨਾਲ ਆਤਮਿਕ ਗਿਆਨ ਵੀ ਮਿਲ ਸਕਦਾ ਹੈ ਅਤੇ ਪੇਟ ਪੂਜਾ ਵੀ ਹੋ ਸਕਦੀ ਏ—ਤੀਜਾ ਜਥੇ ਬੰਦੀ ਅਤੇ ਪਾਬੰਦੀ ਦਾ (Disciplined) ਜੀਵਨ। ਚੌਥਾ ਗੁਰਬਾਣੀ ਤੇ ਨਾਮ ਦੀ ਧੁਨੀ।

ਬਾਬਾ ਜੀ ਨੇ ਹਰ ਇਕ ਜਿਲ੍ਹੇ ਦੇ ਸਿਖਾਂ ਨੂੰ ਸੰਘਟਤ ਕਰਨ ਦਾ ਜਤਨ ਕੀਤਾ ਸੀ,

Sri Satguru Jagjit Singh Ji Elibrary NamdhariElibrary@gmail.com

ਹਰ ਇਕ ਜਿਲੇ ਵਿੱਚ ਇਕ ਸੂਬਾ ਮੁਕਰੂ ਕੀਤਾ, ਜਿਲੇ ਦੀ ਹਰ ਤਹਸੀਲ ਵਿਚ ਦੋ ਜਥੇਦਾਰ ਬਨਾਏ ਅਤੇ ਹਰ ਇਕ ਪਿੰਡ ਵਿਚ ਨੰਬੀ ਅਸਥਾਨਪ ਕੀਤਾ ਸੀ,ਤਾਂ ਕਿ ਸਾਰੇ ਸਿੱਖ ਸੰਘਟਤ ਹੋ ਕੇ (Organised) ਸਾਂਝਾ ਮਿਲਵਾਂ ਧਾਰਮਕ ਜੀਵਨ ਬਤੀਤ ਕਰ ਸੱਕਨ। ਬਾਬਾਜੀਨੇਪ੍ਰਚਾਰਦਾਪੂਟਾਰਪ੍ਰਏਧਕੀਤਾ ਸੀ ਥਾਂ ਥਾਂ ਤੇ ਗੁਰਮੁਖੀ ਸਕੂਲ ਖੋਲ੍ਹ, ਗੁਰੂਕੇ ਲੰਗਰ ਜਾਰੀ ਕੀਤੇ ਅਤੇ ਪਿੰਡਾਂ ਜਾਕੇ ਸਿਖਾਂ ਨੂੰ ਸਾਦਾ ਸ਼ੁਧ ਤੇ ਧਾਰਮਕ ਜੀਵਨ ਬਤੀਤ ਕਰਨ ਦਾ ਉਪਦੇਸ਼ ਕੀਤਾ। ਸਾਲ ਦੇ ਸਾਲ ਗੁਰਦੁਆਰਾ ਸ੍ਰੀ ਭੈਣੀ ਸਾਹਿਬ ਵਿੱਚ ਦੀਵਾਨ ਹੁੰਦਾ ਸੀ, ਜਿਸ ਵਿੱਚ ਪ੍ਰੇਮੀ ਨਾਮ ਦੇ ਰਸੀਏ ਦੂਰ ਦੂਰ ਤੋਂ ਔਂਦੇ ਸਨ ਅਤੇ ਸਾਰਾ ਹਾਲ ਬਾਬਾ ਜੀ ਨੂੰ ਅਰ ਸੰਗਤਾਂ ਨੂੰ ਸੁਨਾਂਦੇ ਹੋਏ, ਬਾਬਾ ਜੀ ਤੋਂ ਉਪਦੇਸ਼ ਤੇ ਹੁਕਮ ਲੈ ਕੇ ਟੁਰ ਜਾਂਦੇ ਸਨ।

ਬਾਬਾ ਰਾਮ ਸਿੰਘ ਜੀ ਪੱਛਮੀ ਵਿਦਿਆ ਦੇਣ ਦੇ ਹੱਕ ਵਿੱਚ ਨਹੀਂ ਸਨ ਅਤੇ ਓਹ ਚਾਂਹਦੇ ਸਨ ਕਿ ਲੋਕੀਂ ਅਪਨੀ ਪੁਰਾਤਨ ਮਰਯਾਦਾ ਅਰ ਜੀਵਨ ਨੂੰ ਤਿਆਗ ਕੇ ਬਦੇਸ਼ੀ ਰਹਿਣ ਬਹਿਣ ਨ ਸਿਖਨ। ਏਹੀ ਕਾਰਨ ਸੀ ਕਿ ਅੰਗ੍ਰੇਜ਼ੀ ਅਫਸਰ ਓਹਨਾਂ ਤੇ ਖੁਸ਼ ਨਹੀਂ ਸਨ ਅਤੇ ਨਾ ਹੀ ਓਨ੍ਹਾਂ ਨੂੰ ਆਪਨਾ ਹਿਤਕਾਰੀ ਸਮਝਦੇ ਸਨ।

ਗੁਰਦੁਆਰਿਆਂ ਦੇ ਪੁਜਾਰੀ ਵੀ ਬਾਬਾ ਜੀ ਕੋਲੋਂ ਦੂਰ ਰਹਿਣਾ ਹੀ ਪਸੰਦ ਕਰਦੇ ਸਨ, ਓਹਨਾ ਲੋਕਾਂ ਨੇ ਲਾਲਚ ਅਤੇ ਆਰਾਮ ਵਿੱਚ ਸਿੱਖੀ ਆਦ੍ਰਸ਼ ਖੋ ਦਿੱਤਾ ਸੀ, ਇਸ ਲਈ ਓਹ ਡਰਦੇ ਸਨ ਕਿ ਜੇ ਬਾਬਾ ਜੀ ਦਾ ਉਪਦੇਸ਼ ਕਾਰਗਰ ਹੋ ਗਿਆ ਤਾਂ ਓਹਨਾ ਦੀ ਮਾਨਤਾ ਤੇ ਆਮਦਨ ਜਾਂਦੀ ਰਹੇਗੀ। ਇਸੇ ਡਰ ਦੇ ਮਾਰਿਆਂ ਓਹਨਾ ਨੇ ਗੁਰਦੁਆਰਿਆਂ ਦੇ ਦਰਵਾਜੇ ਬਾਬਾ ਜੀ ਤੇ ਓਹਨਾਂ ਦੇ ਸੇਵਕਾਂ ਲਈ ਬੰਦ ਕਰ ਛਡੇ ਸਨ, ਪਰ ਬਾਬਾ ਜੀ ਦੀ ਸਿੱਖੀ ਜੋਰ ਪਕੜਦੀ ਹੀ ਗਈ, ਓਹਨਾਂ ਦੇ ਉਪਦੇਸ਼ ਦਾ ਸਿੱਖਾਂ ਤੇ ਬੜਾ ਅਸਰ ਹੋਇਆ। ਬਹੁਤਿਆਂ ਦੀ ਕਾਇਆਂ ਪਲਟ ਗਈ, ਅਤੇ ਹਜਾਰਾਂ ਸਿੱਖ ਓਨ੍ਹਾਂ ਦੇ ਪਿਛੇ ਟੁਰਦੇ ਹੋਏ ਸਚੇ ਨਾਮਧਾਰੀ ਬਨ ਗਏ। ਪੁਰਾਣਾ ਅਰਾਮ ਤੇ ਦਲਿੱਦ੍ ਦਾ ਜ਼ੀਵਨ ਛੱਡ ਦਿਤਾ। ਸ਼ੁਧ ਆਚਾਰ, ਸਾਦੀ ਪੁਸ਼ਾਕ, ਪਵਿੱਤ੍ਰ ਆਹਾਰ ਕਟਕੇ ਨਾਮ ਜਪਣ ਅਤੇ ਧਰਮ ਦੀ ਰਖਿਆ ਲਈ ਕਮਰ ਕਸੇ ਕੱਸਕੇ ਤਿਆਰ ਹੋ ਰ.ਏ। ਏਨ੍ਹਾ ਨਾਮਧਾਰੀਆਂ ਕੋਲੋਂ ਕੁਰੀਤੀਆਂ ਕਰਨ ਵਾਲੇ ਡਾਢਾ ਡਰਦੇ ਸ਼ਨ। ਇਹ ਜਿਥੇ ਵੀ ਜਾਦੇ ਸਨ, ਅਪਨਾ ਸਿੱਕਾ ਬਿਠਾ ਲੈਂਦੇ ਸਨ। ਬਾਣੀ ਅਤੇ ਸ਼ੁਧ ਆਚਾਰ ਦੁਆਰਾ ਓਹ ਇਕ ਤਰਾਂ ਨਾਲ ਇਲਾਕੇ ਵਿਚ ਰਾਜ ਕਰਦੇ ਸਨ, ਉਹ ਦੁਖ ਜਾਂ ਕੁਰੀਤੀ ਵੇਖਕੇ ਜਰ ਨਹੀਂ ਸਨ ਸਕਦੇ ਅਤੇ ਅਧਰਮੀ ਨੂੰ ਸਜਾ ਦੇਣ ਤੇ ਤੁਲ ਪੈਂਦੇ ਸਨ, ਜਿਸ ਨਾਲ ਕਈ ਵਾਰ ਫਸਾਦ ਹੋ ਜਾਂਦਾ ਸੀ ਤੇ ਓਹਨਾਂ ਨੂੰ ਆਪ ਵੀ ਸਜਾਵਾਂ ਭੁਗਤਣੀਆਂ ਪੈਂਦੀਆਂ ਸਨ, ਓਹਨਾਂ ਨੂੰ ਆਪਣੀ ਜਾਨ ਦੀ ਕੋਈ ਪ੍ਰਵਾਹ ਨਹੀ ਸੀ, ਓਹ ਸੁਧਾਰ ਲਈ ਹਰ ਵੇਲੇ ਆਪਣੀ ਜਾਨ ਦੇਣ ਲਈ ਤਿਆਰ ਬਰਤਿਆਰ ਰਹਿੰਦੇ ਸਨ। ਇਸੇ ਕਾਰਨ ਲੋਕੀਂ ਓਹਨਾਂ ਤੋਂ ਡਰਦੇ ਸਨ, ਇਸੇ ਕਾਰਨ ਪੁਲੀਸ ਵੀ ਓਹਨਾਂ ਦਾ ਖਾਸ ਖਿਆਲ ਰਖਦੀ ਸੀ।

ਬਾਬਾ ਰਾਮ ਸਿੰਘ ਜੀ ਆਪਨੇ ਸਿੱਖਾਂ ਨੂੰ ਹਮੇਸ਼ਾਂ ਧੀਰਜ, ਦਰਗੁਜਰੀ, ਸਚਾਈ, ਦਇਆ ਆਦਿ ਦਾ ਉਪਦੇਸ਼ ਦਿੰਦੇ ਰਹਿੰਦੇ ਸਨ। ਜਿਸਦਾ ਅਸਰ ਸਿੰਘਾਂ ਉਤੇ ਬਹੁਤ ਹੋਇਆ ਕਰਦਾ ਸੀ। ਇਕ ਸਿੰਘ ਜੇਹੜਾ

Sri Satguru Jagjit Singh Ji Elibrary NamdhariElibrary@gmail.com

ਪਹਿਲਾਂ ਕਤਲ ਕਰ ਚੁਕਾ ਸੀ, ਓਹਨਾਂ ਦਾ ਉਪਦੇਸ਼ ਗ੍ਰਹਿਣ ਕਰਕੇ ਸਿਧਾ ਕਚਹਿਰੀ ਵਿਚ ਚਲਾ ਗਿਆ ਅਤੇ ਆਪਣਾਂ ਕਸੂਰ ਮੰਨਕੇ ਸਜਾ ਪਾਣ ਲਈ ਤਿਆਰ ਬਤ ਤਿਆਰ ਹੋ ਗਿਆ। ਇਸੇ ਤ੍ਰਾਂ ਓਹ ਨਾਮਧਾਰੀ ਜਿਨ੍ਹਾਂ ਨੇ ਅੰਮ੍ਰਤਸਰ ਵਿਚ ਗਊ ਹਤਿਆ ਕਰਨ ਵਾਲੇ ਕਸਾਈਆਂ ਦਾ ੧੮੭੦ ਵਿਚ ਕਤਲ ਕੀਤਾ ਸੀ, ਬਾਬਾ ਜੀ ਦੇ ਪ੍ਰੇਰਨ ਦੁਆਰਾ ਅਪਣਾਂ ਕਸੂਰ ਮੰਨਕੇ ਸਜਾਂ ਭੁਗਤਣ ਲਈ ਤਿਆਰ ਬਰਤਿਆਰ ਹੋ ਗਏ। ਓਹ ਆਪ ਸ੍ਰਕਾਰੀ ਅਫਸਤਾਂ ਕੋਲ ਪੁੱਜੇ ਅਤੇ ਆਪਣਾਂ ਜੁਰਮ ਕਬੂਲ ਕਰਕੇ ਬੇਗੁਨਾਹ ਨਿਹੰਗਾਂ ਨੂੰ ਛੁਡਾ ਖੁਸ਼ੀ ੨ ਫਾਂਸੀ ਤੇ ਚੜ੍ਹ ਗਏ।

੫.

ਨਾਮਧਾਰੀ ਲਹਿਰ ਨੇ ੧੮੭੨ ਤਾਂਈ ਬੜਾ ਕੰਮ ਕੀਤਾ। ਸਿਖਾਂ ਵਿਚ ਸ਼ੁਧ ਸਾਦਾ ਸਚਾ ਅਚਰਨ ਲਿਆਂਦਾ ਅਤੇ ਸ੍ਰਕਾਰੀ ਨੌਕਰੀ ਦੀ ਆਸ ਛੱਡਕੇ, ਖੇਤੀ ਬਾੜੀ ਕਰਕੇ ਆਪਣਾਂ ਨਿਰਬਾਹ ਕਰਨਾਂ ਸਿਖਿਆ। ਗੁਰਬਾਣੀ ਦਾ ਪ੍ਰੇਮ, ਵੰਡ ਛਕਣ ਦਾ ਗੁਣ, ਅਤੇ ਨਾਮ ਜਪਣ ਦਾ ਅਭਜਾਸ ਫੇਰ ਮੁੜਕੇ ਗ੍ਰਹਿਣ ਕੀਤਾ ਅਜ ਕੱਲ ਵੀ ਨਾਮਧਾਰੀਆਂ ਵਿਚ ਪਰੇਮ ਭਗਤੀ ਦਾ ਬਹੁਤ ਜੋਰ ਹੈ।

ਮੈਂ ਪਿਛੇ ਦਸ ਆਇਆ ਹਾਂ ਕਿ ਨਾਮਧਾਰੀ ਕਿਸੇ ਕੁਰੀਤੀ ਨੂੰ ਵੇਖਕੇ ਜਰ ਨਹੀਂ ਸਨ ਸਕਦੇ, ਝਟ ਜੋਸ਼ ਵਿਚ ਆ ਜਾਂਦੇ ਸਨ। ਜੇ ਕਿਤੇ ਓਹ ਧੀਰਜ ਨਾਲ ਬੈਠਕੇ ਵਿਚਾਰ ਕਰਨਾਂ, ਕੋਈ ਉਚੀ ਨੀਵੀਂ ਗਲ ਸੁਣਕੇ ਵੀ ਖਿਮਾਂ ਕਰਨੀ ਅਤੇ ਨਰਾਜਗੀ ਨਾਂ ਮੰਣ ਦੇਣੀ, ਏਨਾਂ ਗੁਣਾਂ ਨੂੰ ਚੰਗੀ ਤਰਾਂ ਗ੍ਰਹਿਣ ਕਰ ਲੈਂਦੇ ਤਾਂ ਭਾਰਤ ਦੇ ਇਤਿਹਾਸ ਵਿੱਚ ਪੰਜਾਬ ਦਾ ਅਸਥਾਨ ਅਜ ਕੁਝ ਹੋਰ ਹੀ ਹੁੰਦਾ। ਨਾਂ ਹੀ ਸਰਕਾਰੀ ਅਫਸਰਾਂ ਨੂੰ ਸਿਖਾਂ ਉਤੇ ਬੇਰਹਿਮੀ ਅਤੇ ਬੇਦਰਦੀ ਕਰਨ ਦਾ ਮੌਕਾ ਮਿਲਦਾ।

੬.

ਜਨਵਰੀ ੧੮੭੨ ਵਿਚ ਇਕ ਮੁਸਲਮਾਨ ਪੋਲੀਸ ਅਫਸਰ ਨੇ ਮਲੇਰ ਕੋਟਲਾ ਵਿੱਚ ਇਕ ਨਾਮਧਾਰੀ ਸਿੱਖ ਦੇ ਸਾਹਮਣੇ ਇਕ ਬਲਦ ਦਾ ਬਧ ਕਰ ਦਿਤਾ, ਜਿਸ ਦਰਦ ਨਾਕ ਨਜਾਰੇ ਨੂੰ ਵੇਖਕੇ ਨਾਮਧਾਰੀ ਹਿਰਦੇ ਨੂੰ ਡਾਢਾ ਦੁਖ ਹੋਇਆ। ਉਸ ਨਾਮਧਾਰੀ ਵੀਰ ਕੋਲੋਂ ਸਹਾਰਾ ਨਾਂ ਹੋ ਸਕਿਆ ਤੇ ਉਹ ਭੈਣੀ ਸਾਹਿਬ ਸਾਲਾਨਾਂ ਦੀਵਾਨ ਤੇ ਪੁਜਾ। ਸਾਰੀ ਵਿਥਿਆ ਸੁਣਾ ਸੰਗਤਾਂ ਵਿਚ ਡਾਢਾ ਜੋਸ਼ ਫੈਲਾ ਦਿਤਾ। ਏਥੇ ਜੋਸ਼ ਦੇ ਕਾਰਨ ਇਕ ਜਥਾ ਮਾਲੇਰ ਕੋਟਲੇ ਨੂੰ ਜਾਣ ਵਾਸਤੇ ਤਿਆਰ ਹੋਗਿਆ। ਬਾਬਾ ਰਾਮ ਸਿੰਘ ਜੀ ਨੇ ਧੀਰਜ ਦਿੰਦਿਆਂ ਹੋਇਆਂ ਸਿੰਘਾਂ ਨੂੰ ਸਮਝਾਣ ਦਾ ਜਤਨ ਕੀਤਾ। ਪਰ ਕਈ ਵੀਰ ਦੁਖ ਦਾ ਸਮਾਚਾਰ ਸੁਣਕੇ ਆਪੇ ਤੋਂ ਬਾਹਰ ਹੋ ਚੁਕੇ ਸਨ। ਉਹਨਾਂ ਨੇ ਕੁਝ ਨਾਂ ਮੰਨਿਆਂ ਦੀਵਾਨ ਵਿਚੋਂ ਉਠਕੇ ਬਦਲਾ ਲੈਣ ਲਈ ਮਾਲੇਰ ਕੋਟਲੇ ਜਾਣ ਵਾਸਤੇ ਤਿਆਰ ਹੋ ਗਏ। ੧੫੦ ਸਿੰਘਾਂ ਦਾ ਜਥਾ ਬਾਬਾ ਜੀ ਤੋਂ ਬੇਵਾਰ੍ਹਾ ਹੋਕੇ ਮਾਲੇਰ ਕੋਟਲੇ ਵਲ ਤੁਰ ਪਿਆ। ਬਾਬਾ ਜੀ ਨੇ ਪੁਲੀਸ ਨੂੰ ਖਬਰ ਕਰ ਦਿਤੀ ਤਾਕਿ ਫਸਾਦ ਰੁਕ ਜਾਵੇ। ਸਿਖਾਂ ਨੇ ਮਲੌਦ ਤੇ ਮਲੇਰ ਕੋਟਲੇ ਤੇ ਡਾਗਾਂ ਤੇ ਛਵੀਆਂ ਨਾਲ ਹਲਾ ਕੀਤਾ। ਲੜਾਈ ਵਿਚ ਦਸ ਆਦਮੀ ਮਾਰੇ ਗਏ ੧੭ ਫਟੜ ਹੋਏ। ਨਾਮਧਾਰੀਆਂਦੇ ਵੀ ਨੌ ਮਾਰੇ ਗਏ

Sri Satguru Jagjit Singh Ji Elibrary NamdhariElibrary@gmail.com

ਅਤੇ ੩੮ ਫਟੜ ਹੋਏ । ਸਰਕਾਰੀ ਫੌਜ ਗਈ ਤੇ ਨਾਮਧਾਰੀਆਂ ਨੂੰ ਘੇਟਕੇ ਫੜ ਲਿਆ ।

ਲੁਦਿਹਾਨੇ ਦਾ ਡਿਪਟੀ ਕਮਿਸ਼ਨਰ ਮਿਸਟਰ ਕੋਵਨ ਮੌਕੇ ਤੇ ਪੁਜਾ ਅਤੇ ਉਸ ਨੇ ਬਿਨਾਂ ਟ੍ਰਾਇਲ ਦੇ ੪੯ ਸਿੰਘਾਂ ਨੂੰ ਤੋਪ ਨਾਲ ਉਡਾ ਦੇਣ ਦਾ ਹੁਕਮ ਦਿਤਾ। ਬਾਕੀ ਦੇ ਸਿੰਘਾਂ ਨੂੰ ਦੂਸਰੇ ਦਿਨ ਕਚਹਿਰੀ ਵਿਚ ਲਿਆਂਦਾ ਗਿਆ ਅਤੇ ਮਿਸਟਰ ਫੋਰਸਿਥ (Forsyth) ਸਾਹਬ ਜੋੜੇ ਲੁਦਿਹਾਣੇ ਦੇ ਕਮਿਸ਼ਨਰ ਸਨ ਉਹਨਾਂ ਨੇ ਮੁਕਦਮਾਂ ਸੁਨਿਆਂ ਅਤੇ ਬਾਕੀਆਂ ਨੂੰ ਫਾਂਸੀ ਦੀ ਸਜਾ ਦੇ ਦਿਤੀ। ਦੋਹਾਂ ਦਿਨਾਂ ਵਿਚ ਹੀ ਸਾਰੇ ਸਿੰਘਾਂ ਨੂੰ ਸ਼ਹੀਦ ਕਰ ਦਿਤਾ ਗਿਆ ।

ਮਿਸਟਰ ਕੋਵਨ ਤੇ ਮਿਸਟਰ ਫੋਰਸਿਥ ਨੇ ਬੜੀ ਬੇਰਹਿਮੀ ਤੇ ਵਹਿਸ਼ੀਆਨਾ ਪਨ ਤੋਂ ਕੰਮ ਲੀਤਾ ਅਤੇ ਹਰ ਗੱਲ ਕਾਨੂੰਨ ਤੋਂ ਬਾਹਰ ਕੀਤੀ। ਇਸ ਰਵਈਏ ਨੇ ਲੋਕਾਂ ਦੇ ਦਿਲਾਂ ਨੂੰ ਹਲਾ ਦਿੱਤਾ । ਸਰਕਾਰ ਅੰਗ੍ਰੇਜੀ ਨੂੰ ਏਨ੍ਹਾਂ ਅਫਸਰਾਂ ਵਿਰੁੱਧ ਹੁਕਮ ਜਾਰੀ ਕਰਨੇ ਪਏ । ੧੫੦ ਸਿੰਘ ਸ਼ਹੀਦ ਹੋਏ, ਸੈਂਕੜੇ ਨਜ਼ਰ ਬੰਦ ਅਤੇ ਕੈਦ ਕੀਤੇ ਗਏ । ਬਾਬਾ ਰਾਮ ਸਿੰਘ ਜੀ ਨੂੰ ਓਹਨਾਂ ਦੇ ਸੂਬਿਆਂ ਸਮੇਤ ਜਲਾਵਤਨ ਕਰਕੇ ਰਗੂੰਨ ਵਿੱਚ ਕੈਦ ਕਰ ਦਿਤਾ ਗਿਆ । ਗੁਰਦੁਆਰਾ ਭੈਣੀ ਸਾਹਿਬ ਦੇ ਬੂਹੇ ਤੇ ਪੁਲੀਸ ਦਾ ਪਹਿਰਾ ਬਿਠਲਾ ਦਿਤਾ ਗਿਆ । ਨਾਮਧਾਰੀ ਸਿੰਘਾਂ ਨੂੰ ਪਿੰਡਾਂ ਵਿਚ ਨਜ਼ਰ ਬੰਦ ਕਰ ਦਿਤਾ ਗਿਆ ਤੇ ਓਹਨਾਂ ਤੇ ਅਨੇਕਾਂ ਪਾਬੰਦੀਆਂ ਲਾ ਦਿਤੀਆਂ ਗਈਆਂ ਜੋੜ੍ਹੀਆਂ ੧੯੨੦ ਤੀਕ ਕਾਇਮ ਰਹੀਆਂ ।

੭.

੧੯੨੦ ਤੋਂ ਫਿਰ ਨਾਮਧਾਰੀ ਖੁਲ੍ਹਮ

ਖੁਲਾ ਜੀਵਨ ਬਤੀਤ ਕਰ ਰਹੇ ਹਨ। ਅੱਜ ਕੱਲ ਵੀ ਨਾਮਧਾਰੀ ਵੀਰਾਂ ਵਿਚ ਸਾਦਗੀ ਤੇ ਗੁਰਬਾਣੀ ਦਾ ਪਿਆਰ ਮੌਜੂਦ ਹੈ, ਅਤੇ ਬਾਬਾ ਰਾਮ ਸਿੰਘ ਜੀ ਦੇ ਉਪਦੇਸ਼ ਦਾ ਅਸਰ ਬਾਕੀ ਹੈ, ਜਿਸਨੂੰ ਮਹਾਰਾਜ ਪ੍ਰਤਾਪ ਸਿੰਘ ਜੀ ਹੋਰ ਡੂੰਘਾ ਕਰ ਰਹੇ ਹਨ। ਮੈਨੂੰ ਦਸਿਆ ਗਿਆ ਹੈ ਕਿ ਅੱਜ ਕੱਲ ਵੀ ਜੇ ਕਿਸੇ ਨੇ ਨਿਰੋਲ ਗੁਰਬਾਣੀ ਦੇ ਕੀਰਤਨ ਦਾ ਅਨੰਦ ਲੈਣਾ ਹੋਵੇ, ਤਾਂ ਓਸ ਨੂੰ ਥਾਂ ਥਾਂ ਭਟਕਣ ਦੀ ਲੋੜ ਨਹੀਂ ਓਸਨੂੰ ਅੰਮ੍ਰਿਤ ਵੇਲੇ ਭੈਣੀ ਸਾਹਿਬ ਦੇ ਗੁਰਦੁਆਰੇ ਚਲਾ ਜਾਣਾਂ ਚਾਹੀਦਾ ਹੈ, ਜਿਥੇ ਓਸਨੂੰ ਪੂਰਾ ਅਨੰਦ ਪ੍ਰਾਪਤ ਹੋ ਜਾਵੇਗਾ। ਇਸ ਲਈ ਸਾਨੂੰ ਵਾਹਿਗੁਰੂ ਦਾ ਸ਼ੁਕਰ ਗੁਜਾਰ ਹੋਣਾ ਚਾਹੀਦਾ ਹੈ ਕਿ ਓਸਨੇ ਨਾਮਧਾਰੀ ਵੀਰਾਂ ਵਿਚ ਇਕ ਵਡੀ ਉਚੀ ਹਸਤੀ ਅਜ ਕਲ ਵੀ ਘਲੀ ਹੋਈ ਹੈ ਜਿਨਾ ਦਾ ਹਮੇਸ਼ਾਂ ਏਹੋ ਜਤਨ ਹੈ ਕਿ ਓਹ ਆਪਨੇ ਸਿੰਘਾਂ ਵਿਚ ਵਾਹਿਗੁਰੂ ਦਾ ਪ੍ਰੇਮ ਬਨਾਈ ਰਖਣ। ਓਹਨਾ ਇਕ ਹੋਰ ਵੱਡਾ ਜਰੂਰੀ ਕੰਮ ਆਪਨੇ ਜੁੰਮੇ ਲਿਆ ਹੈ ਓਹ ਗੁਰੂ ਨਾਨਕ ਸਰਬ ਸੰਪ੍ਰਦਾ ਚਲਾਉਣ ਦਾ ਹੈ, ਜਿਸ ਨਾਲ ਪੰਥ ਵਿਚ ਦ੍ਵੈਸ਼ ਤੇ ਫਿਰਕੇ ਬਾਜੀ ਤੇ ਧੜੇ ਬੰਦੀ ਮਿਟ ਜਾਵੇ, ਤੇ ਸਾਰੇ ਗੁਰੂ ਨਾਨਕ ਦੇ ਸਿਖ ਇਕ ਹੋ ਜਾਵਨ ।

ਮੈਨੂੰ ਬਾਬਾ ਪ੍ਰਤਾਪ ਸਿੰਘ ਜੀ ਦੇ ਦਰਸ਼ਨ ਦਾ ਸੌਭਾਗਜ ਪ੍ਰਾਪਤ ਹੋ ਚੁਕਾ ਹੈ ਅਤੇ ਮੈਂ ਉਸ ਸਮੇਂ ਤੋਂ ਉਡੀਕ ਵਿਚ ਹਾਂ ਕਿ ਮੈਨੂੰ ਭੈਣੀ ਸਾਹਿਬ ਦੇ ਗੁਰਦੁਆਰੇ ਦੇ ਦਰਸ਼ਨ ਹੋਵਨ ਜਿਥੇ ਜਾਕੇ ਮੈਂ ਵੀ ਸ਼ਬਦ ਕੀਰਤਨ ਤੇ ਗੁਰਬਾਣੀ ਦੇ ਅਨੰਦ ਦਾ ਲਾਭ ਉਠਾ ਸਕਾਂ ।

Sri Satguru Jagjit Singh Ji Elibrary NamdhariElibrary@gmail.com

ਪ੍ਰੇਮ ਉਡਾਰੀ

(ਵਲੋਂ--ਸ੍ਰੀਮਾਨ ਗਿਆਨੀ ਊਧਮ ਸਿੰਘਜੀ "ਮੁਸਾਫਰ")

ਸੁਤਾ ਪਿਆ ਸਾਂ ਪ੍ਰੇਮ ਦੇ ਨਸ਼ੇ ਅੰਦਰ, ਪ੍ਰੀਤਮ ਯਾਦ ਨੇ ਝਟ ਤੜਫਾਇ ਦਿਤਾ।
ਠੰਢੀ ਪੌਣ ਸੀ ਲੋਰੀਆਂ ਦੇਣ ਲਗੀ, ਬਿਹੁੰ ਪ੍ਰੇਮ ਮੁਆਣੜਾ ਲਾਇ ਦਿਤਾ।
ਹੁਣਾ ਨੀਂਦ ਦੀ ਪੀਂਘ ਨੇ ਮਾਰਿਆ ਸੀ, ਦੁਖੀ ਦਿੱਲ ਨੇ ਅਗੋਂ ਅਟਕਾਇ ਦਿਤਾ
ਚੰਨ ਚਾਨਣੀ ਰਾਤ ਨੂੰ ਮਾਤ ਪਾਕੇ, ਦੀਵਾ ਅੰਦਰੋਂ ਕਿਸੇ ਜਗਾਇ ਦਿਤਾ।
ਫਿਲਮ ਅਖੀਆਂ ਦੇ ਅਗੇ ਆਣ ਹੋਈ, ਕੀ ਵੇਖਨਾ ਹਾਂ ਬੀਆ ਬਾਨ ਅੰਦਰ।
ਪੁਤਲਾ ਨੂਰਦਾ ਓਸਥਾਂ ਨਜਰ ਆਇਆ, ਬੈਠਾ ਹੋਇਆਸੀ ਗੁਝੇ ਧਿਆਨ ਅੰਦਰ।
ਸੀ ਨਿਰੰਜਨੀ ਜੋਤ ਕਰਤਾਰ ਵਾਲੀ, ਨਾਨਕ ਰੂਪ ਉਹ ਬਾਰੂਵਾਂ ਜਾਪਦਾ ਸੀ।
ਜਾਮਾਂ ਹੋਰ ਸੀ ਜਾਪਦਾ ਅਖੀਆਂ ਨੂੰ, ਸਤਿਨਾਮ ਪਰ ਓਵੇਂ ਅਲਾਪਦਾ ਸੀ।
ਮਾਲਾ ਉਂਨ ਦੀ ਚਿੱਟੀ ਸੁਫੈਦ ਫੜਕੇ, ਰੰਕਾਂ ਤਾਈਂ ਉਹ ਪਾਤਸ਼ਾਹ ਥਾਪਦਾ ਸੀ।
ਕਿਸੇ ਡੂੰਘੀ ਵਿਚਾਰ ਦੇ ਨਸ਼ੇ ਅੰਦਰ, ਕਰਦਾ ਫੈਸਲਾ ਪੁੰਨ ਤੇ ਪਾਪ ਦਾ ਸੀ।
ਚਿਹਰਾ ਨੂਰ ਦੇ ਨਾਲ ਭਰਪੂਰ ਹੋਇਆ, ਨਰਗਸ ਨੇਤਰਾਂ ਚੋਂ ਕੁਝ ਭੁਲ੍ਹ ਪਏ ਸਨ।
ਨਾਲੇਬੁਲ੍ਹ ਪਿਆਰੇ ਦੇ ਮੌਜ ਅੰਦਰ, ਵਾਂਗ ਕੰਵਲ ਦੀ ਪੰਖੜੀ ਖੁਲ੍ਹ ਪਏ ਸਨ।
ਝੱਟ ਆਣ ਬਸੰਤ ਨੇ ਚਰਨ ਪਕੜੇ, ਦਾਤਾ ਹੋਇਓਂ ਉਦਾਸ ਕਿਸ ਕਾਰ ਬਦਲੇ।
ਹੰਝੂ ਉਦੋਂ ਨ ਤੁਸਾਂ ਨੇ ਮੂਲ ਕੇਰੇ, ਫੜੇ ਗਏ ਸੀ ਜਦੋਂ ਉਪਕਾਰ ਬਦਲੇ।
ਇਨ੍ਹਾਂ ਨੈਣਾਂ ਚੋਂ ਚੋਏ ਨ ਮੂਲ ਹੰਝੂ, ਜਾਣ ਲਗਿਆਂ ਸਾਰੇ ਪਰਵਾਰ ਬਦਲੇ।
ਅੱਜ ਆਣ ਕਿਉਂ ਹੰਜੂਆਂ ਝੜੀ ਲਾਈ, ਮੋਤੀ ਕੇਰੇ ਨੇ ਕਿਹਦੇ ਪਿਆਰ ਬਦਲੇ।
ਦਸੋ ਪੀਆ ਜੀ ਅਜ ਸੰਸਾਰ ਉਤੇ, ਕੌਤਕ ਆਪਣਾ ਕੀ ਵਰਤਾ ਰਹੇ ਹੋ।
ਅਰਸ਼ ਫਰਸ਼ ਦੇ ਤਾਂਈ ਹਿਲਾ ਰਹੇ ਹੋ, ਜਾਂਕਿ ਮਿਹਰਾਂ ਦਾ ਮੀਂਹ ਬਰਸਾ ਰਹੇ ਹੋ।
ਮਣਕਾ ਮਾਲਾ ਦਾ ਫੇਰਕੇ ਕਹਿਣ ਲਗੇ, ਕਾਹਨੂੰ ਭੋਲੀਏ ਪੁਛਿਆ ਹਾਲ ਸਾਡਾ।
ਲਖਾਂ ਸੀਸ ਮੁਸੀਬਤਾਂ ਝਲੀਆਂ ਨੇ, ਦੁਖਾਂ ਵਿੰਨ੍ਹਿਆ ਈ ਢਾਲ ਬਾਲ ਸਾਡਾ।
ਆਈ ਹਿੰਦ ਨਮਾਣੀ ਦੀ ਯਾਦ ਮੈਨੂੰ, ਚੇਤੇ ਕਰੇ ਬੈਠਾ ਨੌ ਨਿਹਾਲ ਸਾਡਾ।
ਸਣੇ ਪੰਥ ਉਹ ਪਿਆ ਉਡੀਕਦਾ ਏ, ਪ੍ਰੇਮ ਡੋਰ (ਪਾਕੇ) ਕੀਤਾ ਬੁਰਾ ਹਾਲ ਸਾਡਾ।
ਜਾਵੀਂ ਝਬਦੇ ਓਸ ਸੰਸਾਰ ਉਤੇ, ਜਿਥੇ ਚੋਜ ਤੇਰਾ ਚੋਜੀ ਦੱਸਦਾ ਏ,
ਆਖੀਂ ਨਵੀਂ ਬਹਾਰ ਦੇ ਹਾਰ ਲੈਕੇ, ਇਨ੍ਹਾਂ ਫੁਲਾਂ ਅੰਦਰ ਪ੍ਰੀਤਮ ਵੱਸਦਾ ਏ,
ਮੈਂ ਤੂੰ ਤੇ ਤੂੰ ਹੈਂ ਮੈਂ ਇਕੋ, ਆਖੀਂ ਫਰਕ ਨ ਰਤੀ ਹੈ ਅਸਾਂ ਅੰਦਰ।
ਇਕੋ ਜੋਤ ਨਿਰੰਜਨੀ ਵਿਚਰਦੀ ਏ, ਜਿਹੜੀ ਹੋਈ ਪ੍ਰਕਾਸ਼ ਸੀ ਦਸਾਂ ਅੰਦਰ।
ਈਸਾ, ਰਾਮ, ਤੇ ਕ੍ਰਿਸ਼ਨ ਅਵਤਾਰ ਅੰਦਰ, ਉਹੀ ਭਾਸਦੀ ਏ ਸਾਰੀ ਰਸਾਂ ਅੰਦਰ।
ਏਸ ਭੁਲ ਭੁਲੇਖੇ ਨੂੰ ਕਢ ਵੇਖੋ, ਮੈਂ ਤੇ ਸਦਾ ਹੀ ਓਸਦੇ ਬਸਾਂ ਅੰਦਰ।
ਲਵੇ ਸਾਂਭ ਕਿਆਰੀ ਨੂੰ ਵਾਂਗ ਮਾਲੀ, ਮੇਰਾ ਉੱਕਾ ਹੀ ਛੱਡ ਖਿਆਲ ਦੇਵੇ,
ਮੈਂ ਤੇ ਵਾਂਗ 'ਮੁਸਾਫਰਾਂ' ਆਵਸਾਂਗਾ, ਬੂਟਾ ਨਾਲ "ਪ੍ਰਤਾਪ" ਦੇ ਪਾਲ ਦੇਵੇ,

Sri Satguru Jagjit Singh Ji Elibrary NamdhariElibrary@gmail.com

ਧਰਮਾਂ ਦੀ ਸੱਚੀ ਸਾਂਝ

(ਵਲੋਂ ਸ੍ਰੀਮਾਨ ਸ੍ਰਦਾਰ ਫ਼ੌਰ ਸਿੰਘਜੀ ਗਯਾਨੀ ਐਮ. ਏ.ਪਸਰੂਰ)

ਸੰਨ ੧੯੩੩ ਵਿਚ ਅਮ੍ਰੀਕਾ ਦੇ ਵੱਡੇ ਸ਼ਹਿਰ ਸ਼ਿਕਾਗੋ ਵਿਚ ਇਕ ਸਰਬ ਧਰਮ ਸੰਮੇਲਨ ਹੋਇਆ ਸੀ। ਸੰਸਾਰ ਦੇ ਹਰ ਇਕ ਧਰਮ ਦੇ ਪ੍ਰਤਿ ਨਿਧ ਓਥੇ ਅਪੜੇ ਸਨ। ਸਿਖ ਧਰਮਦਾ ਨੁਮਾਂਇਦਾ ਕੋਈ ਨਹੀ ਗਿਆ, ਵੈਸੇ ਅਮ੍ਰੀਕਨਵਾਸੀ ਸਿਖਾਂਵਿਚੋਂ ਸ਼ੈਦ ਇਕ ਦੋ ਸਜਨ ਹਾਜ਼ਰ ਹੋਏ ਸਨ। ਇਸ ਕਾਨਫਰੰਸ ਵਿਚ ਇਸ ਗੱਲ ਉਤੇ ਵਿਚਾਰ ਭੀ ਕੀਤੀ ਗਈ ਸੀ ਕਿ ਧਰਮ ਮਨੁਖਾਂ ਵਿਚ ਵੰਡੀਆਂ ਪਾਣ ਦੀ ਥਾਂ, ਉਨਾਂ ਨੂੰ ਇਕ ਥਾਂ ਲਿਅੌਣ। ਪਾੜਨ ਦੀ ਥਾਂ ਉਨਾਂ ਨੂੰ ਮੇਲਣ। ਵਿਰੋਧ ਦੀ ਥਾਂ ਸਾਂਝ ਪੈਦਾ ਕਰਨ। ਮਨੁਖ ਜਾਤੀ ਦੀ ਸਮੁਚੀ ਉਨਤੀ ਦੇ ਸਿਲਸਲੇ ਵਿਚ ਉਥੇ ਕਈ ਪਹਿਲੂਆਂ ਉਤੇ ਵਿਚਾਰ ਹੋਈ। ਇਹ ਸਾਰੀ ਕਾਰਵਾਈ ਇਕ ਪੁਸਤਕ ਦੀ ਸ਼ਕਲ ਵਿਚ ਛਪ ਚੁਕੀ ਹੈ। ਵਾਕਫੀਅਤ ਦਾ ਭੰਡਾਰ ਹੈ। ਉਸ ਵਿਚੋਂ" ਧਰਮਾਂ ਦੀ ਸੱਚੀ ਸਾਂਝ' ਉਤੇ ਜੋ ਕੈਲੇਫੋਰਨੀਆਂ ਦੇ ਡਾਕਟਰ ਮੈਨਲੇ ਹਾਲ ਨੇ ਆਪਣੇ ਖਿਆਲ ਦੱਸੇ ਹਨ, ਹੇਠਾਂ ਦਿਤੇ ਜਾਂਦੇ ਹਨ†:—

ਸੰਸਾਰ ਦੇ ਧਰਮਾਂ ਦਾ ਇਕ ਦੂਜੇ ਨਾਲ ਜੋ ਥੋੜਾ ਬਹੁਤ ਮਤਿਭੇਦ ਹੈ, ਉਹ ਬੁਨਿਆਦੀ ਅਸੂਲਾਂ ਤੇ ਵਡੀਆਂ ਜ਼ਰੂਰੀ ਗੱਲਾਂ ਵਿਚ ਨਹੀਂ ਹੈ, ਸਗੋਂ ਬਹੁਤੇ ਭਿੰਨ ਭੇਦ ਗੈਰ ਜ਼ਰੂਰੀ ਤਸ਼ਰੀਹ ਤੇ ਗੁੰਝਲ ਦਾਰ ਸ਼ਰਈ ਬੰਧਨਾਂ ਵਿਚ

ਸ੍ਰੀਮਾਨ ਪ੍ਰੋਫੈਸਰ ਸ਼ੇਰ ਸਿੰਘ ਜੀ ਗਯਾਨੀ ਐਮ. ਏ ਪ੍ਰਸਿਧ ਪੰਜਾਬੀ ਲੇਖਕ ਅਤੇ ਵਿਦਵਾਨ ਹਨ। ਪੰਜਾਬੀ ਸੰਸਾਰ ਵਿੱਚ ਆਪ ਜੀ ਦਾ ਵਖਰਾ ਹੀ ਸਥਾਨ ਹੈ। ਆਪ ਵਡੇ ਵਡੇ ਨੀਰਸ ਵਿਸ਼ਯਾਂ ਨੂੰ ਅਜੇਹਾ ਸਰਸ ਬਣਾ ਦੇਂਦੇ ਹਨ ਕਿ ਤਬੀਯਤ ਪ੍ਰਸੰਨ ਹੋ ਜਾਂਦੀਏ। ਮੇਰੇ ਇਸ ਕਥਨ ਦਾ ਪ੍ਰਮਾਣ ਆਪਦੀ ਲਿਖੀ ਪੁਸਤਕ 'ਮਰਨ ਤੋਂ ਪਿਛੇ' ਹੈ ਮੈਂ ਜਿਨਾਂ ਚਿਰ ਏਹਪੁਸਤਕ ਸਾਰੀ ਨਹੀਂ ਪੜ੍ਹ ਲਈ ਛਡ ਨਹੀ ਸਕਿਆ। ਮਾਤਭਾਸ਼ਾਪੰਜਾਬੀ ਦਾਆਪ ਉਤੇ ਮਾਣ ਹੈ।

ਆਕੇ ਪੈਂਦੇ ਹਨ। ਹਜ਼ਾਰਾਂ ਸਾਲਾਂ ਤੋਂ ਇਹ ਧਰਮਾਂ ਦੀ ਸ਼ਰੁ ਮਨੁਖ ਜਾਤੀ ਨੂੰ ਪਾੜਦੀ ਤੇ ਭਲੇਖਿਆਂ ਵਿਚ ਪਾਂਦੀ ਆਈ ਹੈ। ਉਹ ਮਨੁਖ ਜਿਨ੍ਹਾਂ ਇਕੱਠਿਆਂ ਕੰਮ ਕੀਤਾ, ਇਕੱਠਿਆਂ ਦੁਖ ਝੱਲੇ ਤੇ ਇਕਠੇ ਹੀ ਮਰੇ ਸ਼ਰਈ ਬੰਧਨਾਂ ਵਿਚ ਪੈਕੇ ਇਕ ਦੂਜੇ ਤੋਂ ਪਾਟੇ ਰਹੇ। ਈਸਾਈਅਤ ਫੇਰ ਕਿਥੇ ਰਹਿ ਜਾਂਦੀ ਹੈ। ਜਦ ਕਿ ਪੰਜ ਸੌ ਈਸਾਈ ਫਿਰਕੇ ਵੱਟਾਂ ਪਾ ਪਾ ਕੇ ਇਕ ਦੂਜੇ ਨਾਲੋਂ ਵਖਰਾ ਰਹਿ ਰਹਿ ਕੇ ਜ਼ਿਦ ਬਜ਼ਿਦ ਹਨ। ਧਰਮਾਂ ਵਿਚ ਕਦੇ ਭੀ ਕੋਈ ਸਾਂਝ ਨਹੀਂ ਪੈ ਸਕਦੀ ਜਿਤਨਾ ਚਿਰ ਕਿ ਹਰ ਇਕ ਵਡਾ ਧਰਮ ਫਿਰਕੂ ਜ਼ਿਹਨੀਅਤ ਰਖਦਾ ਹੋਇਆ ਸਭ ਦੇ ਅੰਦਰ ਵੱਜ ਰਹੀ ਆਤਮਿਕ ਤਾਰ ਨੂੰ ਨਹੀ ਸੁਣਦਾ, ਅਥਵਾ ਸਾਂਝੀ ਰੂਹਾਨੀਅਤ ਵੱਲ ਧਿਆਨ ਨਹੀਂ ਦਿੰਦਾ। ਲੋੜ ਇਸ ਗਲ ਦੀ ਨਹੀ ਤੇ ਨਾ ਹੀ ਇਹ ਯੋਗ ਹੈ ਕਿ ਆਪੋ ਆਪਣੀ ਥਾਂ ਕੌਮਾਂ ਤੇ ਨਸਲਾਂ ਦੀ ਆਤਮਿਕ ਅਗਵਾਈ ਕਰਦੇ ਧਰਮਾਂ ਨੂੰ ਇਕਠਿਆਂ ਕਰਕੇ ਇਕੋ ਧਰਮ ਬਣਾ ਦਿਤਾ ਜਾਵੇ, ਪਰੰਤੂ ਇਹ ਅਤਿਜ਼ਰੂਰੀ ਹੈ ਕਿ ਮਨੁਖਾਂ ਵਿਚ ਧਾਰਮਿਕ ਪ੍ਰਵਿਰਤੀ ਨੂੰ ਕੈਮ ਰਖਣ ਵਾਸਤੇ ਅਥਵਾਂ ਮਨੁਖਾਂ ਵਿਚ ਧਰਮ ਸੰਬੰਧੀ ਚਾਉ ਨੂੰ ਪੱਕਿਆ

† ਪੁਸਤਕ ਦਾ ਨਾਮ ਹੈ "World Fellowship" Liveright Publishing Corporation New York.

Sri Satguru Jagjit Singh Ji Elibrary NamdhariElibrary@gmail.com

ਰਖਣ ਵਾਸਤੇ, ਕਿ ਅਸੀਂ ਤੰਗ ਦਿਲੀਆਂ, ਤੇ ਤਅਸੱਬ ਜੇੜ੍ਹੇ ਸਾਡੇ ਦਿਲਾਂ ਵਿਚ ਇਕ ਦੂਜੇ ਵਾਸਤੇ ਘਿਣਾ ਪੈਦਾ ਕਰ ਰਹੇ ਹਨ, ਇਨ੍ਹਾਂ ਤੋਂ ਉਤਾਹਾਂ ਉਠੀਏ ਤੇ ਸਾਡੇ ਧਰਮ ਉਚੇ ਸਦਾਚਾਰੀ, ਆਚਰਣਕ, ਸਮਾਜਿਕ ਤੇ ਸੁਚੇ ਅਸੂਲਾਂ ਦਾ ਪ੍ਰਚਾਰ ਕਰਨ।

ਧਾਰਮਿਕ ਆਦਮੀ ਉਹ ਨਹੀਂ, ਜੇੜ੍ਹਾ ਕਿ ਮੂੰਹੋਂ ਇਹ ਕਹਿੰਦਾ ਹੈ ਕਿ ਮੇਰਾ ਫਲਾਨਾ ਮਜ਼ਹਬ ਹੈ। ਧਰਮ ਅਸਲ ਸਾਡੇ ਅਮਲਾਂ ਅਥਵਾ ਜੀਵਣ ਵਿਚ ਉਚਤਾ ਦਾ ਨਾਮ ਹੈ। ਇਹ ਸਾਡੇ ਕਾਰ ਵਿਹਾਰ ਤੇ ਸੁਭਾਉ ਨੂੰ ਉਚੇਰਿਆਂ ਕਰਦਾ ਹੈ, ਆਦਰਸ਼ਕ ਬਣਾਂਦਾ ਹੈ। ਇਸ ਲਈ ਧਾਰਮਿਕ ਆਦਮੀ ਉਹ ਹੈ, ਜਿਸ ਦੇ ਜੀਵਨ ਬਤੀਤ ਕਰਨ ਦੇ ਅਸੂਲ ਪਸ਼ੂਆਂ ਨਾਲੋਂ ਉਚੇਰੇ ਹਨ ਅਤੇ ਇਨਾਂ ਅਸੂਲਾਂ ਉਤੇ ਅਮਲ ਕਰਨ ਦਾ ਜਤਨ ਕਰਦਾ ਹੈ। ਇਸ ਤਰਾਂ ਕਰਦਾ ਹੋਇਆ ਉਹ ਪਸ਼ੂ ਪੁਣੇ ਤੋਂ ਉਠਕੇ ਸੁਚੇ ਆਦਮੀਆਂ ਦੇ ਮੰਡਲ ਵਿਚ ਪੈਰ ਧਰਦਾ ਹੈ। ਸੰਸਾਰ ਦੇ ਹਜ਼ਾਰਾਂ ਵਿਰੋਧੀ ਮੱਤਾਂ ਦੀਆਂ ਵਖੋ ਵਖ ਦਲੀਲਾਂ ਤੋਂ ਘਬਰਾਇਆ ਹੋਇਆ ਸਾਧਾਰਣ ਆਦਮੀ ਅੱਜ ਆਤਮਕ ਸਚਾਈਆਂ ਨੂੰ ਭੀ ਸ਼ੱਕ ਦੀ ਨਿਗਾਹ ਨਾਲ ਵੇਖਦਾ ਹੈ। ਸਾਧਾਰਣ ਆਦਮੀ ਚਾਂਹਦਾ ਹੈ ਕਿ ਉਹ ਸੁਚਾ ਈਮਾਨਦਾਰੀ ਦਾ ਜੀਵਣ ਬਤੀਤ ਕਰੇ, ਆਪਣੇ ਦਿਨ ਸੋਝੀ ਨਾਲ ਕਟੇ ਤੇ ਚੰਗੇ ਕਟੇ, ਪਰੰਤੂ ਇਨਾਂ ਸਾਫ ਤੇ ਪਰਤੱਖ ਗੁਣਾਂ ਦੇ ਪਾਣੀ ਨੂੰ ਵੀ ਵਰਤ ਮਾਨ ਧਰਮਾਂ ਦੇ ਗੈਰ ਜ਼ਰੂਰੀ ਗੱਲਾਂ ਉਤੇ ਜ਼ੋਰ ਦੇਣ ਤੇ ਤਅਸੱਬਾਂ ਆਦਿ ਨੇ ਇਤਨਾਂ ਗੰਧਾਲਿਆ ਹੈ ਕਿ ਇਸ ਦੁਨੀਆਂ ਵਿਚ ਬਹੁਤੇ ਮਨੁਖ ਹਨੇਰੇ ਦਾ ਹੀ ਧਾਰਮਿਕ ਜੀਵਣ ਬਤੀਤ ਕਰ ਰਹੇ ਹਨ।

ਸਨਅਤੇ ਹਿਰਫਤ—ਕਾਰੀਗਰੀ ਤੇ ਤਿਜਾਰਤ ਦੇ ਟਾਕਰੇ ਵਾਂਗ ਧਰਮਾਂ ਦੇ ਟਾਕਰੇ ਦਾ ਜ਼ਮਾਨਾ ਭੀ ਖਾਤਮੇ ਨੂੰ ਪਹੁੰਚ ਰਿਹਾ ਹੈ। ਇਹ ਸਵਾਲ ਉਕਾ ਹੀ ਗੈਰ ਜ਼ਰੂਰੀ ਤੇ ਬਹੁਤ ਘਟ ਅਹਿਮੀਅਤ ਰਖਦਾ ਹੈ ਕਿ ਇਸ ਗਲਦਾ ਪਤਾਕੀਤਾ ਜਾਵੇ ਕਿ ਕੇੜ੍ਹਾ ਧਰਮ ਰਬ ਦੀ ਮਨਜੀ ਦੇ ਬਹੁਤਾ ਅਨਕੂਲ ਹੈ ਜਾਂ ਕੇੜ੍ਹਾ ਧਰਮ ਕੇੜ੍ਹੇ ਨਾਲੋਂ ਰਬ ਦੇ ਵਾਸਤੇ ਬਹੁਤਾ ਪਿਆਰਾ ਏ ਅਸਲ ਸਵਾਲ ਤਾਂ ਇਹ ਹੈ: ਕਿ ਇਨ੍ਹਾ ਸੰਸਾਰ ਦੇ ਪ੍ਰਚਲਤ ਧਰਮਾਂ ਵਿਚੋਂ ਕੇਹੜਾ ਆਤਮਿਕ ਨਿਯਮਾਂ ਦੀ ਕਸਵੱਟੀ ਉਤੇ ਵਧੇਰੇ ਪੂਰਾ ਉਤਰਦਾ ਹੈ, ਜਾਣੀ ਕਿ ਕਿਸ ਧਰਮ ਵਿਚ ਆਤਮਿਕ ਗੁਣ ਵਧੇਰੇ ਪ੍ਰਧਾਨ ਹੈ ਉਹ ਧਰਮ ਜਿਸਦੇ ਨਿਯਮ ਬਹੁਤੇ ਸਰਬ ਬਿਆਪਕ ਪਿਤਾ ਦੇ ਅਨਕੂਲ ਨਹੀਂ ਉਹੋ ਹੀ ਸਰਬ ਬਿਆਪਕ ਪਿਤਾ ਦੀ ਨਿਗਾਹ ਵਿਚ ਵਧੇਰੇ ਪ੍ਰਮਾਣੀਕ ਤੇ ਮੰਨਣ ਯੋਗ ਹੈ। ਕਿਸੇ ਧਰਮ ਨੂੰ ਮੰਨਣ ਵਾਲਿਆਂ ਦੀ ਬਹੁਤੀ ਗਿਣਤੀ, ਜਾਂ ਉਸਦੇ ਅਸੂਲਾਂ ਦੀ ਪੋਚੀਦਗੀ, ਜਾਂ ਉਸਦੇ ਪ੍ਰਚਾਰਕਾਂ ਦਾ ਬਾਂਕਾਪਨ ਉਚਿਆਂ ਜਾਂ ਵਡਿਆਂ ਨਹੀ ਬਣਾਂਦਾ। ਧਰਮ ਅਸਲੀ ਅਰਥਾਂ ਵਿਚ ਓਦੋਂ ਹੀ ਵੱਡਾ ਜਾਂ ਉਚਾ ਬਣਦਾ ਹੈ, ਜਦ ਕਿ ਉਹ ਮਨੁਖਾਂ ਦੀਆਂ ਮਾਦੀ ਅੱਖਾਂ ਨੂੰ ਆਤਮਿਕ ਕੁੰਜੀ ਨਾਲ ਖੋਲ੍ਹੇ ਅਥਵਾ ਮਨੁਖ ਜਾਤੀ ਦੇ ਆਚਰਣ ਦੇ ਸੁਧਾਰ ਵਿਚ ਈਮਾਨਦਾਰੀ ਨਾਲ ਪ੍ਰਯਤਨ ਕਰੇ। ਜਿਤਨਾਂ ਅਸੀ ਸੰਸਾਰ ਦੇ ਵਡੇ ਵਖ ਧਾਰਮਿਕ ਨਿਯਮਾਂ ਨੂੰ ਵਧੇਰਾ ਪੜਤਾਲ ਦੇਂਦੇ ਹਾਂ, ਉਤਨੀ ਹੀ ਧਾਰਮਿਕ ਏਕਤਾ ਦੀ ਵਧੇਰੀ ਸੰਭਾਵਨਾਂ ਤੇ ਆਸ ਬੱਝ ਰਹੀ ਹੈ। ਵਰਤਮਾਨ ਧਰਮਾਂ ਵਿਚ ਜਿਤਨੇ ਮਤ ਭੇਦ ਪੈਦਾ ਹੋ ਗਏ ਹਨ, ਇਹ ਅਰੰਭ ਵਿਚ ਏਤਨੇ ਨਹੀ ਸਨ। ਧਰਮਾਂ ਦੀ ਤਸ਼ਰੀਹ ਤੇ ਤਫਸੀਲ ਇਸ ਭਿੰਨ ਭੇਤ ਦਾ ਕਾਰਣ ਹੋਈ ਹੈ। ਧਰਮਾਂ ਵਿਚੋਂ ਜੋ ਤੰਗ ਦਿਲੀ

Sri Satguru Jagjit Singh Ji Elibrary NamdhariElibrary@gmail.com

ਦੇਖੀ ਜਾ ਰਹੀ ਹੈ, ਉਹ ਉਨ੍ਹਾਂ ਧਰਮਾਂ ਦੇ ਬਾਨੀਆਂ ਵਿਚ ਨਹੀਂ ਸੀ। ਸਗੋਂ ਉਨ੍ਹਾਂ ਦੇ ਪਿਛੋਂ ਉਨ੍ਹਾਂ ਦੇ ਪ੍ਰਚਾਰ ਕਰਨ ਵਾਲੇ ਜੋਸ਼ੀਲੇ ਪਰ ਮੁਤਅਸਬ ਮੁਰੀਦਾਂ ਦੇ ਕਰਕੇ ਆਈ ਹੈ। ਧਰਮਾਂ ਦੇ ਮੁਢਲੇ ਅਲਹਾਮ ਨਿਰੋਲ ਤੇ ਸੁਚੇ ਸਨ। ਏਸੇ ਲਈ ਇਕ ਦੂਜੇ ਦੇ ਵਧੇਰੇ ਨੇੜੇ ਸਨ। ਹੁਣ ਉਨ੍ਹਾਂ ਅਲਹਾਮਾਂ ਵਿਚ ਮਿੱਸ ਪੈ ਗਈ ਹੈ ਤੇ ਉਨ੍ਹਾਂ ਨੂੰ ਮੰਨਣ ਵਾਲਿਆਂ ਨੇ ਆਪਣੇ ਮਤਲਬ ਵਾਸਤੇ ਭੰਨ ਤੋੜ ਲਿਆ ਹੈ। ਕਾਰਣ ਇਹ ਜੋ ਉਹ ਆਪਣੇ ਧਰਮ ਦੇ ਬਾਨੀ ਜਿਤਨਾਂ ਗਿਆਨ ਤੇ ਧਿਆਨ ਨਹੀਂ ਰਖਦੇ। ਇਸੇ ਕਰਕੇ ਹੀ ਧਰਮਾਂ ਦੀ ਮੌਜੂਦਾ ਹਾਲਤ ਵਿਚ, ਇਨ੍ਹਾਂ ਵਿਚ ਇਕ ਸੱਚੀ ਸਾਂਝ ਪੈਦਾ ਕਰਨ ਦੀ ਡਾਢੀ ਲੋੜ ਹੈ। ਵਾਸਤਵ ਵਿਚ ਅਸਲੀ ਧਰਮਾਂ ਵਿਚ ਸੱਚੀ ਸਾਂਝ ਮੂੱਢ ਵਿਚ ਵੀ ਮੌਜੂਦ ਸੀ।

ਲਫਜ਼ ਝਮੇਲੇ ਦਾ ਕਾਰਣ ਹੁੰਦੇ ਹਨ, ਇਸੇ ਲਈ ਵਧੇਰੇ ਖ਼ਤਰਾ ਲਫਜ਼ਾਂ ਵਿਚ ਹੀ ਹੈ। ਅਣਜਾਣ ਆਦਮੀ ਲਫਜ਼ਾਂ ਦੀ ਵਿਖਾਵੇ ਦੀ ਬੈਟ੍ਰਨੀ ਅਧਕਤਾ—ਅਹਿਮੀਅਤ ਦੇ ਧੋਖੇ ਵਿਚ ਆ ਜਾਂਦੇ ਹਨ। ਫਿਲਟਿਆ ਤੇ ਬੇ ਨਿਯਮਾ ਕੋਸ਼ ਰਲਤ' ਫਹਿਮੀ ਦਾ ਭੰਡਾਰ ਹੁੰਦਾ ਹੈ। ਲਫਜ਼ਾਂ ਦੀ ਜਿਤਨੀ ਰਿਣਤੀ ਬਹੁਤ ਹੁੰਦੀ ਜਾਂਦੀ ਹੈ, ਉਤਨਾਂ ਹੀ ਅਸੀਂ ਇਕ ਦੂਸਰੇ ਦੇ ਭਾਵਾਂ ਨੂੰ ਗਲਤ ਸਮਝਦੇ ਹਾਂ ਤੇ ਆਪਣੇ ਭਾਵ ਨੂੰ ਗਲਤ ਬਿਆਨ ਕਰਦੇ ਹਾਂ। ਅਸੀਂ ਵਡੇ ੨ ਵਖਿਆਨ ਤੇ ਲੈਕਚਰ ਤਿਆਰ ਕਰ ਲੈਂਦੇ ਹਾਂ, ਜਿਨ੍ਹਾਂ ਦਾ ਇਕ ੨ ਲਫ਼ਜ਼ ਨਿਆਇਕ ਉਕਤੀਆਂ ਯੁਕਤੀਆਂ ਵਿਚ ਪੂਰਣ ਹੁੰਦਾ ਹੈ। ਅਸੀਂ ਜ਼ੀਅਸ ਦੇਵਤੇ ਨੂੰ ਮੰਨਣ ਵਾਲੇ ਨੂੰ ਬੁਤ ਪ੍ਰਸਤ ਸਮਝਦੇ ਹਾਂ, ਬ੍ਰਹਮ ਦੇ ਪੁਜਾਰੀ ਨੂੰ ਕਾਫਿਰ ਖਿਆਲ ਕਰਦੇ ਹਾਂ ਤੇ ਕੇਵਲ ਗਾਡ (ਈਸਾਈਆਂ ਦਾ ਰੱਬ) ਉਤੇ ਈਮਾਨ ਲਿਆਉਣ ਵਾਲੇ ਨੂੰ ਹੀ ਧਰਮੀ ਜਾਣਦੇ ਹਾਂ। ਸਾਧਾਰਣ ਆਦਮੀ ਲਈ ਗਾਡ ਸਦ ਦੇ ਕੋਈ ਅਰਥ ਨਹੀ ਹਨ ਤੇ ਇਹ ਸ਼ਬਦ ਉਸ ਲਈ ਕਿਸੇ ਰਬੀ ਗੁਣ ਨੂੰ ਨਿਰੂਪਣ ਨਹੀ ਕਰਦਾ। ਇਸ ਗਾਡ ਸ਼ਬਦ ਦਾ ਇਕੋ ਲਾਭ ਹੈ ਕਿ ਸਾਡੀ ਵਰਤੋਂ ਵਿਚ ਇਹ ਆਮ ਆ ਗਿਆ ਹੈ ਤੇ ਇਹ ਸਾਡਾ ਹੈ। ਇਸ ਲਿਹਾਜ਼ ਨਾਲ ਸਾਡੇ ਵਿਚ ਰੱਤੀ ਭੀ ਧਾਰਮਿਕ ਪਣਾ ਨਹੀ ਹੈ, ਕਿਉਂ ਜੋ ਅਸੀਂ ਇਹ ਸਮਝਣੋ ਅਸਮਰਥ ਹਾਂ ਕਿ ਜ਼ੀਅਸ, ਜਹੋਵਾ, ਅੱਲਾ ਤੇ ਗਾਡ ਸਭ ਇਕੋ ਹੀ ਹਸਤੀ ਦੇ ਨਾਮ ਹਨ। ਹਾਂ ਵਖੋ ਵਖ ਇਲਾਕਿਆਂ ਵਿਚ ਵਖੋ ਵਖ ਕੌਮਾਂ ਦੇ ਅਤਿ ਪਿਆਰ ਨਾਲ ਆਪਣੀ ੨ ਬੋਲੀ ਵਿਚ ਘੜੇ ਹੋਏ ਸ਼ਬਦ ਹਨ। ਏਸ ਲਈ ਜਿਤਨਾਂ ਚਿਰ ਤਕ ਸਾਡੇ ਤੰਗ ਦਿਲੇ ਪ੍ਰਚਾਰਕ ਸਾਨੂੰ ਏਸ ਗਲ ਦਾ ਹੌਂਸਲਾ ਦਿੰਦੇ ਹਨ ਤੇ ਜਿਤਨਾਂ ਚਿਰ ਸਾਨੂੰ ਸਾਡਾ ਅਣਜਾਣ ਪੁਣਾ ਇਹ ਆਗਿਆ ਦਿੰਦਾ ਹੈ ਕਿ ਧਰਮਾਂ ਵਿਚੋਂ ਕੋਈ ਧਰਮ ਉਚਾ ਨੀਵਾਂ ਭੀ ਹੈ ਜਾਂ ਕੋਈ ਭਿੰਨ-ਭੇਤ ਹੈ, ਜੇੜ੍ਹਾ ਕਿ ਵਾਸਤਵ ਵਿਚ ਹੈ ਨਹੀਂ, ਉਤਨਾਂ ਚਿਰ ਸਾਡੇ ਧਰਮ ਬਤੌਰ ਆਤਮਿਕ ਸ਼ਕਤੀ ਦੇ ਖੱਸੀ ਤੇ ਨਿਕਾਰੇ ਹਨ।

ਮਨੁਖ ਆਪਣੇ ਰੱਬਾਂ ਅਗੇ ਲੰਮੀਆਂ ੨ ਪ੍ਰਾਰਥਨਾਵਾਂ ਕਰਦੇ ਹਨ, ਜੇੜ੍ਹੀਆਂ ਅਰਦਾਸਾਂ ਕਿ ਅਸਲ ਵਿਚ ਉਨ੍ਹਾਂ ਦੀਆਂ ਤ੍ਰਿਸ਼ਨਾਵਾਂ ਤੇ ਕਾਮਨਾਵਾਂ ਦਾ ਲਫਜ਼ੀ ਵਿਸਥਾਰ ਹੁੰਦਾ ਹੈ, ਉਹ ਆਪਣੇ ਰੱਬ ਅਗੇ ਦੁਇ ਕਰ ਜੋੜ ਬੇਨਤੀਆਂ ਕਰਦੇ ਹਨ ਕਿ ਉਹ ਉਨ੍ਹਾਂ ਦਾ ਖਾਸ ਕਰਕੇ ਅੰਗ ਸੰਗ ਸਹਾਈ ਹੋਵੇ ਤੇ ਮਨੁਖ ਮਾਤਰ ਅਥਵਾ

Sri Satguru Jagjit Singh Ji Elibrary NamdhariElibrary@gmail.com

ਸਰਬੰਤ ਦੇ ਭਲੇ ਤੋਂ ਵਖਰਾ ਤੇ ਬਹੁਤਾ ਭਲਾ ਉਨ੍ਹਾਂ ਦਾ ਹੋਵੇ। ਅਜੇਹੀਆਂ ਪ੍ਰਾਰਥਨਾਵਾਂ ਭੁਲੇਖੇ ਤੇ ਭਰਮ ਨਾਲ ਭਰੀਆਂ ਹੋਈਆਂ ਹਨ। ਆਤਮਿਕ ਮੰਡਲ ਵਿਚ ਭੀ ਸਾਨੂੰ ਲਫਜ਼ਾਂ ਨੇ ਪਾੜ ਛਡਿਆ ਹੈ ਤੇ ਇਨ੍ਹਾਂ ਲਫਜ਼ੀ ਝੇੜਿਆਂ ਵਿਚ ਸਚਾਈ ਗੁੰਮ ਹੋ ਗਈ ਹੈ। ਇਸ ਲਈ ਆਓ ਧਾਰਮਿਕ ਮੰਡਲ ਵਿਚ ਅਸੀਂ ਲਫਜ਼ਾਂ ਦਾ ਤਿਆਗ ਕਰੀਏ ਤੇ ਚੁਪ ਦੇ ਬਾਗ਼ ਦੀ ਸੈਰ ਕਰੀਏ। ਅਸੀਂ ਲਫਜ਼ਾਂ ਵਲ ਨਾ ਜਾਈਏ ਗੁਣਾਂ ਨੂੰ ਸਮਝੀਏ, ਭਾਵਾਂ ਦੇ ਸਮਝਣ ਦਾ ਜਤਨ ਕਰੀਏ। ਮਿੱਤਰਤਾ ਤੇ ਪਿਆਰ ਪ੍ਰੇਮ ਦੀਆਂ ਲਹਿਰਾਂ ਨੂੰ ਚੁਪ ਕੀਤੇ ਹੀ ਪਰਸੀਏ। ਪਿਆਰ ਦੀ ਸਾਦੀ ਹਥ ਜੋੜਕੇ ਕੀਤੀ ਪ੍ਰਨਾਮ, ਜਾਂ ਦਿਲ ਦੀ ਸਚਾਈ ਸਫਾਈ ਨਾਲ ਸਤਿਕਾਰ ਦੇ ਚੁਪ ਕੀਤੇ ਇਸ਼ਾਰੇ ਵਿਚ ਜਿਤਨਾਂ ਸੁਚੇ ਧਰਮ ਦਾ ਸੁਨੇਹਾ ਹੈ, ਉਤਨਾਂ ਸੈਂਕੜੇ ਲਫਜ਼ਾਂ ਦੇ ਲੇਖਾਂ ਜਾਂ ਲੈਕਚਰਾਂ ਤੇ ਵਿਆਖਾਨਾਂ ਵਿਚ ਨਹੀ। ਵਰਤਮਾਨ ਧਰਮ ਨੂੰ ਚਾਹੀਦਾ ਹੈ ਕਿ ਇਸ ਦੁਖੀ ਸੰਸਾਰ ਨੂੰ ਕਿਸੇ ਸਾਂਝੇ ਆਦਰਸ ਪ੍ਰਾਪਤੀ ਦੀ ਸਿਖਿਆ ਦੇਵੇ।

ਆਓ ਅਸੀਂ ਹਰਮੀਜ਼ ਦੀ ਫਲਸਫੇ ਭਰੀ ਪ੍ਰਾਰਥਨਾਂ ਨਾਲ ਇਨ੍ਹਾਂ ਗੱਲਾਂ ਦਾ ਭੋਗ ਪਾਈਏ। ਇਸ ਪ੍ਰਾਰਥਨਾ ਵਿਚ ਸੋਹਣੀ ਤੇ ਸਾਦੀ ਤਰਾਂ ਮਨੁਖ ਦਾ ਮਨੋਰਥ ਦਸਿਆ ਹੈ:- ਹੇ ਪੂਰਣ ਹਿਕਮਤ ਦੇ ਧਨੀ! ਤੇਰਾ ਸਾਜਿਆ ਹੋਇਆ ਆਦਮੀ ਇਸ ਉਡੀਕ ਵਿਚ ਹੈ ਕਿ ਉਸ ਨੂੰ ਤੂੰ ਕੇੜੇ ੨ ਕੰਮਕਰਨ ਲਈ ਆਗਿਆ ਕਰਦਾ ਹੈਂ! (ਤਾਂ ਜੋ ਉਹ ਹੁਕਮ ਅਨੁਸਾਰ ਹੀ ਸਭ ਕੁਝ ਕਰੇ)

—:—o—:—

ਅੱਜ ਆਉਣ ਵਾਲਾ ਕੌਣ ਹੈ?

(ਵਲੋਂ ਪ੍ਰੀਤਮ ਸਿੰਘ ਜੀ 'ਕਵੀ' ਸ੍ਰੀ ਭੈਣੀ ਸਾਹਿਬ)

ਉਹ ਕੌਣ ਹੈ? ਜਿਸਦੇ ਬੀਚਆਂ ਨੇ, ਗਊਆਂ ਦਾ ਕਸ਼ਟ ਹਟਾਵਣ ਨੂੰ।
ਉਹ ਕੌਣ ਹੈ? ਜਿਸਦ ਪੁਤ੍ਰਾਂ ਨੇ, ਕਲਿਜੁਗ ਵਿਚ ਸਤਿਜੁਗ ਲਾਵਣ ਨੂੰ।
ਉਹ ਕੌਣ ਹੈ? ਜਿਸਦੇ ਬੀਰਾਂ ਨ, ਭਾਰਤ ਆਜ਼ਾਦ ਕਰਾਵਣ ਨੂੰ।
ਉਹ ਕੌਣ ਹੈ? ਜਿਸਦੇ ਸਿਖਾਂ ਨੇ, ਜ਼ੁਲਮਾਂ ਦਾ ਰਾਜ ਹਟਾਵਣ ਨੂੰ।
ਤੋਪਾਂ ਸੇ ਉਡ ਫਾਂਸੀ ਤੇ ਚੜ੍ਹ, ਏਦੂੰ ਵਧ ਕਸ਼ਟ ਸਹਾਰੇ ਨੇ।
ਪਰ ਕੀ ਮਜ਼ਾਲ ਜੋ ਇਕ ਵੇਰਾਂ ਵੀ "ਹਾਇ" ਦਾ ਸ਼ਬਦ ਪੁਕਾਰੇ ਨੇ।
ਉਹ ਹੈ ਸ੍ਰੀ ਸਤਿਗੁਰ "ਰਾਮ ਹਰੀ" ਜੋ ਦੀਨ ਦੁਨੀ ਦਾ ਮਾਲਿਕ ਹੈ।
ਸਭ ਸੋਵ ਜੰਤ ਪਸੁ ਪੰਛੀ ਦਾ, ਅਰ ਨਰ ਨਾਰਾਂ ਦਾ ਪਾਲਿਕ ਹੈ।
ਜੋ ਸ਼ੁਭ ਕਰਮਾਂ ਦਾ ਪਿਆਰਾ ਹੈ, ਅਰ ਮੰਦ ਕਰਮਾਂ ਦਾ ਗਾਲਿਕ ਹੈ।
ਸੰਤਾਂ ਦਾ ਸਦਾ ਸਹਾਈ ਹੈ, ਦੁਸ਼ਟਾਂ ਦਾ ਮੁਢ ਤੋਂ ਘਾਲਿਕ ਹੈ।
ਅਜ ਓਸੇ ਚੀਨੀ ਵਾਲੇ ਦਾ, ਇਹ ਜਨਮ ਦਿਵਸ ਸ਼ੁਭ ਆਇਆ ਹੈ।
ਜਿਸਦਾ ਜਸ ਵੇਦ ਪੁਰਾਨਾਂ ਨੇ, ਬੇਅੰਤ ਬੇਅੰਤ ਅਲਾਇਆ ਹੈ।

Sri Satguru Jagjit Singh Ji Elibrary NamdhariElibrary@gmail.com

"ਚੀਨੀ ਦੇ ਸਵਾਰ ਨਾਲ

(ਵਲੋਂ ਸੁਦਾਗਰ ਕੇਸਰ ਸਿੰਘ ਜੀ ' ਗੁਲਸ਼ਨ ਮੜਯਾਲ ੨੦ ਚਕ ਜਿਲਾ ਸ਼ੇਖੂਪੁਰ)

ਉੱਠਿਆ ਸਵੇਰੇ ਅਜ ਵਕਤ ਸੁਹਾਵਨਾਂ ਸੀ ਪੰਛੀ ਪਏ ਚਹਿਕਦੇ ਸੀ ਬੜੇ ਹੀ ਪਯਾਰ ਨਾਲ।
ਓਹਨਾਂਦੀ ਆਵਾਜ਼ ਸੁਣ ਮੇਰਾ ਦਿਲਨੀਝਗਿਆਓਹਨਾਂਪਾਸਪਹੁੰਚਿਆਂਮੈਂ ਹੌਲੀ ਰਫਤਾਰ ਨਾਲ।
ਬੋਲੀਆਂ ਉਹ ਬੋਲਦਸੀ ਏਡੀਮਿੱਠੀ ਸੁਰਾਂ ਵਿਚਜਿਵੇਂਕੋਈ ਰਾਗੀਸੋਹਣਾ ਗਾਵੰਦਾ ਸਤਾਰ ਨਾਲ।
ਮਰਵਾ ਰਵੇਲ ਗੋਂਦਾ ਸੋਸ਼ਨ ਗੁਲਾਬ ਚੰਬਾ ਖਿੜਿਆ ਤੇ ਮਹਿਕਦਾ ਸੀ ਆਪਣੀ ਬਹਾਰ ਨਾਲ।
ਮੋਲਸਰੀ ਮਾਲਤੀ ਪ੍ਰੇਮ ਵਿੱਚ ਰੱਤੀਆਂ ਸੀ ਏਸ ਲਈ ਝੂਲ ਰਹੀਆਂ ਆਪਣੀ ਕਤਾਰ ਨਾਲ।
ਸੁਬਲ ਭੀ ਜ਼ੁਲਫਾਂ ਸੰਵਾਰ ਕੇਸੀ ਖ਼ੁਸ਼ ਹੋਈਇਹ ਭੀ ਰਲੀ ਦਿਸੇ ਅੱਜ ਸਾਰੇ ਗੁਲਜ਼ਾਰ ਨਾਲ।
ਬੁਲਬੁਲ ਚਹਿਕਦੀਤੇ ਮਹਿਕਦੇਸੀਫੁੱਲਪੱਤੇ"ਪੀਆਪੀਆ"ਕਰੇਪੀਆ"ਪੀਏ"ਨੂੰ ਪਯਾਰ ਨਾਲ।
ਬੜੀ ਦਿਲ ਮੋਹਿਣੀ ਤੇਰਸੀਲੀ ਜੋਹੀਆਵਾਜ਼ਵਿਚਕੋਇਲਪਏਕੂਕਦੀ ਸੀਬੜੇਹੀ ਪਯਾਰ ਨਾਲ।
ਸਮਾਂ ਇਹ ਬ੍ਰਜ ਵਾਲਾ ਬਣਿਆਂ ਸੁਹਾਵਣਾਂ ਸੀ ਗੋਪੀਆਂ ਦੀਰਾਸਜਿਵੇਂ ਕ੍ਰਿਸ਼ਨ ਮੁਰਾਰ ਨਾਲ।
ਚਾਹਵੰਦਾ ਸੀ ਦਿਲ ਸਮਾਂ ਇਹੋ ਜਿਹਾਰੋਜ਼ਦਿਸੇ ਦੇਖਦਾ ਮੈਂ ਰਹਿਆਬੜਾ ਚਿਰ ਤੇ ਕਰਾਰ ਨਾਲ।
ਇਹੋ ਜਿਹਾ ਸਮਾਂ ਤੇ ਆਰਾਮ ਬੜਾ ਹੋਂਦਿਆਂ ਭੀ ਦਿਸਦੇ ਸੀ ਰੁਠੇ ਸਭਕਿਸੇ ਦਿਲਦਾਰ ਨਾਲ।
ਓਹਨਾਂ ਨੂੰ ਮੈਂਪੁਛਿਆਨਰਾਸਤੁਸੀਂਕੀਹਦੇਨਾਲ ਵੇਖੋ ਸਮਾਂਆਇਆ ਸੋਹਣੀਲੈਕੇਬਹਾਰ ਨਾਲ।
ਅਗੋਂਇਹਜਵਾਬਦਿੱਤਾਸਾਰਿਆਂਨੇ ਰਲ ਮੈਨੂੰ 'ਉਚੀ'' 'ਹੌਲੀ'' ਪਯਾਰੀ ਅਤੇ ਮਿਠੀ ਗੁਫਤਾਰ ਨਾਲ।
ਰਲ ਕੇ ਇਹ ਕਹਿਣ ਛੱਡ ਦੇ ਤੂੰ ਝੇੜੇ"ਗੁਲਸ਼ਨ"ਇਕੋ ਹੈਆਰਾਮਸਾਨੂੰਚੀਨੀ ਦੇ ਸਵਾਰ ਨਾਲ।

'ਗੁਲਸ਼ਨ ਬਸੰਤ ਰੁਤ ਅਸਾਂ ਨੂੰ ਨ ਭਾਂਵਦੀ

ਬੀਤ ਜਾਂਦਾ ਦਿਨ ਮੈਨੂੰ ਸਾਰਾ ਹਾ ਵਿਚਾਰਾਂ ਵਿੱਚ ਏਸ ਤਰ੍ਹਾਂ ਸੋਚਾਂ ਵਿਚ ਰਾਤ ਹਾਂ ਬਿਤਾਵੰਦੀ।
ਪੀਆ ਪ੍ਰਦੇਸ ਗਏ ਸੁਧ ਨਹੀਂ ਲੀਨੀ ਆਨ ਉਨ੍ਹਾਂ ਦੇ ਵਿਯੋਗ ਵਿੱਚ ਘੜੀਆਂ ਗਿਨਾਵੰਦੀ।
ਕਦੋਂ ਮਾਹੀ ਆਵ ਤੇ ਲਗਾਵੇ ਗਲੇ ਅਸਾਂ ਨੂੰ ਭੀ ਯਾਦਇਹ ਪਯਾਰੜੇਦੀਦਿਲ ਨੂੰ ਸਤਾਵੰਦੀ।
ਦਿਲ ਹੈ ਬੇਚੈਨ ਧੀਰ ਏਸ ਨੂੰ ਨ ਆਵੰਦੀ ਏ ਮਾਹੀ ਦੇ ਮੈਂ ਰਾਹ ਉਤੇ ਅੱਂਸੀਆਂ ਹਾਂ ਪਾਵੰਦੀ।
ਵੇਲਾ ਨਹੀਂ ਐਸਾ ਕੋਈ ਜਦੋਂ ਦਿਲ ਖ਼ੁਸ਼ ਹੋਵੇ ਹਰ ਘੜੀ ਦਰਦਾਂ ਦੇ ਗੀਤ ਹਾਂ ਮੈਂ ਗਾਵੰਦੀ।
ਹੋਵੇ ਨ ਧਿਆਨ ਲਾਂਭੇ ਦਿਲ ਨੂੰ ਨ ਚੈਨ ਆਵੇ ਰਹੀ ਏਸ ਤਾਈਂ ਮੈਂ ਤਾਂ ਏੜਾ ਪ੍ਰਚਾਵੰਦੀ।
ਭੁਲਦਾ ਨਹੀਂ ਇਕ ਘੜੀ ਦਿਲ ਦਾ ਓਹਜਾਨੀ ਮੈਨੂੰ ਓਸਦੇ ਫਰਾਕ ਦੇ ਮੈਂ ਕੀਰਨੇ ਹਾਂ ਪਾਵੰਦੀ।
ਹਾੜੇ ਕਰਾਂ ਰੱਬ ਅੱਗੇ ਸੁਣਦਾ ਨਹੀਂ ਗਲ ਉਹ ਭੀ ਦਿਲ ਭੀ ਨ ਮੰ ਨੇਪਈਇਹਨੂੰ ਸਮਝਾਵੰਦੀ।
ਇਕ ਵਾਰ ਆਕੇ ਤੇ ਮਿਲੇ ਦਿਲਦਾਰ ਮੈਨੂੰ ਹੱਥ ਜੋੜ ਤੇਰੇ ਅੱਗੇ ਵਾਸਤਾ ਹਾਂ ਪਾਵੰਦੀ।
ਹਾਲ ਨਹੀਂ ਜੀਵਨੇ ਦਾ ਰਹਿਆ ਸੰਸਾਰ ਵਿੱਚ ਤੇਰੇ ਬਿਨਾਂ ਜ਼ਿੰਦਗਾਨੀ ਬਿਰਥਾ ਹੈ ਜਾਵੰਦੀ।
ਹੋਵਾਂਗੀ ਨਿਹਾਲ ਲੱਖ ਸ਼ੁਕਰ ਮਨਾਵਸਾਂਗੀ ਸੁਣਾਂਗੀ ਮੈਂ ਮਾਹੀ ਦੀ ਸਵਾਰੀ ਜਦ ਆਵੰਦੀ।
"ਚੀਨੀ ਦੇ ਸਵਾਰ"ਸਤਿਗੁਰੂ ਰਾਮ ਸਿੰਘ ਬਿਨਾਂ"ਗੁਲਸ਼ਨ"ਬਸੰਤ ਰੁਤ ਅਸਾਂ ਨੂੰ ਨ ਭਾਵੰਦੀ।

Sri Satguru Jagjit Singh Ji Elibrary NamdhariElibrary@gmail.com

ਇਲਾਹੀ ਦਾਤੇ ਦਾ ਬਰ੍ਹਮਾਂ ਦੇਸ਼ ਵਿਚ ਫੇਰਾ

(ਵਲੋਂ ਸੀ ਮਾਨ ਸਦਾਰ ਗੁਰਦਿਤ ਸਿੰਘ ਜੀ ਕਮਲ ਮੁਜ਼ੱਫਰ ਪੁਰ)

ਸ੍ਰੀ ਸਤਿਗੁਰੂ ਜਗਜੀਤ ਸਿੰਘ ਪੁਸਤਕਾਲਯ
ਪੁਸਤਕ ਨੰ:.....
ਅਲਮਾਰੀ.....
ਸ੍ਰੀ ਭੈਣੀ ਸਾਹਿਬ

ਦਲ ਉਠ ਮਨਾਂ—ਮਸਤਾਨੇ ਹੋ—ਆਕਾਸ਼ ਉਡਾਰੀ ਲਾ ਲਈਏ
ਏਮਾ ਤੇ ਚੀਨ ਸਿਆਮ ਸਾਰੇ—ਦੇਸਾਂ ਵਿਚ ਫੇਰਾ ਪਾ ਲਈਏ
ਉਸ ਪ੍ਰੀਤਮ ਅਰਸ਼ੀ ਦਾਤੇ ਦੇ—ਦਰਸ਼ਨ ਜਾ ਓਥੇ ਪਾ ਲਈਏ
ਜਿਏ, ਜਿਏ ਉਸ ਚਰਨ ਪਾਏ-ਧੂੜੀ ਚੁਕ ਮਸਤਕ ਲਾ ਲਈਏ।

(੧)

ਹਿੰਦੋਸਤਾਨ ਦੇ ਪੂਰਬੀ ਪਾਸੇ ਵਲ ਇੰਗਾਲੇ ਤੋਂ ਅਗੇ ਸਮੁੰਦਰ ਤੇ ਪਹਾੜਾਂ ਨੂੰ ਲੰਘਕੇ ਇਕ ਸੋਹਣਾਂ ਬਰਮਾਂ ਦੇਸ ਵਸ ਰਿਹਾ ਹੈ—ਜਿਸਦੀ ਇਕ ਹਦ ਅਸਾਮ ਬੰਗਾਲ ਨਾਲ ਤੇ ਦੂਸਰੀ ਸਿਆਮ—ਚੀਨ ਨਾਲ ਲਗਦੀ ਹੈ। ਭਾਵੇਂ ਐਸ ਵੇਲੇ ਇਹ ਦੇਸ਼ ਇਕ ਨਵਾਂ ਤੇ ਨਿਰਾਲੀ ਸ਼ਾਨ ਵਾਲਾ ਫੱਬ ਰਿਹਾ ਤੇ ਦਿਨ ਦਿਨ ਚੜ੍ਹਦੀ ਕਲਾ ਵਲ ਜਾ ਰਿਹਾ ਹੈ ਪਰ ਜਿਸ ਵੇਲੇ ਦਾ ਇਹ ਲੇਖਕ ਜਿਕਰ ਕਰ ਰਿਹਾ ਹੈ ਓਸ ਵੇਲੇ ਇਸਦੀ ਸ਼ਾਨ ਕੋਈ ਏਡੀ ਉਚੀ ਨਹੀਂ ਸੀ। ਇਹ ਸੰਮਤ ੧੯੭੨ ਈਸਵੀ ਦਾ ਸਮਾਂ ਹੈ ਜਦ ਕਿ ਨਾਂ ਏਥੇ ਬਹੁਤੀ ਵਿਦਯਾ, ਨਾ ਏਡੀ ਉਚੀ ਸਭਯਤਾ ਨਾਂ ਤੈਹਜੀਬ ਤੇ ਜਾਗ੍ਰਤ ਹੀ ਪੈਦਾ ਹੋਈ ਸੀ। ਅੰਗ੍ਰੇਜ਼ ਭੀ ਅਜੇ ਏਥੇ ਨਵੇਂ ਨਵੇਂ ਹੀ ਆਏ ਸਨ ਤੇ ਆਪਣੀ ਕਿਲੇ ਬੰਦੀ ਕਰਨ ਦੇ ਹੀ ਯਤਨ ਵਿਚ ਰੁਝੇ ਹੋਏ ਸਨ। ਹਿੰਦੁਸਤਾਨੀ ਭੀ ਅਜੇ ਥੋੜੇ ਘਟ ਹੀ ਨਜਰ ਆਂਦੇ ਸਨ ਪਰ ਸਿਖ ਤਾਂ ਕੋਈ ਵਿਰਲਾ ਟਾਵਾਂ ਹੀ ਓਥੇ ਪੁਜਾ ਸੀ ਤੇ ਘਟ ਹੀ ਆਵਾ ਜਾਈ ਹੋਈ ਸੀ। ਓਸ ਵੇਲੇ ਤੇ ਇਸਤੋਂ ਪਹਿਲਾਂ ਇਹ ਦੇਸ਼ ਹਿੰਦ ਦਾ ਕਾਲਾ ਪਾਣੀ ਸਮਝਿਆ ਜਾਂਦਾ ਸੀ ਤੇ ਹਿੰਦੁਸਤਾਨ ਦੇ ਕਈ ਦੇਸ਼ ਭਗਤਾਂ ਨੂੰ ਏਥੇ ਜਲਾ ਵਤਨ ਕੀਤਾ ਜਾਂਦਾ ਸੀ।

(੨)

ਬਰਮਾਂ ਦੇਸ਼ ਦੀ ਗੰਗਾ ਦਰਿਆ ਐਂਰਾਵਤੀ ਆਪਣੇ ਅਬਚਲੀ ਵੇਗ ਦੀਆਂ ਲੈਹਰਾਂ ਵਿਚ ਠਾਠਾਂ ਮਾਰਦੀ—ਉਛਾਲੇ ਲੈਂਦੀ ਤੇ ਅਠਖੇਲੀਆਂ ਕਰਦੀ ਆਪਣੀ ਮਸਤੀ ਦੀ ਮੌਜ ਅੰਦਰ ਵਗਦੀ ਜਾ ਰਹੀ ਹੈ ਤੇ ਏਸਦੇ ਕਿਨਾਰੇ ਉਪਰ ਹੀ ਬਰਮਾ ਦੀ ਰਾਜਧਾਨੀ ਰੰਗੂਨ ਸ਼ਹਿਰ ਵਸ ਰਿਹਾ ਹੈ। ਰੰਗੂਨ ਸ਼ੈਹਰ ਦੀਆਂ ਖੁਲ੍ਹੀਆਂ ਚੌੜੀਆਂ ਸਫਾਈ ਦਾਰ ਚਿਲਕਦੀਆਂ ਸੜਕਾਂ ਉਚੀਆਂ ਇਮਾਰਤਾਂ—ਵਡੇ-ਵਡੇ ਟਾਵਰ, ਮੁਨਾਰੇ ਤੇ ਸਭ ਤੋਂ ਉਚੇਬੋਧੀ ਮੰਦਰ ਆਪਣੀਨਿਰਾਲੀ ਤੇ ਉਚੀ ਸ਼ੋਭਾ ਦੇ ਰਹੇ ਹੈਨ॥ ਪਰ ਓਸ ਵੇਲੇ ਜਦ ਕਿ ਮੇਰੇ ਚੀਨੀ ਵਾਲੇ ਪਾਤਸ਼ਾਹ ਨੇ ਏਸ ਧਰਤੀਉਪਰ ਚਰਨ ਪਾਏਸਨ ਤਾਂ ਉਸ ਵੇਲੇ ਇਹ ਰੋਣਕਾਂ ਨਹੀਂ ਸਨ ਬਲਕਿ ਪਕਾ ਮਕਾਨ ਭੀ ਕੋਈ ਟਾਵਾਂ ਹੀ ਨਜਰੀਂ ਪੈਂਦਾ ਸੀ। ਅੰਗ੍ਰੇਜਾਂ ਦੀ ਵਸੋਂ ਨੇ ਕਿਤੇ ਕਿਤੇ ਲਕੜ ਦੇ ਬੰਗਲੇ ਤੇ ਕੋਠੀਆਂ ਬਣਾਈਆਂ ਸਨ। ਸੜਕਾਂ ਸਭ ਕਚੀਆਂ ਸਨ। ਰੰਗੂਨ ਦਾ ਪੂਰਬੀ ਹਿਸਾ ਤਾਂ ਅਜੇ ਹੁਣੇ ਹੀ ਮਿਟੀ ਦੀ ਭਰਤੀਆਂ ਪਾਕੇ

Sri Satguru Jagjit Singh Ji Elibrary NamdhariElibrary@gmail.com

ਵਸਿਆ ਹੈ ਸਭ ਥਾਵੇਂ ਟੋਏ ਤੇ ਖਾਈਆਂ ਪਈਆਂ ਸਨ ਤੇ ਥੋੜੇ ਜਿਹੇ ਥਾਂ ਵਿਚ ਹੀ ਸ਼ੈਹਰ ਵਸਦਾ ਸੀ ਤੇ ਪਛਮੀ ਪਾਸੇ ਵਲ ਹੀ ਬਹੁਤੀ ਵਸੋਂ ਦਾ ਵਸੇਬਾ ਸੀ । ਪਰ ਧੰਨ ਉਹ ਸ਼ੈਹਰ ਰੰਗੂਨ, ਧੰਨ ਦਰਿਆ ਐਰਾਵਤੀ ਤੇ ਧੰਨ ਏਸ ਦੇਸ਼ ਦੀ ਧਰਤੀ ਜਿਥੇ ਕਿ ਮੈਂਡੇ ਉਚੇਰੇ ਰਬੀ ਦਾਤਾ ਜੀ ਨੇ ਆਪਣੇਂ ਰਬੀ ਚਰਨ ਪਾਏ ਤੇ ਏਸ ਹੜੰਬਾ ਧਰਤੀ ਨੂੰ ਪਵਿਤ੍ਰ ਕੀਤਾ। ਤੇ ਇਸ ਉਜੜੇ ਤੇ ਸੁਵੇਂ ਦੇਸ਼ ਨੂੰ ਆਪਣੇ ਮੁਬਾਰਕ ਕਦਮ ਪਾਕੇ ਵਸਾਇਆ ਤੇ ਖਿੜਾਇਆ ਉਹ ਐਰਾਵਤੀ ਅਜੇ ਤੱਕ ਉਸ ਅਰਸ਼ੀ ਪਿਆਰੇ ਦੇ ਗੁਣ ਗੌਂਦੀ ਤੇ ਅਜੇ ਉਸ ਪੁਰਾਣੀ ਯਾਦ ਨੂੰ ਤਾਜ਼ਾ ਕਰ ਰਹੀ ਹੈ ਤੇ ਆਪਣੀ ਲੈਹਰਾਂ ਦਾ ਉਚਾ ਉਛਾਲਾ ਮਾਰਕੇ ਏਨ੍ਹੀ ਰਾਹੀਂ ਜਾਂਦੇ ਗੁਰਸਖਿ ਦੇ ਹਿਰਦੇ ਵਿਚ ਪ੍ਰੇਮ ਹਲੂਣਾ ਦੇਕੇ ਤੇ ਕੋਈ ਅਗੰਮੀ ਯਾਦ ਕਰਾ ਰਹੀ ਹੈ ਜਿਸਦੀ ਯਾਦ ਨਾਲ ਇਕ ਬ੍ਰਿਹੋਂ ਵਿਛੁੰਨੇ ਗੁਰ ਸਿਖ ਦਾ ਹਿਰਦਾ ਪਿਆਰ ਦੇ ਉਛਾਲੇ ਮਾਰਦਾ ਤੇ ਨੈਣਾਂ ਰਾਹੀਂ ਪੰਘਰਕੇ ਪਿਆਰੇ ਦਾ ਪ੍ਰੇਮ ਪਰਗਟ ਕਰਦਾ ਹੈ।

(੩)

ਇਕ ਬਿਰਧ ਬਾਬਾ ਜੀ ਜਿਨ੍ਹਾਂ ਦੀ ਆਯੂ ਲੱਗ ਪਗ ਅਸੀ ਨੱਵੇ ਸਾਲ ਦੀ ਸੀ ਸ਼ੈਦ ਆਪ ਨੇ ਉਸ ਰਬੀ ਜਲਵੇ ਦੇ ਦਰਸ਼ਨ ਦੀ ਛੋਹ ਪ੍ਰਾਪਤ ਕੀਤੀ ਹੋਈ ਸੀ ਉਹ ਕਦੇ ਕਦੇ ਪ੍ਰੇਮ ਦੀ ਝੋਕ ਵਿਚ ਆਕੇ ਤੇ ਦਾਤਾ ਜੀ ਦੇ ਬਰਮਾਂ ਦੇਸ਼ ਵਿਚ ਆਗਮਨ ਦੇ ਸਮਾਂਚਾਰ ਸੁਣਾਇਆ ਕਰਦੇ ਸਨ। ਮੈਨੂੰ ਭੀ ਸੁਣਨ ਦਾ ਬੜਾ ਚਾਓ ਸੀ ਜਿਸ ਲਈ ਕਈਵਾਰ ਓਨਾਂ ਪਾਸੋਂ ਅਗੰਮੀ ਚੋਜਾਂ ਦੇ ਸੁਣਨ ਦਾ ਅਵੱਸਰ ਮਿਲਿਆ ਸੀ। ਇਕ ਵਾਰ ਏਸੇ ਤਰਾਂ ਉਸ ਬਿਰਧ ਨੇ ਕਿਹਾ ਕਿ "ਓ ! ਬੀਬਿਆ ਤੂੰ ਹਮੇਸ਼ਾਂ ਹੀ ਸਾਨੂੰ ਉਕਾਂਦਾ ਰੈਂਹਿਦਾ ਏਂ। ਇਕ ਵਾਰ ਸੁਣਿਆਂ ਤੇ ਏਸ ਨਹੀਂ" ? ਮੈਂ ਆਖਿਆ ਬਾਬਾ ਜੀ ਬੱਸ ਨਹੀਂ ਹੁੰਦੀ ਤੇ ਚਿਤ ਕਰਦਾ ਏ ਕਿ ਮੁੜ-ਮੁੜਕੇ ਫੇਰ, ਫੇਰ ਆਪ ਪਾਸੋਂ ਇਹ ਸਵਾਦਲੇ ਹਾਲ ਸੁਣਾਂ। ਤਾਂ ਬਾਬਾ ਜੀ ਨੇ ਕਿਹਾ ਕਿ ਉਹ ਬੀਬਾ ਮੈਂ ਸਤਿਗੁਰੂ ਜੀ ਦੀਆਂ ਕੀ ਸਿਫਤਾਂ ਤੇ ਕੀ ਗਲਾਂ ਦਸਾਂ ਓਨਾਂ ਦੇ ਚੋਜ ਬੇਅੰਤ ਤੇ ਇਲਾਹੀ ਸਨ ਮੈਂ ਕਿਵੇਂ ਤੇ ਕਿਸਤਰਾਂ ਬਿਆਂਨ ਕਰ ਸਕਦਾ ਹਾਂ ਪਰ ਜੋ ਕੁਝ ਮੈਂ ਡਿਠਾ ਸੁਣਿਆਏਂ ਉਹ ਲੈ ਤੂੰ ਸੁਣ ਲੈ ਜਦ ਅੰਗ੍ਰੇਜ਼ ਬਰਮਾਂ ਮੁਲਖ ਵਿਚ ਨਵੇਂ ਨਵੇਂ ਆਏ ਤੇ ਏਧਰ ਕਈ ਕਾਰ ਵਿਹਾਰ ਖੁਲੇ ਤਾਂ ਸਾਨੂੰ ਭੀ ਨੌਕਰੀ ਤੇ ਰੋਜ਼ਗਾਰ ਦਾ ਲਾਲਚ ਏਧਰ ਭਰਤੀ ਕਰਕੇ ਲੈ ਆਇਆ। ਜਦ ਅਸੀਂ ਏਥੇ ਪਹੁੰਚੇ ਤਾਂ ਝਬਦੇ ਹੀ ਪੰਜਾਬ ਵਿਚ ਓਸ ਵੇਲੇ ਰੋਲਾ ਜਿਹਾ ਪੈ ਗਿਆ। ਕੁਝਕੁ ਪ੍ਰੇਮੀ ਕੂਕਿਆਂ ਨੇ ਗਊ ਰੱਛਾ ਦੀ ਖਾਤਰ-ਅੰਮ੍ਰਿਤਸਰ ਲਾਹੌਰ ਆਦਿ ਕਈ ਥਾਵਾਂ ਵਿਚ ਬੁਚੜ ਲਭ ਲਭਕੇ ਮਾਰੇ ਤੇ ਏਸੇ ਦੇ ਦੋਸ਼ ਵਿਚ ਹੀ ਸਾਡੇ ਸਤਿਗੁਰੂ ਰਾਮ ਸਿੰਘ ਜੀ ਹੁਰਾਂਨੂੰ ਅੰਗ੍ਰੇਜ ਜਲਾਵਤਨ ਕਰਕੇ ਤੇ ਏਧਰ ਬਰਮਾਂ ਦੇਸ ਵਿਚ ਲੈ ਆਏ। ਆਪ ਦਾ ਨਿਵਾਸ ਓਸ ਥਾਂ ਕਰਾਇਆ ਗਿਆ ਜਿਥੇ ਕਰਕੇ ਕਿ ਸੂਲੀ ਫੈਹਾ (Sule Pagoda) (ਇਕ ਬੋਧੀ ਮੰਦਰ ਦਾ ਨਾਂਮ) ਹੈ ਏਸਦੇ ਪਾਸ ਚੜ੍ਹਦੇ ਪਾਸੇ ਵਲ ਜਿਥੇ ਅਜ ਕਲ ਕਾਰਪੋ-ਰੇਸ਼ਨ ਜਾਂ ਮੁਨਸਿਪਲ ਆਫਿਸ ਦੀ ਇਮਾਰਤ ਹੈ। ਏਥੇ ਲਕੜੀ ਦਾ ਕਿਲੇ ਜੇਹੀ ਸ਼ਕਲ ਦਾ ਬੰਗਲਾ ਸੀ ਜਿਥੇ ਕਿ ਆਪ ਨੂੰ ਰਖਿਆ ਗਿਆ। ਬੰਗਲੇ ਦੇ ਇਕ ਪਾਸੇ ਵਡਾ ਸਾਰਾ ਦਰਵਾਜਾ ਸੀ ਜਿਥੇ ਕਿ ਗੋਰਿਆਂ ਦਾ ਪੈਹਰਾ ਰੈਂਹਦਾ ਸੀ ਤੇ ਕਿਸੇ ਆਮ ਆਦਮੀਂ ਨੂੰ ਅੰਦਰ ਜਾਵਣ ਜਾਂ ਗਲ ਕਰਨ ਦੀ ਮਨਾਹੀ ਸੀ।

Sri Satguru Jagjit Singh Ji Elibrary NamdhariElibrary@gmail.com

ਪਰ ਉਸ ਬੰਗਲੇ ਵਿਚ ਆਂਦੇ ਜਾਂਦੇ ਨੌਕਰਾਂ ਤੇ ਖਿਦਮਤਗਾਰਾਂ ਪਾਸੋਂ ਸੁਣਿਆਂ ਸੀ—ਕਿ ਸਤਿਗੁਰੂ ਜੀ ਅਠੇ ਪਹਿਰ ਨਾਂਮ ਦੀ ਰੰਗਣ ਵਿਚ ਮਸਤ ਰੈਹੰਦੇ ਸਨ ਸਤਿਗੁਰੂ ਜੀ ਦਾ ਲਾਲ ਦੱਗ ਦੱਗ ਕਰਦਾ ਸੁਰਖ ਇਲਾਹੀ ਚਿਹਰਾ, ਚਮਕਦਾ ਮਸਤਕ, ਨਾਮ ਰਸ ਗੁਧੇ ਪਿਆਰ ਵਿਚ ਮਤਵਾਲੇ ਨੈਣ, ਨੂਰਾਨੀ ਪ੍ਰਕਾਸ਼ ਦਾ ਜਲ੍ਹਵਾ ਜਿਸਦੀ ਤਾਬ ਝੱਲੀ ਨਾ ਜਾਂਦੀ ਸੀ, ਪੈਹਰੇ ਦਾਰ ਭੀ ਆਪ ਦਾ ਸਦਾ ਸਤਿਕਾਰ ਕਰਦੇ ਤੇ ਭੈ ਖਾਂਦੇ ਸਨ। ਆਪ ਦਾ ਭੋਜਨ ਬੜਾ ਸਾਦਾ ਹੁੰਦਾ ਸੀ ਤੇ ਅੱਠੋਂ ਪਹਿਰੀਂ ਛਕਦੇ ਸਨ। ਦਿਨ ਵਿਚ ਇਕ ਵਾਰ ਸੁੜੇ ਦੀ ਸਰਦਾਈ ਜ਼ਰੂਰ ਛਕਿਆ ਕਰਦੇ ਸਨ। ਕਿਲ੍ਹੇ ਦੇ ਨੌਕਰ ਦਸਦੇ ਸਨ ਕਿ ਆਪਦਾ ਆਪਣੇ ਦੇਸ ਨਾਲ ਅਧਕ ਪਿਆਰ ਤੇ ਡਾਢੀ ਖਿਚ ਸੀ, ਜਦ ਕਦੇ ਵਤਨ ਦੀ ਯਾਦ ਆਂਦੀ ਤਾਂ ਬੜਾ ਵੈਰਾਗ ਹੋ ਜਾਂਦਾ ਸੀ। ਆਪ ਦੇ ਰੋਮ, ਰੋਮ, ਵਿਚੋਂ ਦੇਸ਼ ਸੇਵਾ ਦੇ ਪਿਅਰ ਦੀ ਡਲ੍ਹਕ ਉਛਾਲੇ ਮਾਰਦੀ ਸੀ। ਸਤਿਗੁਰੂ ਜੀ ਜਦ ਚਾਹੁੰਦੇ ਤਾਂ ਆਪ ਨੂੰ ਕਿਲ੍ਹੇ ਤੋਂ ਬਾਹਰ ਸੈਰ ਕਰਨ ਦੀ ਆਗਿਆ ਮਿਲ ਜਾਂਦੀ ਸੀ। ਕਈ ਵੇਰ ਐਰਾਵਤੀ ਦੇ ਕੰਢੇ ਪਰ ਤੇ ਕਈ ਵਾਰ ਸ਼ੈਹਰ ਦੇ ਵਿਚਾਲੇ ਦੀ ਸੈਰ ਕਰਨ ਵਾਸਤੇ ਆਪਦੀ ਸਵਾਰੀ ਲੰਘਿਆ ਕਰਦੀ ਸੀ। ਜਿਨ੍ਹਾ ਨੇ ਆਪ ਨੂੰ ਸੈਰ ਕਰਦਿਆਂ ਅੱਖੀਂ ਡਿਠਾ ਹੈ ਓਹ ਦਸਦੇ ਹਨ ਕਿ ਜਦ ਆਪ ਸੈਰ ਕਰਨ ਵਾਸਤੇ ਨਿਕਲਦੇ ਤਾਂ ਲਾਟ ਸਾਹਿਬ ਆਪ ਵਾਸਤੇ ਚਾਰ ਘੋੜੇ ਵਾਲੀ ਬੱਘੀ ਭੇਜ ਦਿਆ ਕਰਦਾ ਸੀ ਤੇ ਓਸੇ ਉਪਰ ਹੀ ਆਪ ਸਵਾਰ ਹੁੰਦੇ ਸਨ। ਜਦ ਆਪ ਦੀ ਬਘੀ ਬਾਜ਼ਾਰ ਥਾਂਣੀ ਲੰਘਦੀ ਤਾਂ ਲੋਕ ਉਠਕੇ ਅਦਬ ਨਾਲ ਸਿਰ ਝੁਕਾ ਕੇ ਸਤਿਕਾਰ ਕਰਿਆ ਕਰਦੇ ਸਨ। ਆਪ ਨੂੰ ਹਿੰਦੁਸਤਾਨੀ ਲੋਕ ਰਾਜਾ ਕਰਕੇ ਕਹਿੰਦੇ ਤੇ ਬਰਮੇਂ ਲੋਗ "ਫੈਆ ਜੀ" (ਫੈਆ ਜੀ ਰੱਬ ਨੂੰ ਕਹਿੰਦੇ ਹੈਨ)ਕਰਕੇ ਕੈਂਹਦੇ ਸਨ। ਬਰਮਾ ਦਾ ਓਸ ਵੇਲੇ ਦਾ ਲਾਟ ਆਪ ਨਾਲ ਬੜਾ ਪ੍ਰੇਮ ਤੇ ਆਦਰ ਕਰਦਾ ਸੀ ਤੇ ਕਈ ਵਾਰ ਮਿਲਨ ਆਇਆ ਕਰਦਾ ਸੀ।

ਇਕ ਵਾਰ ਲਾਟ ਨੇ ਸਤਿਗੁਰੂ ਜੀ ਨੂੰ ਕਿਹਾ ਕਿ ਤੁਸੀਂ ਜੋ ਕੁਝ ਮੰਗੋ ਮੈਂ ਹਾਜ਼ਰ ਕਰਸਾਂ ਤਾਂ ਸਤਿਗੁਰੂ ਜੀ ਨੇ ਫੁਰਮਾਇਆ ਕਿ ਇਕ ਵਾਰ ਸਾਨੂੰ ਆਪਣਾ ਪਿਆਰਾ ਵਤਨ ਪੰਜਾਬ ਦੇਸ਼ ਵਖਾ ਦੇਵੋ ਪਰ ਲਾਟ ਨੇ ਇਹ ਬਚਨ ਪੂਰਾ ਕਰਨ ਤੋਂ ਨਾਹ ਕੀਤੀ ਕਿ ਇਹ ਗਲ ਮੇਰੇ ਵਸ ਵਿਚ ਨਹੀਂ ਹੈ ਤੇ ਜੋ ਕੁਝ ਹੋਰ ਕਹੋ ਤਾਂ ਹਾਜਰ ਹਾਂ। ਤਾਂ ਸਤਿਗੁਰੂ ਜੀ ਨੇ ਮਸਤਕ ਉਪਰ ਜਜਾ ਤਿਉੜੀ ਵਟੀ ਤੇ ਕਿਹਾ ਜਾਹ! ਭਾਈ ਜਾਹ! ਸਾਡੇ ਪਾਸੋਂ ਜਾਹ ਜੇਕਰ ਤੈਂ ਸਾਡੀ ਗਲ ਪੂਰੀ ਨਾ ਕਰ ਸਕਦਾ ਸੈਂ ਤਾਂ ਐਵੇਂ ਝੂਠਾ ਬਚਨ ਕਿਉਂ ਦਿਤਾ। ਕਿ ਜੋ ਭੀ ਮੰਗੋ ਪੂਰਾ ਕਰਸਾਂ ਤਾਂ ਏਸਤਰਾਂ ਕਰਕੇ ਓਹ ਲਾਟ ਬੜਾ ਸ਼ਰਮਿੰਦਾ ਹੋਇਆ ਤੇ ਕੁਝ ਨਾ ਬੋਲ ਸਕਿਆ ਤਾਂ ਸਤਿਗੁਰੂ ਜੀ ਨਾਂਮ ਦੀ ਰੰਗਣ ਵਿਚ ਮਸਤਾਨੇ ਹੋ ਗਏ ਤੇ ਵੈਰਾਗ ਆ ਗਿਆ।

ਇਕ ਵਾਰ ਸਤਿਗੁਰੂ ਜੀ ਦੇ ਚਾਰ ਸਿਖ ਜਿਨ੍ਹਾਂ ਨੇ ਸਤਿਗੁਰੂ ਜੀ ਦੇ ਦਰਸ਼ਨ ਖਾਤਰ ਸਾਧਾਂ ਦਾਂ ਵੇਸ ਧਾਰਿਆ ਭਗਵੇ ਕਪੜੇ ਪਾਕੇ ਕੇਸ ਪਿਛਾਂਹ ਸੁਟ ਲਏ ਹਥ ਵਿਚ ਕਰਮੰਡਲ ਤੇ ਮਾਲਾਂ ਫੜ ਲਈਆਂ ਤੇ ਏਸਤਰਾਂ ਜਹਾਜ਼ੇ ਬੈਠਕੇ ਤੇ ਰੰਗੂਨ ਪਹੁੰਚ ਗਏ ਤੇ ਸਤਿਗੁਰੂ ਜੀ ਦੇ ਠਕਾਂਣੇ ਦਾ ਪਤਾ ਪੁਛਕੇ ਤੇ ਓਸ ਥਾਂ ਪੁਜ ਗਏ ਜਿਥੇ ਆਪ ਦਾ ਨਿਵਾਸ ਅਸਥਾਨ ਸੀ ਤਾਂ ਓਥੇ ਜਾਕੇ ਆਪਣੇ ਨਾਵਾਂ ਦੀ ਚਿਠੀ ਲਿਖਕੇ

Sri Satguru Jagjit Singh Ji Elibrary NamdhariElibrary@gmail.com

ਪਥਰ ਨਾਲ ਬੱਧੀ ਤੇ ਅੰਦਰ ਸੁੱਟ ਦਿੱਤੀ ਜੋ ਸਤਿਗੁਰਾਂ ਪਾਸ ਪੁਜ ਗਈ ਤੇ ਪੜ੍ਹੀ ਤਾਂ ਆਪ ਦਾ ਰੋਮ ਰੋਮ ਖਿੜ ਗਿਆ ਪਰ ਗੋਰੇ ਸਪਾਹੀਆਂ ਨੂੰ ਪਤਾ ਲਗਣ ਕਰਕੇ ਓਨ੍ਹਾਂ ਚਵ੍ਹਾਂ ਸਿਖਾਂ ਨੂੰ ਫੜ ਲਿਆ। ਜਦ ਸਤਿਗੁਰੂ ਜੀ ਨੂੰ ਪਤਾ ਲਗਾ ਤਾਂ ਓਨ੍ਹਾਂ ਇਕ ਗੋਰੇ ਸਪਾਹੀ ਵਲ ਘੂਰਕੇ ਆਖਿਆ ਕਿ ਭਲੇ ਲੋਗੋ "ਤੁਸੀਂ ਸਾਡੇ ਸਿਖਾਂ ਨੂੰ ਆਵਣ ਤੋਂ ਰੋਕਦੇ ਹੋ ਏਥੇ ਤਾਂ ਕਿਸੇ ਦਿਨ ਨੂੰ ਝਾੜ ਬੂਟ ਵਿਚ ਖਾਲਸਾ ਹੀ ਖਾਲਸਾ ਨਜ਼ਰੀਂ ਆਵੇਗਾ" ਸੋ ਸਤਿਗੁਰੂ ਜੀ ਦੇ ਏਸ ਵਾਕ ਬਦਲੇ ਅਜ ਵੇਖ ਲਵੋ ਕਿ ਬਰ੍ਹਮਾ ਦਾ ਕੋਈ ਥਾਂ ਭੀ ਸਿਖਾਂ ਤੋਂ ਬਿਨਾਂ ਖਾਲੀ ਨਹੀਂ ਪੰਜਾਹ ਹਜਾਰ ਤੋਂ ਭੀ ਉਪਰ ਸਿਖਾਂ ਦੀ ਵਸੋਂ ਹੈ ਤੇ ਕੋਈ ਏਹੋ ਜਿਹਾ ਬਰ੍ਹਮਾਂ ਦਾ ਹਿੱਸਾ ਨਹੀ ਜਿਥੇ ਸਿਖ ਨਾ ਗਿਆ ਤੇ ਰਹਿੰਦਾ ਹੋਵੇ। (ਲੇਖਕ ਨੇ ਆਪ ਬਰਮਾਂ ਦੇ ਕੋਨੇ ਕੋਨੇ ਵਿਚ ਡਿਠਾ ਹੈ ਕਿ ਜਿਥੇ ਹੋਰ ਕੋਈ ਨਹੀਂ ਗਿਆ ਓਥੇ ਗੁਰੂ ਕਾ ਸਿਖ ਜ਼ਰੂਰ ਪੁਜਾ ਹੈ) ਮਹਾਰਾਜ ਜੀ ਧੰਨ ਹੈਨ, ਜਿਨ੍ਹਾਂ ਦਾ ਵਾਕ ਸਫਲਾ ਹੋਇਆ। ਸਚ ਹੈ ਕਿ ਜਿਥੇ ਭਾਈ ਕਲਯਾਣ ਵਰਗਾ ਇਕ ਗੁਰੂ ਕਾ ਸਿਖ ਚਲਿਆ ਜਾਵੇ ਤਾਂ ਓਥੇ ਗੁਰ ਸਿਖੀ ਦੀ ਮੈਹਕ ਖਿੰਡ ਜਾਂਦੀ ਹੈ, ਪਰ ਜਿਥੇ ਸਤਿਗੁਰੂ ਜੀ ਆਪ ਚਰਨ ਪਾਏ ਤਾਂ ਓਥੇ ਫੇਰ ਕੀ ਘਾਟਾ ਰਹਿ ਸਕਦਾ ਹੈ। ਫੇਰ ਬਾਬਾ ਜੀ ਨੇ ਪ੍ਰੇਮ ਦੀ ਝੜੀ ਜਾਰੀ ਰਖਦੇ ਕਿਹਾ ਕਿ ਜਦ ਤੋਂ ਇਹ ਚਾਰ ਸਿਖ ਸਤਿਗੁਰਾਂ ਨੂੰ ਮਿਲਨ ਆਏ ਓਸੇ ਵੇਲੇ ਤੋਂ ਓਨ੍ਹਾਂ ਨੂੰ ਫੜਕੇ ਨਜ਼ਰ ਬੰਦ ਕੀਤਾ ਗਿਆ ਤੇ ਸਤਿਗੁਰੂ ਜੀ ਉਪਰ ਹੋਰ ਭੀ ਕਰੜਾ ਪਹਿਰਾ ਲਾ ਦਿਤਾ ਗਿਆ ਪਰ ਓਹ ਕਿਸੇ ਦੇ ਪਹਿਰੇ ਅੰਦਰ ਨਹੀਂ ਸਨ, ਉਹ ਤਾਂ ਇਕ ਰੱਬੀ ਹੁਕਮ ਮੰਨਕੇ ਤੇ ਚੋਜੀ ਖੇਲ ਵਿਖਾ ਰਹੇ ਸਨ। ਕਿਉਂਕਿ ਪਹਿਰੇ "ਵਾਲਿਆਂ" ਦਾ ਜ਼ਬਾਨੀ ਕਈ ਵਾਰ ਸੁਣਿਆਂ ਗਿਆ ਕਿ ਸਾਹਮਣੇ ਦਰਵਾਜੇ ਪੁਰ ਪਹਿਰਾ ਖੜਾ ਹੈ ਪਰ ਆਪ ਬਾਹਰ ਵਲੋਂ ਕਈ ਵਾਰ ਤੁਰੇ ਆਂਦੇ ਨਜ਼ਰੀਂ ਪਏ ਵੇਖੇ ਹਨ। ਕੇਸੀਂ ਇਸ਼ਨਾਨ ਕਰਕੇ ਤੇ ਕਈ ਵਾਰ ਬੰਗਲੇ ਤੋਂ ਬਾਹਰ ਵਾਰ ਕੇਸ ਹਰੇ ਕਰਦੇ ਕਈਆਂ ਨੇ ਵੇਖਿਆ ਹੈ। ਏਸ ਤਰ੍ਹਾਂ ਕਰਕੇ ਓਹਨਾਂ ਦੇ ਕਈ ਚੋਜ ਤੇ ਕਰਾਮਾਤਾਂ ਮਸ਼ਹੂਰ ਹਨ, ਜਿਸਤੋਂ ਪਹਿਰੇ ਵਾਲੇ ਭੀ ਅਸਚਰਜ ਹੁੰਦੇ ਸਨ ਤੇ ਗਿਆਤ ਹੋ ਗਏ ਸਨ, ਜਿਸ ਲਈ ਆਪਦੇ ਕਰਤਵਜ ਵਿਚ ਕਦੇ ਦਖਲ ਨਾਂ ਦੇਂਦੇ ਸਨ।

ਇਸਤੋਂ ਮਗਰੋਂ ਫੇਰ ਆਪ ਨੂੰ ਮੋਲਮੀਨ ਦੇ ਰਸਤੇ ਟਵਾਈ–ਮਟਰੋਈ ਵਲੇ ਲੈ ਗਏ ਸਨ ਤੇ ਆਪਦੇ ਪ੍ਰੇਮੀ ਸਿਖ ਭਾਈ ਲੱਖਾ ਸਿੰਘ ਜੀ ਨੂੰ ਤਾਂ ਮੋਲਮੀਨ ਵਿਚ ਹੀ ਰਖਿਆ ਗਿਆ (ਜਿਨ੍ਹਾਂ ਦੇ ਜੀਵਨ ਦਾ ਹਾਲ ਕਦੇ ਫੇਰ ਲਿਖਿਆ ਜਾਏਗਾ) ਪਰ ਸਤਿਗੁਰ ਜੀ ਜਦ ਤੋਂ ਟਵਾਈ–ਮਰਗੋਈ ਵਲ ਗਏ ਫਿਰ ਪਰਤਕੇ ਨਹੀਂ ਆਏ (ਮਰਗੋਈ–ਟਵਾਈ ਦੇ ਕਦੇ ਹਾਲ ਫੇਰ ਖੋਜ ਨਾਲ ਲਿਖੇ ਜਾਵਸਨਗੇ, ਜਾਂ ਸ਼ੈਦ ਕਿਸੇ ਪ੍ਰੇਮੀ ਨੇ ਕਲਮ ਬੰਦ ਕੀਤੇ ਹੋਵਸਨ ਗੇ) ਸੋ ਬੀਬਿਆ, ਸਤਿਗੁਰ ਜੀ ਦੇ ਕੌਤਕ ਬੇਅੰਤ ਹੈਨ ਤੇ ਬੇਅੰਤ ਤੋਂ ਭੀ ਬਹੁਤੇ ਹਨ। ਕੌਣ ਵਰਣਨ ਕਰ ਸਕਦਾ ਹੈ ਓਹਨਾਂ ਦੇ ਜਲਾਲ ਦੀਆਂ ਗੱਲਾਂ, ਏਨਾਂ ਹੀ। ਹੁਣ ਸੁਣ ਲੈ ਤੇ ਬਾਕੀ ਫੇਰ ਕਦੇ ਸਤਿਗੁਰੂ ਨੇ ਮੇਹਰ ਕੀਤੀ ਤਾਂ ਵਰਣਨ ਕਰਾਂਗਾ।

ਇਹ ਉਪਰੋਕਤ ਗੱਲਾਂ ਕੋਈ ਅਖੌਤੀ ਨਹੀ, ਬਲਕਿ ਓਨ੍ਹਾਂ ਨਿਕਟ ਵਰਤੀਆਂ ਦੀ

Sri Satguru Jagjit Singh Ji Elibrary Namdhari Elibrary@gmail.com

ਜ਼ਬਾਨੀ ਹੈਨ ਜਿਨ੍ਹਾ ਨੇ ਕਿ ਆਪ ਆਪਣੀ ਅਖੀਂ ਡਿਠਾ ਆਪ ਸੁਣਿਆ। ਸੋ ਹੇ ਪ੍ਰੇਮੀ ਪਾਠਕ ਜੀ ਜ਼ਰਾ ਆਪਣੇ ਚਿਤ ਵਿਚ ਹਲੂਣਾ ਮਾਰ ਤੇ ਯਾਦ ਕਰ ਉਸਦੇ ਕੌਤਕਾਂ ਨੂੰ ਜਿਸਨੇ ਆਪਣੇ ਦੇਸ਼ ਤੇ ਪੰਥ ਦੀ ਖਾਤਰ ਆਪਣੇ ਵਤਨ ਨੂੰ ਛਡ ਬੇ ਵਤਨ ਹੋਏ ਤੇ ਆਪਣੇ ਏਡੇ ਉਚੇ ਸੁਚੇ ਤੇ ਵਡਮੁਲੇ ਰਬੀ ਜੀਵਨ ਦੀ ਲਾਸਾਨੀ ਕੁਰਬਾਨੀ ਕੀਤੀ।

ਆਪ ਬਰਮਾਂ ਦੇਸ਼ ਵਿਚ ਨਜ਼ਰਬੰਦ ਜਾਂ ਜਲਾਵਤਨ ਹੋਕੇ ਨਹੀ ਗਏ ਸਨ ਬਲਕਿ ਬਰਮਾਂ ਦੇਸ ਦੀ ਸੜੀ ਸੁਕੀ ਧਰਤੀ ਵਿਚ ਅੰਮ੍ਰਿਤ ਰੂਪੀ ਨਾਮ ਦਾ ਬੀਜ ਬੀਜਣ ਤੇ ਆਪਣੇ ਪਵਿਤਰ ਚਰਨ ਕਮਲ ਪਾਕੇ ਭੁਲੇ ਜੀਵਾਂ ਨੂੰ ਨਾਮ ਉਪਦੇਸ਼ ਦੇਵਣ ਗਏ ਤੇ ਉਜੜੇ ਦੇਸ ਵਸਾਵਣ ਗਏ ਸਨ। ਜਿੰਨ੍ਹਾਂ ਦੀ ਕ੍ਰਿਪਾ ਦਾ ਸਦਕਾ ਜਿਸ ਥਾਂ ਆਪ ਦੇ ਰੱਬੀ ਚਰਨ ਪਏ ਉਹ ਥਾਂ ਪਵਿਤਰ ਹੋਏ ਓਨਾਂ ਦੀ ਸ਼ੋਭਾ ਵਧੀ ਭਾਗ ਲਗੇ ਤੇ ਓਹ ਰੰਗ ਲਗੇ ਜਿਸਦੀ ਮਿਸਾਲ ਅਜ ਅਖਾਂ ਦੇ ਸਾਹਮਣੇ ਓਹ ਰੰਗੂਨ ਸ਼ੈਹਰ ਵਸਦਾ ਹੈ ਜਿਸਦੀ ਕਾਇਆਂ ਹੀ ਪਲਟ ਗਈ ਹੈ ਜਿਥੇ ਆਪਦੇ ਨਿਵਾਸ ਵਾਲਾ ਬੰਗਲਾ ਸੀ ਓਸਦੇ ਪਾਸ ਹੀ ਬਰਮਿਆਂ ਦਾ ਇਕ ਬੜਾ ਸੁਨੈਹਰੀ ਬੋਧੀ ਮੰਦਰ ਹੈ ਜਿਸਨੂੰ "Sule Pagoda" ਹੈ ਜਾਂ "ਸੂਲੀ ਫੈਹਾ" ਕਰਕੇ ਸਦਦੇ ਹੈਨ। ਪਰ ਪਤਾ ਨਹੀ ਏਥੇ ਇਹ ਮੰਦਰ ਕਿਉਂ ਬਣਿਆਂ ਜੋ ਕਿ ਰੰਗੂਨ ਦੇ ਇਤਿਹਾਸ ਦੀ ਖੋਜ ਵਿਚੋਂ ਲਭ ਸਕਦਾ ਹੈ ਮੇਰਾ ਕਿਆਸ ਹੈ ਕਿ ਸ਼ੈਦ ਆਪਦੇ ਚਰਨਾਂ ਦੀ ਛੋਹ ਦਾ ਸਦਕਾ ਹੀ ਇਸ ਧਰਤੀ ਨੂੰ ਏਡਾ ਵਡਾ ਭਾਗ ਲਗਾ ਹੈ ਸੋ ਧੰਨ ਹੈ ਆਪ ਦਾ ਜੀਵਨ, ਧੰਨ ਉਹ ਪਵਿਤਰ ਧਰਤੀ ਜਿਨ ਪੁਤ ਆਪ ਨੇ ਚਰਨ ਧਰੇ ਤੇ ਧੰਨ ਹੈਨ ਉਹ ਗੁਰਮੁਖ ਜੀਵੜੇ ਜਿਨ੍ਹਾਂ ਆਪਦੀ ਨੂਰਾਨੀ ਜੋਤ ਦੇ ਇਲਾਹੀ ਦਰਸ਼ਨ ਕੀਤੇ ਤੇ ਆਪਣੇ ਕਮਲ ਹਿਰਦਿਆਂ ਨੂੰ ਖਿੜਾਇਆ। ਆਪ ਦੇ ਬ੍ਰਮਾਂ ਵਿਚ ਚਰਨ ਪਾਵਣ ਦਾ ਸਦਕਾ ਹੀ ਐਸ ਵੇਲੇ ਬ੍ਰਮਾਂ ਵਿਚ ਗੁਰ ਸਿਖੀ ਦਾ ਪ੍ਰਚਾਰ ਵਧ ਤੋਂ ਵਧ ਹੋ ਰਿਹਾ ਹੈ ਆਪ ਦੇ ਉਚੇ ਕਾਰਨਾਮੇ ਬੇਅੰਤ ਤੇ ਕਮਾਲ ਹੈਨ ਜਿਨ੍ਹਾਂ ਦਾ ਕਿਣਕਾ ਮਾਤ੍ ਭੀ ਮੇਰੀ ਕਲਮ ਬਿਆਨ ਨਹੀਂ ਕਰ ਸਕਦੀ ਅਜ ਉਸ ਪਿਆਰੇ ਦਾ ਗੁਰਪੁਰਬ ਜਨਮ ਦਿਹਾੜਾ ਹੈ ਤੇ ਆਓ ਸਾਰੇ ਮਿਲਕੇ ਓਸ ਪਿਆਰੇ ਵਿਛੁੰਨੇ ਮਾਹੀ ਦੇ ਪਿਆਰ ਦੇ ਕਲਾਵੇ ਭਰੀਏ ਤੇ ਆਪਨੇ ਤਨਾਂ ਮਨਾਂ ਤੇ ਹਿਰਦਿਆਂ ਨੂੰ ਓਸਦੇ ਰਬੀ ਪਿਆਰ ਦੀ ਫਹਾਰ ਨਾਲ ਸ਼ਾਂਤ ਕਰੀਏ ਤੇ ਉਸ ਪਿਆਰੇ ਦੇ ਗੁਣ ਗਾਵੀਏ ਆਪਾ ਵਾਰੀਏ ਤੇ ਮਿਲਕੇ ਇਹ ਸ਼ਬਦ ਗਾਵੀਏ:-

"ਹਉ ਵਾਰਿ ਵਾਰਿ ਜਾਉ ਗੁਰ ਗੋਪਾਲ".....

ਨਿਰਮਾਣ ਕਲੀ:-ਜੀਵਨ

(ਵਲੋਂ "ਨਿਰਮਾਣ" ਜੀ ਖਾਲਸਾਕਾਲਜ)

ਜੀਵਨ ਕੰਡਿਆਂ ਦੀ ਹੈ ਸੇਜਾ,
ਮੋਹ ਮਾਇਆ ਦਾ ਫੰਦਾ।
ਕੜ ਟੁਟਣ ਦੁਖਾਂ ਦੇ ਇਥੇ,
ਇਹ ਇਕ ਗੋਰਖ ਧੰਦਾ।
ਸ਼ਾਂਤੀ,ਸਤਿ ਸੰਤੋਖ ਦਾ ਪੁਤਲਾ,
ਜੋ ਬਣ ਜਾਏ ਏਥੇ;
ਦੁਨੀਆਂ ਉਸਦੀ ਪੂਜਾ ਕਰਦੀ,
ਉਹ ਹੈ ਗੁਰਮੁਖ ਬੰਦਾ।

-੩੦:-

Sri Satguru Jagjit Singh Ji Elibrary NamdhariElibrary@gmail.com

ਔਣਾ ਜਗ ਤੇਰਾ ਤਾਹੀਏਂ ਰਸੀਆ ਸੁਹਾਵੇਨੀ

(ਵਲੋਂ ਸ੍ਰੀ ਮਾਨ ਸ.ਦਾਰ ਗੰਗਾ ਸਿੰਘ ਜੀ "ਰਸੀਆ")

ਉਠ ਮੇਰੇ ਰਸੀਆ ਉਛੇਰ ਪ੍ਰਭਾਤ ਹੋਈ, ਕੌਣ ਹੈਂ ਤੂੰ ਕਿਸਨੂੰ ਬੁਲਾਵੇ ਵਾਜਾਂ ਮਾਰ ਨੀ।
ਹੋ ਗੀ ਹਾਂ ਬਸੰਤ ਉਠ ਤੈਨੂੰ ਮੈ ਸੰਦੇਸ ਦੇਵਾਂ, ਚਲ ਹਟ ਝੂਠੀਏ ਨ ਗੱਪਾਂ ਐਵੇਂ ਮਾਰ ਨੀ।
ਗਪਾਂ ਨਹੀ ਨਾਲ ਮੇਰੇ ਪੰਚਮੀ ਬੀ ਆਈ ਵੇਖ,ਜਾਣਦਾ ਮੈਂ ਹੈਗਾ ਤੁਸੀ ਦੇਵੇ ਹੋਛ ਨਾਰ ਨੀ।
ਕੇਹੜੀ ਗਲੋਂ ਦਸਿ ਅੜਿਆ ਮੋਹਣੇ ਪਿਆ ਮਾਰਦਾ, ਬੁਝੇ ਦਿਲ ਆਪਣੇ ਚੋਂ ਕਰਕੇ ਵਿਚਾਰ ਨੀ।
ਜਾਹ ਜਾਹ ਝੂਠੀਏ ਨੇ ਪੁਛੇਂ ਕੀ ਜਵਾਬ ਮੈਥੋਂ, ਛੁਟੜੇ ਛਿਨਾਰੇ ਬਣ ਤਣ ਕੀ ਵਖਾਉਨੀ ਏਂ।
ਤੇਰਾ ਨਾਉਂ ਬਸੰਤ ਕੀ ਮੈ ਤੈਨੂੰ ਹੀ ਬਸੰਤ ਆਖਾਂ,ਭੈੜੀਏ ਦੁਹਾਗਣੇ ਕੀ ਤੂੰ ਨਹੀ ਸ਼ਰਮਾਉਨੀ ਏਂ।
ਵਿਸਾਰਕੇ ਤੂੰ ਕੰਤਨੂੰ ਰਿਝਾਵੇਂ ਹਸ ਜਗਨੂੰ, ਨਿਤ ਨਵੇ ਸੋਹਣੇ ਨੀ ਸ਼ਿੰਗਾਰ ਪਈਲਗਾਉਨੀ ਏਂ।
ਰਸੀਆ ਜਲਾਵੇ ਹਾਏ ਬ੍ਰਿਹੋਂ ਦਿਆਂ ਕੁਠਿਆਂ ਨੂੰ, ਨਿਤ ਨਵੇਂ ਸਾਲ ਨੀ ਬਹਾਰ ਲੈਕੇਆਉਨੀ ਏਂ।
ਔਣਾ ਹੈਵੇ ਆਵੀਂ ਨੀ ਅਠਾਰਾਂ ਸੌ ਬਹਤ੍ਰ ਵਾਲ੍ਹੇ, ਵਾਰ ਵਾਰ ਜਾਵਾਂ ਜੇ ਓਹ ਦ੍ਰਿਸ਼ ਦਿਖਾਵੇਂ ਨੀ।
ਜਥੇਬੰਦੀ ਟੁੱਟੀ ਨੂੰ ਸੰਭਾਲੇ ਫੇਰ ਆਣ ਹਾਏ, ਮੁੜ ਆਪਾ ਵਾਰਨੇ ਦਾ ਕਰਤਵ ਸਿਖਲਾਵੇਂ ਨੀ।
ਭੈਣੀ ਨੂੰ ਲਗਾਇਆ ਭਾਗ ਓਦੋਂ ਆਣ ਕਰਕੇ ਸੀ,ਹੁਣ ਆਣ ਡੇਰੇ ਸਾਡੇਦਿਲਾਂ ਚ ਲਗਾਵੇਂ ਨੀ।
ਜਿਧਰ ਵੇਖਾਂ ਰਾਮਹਰੀ ਰਾਮਹਰੀ ਗੁਰੂ ਦਿਸੇ, ਔਣਾ ਜਗ ਤੇਰਾ ਤਾਹੀਏਂ ਰਸੀਆ ਸੁਹਾਵੇ ਨੀ।

ਸਤਿਜੁਗ ਵੱਲੋਂ ਸਿਖ ਪੰਥ ਨੂੰ ਵਧਾਈ ਏ

(ਵਲੋਂ ਬਲਵੰਤ ਸਿੰਘ ਜੀ ਬੇਹਾੜ ਪਿੰਡ ਰੋਤੇ ਜਿਲਾ ਫੀਰੋਜ਼ ਪੁਰ)

ਹੁੰਦੇ ਪਾਪ ਬੇ ਸ਼ੁਮਾਰ ਹੋਈ ਧਰਾ ਦੁਖਿਆਰ,
ਕਰੀ ਹਰਿ ਪਹਿ ਪੁਕਾਰ ਆਣ ਦਰਸ ਦਿਖਾਈ ਏ।
ਪੰਚਮੀ ਦਿਹਾਰ ਅਵਤਾਰ ਨਿਰੰਕਾਰ ਲੀਓ,
ਮਿਟੀ ਪਾਪ ਧੁੰਦ ਜੱਗ ਹੋਈ ਰੁਸ਼ਨਾਈ ਏ।
ਸਚ ਧਰਮ ਏਕਤਾ ਪਿਆਰ ਵੈਹਣ ਜਾਰੀ ਕੀਓ,
ਕੂੜ ਕਪਟ ਪਾਪ ਵਾਲੀ ਸਫਾ ਹੀ ਉਠਾਈ ਏ।
ਏਹੋ ਨਿਰੰਕਾਰ ਸਤ ਚੇਤਨ ਅਨੰਦ ਰੂਪ,
ਮੈਹਮਾ ਬਿਅੰਤ ਅੰਤ ਆਂਵਦਾ ਨਾਂ ਕਾਈ ਏ।
ਸੁੱਕੀ ਮੁਰਝਾਈ ਫੁਲਵਾੜੀ ਸਿਖੀ ਸ਼ਾਨ ਵਾਲੀ,
ਨਾਮ ਜਲ ਸਿੰਚ ਜਿਸ ਫੇਰ ਮਹਿਕਾਈ ਏ।
ਦ੍ਵਾਦਸ ਸਰੂਪ ਤਿਸ ਬਾਢੀ ਬੰਸ ਆਵਣੇ ਕੀ,
ਸਤਿਜੁਗ ਵਲੋਂ ਸਿਖ ਪੰਥ ਨੂੰ ਵਧਾਈ ਏ।

Sri Satguru Jagjit Singh Ji Elibrary NamdhariElibrary@gmail.com

ਪੰਜਾਬੀ ਲਿਖਾਰੀ

(ਵਲੋਂ ਸ੍ਰੀ ਮਾਨ ਸੁਦੰਰ ਸੂਰਤ ਸਿੰਘ ਜੀ ਜੋਗੀ)

"ਸੰਤ ਜੀ, ਬਸੰਤ ਨੇੜੇ ਆ ਰਹੀ ਹੈ, ਆਪ ਨੇ ਇਸ ਸੰਬੰਧੀ ਹਾਲੀ ਆਪਣਾ ਲੇਖ ਨਹੀਂ ਘਲਿਆ" ਐਡੀਟਰ ਨੇ ਲਿਖਾਰੀ ਵਲ ਅਰਥ ਭਰੀਆਂ ਨਜ਼ਰਾਂ ਨਾਲ ਵੇਖਦਿਆਂ ਹੋਇਆਂ ਆਖਿਆ। "ਬਸੰਤ ?" ਲਿਖਾਰੀ ਨੇ ਧੀਮੀ ਆਵਾਜ਼ ਵਿਚ ਇਉਂ ਆਖਿਆ ਜਿਵੇਂ ਕੋਈ ਸੋਚਾਂ ਦੇ ਅਥਾਹ ਸਾਗਰ ਵਿਚ ਡੁੱਬਾ ਹੋਇਆ ਆਦਮੀ ਆਪਣੇ ਨਾਲ ਰੱਲਾਂ ਕਰ ਰਿਹਾ ਹੋਵੇ। "ਹਾਂ ਜੀ, ਇਸ ਵਾਰੀ ਅੱਛੇ ਲੇਖ ਜਾਂ ਕਵਿਤਾ ਵਾਸਤੇ ਇਨਾਮ ਭੀ ਰਖਿਆ ਗਿਆ ਹੈ ?" ਐਡੀਟਰ ਨੇ ਲਿਖਾਰੀ ਦੀ ਤਵਜੋਂ ਇਕ ਛਪੀ ਹੋਈ ਚਿੱਠੀ ਵਲ ਦਿਵਾਉਂਦਿਆਂ ਹੋਇਆਂ ਕਿਹਾ। ਉਸਦਾ ਖਿਆਲ ਸੀ ਇਸ ਨਾਲ ਲਿਖਾਰੀ ਦੀ ਰੁਚੀ ਜਾਗ ਉਠੇਗੀ।

"ਇਨਾਮ ? ਕਿਸ ਗੱਲ ਦਾ ਇਨਾਮ ?" ਲਿਖਾਰੀ ਨੇ ਉਸੇ ਲਹਿਜੇ ਵਿਚ ਹੈਰਾਨੀ ਨਾਲ ਪੁਛਿਆ।

"ਪੜ੍ਹਣ ਵਾਲਿਆਂ ਅਗੇ ਸੋਹਣੇ ਸਾਦੇ ਅਤੇ ਰੁੰਦਵੇਂ ਖਿਆਲ ਰੱਖਣ ਵਾਲੇ ਨੂੰ ਉਸਦੀ ਹੌਂਸਲਾ ਅਫਜ਼ਾਈ ਵਜੋਂ ਕੁਛ ਇਨਾਮ ਦਿਤਾ ਜਾਵੇਗਾ। ਸਾਡਾ ਪਰਚਾ ਅਤੇ ਸਾਡੀ ਪਬਲਿਕ ਸਦਾ ਉਨ੍ਹਾ ਦੀ ਕਦਰ ਕਰਦੇ ਹਨ" ਐਡੀਟਰ ਨੇ ਬੜੀ ਮਿਹਰਬਾਨੀ ਨਾਲ ਜਵਾਬ ਦਿਤਾ।

ਲਿਖਾਰੀ ਦੀਆਂ ਅੱਖਾਂ ਚਮਕ ਉਠੀਆਂ— ਉਸਦਾ ਤਜਰਬਾ ਕੁਛ ਹੋਰ ਸੀ-ਉਸਨੇ ਕਈ ਵਾਰੀ ਅਜੇਹੇ ਮਜ਼ਮੂਨ ਤੇ ਅਜੇਹੀਆਂ ਕਵਿਤਾਵਾਂ ਲਿਖੀਆਂ ਸਨ ਜਿੰਨ੍ਹਾਂ ਨੂੰ ਉਹ ਆਪ ਕਈ ਵਾਰ ਪੜ੍ਹਕੇ ਵਜਦ ਵਿਚ ਆ ਜਾਂਦਾ ਸੀ ਉਸ ਦੀ ਹਾਲਤ ਉਸ ਚਿਤ੍ਰਕਾਰ ਵਾਲੀ ਹੋ ਜਾਂਦੀ ਸੀ ਜੋ ਆਪਣੇ ਹੀ ਹਥ ਦੇ ਖਿਚੇ ਚਿਤ੍ਰ ਤੇ ਆਸ਼ਕ ਹੋ ਗਿਆ ਸੀ-ਪਰ ਸਦਾ ਹੀ ਪਬਲਿਕ ਵਲੋਂ ਉਸ ਨੂੰ ਬੁਰਾ ਆਖਿਆ ਗਿਆ ਸੀ ਕਿਉਂਕਿ ਉਸਦੇ ਖਿਆਲਾਤ ਉਨ੍ਹਾਂ ਤੋਂ ਵੱਖਰੇ ਹੁੰਦੇ ਸਨ। ਉਹ ਜਿਨ੍ਹਾਂ ਤੋਂ ਮੁਹੱਬਤ ਚਾਹੁੰਦਾ ਸੀ ਉਹ ਉਸਨੂੰ ਨਫਰਤ ਕਰਦੇ ਸਨ-ਉਹ ਜਿਨ੍ਹਾਂ ਤੋਂ ਹਮਦਰਦੀ ਤੇ ਕਦਰ ਚਾਹੁੰਦਾ ਸੀ ਉਹ ਉਸਨੂੰ ਬੁਰਾ ਆਖਦੇ ਸਨ—ਉਸਦੀ ਹਾਲਤ ਉਸ ਫੁਲਾਂ ਵਾਲੇ ਵਰਗੀ ਸੀ ਜਿਸਦੇ ਹਾਰਾਂ ਤੇ ਗੁਲਦਸਤਿਆਂ ਤੇ ਭਾਵੇਂ ਉਹ ਉਨ੍ਹਾਂ ਵਾਸਤੇ ਕੋਈ ਮੁਲ ਨਹੀਂ ਸੀ ਮੰਗਦਾ, ਲੋਕਾਂ ਨੇ ਮਖੌਲ ਉਡਾਏ ਹੋਣ—

"ਕਦਰ, ਸ਼ਲਾਘਾ-ਇਨਾਮ-" ਉਸਨੇ ਪਾਗਲ ਆਦਮੀ ਵਾਂਗੂੰ ਕਈ ਵਾਰ ਦੁਹਰਾਉਂਦੇ ਹੋਏ ਆਖਿਆ।

ਐਡੀਟਰ ਇਕ ਮਾਨ-ਨੀਯ ਅਤੇ ਸਿਆਣਾ ਪੁਰਸ਼ ਸੀ ਪਰ ਉਸ ਨੂੰ ਲਿਖਾਰੀ ਦੀਆਂ ਗਲਾਂ ਦੀ ਕੁਝ ਸਮਝ ਨਾ ਪਈ-ਉਹ ਇਨ੍ਹਾਂ ਦੇ ਅਰਥ ਲੱਭਨ ਵਿਚ ਲਗ ਗਿਆ-ਜਦ ਉਸ ਨੇ ਨਜ਼ਰ ਉਠਾ ਕੇ ਵੇਖਿਆ ਤਾਂ ਉਥੇ ਲਿਖਾਰੀ ਨਹੀਂ ਸੀ—

੨.

ਰਾਤ ਦੇ ਦੋ ਬਜ ਚੁਕੇ ਹਨ-ਸਾਰਾ ਮਹੱਲਾ ਸੋ ਗਿਆ ਹੈ, ਹਰਤਰਫ ਬਿਲਕੁਲ ਚੁੱਪ ਹੈ-

Sri Satguru Jagjit Singh Ji Elibrary NamdhariElibrary@gmail.com

ਸਿਰਫ ਇਕ ਟੁਟੀ ਜਿਹੀ ਕੁਲੀ ਵਿਚੋਂ ਕੁਝ ਲੋ ਆ ਰਹੀ ਹੈ- ਪਹਿਰੇ ਦਾਰ ਕੁਝ ਅਰਸਾ ਉਧਰ ਵੇਖਦਾ ਰਿਹਾ, ਪਰ ਰੌਸ਼ਨੀ ਨਾ ਬੁਝੀ-ਆਖਰ ਕਾਰ ਉਸ ਪਾਸੋਂ ਰਿਹਾ ਨਾ ਗਿਆ-ਝੀਤ ਨੂੰ ਅਖ ਲਾਕੇ ਵੇਖਿਆ-ਅੰਦਰ ਨੀਵੇਂ ਜਿਹੇ ਦਵਾਖੇ ਉਤੇ ਮਿਟੀ ਦੇ ਤੇਲ ਦਾ ਦੀਵਾ ਜਗ ਰਿਹਾ ਹੈ-ਸਾਮਣੇ ਪਾਟੀ ਜਿਹੀ ਬੋਰੀ ਦੇ ਟੋਟੇ ਉਤੇ ਕੋਈ ਆਦਮੀ ਬੈਠਾ ਹੈ-ਚਿਹਰੇ ਤੇ ਝੁਰੜੀਆਂ ਤੇ ਅਖਾਂ ਵਿਚ ਸੋਚ-ਉਸਦੇ ਹਥ ਵਿਚਕਲਮ ਤੇ ਪਾਸ ਇਕ ਰੱਦੀ ਜਿਹੇ ਕਾਗਜ਼ਾਂ ਦਾ ਢੇਰ ਪਿਆ ਹੈ-ਵਿਚੋਂ ਚੰਗੇ ਚੰਗੇ ਕਾਗਜ਼ ਕਢਕੇ ਉਸਨੇ ਇਕ ਤਰਫ ਰਖੇ ਹਨ-ਉਹ ਕੁਛ ਲਿਖਣਦੀ ਕੋਸ਼ਸ਼ ਕਰਦਾ ਹੈ ਪਰ ਸਰਦੀ ਨਾਲ ਉਸਦੇ ਹਥਕੰਬਦੇ ਹਨ-ਕੁਝ ਮਿੰਟ ਤਕ ਪਹਿਰੇ ਵਾਲਾ ਵੇਖਦਾ ਰਿਹਾ- ਲਿਖਣ ਵਾਲੇ ਨੇ ਬੜੀ ਤੇਜੀ ਨਾਲ ਕੁਝ ਸਤਰਾਂ ਲਿਖ ਲਈਆਂ-ਪਰ ਫਿਰ ਸੋਚਣ ਲਗ ਪਿਆ ਅਤੇ ਪਾਗਲ ਆਦਮੀ ਵਾਂਗੂ ਮੂੰਹ ਵਿਚ ਕੁਛ ਗੁਣ ਗੁਣਾਉ ਦਿਆਂ ਹੋਇਆਂ ਇਕ ਦਮ ਕਾਗਜ਼ ਪਾੜ ਦਿਤਾ ਪਹਿਰੇ ਵਾਲੇ ਨੇ ਨੀਝ ਲਾਕੇ ਵੇਖਿਆ ਤਾਂ ਉਥੇ ਅਜਿਹੇ ਪਾਟੇ ਹੋਏ ਕਾਗਜਾਂ ਦਾ ਢੇਰ ਲਗਾ ਹੋਇਆ ਸੀ-ਮਾਨੋਂ ਲਿਖਾਰੀ ਨੇ ਅਜ ਸ਼ਾਮ ਤੋਂ ਸਿਵਾਏ ਇਸਤਰਾਂ ਕਾਗਜ਼ ਪਾੜਨ ਤੋਂ ਹੋਰ ਕੋਈ ਕੰਮ ਨਹੀਂ ਕੀਤਾ-ਇਹ ਸਾਡਾ ਲਿਖਾਰੀ ਸੀ ਜਿਸਨੇ ਬਸੰਤ ਨੰਬਰ ਵਾਸਤੇ ਕਈ ਮਜਮੂਨ ਲਿਖੇ ਸਨ ਅਤੇ ਪਾੜ ਦਿਤੇ ਸਨ ਕਿਉਂਕਿਓਹ ਉਸਦੀ ਕਸਵਟੀ ਤੇ ਨਹੀਂ ਟਿਕਦੇ ਸਨ-ਦੇਸ਼ ਸੇਵਾ, ਅਛੂਤ ਸੁਧਾਰ, ਸ੍ਵਦੇਸ਼ੀ, ਰਾਗ ਦੀਆਂ ਖੂਬੀਆਂ, ਬਸੰਤ ਦੀ ਬਹਾਰ, ਕਵਿਤਾ ਦੀ ਉਡਾਰੀ, ਚੀਨੀ ਦੀ ਸਵਾਰੀ ਸਭੋ ਮਜਮੂਨਾਂ ਤੇ ਉਸਨੇ ਲਿਖਣ ਦੀ ਨਿਸਫਲ ਕੋਸ਼ਸ਼ ਕੀਤੀ ਸੀ—ਆਖਰਕਾਰ ਉਹ ਥੱਕ ਕੇ ਬੈਠ ਗਿਆ ਅਤੇ ਗੁੱਸੇ ਤੇ ਨਾ ਉਮੀਦੀ ਨਾਲ ਫੇਰ ਕੁਝ ਸੋਚਣ ਲਗ ਗਿਆ-ਇਓਂ ਲਗਦਾ ਸੀ ਜਿਸਤਰਾਂ ਉਸਦੀ ਵਿਚਾਰ ਸ਼ਕਤੀ ਨੇ ਜਵਾਬ ਦੇ ਦਿਤਾ ਹੈ "ਇਨਾਮ" ਉਸ ਨੇ ਘਿਰਣਾਨਾਲ ਇਹਲ ਫਜ਼ ਦੁਹਰਾਉਂਦਿਆਂ ਹੋਇਆਂ ਅਪਣੀ ਕਲਮ ਸੁਟ ਦਿਤੀ ਅਤੇ ਉਥੇ ਹੀ ਆਪਣੀ ਪਾਟੀ ਹੋਈ ਕੰਬਲੀ ਨੂੰ ਉਤੇ ਲੈਕੇ ਲੇਟ ਗਿਆ।

੩.

ਕਹਿੰਦੇ ਹਨ ਨੀਦ ਸੂਲੀ ਤੇ ਵੀ ਆ ਜਾਂਦੀ ਹੈ-ਪਰ ਪਹਿਰੇ ਦਾਰ ਹੈਰਾਨ ਸੀ ਕਿ ਐਨੀ ਠੰਢ ਵਿਚ ਇਸ ਪਾਟੀ ਹੋਈ ਕੰਬਲੀ ਵਿਚ ਭੋਂ ਤੇ ਵਿਛੇ ਇਸ ਬੋਰੀ ਦੇ ਟੋਟੇ ਉਤੇ ਓਹ ਕਿਸਤਰਾਂ ਸੌਂ ਜਾਵੇਗਾ ਪਰ ਜਦੋਂ ਉਸਨੇ ਦੂਸਰੀ ਵਾਰ ਆਣਕੇ ਵੇਖਿਆ ਤਾਂ ਉਹ ਸਚ ਮੁੱਚ ਸੁੱਤਾ ਹੋਇਆ ਸੀ—ਉਸਨੇ ਕਿਹਾ ਸ਼ਾਇਦ ਇਸਦੀ ਇਹ ਰੋਜ ਦੀ ਆਦਤ ਹੈ--ਉਸਨੂੰ ਹੈਰਾਨੀ ਹੋਈ ਅਤੇ ਉਸਨੇ ਇਹ ਜਾਨਣ ਦੀ ਖ੍ਵਾਹਸ਼ ਕੀਤੀ ਕਿ ਇਹ ਕੌਣ ਆਦਮੀ ਹੈ-ਉਹ ਗੁਰ-ਮੁਖੀ ਪੜ੍ਹਿਆ ਹੋਇਆ ਸੀ-ਉਸਨੇ ਆਪਣੀ ਲਾਲਟੈਨ ਦੇ ਚਾਨਣ ਵਿਚ ਬੂਹੇ ਤੇ ਲਗੇ ਹੋਏ ਬੋਰਡ ਨੂੰ ਪੜ੍ਹਿਆ--ਲਿਖਿਆ ਹੋਇਆ ਸੀ "ਪੰਜਾਬੀ ਲਿਖਾਰੀ"—ਉਸਦੀ ਹੈਰਾਨੀ ਦੀ ਕੋਈ ਹੱਦ ਨਾ ਰਹੀ ਕਿਉਂਕਿ ਉਹ ਇਕ ਮਸ਼ਹੂਰ ਆਦਮੀ ਸੀ ਅਤੇ ਉਸਦੀ ਸੋਭਾ ਉਸਨੇ ਬਹੁਤ ਸੁਣੀ ਹੋਈ ਸੀ-ਉਸਦਾ ਖਿਆਲ ਸੀ ਓਹ ਕੋਈ ਮੋਟਰਾਂ ਵਿਚ ਚੜ੍ਹਨ ਵਾਲਾ ਅਤੇ ਗਦੇਲਿਆਂ ਤੇ ਸੌਣ ਵਾਲਾ ਅਮੀਰ ਆਦਮੀ ਹੋਵੇਗਾ-ਦੀਂਦਾਂ ਨਾਲ ਜੀਭ ਟੁਕਦਿਆਂ ਹੋਇਆਂ ਉਸਨੇ ਆਖਿਆ, 'ਪੰਜਾਬੀ ਲਿਖਾਰੀ' ਅਤੇ ਉਹ ਆਪਣੀ ਗਸ਼ਤ ਤੇ ਚਲਾ ਗਿਆ।

Sri Satguru Jagjit Singh Ji Elibrary NamdhariElibrary@gmail.com

੪

ਪੰਜ ਬਜੇ ਦਾ ਘੜਿਆਲ ਵਜਾ ਲਿਖਾਰੀ ਅਪਣੀ ਕਲਮ ਲਦੀ ਬੜੀ ਛੇਤੀ ਛੇਤੀ ਲਿਖ ਰਿਹਾ ਹੈ; ਪਤਾ ਨਹੀਂ ਕਦੋਂ ਸੁੱਤਾ ਤੇ ਕਦੋਂ ਜਾਗ ਪਿਆ ਹੁਣ ਉਸਦੀ ਕਲਮ ਵਿਚ ਅਟਕ ਨਹੀਂ, ਹੁਣ ਉਸਦੇ ਚਿਹਰੇ ਤੇ ਸ਼ੋਚ ਨਹੀਂ, ਇਕ ਜਲਾਲ ਹੈ, ਇਕ ਵਲਵਲਾ ਹੈ, ਉਹ ਲਿਖ ਰਿਹਾ ਹੈ ਕਿਸਤਰਾਂ ਉਸ ਨੂੰ ਸਫਨੇ ਵਿਚ ਇਕ ਰੌਸ਼ਨੀ ਨਜ਼ਰ ਆਈ--ਉਸ ਵਿਚੋਂ ਕਿਸੇ ਨੇ ਬਾਂਹ ਕਢ ਕੇ ਉਸ ਵਲ ਇਸ਼ਾਰਾ ਕੀਤਾ। ਉਹ ਉਸਦੇ ਪਿਛੇ ਪਿਛੇ ਦੌੜਿਆ-ਦੌੜਿਆ ਗਿਆ-ਹਰਿ-ਅਵਲਾਂ, ਜੰਗਲਾਂ, ਦਰਿਆਵਾਂ, ਥਲਾਂ, ਵਸੋਂ, ਉਜੜਾਂ, ਸਮੁੰਦਰਾਂ ਤੇ ਪਹਾੜਾਂ ਦੇ ਉਪਰਦੀ ਆਸਾਨੀ ਨਾਲ ਤਿਲਕਦਾ ਗਿਆ ਅਤੇ ਪਹੁੰਚ ਗਿਆ ਉਸ ਦੇਸ ਵਿਚ ਜਿਥੇ ਔਰਤਾਂ ਤੇ ਆਦਮੀਆਂ ਦੇ ਇਕੋ ਜਿਹੇ ਹਕ ਹਨ--ਔਰਤਾਂ ਦੁਕਾਨਾਂ ਤੇ ਬੈਠਦੀਆਂ, ਫੇਰੀ ਦੇਂਦੀਆਂ ਹਨ ਅਤੇ ਆਦਮੀ ਹਸਦੇ ਖੇਡਦੇ ਹਨ। ਫੀਨੇ ਫੀਨੇ ਨਕ, ਬੈਠਵੇਂ ਮਥੇ ਤੇ ਖੱਟੇ ਖੱਟੇ ਰੰਗ। ਇਹ ਬਤਮੇ ਹਨ ਬਤਮੇ। ਉਥੇ ਇਕ ਬੰਦੀਖਾਨਾ ਹੈ, ਭਾਛੇ ਪਹਿਤੇ ਵਾਲੀ ਜੇਲ ਹੈ ਉਸ ਵਿਚ ਇਕ ਕੋਠੜੀ ਵਿਚ ਉਹ ਰੌਸ਼ਨੀ ਇਕਦਮ ਗਾਇਬ ਹੋ ਜਾਂਦੀ ਹੈ। ਸਾਮਣੇ ਇਕ ਦਿੱਬ ਮੂਰਤ, ਲੰਮੇ ਬੀਬੇ ਦਾੜ੍ਹ ਵਾਲੀ, ਕਿਸੇ ਰੱਬੀ ਯਾਦ ਵਿਚ ਮਸਤ, ਮਾਲਾ ਫੇਰ ਰਹੀ ਹੈ। ਲਿਖਾਰੀ ਦਾ ਸਿਰ ਝੁਕ ਜਾਂਦਾ ਹੈ। ਪਛਾਣਦਾ ਹੈ ਕਿਥੇ ਦਰਸ ਹੋਏ ਸਨ! ਚੇਤੇ ਤੇ ਜ਼ੋਰ ਦਿੰਦਾ ਹੈ ਪਰ ਨਿਸਫਲ। ਸਿਰ ਹੋਰ ਝੁਕ ਜਾਂਦਾ ਹੈ, "ਹੁਕਮ ਮਹਾਰਾਜ ?" ਪਤਾ ਨਹੀਂ ਕਿਸ ਵੇਲੇ ਉਸਨੇ ਮੂੰਹੋਂ ਇਹ ਸ਼ਬਦ ਕਹਿ ਦਿਤੇ।

ਉਸ ਦਿਬ ਮੂਰਤੀ ਨੇ ਸਿਰ ਉਤਾਂਹ ਚੁਕਿਆ ਅਤੇ ਮਸਤ ਅੱਖਾਂ ਨਾਲ ਭਾਵ ਪੂਰਤ ਨਜ਼ਰ ਵਿਚ ਉਸਨੂੰ ਤੋਲਿਆ। "ਹੁਕਮ ? ਸਾਡਾ ਕੀ ਹੁਕਮ ? ਕਰਤੇ ਦਾ ਹੁਕਮ ਹੈ" ਮੁਸਕਰਾਉਂਦਿਆਂ ਕਿਹਾ।

ਲਿਖਾਰੀ ਠਠੰਬਰ ਗਿਆ, "ਬਖਸ਼ਸ਼, ਕਿਰਪਾ ਸਾਗਰ, ਬਖਸ਼ਸ਼।"

ਸ੍ਰੀ ਜੀ ਮੁਸਕਰਾਏ ਅਤੇ ਕਹਿਣ ਲਗੇ "ਹਾਂ, ਪੰਜਾਬ ਜਾਓ ਅਤੇ ਸਿਖਾਂ ਦੀਆਂ ਸਾਰੀਆਂ ਸੰਪਰਦਾਵਾਂ, ਨਾਮਧਾਰੀਆਂ, ਸਿੰਘ ਸਭੀਆਂ, ਅਕਾਲੀਆਂ, ਨਿਰਮਲਿਆਂ, ਉਦਾਸੀਆਂ ਨੂੰ ਕਹਿ ਦਿਓ, ਬੜਾ ਕਰੜਾ ਸਮਾ ਆ ਰਿਹਾ ਹੈ--ਗੁਰੂ ਨਾਨਕ ਗੁਰੂਗੋਬਿੰਦ ਸਿੰਘ ਦੇ ਹੁਕਮ ਨੂੰ ਮੰਨ ਕੇ ਇਕ ਹੋ ਜਾਓ! ਕਿਉਂਕਿ ਲਹੂ ਪਾਣੀ ਨਾਲੋਂ ਸਦਾ ਹੀ ਗਾੜ੍ਹਾ ਹੁੰਦਾ ਹੈ, ਨਹੀਂ ਤਾਂ ਵਿਰੋਧੀ ਤਾਕਤਾਂ ਮਲੀਆ ਮੇਟ ਕਰ ਦੇਣਗੀਆਂ।

ਬਚੋਗੇ ਤੁਸੀਂ ਅਰ ਨਾ ਸਾਥੀ ਤੁਮਾਰੇ।
ਜੇ ਡੁਬੇਗੀ ਕਿਸ਼ਤੀ ਤਾਂ ਡੁਬੋਗੇ ਸਾਰੇ"

ਓਹ ਦਿਬ ਮੂਰਤ ਫਿਰ ਮੁਸਕਰਾਏ ਅਤੇ ਅੰਤਰ ਧਿਆਨ ਹੋ ਗਏ। ਲਿਖਾਰੀ ਦੇ ਮਨ ਵਿਚ-ਇਹ ਕੌਣ ਹਨ ? ਕੀ ਕਰੜੇ ਸਮੇ ਔਣ ਵਾਲੇ ਹਨ ? ਵਿਰੋਧੀ ਤਾਕਤਾਂ ਕੌਣ ਹਨ ? ਆਦਿਕ ਕਈ ਸਵਾਲ ਪੁਛਣ ਦਾ ਖਿਆਲ ਆਇਆ, ਪਰ ਹੀਆ ਨਾ ਪਿਆ।

ਲਿਖਾਰੀ ਨੇ ਬੜੀ ਤਸੱਲੀ ਨਾਲ ਆਪਣਾ ਲੇਖ ਖਤਮ ਕੀਤਾ ਤੇ ਡਾਕ ਵਿਚ ਪਾ ਦਿਤਾ। ਉਸਦੇ ਚਿਹਰੇ ਤੇ ਖੁਸ਼ੀ ਸੀ।

(੫)

ਹਫਤੇ ਗੁਜ਼ਰ ਗਏ--ਇਕ ਅਮੀਰ ਆਦਮੀ ਮੋਟਰ ਵਿਚੋਂ ਉਤਰਿਆ। ਮੋਟਰ ਐਨ ਉਸ ਮਹੱਲੇ ਅਗੇ ਆਣਕੇ ਖੜੀ ਹੋਈ ਸੀ ਜਿਥੇ ਲਿਖਾਰੀ ਦੀ ਕੁਟੀਆ ਸੀ। ਉਸ

Sri Satguru Jagjit Singh Ji Elibrary NamdhariElibrary@gmail.com

ਭਲੇ ਪੁਰਖ਼ ਨੇ ਆਣਕੇ ਉਸ ਕੁਟੀਆ ਦਾ ਦਰਵਾਜ਼ਾ ਖਟਕਾਇਆ। ਉਸ ਦੇ ਇਕ ਹਥ ਵਿਚ ਸਤਿਜੁਗ ਦਾ ਬਸੰਤ ਨੰਬਰ ਸੀ ਅਤੇ ਦੂਸਰੇ ਹਥ ਵਿਚ ਮੁਹਰਾਂ ਦੀ ਥੈਲੀ—ਸ਼ਾਇਦ ਉਹ ਲਿਖਾਰੀ ਦਾ ਇਨਾਮ ਸੀ।

ਉਹ ਦਰਵਾਜ਼ਾ ਖੜਕਾਂਦਾ ਗਿਆ ਪਰ ਅੰਦਰੋਂ ਕੋਈ ਜਵਾਬ ਨਾ ਮਿਲਿਆ। ਆਖਰ ਚੁਥੀ ਪੁਟੀ ਗਈ। ਅਗੇ ਇਕ ਕਾਗਜ਼ ਦੇ ਟੁਕੜੇ ਤੇ ਟੁੱਟੇ ਹੋਏ ਅਖਰਾਂ ਵਿਚ ਲਿਖਿਆ ਸੀ—"ਇਨਾਮ, ਇਸ ਤੋਂ ਵੀ ਵਧ ਕੋਈ ਇਨਾਮ ਹੈ" ਪਾਸ ਪਏ ਭੂਰੀ ਵਿਚ ਸੁਤੇ ਬੰਦੇ ਨੂੰ ਹਲੂਣਿਆਂ ਗਿਆ। ਪਰ ਕੋਈ ਜਵਾਬ ਨਾ ਮਿਲਿਆ। ਉਹ ਆਪਣਾ ਇਨਾਮ ਲੈ ਚੁਕਾ ਹੋਇਆ ਸੀ।

ਕੁਲ ਆਲਮ ਤਾਂਈ ਵਧਾਈਆਂ ਨੇ

(ਵਲੋਂ ਸ੍ਰਦਾਰ ਸਰਦਾ ਸਿੰਘ ਜੀ ਨਿਮਾਣਾ ਦਿਲਾ ਸ਼ੇਖੂ ਪੁਰਾ ਵਾਲਾ)

ਧੰਨ ਭਾਗ ਭਲੇ ਹਨ ਭਾਰਤ ਦੇ, ਸ਼ਾਹ ਪ੍ਰੀਤਮ ਸਚਾ ਆਇਆ ਹੈ।
ਹਿੰਦ ਧਰਮ ਦੀ ਆਨ ਪਈ ਰੁੜ੍ਹਦੀ ਨੂੰ, ਜਿਸ ਆਨਕੇ ਬੰਨੇ ਲਾਇਆ ਹੈ।
ਸਭ ਦੇਸ ਪਿਆ ਉਲਟਾ ਜਾਂਦਾ ਸੀ, ਜਿਸ ਸੀਧੇ ਮਾਰਗ ਪਾਇਆ ਹੈ।
ਗਲ ਵਿਚ ਅਠੋਤੀ ਪਾ ਕਰਕੇ, ਚੌ ਅਖਰ ਨਾਮ ਜਪਾਇਆ ਹੈ।
ਧੰਨ ਧੰਨ ਗੁਰੂ ਧੰਨ ਧੰਨ ਗੁਰੂ, ਤੈ ਲੋਕ ਪਏ ਮੁਖੋਂ ਆਂਦੇ ਨੇ।
ਤਨਵਰ ਵੀ ਕੋਰਾਂ ਛਡ ਛਡਕੇ, ਨੀਵੇਂ ਕਰ ਸੀਸ ਝੁਕਾਂਦੇ ਨੇ।
ਪੰਛੀ ਵੀ ਪੈਲਾਂ ਪਾਂਦੇ ਨੇ, ਸ਼ੁਭ ਗੀਤ ਪ੍ਰਭੂ ਦੇ ਗਾਂਦੇ ਨੇ।
ਮਾਹੀ ਦੇ ਜਨਮ ਦੀ ਖੁਸ਼ੀ ਉਤੇ, ਸੁਰ ਵੀ ਪਏ ਫੁਲ ਵਰਸਾਂਦੇ ਨੇ।
ਵੋਹ ਚੀਨੀ ਵਾਲਾ ਆਇਆ ਜੋ, ਕਲ ਕੇ ਸਭ ਦੁਖ ਨਿਵਾਰਨ ਕੋ।
ਸਭ ਭਾਰ ਵੰਡਾਵਨ ਦੁਨੀਆਂ ਕਾ, ਜੁਲਮਾਂ ਦੀ ਬੇੜੀ ਤਾਰਨ ਕੋ।
ਅਸੁਰਾਂ ਨੂੰ ਘਾਟ ਉਤਾਰਨ ਕੋ, ਗਊਆਂ ਦੇ ਦੁਖੜੇ ਟਾਰਨ ਕੋ।
ਜਲਦੇ ਪਏ ਸੀਨੇ ਠਾਰਨ ਕੋ, ਦੁਖੜੇ ਪਰਦੇਸ ਸਹਾਰਨ ਕੋ।
ਓਸੇ ਹੀ ਮੋਹਿਨ ਪਿਆਰੇ ਦੀ, ਸ਼ੁਭ ਥਿਤ ਬਸੰਤੀ ਆਈ ਏ।
ਸਭ ਸ਼ਹਿਰਾਂ ਵਿੱਚੋਂ ਮਸ਼ਹੂਰ, ਭੈਣੀ ਮੇ ਜੋਤ ਜਗਾਈ ਏ।
ਜਿਸ ਚੁਗਲਾਂ ਪਾਪ ਪਾਖੰਡੀਆਂ ਤੇ, ਕੀਤੀ ਚਾ ਨੇਕ ਭਲਾਈ ਏ।
ਚਾ ਨਾਮ ਜਪਾਇਆ ਚੋਰਾਂ ਨੂੰ, ਸਾਧਾਂ ਕੀ ਸ਼ਾਨ ਬਨਾਈ ਏ।
ਚੰਦਰਮਾਂ ਭੈਣੀ ਚੜ੍ਹਿਆ ਹੈ, ਧਰਤੀ ਤੇ ਕਿਰਨਾਂ ਛਾਈਆਂ ਨੇ।
ਮੋਹਰਾਂ ਦਾ ਸਾਂਈ ਆਇਆ ਹੈ, ਮੋਰਾਂ ਨੇ ਪੈਲਾਂ ਪਾਈਆਂ ਨੇ।
ਪਰੀਆਂ ਵੀ ਗੀਤ ਗੁਰੂ ਜੀ ਦੇ, ਅਰਸ਼ਾਂ ਚੋਂ ਗਾਵਨ ਆਈਆਂ ਨੇ।
ਸਤਿਗੁਰ ਦੇ ਜਨਮ ਦਿਹਾੜੇ ਦੀਆਂ, ਕੁਲ ਆਲਮ ਤਾਈਂ ਵਧਾਈਆਂ ਨੇ।

Sri Satguru Jagjit Singh Ji Elibrary NamdhariElibrary@gmail.com

ਕੌਮ ਦਾ ਸਚਾ ਸਪੂਤ ਕੌਣ

ਸਤਿਗੁਰੂ ਜਗਜੀਤ ਸਿੰਘ ਪੁਸਤਕਾਲਯ
ਪੁਸਤਕ ਨੰ:.....
ਅਲਮਾਰੀ .....
ਸ੍ਰੀ ਭੈਣੀ ਸਾਹਿਬ

(ਵਲੋਂ ਸ੍ਰੀ ਮਾਨ ਲਾਲਾ ਗੁਰਾਂਦਿਤਾ ਜੀ ਖਨਾਂ ਕਰਤਾ ਸਿਖੋ ਕੇ ਬਾਰਹ ਗੁਰੂ)

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਮਹਾਰਾਜ ਇਕ ਅਜੀਬ ਹਸਤੀ ਰਖਦੇ ਸਨ। ਉਨਾਂ ਵਿਚ ਅਵਤਾਰਾਂ ਵਾਲੇ ਤੇ ਮਹਾਂ ਪੁਰਖਾਂ ਵਾਲੇ ਸਾਰੇ ਗੁਨ ਮੌਜੂਦ ਸਨ। ਉਹ ਭੂਤ ਭਵਿਖ ਤੇ ਵਰਤਮਾਨ—ਤਿਨਾਂ ਕਾਲਾਂ ਦੇ ਜਾਣੂ ਸਨ। ਉਹ ਜਿਸ ਵੇਲੇ ਇਸ ਧਰਤੀ ਉਤੇ ਆਏ ਇਥੋਂ ਦੇ ਰਹਿਣ ਵਾਲੇ ਆਪਣੇ ਘਰੋਗੂ ਲੜਾਈਆਂ; ਝਗੜਿਆਂ ਨਾਲ ਕਮਜੋਰਹੋਕੇ ਆਪਣਾਂ ਮਾਨ ਤਾਨ ਖੋ ਚੁਕੇ ਸਨ ਤੇ ਨਵੇਂ ਪ੍ਰਦੇਸੀ ਲੁਟੇਰੇ ਉਨਾਂ ਨੂੰ ਬੁਰੀ ਤਰਾਂ ਆਪਣੇ ਜਾਲ ਵਿਚ ਫਸਾ ਰਹੇ ਸਨ। ਸਤਿਗੁਰੂ ਜੀ ਮਹਾਰਾਜ ਨੇ ਕੁਝਕ ਭਾਗਵਾਨਾਂ ਉਤੇ ਅੰਮ੍ਰਿਤ ਛਿੜਕ ਕੇ ਉਨ੍ਹਾਂ ਨੂੰ ਫਿਰ ਸੁਰਜੀਤ ਕੀਤਾ ਤੇ ਇਕ ਛੋਟੇ ਜਹੇ ਦੇਵਾਸੁਰ ਸੰਗ੍ਰਾਮ ਦਾ ਨਮੂਨਾਂ ਦਸਿਆ। ਜਿਸਦਾ ਮਤਲਬ ਇਹ ਸੀ ਕਿ ਹੁਣ ਤਾਂ ਭਾਵੇਂ ਨਾ ਸਹੀ ਪਰ ਜਦ ਕਦੀ ਵੀ ਤੁਸੀਂ ਆਪਣਾਂ ਘਰ ਸਾਂਭਣਾਂ ਹੋਊ, ਇਸੇ ਤਰਾਂ ਕਰਨਾਂ। ਤੋਪਾਂ ਤਲਵਾਰਾਂ ਤੇ ਹੋਰ ਅਸਤ੍ਰ ਸ਼ਸਤ੍ਰਾਂ ਨਾਲ ਤੁਸੀ ਕਦੀ ਨਹੀ ਜਿਤ ਸਕਦੇ। ਜਦ ਜਿਤ ਸਕਦੇ ਹੋ. ਅਹਿੰਸਾ ਦੀ ਲੜਾਈ ਨਾਲ ਜਿਤ ਸਕਦੇ ਹੋ। ਅਗਲੇ ਦਾ ਖੂਨ ਬਹਾਕੇ ਨਹੀ, ਆਪਣਾਂ ਖੂਨ ਬਹਾਕੇ ਸੁਤੰਤ੍ਰਤਾ ਦੇਵੀ ਨੂੰ ਪ੍ਰਸੰਨ ਕਰ ਸਕਦੇ ਹੋ। ਸੁਤੰਤ੍ਰਤਾ ਦੇਵੀ ਕਿਸੇ ਓਪਰੇ ਦਾ ਨਹੀਂ, ਆਪਣੇ ਪੁਜਾਰੀ ਦਾ ਖੂਨ ਮੰਗਦੀ ਹੈ। ਉਹਤਿਆਗ ਦੀ—ਆਤਮ ਤਿਆਗ ਦੀ—ਚਾਹਵਾਨ ਹੈ। ਜੋ ਕੋਈ ਆਤਮ ਤਿਆਗ ਕਰਦਾ ਹੈ ਉਹ ਉਸ ਉਤੇ ਬਹੁਤ ਪ੍ਰਸੰਨ ਹੁੰਦੀ ਹੈ ਤੇ ਉਸ ਨੂੰ ਅਟਲ ਸ਼ਾਂਤੀ ਦੇਂਦੀ ਹੈ।

ਦੇਸ਼ ਗੁਲਾਮ ਹੈ। ਗੁਲਾਮ ਹਮੇਸ਼ਾਂ ਓਹੀ ਕੰਮ ਕਰਦੇ ਹਨ, ਜਿਸ ਨਾਲ ਉਹਨਾਂ ਦਾ ਮਾਲਕ ਪਰਸੰਨ ਰਹੇ ਤੇ ਜੇ ਕਦੀ ਕੋਈ ਅਜਿਹਾ ਵੀ ਕੰਮ ਕਰ ਬੈਠਣ ਕਿ ਜੋ ਮਾਲਕ ਦੇ ਹਿਤਾਂ ਨੂੰ ਹਾਨੀ ਪਹੁੰਚਾਣ ਵਾਲਾ ਪ੍ਰਤੀਤ ਹੋਵੇ ਤਾਂ ਮਾਲਕ ਉਸਨੂੰ ਕਦੀ ਬਰਦਾਸ਼ਤ ਨਹੀ ਕਰ ਸਕਦਾ ਤੇ ਆਪਣਾਂ ਸਾਰਾ ਜੋਰ ਲਾਕੇ ਗੁਲਾਮਾਂ ਨੂੰ ਆਪਣੇ ਮਨੋਰਥ ਵਿਚ ਅਸਫਲ ਕਰ ਦੇਂਦਾ ਹੈ। ਇਹੋ ਹਾਲ ਉਸ ਵੇਲੇ ਸਤਿਗੁਰਾਂ ਦੀ ਤਹਰੀਕ ਨਾਲ ਹੋਇਆ। ਵਕਤ ਦੀ ਹਕੂਮਤ ਨੇ ਨਾਮਧਾਰੀ ਲਹਿਰ ਨੂੰ ਦਬਾ ਦਿੱਤਾ ਤੇ ਆਪਣੀ ਵਲੋਂ ਸਦਾ ਲਈ ਦਬਾ ਦਿਤਾ।

ਹੁਣ ਦੇਸ਼ ਫਿਰ ਓਹੋ ਤਹਿਰੀਕ ਚਲਾਉਣੀ ਚਾਹੁੰਦਾ ਹੈ ਤੇ ਇਕਵਾਰੀ ਮਹਾਤਮਾਂ ਗਾਂਧੀ ਦੀ ਕਮਾਣ ਹੇਠ ਕੁਝ ਦਿਨ ਚਲਾ ਵੀ ਚੁਕਾ ਹੈ ਪਰ ਸਫਲਤਾ ਨਹੀ ਹੋਈ ਤੇ ਨਹੀ ਹੋਣੀ। ਕਾਰਨ ਕਿ ਤਹਰੀਕ ਠੀਕ ੨ ਸਤਿਗੁਰਾਂ ਵਾਲੀ ਨਹੀ ਹੈ। ਅਧੂਰੀ ਹੈ ਤੇ ਅਧੂਰੀ ਨਾਲ ਕੰਮ ਵੀ ਅਧੂਰਾ ਹੀ ਰਹਿਣਾਂ ਹੋਇਆ।

ਇਹ ਦੇਸ਼ ਧਰਮ ਪਰਧਾਨ ਹੈ। ਇਸ

Sri Satguru Jagjit Singh Ji Elibrary NamdhariElibrary@gmail.com

ਵਿਚ ਓਹੀ ਅੰਦੋਲਨ ਸਫਲ ਹੋ ਸਕਦਾ ਹੈ, ਜਿਸ ਵਿਚ ਧਰਮ ਪ੍ਰਧਾਨ ਹੋਵੇ। ਸਤਿਗੁਰਾਂ ਦਾ ਪ੍ਰੋਗਰਾਮ ਧਰਮ ਪ੍ਰਧਾਨ ਸੀ ਤੇ ਮਹਾਤਮਾਂ ਜੀ ਦਾ ਧਰਮ ਤੋਂ ਸਖਨਾਂ ਸੀ। ਕੋਰਾ ਰਾਜ ਨੀਤਕ ਸੀ। ਸਤਿਗੁਰਾਂ ਨੇ ਅਜ ਤੋਂ ਕੋਈ ਇਕ ਸੌ ਸਾਲ ਪਹਿਲੇ ਅੰਦੋਲਨ ਚਲਾਇਆ ਸੀ ਤੇ ਮਹਾਤਮਾਂ ਜੀ ਨੇ ਅਜੇ ਹੁਣੇ ਹੀ ਚਲਾਇਆ ਸੀ। ਅਜ ਤੋਂ ਇਕ ਸੌ ਸਾਲ ਪਹਿਲੇ ਜੋ ਦੇਸ਼ ਦੀ ਦਸ਼ਾ ਸੀ ਉਹ ਹੁਣ ਨਹੀ ਹੈ ਪਰ ਜੋ ਅਸਰ ਉਸ ਵੇਲੇ ਸਤਿਗੁਰਾਂ ਦਾ ਹੋਇਆ ਉਹ, ਗੁਸਤਾਖੀ ਮਾਫਮਹਾਤਮਾਂ ਜੀਦਾ ਨਾਂ ਹੋਇਆ ਨਾਮਧਾਰੀਆਂ ਨੇ ਅਜੇ ਸਖਤੀਆਂ ਝਲਦਿਆਂ ਹੋਇਆਂ ਵੀ ਕਰੀਬ ਇਕ ਸੌ ਸਾਲ ਤੋਂ ਆਪਣੇ ਗੁਰਾਂ ਦੇ ਹੁਕਮ ਨੂੰ ਸਿਰ ਮੱਥੇ ਪਰ ਚੜ੍ਹਾਈ ਰਖਿਆ ਹੈ ਪਰ ਮਹਾਤਮਾਂ ਜੀ ਦੇ ਪੈਰੋ ਕਾਰਾਂ ਨੇ ਅਜਿਹਾ ਨਹੀ ਕੀਤਾ। ਉਨਾਂ ਵਿਚੋਂ ਅਮੂਮਨ ਸਾਰਿਆਂ ਨੇ ਹੀ ਉਸ ਨੂੰ ਅਦੂਲ ਦਿਤਾ ਹੈ ਤੇ ਆਪਣੀ ਵਖਰੀ ਹੀ ਸੁਰ ਕਢਣੀ ਸ਼ੁਰੂ ਕਰ ਦਿਤੀ ਹੈ। ਦੇਸ਼ ਇਸ ਤਰਾਂ ਕਦੀ ਅਜ਼ਾਦ ਨਹੀ ਹੋਣਾਂ। ਦੇਸ਼ ਜਦ ਵੀ ਅਜ਼ਾਦ ਹੋਵੇਗਾ ਸਤਿਗੁਰਾਂ ਦੇ ਦਿਵਜ ਮੰਤ੍ਰ ਨਾਲ ਹੋਵੇਗਾ।

ਇਸੇ ਵਾਸਤੇ ਕਿਹਾ ਜਾਂਦਾ ਹੈ ਕਿ ਉਹ ਦੇਸ਼ ਦੇ ਕੌਮ ਦੇ ਸਚੇ ਸਪੂਤ ਸਨ। ਉਨ੍ਹਾਂ ਨੇ ਦੇਸ਼ ਦੇ ਜਾਤੀ ਨੂੰ ਇਕ ਸੂਤਰ ਵਿਚ ਪਰੋਣ ਦੀ ਕੋਸ਼ਸ਼ ਕੀਤੀ, ਉਹਨਾ ਨੇ ਹਿੰਦੂ ਜਾਤੀ ਨੂੰ ਟੁਕੜੇ ਟੁਕੜੇ ਕਰਨ ਦਾ ਕਦੀ ਹੀਲਾ ਨਹੀ ਕੀਤਾ। ਉਹ ਸਦਾ ਹਿੰਦੂ ਕੌਮ ਦੇ ਸਚੇ ਹਿਤ ਚਿੰਤਕ ਹੀ ਰਹੇ ਤੇ ਉਨ੍ਹਾਂ ਦੇ ਪੈਰੋ ਕਾਰਾਂ ਨੇ ਵੀ ਇਹੋ ਮੰਨਿਆਂ ਨਾਮਧਾਰੀ ਵੀਰ ਹਿੰਦੂ ਕਹਾਉਣ ਵਿਚ ਫਖਰ ਸਮਝਦੇ ਹਨ, ਉਨਾਂ ਨੂੰ ਏਹ ਕਹਿੰਦਿਆਂ ਸੁਣਦਿਆਂ ਸ਼ਰਮ ਔਂਦੀ ਹੈ ਕਿ ਅਸੀ ਹਿੰਦੂ ਨਹੀ ਹਾਂ, ਨਿਸ਼ਚੇ ਹੀ ਇਹ ਹਿੰਦੂ ਕੌਮ ਦੀ ਖੁਸ਼ ਕਿਸਮਤੀ ਹੈ ਕਿ ਨਾਮਧਾਰੀ ਵੀਰਾਂ ਵਰਗੇ ਹਿੰਦੂ ਕੌਮ ਦੇ ਸਪੂਤ ਹਨ। ਹਿੰਦੂ ਇਸ ਉਤੇ ਜਿਨੇ ਵੀ ਫੁੱਲਣ ਥੋੜਾ ਹੈ।

ਅਸਾਂ ਡਿੱਠਾ ਨਾ ਅਖੀਆਂ ਨਾਲ ਤੈਨੂੰ, ਐਪਰ ਤੇਰੇ ਦੀਵਾਨੇ ਪਏ ਦੱਸਦੇ ਹਨ।
ਨਾਮ ਰਸ ਦੇ ਲਏ ਗਟਾਕ ਜਿਨਾਂ, ਝੂਮ ਝੂਮ ਕੇ ਦਿਲ ਨੂੰ ਖੱਸਦੇ ਹਨ।
ਨੈਨ ਮਸਤ ਰੰਗੀਲੜੇ ਰਸ ਭਿੰਨੇ, ਰਬੀ ਰੰਗ ਵਿਚ ਉਨ੍ਹਾਂ ਦੇ ਰੱਸਦੇ ਹਨ।
ਸੁਨਕੇ ਬਚਨ ਅਨਿਆਲੜੇ ਉਨ੍ਹਾਂ ਵਾਲੇ, ਕੋਈ ਨਾਗ ਨਿਆਰੜੇ ਡੱਸਦੇ ਹਨ।
ਬ੍ਰਿਹੋਂ ਕੁਠਿਆਂ ਨੂੰ ਬਾਹੋਂ ਪਕੜ ਕਰਕੇ, ਗੁਰੂ ਨਾਨਕ ਦਾ ਦਰ ਦਿਖਾ ਦਿੰਦੇ।
ਇਕ ਨਾਮ ਦੀ ਕਣੀ ਦਾ ਦੇ ਜ਼ੱਰਹਾ, ਗੁਰਮੁਖ ਕੋਟ ਹੀ ਜੀਅ ਜੁਆ ਦਿੰਦੇ।
ਜਿਨ੍ਹਾਂ ਜਿਨ੍ਹਾਂ ਤੇ ਨਜਰ ਤੂੰ ਆਪ ਕੀਤੀ ਸਿਰਫ ਉਨ੍ਹਾਂ ਹੀ ਤੁਧਨੂੰ ਜਾਣਿਆਂ ਸੀ।
ਢੂੰਡ ਢੂੰਡ ਕੇ ਜਿਨ੍ਹਾਂ ਨੂੰ ਤੂੰ ਲਭਾ, ਸਿਰਫ ਉਨ੍ਹਾਂ ਹੀ ਨਾਮ ਰਸ ਮਾਣਿਆਂ ਸੀ।
ਜਿਨ੍ਹਾਂ ਹੋਈ ਸ਼ਨਾਖਤੀ ਤੁਧ ਦੀ ਸੀ, ਤੇਰੇ ਰੂਪ ਨੂੰ ਓਹਨਾਂ ਸਿਆਣਿਆਂ ਸੀ।
ਜਿਨ੍ਹਾ ਦਰਗਹ ਲੁਬਾਲੀ ਤੇ ਜੋੜ ਦਿਤਾ, ਸਚਾ ਰਹਿਬਰ ਹੀ ਉਹਨਾਂ ਪਛਾਣਿਆਂ ਸੀ।
ਜਾਨਣ ਲੋਕ ਕੀ ਜਿਨ੍ਹਾਂ ਨੂੰ ਖਬਰ ਕੋਈ ਨਹੀ, ਸਿਰ ਵਢਕੇ ਬੈਸਣਾ ਦਈਦਾ ਹੈ।
ਜੇਹੜੇ ਜੋੜ ਸਕਦੇ ਨਾਲ ਰਬ ਛਿਨ ਵਿਚ, ਨਾਮ ਉਹਨਾਂ ਦਾ ਗੁਰੂ ਕਹਿਲਾਈ ਦਾ ਹੈ।

(ਇਕ ਪ੍ਰੇਮੀ ਵਲੋਂ)

Sri Satguru Jagjit Singh Ji Elibrary NamdhariElibrary@gmail.com



ਜਾ ਕਹੁ ਸਾਡੇ ਸਜਣਾਂ ਤਾਈਂ, ਨਾ ਬਿੜਕਣ ਨਾ ਡੋਲਣ। ਹੁਕਮ ਅੰਦਰ ਸਭ ਕਾਰ ਹੋ ਰਹੀ, ਨੈਣ ਅੰਦਰਲੇਂ ਖੋਲ੍ਹਣ।
ਜਦ ਤਕ ਧਰਮ ਧੁਜਾ ਹੈ ਉਚੀ, ਧਰ ਤੇ ਨਾ ਲਹਿਰਾਸੀ। ਭੁਲਕੇ, ਖਾ ਭੁਲੇਖਾ ਕੋਈ, ਗਿਆ ਨਾ ਮੂੰਹੋ ਬੋਲਣ।

NamdhariElibrary@gmail.com
Sri Satguru Jagjit Singh Ji Elibrary

ਵਿਚ ਓਹੀ ਅੰਦੋਲਨ ਸਫਲ ਹੋ ਸਕਦਾ ਹੈ, ਜਿਸ ਵਿਚ ਧਰਮ ਪ੍ਰਧਾਨ ਹੋਵੇ। ਸਤਿਗੁਰੂਆਂ ਦਾ ਪ੍ਰੋਗਰਾਮ ਧਰਮ ਪ੍ਰਧਾਨ ਸੀ ਤੇ ਮਹਾਤਮਾਂ ਜੀ ਦਾ ਧਰਮ ਤੋਂ ਸਖਨਾਂ ਸੀ। ਕੋਰਾ ਰਾਜ ਨੀਤਕ ਸੀ। ਸਤਿਗੁਰਾਂ ਨੇ ਅਜ ਤੋਂ ਕੋਈ ਇਕ ਸੌ ਸਾਲ ਪਹਿਲੇ ਅੰਦੋਲਨ ਚਲਾਇਆ ਸੀ ਤੇ ਮਹਾਤਮਾਂ ਜੀ ਨੇ ਅਜੇ ਹੁਣੇ ਹੀ ਚਲਾਇਆ ਸੀ। ਅਜ ਤੋਂ ਇਕ ਸੌ ਸਾਲ ਪਹਿਲੇ ਜੋ ਦੇਸ਼ ਦੀ ਦਸ਼ਾ ਸੀ ਉਹ ਹੁਣ ਨਹੀ ਹੈ ਪਰ ਜੋ ਅਸਰ ਉਸ ਵੇਲੇ ਸਤਿਗੁਰਾਂ ਦਾ ਹੋਇਆ ਉਹ, ਗੁਸਤਾਖੀ ਮਾਫਮਹਾਤਮਾਂ ਜੀਦਾ ਨਾਂ ਹੋਇਆ ਨਾਮਧਾਰੀਆਂ ਨੇ ਅਜੇ ਸਖਤੀਆਂ ਝਲਦਿਆਂ ਹੋਇਆਂ ਵੀ ਕਰੀਬ ਇਕ ਸੌ ਸਾਲ ਤੋਂ ਆਪਣੇ ਗੁਰਾਂ ਦੇ ਹੁਕਮ ਨੂੰ ਸਿਰ ਮੱਥੇ ਪਰ ਚੜ੍ਹਾਈ ਰਖਿਆ ਹੈ ਪਰ ਮਹਾਤਮਾਂ ਜੀ ਦੇ ਪੈਰੋ ਕਾਰਾਂ ਨੇ ਅਜਿਹਾ ਨਹੀ ਕੀਤਾ। ਉਨਾਂ ਵਿਚੋਂ ਅਮੂਮਨ ਸਾਰਿਆਂ ਨੇ ਹੀ ਉਸ ਨੂੰ ਅਦੂਲ ਦਿਤਾ ਹੈ ਤੇ ਆਪਣੀ ਵਖਰੀ ਹੀ ਥੋੜਾ ਹੈ।

ਸੁਰ ਕਢਣੀ ਸ਼ੁਰੂ ਕਰ ਦਿਤੀ ਹੈ। ਦੇਸ਼ ਇਸ ਤਰਾਂ ਕਦੀ ਅਜ਼ਾਦ ਨਹੀ ਹੋਣਾਂ। ਦੇਸ਼ ਜਦ ਵੀ ਅਜ਼ਾਦ ਹੋਵੇਗਾ ਸਤਿਗੁਰਾਂ ਦੇ ਦਿਵਸ ਮੇਲ ਨਾਲ ਹੋਵੇਗਾ।

ਇਸੇ ਵਾਸਤੇ ਕਿਹਾ ਜਾਂਦਾ ਹੈ ਕਿ ਉਹ ਦੇਸ਼ ਦੇ ਕੌਮ ਦੇ ਸਚੇ ਸਪੂਤ ਸਨ। ਉਨ੍ਹਾਂ ਨੇ ਦੇਸ਼ ਦੇ ਜਾਤੀ ਨੂੰ ਇਕ ਢਾਂਚੇ ਵਿਚ ਪਰੋਣ ਦੀ ਕੋਸ਼ਸ਼ ਕੀਤੀ, ਉਨਾਂ ਨੇ ਹਿੰਦੂ ਜਾਤੀ ਨੂੰ ਟੁਕੜੇ ਟੁਕੜੇ ਕਰਨ ਦਾ ਕਦੀ ਹੀਲਾ ਨਹੀ ਕੀਤਾ। ਉਹ ਸਚੇ ਹਿੰਦੂ ਕੌਮ ਦੇ ਸਚੇ ਹਿਤ ਚਿੰਤਕ ਹੀ ਰਹੇ ਤੇ ਉਨਾਂ ਦੇ ਪੈਰੋ ਕਾਰਾਂ ਨੇ ਵੀ ਇਹੋ ਮੰਨਿਆਂ ਨਾਮਧਾਰੀ ਵੀਰ ਹਿੰਦੂ ਕਹਾਉਣ ਵਿਚ ਫਖਰ ਸਮਝਦੇ ਹਨ, ਉਨਾਂ ਨੂੰ ਏਹ ਕਹਿੰਦਿਆਂ ਸੁਣਦਿਆਂ ਸ਼ਰਮ ਆਂਦੀ ਹੈ ਕਿ ਅਸੀ ਹਿੰਦੂ ਨਹੀ ਹਾਂ, ਨਿਸ਼ਚੇ ਹੀ ਇਹ ਹਿੰਦ ਕੌਮ ਦੀ ਖਸ਼ ਕਿਸਮਤੀ ਹੈ ਕਿ ਨਾਮਧਾਰੀ ਵੀਰਾਂ ਵਰਗੇ ਹਿੰਦੂ ਕੌਮ ਦੇ ਸਪੂਤ ਹਨ। ਹਿੰਦੂ ਇਸ ਉਤੇ ਜਿਨੇ ਵੀ ਫੁੱਲਣ ਫਲ ਦਿਤਾ ਹੈ ਤੇ ਆਪਣੀ ਵਖਰੀ ਹੀ ਥੋੜਾ ਹੈ।

ਅਸਾਂ ਡਿੱਠਾ ਨਾ ਅਖੀਆਂ ਨਾਲ ਤੈਨੂੰ, ਐਪਰ ਤੇਰੇ ਦੀਵਾਨੇ ਪਏ ਦੱਸਦੇ ਹਨ।
ਨਾਮ ਰਸ ਦੇ ਲਈ ਗਟਾਕ ਜਿਨਾਂ, ਝੂਮ ਝੂਮ ਕੇ ਦਿਲ ਨੂੰ ਖੱਸਦੇ ਹਨ।
ਨੈਨ ਮਸਤ ਰੰਗੀਲੜੇ ਰਸ ਭਿੰਨੇ, ਰਬੀ ਰੰਗ ਵਿਚ ਉਨ੍ਹਾਂ ਦੇ ਰੱਸਦੇ ਹਨ।
ਸੁਨਕੇ ਵਚਨ ਅਨਿਆਲੜੇ ਉਨ੍ਹਾਂ ਵਾਲੇ, ਕੋਈ ਨਾਗ ਨਿਆਰੜੇ ਡੱਸਦੇ ਹਨ।
ਇਹੋ ਕੁਠਿਆਂ ਨੂੰ ਬਾਹੋਂ ਪਕੜ ਕਰਕੇ, ਗੁਰੂ ਨਾਨਕ ਦਾ ਦਰ ਦਿਖਾ ਦਿੰਦੇ।
ਇਕ ਨਾਮ ਦੀ ਕਣੀ ਦਾ ਦੇ ਜ਼ੋਰਹਾ, ਗੁਰਮੁਖ ਕੋਟ ਹੀ ਜੀਅ ਜੁਆ ਦਿੰਦੇ।
ਜਿਨ੍ਹਾਂ ਜਿਨਾਂ ਤੇ ਨਜਰ ਤੂੰ ਆਪ ਕੀਤੀ ਸਿਰਫ ਉਨ੍ਹਾਂ ਹੀ ਤੁਧਨੂੰ ਜਾਣਿਆਂ ਸੀ।
ਦੂਜ ਛੋੜ ਕੇ ਜਿਨਾਂ ਨੂੰ ਤੂੰ ਲਭਾ, ਸਿਰਫ ਉਨ੍ਹਾਂ ਹੀ ਨਾਮ ਰਸ ਮਾਣਿਆਂ ਸੀ।
ਜਿਨਾਂ ਹੋਰੀ ਸਨਾਖਤੀ ਚੁਪ ਦੀ ਸੀ, ਤੇਰੇ ਰੂਪ ਨੂੰ ਓਹਨਾਂ ਸਿਆਣਿਆਂ ਸੀ।
ਜਿਨ੍ਹਾਂ ਆਪਾ ਭੁਖਾਲੀ ਤੇ ਸੋਧ ਦਿਤਾ, ਸਚਾ ਰਹਿਬਰ ਹੀ ਉਹਨਾਂ ਪਛਾਣਿਆਂ ਸੀ।
ਜਾਨਣ ਸੋਝ ਕੀ ਜਿਨਾਂ ਨੂੰ ਮਬਰ ਕੋਈ ਨਹੀ, ਸਿਰ ਵਢਕੇ ਬੈਸਣਾ ਦਈਦਾ ਹੈ।
ਜੋਹੜੇ ਸੋਧ ਸਮਝ ਨਾਮ ਦੁਖ ਛਿਨ ਵਿਚ, ਨਾਮ ਉਹਨਾਂ ਦਾ ਗੁਰੂ ਕਹਿਲਾਈ ਦਾ ਹੈ।

(ਅਪੂ ਪਰਲੀ)

Sri Satguru Jagjit Singh Ji Elibrary NamdhariElibrary@gmail.com



ਜਾ ਕਹੁ ਸਾਡੇ ਸਜਣਾਂ ਤਾਈਂ, ਨਾ ਥਿੜਕਣ ਨਾ ਡੋਲਣ। ਹੁਕਮ ਅੰਦਰ ਸਭ ਕਾਰ ਹੋ ਰਹੀ, ਨੈਣ ਅੰਦਰਲੇ ਖੋਲ੍ਹਣ।
ਜਦ ਤਕ ਧਰਮ ਧੁਜਾ ਹੋ ਉਚੀ, ਧਰ ਤੇ ਨਾ ਲਹਿਰਾਸੀ। ਭੁਲਕੇ, ਖਾ ਭੁਲੇਖਾ ਕੋਈ, ਗਿਆ ਨਾ ਮੂੰਹੋ ਬੋਲਣ।

NamdhariElibrary@gmail.com
Sri Satguru Jagjit Singh Ji Elibrary

Sri Satguru Jagjit Singh Ji Elibrary NamdhariElibrary@gmail.com

ਸ਼ਹੀਦ ਪੈਦਾ ਕਰਨ ਵਾਲੀ ਮਹਾਨ ਉਚ ਸ਼ਕਤੀ

(ਵਲੋਂ ਸ੍ਰੀ ਮਾਨ ਵੇਦ ਨਰੰਗ ਸਿੰਘ ਜੀ 'ਤਾਂਘੀ' ਅੰਮ੍ਰਿਤਸਰ)

ਦੁਨੀਆਂ ਭਰ ਦੇ ਇਤਹਾਸਕ ਪੱਤਰੇ ਪਰਤਿਆਂ, ਉਨ੍ਹਾਂ ਨੂੰ ਗੌਹ ਨਾਲ ਬੁਧੀ ਦੀ ਕਸਵਟੀ ਉਪਰ-ਲਾਇਆਂ, ਸਰ-ਫੀ ਨਜ਼ਰ ਨਾਲ ਜਾਚਿਆਂ, ਉਸ ਵਿਚੋਂ ਸਭ ਤੋ ਉਚੀ, ਸਭਤੋਂ ਉਤਮ, ਸਭ ਤੋਂ ਲਾਭਦਾਇਕ ਜੇ-ਕੋਈ ਗਲ ਮਿਲੇਗੀ ਤਾਂ ਓਹ-ਇਹ ਮਿਲੇਗੀ ਕਿ ਜਗਤ ਦੇ ਤਮਾਮ ਉਚੇ, ਸੁਚੇ, ਗੁਰੂਆਂ, ਰਿਖੀਆਂ, ਮੁਨੀਆਂ, ਹਠੀਆਂ, ਤਪੀਆਂ, ਪੀਰਾਂ ਫਕੀਰਾਂ, ਗੁਣੀਆਂ, ਗਿਆਨੀਆਂ, ਧਿਆ-ਨੀਆਂ, ਮਾਨੀਆਂ, ਔਲੀਆਂ, ਅੰਬੀਆਂ, ਅਵ ਤਾਰਾਂ ਨਾਲੋਂ ਜਗਤ-ਧਰਮ ਲਈ ਆਪਣੇ-ਆਪ ਦੀ ਬਲੀ ਦੇਣ ਵਾਲੇ "ਸ਼ਹੀਦ" ਦਾ ਰੁਤਬਾ "ਬੀਰ-ਪੂਜਕ" ਜਗਤ ਵਿਚ ਸਭ ਤੋਂ 'ਸ੍ਰੇਸ਼ਟ' ਮੰਨਿਆਂ ਜਾਂਦਾ ਹੈ, । ਇਹ ਕਿਉਂ ? ਇਸ ਲਈ ਕਿ ਸ਼ਹੀਦ ਦੇ ਇਕ ਖੂੰਨ ਦੇ ਟੋਪੇ ਤੋਂ ਲੱਖਾਂ ਹੋਰ ਸ਼ਹੀਦ ਪੈਦਾ ਹੁੰਦ ਹਨ । ਗੋਇਆ ਸ਼ਹੀਦ ਦਾ ਖੂੰਨ-ਕੌਮਾਂ ਦੀ ਜ਼ਿੰਦਗੀ ਲਈ ਅੰਮ੍ਰਤ ਬੂੰਦ ਹੈ !—

ਹੁਣ ਸਾਲ ਹੋਵੇਗਾ ਕਿ ਜੋ ਸ਼ਕਤੀ ਸ਼ਹੀਦ ਪੈਦਾ ਕਰਦੀ ਹੈ, ਸ਼ਹੀਦ ਵੀ ਓਹ ਨਹੀਂ ਜੋ ਭਰਾ ਦੇ ਗਲੇ ਉਤੇ ਛੁਰੀ ਚਲਾਕੇ ਸ਼ਹੀਦ ਕਹਾਂਦਾ ਹੈ, ਕਿਸੇ ਅਬਲਾ ਉਤੇ ਵਾਰ ਕਰਨ ਨੂੰ ਸ਼ਹੀਦੀ ਮੰਨਦਾ ਹੈ, ਸਗੋਂ ਓਹ ਸ਼ਹੀਦ ਜੋ ਜਗਤ—ਲਾਭ ਲਈ ਆਪਣੇ ਆਪ ਨੂੰ ਮਦਕੇ ਕਰਦਾ ਹੈ, ਇਹਨਾ ਸ਼ਬਦਾਂ ਤੋਂ ਮੇਰਾ ਭਾਵ, ਉਸ ਮਹਾਨ ਉਚ ਸ਼ਕਤੀਵਾਨ ਸਚੇ ਦੇਸ਼ ਭਗਤ ਨਾਮਧਾਰੀ ਸ਼ਰੋਣੀ ਦੇ—ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਸਾਹਿਬ ਜੀ ਤੋਂ ਹੈ, ਜਿਨ੍ਹਾ ਮਲੇਰ ਕੋਟਲੇ ਦੇ

ਸਤਿਕਾਰ ਯੋਗ ਮਿਤ੍ਰ, ਵੇਦ ਨਰੰਗ ਸਿੰਘ ਜੀ 'ਤਾਂਘੀ' ਪ੍ਰਸਿਧ ਸਵਲ ਪਤ੍ਰ ਕਾਰ ਹਨ। ਕ੍ਰਿਪਾਨ ਬਹਾਦਰ ਵੈਲੇ ਆਪ ਦੇ ਲੇਖਾਂ ਦੀ ਡਾਢੀ ਧੂਮ ਸੀ। ਅਜ ਕਲ ਆਪ ਸੁਤੰਤ੍ਰ ਨੂੰ ਸੰਪਾਦਨ ਕਰ ਰਹੇ ਹਨ।

ਚੀਫ ਐਡੀਟਰ

ਮੈਦਾਨ ਵਿਚ-ਹੱਸ ਹੱਸਕੇ ਮੌਤ ਨੂੰ ਜਫੀਆਂ ਪਾਣ ਵਾਲੇ ਸ਼ਹੀਦ ਪੈਦਾ ਕੀਤੇ, ਕਿਉਂ ਨਾ ਅਜੇਹੇਅਮਰ ਗੁਰੂ ਦੇ ਚਰਨਾਂ ਤੋਂ ਜਿੰਦ ਘੋਲੀ, ਸਦਕੇ, ਵਾਰਨੇ ਕਰਾਂ, ਇਕ ਵਾਰ ਨਹੀਂ ਸਗੋਂ ਮੁੜ ੨ ਜਨਮ ਧਾਰਕੇ ।

ਅਜ ਬਸੰਤ ਪੰਚਮੀ ਹੈ, ਇਹ ਉਹ ਸੁਭਾਗੀ ਦਿਨ ਹੈ—ਜਿਸ ਦਿਨ ਸਾਡੇ—ਪੂਜ ਜੋਗ ਸ੍ਰੀ ਬਾਬਾ ਜੀ ਨੇ ਸ੍ਰੀ-ਕਲ-ਕੀ-ਧਿਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਵਾਲੀ ਬਖਸ਼ੀ ਹੋਈ ਜੀਵਨ ਸ਼ਕਤੀ ਨੂੰ ਆਪਣੇ ਖਾਲਸੇ, ਹਾਂ ਭਈ ਆਪਣੇ ਖਾਲਸੇ ਵਿਚ ਪ੍ਰਚਲਤ ਕਰਨ ਲਈ ਅਵਤਾਰ ਧਾਰਿਆ, ਅਰ ਭੈਣੀ ਜਹੇ ਨਗਰ ਨੂੰ ਭੈਣਾ ਸਾਹਿਬ ਦੀ ਪਦਵੀ ਬਖਸ਼ੀ, ਸਿਖਾਂ ਵਿਚ ਮੁੜ ਨਾਮ-ਦਾਨ, ਕਰਮ, ਧਰਮ,

Sri Satguru Jagjit Singh Ji Elibrary NamdhariElibrary@gmail.com

ਪ੍ਰੇਮ, ਪਿਆਰ, ਦੇਸ ਹਿਤ ਦਾ ਬੀ ਬੀਜਿਆ।

ਐ-ਯੂਰਪ ਦੀ ਉਨਤੀ ਨੂੰ ਦੇਖ ਦੇਖ ਕੇ ਅਸ਼ ! ਅਸ਼ ! ਕਰਨ ਵਾਲੇ ਗੁਲਾਮ ਹਿੰਦੀਓ ਅਰ ਗੁਲਾਮੀ ਦੀਆਂ ਜੜ੍ਹਾਂ ਪੁਟਣ ਲਈ ਪੈਦਾ ਕੀਤੇ ਸੂਰ ਬੀਰ ਖਾਲਸਾ ਬਹਾਦਰੋ ! ਕਦੇ ਗਿਰੇਵਾਨ ਵਿੱਚ ਮੂੰਹ ਪਾਕੇ ਸੋਚਿਆ ਜੇ ਕਿ ਯੂਰਪ ਦੀ ਇਸ ਉਨਤੀ ਦਾ ਅਸਲ ਕਾਰਨ ਕੀ ਹੈ ? ਸਚ ਪੁੱਛੋ ਤਾਂ ਇਸਦਾ ਉਤ੍ਰ ਉਹ ਆਦਮੀ ਹੀ ਠੀਕ ਦੇ ਸਕਦਾ ਹੈ, ਜਿਸਦਾ ਆਤਮਾ, ਸਰੀਰ, ਅਜ਼ਾਦ ਹੋਵੇ ਅਸੀਂ ਗੁਲਾਮ; ਹਾਂ ਭਈ-ਗੁਲਾਮ, ਨਿਸ਼ੁਕਰੇ, ਅਕ੍ਰਿਤਘਣ, ਇਸਦਾ ਉਤ੍ਰ ਕੀ ਦੇ ਸਕਦੇ ਹਾਂ, ਜਿਨ੍ਹਾਂ ਦੀ ਆਤਮਾ ਵਿਚ ਅਜੇ ਇਹ ਸੱਤਾ ਵੀ ਨਹੀਂ ਆਈ ਕਿ-ਅਸੀਂ ਆਪਣੀ ਜਮੀਰ ਅਨੁਸਾਰ-"ਸਤਿਗੁਰ ਸ਼ਕਤੀ" ਨੂੰ "ਸਤਿਗੁਰੂ" ਵੀ ਆਖ ਸਕੀਏ, ਅਥਵਾ ਇਹੋ ਜਿਹੀਆਂ ਮਹਾਨ ਸ਼ਕਤੀਆਂ ਦੇ ਯਾਦਗਾਰੀ ਦਿਨ-ਉਸ ਪ੍ਰੇਮ-ਉਤਸ਼ਾਹ ਨਾਲ ਮਨਾਈਏ, ਜਿਸ ਉਤਸ਼ਾਹ ਦੇ ਓਹ ਲਾਇਕ ਸਨ।

ਪਾਠਕ, ਜੀ ਅਸਾਂ ਆਪਣੀ ਬੁਧੀ ਅਨੁਸਾਰ ਯੂਰਪ ਦੀ ਉਨਤੀ ਦਾ ਜੋ ਭੇਦ ਲਭਾ ਹੈ, ਉਸਤੋਂ ਮਲੂਮ ਹੁੰਦਾ ਹੈ ਕਿ ਯੂਰਪ ਵਿਚ ਜਿਥੇ ਵਿੱਦਿਆ, ਜਥੇਬੰਦੀ, ਏਕਾ, ਵਿਉਪਾਰ, ਹੁਨਰ, ਰਾਜ-ਨੀਤੀ ਮੌਜੂਦ ਹੈ, ਉਦੋਂ ਉਨ੍ਹਾਂ ਵਿਚ **'ਬੀਰ ਪੂਜਾ'** ਦਾ ਸਭ ਤੋਂ ਵਡਾ ਗੁਣ ਹੈ, ਬਸ, ਇਸ ਗੁਣ ਦੀ ਬਦੌਲਤ ਹੀ ਯੂਰਪ ਵਾਲੇ ਅਸਾਡੇ ਉਤੇ ਰਾਜ ਕਰ ਰਹੇ ਹਨ, ਪਰ ਅਸੀਂ "ਬੀਰ ਪੂਜਾ" ਦਾ ਖਿਆਲ ਭੁਲਾਕੇ ਹੋਰ ਵੀ ਗੁਲਾਮ ਬਣ ਰਹੇ ਹਾਂ।'

ਕੀ ਜੇ ਅਸੀਂ ਸ੍ਰੀ ਬਾਬਾ ਰਾਮ ਸਿੰਘ ਜੀ ਮਹਾਰਾਜ ਵਰਤੇ—ਉੱਚੇ-ਸੁੱਚੇ ਬੀਰ ਦੇ ਪੂਰਨਿਆਂ ਉਤੇ ਚਲਦੇ, ਤਾਂ ਹੁਣ ਤਕ ਗੁਲਾਮ ਹੀ ਰਹਿੰਦੇ ? ਹਰ ਰਿਜ਼ ਨਹੀਂ ! ਖੈਰ ਪਿਛੇ ਜੋ ਹੋਇਆ ਸੋ ਹੋਇਆ, ਆਓ-ਅਜ ਤੋਂ ਹੀ ਪ੍ਰਣ ਕਰੋ ਕਿ-ਅਸਾਂ ਵੀ ਮਹਾਰਾਜ ਜੀ ਦੇ ਸਭ ਤੋਂ ਉਚੇ ਸਭ ਤੋਂ ਸੁਚੇ ਕੰਮ, ('ਸ਼ਹੀਦ ਪੈਦਾ ਕਰਨ' ਵਾਲੇ) ਨੂੰ ਹਿਰਦੇ ਵਿਚ ਥਾਂ ਦੇਣੀ ਹੈ-ਪਰ ਬਾਬਾ ਜੀ ਦੇ ਪਾਏ ਪੂਰਨਿਆਂ ਉਤੇ ਚਲਕੇ ਜਿਤੇ ਆਤਮਾ ਦੀ ਉਚਤਾ ਲਈ ਜਪ-ਜਾਪ ਕਰਨਾ ਹੈ, ਉਥੇ ਦੇਸ ਦੀ ਕਲਯਾਨ ਲਈ-ਸਭ ਕੁਝ, ਹਾਂ ਜੀ ਸਭ ਕੁਝ, ਸਦਕੇ ਕਰ ਦੇਣਾ ਵੀ ਸਿਖੀਏ !

ਃ—੦—ਃ

ਪਿਆਰੇ ਆ

(ਵਲੋਂ ਪੀਤਮ ਸਿੰਘ ਜੀ ਕਵੀ ਸ੍ਰੀ ਭੈਣੀ ਸਾਹਿਬ)

ਮਿਨਤਾਂ ਕਰ ਕਰ,
ਸਭ ਦੁਖ ਜਰ ਜਰ,
ਬਿਨਤੀ ਕਰਦੇ ਆ:—
"ਪਿਆਰੇ" ਆ (੧)

ਹਰ ਪਲ ਛਿਨ ਛਿਨ,
ਕਟਤੇ ਗਿਨ ਗਿਨ,
ਦਰਸ਼ਨ ਜ਼ਰਾ ਦਿਖਾ:—
"ਪਿਆਰੇ" ਆ (੨)

ਹਰ ਕੁਈ ਆ ਕੇ,
ਮਾਰੇ ਮਿਹਣੇ,
ਆ ਇਹ ਦੁਖ ਮਿਟਾ:—
"ਪਿਆਰੇ" ਆ (੩)

ਤੇਰੇ ਤੋਂ ਬਿਨ,
ਹੋਰ ਨਾਂ ਕੋਈ,
ਦੇਖੇ ਸਭ ਅਜਮਾ:—
"ਪਿਆਰੇ" ਆ (੪)

—ਃ੦ਃ—

Sri Satguru Jagjit Singh Ji Elibrary NamdhariElibrary@gmail.com

ਨਾਮਧਾਰੀ ਪੰਥ!

(ਵਲੋਂ ਸ੍ਵਾਮੀ ਭਗਵਾਨ ਦਾਸ ਜੀ ਅਚਾਰਯ ਗਹਿਰ ਗੰਭੀਰ ਮਤ ਗੋਪੜ)

ਉਪੁੱਕਤ ਪੰਥ ਕੇ ਪ੍ਰਵਰਤਕ ਸ੍ਰੀ ਗੁਰੂ ਰਾਮ ਸਿੰਘ ਜੀ ਹੁਏ ਹੈਂ। ਪਹਲੇ ਆਪ ਮਹਾ ਰਾਜਾ ਰਣਜੀਤ ਸਿੰਘ ਕੀ ਫੌਜਕੇ ਸਪਾਹੀ ਥੇ ਆਪਨੇ ਸਿਖ ਰਾਜ ਕਾ ਪੂਰਾ ਨਕਸ਼ਾ ਦੇਖਾ ਹੁਆ ਥਾ। ਮਹਾਰਾਜਾ ਰਣਜੀਤ ਸਿੰਘ ਕੇ ਮਰਨੇ ਪੀਛੇ ਜੋ ਕੁਝ ਦਸ਼ਾ ਸਿਖ ਪੰਥ ਕੀ ਹੁਈ ਓਹ ਆਪਨੇ ਅਪਨੀ ਆਖੋਂ ਸੇ ਦੇਖੀ ਥੀ ਇਸੀ ਲਿਏ ਆਪਨੇ ਆਪਨਾ ਨਾਮਧਾਰੀ ਪੰਥ ਜਿਸਕਾ ਨਾਮ ਸੇ ਹੀ ਵਾਸਤਾ ਥਾ ਪ੍ਰਗਟ ਕੀਆ ਔਰ ਇਸਕਾ ਪ੍ਰਚਾਰ ਉਸ ਸਮਯ ਹੀ ਖੂਬ ਜੋਰ ਸ਼ੋਰ ਸੇ ਹੁਆ। ਆਪ ਕੇ ਦਿਲ ਮੇ ਕੋਈ ਰਾਜਸੀ ਤਾਕਤ ਕਾਯਮ ਕਰਨੇ ਕਾ ਸੰਕਲਪ ਨਹੀ ਥਾ ਕੇਵਲ ਧਾਰਮਕ ਨਾਮ ਜਪਨਾਂ ਯੇਹੀ ਮੁਖ ਪ੍ਰਚਾਰ ਥਾ। ਸਮਯ ਕੀ ਗਤੀ ਔਰ ਕੁਛ ਸਿਖ ਸੇਵਕੋਂ ਕੀ ਯਮਨੋਂ ਸੇ ਅਨਬਨ ਕੇ ਕਾਰਣ ਆਪਕੇ ਕਈ ਪ੍ਰਕਾਰ ਕੇ ਕਸ਼ਟ ਉਠਾਨੇ ਪੜੇ ਜੋ ਆਪਨੇ ਬੜੇ ਧੀਰਜ ਕੇ ਸਾਥ ਸਹਿਨ ਕੀਏ। ਗੌਰਨਮੈਂਟ ਕੇ ਕ੍ਰਮਚਾਰੀਓਂ ਨੇ ਅਪਨਾਂ ਪ੍ਰਭਾਵ ਕਾਯਮ ਰਖਨੇ ਕੇ ਲੀਏ ਕਈ ਤ੍ਰੀਕੇ ਅਮਲ ਮੇ ਲਾਏ ਪਰ ਆਪਨੇ ਅਡੋਲ ਸ੍ਵੈਧਰਮ ਕੀ ਰਖਯਾ ਕੀ। ਆਪ ਕੋ ਬ੍ਰਹਮਾਂ ਮੇ ਰਖਾ ਗਿਆ ਜਹਾਂ ਆਪ ਨੇ ਖੁਸ਼ੀ ਸੇ ਕਾਲ ਬਤੀਤ ਕੀਆ। ਪੀਛੇ ਆਪਕੇ ਗੁਰਧਾਮ ਮੇ ਆਪਕੇ ਸਯੋਗ ਸ੍ਵਾਤਾ ਜੀ ਨੇ ਸਿਖ ਸੇਵਕੋਂ ਕੋ ਨਾਮ ਜਪਨੇ ਕਾ ਹੀ ਉਪਦੇਸ਼ ਦੀਆ। ਵਰਤਮਾਨ ਕਾਲਮੇ ਮਹਾਰਾਜ ਪ੍ਰਤਾਪ ਸਿੰਘਭੀ ਆਪਕੀ ਚਲਾਈ ਹੁਈ ਮੂਜਾਦਾ ਕੋ ਬੜੇ ਉਤਸ਼ਾਹ ਸੇ ਅਪਨੇ ਨਾਮਧਾਰੀ ਪੰਥ ਮੇਂ ਪ੍ਰਚਾਰ ਦੁਆਰਾ ਦਿਨ ਦੂਨੀ ਰਾਤ ਚੌਗਨੀ ਉਨਤੀ ਕਰ ਰਹੇ ਹੈਂ। ਹਮ ਆਪਕੇ ਪੰਥਕ ਪਿਆਰ ਤਥਾ ਪ੍ਰਚਾਰ ਕੋ ਦੇਖ ਕਰ ਅਤੀ ਹੀ ਪ੍ਰਸੰਨ ਹੋਤੇ ਹੈਂ।

—o—o—

ਘਰ ੨ ਜਿਦ੍ਹੇ ਆਗਮਨ ਦੀ ਵਧਾਈਏ।

(ਵਲੋਂ ਸਰਦਾਰ ਹਜ਼ਾਰਾ ਸਿੰਘ ਜੀ 'ਆਸੀ ਸ਼ਿਮਲਾ')

ਆਹਾ! ਕੀ ਸੁਹਾਵਨੀ 'ਬਸੰਤ' ਰੁਤ ਆਈ-ਮਾਨੋ,ਰਹੀ ਨਾ ਸਰੀਰ ਵਿਚ ਸੁਧ ਬੁਧ ਕਾਈ ਏ।
ਮਿੰਨ੍ਹੀ ਮਿੰਨ੍ਹੀ ਸੀਤਲ ਸੁਗੰਧ ਭਰੀ ਵਾਸ ਵਿਚ, ਕਿਸੇ ਅਜ ਆਕੇ ਪ੍ਰੇਮ ਝਾਤ ਪਾਈ ਏ।
ਨਿਰਮਲ ਅਕਾਸ਼ਵਿਚੋਂ ਤੇ੍ਰਲਦਿਆਂ ਤੁਪਕਿਆਂ ਨੇ,ਮੋਤੀਆਂ ਦੇ ਵਾਂਙ ਕੈਸੀ ਛੈਹਬਰ ਲਗਾਈ ਏ।
ਕੁਲ ਜੀਵ ਵਿਗਸੇ ਤੇ ਵਿਗਸੀ ਬਨਾਸ ਪਤੀ, ਗੁੰਦ ੨ ਫੁਲ ਸੇਹਰੇ ਮਾਲਣ ਲਿਆਈ ਏ।
ਵੇਲਾ ਏ ਸੁਹਾਵਣਾ ਦਿਲ ਨੂੰ ਸਰੂਰ ਆਵੇ, ਸ੍ਰਿਸ਼ਟੀ ਹੀ ਮਾਨੋ ਅਜ ਜੋਬਨ ਤੇ ਆਈ ਏ।
ਮੁਦਤਾਂ ਤੋਂ ਸੜੇ ਤਪੇ ਹਿਰਦਿਆਂ ਦੇ ਵਿਚ ਪਤਾ? ਕਿਨ੍ਹੇਂ ਅਜ ਆਕੇ ਗੋਬੋਂ ਠੰਢ ਵਰਤਾਈ ਏ।
ਗੁਰੂ ਰਾਮ ਸਿੰਘ ਆਯਾ ਜਗਤ ਤਾਂਈ ਤਾਰਨੇ ਨੂੰ,ਜਿਦ੍ਹੀ ਰਬੀ ਜੋਤ ਅਜ ਆਣ ਪ੍ਰਗਟਾਈ ਏ।
ਮਖੜੇ ਨੂਰਾਨੀ ਪੋ੍ਸ਼ਾਨੀ ਕੀਤੀ ਦੂਰ ਸਾਰੀ, ਜਿਨੇ ਪ੍ਰੇਮ ਏਕੇ ਵਾਲੀ ਲੈਹਰ ਵਗਾਈ ਏ।
ਜਿਨੇ ਦੇਸ਼ ਹਿੰਦ ਨੌਕਾ ਭਵਰ 'ਚ' ਫਸੀ ਹੋਈ, ਡਾਹਕੇ ਮੋਢਾ ਜਿੰਨ੍ਹੂ ਪਾਰ ਆ ਲੰਘਾਈ ਏ।
ਅਵ ਦੇ ਇਸ਼ਾਰੇ ਨਾਲ ਮੁਰਦੇ ਜਿਵਾ ਦਿਤੇ, ਜੰਗਲਾਂ ਦੇ ਵਿਚ ਕੀਤੀ ਸਿਖ ਦੀ ਰਿਹਾਈ ਏ।
ਜਿਨੇ ਛਡ ਐਸ਼ ਤੇ ਆਰਾਮ ਕੁਲ ਜ਼ਿੰਦਗੀ ਨੂੰ ਦੁਨੀਆ ਦੇ ਭਲੇ ਹਿਤ ਆਣਕੇ ਲਗਾਈ ਏ।
ਓਸਮੇਹਰਬਾਨ ਜੀਦੀ ਲਿਖਾਂ ਕੀ ਮੈਂ ਦਾਸਤਾਨ,ਟੁਟ ਗਈ ਕਲਮਨਾਲੇ ਪਕ ਗਈ ਸਿਆਹੀ ਏ।
ਆਓ ਰਲ ਮਿਲ ਚਲੋ ਓਹਦੇ ਅਜ ਦਰਸ਼ਨਾਂ ਨੂੰ, ਘਰ ੨ ਜਿਦ੍ਹੇ ਆਗਮਨ ਦੀ ਵਧਾਈਏ।

Sri Satguru Jagjit Singh Ji Elibrary NamdhariElibrary@gmail.com

ਸਤਿਗੁਰੂ ਸ੍ਰੀ ਰਾਮ ਸਿੰਘ ਜੀ ਮਹਾਰਾਜ

(ਪ੍ਰਸਿਧ ਹਿੰਦੀ ਮਾਸਕ ਪਤ੍ਰਕਾ 'ਮਾਧੁਰੀ' ਦੇ ਸੰਪਾਦਿਕ ਸ੍ਰੀ ਦ੍ਰਪ ਨਾਰਾਇਣ ਪਾਂਡੇ ਜੀ ਵਲੋਂ)

ਚੀਨੀ ਵਾਲੇ ਦੀ ਹਜ਼ੂਰੀ ਵਿਚ ਸ਼ਰਧਾ-ਪੁਸ਼ਪਾਂਜਲੀ

ਇਸ ਸੰਸਾਰ ਵਿਚ ਕੁਝ ਲੋਕ ਖਿਣ ਜਨਮਾਂ ਹੁੰਦੇ ਹਨ। ਉਹ ਸੰਸਾਰ ਤੇ ਆਕੇ ਕੁਝ ਦਿਨ ਰਹਿਕੇ ਹੀ ਉਹ ਕੁਝ ਕਰ ਜਾਂਦੇ ਹਨ, ਜੋ ਹੋਰ ਲੋਕ ਬਹੁਤਾ ਚਿਰ ਰਹਿਕੇ ਵੀ ਨਹੀ ਕਰ ਸਕਦੇ। ਏਹੋ ਜੇਹੇ ਲੋਕ ਹੀ ਮਹਾਂ ਪੁਰਸ਼ ਕਹਿਲਾਂਦੇ ਹਨ ਵੀਰ ਉਪਜਾਊ ਪੰਜਾਬ ਦੀ ਪਵਿਤ੍ਰ ਭੂਮੀ ਐਸੇ ਮਹਾਂ ਪੁਰਸ਼ ਪੈਦਾ ਕਰਨ ਵਿਚ ਆਦ ਕਾਲ ਤੋਂ ਪ੍ਰਸਿਧ ਹੈ ਤੇ ਉਸ ਨੇ ਇਕ ਤੋਂ ਇਕ ਚੜ੍ਹਦੇ ਤਿਆਗੀ, ਬਲਵਾਨ ਅਤੇ ਸੂਰਮੇ ਪੁਰਸ਼ਾਂ ਨੂੰ ਜਨਮ ਦਿਤਾ ਹੈ। ਸ੍ਰੀ ਗੁਰੂ ਨਾਨਕ ਜੇਹੇ ਜਗਤ ਵਖਿਆਤ ਸੰਤ ਮਹਾਤਮਾਂ ਪੰਜਾਬ ਵਿਚ ਹੀ ਉਤਪਨ ਹੋਏ। ਪੰਜਾਬ-ਕੇਸਰੀ ਮਹਾਰਾਜਾ ਰਣਜੀਤ ਸਿੰਘ ਨੂੰ ਜਨਮ ਦੇਣ ਦਾ ਸੁਭਾਗ ਵੀ ਪੰਜਾਬ ਨੂੰ ਹੀ ਪ੍ਰਾਪਤ ਹੈ। ਪੁਰਾਤਨ ਕਾਲ ਵਿਚ ਪਾਂਡਵਾਂ ਨੂੰ ਮਹਾਂ ਭਾਰਤ ਵਿਰ ਵਿਜਈ ਬਨਾਣ ਵਾਲੇ ਰਾਜਾ ਦ੍ਰਪਦ ਪੰਜਾਬ ਦੇ ਰਹਿਣ ਵਾਲੇ ਹੀ ਸਨ। ਸਿਖ ਭਾਈਆਂ ਦੇ ਬਾਹਰਵੇਂ ਸਮਰਥ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਮਹਾਰਾਜ ਨੂੰ ਜਨਮ ਦੇਣ ਵਾਲੀ ਵੀ ਪੰਜਾਬ ਦੀ ਸੁਭਾਗ ਧਰਤੀ ਹੀ ਹੈ। ਆਪ ਦਾ ਜਨਮ ਦਿਨ ਬਸੰਤ ਪੰਚਮੀ ਵਾਲੇ ਦਿਨ ਮਨਾਇਆ ਜਾਵੇਗਾ। ਉਹ ਸ਼ੁਭ ਦਿਨ ਬੜੇ ਅਨੰਦ ਦਾ ਹੈ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਮਹਾਰਾਜ ਸਚੇ ਦੇਸ਼ ਭਗਤ ਸਨ। ਆਪ ਨੂੰ ਆਪਣੀ ਮਾਤ੍ਰੀ ਭੂਮੀ ਅਤੇ ਮਾਤ੍ਰੀ ਭਾਸ਼ਾ ਨਾਲ ਅਗਾਧ ਪ੍ਰੇਮ ਸੀ। ਅੰਮ੍ਰਤ ਵੇਲੇ ਆਪ ਦਾ ਨਾਮ ਲੈਣ ਸਾਰ ਹਿਰਦਾ ਪਵਿਤ੍ਰ ਹੋ ਜਾਂਦਾ ਹੈ। ਮੈਂ ਚਹੁੰਦਾ ਸਾਂ ਕਿ ਆਪਦੇ ਸੰਬੰਧ ਵਿਚ ਕੋਈ ਲੰਮਾਂ ਲੇਖ ਲਿਖਦਾ, ਪਰ ਵਕਤ ਦੀ ਤੰਗੀ ਕਰਕੇ ਮੈਂ ਆਪਦੀ ਲੇਖਣੀ ਨੂੰ ਧੰਨ ਨਹੀ ਬਣਾ ਸਕਿਆ; ਤਦ ਵੀ ਆਪਣੇ ਹਿਰਦੇ ਦੀ ਸ਼ਰਧਾ ਤੇ ਭਗਤੀ ਪ੍ਰਗਟ ਕਰਨ ਲਈ ਮੈਂ ਕੁਝ ਸ਼ਬਦ ਲਿਖਕੇ ਹੀ ਆਪਣੇ ਆਪ ਨੂੰ ਕ੍ਰਿਤਾਰਥ ਮੰਨਦਾ ਹਾਂ। ਅਜੇਹੇ ਮਹਾਂ ਪੁਰਸ਼ਾਂ ਦੇ ਨਾਮ ਉਚਾਰਨ ਕਰਨ ਮਾਤ੍ਰ ਨਾਲ ਹੀ ਮਨੁਖ ਧੰਨ ਹੋ ਜਾਂਦਾ ਹੈ। ਸਤਿਗੁਰੂ ਰਾਮ ਸਿੰਘ ਜੀ ਦੀ ਗਊ ਰਖਿਆ ਤੋਂ ਸਾਰੇ ਪੜ੍ਹੇ ਲਿਖੇ ਸਜਣ ਚੰਗੀ ਤਰਾਂ ਜਾਣੂ ਹਨ। ਗਉ ਰਖਿਆ ਦੇ ਸੰਬੰਧ ਵਿਚ ਹੀ ਆਪ ਨੇ ਅਨੇਕਾਂ ਕਸ਼ਟ ਉਠਾਏ ਸਨ। ਧੰਨ ਹਨ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਮਹਾਰਾਜ।

—੪੦੪—

Sri Satguru Jagjit Singh Ji Elibrary NamdhariElibrary@gmail.com

ਬੇਦਿਆਂ ਨੂੰ ਰੱਬ ਨਾਲ ਜੋੜਨ ਵਾਲਾ

(ਵਲੋਂ ਪਿਆਰ ਦੇ ਸਾਕਾਰ ਅਤੇ ਨਿਮ੍ਰਤਾ ਦੇ ਅਵਤਾਰ ਸ੍ਰੀ ਸੰਤ ਹਰਬੰਸ ਸਿੰਘ ਜੀ ਭੂਰੀ ਵਾਲੇ)

ਭਾਂਵੇਂ ਜਗਤ-ਨੈਣਾਂ ਨਾਲ ਸ੍ਰੀ ਚੀਨੀ ਵਾਲੇ ਸਤਿਗੁਰੂ ਪਾਤਸ਼ਾਹ ਦੇ ਦਰਸ਼ਨ ਮੈਨੂੰ ਨਹੀਂ ਹੋਏ, ਪਰ ਅੰਤਰ-ਨੈਣਾਂ ਨਾਲ ਮੈਂ ਅਨੇਕਾਂ ਵਾਰ ਉਸ ਸੋਹਣੇ ਸਾਂਈ ਦੀ ਚਰਨ-ਰਜ ਪਰਸਣ ਦਾ ਸੁਭਾਗ ਪ੍ਰਾਪਤ ਕੀਤਾ ਹੈ। ਕੈਸੀ ਹੈਉਹ ਮੋਹਣ ਮੂਰਤੀ ਕਿ ਜਿਸ ਦਾ ਨਾਮ ਲੈਣ ਸਾਰ ਕਲੇਜੇ ਵਿਚ ਠੰਢ ਪੈ ਜਾਂਦੀ ਹੈ। ਏਸ, ਅਨੰਦ ਸਰੂਪ ਹਨ, ਸੋਹਾਣ ਹਨ ਅਤੇ ਨੈਣਾਂ ਵਿਚ ਨੈਣ ਪਾਣ ਸਾਰ ਆਪਣਾ ਗੋਲਾ ਬਣਾ ਲੈਂਦੇ ਹਨ। ਸਾਥੋਂ ਉਹਲੇ ਹਨ, ਪਰ ਉਹ ਕਿ ਜਿਨ੍ਹਾਂ ਨੇ ਹਉਂ ਦੀ ਭੀਤ ਨੂੰ ਵਿਚਾਲਿਓਂ ਢਾਹ ਦਿਤਾਹੈ, ਉਹਨਾਂ ਨੂੰ ਜਾਗਤਿ ਜੋਤ, ਹਾਜ਼ਰ ਨਾਜ਼ਰ ਅਤੇ ਪਰਤੱਖ ਨਜ਼ਰ ਆਉਂਦੇ ਹਨ। ਸਾਂਈ ਅਤੇ ਉਹਨਾਂ ਦੇ ਵਿਚਾਲੇ ਕੋਈ ਅੰਤਰਾ ਨਹੀਂ ਅਤੇ ਐਉਂ ਜਾਪਦਾ ਹੈ ਕਿ ਜਿਵੇਂ ਨਿਰਗੁਣ ਨੇ ਆਪਣੇ ਅਨੰਤ ਹੁਸਨਾਂ ਦਾ ਜਲ਼ਵਾ ਦਰਸਾਣ ਲਈ ਸਗੁਣ ਰੂਪ ਧਾਰਨ ਕੀਤਾ ਹੋਇਆ ਹੈ। ਲੰਮਾ ਤੇ ਖਿਚਵਾਂ ਜਿਹਾ ਸਰੂ ਨਾਲੋਂ ਸਿਧਾ ਕੱਦ, ਲੰਮੀਆਂ ਭੁਜਾਂ, ਨੂਰੀ ਰੂਪ, ਅੰਮ੍ਰਿਤ ਬਰਖਾ ਕਰਨ ਵਾਲੇ ਕੰਵਲ ਕਟੋਰੇ ਨੈਣ, ਸਦਾ ਹੰਸੂ ਹੰਸੂ ਕਰਦਾ ਫੁੱਲਾਂ ਨੂੰ ਖਿੜਾਉ ਦੇਣ ਵਾਲਾ ਮੁਖੜਾ, ਅਤੇ ਗੁਲਾਬ ਦੀਆਂ ਪੱਤੀਆਂ ਨਾਲੋਂ ਹਜ਼ਾਰਾ ਗੁਣਾਂ ਕੋਮਲ ਤੇ ਸਜੀਲੇ ਬੁਲ੍ਹ ! ਸਚ ਮੁਚ ਰੱਬ ਜੀ ਦੀ ਸਾਰੀ ਸੁੰਦਰਤਾ ਦਾ ਉਹ ਪਰਕਾਸ਼ ਹਨ ਕਿ ਜਿਸ ਦਾ ਵਰਨਿਨ ਮਨੁੱਖ ਬੋਲੀ ਵਿਚ ਕਰਨਾ ਬੇਦੱਦ ਕਠਿਨ ਹੈ।

ਧੰਨ ਹਨ ਉਹ ਦਰੋਂ ਘਰੋਂ ਵਰੂਸਾਏ ਗੁਰਮੁਖ ਗੁਰ ਸਿਖ, ਜਿੰਨ੍ਹਾਂਨੇ ਜਗਤ-ਨੈਣਾਂ ਨਾਲ ਇਸ ਰੂਪ ਨੂੰ ਵੇਖਿਆ ਹੈ ! ਹਾਂ ਇਹ ਰੂਪ ਕਿ ਜਿਸ ਵਿਚ ਸਾਂਈ ਦੀਆਂ ਸਾਰੀਆਂ ਸੁੰਦਰ ਤਾਈਆਂ ਸਾਰੇ ਖੇੜੇ, ਸਾਰੀਆਂ ਸ਼ਕਤੀਆਂ, ਸਾਰੀਆਂ ਫੱਬਨਾ, ਅਤੇ ਸਾਰੇ ਕ੍ਰਿਸ਼ਮੇ ਸਮਾਏ ਹੋਏ ਹਨ ਅਤੇ ਜਿਸ ਨੇ ਇਸ ਰੂਪ ਨੂੰ ਵੇਖ ਲਿਆ ਹੈ, ਉਸ ਨੂੰ ਜਗਤ ਦੀ ਕੋਈ ਖੂਬ ਸੂਰਤੀ ਆਪਣੇ ਕਟਾਖਜਾਂ ਦਾ ਸ਼ਕਾਰ ਨਹੀਂ ਕਰ ਸੱਕੀ। ਉਹ ਸਰੂਰ ਜੋ ਸਤਿਗੁਰੂ ਪਾਤਸ਼ਾਹ ਦੀ ਨਾਮ ਦਾਤ ਸਦਕਾ ਹਰ ਉਸ ਗੁਰਮੁਖ ਗੁਰਸਿਖ ਨੂੰ ਅੰਦਰ ਪ੍ਰਤੀਤ ਹੁੰਦਾ ਹੈ,ਜੋ 'ਨਾਮ' ਜਪਦਾ ਹੈ, ਜੋ ਆਪਣੇ ਮੁੱਢ ਨਾਲ ਅਭੇਦ ਹੋਣ ਦਾ ਜਤਨ ਕਰਦਾ ਹੈ ਤੇ ਜੋ ਇਸ ਸਮਗਰ ਪਦਾਰਥਾਂ ਦੇ ਸਿਰ ਪਦਾਰਥ ਦਾ ਭੁੰਚਨ ਕਰਦਾ ਹੋਇਆ ਉਚੇ ਰਸਾਂ ਦਾ ਸਵਾਦ ਲੈਂਦਾ ਹੈ, ਉਸ ਨੂੰ ਹੀ ਮਾਲੂਮ ਹੋ ਸਕਦਾ ਹੈ ਕਿ ਚੀਨੀ ਵਾਲੇ ਪਾਤਸ਼ਾਹ ਅਤੇ ਰੱਬ ਜੀ ਕਿਵੇਂ ਇਕ ਦੂਜੇ ਦੇ ਅੰਦਰ ਬਹਿ ਬਹਿ ਕੇ ਕੌਤਕ ਕਰਦੇ ਹਨ। ਇਹ ਗੱਲ ਹੇਠਲੇ ਮੰਡਲਾਂ ਦੀ ਨਹੀਂ, ਬਲਕਿ ਇਹ ਤਾਂ ਉਸ ਉਚੇ ਜਗਤ ਦੀ ਖੇਡ ਹੈ,ਜਿਸ ਦਾ ਜ਼ਿਕਰ ਸੰਤਾਂ ਦੇ ਮੰਡਲ ਤੋਂ ਬਿਨਾਂ ਹੋਰ ਕਿਧਰੇ

Sri Satguru Jagjit Singh Ji Elibrary NamdhariElibrary@gmail.com

ਨਹੀਂ ਹੁੰਦਾ ।

ਮੈਂ ਜਦ ਇਸ ਮਹਾਨ ਉਚੇ ਦੈਵੀ ਰੂਪ ਨੂੰ ਵੇਖਦਾ ਹਾਂ, ਤਾਂ ਸਚ ਮੁਚ ਚਕਾ ਚੌਂਧ ਜਹੀ ਵਰਤ ਜਾਂਦੀ ਹੈ। ਉਸ ਨਿਖਰਵੇਂ ਉਜਾਲੇ ਨੂੰ ਜੋ ਸਾਰਿਆਂ ਉਜਾਲਿਆਂ ਦਾ ਮੂਲਾਧਾਰ ਹੈ, ਜਿਸ ਦੀ ਇਕ ਇਕ ਰਸ਼ਮ ਆਪਣੇ ਅੰਦਰ ਕਰੋੜ ਸੂਰਜਾਂ ਦਾ ਚਾਨਣਾ ਰੱਖਦੀ ਹੈ, ਜਗਿਆਸੂ ਦੀ ਅੱਖ ਓਦੋਂ ਹੀ ਵੇਖ ਸਕਦੀ ਹੈ, ਜਦੋਂ ਸਤਿਗੁਰੂ ਅੰਦਰ ਆ ਵਸੇ ਤੇ ਜਗਿਆਸੂ ਨੈਣਾਂ ਵਿਚ ਨਿਜ-ਸ਼ਕਤੀ ਭਰਕੇ, ਆਪਣੇ ਮੁੱਢ ਰੂਪ ਦੇ ਨਜ਼ਾਰੇ ਮਾਨਣ ਯੋਗ ਬਣਾ ਦੇਵੇ। ਮੂਸੇ ਵਾਂਗ ਹਰ ਜਗਿਆਸੂ ਦਿਲ ਵਿਚੋਂ ਇਹ ਤ੍ਰੰਗ ਉਠਦੇ ਹਨ ਕਿ ਮੈਂ ਇਸ ਰੂਪ ਨੂੰ ਵੇਖਾਂ, ਪਰ ਜਿਵੇਂ ਮੂਸਾ ਇਸ ਰੂਪ ਨੂੰ ਵੇਖਣ ਸਾਰ ਬੇ ਹੋਸ਼ ਹੋ ਗਿਆ ਸੀ ਤੇ ਹੋਸ਼ ਆਵਨ ਦੇ ਉਪਰੰਤ ਨਹੀਂ ਸੀ ਦਸ ਸਕਿਆ ਇਸ ਰੂਪ ਦੀ ਉਚੀ ਅਸਲੀਅਤ ਨੂੰ ਠੀਕ, ਇਸੇ ਤਰਾਂ ਉਹ ਗਿਆਸੂ ਜਿੰਨ੍ਹਾਂ ਨੂੰ ਇਸ ਰੂਪਦਾ ਕਦੇ ਕਦਾਈਂ ਝਾਵਲਾ ਪੈਂਦਾ ਹੈ, ਬੇਹੋਸ਼ ਨਹੀਂ ਹੋ ਜਾਂਦੇ। ਮਜਜ਼ੂਬ ਅਤੇ ਮਸਤਾਨੇ ਉਹ ਜਗਿਆਸੂ ਹੀ ਹਨ, ਜਿਨ੍ਹਾਂ ਨੇ ਕਦੇ ਇਸ ਰੂਪ ਦਾ ਨਿੱਕਾ ਜਿਹਾ, ਪਰ ਵਡਿਆਂ ਤੋਂ ਵਡਾ ਅਲਪ ਨਜ਼ਾਰਾ ਵੇਖਿਆ ਹੁੰਦਾ ਹੈ। ਉਹ ਆਪੇ ਵਿਚ ਗੁੰਮ ਹੋ ਜਾਂਦੇ ਹਨ, ਬਾਹਰਲੀ ਸੁਰਤੀ ਅੰਤਰ ਰੁਖ ਵਲ ਪਲਟਦੀ ਹੈ, ਉਹ ਸ਼ਬਦ ਦੇ ਆਸਰੇ ਸੁਰਤ ਦੀਆਂ ਉਡਾਰੀਆਂ ਸਾਂਈ ਦੇਸ ਵਲ ਲਾਉਂਦੇ ਹਨ ਅਤੇ ਜਦ ਇਸ ਰੂਪ ਦੇਸ ਦੇ ਨੇੜੇ ਪਹੁੰਚਦੇ ਹਨ, ਤਾਂ ਇਕ ਦਮ ਖੀਵੇ ਹੋਕੇ ਕਹਿ ਉਠਦੇ ਹਨ–"ਤੂੰ ਹੀ ! ਤੂੰ ਹੀ ! ਤੂੰ ਹੀ !ਤੂੰ ਹੀ !

ਏਥੇ ਜਾਕੇ ਆਪਣੇ ਆਪ ਦਾ ਗੁਮਾਨ, ਜਗਤ ਪਦਾਰਥਾਂ ਦਾ ਸਵਾਦ ਅਤੇ ਮੋਹ ਮਾਯਾ ਦਾ ਜਾਲ ਇਕ ਇਕ ਕਰਕੇ ਦੂਰ ਹੋ ਜਾਂਦੇ ਹਨ ਅਰ ਅੰਦਰ ਵਸ ਜਾਂਦਾ ਹੈ ਉਹ ਚੀਨੀ ਵਾਲਾ ਸਤਿਗੁਰੂ, ਜਿਸਨੇ ਜਗਤ ਨੂੰ 'ਨਾਮ' ਦਾ ਗੁੰਮ ਹੋ ਚੁਕਾ ਅਟੁਟ ਖਜ਼ਾਨਾ ਵਿਖਾ ਦਿਤਾ ਹੈ। ਹਾਂ ਉਹ ਖਜ਼ਾਨਾ ਜਿਸ ਦੇ ਮਾਲਕ ਬਣਕੇ ਕਲਗੀਧਰ ਦੇ ਸੰਤ ਸਿਪਾਹੀਆਂ ਨੇ ਜਗਤ ਨੂੰ ਜੀਉਦਿਆਂ ਕਰਾਮਾਤਾਂ ਕਰਕੇ ਵਿਖਾਈਆਂ ਸਨ, ਜਿਸ ਨੂੰ ਪ੍ਰਾਪਤ ਕਰਕੇ ਉਹਨਾਂ ਦੀਆਂ ਸਾਰੀਆਂ ਭੁਖਾਂ ਮਿਟ ਗਈਆਂ ਸਨ ਤੇ ਜਿਸ ਨੂੰ ਵੰਡਣ ਲਈ ਉਹਨਾਂ ਨੇ ਵਧ ਤੋਂ ਵਧ ਵਾਹ ਲਾਈ ਸੀ। ਜਦ ਤੀਕ ਉਹ ਉਸ ਖਜ਼ਾਨੇ ਦੇ ਮਾਲਕ ਰਹੇ, ਫਤਹ ਉਹਨਾਂ ਦੀਆ ਰਕਾਬਾਂ ਦੇ ਨਾਲ ਨਾਲ ਰਹੀ, ਪਰ ਜਿਵੇਂ ਹੀ ਜਗਤ ਪਦਾਰਥਾਂ ਵਿਚ ਲੰਪਟ ਹੋਕੇ, ਉਹ ਇਸ ਖਜ਼ਾਨੇ ਨੂੰ ਹਥੋ-ਗਵਾ ਬੈਠੇ, ਹਰ ਪਾਸਿਓ-ਕੰਗਾਲ ਹੋ ਗਏ ।

ਗੁਰ ਸਿਖੀ ਸਤਿਗੁਰੂਆਂ ਦੀ ਬਹੁਤ ਉਚੀ ਬਖਸ਼ਿਸ਼ ਸੀ ਬੀਉਰੀ। ਉਹੀ ਨਹੀਂ ਸੀ ਕਿ ਯਾਦ ਹੋ ਜਾਂਦੀ ਤੇ ਕੰਮ ਸਰਦਾ ਰਹਿੰਦਾ, ਬਲਕਿ ਇਹ ਤਾਂ ਕਮਾਈ ਦੀ ਚੀਜ਼ ਸੀ। ਜਦ ਤੀਕ ਸਿਖ ਕਹਿਲਾਣ ਵਾਲਿਆਂ ਨੇ ਇਸ ਨੂੰ ਕਮਾਇਆ, ਸਰ ਫਰਾਜ਼ ਰਹੇ ਤੇ ਜਦ ਏਸ ਨੂੰ ਵਸਾਰਿਆ, ਗੁਲਾਮਾਂ ਦੇ ਸਿਰ ਗੁਲਾਮ ਬਣ ਗਏ। ਚੀਨੀ ਵਾਲੇ ਸੋਹਾਣ ਰੂਪ ਨੇ ਇਸ ਬਖਸ਼ਿਸ਼ ਨੂੰ ਦੇਣ ਲਈ ਹੀ ਉਸ ਬਸੰਤ ਉਤ-ਸ਼ਵ ਵਾਲੇ ਦਿਨ ਜਨਮਲਿਆ ਸੀ ਜੋ, ਸਮਸਤ ਬਨਰਾਇ ਨੂੰ ਨਵਾਂ ਜੀਵਨ ਦੇਕੇ ਵਿਗਸਾਉਂਦੀ ਮਹਿਕਾਉਂਦੀ ਅਤੇ ਝੂੰਮਾਉਂਦੀ ਹੈ । ਖੇੜਾ, ਮਹਿਕ ਅਤੇ ਝੂਮਾਉ ਜੀਵਨ ਦਾ ਦਿਸਦਾ ਰੂਪ ਹੁੰਦੇ ਹਨ। ਇਹ ਕਸਵਟੀ ਹੈ ਜੀਵਨ ਦੇ ਪਰਖਣ ਦੀ ਤੇ ਜੀਵਾਉਹੀ ਹੈ ਜਿਸਵਿਚ ਵਿਗਾਸ ਹੈ, ਖੇੜਾ ਹੈ ਤੇ ਝੂਮਾਓ ਹੈ। ਇਸ ਜੀਵਨ

Sri Satguru Jagjit Singh Ji Elibrary Namdhari Elibrary@gmail.com

ਤੋਂ ਇਨਾ ਜੋ ਕੋਈ ਵੀ ਹੈ,ਤੁਰਦੀ ਫਿਰਤੀ ਲੋਥ ਹੈ ਜੋ ਬਲ ਰਹੀ ਹੈ, ਬਦਬੂ ਖਿਲਾਰ ਰਹੀ ਹੈ ਅਤੇ ਜਗਤ ਨੂੰ ਨਰਕ ਬਣਾਕੇ ਮਹਾਂ ਪਾਪ ਕਰ ਰਹੀ ਹੈ। ਉਹ ਉਚੀਆਂ ਉਡਾਰੀਆਂ ਜਿਨ੍ਹਾ ਦਾ ਜ਼ਿਕਰ ਮੈਂ ਅਪਣੇ ਲੇਖ ਦੇ ਆਰੰਭਕ ਹਿਸੇ ਵਿਚ ਕੀਤਾ ਹੈ, ਉਹ ਜੀਵਨ ਵਾਲੇ ਜਗਤ ਦੀਆਂ ਖੇਡਾਂ ਹਨ ਅਤੇ ਆਮ ਲੋਕਾਂ ਦੇ ਸਾਹਮਣੇ ਜਦ ਉਹਨਾਂ ਦਾ ਜ਼ਿਕਰ ਵੀ ਕੀਤਾ ਜਾਂਦਾ ਹੈ, ਤਾਂ ਅਜ਼ਰਧਕ ਹੋਣ ਕਰਕੇ, ਏਸ ਪਾਸੇ ਧਿਆਨ ਹੀ ਨਹੀਂ ਦੇਂਦੇ। ਸੰਤਾਂ ਨੂੰ, ਰਬ ਨਾਲ ਜੁੜਿਆਂ ਨੂੰ, ਖਾਲਕ ਦੀ ਖਲਕਤ ਤੇ ਤਰਸ ਕਰਨ ਵਾਲਿਆਂ ਨੂੰ ਉਹਨਾਂ ਲੋਕਾਂ ਦੀ ਇਹ ਦੀਨ ਦਸ਼ਾ ਅਸਹਿ ਭਾਸਦੀ ਹੈ ਅਤੇ ਉਹ ਕੇਵਲ ਉਧਾਰ ਤੇ ਉਪਕਾਰ ਸਦਕਾ ਉਸ ਵਖਰ ਦਾ ਹੋਕਾ ਦਿੰਦੇ ਹਨ, ਜਿਸ ਦੀ ਪ੍ਰਾਪਤੀ ਸੁਖਾਂ ਦਾ ਭੰਡਾਰ ਹੁੰਦੀ ਹੈ।

ਮੈਂ ਚੀਨੀ ਵਾਲੇ ਸੋਹਣੇ ਬਾਬਲ ਨੂੰ ਪਿਆਰ ਕਰਦਾ ਹਾਂ, ਕਿਉਂਕਿ ਮੈਨੂੰ ਉਸਦੇ ਅੰਦਰ ਜਗਤ ਲਈ ਅਗਾਧ ਤਰਸ ਪ੍ਰਤੀਤ ਹੋਇਆ ਹੈ। ਧੰਨ ਹਨ ਉਹ ਪੁਰਸ਼ ਜਿਨਾਂ ਨੇ ਆਪਣਾ ਉਧਾਰ ਹਿਤ ਕਮਰ ਕਸਾ ਕੀਤਾ ਹੋਇਆ ਹੈ, ਪਰ ਉਹ ਮਹਾਂ ਪੁਰਸ਼ ਜਿਨਾਂ ਨੇ ਰੁੜ੍ਹਦੀ ਜਾਂਦੀ ਲੁਕਾਈ ਨੂੰ ਪਾਰ ਲਾਉਣ ਤੇ ਪਾਰ ਲਾਕੇ ਮਾਲਕ ਜੀ ਨਾਲ ਜੋੜਣ ਲਈ ਆਪਣਾ ਆਪ ਵੀ ਅਰਪਨ ਕਰ ਦਿਤਾ ਹੁੰਦਾ ਹੈ, ਕੌਣ ਹੈ ਜੋ ਉਹਨਾਂ ਦੇ ਇਸ ਉਪਕਾਰ ਦਾ ਕਰਜ਼ਾ ਉਤਾਰ ਸਕੇ ? ਚੀਨੀ ਵਾਲੇ ਮਹਾਨ ਕਰਮ ਯੋਗੀ ਨੇ ਜਗਤ ਉਪਾਰ ਨਮਿਤ ਕਰਮ ਖੇਤ੍ਰ ਰਚਿਆ ਸੀ। ਉਹ ਪੁਰਾਤਨ ਕਿਸਮ ਦੇ ਸੰਤ ਸਿਪਾਹੀ ਪੈਦਾ ਕਰਨ ਲਈ ਅਵਤਰਿਆ ਸੀ, ਤੇ ਉਸ ਦਾ ਇਕ ਇਕ ਕਦਮ ਲੁਕਾਈ ਦੇ ਭਲੇ ਲਈ ਉਠਿਆ ਸੀ। ਮੈਂ ਪ੍ਰਸੰਨ ਹਾਂ ਕਿ ਉਸ ਬਾਬਲ ਦਾ ਬਰਕਤਾਂ ਵਾਲਾ ਖੇੜਾ ਵਸ ਰਿਹਾ ਹੈ ਤੇ ਉਸ ਦੇ ਤਖਤ ਤੇ "ਤਖਤ ਕੇ ਲਾਇਕ" ਜੋਤ ਬ੍ਰਾਜਮਾਨ ਹੋਈ ਓਹੋ ਕੁਝ ਕਰ ਰਹੀ ਹੈ ਜੋ ਉਸ ਕੀਤਾ ਸੀ। ਮੇਰੇ ਬਾਪੂ ਦੀ ਲਾਈ ਹੋਈ ਫੁਲਵਾੜੀ ਨੂੰ ਸੋਕਾ ਨਹੀਂ ਆ ਸਕਦਾ। ਕਿਉਂ ? ਇਸ ਲਈ ਕਿ ਇਸ ਦੇ ਸਿਰ ਤੇ ਮਾਲੀ ਦਾ ਜੁਗੋ ਜੁਗ ਸਲਾਮਤ ਹਥ ਰਹਿਣਾ ਹੈ ਤੇ ਉਸ ਦੀ ਜੋਤ ਨੇ ਪਰਦੀਪਤ ਹੋਕੇ ਇਸ ਨੂੰ ਉਜਲ ਕੀਤੀ ਰਖਣਾ ਹੈ।

ਹਾੜਾ

(ਵਲੋਂ--ਸ੍ਰਦਾਰ ਅਵਤਾਰ ਸਿੰਘ ਜੀ "ਆਜ਼ਾਦ")

ਹਾੜ੍ਹਾ ਨਾਹਿਂ ਭੁਲੇਵਾ ਪਾਵੇ,
ਰੂਪ, ਰੰਗ ਵਿੱਚ ਆ ਆ ਕੇ !
ਨਾਂ ਜੀ ਛਲੋ ਸਰਬ ਵਿੱਚ ਰਮਤੇ,
ਚੋਭਾਂ, ਚਰਕੇ ਲਾ ਲਾ ਕੇ !
ਓਹਲੇ ਛੱਡ ਕਰੋ ਮਿਹਰਾਮਤ,
ਦਰ ਢੱਢਾ ਅਪਨਾ ਲੋ ਜੀ;
ਝੋਲੀ ਖ਼ੈਰ ਵਸਲ ਦਾ ਪਾਓ,
o—o—o—o—o—o—o
ਆਖਾਂ ਤਰਲੇ ਪਾ ਪਾ ਕੇ !
ਸੋਹਣੇ ਸਾਈਂ, ਲੁਕ ਲੁਕ ਰਹਿਣੇ,
(ਤੁਸੀਂ)ਰਗ ਰਗ ਅੰਦਰ ਰਮਕੇ ਪਇ !
ਚਾਦਰ ਤੁਸਾਂ ਉਢਾਈ ਨੂਰੀ,
(ਵਾਹ) ਸੋ ਸੂਰਜ ਸਮ ਚਮਕੇ ਪਇ !
ਕਿਰਨ ਕਿਰਨ ਵਿੱਚ ਲਹਿਰਾਂ ਪਾਕੇ,
ਝਿਲਮਿਲ ਝਿਲਮਿਲ ਝਮਕੇ ਪਇ;
ਵਾਹ ! ਨੂਰਾਨੀ ਰੂਪ ਤੁਸਾਡਾ,
ਕਲਾ ਸੰਪੂਰਨ ਦਮਕੇ ਪਇ !

Sri Satguru Jagjit Singh Ji Elibrary NamdhariElibrary@gmail.com

ਦੇਸ਼ ਭਗਤ ਬਾਬੇ ਦਾ ਜਨਮ ਉਤਸ਼ਵ

(ਵਲੋਂ--ਸ੍ਰੀਮਾਨ ਸਰਦਾਰ ਨਿਰੰਜਨ ਸਿੰਘ ਜੀ ''ਤਾਲਿਬ'' ਐਡੀਟਰ ਦੇਸ਼-ਦਰਪਣ ਕਲਕਤਾ)

ਅਜ ਵੀਹਵੀਂ ਸਦੀ ਅਰ ਰੌਸ਼ਨੀ ਦੇ ਜ਼ਮਾਨੇ ਵਿਚ ਭਾਰਤ ਵਰਸ਼ ਦੇ ਸਾਰੇ ਆਗੂ ਇਸ ਸਿਟੇ ਤੇ ਬੜੀ ਖੋਜ ਵਿਚਾਰ ਤੇ ਕੁਰਬਾਨੀਆਂ ਕਰਨ ਤੋਂ ਬਾਦ ਪੁਜੇ ਹਨ ਕਿ ਸ੍ਵਦੇਸ਼ੀ ਵਰਤਨ, ਬਦੇਸ਼ੀਆਂ ਨਾਲ ਨਾਂ ਮਿਲ ਵਰਤਨ, ਸ਼ਰਾਬ ਆਦਿਕ ਨਸ਼ਿਆਂ ਨੂੰ ਮੂੰਹ ਨਾ ਲੌਣ ਤੇ ਮੌਜੂਦਾ ਢੰਗਦੀ ਪੜ੍ਹਾਈ ਨੂੰ ਬਦਲਨ ਨਾਲ ਹੀ, ਸਾਡੇ ਮੁਲਕ ਦੀ ਕਲਿਆਣ ਹੋ ਸਕਦੀ ਹੈ। ਪਰ ਇਨ੍ਹਾਂ ਗੱਲਾਂ ਨੂੰ ਅਜ ਤੋਂ ਕਰੀਬਨ ਇਕ ਸਦੀ ਪਹਿਲਾਂ ਹੀ ਨਾਮਧਾਰੀ ਸੰਪ੍ਰਦਾਇ ਦੇ ਪੂਜ ਨੀਜ ਆਗੂ ਸ੍ਰੀ ੧੦੮ ਮਹਾਰਾਜ ਬਾਬਾ ਰਾਮ ਸਿੰਘ ਜੀ ਨੇ ਸੋਚ ਲਿਆ ਸੀ ਤੇ ਆਪਣੇ ਸਿਖਾਂ ਵਿਚ ਓਦੋਂ ਹੀ ਜਾਰੀ ਕਰ ਦਿਤਾ ਸੀ। ਆਪਜੀ ਦੇ ਨਾਮ ਲੇਵਾ ਸਿਖ ਅਜ ਤਕ ਅੰਗ੍ਰੇਜ਼ੀ ਫਾਰਸੀ ਆਦਿਕ ਦੀ ਵਿਦਯਾ ਨੂੰ ਘ੍ਰਿਣਾ ਦੀ ਨਜ਼ਰ ਨਾਲ ਵੇਖਦੇ ਹਨ। ਆਪਣੇ ਸਾਰੇ ਫੈਸਲੇ ਆਪਣੀਆਂ ਪੰਚਾਇਤਾਂ ਵਿਚ ਹੀ ਕਰਦੇ ਹਨ। ਸ਼ੁਧ ਦੇਸੀ ਮਾਲ ਵਰਤਕੇ ਦੇਸ਼ਦੀ ਉਨਤੀ ਦੇ ਚਾਹਵਾਨ ਹਨ। ਇਸਤੋਂ ਇਲਾਵਾ ਜਦ ਕਿ ਬਾਬਾ ਰਾਮ ਸਿੰਘ ਜੀ ਦੇ ਸਮੇ ਆਜ਼ਾਦੀ ਦਾ ਨਾਮ ਤਕ ਲੈਣਾਂ ਵੀ ਪਾਪ ਅਰ ਭਾਰੀ ਗੁਨਾਹ ਸਮਝਿਆ ਜਾਂਦਾ ਸੀ, ਉਸ ਸਮੇ ਸਾਡੇ ਨਾਮਧਾਰੀ ਭਰਾਵਾਂ ਦਾ ਕੇਵਲ ਅਸੂਲ ਨੂੰ ਮੁਖ ਰਖਦੇ ਹੋਏ, ਅੰਮ੍ਰਤਸਰ ਤੇ ਮਲੇਰ ਕੋਟਲੇ ਅੰਦ੍ ਜਰਵਾਣਿਆਂ ਦੇ ਹਥੋਂ ਹਸੂੰ ੨ ਕਰਦੇ ਅਰ ਸ਼ਬਦ ਪੜ੍ਹਦੇ ਤੋਪਾਂ ਮੂਹਰੇ ਉਡ ਜਾਣਾ, ਫਾਸੀਆਂ ਦੇ ਤਖਤਿਆਂ ਪਰ ਲਟਕਣਾ ਅਤੇ ਵਤਨ ਦੀ ਅਜ਼ਾਦੀ ਲਈ ਆਪਣਾ ਸਭ ਕੁਝ ਹੀ ਕੁਰਬਾਨ ਕਰ ਦੇਣਾ ਸਿਧ ਕਰਦਾ ਏ ਕਿ ਸ੍ਰੀ ਬਾਬਾ ਰਾਮ ਸਿੰਘ ਜੀ ਜਿਹੇ ਭਵਿਖਤ ਵਿਚ ਹੋਣ ਵਾਲ਼ੇ ਸਮਾਚਾਰਾਂ ਦੀ ਪੂਰੀ ਵਾਕਫ਼ੀਅਤ ਰਖਦੇ ਸਨ, ਓਥੇ ਆਪ ਕਰਨੀ ਵਾਲੇ ਤੇ ਦੇਸ਼ ਪ੍ਰੇਮਦੇ ਵੀ ਮਤਵਾਲ਼ੇ ਸਨ। ਸਮੇ ਦੀ ਹਕੂਮਤ ਨੇ ਭਾਵੇਂ ਮਾਨ ਯੋਗ ਬਾਬਾ ਜੀ ਨੂੰ ਉਨ੍ਹਾਂ ਦੇ ਹੋਰ ਸਾਥੀਆਂ ਸਮੇਤ ਜਲਾ ਵਤਨ ਕਰਕੇ ਨਾਮਧਾਰੀ ਲਹਿਰ ਦਾ ਮਲੀਆ ਮੇਟ ਕਰਨ ਵਿਚ ਕੋਈ ਕਸਰ ਨਹੀਂ ਛਡੀ ਸੀ, ਪਰ ਅਕਾਲ ਪੁਰਖ ਸਿਰਜਨ ਹਾਰ ਦੀ ਅਪਾਰ ਕ੍ਰਿਪਾ ਦਵਾਰਾ ਉਹ ਲਹਿਰ ਵੱਲੇ ਸਿਰ ਫੇਰ ਪੰਗਰ ਓਠੀ ਅਰ ਹਣ ਤਾਂ ਮੇਰੀ ਜਾਚੇ ਨਾਮਧਾਰੀ ਸੰਪ੍ਰਦਾਇ ਹੀ ਸਮੁਚੇ ਸਿਖ ਪੰਥ ਦੀ ਅਗਵਾਈ ਕਰਨ ਦੇ ਯੋਗ ਹੈ। ਸ੍ਰੀ ਭੈਣੀ ਸਾਹਿਬ ਵਿਚ ਜਿਥੇ ਮਹਾਰਾਜ ਪ੍ਰਤਾਪ ਸਿੰਘ ਜੀ ਦੀ ਕਿਰਪਾ ਦ੍ਵਾਰਾ ਅੰਮ੍ਰਿਤ ਕੀਰਤਨ ਤੇ ਗੁਰਬਾਣੀ ਦਾ ਪ੍ਰਵਾਹ ਚਲ ਰਿਹਾ ਹੈ, ਓਥੇ ਆਪ ਅਰ ਨਾਮਧਾਰੀ ਸੰਪ੍ਰਦਾਇ ਦੇ ਸਮੂਹ ਆਗੂ ਮਿਲ ਬੈਠਣ ਦਾ ਰਾਹ ਕਢਣ ਦੇ ਯਤ੍ਨ ਵਿਚ ਵੀ ਜੁਟੇ ਹੋਏ ਹਨ। ਮੈਂ ਤਾਂ ਇਹ ਸਮਝਦਾ ਹਾਂ ਕਿ ਸਿਵਾਏ ਨਾਮਧਾਰੀ ਭਰਾਵਾ ਦੇ ਅਸੀਂ ਹੋਰ ਸਾਰੇ ਹੀ ਮੁਲਕ ਦੀ ਸੇਵਾ ਯਾ ਗੁਰਦਵਾਰਿਆਂ ਦੀ ਪਾਰਟੀ ਬਾਜ਼ੀ ਵਿਚ ਪੈਕੇ ਅਮਲੀ ਜੀਵਨ ਅਰ ਨਾਮ ਜਪਣ ਨੂੰ ਤਲਾਂਜਲੀ ਦੇ ਬੈਠੇ ਹਾਂ। ਇਸੇ ਕਾਰਨ ਸਾਡੀ ਉਲਝੀ ਹੋਈ ਤਾਣੀ ਠੀਕ ਹੋਣ ਵਿਚ ਨਹੀ ਆਂਦੀ। ਐਪਰ ਨਾਮਧਾਰੀ ਵੀਰ ਕਹਿਣੀ ਤੇ ਕਰਨੀ ਦੇ ਪੂਰੇ ਹੋਣ ਕਾਰਨ ਹਰ ਇਕ ਸਿਖ

Sri Satguru Jagjit Singh Ji Elibrary NamdhariElibrary@gmail.com

ਦੇ ਮਨ ਵਿਚ ਹੀ ਮਾਨ ਪ੍ਰਾਪਤ ਕਰ ਰਹੇ ਹਨ।

ਅਜ ਬਸੰਤ ਪੰਚਮੀ ਵਾਲੇ ਦਿਵਸ ਬਾਬਾ ਰਾਮ ਸਿੰਘ ਜੀ ਦਾ ਜਨਮ ਉਤਸ਼ਵ ਹੈ। ਕੀ ਕਾਰਨ ਹੈ ਕਿ ਇਸ ਸ਼ੁਭ ਦਿਹਾੜੇ ਨੂੰ ਅਵਲ ਤਾਂ ਸਾਰਾ ਭਾਰਤ ਵਰਸ਼, ਵਟਨਾ ਸਮੁਚੀ ਸਿਖ ਕੌਮ ਕਿਉਂ ਚਾਓ ਤੇ ਮਲ੍ਹਾਰਾਂ ਨਾਲ ਨਹੀਂ ਮਨੌਂਦੀ ? ਕੀ ਭਾਰਤ ਵਰਸ਼ ਬਾਬਾ ਜੀ ਤੇ ਉਨ੍ਹਾਂ ਦੇ ਸ਼ਰਧਾਲੂਆਂ ਦੀਆਂ ਕੁਰਬਾਨੀਆਂ ਦਾ ਰਿਣੀ ਨਹੀ ਹੈ ? ਕੀ ਆਪਣੇ ਨਾਮ-ਧਾਰੀ ਯੋਧਿਆਂ ਦੀਆਂ ਸ਼ਹੀਦੀਆਂ ਨੂੰ ਅਸੀ ਏਸੇ ਤਰਾਂ ਭੁਲ ਜਾਵਾਂਗੇ ? ਹਰਗਿਜ਼ ਨਹੀਂ ! ਜਦ ਨਾਮਧਾਰੀ ਸਜਨ ਸਿਖ ਸਤਿ ਗੁਰੂਆਂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਪੂਰੀ ਤਰਾਂ ਆਪਣਾ ਇਸ਼ਟ ਦੇਵ ਮੰਨਣ ਕਰਕੇ, ਅਰ ਗੁਰੂ ਘਰ ਦੀ ਰਹਿਤ ਬਹਿਤ ਦੇ ਪੂਰੇ ਧਾਰਣੀ ਹੋਣਕਾਰਨ, ਖਾਲਸਾ ਪੰਥ ਦੇ ਅਸਲੇਂ ਹੀ ਦੇਹ ਪ੍ਰਾਣ ਹਨ, ਤਦ ਕੀ ਕਾਰਣ ਹੈ ਕਿ ਨਾਮਧਾਰੀ ਸੰਪ੍ਰਦਾਇ ਦੇ ਜਨਮ ਦਾਤਾ ਦੀ ਵਰੇ ਗੰਢ ਨੂੰ ਅਸੀਂ ਸਾਰੇ ਹੀ ਰਲਕੇ ਥਾਂ ਪਰ ਥਾਂ ਨਹੀ ਮਨੌਂਦੇ ? ਮੈ ਤਾਂ ਏਥੋਂ ਤਕ ਵੀ ਕਹਿੰਦਾ ਹਾਂ ਕਿ ਜੇਕਰ ਅਸੀਂ ਨਾਮਧਾਰੀ ਭਰਾਵਾਂ ਵਾਂਗੂ ਆਪਣੇ ਆਪਣੇ ਸੂਬੇ ਥਾਪਕੇ ਪੰਥਦੀ ਸਾਰੀ ਵਾਗ ਡੋਰ ਹੀ ਇਕ ਯੋਗ ਡਿਕਟੇਟਰ ਦੇ ਹਥ ਵਿਚ ਸੌਂਪ ਦੇਵੀ ਏ,ਤਦ ਸਾਰੇ ਝਗੜੇ ਚੌਧਰਾਂ ਦੇ ਪੁਆੜੇ ਅਰ ਖਜਲ ਖੁਆਰੀ ਖ਼ਤਮ ਹੋ ਸਕਦੀ ਏ। ਧਾਰਮਕ ਰਸਮਾਂ ਪੂਰੀਆਂ ਕਰਨ ਲਈ ਅਸੀਂ ਗੁਰੂ ਮਹਾਰਾਜ ਦੇ ਹੁਕਮਾਂ ਅਨੁਸਾਰ 'ਪੰਚ ਪ੍ਰਵਾਨ ਤੇ ਪੰਚ ਪਰਧਾਨ' ਮਨ ਸਕਦੇ ਹਾਂ, ਪਰ ਇਸ ਤਰਾਂ ਨਾਲ ਸਾਡੇ ਸਾਰੇ ਦੁਖਾਂ ਦਾ ਨਾਸ ਨਹੀ ਹੋ ਰਿਹਾ, ਸਗੋਂ ਦਿਨੋ ਦਿਨ ਖਿਚੋ ਤਾਣ ਵਧ ਰਹੀ ਹੈ। ਸਾਡੇ ਸਾਹਮਣੇ ਦੁਨੀਆਂ ਦੇ ਆਜ਼ਾਦ ਮੁਲਕਾਂ ਦੀ ਮੌਜੂਦਾ ਹਾਲਤ ਤੋਂ ਵੀ ਇਹੋ ਸਿਖਿਆ ਮਿਲਦੀ ਹੈ, ਕਿ ਪੰਚਾਇਤੀ ਰਾਜਰੌਲੇ ਤੋਂ ਲੋਕੀਂ ਅਕਕੇ ਫੇਰ ਡਿਕਟੇਟਰ ਸ਼ਿਪ ਵਲ ਹੀ ਆ ਰਹੇ ਹਨ। ਮੇਰਾ ਤਾਂ ਵਿਸ਼ਵਾਸ਼ ਹੈ ਕਿ ਸਿਖ ਕੌਮ ਦਾ ਸ੍ਵਾਲ ਤਾਂ ਇਕ ਪਾਸੇ ਰਿਹਾ, ਸਗੋਂ ਜਦ ਤਕ ਭਾਰਤਵਰਸ਼ ਵਿਚ ਕੋਈ ਤੇਜ ਪ੍ਰਤਾਪ ਵਾਲਾ ਡਿਕਟੇਟਰ ਅਗੇ ਨਹੀ ਔਂਦਾ,ਉਤਨਾ ਚਿਰ ਹਿੰਦੁਸਤਾਨ ਲਈ ਅਜ਼ਾਦੀ ਦ ਸੁਫਨੇ ਲੈਣੇ 'ਬੂਰਦੇ ਲਡੂਆਂ' ਵਤ ਸਾਬਤ ਹੋਣਗੇ। ਖੈਰ ! ਅਜ ਦੇ ਭਾਗੇ ਭਰੇ ਦਿਨ ਮੈ ਸਮੂਹ ਪੰਥ ਨੂੰ ਆਪ ਕਰਕੇ ਅਰ ਨਾਮਧਾਰੀ ਸੰਪ੍ਰਦਾਇ ਨੂੰ ਖਾਸ ਕਰਕੇ, ਅਜ਼ਾਦੀ ਦੇ ਦੇਵਤੇ, ਧਰਮ ਮੂਰਤ ਤੇ ਕਹਿਣੀ ਅਰ ਕਰਨੀ ਦੇ ਪੂਰੇ, ਮਾਨਯੋਗ ਬਾਬਾ ਰਾਮ ਸਿੰਘ ਜੀ ਮਹਾਰਾਜ ਦੇ ਪ੍ਰਕਾਸ਼ ਉਤਸ਼ਵ ਪਰ ਕ੍ਰੋੜ ਕ੍ਰੋੜ ਵਧਾਈ ਦਿੰਦਾ ਹੋਇਆ ਬਾਬਾ ਜੀ ਦੇ ਚਰਨਾਂ ਉਪਰ ਸ਼ਰਧਾ ਅਰ ਸਤਿਕਾਰ ਦੇ ਫੁਲ ਚੜ੍ਹੌਂਦਾ ਹਾਂ।

ਕਾਸ਼ !

"ਵਲੋਂ—ਅਜ਼ਾਦ ਜੀ"

ਕਾਸ਼ ! ਸਹਿਜ, ਸੁਖ, ਰਸ, ਅਨੰਦ, ਦਾ,
ਹੁੰਦਾ ਕੋਈ ਟਿਕਾਣਾਂ !
ਮੁਕਦਾ ਪੰਧ, ਥਕੇਵੇਂ ਲਥਦੇ,
ਸਫਲ ਜਾਣਦੇ ਆਣਾਂ !
ਕਾਸ਼ ! ਹਜ਼ਾਰਾਂ ਬਰਸਾਂ ਪਿਛੋਂ,
ਦਿਲ ਦੀ ਮਿੱਟੀ ਵਿਚੋਂ;
ਉਗਦਾ ਹਰਿਆ ਭਰਿਆ ਸਬਜ਼ਾ,
ਅਦਿਭੁਤ ਹਰ ਮਨ ਭਾਣਾਂ !

Sri Satguru Jagjit Singh Ji Elibrary NamdhariElibrary@gmail.com

ਤਲਵਰੀਏ ਤੋਂ ਅੰਮ੍ਰਿਤ—ਸਰੀਆ

(ਵਲੋਂ ਸ੍ਰੀਮਾਨ ਸਤਵਦਾਰ ਰਣਧੀਰ ਸਿੰਘਜੀ "ਤਰਸ" ਸਾਬਕ ਐਡੀਟਰ ਅਕਾਲੀ ਤੇ ਦੇਸ਼ ਦਰਪਣ)

'ਤੁਲਵਾਰ' ਨਿਰਾਕਾਰ ਕਰਤਾਰ ਦਾ ਸਾਕਾਰ ਸਰੂਪ ਹੈ। ਇਸ ਵਿਚ ਉਧਾਰਕ ਤੇ ਸੰਘਾਟਕ ਦੋਵੇਂ ਸ਼ਕਤੀਆਂ ਵਸਦੀਆਂ ਹਨ। ਜਿੱਤ ਤੇ ਹਾਰ ਦੋਵੇਂ ਇਸ ਦੀ ਧਾਰ ਪਰ ਖੇਡਦੀਆਂ ਹਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸੇ ਲਈ ਫਰਮਾਇਆ ਹੈ:—

"ਕਰਮਾਤਿ ਇਕ 'ਅਸਿ'
ਮੋ ਪ੍ਰਿਥਮ ਪਛਾਨਿਯੈ।
ਜਾਕੋ ਤੇਜੁ ਅਰੁ ਤ੍ਰਾਸ
ਜਗਤ ਮੋ ਮਾਨਿਯੈ।
ਜੀਤ ਹਾਰ ਅਰੁ ਮ੍ਰਿਤੁ
ਧਾਰ ਜਾਕੀ ਬਸਤ।
ਹੇ ਮੇਰੇ ਮਨ 'ਪਰਮੇਸੁਰ'
ਤਾਹੀ ਕੋ ਕਹਤ।"

ਲੇਕਿਨ ਇਸ ਦੇ ਤੇਜ ਪ੍ਰਤਾਪ ਦਾ ਵਿਕਾਸ "ਤੁਲਵਰੀਏ" ਦੀ ਮਨੋ ਵਿਰਤੀ ਪਰ ਨਿਰਭਰ ਹੈ। ਜੇ 'ਤਲਵਰੀਆ' ਨਾਮ ਦੀ ਟੇਕ ਵਾਲਾ ਹੈ ਅਤੇ ਉਹ "ਨਾਮੁ ਕੇ ਧਾਰੇ ਖੰਡ ਬ੍ਰਹਮੰਡ" ਮਹਾਵਾਕ ਦਾ ਮੰਨਣ ਹਾਰ ਹੈ, ਤਾਂ ਉਸਦੀ ਤਲਵਾਰ ਨਾਮਧਾਰੀਆ (ਸੰਤਾਂ) ਤੇ ਗਊ ਗਰੀਬਾਂ ਦੀ ਰਖਸ਼ਾ ਲਈ ਮਿਆਨੋ ਬਾਹਰ ਨਿਕਲੇਗੀ। ਇਸਦੇ ਉਲਟ ਜੇ "ਤਲਵਾਰ" ਕਿਸੇ ਅਪਸ੍ਵਾਰਥੀ ਜਰਵਾਣੇ ਦੇ ਹਥ ਵਿਚ ਵਲੀ ਜਾਏ, ਤਾਂ ਉਹ ਗਊ ਗਰੀਬ ਦੇ ਖੂਨ ਵਿਚ ਮਜਨ ਕਰਨ ਵਾਲੀ ਤੇ ਜਰਵਾਣੇ ਦੀਆਂ ਗਰਜ਼ਾਂ ਨੂੰ ਪੱਠੇ ਪਾਉਣ ਹਾਰੀ ਬਣ ਜਾਂਦੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਸਮੇਂ "ਤੁਲਵਾਰ" ਜਰਵਾਣੇ ਹਾਕਮਾਂ ਦੇ ਹਥ ਦੀ 'ਕਾਤੀ' ਬਣੀ ਹੋਈ ਸੀ। ਉਹ ਨਿਹਥੀ ਤੇ ਨਿਤਾਣੀ ਪਰਜਾ ਨੂੰ ਬੇ-ਦਰਦੀ ਨਾਲ ਕੋਹ ਰਹੇ ਸਨ। ਇਸ ਤਬਾਹੀ ਤੋਂ ਬਚੇਣ ਲਈ ਵਡ ਵਡਾ ਜੀ ਨੇ ਖਲਕਤ ਨੂੰ 'ਸਿਮਰਨ' ਤੇ 'ਗਰੀਬੀ ਧਾਰਨ' ਦਾ ਉਪਦੇਸ਼ ਦਿਤਾ ਤੇ "ਗਰੀਬੀ ਗਦਾ ਹਮਾਰੀ। ਖੰਨਾਂ ਸਗਲ ਰੋਨ ਛਾਰੀ" ਦਾ ਐਲਾਨ ਕੀਤਾ। ਬਾਬਾ ਜੀ ਦੇ ਉਪਦੇਸ਼ ਨੇ ਪਸੂ ਬਣਦੇ ਜਾ ਰਹੇ ਮਨੁਖਾਂ ਨੂੰ ਦੇਵਤੇ ਬਣਾ ਦਿਤਾ। ਜਰਵਾਣਿਆਂ ਦੇ ਸੁਧਾਰ ਲਈ ਅਕਾਲ ਪੁਰਖ ਨੇ "ਜਮ ਕਰਿ ਮੁਗਲ ਪਠਾਇਆ।" ਤੇ ਇਸ ਤਰਾਂ ਸੱਚ ਮੁਚ ਵਰੇ ਠੰਢ ਫੇਰ ਵਰਤੀ ਰਹੀ।

ਫੇਰ ਉਹੋ ਮੁਗਲ, ਰਾਜ ਮਦ ਵਿਚ ਅੰਨ੍ਹੇ ਹੋਕੇ ਜਰਵਾਣੇ ਬਣ ਗਏ। ਸ਼ਾਂਤੀ ਦੇ ਸਾਕਾਰ ਸਰੂਪ ਸ੍ਰੀ ਗੁਰੂ ਅਰਜਨ ਦੇਵ ਦੀ ਸਚਾਈ ਭੀ ਸ੍ਵਾਰਥੀ ਜਰਵਾਣਿਆਂ ਨੂੰ ਨਾਂ ਭਾਈ ਦੀਨ ਦੁਖੀਆਂ ਦੀ ਰਾਖੀ ਕਰਨ ਵਾਲੀ ਤਲਵਾਰ, ਓਹਨਾ ਮਾਸੂਮਾਂ ਦੀਆਂ ਕੋਮਲ ਗਰਦਨਾ ਪਰ ਵਾਰ ਕਰਨ ਲਗੀ, ਜੋ ਪਸੂਆਂ ਨੂੰ ਦੇਵਤੇ ਬਨਾਣ ਵਾਲੇ ਸਨ। ਨਤੀਜਾ ਇਹ ਹੋਇਆ, ਕਿ ਛੇਵੇਂ ਪਾਤਿਸ਼ਾਹ ਨੇ ਕੇਵਲ ਮਾਲਾ ਫੇਰਨ ਨਾਲ ਜ਼ਾਲਮਾਂ ਦਾ ਸੁਧਾਰ ਹੁੰਦਾ ਨ ਵੇਖਿ 'ਭਗਉਤੀ' ਨੂੰ ਹਥ ਫੜਿਆ।" ਖੁਦ ਦੋ ਤਲਵਾਰਾਂ ਗਾਤਰੇ ਸਜਾਕੇ "ਖੜਗਧਾਰੀ" ਸਦਾਏ, ਤੇ ਨਾਮ ਰਸੀਏ

Sri Satguru Jagjit Singh Ji Elibrary NamdhariElibrary@gmail.com

ਸੰਤਾਂ ਨੂੰ ਸੂਰੇ ਅਭਿਮਾਨੀ ਜੋਧੇ ਬਣਾ ਦਿਤਾ। ਓਹਨਾਂ ਦੇ ਚਲਾਏ 'ਨਾਮ ਰਸ ਦੇ ਪ੍ਰਵਾਹ ਤੇ 'ਸੰਤ ਉਬਾਰਨ ਖੰਡੇ' ਦੇ ਸਦਕੇ, ਹਿੰਦੁਸਤਾਨ ਦੀ ਹਾਲਤ ਨੇ ਜੋ ਪਲਟਾ ਖਾਧਾ, ਉਸਦਾ ਇਤਿਹਾਸ ਗਵਾਹ ਹੈ।

ਇਕੋਰਾਂ ਸ਼ਾਂਤੀ ਵਰਤਾਕੇ "ਸੰਤ-ਜੋਧਿਆਂ" ਦੀ ਤਲਵਾਰ ਕੁਝ ਅਰਸਾ ਫੇਰ ਮਿਆਨੇ ਪਈ ਰਹੀ। ਮੁਗਲ ਰਾਜ ਦੇ ਅਤਿਆਚਾਰਾਂ ਦੀ ਅਤ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਇਸ ਸਿਧਾਂਤ ਉਤੇ ਅਮਲ ਪੈਰਾ ਹੋਣ ਲਈ ਮਜਬੂਰ ਕਰ ਦਿਤਾ ਕਿ:--

"ਚੁ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ।
ਹਲਾਲ ਅਸਤ ਬੁਰਦਨ ਬ-ਸ਼ਮਸ਼ੇਰ ਦਸਤ"
॥ ੨੨ ॥ ੧ ॥

ਆਪ ਨੇ ਨਾਮਧਾਰੀ ਸੰਤਾਂ ਨੂੰ ਸ਼ੇਰ ਦਾ ਬੁਰਕਾ ਸਜਾਕੇ "ਖਾਲਸਾ" ਬਣਾ ਦਿਤਾ। ਜੋ ਸਦਾ ਲਈ "ਨਾਮ ਰੂਪੀ ਅੰਮ੍ਰਿਤ ਸਰ" ਦਾ ਪਹਿਰੇ ਦਾਰ ਅਤੁ ਗਊ ਗਰੀਬ ਦਾ ਰਖਸ਼ਕ ਠਹਿਰਾਇਆ ਗਿਆ। ਇਸ ਵਿਚ ਕੋਈ ਸ਼ਕ ਨਹੀਂ, ਕਿ ਇਕ ਸਦੀ ਤਕ ਖਾਲਸੇ ਨੇ ਆਪਣੀ ਡਿਊਟੀ ਖੂਬ ਨਿਬਾਹੀ। ਜ਼ਾਲਮਾਂ ਨੂੰ ਜ਼ੁਲਮ ਸਮੇਤ ਰੋਕ ਕੀਤਾ ਤੇ ਬਾਹਰੋਂ ਆ ਰਹੇ ਜਤਵਾਣਿਆਂ ਲਈ ਸਰਹੱਦੀ ਨਾਕਾ ਹੀ ਬੰਦ ਕਰ ਦਿਤਾ। ਖਾਲਸੇ ਦੀ ਤੇਗ ਦੇ ਤੇਜ ਪ੍ਰਤਾਪ ਦਾ ਹੀ ਇਹ ਸਦਕਾ ਹੈ, ਕਿ ਬਦੇਸ਼ੀ ਜ਼ਾਲਮਾਂ ਦੀ ਸੰਤਾਨ ਹੁਣ ਤਕ ਭੀ "ਹਰੂਆ (ਹਰੀ ਸਿੰਘ ਨਲੂਆ) ਰਾਖਲੇ ਦੇ" ਸੁਣਕੇ ਸਹਿਮ ਜਾਂਦੀ ਹੈ।

ਮੂਲ ਮੁੱਦਾ ਇਹ ਕਿ 'ਤਲਵਾਰ' ਖਾਲਸੇ ਦੀ ਸ਼ਾਨ, ਬਲਕਿ ਜਿੰਦ ਜਾਨ ਹੈ। ਇਸੇ ਕ੍ਰਿਪਾਨ ਦੇ ਪ੍ਰਤਾਪ ਨਾਲ ਖਾਲਸਾ ਜੀ ਨੇ ਰਾਜ ਜੋਗ ਮਾਣਿਆ ਹੈ। ਦੁਸ਼ਟਾਂ ਨੂੰ ਸੰਘਾਰਿਆ ਤੇ ਸੰਤਾਂ ਨੂੰ ਉਬਾਰਿਆ ਹੈ। ਵੇਲੇ ਸਿਰ ਇਹੋ ਚੰਡੀ ਰੂਪ ਹੋਕੇ ਜ਼ਾਲਮਾਂ ਦਾ ਕਾਲ ਤੇ ਨਾਮ ਰਸੀਆਂ ਦੀ ਢਾਲ ਬਣਦੀ ਰਹੀ ਹੈ। ਅੈਪਰ ਜਦੋਂ ਰਾਜ ਮਦ ਦਾ ਨਸ਼ਾ ਸੰਤ ਜੋਧਿਆਂ ਦੇ ਦਮਾਗ਼ਾਂ ਤੇ ਭੀ ਅਸਰ ਕਰ ਗਿਆ ਤਾਂ ਇਹੋ ਢਾਲ ਰੂਪ ਤਲਵਾਰ ਭਰਾਵਾਂ ਦੇ ਖੂਨ ਦੀ ਪਿਆਸੀ ਹੋ ਗਈ। ਮੱਲਾਂ ਮੱਲਣ ਦੀ ਲਾਲਸਾ ਨੇ ਬੀਰ ਰਸੀਏ ਖਾਲਸਾ ਨੂੰ ਓਹੋ ਜੇਹੇ ਜ਼ਾਲਮ ਜਰਵਾਣੇ ਬਨਾਉਣਾ ਅਰੰਭ ਦਿੱਤਾ, ਜਿਨ੍ਹਾ ਨੂੰ ਉਹ ਜ਼ਾਲਮ ਸ਼ਾਸ਼ਕ ਮੋਧਦੇ ਹੁੰਦੇ ਸਨ। ਇਸ ਮਨੋਵਿਰਤੀ ਦਾ ਤਾਂਡਵ ਨਾਚ ਦੇਖਣਾ ਹੋਵੇ ਤਾਂ ਮਿਸਲਾਂ ਦੇ ਰਾਜ ਅਤ ਮਹਾਰਾਜਾ ਰਣਜੀਤ ਸਿੰਘ ਤੋਂ ਬਾਦ ਕੁਝਕੁ ਸਮੇ ਦਾ ਇਤਿਹਾਸ ਫੋਲ ਵੇਖੋ!

ਗੁਰਮੁਖ ਪਿਆਰੇ ਮਹਾਰਾਜ ਬਾਬਾ ਰਾਮ ਸਿੰਘ ਜੀ ਦਾ ਜਨਮ ਭੀ ਐਨ ਉਸ ਸਮੇਂ ਹੋਇਆ, ਜਦੋਂ ਦੇਸੀ ਤੇ ਬਦੇਸੀ ਜਤਵਾਣੇ 'ਤਲਵਾਰ' ਨੂੰ 'ਜ਼ੁਲਮ ਦੀ ਕਾਤੀ' ਬਣਾਕੇ ਵਰਤ ਰਹੇ ਸਨ। ਖਾਲਸਾ ਪੰਥ ਵਿਚ ਭੀ ਨਾਮ ਰਸ ਦੀ ਥੁੜ ਵਾਪਰ ਰਹੀ ਸੀ। 'ਸਿਮਰਨ' ਦੀ ਥਾਂ ਐਸ਼ੋ ਇਸ਼ਰਤ ਨੇ ਆ ਮੱਲੀ ਸੀ॥

ਨਾਮ ਦੀ ਟੇਕ ਵਾਲੇ ਸੰਤ ਜੋਧੇ ਦੀ ਕ੍ਰਿਪਾਨ ਦੀ ਧਾਰ ਵਿਚ ਤਾਂ ਅੰਮ੍ਰਿਤ ਦਾ ਵਾਸ ਹੁੰਦਾ ਹੈ, ਲੇਕਿਨ ਸਿਮਰਨ ਤੋਂ ਸੱਖਣੇ ਜਰਵਾਣੇ ਦੇ ਹੱਥ ਦੀ ਤਲਵਾਰ, ਖ਼ੂਨਖ਼ਾਰ ਜਮਦਾੜ ਬਣ ਜਾਂਦੀ ਹੈ। ਸ੍ਰੀ ਬਾਬਾ ਰਾਮ ਸਿੰਘ ਜੀ ਨੇ ਇਸੇ ਹਾਲਤ ਨੂੰ ਮੁਖ ਰਖਕੇ ਮੁੜ ਨਾਮ ਸਿਮਰਨ ਦਾ ਪ੍ਰਚਾਰ ਸ਼ੁਰੂ ਕੀਤਾ। ਸਮੇ ਦੀ ਨਾੜ ਪਛਾਣ ਕੇ ਖਾਲਸੇ ਦੀ 'ਸ੍ਰੀ ਸਾਹਿਬ' ਨੂੰ ਮਿਆਨੇ ਪੁਆ ਦਿਤਾ। ਅਪਣੇ ਸਰਧਾਲੂਆ ਦੇ ਹੱਥਾਂ ਵਿਚ ਅਠੋਤਰੀ ਮਾਲਾ

Sri Satguru Jagjit Singh Ji Elibrary NamdhariElibrary@gmail.com

ਛੜਾ ਦਿਤੀ। ਇੰਵ ਉਹ ਨਾਮ ਦੀ ਟੇਕ ਵਾਲ਼ੇ ਗੁਰਮੁਖ ਬਣਾ ਦਿਤੇ। ਐਸੇ ਗੁਰਮੁਖਾਂ ਨੂੰ ਜਤ੍ਰੇ ਬੰਦੀ ਦੀ ਲੜੀ ਵਿਚ ਪਰੋਣ ਲਈ ਆਪ ਨੇ ਪੰਜਾਬ ਨੂੰ ਬਾਈ ਸੂਬਿਆਂ ਵਿਚ ਵੰਡਿਆ, ਤੇ ਹਰ ਇਕ ਸੂਬੇ ਵਿਚ ਇਕ ਇਕ ਸੂਬਾ ਨੀਯਤ ਕੀਤਾ। ਸ਼ੁਦਾਰੀ ਦੀ ਹੈਂਕੜ ਤੇ ਰਾਜ ਮਦ ਦਾ ਨਸ਼ਾ ਉਤਾਰਨ ਲਈ ਸਾਦਗੀ ਤੇ ਗਰੀਬੀ ਸਿਖਾਈ। ਸੁਦੇਸ਼ੀ ਦਾ ਪ੍ਰੇਮ, ਜੋ ਅਜ ਕੱਲ ਕਾਂਗ੍ਰੈਸ ਦਾ ਮੂਲ ਮੰਤ੍ਰ, ਮੂਲਧਾਰ ਤੇ ਮੁਖ ਨਿਯਮ ਹੈ,—ਪਹਿਲ ਪ੍ਰਿਥਮੇਂ ਬਾਬਾ ਰਾਮ ਸਿੰਘ ਜੀ ਨੇ ਹੀ ਆਪਣੇ ਸਰਧਾਲੂਆਂ ਦੇ ਦਿਲਾਂ ਵਿਚ ਪੈਦਾ ਕੀਤਾ। ਬਲਕਿ ਖੱਦਰ ਧਾਰਨ ਕਰਨ ਦੀ ਤਾਕੀਦ ਕੀਤੀ। ਹੱਥੀਂ ਕਿਰਤ ਕਰਕੇ ਵੰਡ ਛਕਣ ਦੀ ਪਰਪਾਟੀ ਖਾਲਸੇ ਵਿਚ ਅਲੋਪ ਹੋਣ ਲਗੀ ਸੀ। ਸ੍ਰੀ ਬਾਬਾ ਜੀ ਨੇ ਮੁੜ ਬਹਾਲ ਕਰ ਦਿਤੀ। ਗੱਲ ਕੀ, ਨਾਮ ਸਿਮਰਨ ਦੀ ਤੁਰੁੱਟੀ ਨੂੰ ਪੂਰੀ ਕਰਕੇ ਵੀ ਬਾਬਾ ਜੀ ਨੇ ਸਿੱਖ ਨੂੰ 'ਤਲਵਰੀਏ' ਤੋਂ 'ਅੰਮ੍ਰਿਤ ਸਰੀਆ' ਭਾਵ ਨਾਮ ਰੂਪੀ ਅੰਮ੍ਰਿਤ ਦੇ ਸਰੋਵਰ ਦਾ ਵਸਨੀਕ ਬਣਾ ਦਿੱਤਾ।

ਲੇਕਿਨ ਆਪਦੇ ਇਸ ਗੂੜ੍ਹ ਆਸ਼ੇ ਨੂੰ ਸਮੇਂ ਦੀ ਸ੍ਰਕਾਰ ਨੇ ਸ਼ਾਇਦ ਰਲ਼ਤ ਸਮਝਿਆ, ਜਾਂ ਆਪਣੇ ਲਈ ਖ਼ਤਰਨਾਕ ! ਨਤੀਜਾ ਇਹ ਹੋਇਆ, ਕਿ ਐਸੀ ਪ੍ਰਤਾਪ ਪੁੰਜ ਨਾਮਧਾਰੀ ਹਸਤੀ ਸਾਡੀਆਂ ਨਜ਼ਰਾਂ ਤੋਂ ਓਹਲੇ ਕਰ ਦਿੱਤੀ ਗਈ। ਸ੍ਰੀ ਬਾਬਾ ਜੀ ਦੀ ਲਹਿਰ ਭਾਂਵੇ ਪੂਰੀ ਤਰਾਂ ਸਫਲ ਨਾ ਹੋ ਸਕੀ, ਤਦ ਭੀ ਆਪ ਨੇ ਖਾਲਸੇ ਵਿਚ ਨਾਮ ਦੀ ਪਰਚੋਂ ਤੇ ਗੁਰਮੁਖੀ ਰਹਿਤ ਬਹਿਤ ਮੁੜ ਬਹਾਲ ਕਰ ਦਿਤੀ।

ਬਾਬਾ ਜੀ ਤੋਂ ਬਾਦ ਨਾਮਧਾਰੀ ਵੀਰਾਂ ਵਿਚ ਕੁਝ ਕੁ ਐਸੇ ਚਲਨ ਚਲ ਪਏ, ਜਿਨ੍ਹਾਂ ਦੇ ਕਾਰਨ ਖਾਲਸਾ ਪੰਥ ਤੇ ਨਾਮਧਾਰੀ ਸਦੌਣ ਵਾਲ਼ੇ ਜਥੇ ਵਿਚ ਵਿਥ ਪੈਣੀ ਸ਼ੁਰੂ ਹੋ ਗਈ ਸੀ। ਮੇਰੀ ਜਾਚੇ ਇਹ ਵਿੱਥ ਕੇਵਲ ਰਲ਼ਤ ਫੈਹਮੀ ਦਾ ਹੀ ਦੂਜਾ ਰੂਪ ਸੀ। ਸ੍ਰੀ ਬਾਬਾ ਜੀ ਦਾ ਹਰਗਿਜ਼ ਇਹ ਮਨਸ਼ਾ ਨਹੀਂ ਹੋ ਸਕਦਾ। ਫਿਰ ਭੀ ਹਜ਼ਾਰ ਹਜ਼ਾਰ ਸ਼ੁਕਰ ਹੈ, ਉਸ ਅਕਾਲ ਪੁਰਖ ਦਾ, ਜਿਸ ਨੇ ਸ੍ਰੀ ਬਾਬਾ ਪ੍ਰਤਾਪ ਸਿੰਘ ਮਹਾਰਾਜ ਨੂੰ, ਇਹ ਹਾਨੀ ਕਾਰਕ ਮਤਿ-ਭੇਦ ਪ੍ਰਤੀਤ ਕਰਾ ਕੇ, ਪੜੇ ਮੇਲਣ ਦਾ ਉੱਦਮ ਬਖ਼ਸ਼ਿਆ। ਹੁਣ ਅਸੀਂ ਕਾਫੀ ਹੱਦ ਤਕ ਨੇੜੇ ਹੋ ਚੁਕੇ ਹਾਂ। ਗੁਰੂ ਮੇਹਰ ਕਰੇ, ਸਾਡਾ ਇਹ ਮੇਲ ਮਿਲਾਪ ਜੁਗ ਜੁਗ ਦੂਣ ਸਵਾਇਆ ਹੋਵੇ।

ਗੁਰਯਾਈ ਦੇ ਸਿਲਸਿਲੇ ਨੂੰ ਜਾਰੀ ਰੱਖਣ ਜਾਂ ਨਾਂ ਰੱਖਣ ਦਾ ਸਤਿਭੇਦ ਲਾਹਮੇ ਰੱਖਕੇ ਸਾਨੂੰ ਪੰਥਕ ਭਲਾਈ ਲਈ ਹਰ ਮੈਦਾਨ ਵਿਚ ਮੋਢੇ ਨਾਲ ਮੋਢਾ ਜੋੜਕੇ ਚਲਣਾਂ ਚਾਹੀਦਾ ਹੈ। ਅੱਜ ਕਲ ਸਾਡੀ ਹਸਤੀ ਮਿਟਾਣ ਲਈ ਵਿਰੋਧੀਆਂ ਵਲੋਂ ਭਾਰੀ ਸਖਤ ਹਮਲੇ ਹੋ ਰਹੇ ਹਨ। ਸਮਾਂ ਆ ਗਿਆ ਹੈ, ਕਿ ਧਾਰਮਕ ਆਜ਼ਾਦੀ ਨੂੰ ਕਾਇਮ ਰੱਖਣ ਲਈ ਖ਼ਾਲਸਾ ਇਕ ਮੁੱਠ ਹੋ ਜਾਏ। 'ਕ੍ਰਿਪਾਨ' ਗਊ, ਗ਼ਰੀਬ ਦੀ ਪਾਲਣਾ ਤੇ ਸ੍ਵੈ ਰਖਿਆ ਲਈ ਸਾਡੇ ਅੰਗ ਸੰਗ ਕੀਤੀ ਗਈ ਸੀ, ਉਹ ਅੱਜ ਸਾਥੋਂ ਜਬਰਨ ਖੋਹੀ ਜਾ ਰਹੀ ਹੈ। ਇਸ ਮੌਕ ਨਾਮਧਾਰੀ ਵੀਰਾਂ ਨੂੰ ਨਿਹੱਥੇ ਮਾਲਾਧਾਰੀ ਹੀ ਨਹੀਂ ਬਣੇ ਰਹਿਣਾ ਚਾਹਦਾ। ਸ੍ਰੀ ਬਾਬਾ ਰਾਮ ਸਿੰਘ ਜੀ ਦੇ ਪਾਵਨ ਤੇ ਸਹੀ ਆਸ਼ੇ ਨੂੰ ਸਮਝਕੇ ਜੇ ਨਾਮਧਾਰੀ ਵੀਰ ਭੀ ਕ੍ਰਿਪਾਨ ਧਾਰੀ ਨਾਮਰਸੀਏ ਬਣ ਜਾਣ ਤਾਂ ਸੋਨੇ ਤੇ ਸੁਹਾਗੇ ਦਾ ਰੂਪ ਚੜ੍ਹ ਸਕਦਾ ਏ।

ਅੱਜ ਆਪਾਂ ਸ੍ਰੀ ਬਾਬਾ ਰਾਮ ਸਿੰਘ ਜੀ ਮਹਾਰਾਜ ਦੀ ਵਰ੍ਹੇ ਗੰਢ ਮਨਾ ਰਹੇ ਹਾਂ, ਸਾਡਾ

Sri Satguru Jagjit Singh Ji Elibrary NamdhariElibrary@gmail.com

ਇਹ ਵਰ੍ਹੇ ਦਿਨ ਦਾ ਸਮਾਗਮ ਉਸੇ ਸੂਰਤ ਵਿਚ ਸਫਲ ਹੋ ਸਕਦਾ ਏ, ਜੇ ਓਹਨਾਂ ਦੇ ਉਦੇਸ਼ ਪੂਰਤੀ ਲਈ ਕੋਈ ਕਦਮ ਅਗਾਹਾਂ ਵਧ ਇਆ ਜਾਵੇ। ਇਸੇ ਵਿਚ ਮੈਂ ਪੁਰਬ ਮਨੌਣ ਦੀ ਸਫਲਤਾ ਸਮਝਦਾ ਹਾਂ। ਸੋ ਬਾਬਾ ਜੀ ਦਾ ਮਨੋਰਥ ਸਾਡੇ ਰੂਬਰੂ ਹੋਵੇ, ਅਸੀਂ ਉਸਨੂੰ ਸਫਲ ਹੁੰਦਾ ਵੇਖੀਏ ! ਬੱਸ ਇਹੋ ਮੇਰੀ ਅਰਦਾਸ ਹੈ ਤੇ ਏਹੋ ਕਾਮਨਾ ।

—੪੦੪—

ਵਿਦਾਇਗੀ ਸਮੇ ਦੇ ਹੁਕਮ

(ਵਲੋਂ—ਸ੍ਰੀ ਮਾਨ ਸੂਬਾ ਹਰਿਨਾਮ ਸਿੰਘ ਜੀ ਲਖਨਊ)

ਸਤਿਗੁਰੂ ਰਾਮ ਮੁਰੀਸ਼ ਜੀਓ ਜਦ ਬਰਮਾਂ ਪੁਰੀ ਵਲ ਜਾਣ ਲਗੇ।
ਸਦ ਸਾਹਮਣੇ ਸਿਦਕੀਆਂ ਭੋਰਿਆਂ ਨੂੰ ਨਾਮ ਦਾਨ ਇਸ਼ਨਾਨ ਦ੍ਰਿੜਾਨ ਲਗੇ।
ਤੁਸਾਂ ਕਾਇਮ ਰਹਿਣਾਂ ਸੁਚ ਸੋਧ ਉਤੇ ਸੰਤ ਖਾਲਸੇ ਤਈਂ ਸਮਝਾਣ ਲਗੇ।
ਸਿਦਕ ਸਿਖ ਨੂੰ ਹਾਰਨਾਂ ਚਾਹੀਦਾ ਨਹੀ,ਜੇਕਰ ਸਤਿਗੁਰੂ ਸਾਂਗ ਵਰਤਾਣ ਲਗੇ
ਫੇਰ ਹੁਕਮ ਕੀਤਾ ਗੁਰੂ ਹਰੀ ਸਿੰਘ ਜੀ ਫਰਕ ਤੁਸਾਂ ਦੇ ਵਿਚ ਨਾਂ ਜ਼ਰੀ ਹੈ ਜੀ।
ਲੱਤ ਮਾਰ ਕੇ ਮਾਣ ਹੰਕਾਰ ਉਤੇ ਕੀਤੀ ਤੁਸਾਂ ਤਪਸਿਆ ਬੜੀ ਹੈ ਜੀ।
ਬੁਧ ਸਿੰਘ ਸੀ ਆਪਦਾ ਨਾਮ ਪਹਿਲੇ ਐਪਰ ਅਜ ਤੋਂ ਗੁਰੂ ਹਰ ਹਰੀ ਹੈ ਜੀ।
ਖੇਤੀ ਪੰਥ ਦੀ ਆਪ ਨੂੰ ਸੌਂਪਦੇ ਹਾਂ ਤੁਸਾਂ ਏਸ ਨੂੰ ਰਖਣਾਂ ਹਰੀ ਹੈ ਜੀ।
ਜਿਹੜੀ ਕਾਰ ਹੈ ਅਸਾਂ ਚਲਾਈ ਹੋਈ ਤੁਸਾਂ ਏਸ ਨੂੰ ਖੂਬ ਵਧਾਵਣਾਂ ਜੀ।
ਨਹੀ ਨਾਲ ਮਲੇਛ ਦੇ ਮਿਲਣ ਦੇਣਾਂ, ਗੁਰੂ ਸੰਗਤਾਂ ਤਾਈਂ ਬਚਾਵਨਾਂ ਜੀ।
ਤੁਸਾਂ ਬਖਸ਼ਕੇ ਭਜਨ ਚੌ ਅਖਰੇ ਦਾ ਨਰ ਨਾਰ ਤੋਂ ਨਾਮ ਜਪਾਵਨਾਂ ਜੀ।
ਏਸ ਗਲ ਨੂੰ ਰਖਣਾਂ ਯਾਦ ਹਰਦਮ ਅਸਾਂ ਇਸੇ ਦੇ ਕੀਤਿਆਂ ਆਵਨਾਂ ਜੀ।
ਛਤੀ ਸਾਲ ਪੂਰੇ ਸਤਿਗੁਰੂ ਹਰੀ ਸਿੰਘ ਜੀਭਜਨ ਬੰਦਗੀ ਵਿਚਗਲਤਾਨ ਰਹੇ।
ਮੀਟ ਅਖੀਆਂ ਤੇ ਨੀਵੀਂ ਪਾ ਗਰਦਨ ਸਦਾ ਮਸਤ ਵਿਚ ਇਕੋ ਧਿਆਨ ਰਹੇ।
ਝਖੜ ਝੁਲਦੇ ਰਹੇ ਹਨੇਰੀਆਂ ਦੇ ਨਿਤ ਆਂਵਦੇ ਸਖਤ ਤੂਫਾਨ ਰਹੇ।
ਵੈਰੀ ਧਰਮ ਦੇ ਸੀ ਇਰਦ ਗਿਰਦ ਫਿਰਦੇ ਤੇ ਸਤਾਂਵਦੇ ਬਹੁਤ ਸ਼ੈਤਾਨ ਰਹੇ।
ਐਪਰ ਲਾਜ ਰਖੀ ਚੀਨੀ ਵਾਲੜੇ ਨੇ ਕੀਤਾ ਕੌਲ ਇਕਰਾਰ ਨਿਬਾਹੇ ਦਿਤਾ।
ਇਕੋ ਜੋਤ ਦਾ ਨੂਰ ਭਰਪੂਰ ਜਿਹਾ ਸਾਰ ਸਾਫ ਪਰਤੱਖ ਦਿਖਾਏ ਦਿਤਾ।

Sri Satguru Jagjit Singh Ji Elibrary NamdhariElibrary@gmail.com

"ਪ੍ਰੀਤਮ ਵਿਛੋੜਾ"

(ਵਲੋਂ ਗਿਆਨੀ ਊਧਮ ਸਿੰਘ ਜੀ "ਮੁਸਾਫਰ")

ਚਗਵਾਨ ਚੰਦ੍ਰਮਾਂ ਨੇ ਜਿਵੇਂ ਮਹਾਂਰਿਸ਼ੀ ਗੋਤਮ ਦੀ ਇਸਤ੍ਰੀ ਅਹੱਲਿਆ ਉਤੇ ਮੰਦ ਦ੍ਰਿਸ਼ਟੀ ਕਰਨ ਨਾਲ ਕਲੰਕ ਖਟਿਆ ਹੈ, ਅਤੇ ਜਿਸਦੇ ਕਾਰਨ ਉਹ ਸਦਾ ਵਾਸਤੇ ਦਾਗੀ ਹੋਗਿਆ ਹੈ, ਜੋ ਦਾਗ ਕਦੇ ਭੀ ਧੋਤਾ ਨਹੀ ਜਾਵੇਗਾ। ਉਸੇ ਤਰਾਂ ਭਾਰਤ ਵਰਸ਼ ਦੇ ਨੀਤੀ ਨਿਪੁੰਨ ਅਤੇ ਈਰਖਾ ਵਾਦੀਆਂ ਨੇ ਅਪਣੀ ਅਗਿਆਨਤਾ ਦੇ ਕਾਰਨ ਚੋਜੀ ਪ੍ਰੀਤਮ ਚੀਨੀ ਵਾਲੇ ਸਤਿਗੁਰੂ ਰਾਮ ਸਿੰਘ ਜੀ ਮਹਾਰਾਜ ਨੂੰ ਬਗ਼ਾਵਤ ਦਾ ਇਲਜ਼ਾਮ ਲਾਕੇ ਦੇਸ਼ ਨਿਕਾਲਾ ਦੇਣ ਵਾਲੇ ਕਰਮ ਚਾਰੀਆਂ ਦੀ ਮਦਦ ਕਰਕੇ ਮੁਕਾਲਾ ਖੱਟਿਆ ਹੈ, ਇਹ ਦਾਗ਼ ਭਾਰਤ ਵਰਸ਼ ਦੇ ਮਥੇ ਤੋਂ ਕਦੇ ਭੀ ਧੋਤਾ ਨਹੀ ਜਾ ਸਕੇਗਾ। ਪ੍ਰੀਤਮ ਜੀ ਦਾ ਦੇਸ਼ ਵਿਚੋਂ ਜਾਣ ਨਾਲ ਦੇਸ਼ ਵਿਚ ਉਸੇ ਤਰਾਂ ਅਨ੍ਹੇਰ ਪੈਗਿਆ ਹੈ, ਜਿਵੇ ਚੰਦ੍ਰਮਾਂ ਤੇ ਬਿਨਾ ਅਮਾਵਸ ਦੀ ਰਾਤ ਹੋਇਆ ਕਰਦੀ ਹੈ, ਸਚ ਹੈ "ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ,ਏਤੇ ਚਾਨਣ ਹੋਦਿਆਂ ਗੁਰ ਬਿਨ ਘੋਰ ਅੰਧਾਰ।"

ਸੰਸਾਰੀ ਜੀਵ ਦੁਨੀਆਂ ਦੇ ਰਸ ਮਾਨਣ ਵਾਲੇ ਮਾਇਆ ਦੀ ਕਿਟਪਾ ਨਾਲ ਅਨੇਕ ਪ੍ਰਕਾਰ ਦੇ ਭੋਗ ਬਿਲਾਸ ਕਰਦੇ ਹਨ, ਪਰ ਜੇ ਕਦੇ ਉਨਾਂ ਨੂੰ ਕੁਝ ਦੇਰ ਲਈ ਐਸ਼ੋ ਇਸ਼ਰਤ ਅਰਥਾਤ ਉਸ ਭੋਗ ਬਿਲਾਸ ਦੇ ਅਨੰਦ ਭਵਨ ਤੋਂ ਕੁਝ ਦੇਰ ਲਈ ਦੂਰ ਰਖਿਆ ਜਾਵੇ ਤਾਂ ਉਨ੍ਹਾਂ ਦੀ ਹਾਲਤਉਸ ਪੰਛੀ ਵੱਤ ਹੋ ਜਾਇਆ ਕਰਦੀ ਹੈ ਜਿਸਨੂੰ ਪਾਣੀ ਵਿਚੋਂ ਕਢਕੇ ਤੱਤੀ ਰੇਤ ਵਿਚ ਸੁਟਿਆ ਜਾਵੇ ਜਿਵੇਂ ਲਿਖਿਆ ਹੈ 'ਪਾਣੀ ਇਨ ਮੱਛੀ ਜਿਵੇਂ ਮਣ ਬਿਨ ਸਰਪ ਬਿਹਾਲ' ਹੋ ਜਾਂਦਾ ਹੈ। ਜਦ ਝੂਠੇ ਸੰਸਾਰ ਦੇ ਝੂਠੇ ਪਦਾਰਥਾਂ ਲਈ ਜੀਵਾਂ ਦਾ ਇਹ ਹਾਲ ਹੁੰਦਾ ਹੈ, ਉਹ ਤੜਫ ਤੜਫ ਕੇ ਮਰਨ ਲਈ ਤਿਆਰ ਹੋ ਜਾਂਦੇ ਹਨ, ਤਦ ਉਹ ਪ੍ਰਾਣੀ ਜਿਨ੍ਹਾਂ ਤੋਂ ਇਕ ਐਸੀ ਅਮੋਲਕ ਵਸਤੂ ਜਿਸ ਤੋਂ ਬਿਨਾਂ ਉਹ ਇਕ ਸਕਿੰਟ ਦਾ ਹਜ਼ਾਰਵਾਂ ਹਿਸਾ ਭੀ ਜੁਦਾ ਰਹਿਕੇ ਨਾ ਜੀ ਸਕਦੇ ਹੋਣ ਦੂਰ ਕਰ ਦਿਤੀ ਜਾਵੇ ਤਾਂ ਕਿਵੇ ਬਚ ਸਕਦੇ ਹਨ। ਉਨ੍ਹਾਂ ਆਤਮਕਰਸੀਆਂਦੀਹਾਲਤਦਾਅੰਦਾਜ਼ ਲਾਉਣਾ ਹਰਇਕ ਲਖਾਰੀ ਦੀਕਲਮ ਤੋਂ ਬਾਹਿਰਨਹੀਂ ਸਗੋਂ ਕਥਨੀ ਤੇ ਬਦਨੀ ਤੋਂ ਭੀ ਬਾਹਿਰ ਹੈ। ਗੁਰੂ ਦੇ ਸਿਖਾਂ ਨੂੰ ਗੁਰੂ ਦੇ ਦਰਸ਼ਨਾਂ ਤੋਂ ਵਾਂਜਿਆਂ ਕਰ ਦੇਣਾਂ, ਕਿਡਾ ਜ਼ੁਲਮ ਅਤੇ ਮਹਾਂ ਪਾਪ ਹੈ। ਗੁਰ ਸਿਖ ਦੀ ਪ੍ਰੀਤ ਆਪਣੇ ਪ੍ਰੀਤਮ ਨਾਲ ਇਉਂ ਹੁੰਦੀ ਹੈ, ਜਿਵੇਂ ਭਈ ਗੁਰਦਾਸ ਜੀ ਕਥਨ ਕਰ ਗਏ ਹਨ:-

ਚੰਦ ਚਕੋਰ ਪ੍ਰੀਤ ਹੈ ਲਾਇਤਾਰ ਨਿਹਾਲੇ। ਚਕਵੀ ਸੂਰਜ ਹੇਤਹੈ ਮਿਲ ਹੋਣ ਸੁਖਾਲੇ। ਨੇਹੁ ਕਵਲ ਜਲ ਜਾਣੀਐ,ਖਿੜ ਮੁਖ ਵਿਖਾਲੇ। ਨਾਰ ਭਤਾਰ ਪਿਆਰ ਹੈ ਮਾ ਪੁਤ ਸੰਭਾਲੇ। ਮੋਰ ਬਬੀਹੇ ਬੋਲਦੇ ਦੇਖ ਬਦਲ ਕਾਲੇ। ਪੀਰਮੁਰੀਦਾ ਪਿਰਹੜੀ ਉਹ ਨਿਬਹੈ ਨਾਲੇ।

ਪੀਰ ਤੇ ਮੁਰੀਦ ਦੇ ਪਿਆਰ ਦੇ ਹੇਠਾਂ ਸਭਨਾਂ ਦੇ ਡੇਰੇ ਹਨ ਦੁਨੀਆਂ ਦੇ ਵਿਚ ਅਨੇਕਾਂ ਹੀ ਸਚੇ ਆਸ਼ਕਾਂ ਨੇ ਆਪਣੇ ਪਿਆਰਿਆਂ ਦਾ ਵਛੋੜਾ ਸਹਿ ਹੁੰਦਾ ਤਕਕੇ ਭਾਵੇਂ ਆਪਣੀਆਂ ਜਾਨਾਂ ਵਾਰ ਦਿਤੀਆਂ ਹਨ, ਪਰ ਉਹ ਗੁਰੂ ਅਤੇ ਚੇਲੇ ਦੇ ਪਿਆਰ ਵਾਲੇ ਰਿਸ਼ਤੇ ਦੇ ਮੁਕਾ-

Sri Satguru Jagjit Singh Ji Elibrary NamdhariElibrary@gmail.com

ਬਲੇ ਉਤੇ ਪਹਾੜ ਦੇ ਸਾਹਮਣੇ ਰਾਈ ਮਾਤ੍ ਭੀ ਨਹੀ ਹਨ।

ਵੇਖਣਾ ਇਸ ਗਲ ਨੂੰ ਹੈ ਕਿ ਇਹ ਪ੍ਰੀਤਮ ਵਿਛੋੜੇ ਦਾ ਅਕਹਿ ਤੇ ਅਸਹਿ ਦੁਖ ਕਿਵੇਂ ਦਰ ਹੋ ਸਕੇ 'ਮਨ ਅੰਤਰ ਕੀ ਪੀਰ' ਕਿਵੇਂ ਮਿਟ ਸਕੇ, ਦਾਤਾ ਜੀ ਦੇ ਚਰਨ ਕਿਵੇਂ ਪਰਸੇ ਜਾਣ, ਪਿਆਰੇ ਦੀ ਅੰਮ੍ਰਿਤ ਭਿਨੀ ਬਾਣੀ ਦਾ ਕਿਵੇਂਅਨੰਦਮਾਣਿਆਜਾਵੇ। ਬਸ ਇਸਦੁਖ ਨਵਿਰਤੀ ਦਾ ਇਲਾਜ ਸਚੇ ਵੈਦ ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ ਹੋਰਾਂ ਦੇ ਪਾਸ ਹੀ ਹੈ, ਉਨਾਂ ਤੋਂ ਬਿਨਾ ਇਹ ਕਲੇਸ਼ ਕਦੇ ਮਿਟ ਨਹੀਂ ਸਕਦਾ। ਹੁਣ ਸਾਨੂੰ ਸਤਿਗੁਰਾਂ ਦੇ ਚਰਨ ਕਵਲਾਂ ਵਿਚ ਸੀਸ ਰਖਕੇ ਐਉਂ ਅਰਦਾਸ ਕਰਨੀ ਚਾਹੀਦੀ ਹੈ ਕਿ ਐ ਦਾਤਾ ਜੀ, ਸਾਡੇ ਤੇ ਮਿਹਰ ਕਰ, ਤਰਸ ਕਰ ਤੇ ਸਾਨੂੰ ਹੁਣ ਉਸ ਆਪਣੇ ਸਿਰਤਾਜ ਲੁਕਾਏ ਹੋਏ ਚੋਜੀ ਦੇ ਦਰਸ਼ਨ ਕਰਵਾਦੇ। ਬਸ ਹੁਣ ਨ ਤੜਫਾ, ਹੁਣ ਹਦ ਹੋ ਗਈ ਹੈ ਏਡਾ ਲੰਮਾਂ ਵਿਛੋੜਾ ਝਲਿਆ ਨਹੀਂ ਜਾਂਦਾ। ਸਾਨੂੰ ਭੀ ਅਜ ਤੋਂ ਕਾਨ੍ ਦੀਆਂ ਗੋਪੀਆਂ ਬਣ ਜਾਣਾ ਚਾਹੀਦਾ ਹੈ, ਜਿਵੇਂ ਉਹ ਸ੍ਰੀ ਕ੍ਰਿਸ਼ਨ ਜੀ ਤੋਂ ਬਿਨਾ ਇਕ ਖਿਨ ਭਰ ਭੀ ਨਹੀਂ ਰਹਿ ਸਕਦੀਆਂ ਸਨ, ਤਿਵੇਂ ਸਾਨੂੰ ਭੀ ਪਿਆਰੇ ਦੀ ਜੁਦਾਈ ਦਾ ਇਕ ਇਕ ਸਕਿੰਟ ਸਦੀਆਂ ਦੇ ਬਰਾਬਰ ਜਾਨਣੇ ਚਾਹੀਦੇ ਹਨ। ਸਾਨੂੰ ਆਪਣੇ ਸੁਖ ਸੰਭੋਗ ਛਡਕੇ ਵਿਯੋਗਣਾ ਵਾਂਗ ਘਰੋਂਨਿਕਲ ਪੈਣਾ ਚਾਹੀਦਾਹੈ ਤੇ ਥਲ ਡੂਗਰ ਅਸਗਾਹ ਸਭ ਫੋਲ ਮਾਰਨੇ ਚਾਹੀਦੇ ਹਨ। ਸਤਿਗੁਰ ਪ੍ਰਤਾਪ ਸਿੰਘ ਜੀ ਮਹਾਰਾਜ ਦੀ ਆਗਿਆ ਨੂੰ ਪਾਲਣ ਕਰਨ ਲਈ, ਵਰਨੀਆਂ ਅਖੰਡ ਪਾਠ, ਅਤੇ ਮਾਲਾ ਆਦਿਕ ਦੇ ਨੇਮਾਂ ਉਤੇ ਡਟ ਜਾਣਾ ਚਾਹੀਦਾ ਹੈ। ਹਰ ਵੇਲੇ ਏਸੇ ਲਗਨ ਵਿਚ ਮਗਨ ਹੋ ਜਾਣਾ ਚਾਹੀਦਾ ਹੈ ਅਤ ਅਰਦਾਸਾਂ ਦੀ ਝੜੀ ਲਾਕੇ ਬੇਨਤੀ ਕਰਨੀ ਚਾਹੀਦੀ ਹੈ ਕਿ ਐ ਚੀਨੀ ਅਸਵਾਰ, ਐ ਕਲਿਜੁਗ ਵਿਚ ਸਤਿਜੁਗ ਦੀ ਝਾਕੀ ਵਿਖਾਉਣ ਵਾਲੇ ਪ੍ਰੀਤਮ "ਆਪਨੜੇ ਘਰ ਖੜੀ ਮੈਂ ਤਕਾਂ, ਮੈ ਮਨ ਚਾਉ ਘਨੇਰਾ। ਚਾਉ ਘਨੇਰਾ ਸੁਣ ਪ੍ਰਭ ਮੇਰਾ ਮੈਂ ਤੇਰਾ ਭਰਵਾਸਾ" ਹੁਣ ਅਸਾਂਅਨਾਥਾਂ ਤੇ ਮਿਹਰ ਕਰ ਤੇ ਆਪੇਂ ਆਕੇ ਸਾਡੇ ਗਰੀਬਾਂ ਦੇ ਟੁਟੇ ਹੋਏ ਮਨ ਮੰਦ੍ਰਾਂ ਵਿਚਚਰਨ ਛੁਹਾਕੇਪਵਿਤ੍ਰ ਤੇ ਸ਼ਾਂਤ ਕਰ।

ਫਿਰ ਕੀ ਹੋਵੇਗਾ ? ਉਹ ਅਰਸ਼ੀ ਦੇਵਤਾ ਤਰਸ ਕਰਸੀ ਜਰੂਰ ਕਰਸੀ। ਲਿਖਿਆ ਹੈ ਉਹ ਆਪਣੇ ਪਿਆਰਿਆਂ ਦੀ ਪ੍ਰੇਮ ਡੋਰ ਵਿਚ ਫਾਥਾ ਹੁੰਦਾ ਹੈ ਉਹ ਹਿਲ ਨਹੀਂ ਸਕਦਾ। ਜਦੋਂ ਅਸੀ ਆਪਨਾ ਜੀਵਨ ਹੀ ਚੀਨੀ ਵਾਲੇ ਦੇ ਅਰਪਨ ਕਰ ਦਿਆਂਗੇ ਤਾਂ ਇਹ ਕਦੇ ਨਹੀਂ ਹੋ ਸਕਦਾ ਕਿ ਦਾਤਾ ਜੀ ਸਾਨੂੰ ਵਿਸਾਰ ਦੇਣ। ਸਿਖ ਦੀ ਅਰਦਾਸ ਵਿਚ ਖਿਚ ਹੈ, ਉਹ ਇਸ ਖਿਚ ਦਾ ਬਧਾ ਹੋਇਆ, ਕਸ਼ਮੀਰ ਵਿਚ ਚੋਲਾ ਪਹਿਨਣ ਲਈ ਭਜ ਜਾਂਦਾ ਹੈ, ਉਹ ਮਹਾਂ ਸਿੰਘ ਦੀ ਟੁਟੀ ਗੰਢਣ ਲਈ ਰਣ ਭੂਮੀ ਵਿਚ ਦ੍ਰਸ਼ਨ ਜਾ ਦੇਂਦਾ ਹੈ ਉਹ ਜੋਗਾ ਸਿੰਘ ਲਈ ਪਹਿਰੇ ਦਾਰ ਬਣਕੇ ਜਾ ਖਲੋਂਦਾ ਹੈ, ਅਤੇ ਉਹ ਆਪਣੇ ਪਿਆਰੇ ਸਿਖ ਰਾਏ ਸਿੰਘ ਲਈ ਸੈਂਕੜੇ ਕੋਹਾਂ ਦਾ ਪੈਂਡਾ ਇਕ ਮਿੰਟ ਵਿਚ ਕਰਕੇ ਸ਼ੇਰ ਤੋਂ ਜਾ ਬਚਾਂਦਾ ਹੈ। ਇਹ ਕੀ ਹੈ ਜੀ ਸਭੋ ਪ੍ਰੇਮ ਨਜਾਰੇ ਨੇ, ਚੋਜੀ ਦੇ ਪਿਆਰ ਭਰੇ ਕਿਣਕੇ ਨੇ, ਇਹ ਟੈਲੀਫੋਨਾਂ ਤੋਂ ਲੰਘਕੇ ਅਰਸ਼ੀ ਤਾਰਾਂ ਨੇ ਜੋ ਸਿਖ ਅਤੇ ਗੁਰੂ ਵਿਚ ਹਰ ਵੇਲੇ ਖੜਕਦੀਆਂ ਰਹਿੰਦੀਆਂ ਨੇ।

ਪ੍ਰੀਤਮ ਜੀ ਸਾਡੀਆਂ ਬੇਨਤੀਆਂ ਸੁਣਨਗੇ

Sri Satguru Jagjit Singh Ji Elibrary NamdhariElibrary@gmail.com

ਅਤੇ ਜਰੂਰ ਆਉਣਗੇ-ਪਰ ਕਦੋਂ ਜਦੋਂ ਅਸੀਂ ਸਾਰੇ ਇਕਸ ਦੇ ਪੁਤ੍ ਬਣ ਜਾਵਾਂਗੇ ਇਸ ਤੁਕ ਉਤੇ ਅਮਲ ਕਰਨ ਲਗ ਪਵਾਂਗੇ 'ਏਕ ਪਿਤਾ ਏਕਸ ਕੇ ਹਮ ਬਾਰਕ ਤੂ ਤੇਰਾ ਗੁਰ ਹਾਈ' ਨਾਲੇ ਆਖਾਂਗੇਦਾਤਾ ਜੀ 'ਇਕ ਘੜੀ ਨ ਮਿਲਤੇ ਤਾ ਕਲਿਜੁਗ ਹੋਤਾ। ਹੁਣ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ। ਮੋਹਿ ਰੈਣਿ ਨ ਵਿਹਾਵੈ ਨੀਦ ਨ ਆਵੈ ਬਿਨੁ ਦਰ-ਸਨਸੰਤਪਿਆਰੇ ਜੀਉ। ਹਉਘੋਲੀ ਜੀਉਘੋਲਿ ਘੁਮਾਈ ਗੁਰ ਦਰਸਨ ਸੰਤ ਪਿਆਰੇ ਜੀਉ, ਫਿਰ ਸਾਡੀਆਂ ਇਨਾਂ ਅਮੋੜ ਤਾਰਾਂ ਦੇ ਪੁਜਨ ਉਤੇ ਕਿਉਂ ਨ ਸਤਿਗੁਰੂ ਜੀ ਸਾਨੂੰ ਦਰਸ਼ਨ ਦੇਣਗੇ।

ਪ੍ਰੇਮੀ ਜਨੋ ਲੋੜ ਕੇਵਲ ਪ੍ਰੇਮ ਡੋਰ ਦੀ ਹੈ, ਪ੍ਰੀਤਮ ਪ੍ਰੇਮ ਦੇ ਵਸ ਹੁੰਦਾ ਹੈ ਜੇ ਅਸੀ ਵਿਤ-ਕਰੇ ਹਟਾਕੇ ਪਿਆਰੇ ਲਈ ਪਿਆਰ ਦਾ ਜਾਲ ਵਿਛਾ ਦੇਈਏ ਤੇ ਉਹ ਆਪੇ ਵਿਚ ਆਕੇ ਫਸ ਜਾਵੇਗਾ ਬਸ ਫੇਰਕੀ ਮੌਜਾਂ ਬਹਾਰਾਂ ਅਨੰਦਹੀ ਅਨੰਦ ਹੋ ਜਾਵੇਗਾ ਦੁਨੀਆਂ ਦੇਰਾਜ ਦੁਨੀਆਂ ਦੇਭਾਗਦੁਨੀਆਂ ਦੇ ਤਾਜ ਸਾਡੇ ਅਗੇ ਪਿਛੇ ਪਏ ਰੁਲਨਗੇ ਤੇ ਅਸੀਂ ਆਖਾਂਗੇ ਕਿ ਐ ਪ੍ਰੀਤਮ ਰਾਜ ਨਾ ਚਾਹੌਂ ਮੁਕਤ ਨਾ ਚਾਹੌਂ ਮਨ ਪ੍ਰੀਤ ਚਰਨ ਕਮਲਾਰੇ' ਹੋਰ, "ਭਾਗੁ ਹੋਆ ਗੁਰ ਸੰਤੁ ਮਿਲਾਇਆ। ਪ੍ਰਭੁ ਅਬਿਨਾਸੀ ਘਰ ਮਹਿ ਪਾਇਆ। ਸੇਵ ਕਰੀ ਪਲੁ ਚਸਾ ਨ ਵਿਛੁੜਾ ਜਨ ਨਾਨਕ ਦਾਸ ਤੁਮਾਰੇ ਜੀਉ"

ਆਓ ਅਜ ਸਾਰੇ ਰਲਕੇ ਉਸ ਪਿਆਰੇ ਦੀ ਪਯਾਰੀ ਵਰੇ, ਗੰਢ ਦਿਲੋਂ ਇਕ ਹੋਕੇ ਮਨਾਈਏ, ਅਕਾਲੀ, ਨਿਰਮਲੇ, ਨਾਮਧਾਰੀ, ਉਦਾਸੀ, ਸੁਥਰੇ ਸ਼ਾਹੀਏ, ਅੰਡਣ ਸ਼ਾਹੀਏ ਆਦਿਕ ਸਾਰੇ ਨਾਨਕ ਪੰਥੀ ਸੰਪ੍ਰਦਾਵਾਂ ਵਾਲੇ ਭੇਦ ਉਡਾਕੇ ਘਟ ਘਟ ਵਿਚ ਪ੍ਰੀਤਮ ਵਸਦਾ ਤਕੀਏ। ਜਿਵੇਂ ਬਸੰਤ ਦੀ ਰੁਤ ਆਪਣੇ ਦੈਵੀ ਗੁਣਾਂ ਨਾਲ ਭਰਪੂਰ ਹੋਕੇ ਸੰਸਾਰ ਨੂੰ ਮਹਿਕ ਤੇ ਖੁਸ਼ੀਆਂ ਵੰਡ ਵੰਡ ਕੇ ਆਪਣੇ ਪ੍ਰੀਤਮ ਦਾ ਜਨਮ ਦਿਨ ਮਨਾ ਰਹੀ ਹੈ ਅਸੀਂ ਭੀ ਇਸ ਦਾ ਇਸ ਖੁਸ਼ੀ ਵਿਚ ਹਥ ਵਟਾਈਏ ਬਸੰਤ ਰਾਣੀ ਦਾ ਇਹ ਸੁਨੇਹਾ ਸੁਣੀਏ ਜਿਸ ਨੂੰ ਸੁਣਕੇ ਤ੍ਰਿਲੋਕੀ ਦੀ ਜੀਵ ਹੀ ਨਿਰੇਪੁਰੇ ਨਹੀ ਬਲਕਿ ਸਾਰੀ ਬਨਾਸਪਤੀ, ਨਦੀ ਨਾਲੇ, ਪਸ਼ੂ ਪੰਛੀ, ਆਦਿਕ ਤਾਲੀਆਂ ਬਜਾ ਰਹੇ ਅਤੇ ਖਸ਼ੀ ਭਰੇ ਗੀਤ ਗਾ ਰਹੇ ਹਨ ਅਤੇ ਚੀਨੀ ਵਾਲੇ ਸਤਿਗੁਰੂ ਨੂੰ ਮੁੜ ਪ੍ਰੇਮ ਡੋਰ ਵਿਚ ਫੰਨਣ ਦੀ ਕੋਸ਼ਸ਼ ਕਰ ਰਹੇ ਹਨ, ਅਸੀਂ ਭੀ ਆਪਣੇ ਦਾਰ ਨੂੰ ਮਿਟਾਓਣ ਲਈ ਬਾਕੀਆਂ ਦੇ ਸਾਥੀ ਬਣੀਏ ਸਾਡਾ ਫਰਜ ਹੈ ਕਿ ਰੁਸੇ ਹੋਏ ਪ੍ਰੀਤਮ ਨੂੰ ਘਰੀਂ ਲਿਆਕੇ ਬੁਢੇ ਵਾਰੇ ਸੇਵਾ ਕਰੀਏ ਉਸਦੀਆਂ ਖੁਸ਼ੀਆਂ ਪ੍ਰਾਪਤਕਰਕੇਚਨਕਵਲਾਂ ਦੇ ਭੌਰੇ ਬਣ ਜਾਈਏ। ਅਤੇ ਅਜ ਰਲਕੇ ਇਉਂ ਗਾਂਵੀਏ।

o—o—o

ਚੀਨੀ ਵਾਲੇ ਸਤਿਗੁਰ ਮੇਰੇ ਕਦੇ ਤਾਂ ਦਰਸ ਦਿਖਾਇਆ ਕਰ।
ਰਾਹ ਉਡੀਕਾਂ ਹਰਦਮ ਤੇਰਾ, ਮੈਨੂੰ ਨਾਂ ਤਰਸਾਇਆ ਕਰ।
ਬਾਗ਼ ਬਹਾਰ ਹਮੇਸ਼ਾਂ ਆਵੇ, ਰਾਗ ਬਸੰਤੀ ਛਿੜਦੇ ਨੇ।
ਫੁੱਲ ਗੁਲਾਬੀ, ਲਾਲ ਕੇਸਰੀ, ਚਿਟੇ ਪੀਲੇ ਖਿੜਦੇ ਨੇ।
ਨਰਗਸ ਦੇਆਂ ਨੈਣਾਂ ਅੰਦਰ, ਜਾਦੂ ਅਪਣਾ ਪਾਇਆ ਕਰ।
ਭੈਣੀ ਵਾਲੇ ਪ੍ਰੀਤਮ ਜੀਉ, ਕਦੇ ਤਾਂ ਗਲੇ ਲਗਾਇਆ ਕਰ।

Sri Satguru Jagjit Singh Ji Elibrary NamdhariElibrary@gmail.com

ਮੋਰ ਬਬੀਹੇ ਥਾਂ ਥਾਂ ਬੋਲਣ, ਕੋਇਲਾਂ ਕੂ ਕੂ ਲਾਈ ਏ।
ਬੁਲ ਬੁਲ ਨਖਰੇ ਕਰ ਕਰ ਹਸੇ ਭੌਰਾਂ ਗੂੰਜ ਗੂੰਜਾਈ ਏ।
ਪ੍ਰੇਮ ਦੀ ਭਿੰਨੀ ਬਾਣੀ ਆਕੇ, ਮਾਹੀਆ ਕਦੇ ਸੁਣਾਇਆ ਕਰ।
ਏਰਮਾਂ ਦੇ ਛਡ ਜੰਗਲ ਤਾਈਂ ਸਾਡਾ ਮਨ ਪਰਚਾਇਆ ਕਰ।
ਵਾਂਗ ਗੋਪੀਆਂ ਤੜਪ ਅਸਾਡੀ, ਸੱਸੀ ਵਾਂਗਰ ਲੁਛਦੇ ਹਾਂ।
ਖਾਣ ਪੀਣ ਨ ਸੁਝੇ ਸਾਨੂੰ, ਰਾਹ ਤੁਸਾਡਾ ਪੁਛਦੇ ਹਾਂ।
ਹੋਸਾ ਛਡ ਮਿਹਰ ਕਰ ਦਾਤਾ, ਜਿੰਦੜੀ ਨਾਂ ਤੜਫਾਇਆ ਕਰ।
ਸਿਕ ਅਸਾਡੀ ਪੂਰੀ ਕਰਕੇ ਠੰਢ ਕਲੇਜੇ ਪਾਇਆ ਕਰ।
ਆਜਾ ਦਾਤਾ ਜੀ ਹੁਣ ਆਜਾ, ਤਾਂਘ "ਮੁਸਾਫਰ" ਲਾਈ ਏ।
ਸਾਥੋਂ ਝੱਲੀ ਜਾਵੇ ਨਾ ਹੁਣ, ਤੇਰੀ ਪੀਆ ਜੁਦਾਈ ਏ।
ਮਨ ਮੰਦਰ ਵਿਚ ਬਹਿਕੇ ਪ੍ਰੀਤਮ, ਰਬੀ ਤਾਰ ਹਿਲਾਇਆ ਕਰ।
ਸੇਜ ਨੈਣਾਂ ਦੀ ਅਸਾਂ ਵਿਛਾਈ, ਛਡ ਨ ਕਿਧਰੇ ਜਾਇਆ ਕਰ।

ਚੀਨੀ ਵਾਲੇ ਦਾ ਆਨ ਅਵਤਾਰ ਹੋਇਆ

ਅਜ ਪਰਭਾਤ ਨੂੰ ਉਠ ਇਸ਼ਨਾਨ ਕਰਕੇ,
ਜੋ ਮੈਂ ਸੈਰ ਨੂੰ ਖੇਤਾਂ ਵਲ ਪਾਰ ਹੋਇਆ !
ਚਾਦਰ ਕੇਸਰੀ ਵਿਛੀ ਸੀ ਪੈਲੀਆਂ ਤੇ,
ਜਿਉਂ ਸ਼ਿੰਗਾਰ ਹੈ ਕਿਸੇ ਦਰਬਾਰ ਹੋਇਆ !
ਚਿੜੀਆਂ ਬੋਲੀਆਂ ਬੋਲ ਖੁਸ਼ ਹੁੰਦੀਆ ਸਨ,
ਪੁਛਿਆ ਕੀ ਅਜ ਵਿਚ ਸੰਸਾਰ ਹੋਇਆ !
ਆਖਨ ਅਜ ਬਸੰਤ ਦੀ ਪੰਚਮੀ ਨੂੰ,
ਚੀਨੀ ਵਾਲੇ ਦਾ ਆਨ ਅਵਤਾਰ ਹੋਇਆ !
ਕੋਇਲ ਟੀਸੀ ਤੇ ਬੈਠ ਕੁਝ ਗਾ ਰਹੀ ਸੀ,
ਸੋਹਣੇ ਫੁਲਾਂ ਦਾ ਸੀ ਗਲੇ ਹਾਰ ਹੋਇਆ !
ਖਿੜੇ ਰੰਗ ਬਰੰਗ ਦੇ ਫੁਲ ਸੋਹਣੇ,
ਅਤੇ ਜਗ ਸਾਰਾ ਸੀ ਗੁਲਜ਼ਾਰ ਹੋਇਆ !
ਕੂ ਕੂ ਬੋਲਦੀ ਤੇ ਇਹ ਆਖਦੀ ਸੀ:
ਪੈਦਾ ਅਜ ਸ਼ਹੀਦਾਂ ਸਰਦਾਰ ਹੋਇਆ !

Sri Satguru Jagjit Singh Ji Elibrary NamdhariElibrary@gmail.com

ਇਕ ਨਵੇ ਅਵਤਾਰ ਦੀ ਲੋੜ

ਏ ਹੜ੍ਹਾ ਨਵਾਂਧਟਮ ਨਾ ਚਲਾਵੇ,ਸਗੋਂ ਦੱਲੇ ਹੋਏ ਧਰਮਾਂ ਦੀ ਮੈਲਲ੍ਹਾਵੇ।

(ਵਲੋਂ ਸ੍ਰੀਮਾਨ ਪ੍ਰੋਫੈਸਰ ਈਰ ਸਿਘ ਜੀ ਗਿਆਨੀ ਅੰਮ. ਏ. ਪਸਰੂਰ)

ਹੇ ਅਵਤਾਰਾਂ ਦੀ ਧਰਤੀ ਭਾਰਤ ਵਰਸ਼ ! ਤੇਰੀ ਮਿਟੀ ਅਵਤਾਰਾਂ ਦੀ ਜਿਨਸ ਪੈਦਾ ਕਟਨ ਵਿਚ ਵੜੀ ਉਪਜਾਊ ਹੈ । ਵਿਸ਼ਨੂੰ ਭਗਵਾਨ ਦੀ ਕਿਤਨੀਂ ਮਿਹਰ ਹੈ ਕਿ ਦੁਨੀਆਂ ਦੇ ਸਭ ਦੇਸ਼ਾਂ ਨਾਲੋਂ ਤੈਨੂੰ ਬਹੁਤਾ ਵਧ ਚੜ੍ਹਕੇ ਨਿਵਾਜਿਆ ਹੈ । ਸਰਗੁਣ ਸਰੂਪ ਵਿਚ ਆਕੇ ਸਭ ਨਾਲੋਂ ਬਹੁਤਾ ਤੈਨੂੰ ਹੀ ਉਸਨੇ ਪਵਿਤ੍ਰ ਕੀਤਾ ਹੈ । ਪਰ ਬਾਵਜੂਦ ਇਸ ਰੱਲ ਦੇ ਅਜੇ ਤਕ ਤੂੰ ਸਭਨਾਂ ਨਾਲੋਂ ਬਹੁਤੀ ਅਪਵਿਤਰ ਹੈਂ। ਮਨੁਖਮਾਤ੍ਰ ਦੇ ਪਿਆਰ ਦੇ ਡੰਕੇ ਤੇਰੀ ਗੋਦ ਵਿਚ ਬਹੁਤੇ ਵੱਜੇ, ਪਰ ਤੇਰੀ ਗੋਦ ਵਿਚ ਹੀ ਅਜੇ ਤਕ ਮਨੁਖ ਮਾਤ੍ਰ ਲਈ ਘਿਰਣਾਂ ਸਭ ਮੁਲਕਾਂ ਤੇ ਕੌਮਾਂ ਨਾਲੋਂ ਬਹੁਤੀ ਮੌਜੂਦ ਹੈ। ਇਕ ਦੂਜਾਂ ਜ਼ਾਤ ਦਾ ਭਰਾ ਹੋਰ ਜ਼ਾਤ ਵਾਲੇ ਨਾਲ ਪਿਆਟ, ਪ੍ਰੇਮ ਤੇ ਭਾਈ ਵਾਲੀ ਪਾਕੇ ਮਨੁਖ ਮਾਤ੍ਰ ਦੀ ਸਾਂਝ ਦਾ ਸਬੂਤ ਤਾਂ ਕਿਥੋਂ ਦੇਂਦਾ ਹੈ,ਸਗੋਂ ਉਸ ਦਾ ਸਿਰਤੋੜ ਅਤੇ ਆਖਰੀ ਜਤਨ ਇਹ ਰਹਿੰਦਾ ਹੈ ਕਿ ਉਹ ਈਰਖਾ ਧਾਰਮਕ ਨਫਰਤ ਅਤੇ ਦੁਪਟਿਆਰ ਦੇ ਭਾਵਾਂ ਨੂੰ ਜਗਾਕੇ ਇਕ ਕੌਮ ਨੂੰ ਦੂਜੀ ਕੌਮ ਦੀ ਮਾਰੂ ਦੁਸ਼ਮਣ ਬਣਾਕੇ ਸਾਹ ਲਵੇ। ਭਗਵਾਨ ਦਾ ਇਹ ਅਣੋਖਾ ਸਵਕ ਸਾਨੂੰ ਹੀ ਲਭਾ ਹੈ, ਪਰ ਕੀ ਅਸੀਂ ਹੀ ਬਹੁਤਾ ਦੁਖੀ ਨਹੀ ?

ਹੇ ਹਰ ਇਕ ਮਨੁਖ ਵਿਚ ਇਕੋ ਰੱਬੀ ਜੋਤ ਦਾ ਗਿਆਨ ਰਖਣ ਵਾਲਿਆਂ ਦੀ ਮਾਂ ਭਾਰਤ ਵਰਸ਼ ! ਅਹਿਬ੍ਰਹਮ ਅਸਵੀਂ,ਤਤ੍ਵਸਮੀ, ਸੋਹੇ, ਤੇ ਅਨਲਹੱਕ ਦੀਆਂ ਕੂਕਾਂ ਜਿਤਨੀਆਂ ਤੇਰੀ ਗੋਦੀ ਵਿਚ ਮਾਰੀਆਂ ਗਈਆਂ ਤੇ ਮਾਰੀਆਂ ਜਾ ਰਹੀਆਂ ਹਨ, ਉਤਨੇ ਹੀ ਤੇਰੇ ਵਾਸੀ ਉਸ 'ਜਾਗਤ ਜੋਤ' ਤੋਂ ਦੂਰ ਜਾ ਰਹੇ ਹਨ । ਆਸਤਕਤਾ ਦੇ ਪੁਜਾਰੀ ਅੰਦਰੋਂ ਨਾਸਤਕਤਾ ਨੂੰ ਭੀ ਟਪ ਗਏ ਹਨ । ਹਰ ਇਕ ਮਨੁਖ ਮਾਤਰ ਵਿਚ ਇਕੋ ਅਲਾਹੀ ਨੂਰ ਜਾਣਦਾ ਹੋਇਆ ਮੁਸਲਮਾਨ ਭਰਾ, ਦੂਸਰਿਆਂ ਨੂੰ ਕਾਫਿਰ ਸਮਝਕੇ ਗਲ ਵਿਚ ਛੁਰੀ ਫੇਰਨੋ ਸੰਕੋਚ ਨਹੀਂ ਕਰਦਾ । 'ਅਹਿੰਸਾ ਪਰਮੁ' ਧਰਮੁ ਰਟਣ ਵਾਲਾ ਹਿੰਦੂ ਅੱਜ ਲੰਗਰ ਲੰਗੋਟੇ ਕਸਕੇ ਭਰਾਵਾਂ ਨਾਲ ਖਹਿ ਮਰਨ ਨੂੰ ਤਿਆਰ ਹੈ । 'ਦੇਹੁਰਾ ਮਸੀਤ ਸੋਈ' ਦੀ ਸਿਖਿਆ ਦੇਣ ਵਾਲੇ ਗੁਰੂ ਦਾ ਸਿਖ, ਅੱਜ ਸਭ ਤੋਂ ਜ਼ਿਆਦਾ ਤੰਗ ਦਿਲ ਦਿਖਾਈ ਦੇ ਰਿਹਾ ਹੈ ।

ਉਚੇ ਤੇ ਸੁਚੇ ਆਚਰਣ ਵਾਲੇ ਭਾਰਤ ਵਰਸ਼ੀਆਂ ਦੁਆਰਾ ਸਤਿਜੁਗੀ ਵਾਯੂ ਮੰਡਲ ਦੀ ਬਹਾਰ ਦੇਖ ਚੁਕੀ ਭਾਰਤ ਮਾਤਾ ! ਅਜ ਤੇਰੇ ਬਚੇ ਕਲਜੁਗ ਦਾ ਸ਼ਿਕਾਰ ਹੋਕੇ ਝੂਠ ਵਿਚ ਲਿਪਟ ਰਹੇ ਹਨ । ਤੇਰੀ ਬੁਕਲ ਵਿਚ ਪਲਿਆ ਹੋਇਆ ਇਕ ਆਮ ਗਿਆਨੀ ਹੋਰਨਾਂ ਦੇਸ਼ਾਂ ਦੇ ਅਗਿਆਨੀਆਂ ਨਾਲੋਂ ਭੀ ਆਚਰਣ ਵਿਚ ਥੱਲੇ ਡਿਗਾ ਹੋਇਆ ਹੈ । ਤੇਰੀ ਮਿਟੀ ਤੋਂ ਉਪਜਕੇ ਆਪਣੇ ਆਪ ਨੂੰ ਵਡਾ ਧਰਮੀ ਅਖਵਾਣ ਵਾਲਾ ਹੋਰਨਾਂ ਦੇਸਾਂ ਦੇ ਅਧਰਮੀਆਂ

Sri Satguru Jagjit Singh Ji Elibrary NamdhariElibrary@gmail.com

ਜਿਤਨਾਂ ਭੀ ਚਾਲ ਚਲਣ ਨਹੀਂ ਰਖਦਾ। ਵਿਹਾਰ ਵਿਚ ਤੇਰੇ ਵਿਹਾਰੀ ਪੈਰ ੨ ਤੇ ਝੂਠ ਮਾਰ ਰਹੇ ਹਨ। ਪਰਮੇਸ਼ਰ ਦੇ ਰਾਹ ਟੁਰਨ ਵਾਲੇ ਨਾਮ ਅਭਿਆਸੀ, ਆਪਣੇ ਆਪੇ ਨੂੰ ਮਾਰ ਕੇ, ਹਉਮੈ ਨੂੰ ਕੱਢ ਕੇ ਨਾਮ ਨਿਵਾਸ ਕਰਨ ਦੀ ਥਾਂ,ਖੁਦੀ ਵਿਚ ਸਗੋਂ ਬਹੁਤੇ ਰਾਰਕ ਹਨ ਤੇ 'ਮਨ ਹੋਰ ਤੇ ਮੁਖ ਹੋਰ' ਦੇ ਅਪ੍ਰਾਧੀ ਬਣ ਰਹੇ ਹਨ।

ਸੋਨੇ ਦੀ ਚਿੜੀ ਅਖਵਾਣ ਵਾਲੇ ਹਿੰਦੁਸਤਾਨ! ਅਜ ਤੇਰੇ ਗਰੀਬ ਵਸਨੀਕਾਂ ਨੂੰ ਅਠੀਂ ਪਹਿਰੀਂ ਖਾਣ ਨੂੰ ਦੋ ਗੁਲੀਆਂ ਨਹੀਂ ਲਭਦੀਆਂ ਬਾਵਜੂਦ ਇਤਨੀ ਗਰੀਬੀ,ਲਾਚਾਰੀ ਤੇ ਥੁੜੋਂ ਦੇ ਤੇਰੇ ਵਾਸੀ ਰਲਕੇ ਗਰੀਬੀ ਨੂੰ ਦੂਰ ਕਰਨ ਦਾ, ਮਿਲ ਕੇ ਉੱਨਤ ਹੋਣ ਦਾ ਕੋਈ ਢੰਗ ਨਹੀਂ ਸੋਚ ਰਹੇ। ਕੋਈ ਬਾਨ੍ਹ ਨਹੀਂ ਬੰਨ੍ਹ ਰਹੇ। ਅਸਲੀ ਧਰਮ ਨੂੰ ਛੱਡ ਕੇ ਧਰਮ ਦੇ ਭਰਮ ਵਿਚ ਪੈ ਗਏ ਹਨ। ਇਸੇ ਲਈ ਇਕ ਦੂਜੇ ਦੇ ਵੈਰੀ ਹੋਕੇ ਆਪਣੇ ਵੈਰੀ ਦੇ ਹਥ ਤਕੜੇ ਕਰ ਰਹੇ ਹਨ।

ਇਨ੍ਹਾਂ ਹਾਲਾਤ ਨੂੰ ਵਿਚਾਰਕੇ ਲੋੜ ਪ੍ਰਤੀਤ ਹੋ ਰਹੀ ਹੈ ਅਜੇਹੇ ਧਰਮੀ ਦੀ, ਜੋੜ੍ਹਾ ਇਸ ਧਰਮ ਦੇ ਭਰਮ ਵਿਚੋਂ ਕੱਢੇ। ਕਲਜੁਗ ਵਿਚ ਸਤਿਜੁਗ ਵਰਤਾਵੇ। ਕਿਸੇ ਅਜੇਹੇ ਅਵਤਾਰ ਦੀ ਲੋੜ ਹੈ ਜੋ ਬਾਬੇ ਨਾਨਕ ਵਾਂਗਰ ਸਾਂਝਾ ਹੋਵੇ, ਜੋਹੜਾ ਸ੍ਰੀ ਗੁਰੂ ਗੋਬਿੰਦ ਸਿੰਘ ਵਾਂਗ ਦੇਹੁਰਾ ਤੇ ਮਸੀਤ ਨੂੰ ਵਖੋ ਵਖ ਰਖਾਕੇ ਵੱਖ ਪਣਾ ਹਟਾ ਦੇਵੇ। ਮੁਸਲਮਾਨਾਂ ਨੂੰ ਸੱਚੇ ਮੁਸਲਮਾਨ ਬਣਾਵੇ। ਮਿਹਰ ਮਸੀਤ, ਸਿਦਕ ਮੁਸੱਲਾ, ਹਕ ਹਲਾਲ ਆਦਿ ਦਾ ਉਪਦੇਸ਼ ਦੇਵੇ। ਹਿੰਦੂਆਂ ਨੂੰ ਸਚੇ ਹਿੰਦੂ ਏਣਨ ਲਈ ਪੇਰੇ। ਜੀਵ ਪੁਆਵੇ ਪਰ ਨਾਲ ਹੀ ਦਇਆ, ਸੰਤੋਖ ਤੇ ਸੱਤ, ਦੇ ਸ਼ੁਭ ਗੁਣ ਵੀ ਧਾਰਨ ਕਰਵਾਵੇ।

ਉਹ ਅਵਤਾਰ ਕਿਥੋਂ ਆਵੇ? ਜਾਂ ਤਾਂ ਰੱਬ ਹੀ ਬਹੁੜੇ ਨਹੀਂ ਤਾਂ ਸਤਿਗੁਰੂ ਮਿਹਰ ਕਰੇ ਤਾਂ ਹਰ ਇਕ ਸਿਖ ਇਸ ਡਿਉਟੀ ਨੂੰ ਨਿਭਾ ਸਕਦਾ ਹੈ। ਹਰ ਇਕ ਸੱਚਾ ਨਾਮਧਾਰੀ ਇਸ ਜੋਗ ਹੋ ਸਕਦਾ ਹੈ। ਐਸ ਵੇਲੇ ਲੋੜ ਹੈ ਕਿ ਸਚ ਮੁਸਲਮਾਨ, ਸੱਚੇ ਹਿੰਦੂ ਤੇ ਸਚੇ ਸਿਖ ਤੇ ਈਸਾਈ ਜਥੇ ਬੰਦ ਹੋ ਜਾਣ। ਇਕ ਦੂਜੇ ਦਾ ਗਲ ਵੱਢਣ ਦੀ ਸਿਖਿਆ ਦੇਣ ਵਾਲੇ ਧਰਮ ਤੋਂ ਭਾਰਤ ਦੀ ਮੁਕਤੀ ਕਰਵਾਣ। ਹੰਭਲਾ ਮਾਰਨ ਦੀ ਲੋੜ ਹੈ। ਵੇਖੋ ਜੇ ਕਰਤੇ ਨੂੰ ਮਨਜ਼ੂਰ ਹੋਇਆ ਤਾਂ ਕੀ ਵਡੀ ਗੱਲ ਹੈ। ਅੱਜ ਬਸੰਤ ਦੇ ਦਿਹਾੜੇ ਹੀ ਕੋਈ ਰੂਹ ਜਾਗ ਪਵੇ ਤੇ ਸੱਚੇ ਧਰਮ, ਨਹੀ ਸੱਚੀ ਸਿੱਖੀ ਦੀ ਰੌ ਮੁੜ ਚਲ ਪਵੇ!

--੪੦੪--

ਹੋਊਗਾ ਦਰਸ ਕਦ ਚੀਨੀ ਵਾਲੇ ਕੰਤ ਦਾ

(ਵਲੋਂ ਭਾਈ ਪੂਰਨ ਸਿੰਘ ਜੀ "ਰਾਹੀ.. ਕਲਕਤਾ)

ਪੀਰ ਤੇ ਫਕੀਰ ਸਾਰੇ ਦੇਵਤੇ ਮਨਾਇ ਥਕੀ,
ਚੁਰਮਾਂ ਭੀ ਵੰਡ ਦਿਤਾ ਵੀਰ ਹਨਵੰਤ ਦਾ।
ਜੋਹੜੀ ਆਸ ਉੜੇ ਅਜ ਫੁੱਲ ੨ ਬੈਠਦੀ ਸੀ,
ਉਹ ਭੀ ਬੀਤ ਗਿਆ ਸੋਹਣਾਂ ਦਿਵਸ ਬਸੰਤਦਾ।
ਰਾਤ ਦਿਨ ਸਦਾ ਹੀ ਪਿਆਰੇਦੀ ਉਡੀਕ ਵਿਚ,
ਲੱਖ ਲੱਖ ਸ਼ੁਕਰ ਮਨਾਵਾਂ ਭਗਵੰਤ ਦਾ।
ਦੇਵਾਂ ਧਨ ਮਾਲ "ਰਾਏ" ਦਸ ਆਨਜੁਮ ਆਂਵੇ
ਹੋਊਗਾ ਦਰਸ ਕਦੋਂ ਚੀਨੀ ਵਾਲੇ ਕੰਤ ਦਾ

ਬਸੰਤ ਪੰਚਮੀ ਦੀ ਖੁਸ਼ੀ ਵਿੱਚ "ਸਤਿਜੁਗ" ਦੇ ਪੰਜ ਪੰਜ ਹੋਰ ਗਾਹਕਜ਼ਰੂਰ ਬਣਾਓ!

Sri Satguru Jagjit Singh Ji Elibrary NamdhariElibrary@gmail.com

ਧੰਨ ! ਸਤਿਗੁਰੂ ਰਾਮ ਸਿੰਘ ਜੀ !

(ਵਲੋਂ ਬਾਬੂ ਹਜ਼ਾਰਾ ਸਿੰਘ ਜੀ "ਸੰਧੂ" ਕਲਕਤਾ)

ਕਲਕੱਤਾ ਸ਼ਹਿਰ ਦਰਿਆ ਗੰਗਾ ਦੀ ਸ਼ਾਖ ਹੁਗਲੀ ਤੇ ਵਿਦਮਾਨ ਹੈ। ਸ਼ਹਿਰ ਦੀ ਵਸੋਂ ਬਿਲਕੁਲ ਸੰਘਨੀ ਨਹੀਂ, ਸਗੋਂ ਵਿਚ ਅਨੇਕਾਂ ਖੁਲੀਆਂ ਸੈਰਗਾਹਾਂ ਹਨ। ਸ਼ਾਮ ਦੇ ਵੇਲੇ ਬਹੁਤੇ ਲੋਕ ਸ਼ਹਿਰ ਦੇ ਵਡੇ ਮੈਦਾਨ ਅਤੇ ਦਰਿਆ ਕਿਨਾਰੇ ਦੀ ਸੈਰ ਨੂੰ ਜਾਂਦੇ ਹਨ। ਮੇਰਾ ਦਿਲ ਕਈਆਂ ਚਿਰਾਂ ਤੋਂ ਉਦਾਸ ਜਿਹਾ ਰਹਿੰਦਾ ਸੀ ਅਤੇ ਮੈਂ ਭੀ ਕਦੇ ੨ ਦਿਲ ਖੁਸ਼ ਕਰਨ ਲਈ ਮੈਦਾਨ ਅਤੇ ਦਰਿਆ ਕਿਨਾਰੇ ਸੈਰ ਨੂੰ ਚਲਿਆ ਜਾਂਦਾ ਸਾਂ। ਅਜ ਫੇਰ ਦਿਲ ਬਹੁਤ ਹੀ ਉਦਾਸ ਸੀ, ਇਸ ਵਾਸਤੇ ਦਰਿਆ ਕਿਨਾਰੇ ਦਾ ਰਸਤਾ ਫੜਿਆ। ਸ਼ਾਮ ਦਾ ਵੇਲਾ ਹੈ, ਠੰਡੀ ਪੌਣ ਹਰ ਇਕ ਪ੍ਰਾਣੀ ਦੇ ਦਿਲ ਨੂੰ ਖੁਸ਼ ਕਰ ਰਹੀ ਹੈ। ਅਮੀਰ ਲੋਗ ਮੋਟਰਾਂ ਅਤੇ ਬਘੀਆਂ ਵਿਚ ਸੈਰ ਕਰ ਰਹੇ ਤੇ ਕਿਧਰੇ ਆਜ਼ਾਦ ਲੋਕ ਬਾਹਾਂ ਵਿਚ ਬਾਹਾਂ ਪਾਈ, ਮੌਜਾਂ ਲੈ ਰਹੇ ਹਨ। ਪਰੰਤੂ ਕਈ ਮੇਰੇ ਵਰਗੇ ਗਰੀਬ ਫੁਟਾਂ ਤੇ ਚਲ ਰਹੇ ਤੇ ਆਪ ਤੋਂ ਵਡਿਆਂ ਅਮੀਰਾਂ ਨੂੰ ਤਕਕੇ ਦਿਲ ਵਿਚ ਹਾਹੁਕੇ ਲੈਂਦੇ ਹਨ। ਗਲ ਕੀ ਸ਼ਾਮ ਵੇਲੇ ਦਾ ਏਹ ਨਜ਼ਾਰਾ ਦੇਖਕੇ ਦਿਲ ਬੜਾ ਖੁਸ਼ ਹੁੰਦਾ ਹੈ। ਪਰ ਮੇਰੇ ਦਿਲ ਦੀ ਉਦਾਸੀ ਵਿਚ ਜਰਾ ਭੀ ਫਰਕ ਨਹੀਂ ਪਿਆ। ਲਖ ਯਤਨ ਕੀਤੇ ਕਿ ਦਿਲ ਖੁਸ਼ ਹੋਵੇ, ਪਰੰਤੂ ਨਿਸਫਲ! ਕਈ ਵੇਰਾਂ ਦਿਲ ਵਿਚ ਖਿਆਲ ਔਂਦਾ ਸੀ ਕਿ ਗ਼ੀਬੀ ਦੇ ਕਾਰਨ ਦਿਲ ਉਦਾਸ ਰਹਿੰਦਾ ਹੈ, ਪਰ ਕਈ ਅਮੀਰ ਸਜਨਾਂ ਨਾਲ ਗੱਲ ਬਾਤ ਕਰਨ ਤੇ ਪਤਾ ਲਗਾ ਕਿ ਉਹ ਭੀ ਬੜੇ ਦੁਖੀ ਹਨ, ਤਾਂ ਦਿਲ ਵਿਚ ਹੋਰ ਬੇ ਚੈਨੀ ਵਧੀ ਤੇ ਪ੍ਰਤੀਤ ਹੋਇਆ ਕਿ ਗਰੀਬ ਤੇ ਅਮੀਰ ਦੋਵੇਂ ਦੁਖੀ ਹਨ ਫਿਰ ਸੁਖੀ ਕੌਣ ਹੈ ? ਏਸੇ ਗਲ ਨੂੰ ਸੋਚਦਾ ਸੋਚਦਾ ਮੈਂ ਘਰ ਪੁਜਾ। ਵੇਲਾ ਬੜਾ ਹੋ ਚੁਕਾ ਸੀ। ਪ੍ਰਸ਼ਾਦ ਪਾਣੀ ਛਕਿਆ ਤੇ ਕੀਰਤਨ ਸੋਹਿਲਾ ਪੜ੍ਹਕੇ; ਏਸੇ ਸੋਚ ਵਿਚ ਹੀ ਸੌਂ ਗਿਆ। ਸੁਫਨੇ ਵਿਚ ਕੀ ਵੇਖਦਾ ਹਾਂ ਕਿ ਇਕ ਬ੍ਰਿਧ ਬਾਬਾ ਜਿਸ ਦੇ ਸਫੈਦ ਬਸਤਰ ਸਿਧੀ,ਦਸਤਾਰ ਤੇ ਚਿਟਾ ਦੁਧ ਲੰਮਾ ਦਾੜ੍ਹਾ ਅਤੇ ਚਿਟੇ ਆਸਨ ਤੇ ਚੌਂਕੜਾ ਅਤੇ ਹਥ ਵਿਚ ਸਫੈਦ ਉਨ ਦੀ ਮੋਟੇ ਮਣਕਿਆਂ ਵਾਲੀ ਮਾਲ੍ਹਾ। ਨੇਤਰ ਬੰਦ ਹਨ, ਤੇ ਸ੍ਰੀ ਸਤਿਗੁਰੂ ਜੀ ਦੇ ਭਜਨ ਵਿਚ ਲਿਵਲੀਨ ਹੋ। ਮੈਂ ਦਰਸ਼ਨ ਕਰਦਿਆਂ ਹੀ ਚਰਨਾਂ ਤੇ ਸਿਰ ਰਖ ਕੇ ਮਥਾ ਟੇਕਿਆ ਅਤੇ ਹਥ ਜੋੜਕੇ ਬੇਨਤੀ ਕੀਤੀ ਕਿ ਹੇ ਦੀਨ ਦਿਆਲ ਜੀ ! ਬੜੇ ਚਿਰਾਂ ਤੋਂ ਮੇਰੇ ਦਿਲ ਦੀ ਉਦਾਸੀ ਦੂਰ ਨਹੀਂ ਹੁੰਦੀ। ਲੋਕੀ ਕਹਿੰਦੇ ਹਨ ਕਿ ਰੁਪਏ ਪੈਸਿਆਂ ਨਾਲ ਦਿਲ ਖੁਸ਼ ਹੁੰਦਾ ਹੈ। ਜਿਸ ਦੇ ਪਾਸ ਦੌਲਤ ਹੈ, ਉਸ ਪਾਸ ਸਭ ਕੁਝ ਹੈ। ਕਈਆਂ ਦਾ ਖਿਆਲ ਹੈ ਕਿ ਜੋ ਦਿਲ ਚਾਹੇ ਉਹੋ ਕੰਮ ਕਰਦੇ ਜਾਓ, ਤਾਂ ਖੁਸ਼ੀ ਹਾਸਲ ਹੋਵੇਗੀ। ਮੈਂ ਸਾਰੇ ਹੀ ਕੰਮ ਕਰਕੇ ਵੇਖ ਚੁਕਾ ਹਾਂ, ਪਰ ਖੁਸ਼ੀ ਦੀ ਕਦੇ ਭੀ ਝਲਕ ਨਹੀਂ ਦੇਖੀ। ਹਰ ਵੇਲੇ ਉਦਾਸੀ ਦਾ ਹੀ ਰਾਜ ਰਿਹਾ, ਸੋ ਹੇ ਕ੍ਰਿਪਾਲੂ ਜੀ ਕੋਈ ਉਹ

Sri Satguru Jagjit Singh Ji Elibrary NamdhariElibrary@gmail.com

ਉਹ ਰਸਤਾ ਦਸੋ, ਜਿਸ ਨਾਲ ਮੇਰੇ ਦਿਲ ਵਿਚ ਹਰ ਵੇਲੇ ਖੁਸ਼ੀ ਹੀ ਰਹੇ।

ਸ੍ਰੀ ਬਾਬਾ ਜੀ ਨੇ ਫਰਮਾਇਆ "ਬਚੂ ਖੁਸ਼ੀ ਇਹਨਾਂ ਗਲਾਂ ਵਿਚ ਨਹੀਂ ਜੋ ਹੜੀਆਂ ਤੂੰ ਦਸੀਆਂ ਹਨ। ਖੁਸ਼ੀ ਦਾ ਰਸਤਾ ਹੋਰ ਹੀ ਹੈ। ਦੁਨੀਆਂ ਦੇ ਲਖ ਪਦਾਰਥ ਇਕਠੇ ਕੀਤਿਆਂ ਭੀ ਨਾ ਦਿਲ ਭਰਦਾ ਹੈ, ਤੇ ਨਾ ਖੁਸ਼ੀ ਹੁੰਦੀ ਹੈ,ਸਗੋਂ ਹਉਮੈ ਵਧਦੀ ਜਾਂਦੀ ਹੈ।

ਲੈ ਸੁਣ ਸ੍ਰੀ ਭਾਈ ਗੁਰਦਾਸ ਜੀ ਕੀ ਫੁਰਮਾਂਦੇ ਹਨ—"

ਅਖੀਂ ਵੇਖ ਰਜੀਆਂ ਬਹੁ ਰੰਗ ਤਮਾਸੇ।
ਸਾਦੀਂ ਜੀਭ ਰਜਈ ਕਰ ਭੋਗ ਬਿਲਾਸੇ।
ਉਸਤਤਿਨਿੰਦਾ ਕਰਨਸੁਣ ਰੋਵਣਤੇ ਹਾਸੇ।
ਨਕ ਨ ਰਜਾ, ਵਾਸਲੈ ਦੁਰਗੰਧ ਸਵਾਸੇ।
ਰਜ ਨ ਕੋਇ ਜੀਵਆ ਕੂੜੇ ਭਰਵਾਸੇ।
(ਪਰ) ਪੀਰ ਮੁਰਾਦਾਂ ਪਿਰਹੜੀ ਸਚੀਰਹਿਰਾ।

ਗੁਰਮੁਖਾ ਹੋਰ ਸੁਣ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਫੁਰਮਾਂਦੇ ਹਠ:—

ਜੇਕੋ ਚਾਰ ਪਦਾਰਥ ਮਾਂਗੈ।
ਸਾਧ ਜਨਾਂ ਕੀ ਸੇਵਾ ਲਾਗੈ।
ਜੇਕੋ ਅਪਨਾ ਦੂਖ ਮਿਟਾਵੈ।
ਹਰਿ ਹਰਿ ਨਾਮੁ ਰਿਦੈ ਸਦਗਾਵੈ।

ਗੁਰਮੁਖਾ ਤੂੰ ਤਾਂ ਦੁਨੀਆਂ ਦੇ ਝੂਠੇ ਧੰਧਿਆਂ ਵਿਚ ਫਸਕੇ ਦਿਲ ਨੂੰਖੁਸ਼ ਰਖਨਾਚਾਹੁੰਦਾ ਹੈਂ— ਪਰ ਯਾਦ ਰਖ ਇੰਨਾਂ ਸਿਮਰਨ ਤੋਂ ਸਚੀ ਖੁਸ਼ੀ ਕਦੇ ਨਹੀਂ ਮਿਲ ਸਕਦੀ, ਏਸ ਦੇਹੀ ਨੂੰ ਤਾਂ ਕਾਵਾਂ ਕੁਤਿਆਂ ਨਹੀਂ ਖਾਣਾ ਜੋ ਕੁਛ ਭੀ ਇਸਦਾ ਭਲਾ ਹੋ ਸਕਦਾ ਹੈ, ਕਰ ਲੈ। ਦੇਖ ਸਤਿਗੁਰੂ ਜੀ ਦਾ ਵਾਕ ਹੈ "ਭਈ ਪਰਾਪਤਿ ਮਾਨੁਖ ਦੇਹੁਰੀਆ ਗੋਬਿੰਦੁ ਮਿਲਣ ਕੀਇਹਤੇਰੀਬਰੀਆ। ਅਵਰਕਾਜਤੇਰੈ ਕਿਤੇ ਨ ਕਾਮ। ਮਿਲ ਸਾਧ ਸੰਗਤ ਭਜਕੇਵਲ ਨਾਮ।"

ਜੇਕਰ ਤੂੰ ਸਚੀ ਖੁਸ਼ੀ ਚਾਹੁੰਦਾ ਹੈ,ਤਾਂ ਅਜ ਤੋਂ ਪੂਣ ਕਰ ਲੈ ਕਿ ਮੈਂ ਸਿਮਰਨ ਕਰਨਾ ਸ਼ੁਰੂ ਕਰ ਦਿਆਂਗਾ, ਬਿਨਾ ਸਿਮਰਨ ਤੇਰੀ ਕਦੇ ਕਲਿਆਣ ਨਹੀ ਹੋ ਸਕਦੀ।ਹਾਂ ਸਚ ਇਕ ਗਲ ਹੋਰ ਸੁਣ! ਕੀ ਤੈਨੂੰ ਪਤਾ ਹੈ ਕਿ ਅਜ ਬਸੰਤ ਪੰਚਮੀ ਦਾ ਦਿਨ ਹੈ ਅਤੇ ਅਜ ਦੇ ਸਭਾਗੇ ਦਿਹਾੜੇ ਹੀ ਦੀਨ ਦੁਨੀ ਦੇ ਵਾਲੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਮਹਾਰਾਜ ਨੇ ਅਵਤਾਰ ਧਾਰਿਆ ਸੀ। ਸ੍ਰੀ ਕਲਗੀਧਰ ਜੀ ਦੇ ਪਿਛੋਂ ਅਤੇ ਸਿਖ ਰਾਜ ਦੇ ਅੰਤ ਸਮੇ ਜੇਕਰ ਕੋਈ ਸਿਖਾਂ ਦਾ ਸਚਾ ਆਗੂ ਸੀ ਤਾਂ ਉਹ ਆਪ ਹੀ ਸਨ। ਆਪ ਨੇ ਹੀ ਓਸ ਸਮੇਂ ਸਿਖੀ ਨੂੰ ਲਗ ਰਹੀ ਢਾਹ ਤੋਂ ਬਚਾਇਆ ਸੀ, ਪਰ ਹਾਇ ਅਫਸੋਸ! ਸਿਖਾਂ ਨੇ ਆਪ ਜੀ ਦੀ ਕੋਈ ਕਦਰ ਨ ਕੀਤੀ। ਆਪ ਜੀ ਦੇ ਦਿਲ ਵਿਚ ਨਾ ਸਿਰਫ ਸਚੀ ਸਿਖੀ ਦੀ ਲਗਨ ਅਤੇ ਸਿਖਾਂ ਨੂੰ ਕੁਰਾਹੇ ਜਾ ਰਿਹਾਂ ਨੂੰ ਰਾਹੇ ਪੌਣ ਦਾ ਖਿਆਲ ਹੀ ਸੀ, ਸਗੋਂ ਭਾਰਤ ਦੀਆਂ ਗੁਲਾਮੀ ਦੀਆਂ ਜੰਜੀਰਾਂ ਕਟਨ ਦਾ ਭੀ ਬੜਾ ਚਾਉ ਸੀ ਤੇ ਜਿਸਦਾ ਸਬੂਤ ਓਹਨਾ ਦੇ ਪੂਰਨ ਬਾਈਕਾਟ ਤੋਂ ਮਿਲਦਾ ਹੈ। ਖੱਦਰ—ਖੰਡ ਅਤੇ ਹੋਰ ਸਰਕਾਰੀ ਚੀਜਾਂ ਤਾਂ ਇਕ ਪਾਸੇ ਰਹੀਆਂ ਉਹਨਾਂ ਨੇ ਸਰਕਾਰੀ ਡਾਕ ਦਾ ਬਾਈਕਾਟ ਕੀਤਾ ਹੋਯਾ ਸੀ। ਬੀਬਾ ਵੇਲੇ ਦੀ ਹਕੂਮਤ ਉਨ੍ਹਾਂ ਦੀ ਚੜ੍ਹਦੀ ਕਲਾ ਦੇਖਕੇ ਸਹਾਰ ਨ ਸਕੀ ਅਤੇ ਨਾ ਸਿਰਫ ਉਹਨਾਂ ਦੇ ਸੇਵਕਾਂ ਨੂੰ ਹੀ ਮਲੇਰ ਕੋਟਲੇ ਤੋਪਾਂ ਸਾਹਮਣੇ ਉਡਾ ਦਿਤਾ। ਸਗੋਂ ਉਨ੍ਹਾਂ ਨੂੰ ਦੇਸੋ ! ਬਾਹਰ ਨਜ਼ਰਬੰਦ ਕਰ ਦਿਤਾ, ਉਸ ਵੇਲੇ ਦੇ ਹੋਰ ਸਿਖ ਆਗੂਆਂ ਵਿਚ ਏਹ ਹਿੰਮਤ ਕਿਥੇ ਸੀ, ਕਿ ਉਨ੍ਹਾਂ ਦੀ ਹਮੈਤ ਵਿਚ ਇਕ ਲਫਜ਼ ਤਕ ਭੀ ਬੋਲਦੇ ਕਿਉ ਕਿ ਉਹ ਤਾਂ ਉਸ ਵੇਲੇ ਹਜ਼ੂਰ ਮਾਈ ਬਾਪ ਜੀ...ਨੂੰ

Sri Satguru Jagjit Singh Ji Elibrary NamdhariElibrary@gmail.com

ਸਮਝੀ ਬੈਠੇ ਸਨ। ਜੇਕਰ ਸਿਖ ਸੁਸੈਟੀਆਂ ਅਤੇ ਰਿਆਸਤਾਂ ਦੇ ਸਿਖ ਮਹਾਰਾਜਿਆਂ ਦਾ ਜ਼ਰਾ ਭੀ ਏਸ ਪਾਸੇ ਖਿਆਲ ਹੁੰਦਾ ਤਾਂ ਕਾਵਨ ਵਰਗਿਆਂ ਦੀ ਕੀ ਮਜਾਲ ਸੀ. ਕਿ ਬੇਗੁਨਾਹੇ ਅਤੇ ਨਿਹਥੇ ਸਿਖਾਂ ਦੇ ਤੋਪਾਂ ਨਾਲ ਤੁੰਬੇ ਉਡਾ ਦੇਂਦਾ। ਪਿਆਰਿਆ ਉਸ ਵੇਲੇ ਦੇ ਸਿਖ ਭੀ ਤੇਰੇ ਵਾਂਗੂ ਝੂਠੀ ਖੁਸ਼ੀ ਦੀ ਭਾਲ ਵਿਚ ਸਨ। ਜੇਕਰ ਡੂੰਘੀ ਵਿਚਾਰ ਨਾਲ ਸੋਚਿਆ ਜਾਵੇ ਤਾਂ ੧੯੧੪–੧੫ ਦੇ ਦੇਸ਼ ਭਗਤ ਸ਼ਹੀਦਾਂ ਵਾਂਗੂ ਮਲੇਰ ਕੋਟਲੇ ਦੇ ਸ਼ਹੀਦਾਂ ਦੇ ਖੂਨ ਦੇ ਜ਼ੁਮੇਵਾਰ ਭੀ ਉਸ ਵੇਲੇ ਦੇ ਢਿਲੜ ਆਗੂ ਸਨ। ਏਥੇ ਹੀ ਬਸ ਨਹੀਂ ੧੯੨੦ ਤੋਂ ਅਜ ਤਕ ਦੀ ਸਾਰੀ ਸਿਖ ਹਿਸਟਰੀ ਵਲ ਨਿਗ੍ਹਾ ਮਾਰ ਤੇ ਸੋਚ ਕਿ ਏਹਨਾਂ ਢਿਲੜ ਆਗੂਆਂ ਨੇ ਸਿਖ ਕੌਮ ਦੀ ਕਿਤਨੀ ਕੁ ਸ਼ਾਨ ਵਧਾਈ ਹੈ ਯਾਦ ਰਖ ਕਿ ਸਿਮਰਨ ਤੋਂ ਬਿਨਾਂ–ਸਚਾ ਆਗੂ ਕਦੇ ਨਹੀਂ ਹੋ ਸਕਦਾ ! ਸੋ ਅਜ ਤੋ ਪ੍ਰਣ ਕਰ ਲੈ ਕਿ ਅਗੇ ਵਾਸਤੇ ਹਮੇਸ਼ਾ ਸਤਿਗੁਰੂ ਰਾਮ ਸਿੰਘ ਜੀ ਦੇ ਪੂਰਨਿਆਂ ਤੇ ਚਲਨ ਦੀ ਕੋਸ਼ਸ਼ ਕਰੇਂਗਾ ਅਤੇ ਗਾਜਕੇ ਆਖ-ਧੰਨ ਸਤਿਗੁਰੂ ਰਾਮ ਸਿੰਘ ਜੀ ! ਮੇਰੇ ਗਜ ਕੇ ਧੰਨ ਸਤਿਗੁਰੂ ਰਾਮ ਸਿੰਘ ਜੀ ਕਹਿਣ ਤੋਂ ਪਿਛੋਂ ਮੇਰੀ ਅਖ ਖੁੱਲ੍ਹ ਗਈ, ਅਤੇ ਧੰਨ ੨ ਕਰਦਾ ਅਨਾਸ਼ਨ ਪਾਣੀ ਕਰਕੇ ਸਿਮਰਨ ਵਿਚ ਲਗ ਗਿਆ।

—੦—੦—

ਸੀ ਸਤਿਗਰ ਰਾਮ ਸਿੰਘ ਆਪ ਆਇਆ

(ਵਲੋਂ ਸੰਤ ਧਾਰਾ ਸਿੰਘ ਜੀ ਜਥੇਦਾਰ ਜਮਸ਼ੇਰ ਵਡਾ ਜ਼ਿਲਾ ਲਾਹੌਰ)

ਜੈਸਾ ਸੁਣੀਦਾ ਸੀ ਤੈਸਾ ਗੁਰੂ ਮਿਲਿਆ, ਜੋਗ ਜੁਗਤ ਤੇ ਮੁਕਤ ਅਖਤਿਆਰ ਵਾਲਾ।
ਰਾਖਾ ਗਊ ਗਰੀਬ ਨਿਮਾਣਿਆਂ ਦਾ, ਸਾਂਝਾ ਸਭ ਦਾ ਮੋਹ ਪਿਆਰ ਵਾਲਾ।
ਰਬੀ ਨੂਰ ਸੋਹਣਾ ਜਾਮਾ ਪਹਿਰ ਆਇਆ, ਸਿਖੀ ਸਿਦਕ ਦੇ ਵਣਜ ਵਪਾਰ ਵਾਲਾ।
ਟਿਕਟ ਨਾਮ ਦੀ ਦੇ ਮੁਸਾਫਰਾਂ ਨੂੰ, ਗਲ ਮਾਲਾ ਤੇ ਸਿਧੀ ਦਸਤਾਰ ਵਾਲਾ।

ਏਤੇ ਪਾਪੀਆਂ ਦੇ ਬੰਨੇ ਲਾਵਣੇ ਨੂੰ ਆਪ ਬਣ ਗਿਆ ਪਾਰ ਉਤਾਰ ਵਾਲਾ।
ਦਾਤਾ ਨਾਮ ਦਾ ਅਤੇ ਕੁਰਬਾਨੀਆਂ ਦਾ ਭੁਖੇ ਨੰਗੇ ਯਤੀਮਾਂ ਦੀ ਸਾਰ ਵਾਲਾ।
ਗੁਝੇ ਦਿਲਾਂ ਦੇ ਭੇਦ ਨੂੰ ਬੁਝ ਲੈਂਦਾ, ਸਚੇ ਮੁਖ ਦੇ ਕੌਲ ਇਕਰਾਰ ਵਾਲਾ।
ਸ੍ਰੀ ਸਤਿਗੁਰੂ ਰਾਮ ਸਿੰਘ ਆਪ ਆਇਆ, ਰਾਮ ਨਾਮ ਦੇ ਖੁਲ੍ਹੇ ਭੰਡਾਰ ਵਾਲਾ।

ਸੂਰਜ ਵਾਂਗ ਨੇ ਪਰ ਉਪਕਾਰ ਕਿਰਨਾ ਚੰਦ ਵਾਂਗ ਸੀਤਲ ਸਤਿਗੁਰ ਨਾਮ ਤੇਰਾ।
ਤੇਰੀ ਮਹਿਮਾਂ ਏਅੰਤ ਨਾ ਅੰਤ ਆਵੇ, ਜਸ ਕਰਾਂ ਕੀਹ ਨਾਲ ਜ਼ਬਾਨ ਤੇਰਾ।

Sri Satguru Jagjit Singh Ji Elibrary NamdhariElibrary@gmail.com

ਸਤਿਗੁਰੂ ਜਗਜੀਤ ਸਿੰਘ ਪੁਸਤਕਾਲਾ
ਪੁਸਤਕ ਨੰ.:.....
ਅਲਮਾਰੀ .....
ਸ੍ਰੀ ਭੈਣੀ ਸਾਹਿਬ

ਸਾਦਗੀ ਦਾ ਪਿਆਰ ਸਤਿਗੁਰੂ

(ਵਲੋਂ ਪੰਡਤ ਮਨਸਾ ਸਿੰਘ ਜੀ ''ਕੋਮੀ'' ਅਧਿਆਪਕ ਵਿਦਿਆਲਾ ਸ੍ਰੀ ਭੈਣੀ ਸਾਹਿਬ)

ਵਰਤਮਾਨ ਸਮੇਂ ਵਿਚ ਹਰੇਕ ਪ੍ਰਾਣੀ-ਮਾਤ੍ਰ ਦਾ ਕਿਸੇ ਨ ਕਿਸ ਤ੍ਰੀਕੇ ਸਮਾਜ-ਸੁਧਾਰ ਵਲ ਖਿਆਲ ਹੈ। ਆਪੋ ਆਪਣੀਆਂ ਸੁਣੀਆਂ ਦੇ ਨੇਤਾ ਰਾਤ ਦਿਨ ਏਸ ਧੁਨੇ ਵਿਚ ਲਗੇ ਹੋਏ ਹਨ, ਕਿ ਛੇਤੀ ਤੋਂ ਛੇਤੀ ਸਮਾਜ-ਸੁਧਾਰ ਹੋ ਸਕੇ। ਕਿਉਂਕਿ ਜਿਤਨਾ ਚਿਰ ਸਾਡਾ ਸਮਾਜ ਸੁਧਾਰ ਸਥਿਤ ਨਹੀਂ, ਉਤਨਾ ਚਿਰ ਸਾਡੀ ਕਿਸੇ ਵੀ ਸਕੀਮ ਦੇ ਪ੍ਰੋਗ੍ਰਾਮ ਵਿਚ ਕਾਮਯਾਬੀ ਨਹੀਂ ਹੋ ਸਕਦੀ। ਅਜ ਜੇਹੜੀ ਵੀ ਕੌਮ ਤ੍ਰੱਕੀ ਦੇ ਸਿਰ ਪਰ ਹੈ, ਓਹ ਸਿਰਫ ਆਪਣੇ ਸਮਾਜ ਸੁਧਾਰ ਦੀ ਤਾਕਤ ਕਰਕੇ ਹੈ। ਅਜ ਸਾਨੂੰ ਸਭ ਤੋਂ ਪਹਿਲੇ ਸਮਾਜ- ਸੁਧਾਰ ਤੇ ਸਾਦਗੀ ਦੀ ਲੋੜ ਹੈ ਕਿਉਂਕਿ ਸਾਦਗੀ ਤੋਂ ਕੁੱਲੇ ਲੋਕਾਂ ਨੇ ਦੂਸਰਿਆਂ ਦੀਆਂ ਨਕਲਾਂ ਲਾਈਆਂ, ਅਜ ਕਲ ਦੇ ਨਵੇਂ ਫੈਸ਼ਨਾਂ ਦੇ ਹੜ੍ਹ ਵਿਚ ਹੜ੍ਹੇ, ਪਰ ਨਵੇਂ ਫੈਸ਼ਨਾਂ ਦਾ ਅੰਤ ਨਾ ਆਇਆ, ਕਿਉਂਕਿ ਜਿਥੇ ਬਦੇਸ਼ੀ ਫੈਸ਼ਨ ਦੀ ਅੱਜ ਅਸੀਂ ਨਕਲ ਕਰਦੇ ਹਾਂ, ਕੱਲ ਓਹ ਦੂਸਰੇ ਰੂਪ ਵਿਚ ਬਦਲ ਜਾਂਦਾ ਹੈ ਤੇ ਜਿਸ ਕਰਕੇ ਸਾਡਾ ਸਾਰਾ ਜਤਨ ਅਧੂਰਾ ਹੀ ਰਹਿੰਦਾ ਹੈ। ਇਸ ਭੈੜੀ ਰੀਸ ਵੱਲ ਟੁਰਕੇ ਅਸੀਂ ਆਪਣਾ ਸਭ ਕੁਝ ਗਵਾਇਆ ।; ਪਰ ਪੂਰੀਆਂ ਫੇਰ ਵੀ ਨਾ ਪਈਆਂ ।

ਅਜ ਤੋਂ ਪਿਛੋਂ ਜੋ ਵੀ ਦੁਨੀਆਂ ਵਿਚ ਕੌਮਾਂ ਉਠੀਆਂ, ਚੜ੍ਹਦੀਆਂ ਕਲਾ ਵਿਚ ਗੂੰਜੀਆਂ, ਅਤੇ ਦੂਸਰੀਆਂ ਕੌਮਾਂ ਪਰ ਫਤਹ ਪਾਈ। ਇਹ ਕਿਸ ਦੇ ਸਿਰ ਪਰ ? ਇਹ ਆਪਣੀ ਸੱਭਯਤਾ ਤੇ ਸਮਾਜ-ਸੁਧਾਰ ਦੇ ਸਿਤ ਪਰ। ਕਿਉਂਕਿ ਜਿਸ ਕੌਮ ਦਾ ਆਪਣਾ ਖਾਣ-ਪਹਿਰਾਣ ਆਪਣੇ ਸਭਯਤਾ ਦੇ ਅਸੂਲ ਪਰ ਨਹੀਂ, ਓਹ ਜ਼ਿੰਦਾ ਨਹੀਂ ਰਹਿ ਸਕਦੀ ਅਤੇ ਨਾਹੀ ਕਿਸੇ ਹੋਰ ਕੌਮ ਪਰ ਆਪਣਾ ਪ੍ਰਭਾਵ ਪਾ ਸਕਦੀ ਹੈ। ਅਸੀਂ ਪੂਰਬੀ ਲੋਕ ਦਿਨ ਬਦਿਨ ਆਪਣੇ ਪਵਿਤ੍ਰ ਅਸੂਲਾਂ ਨੂੰ ਛੱਡਕੇ, ਪੱਛਮੀ ਅਸੂਲਾਂ ਪਰ ਟੁਰਨ ਦਾ ਸਿਰੋਂ ਪਰੇ ਹੋਕੇ ਯਤਨ ਕਰਦੇ ਹਾਂ। ਅਜ ਅਸੀਂ ਪੱਛਮੀ ਚਿੱਟੀਆਂ ਚਮੜੀਆਂ ਨਾਲ ਮਿਲ ਬੈਠਕੇ ਖਾਣ ਨੂੰ ਗੌਰਵਤਾ ਸਮਝਦੇ ਹਾਂ। ਗ਼ੈਰ ਮੁਲਕਾਂ ਵਿਚ ਜਾਕੇ ਚਿਟੀ ਚਮੜੀ ਵਾਲਿਆਂ ਨਾਲ ਬੈਠਕੇ ਖਾਣ-ਪੀਣਦੀ ਫ਼ਰਕ ਨਹੀਂ ਰਖਦੇ। ਸਾਡੀ ਇਹੋ ਕਮਜ਼ੋਰੀ ਸਾਨੂੰ ਅਧੋਗਤੀ ਦੇ ਭਾਗੀ ਬਨਾ ਰਹੀ ਹੈ। ਸਾਡਾ ਅਸਲੀ ਕੋਈ ਪੱਕਾ ਪਵਿਤ੍ਰ ਅਸੂਲ ਨਹੀਂ ਰਿਹਾ, ਜਿਸ ਕਰਕੇ ਸਮੇਂ ਦੀ ਹਕੂਸਤ ਸਾਡਾ ਕੋਈ ਸਤਿਕਾਰ ਕਰਨ ਵਿਚ ਧਿਆਨ ਨਹੀਂ ਰਖਦੀ। ਜੇਕਰ ਅਸੀਂ ਆਪਣੇ ਅਸੂਲਾਂ ਪਰ ਪਕੇ ਰਹੀਏ ਤਦ ਸਾਡਾ ਦਿਨ ਦੂਣਾ ਤੇ ਰਾਤ ਚੌਗੁਣਾ ਤੇਜ ਕਾਇਮ ਰਹਿ ਸਕਦਾ ਹੈ।

ਸਾਡੀ ਅਖ਼ਲਾਕੀ ਤੇ ਭਾਈ ਚਾਰਕ ਅਵਸਥਾ ਤਾਂ ਏਨੀ ਥੱਲੇ ਚਲੀ ਗਈ, ਕਿ ਸ਼ਾਇਦ ਹੀ ਦੁਨੀਆਂ ਦਾ ਕੋਈ ਦੇਸ਼ ਏਡੀ ਭੈੜੀ ਹਾਲਤ ਵਿਚ ਹੋਵੇ। ਝੂਠ ਹਰ ਥਾਂ ਪ੍ਰਧਾਨ ਹੈ, ਰਿਸ਼ਵਤ ਦਾ ਜ਼ੋਰ ਹੈ, ਧੋਹ ਤੇ ਦਗ਼ੇ ਦੀਆਂ ਕਾਂਗਾਂ ਚੜ੍ਹਦੀਆਂਕਲਾ ਵਿਚ ਹਨ,ਬਿਵਹਾਰ ਬੜਾ ਤੰਗ ਹੋ

Sri Satguru Jagjit Singh Ji Elibrary NamdhariElibrary@gmail.com

ਰਹਾਉ; ਧਰਮਅਰਥ ਸਥਾਨ ਦੰਭ, ਫਰੇਬ ਤੇ ਵਿਭਚਾਰ ਦੇ ਕੇਂਦਰ ਬਣੇ ਹੋਏ ਹਨ, ਕਿਸੇ ਸਚੇ ਤੇ ਸ਼ੁਧ ਆਦਮੀ ਲਈ ਆਪਣਾ ਜੀਵਨ ਬਤੀਤ ਕਰਨਾ ਬੈਠਨਹੀ ਨਹੀਂ, ਬਲਕਿ ਅਸੰਭਵ ਬਣ ਰਿਹਾ ਹੈ। ਸੁਖ ਦਾ ਜੀਵਨ ਕਿਤੇ ਨਜ਼ਰ ਨਹੀਂ ਆਂਦਾ, ਹਕੂਮਤ ਦੇ ਅੱਡਿਆਂ ਪਰ ਜਾਓ, ਧਰਮ--ਅਸਥਾਨ ਜਾਓ, ਸ਼ਹਿਰ ਤੇ ਪਿੰਡਾਂ ਵਿਚ ਜਾਓ, ਸਾਰੇ ਅਨ੍ਹੇਰ—ਗਰਦੀ ਮਚੀ ਹੋਈ ਹੈ। ਹਿੰਦੁਸਤਾਨ ਵਿਚ ਬਦੇਸ਼ੀ ਸਭਜਤਾ ਦੀ ਚੜ੍ਹਦੀ ਆ ਰਹੀ ਕਾਂਗ ਨੇ ਭਾਰਤ ਦੁਨੀਆਂ ਦਾ ਏੜਾ ਰਾਹਕ ਕੀਤਾ ਹੈ, ਭਾਰਤ—ਵਰਸ਼ ਦੀ ਰੂਹਾਨੀ ਉਚਾਈ ਨੂੰ ਧੱਕਾ ਵੱਜਣ ਦਾ ਡਰ ਹੈ। ਹਿੰਦੀਆਂ ਦਾ ਧਾਰਮਿਕ ਤੇ ਭਾਈ ਚਾਰਕ ਜੀਵਨ ਬੜਾ ਖ਼ਤਰਨਾਕ ਹੋ ਰਿਹਾ ਹੈ।

ਏਹੋ ਹੀ ਕਾਰਨ ਸੀ ਕਿ੧੦—੧੫ ਸਾਲ ਪਹਿਲੇ ਭਵਿਖਤ ਸਮੇ ਨੂੰ ਅਨੁਭਵ ਕਰਕੇ **ਸ੍ਰੀ ਸਤਿਗੁਰੂ ਰਾਮ ਸਿੰਘ ਜੀ** ਨੇ ਸਮਾਜ-ਸੁਧਾਰ ਦਾ ਸੋਹਣਾ ਪ੍ਰੋਗ੍ਰਾਮ ਦੁਨੀਆਂ ਅਗੇ ਰਖਿਆ, ਕਿਉਂਕਿ ਆਪ ਨੂੰ ਏਹ ਪਤਾ ਸੀ ਕਿ ਪਛਮੀ ਸਭਜਤਾ ਦੀ ਇਕ ਐਸੀ ਲਹਿਰ ਚਲਣੀ ਹੈ, ਜਿਸ ਦੇ ਹੜ੍ਹ ਅਗੋਂ ਹਿੰਦੁਸਤਾਨੀ ਲੋਕਾਂ ਦਾ ਬਚਣਾ ਮੁਸ਼ਕਲ ਹੋਵੇਗਾ। ਆਪ ਨੇ ਆਮ ਜਨਤਾ ਨੂੰ ਪ੍ਰੇਮ ਤੇ ਹਿਤ ਭਰੇ ਸ਼ਬਦਾਂ ਵਿਚ ਆਖਿਆ ਕਿ ਐ ! ਭਾਰਤ—ਭੂਮੀ ਦੇ ਪੈਦਾ ਕੀਤੇ ਹੋਏ ਮੇਰੇ ਪਯਾਰੇ ਹਿੰਦੀਓ ! ਤੁਸੀ ਸਾਦਗੀ ਧਾਰਨ ਕਰੋ, ਸਾਦਗੀ ਧਾਰਨ ਵਿਚ ਹੀ ਮਾਨੁਖ ਜ਼ਿੰਦਗੀ ਸੌਖੀ ਗੁਜ਼ਰ ਸਕਦੀ ਹੈ। ਇਸੇ ਕਰਕੇ ਆਪ ਨੇ ਬਦੇਸ਼ੀ ਦੀ ਹਰਇਕ ਚੀਜ਼ ਦਾ ਤਿਆਗ ਦੁਨੀਆਂ ਅਗੇ ਰਖਿਆ। ਆਪ ਏਹ ਨਹੀਂ ਸੀ ਚਾਹੁੰਦੇ ਕਿ ਮੇਰਾ ਗ਼ਰੀਬ ਮੁਲਕ ਆਪਣੀ ਲਹੂ ਪਸੀਨਾ ਇਕ ਕਰਕੇ ਕੀਤੀ ਹੋਈ ਕਮਾਈ ਦੂਸਰੇ ਮੁਲਕਾਂ ਨੂੰ ਭੇਜੇ। ਆਪ ਦੀ ਏਹ ਤੀਬ੍ਰ ਇਛਾ ਸੀ ਕਿ ਭਾਰਤ—ਵਰਸ਼ ਦੇ ਗ਼ਰੀਬ ਕਿਰਤੀ ਲੋਕ ਰਜਕੇ ਰੋਟੀ ਖਾਣ ਤੇ ਆਪਣੀਆਂ ਭੁਜਾਂ ਵਿਚ ਤਾਕਤ ਕਾਇਮ ਕਰਕੇ ਆਪਣੀ ਭਾਰਤ ਮਾਤਾ ਨੂੰ ਆਜ਼ਾਦ ਕਰੌਣ ਵਿਚ ਸਮਰਥ ਹੋਣ।

ਆਪ ਨੇ ਸਾਡੀਆਂ ਫ਼ਜ਼ੂਲ ਖ਼ਰਚੀਆਂ ਨੂੰ ਘਟੌਨ ਤੇ ਏੜਾ ਜ਼ੋਰ ਦਿਤਾ, ਜਿਥੇ ਸਾਡਾ ਲੜਕੀ--ਲੜਕੇ ਦੇ ਵਿਵਾਹ—ਕਾਰਜ ਵਿਚ ਕਾਫੀ ਖਰਚ ਹੁੰਦਾ ਸੀ, ਓਥੇ ਆਪ ਨੇ ਜੋੜ ਮੇਲਿਆਂ ਵਿਚ ਹੀ ਅਨੰਦ ਕਾਰਜ ਕਰਨ ਨੂੰ ਪਸੰਦ ਕੀਤਾ। ਵਰੀ, ਦਾਜ ਅਤੇ ਜ਼ੇਵਰ ਆਦਿਕ ਦੀ ਰਸਮ ਆਪ ਨੇ ਉਕੀ ਹੀ ਬੰਦ ਕਰ ਦਿਤੀ। ਸਰੀਰ ਦਾ ਨੰਗ ਕੱਜਣ ਵਾਸਤੇ ਘਰ ਦੇ ਬਣੇ ਹੋਏ ਖਦਰ ਦੇ ਲੀੜੇ ਪਹਿਨਣ ਦਾ ਹੁਕਮ ਦਿਤਾ, ਓਹ ਵੀ ਚੂੜੀ ਦਾਰ ਸੁੱਥਣ, ਕਲੀਆਂ ਵਾਲਾ ਸਾਦਾ ਕੁੜਤਾ। ਆਪ ਸਾਦੇ ਕਪੜੇ ਪਹਿਨਣ ਵਾਲੇ ਨਾਲ ਬੜਾ ਪਿਆਰ ਕਰਦੇ ਸੀ ਕਿਉਂਕਿ ਉਸ ਨੂੰ ਭਾਰਤ-ਵਰਸ਼ ਦਾ ਹਿਤੈਸ਼ੀ ਸਮਝਦੇ ਸੀ। ਸਾਡੇ ਮੰਦ ਭਾਗਾਂ ਨੇ ਓਸ ਵੇਲੇ ਇਸ ਪਵਿਤ੍ਰ ਸਾਦਗੀ ਅਸੂਲ ਦੀ ਉਤਨੀ ਕਦਰ ਨਾ ਕੀਤੀ, ਜਿਤਨੀ ਕਿ ਚਾਹੀਦੀ ਸੀ, ਕਿਉਕਿ ਓਨ੍ਹਾਂ ਦਿਨਾਂ ਵਿਚ ਆਮ ਲੋਕਾਂ ਨੂੰ ਇਹ ਖਿਆਲ ਨਹੀਂ ਸੀ ਕਿ ਬਦੇਸ਼ੀ ਫੈਸ਼ਨ ਨੇ ਸਾਡੀਆਂ ਜੜ੍ਹਾਂ ਖੋਖਲੀਆਂ ਕਰ; ਦੇਣੀਆਂ ਹਨ। ਅਜ ਥਾਂ ਥਾਂ ਘਰ ਘਰ ਵਿਚ ਏਹ ਚਰਚਾ ਹੋ ਰਹੀ ਹੈ ਕਿ ਸਾਦਗੀ ਧਾਰਨ ਕਰੋ। ਸਾਦਗੀ ਵਿਚ ਹੀ ਸਾਡਾ ਭਲਾ ਤੇ ਸਾਡੀ ਕਲਿਆਣ ਹੈ।

ਅਜ ਕਲ ਮੰਦਵਾੜੇ ਦੀ ਹਾਲਤ ਵੇਖਕੇ ਅਖਾਂ ਵਿਚ ਲਹੂ ਉਤਰਦਾ ਹੈ। ਗ਼ਰੀਬ ਹਿੰਦੀ

Sri Satguru Jagjit Singh Ji Elibrary NamdhariElibrary@gmail.com

ਸ੍ਰੀ ਮਾਨ ਪੰਡਤ ਮੰਨਸਾ ਸਿੰਘ ਜੀ

INDIAN LABEL PRINTING PRESS, LAHORE.

Sri Satguru Jagjit Singh Ji Elibrary NamdhariElibrary@gmail.com



ਸ੍ਰੀ ਮਾਨ ਮਾਸਟਰ ਸੁਹਾਵਾ ਸਿੰਘ ਜੀ

Sri Satguru Jagjit Singh Ji Elibrary NamdhariElibrary@gmail.com

ਭੁਖਿਆਂ ਨੂੰ ਤਕਕੇ ਡਾਢਾ ਦੁਖ ਹੁੰਦਾ ਹੈ। ਕਦੇ ਓਹ ਸਮਾਂ ਸੀ ਜਦੋਂ ਭਾਰਤ ਭੂਮੀ ਦੂਸਰਿਆਂ ਮੁਲਕਾਂ ਦੀ ਸਬਕ--ਦਾਤਾ ਬਣੀ ਹੋਈ ਸੀ। ਅਜ ਇਸੇ ਹੀ ਭੂਮੀ ਦੇ ਪੁਤਰਾਂ ਨੂੰ ਬੇ ਲਿਆਕਤ ਤੇ ਗੁਲਾਮ ਆਖਿਆ ਜਾਂਦਾ ਹੈ। ਇਹ ਸਭ ਪਾਪਾਂ ਦੀ ਜੜ ਸਾਡੀ ਬੇ ਇਤਿਫਾਕੀ ਤੇ ਬਦੇਸ਼ੀ ਫੈਸ਼ਨ ਹੈ।

ਆਓ ! ਅਜ ਜ਼ਰਾ ਅਸੀਂ ਸ੍ਰੀ ਸਤਿਗੁਰੂ ਰਾਮ ਸਿੰਘ ਚੀਨੀ ਵਾਲੇ ਸਚੇ ਪਾਤਿਸ਼ਾਹ ਦੇ ਜੀਵਨ ਪਰ ਨਿਗਾਹ ਮਾਰੀਏ ਅਤੇ ਦੇਖੀਏ ਕਿ ਆਪ ਅਜ ਭਾਰਤ-ਵਰਸ਼ ਤੋਂ ਵਿਛੜ ਰਹੇ ਹਨ। ਇਸ ਵਿਦੈਗੀ ਦੀ ਅਖੀਰਲੀ ਝਾਕੀ ਵਲ ਆਓ। ਜ਼ਰਾ ਨਿਗਾ ਮਾਰੀਏ ਜਿਸ ਦੀ ਫੋਟੋ ਇਸੇ "ਬਸੰਤ ਅੰਕ" ਦੇ ਕਿਸੇ ਥਾਂ ਹੈ। ਸਭ ਕੁਝ ਹੋਣੇ ਪਰ ਆਪ ਨੂੰ ਹਕੂਮਤ ਵਲੋਂ ਲੁਧਿਆਣੇ ਸੱਦਿਆ ਗਿਆ। ਉਸ ਵਕਤ ਆਪ ਜੀ ਦੇ ਸ੍ਰੀ ਭੈਣੀ ਸਾਹਿਬ ਤੋਂ ਅਖੀਰਲੇ ਵਿਛੋੜੇ ਵਲ ਤਕੋ ਕੀ ਆਪ ਜੀ ਦੇ ਤਬੇਲੇ ਵਿਚ ਕੋਤਲ ਘੋੜੇ ਨਹੀ ਸੀ ? ਕੀ ਆਪ ਜੀ ਦੀ ਹਮੇਸ਼ਾਂ ਦੀ ਅਸਵਾਰੀ ਸੋਹਣੀ ਚੀਨੀ ਘੋੜੀ ਹਾਜ਼ਰ ਨਹੀਂ ਸੀ ? ਹੈ ਸੀ, ਸਭ ਕੁਝ ਹੈ ਸੀ, ਪਰ ਅਜ ਤੋਂ ਆਪ ਜੀ ਦਾ ਸ੍ਰੀ ਭੈਣੀ ਸਾਹਿਬ ਰਹਿਣਾਂ ਨਹੀਂ ਹੈਸੀ। ਆਪ ਆਪਣੇ ਬਦੇਸ਼ ਗਵਨ ਸਮੇਂ ਵੀ ਸਾਨੂੰ ਕੇਹਾ ਸੋਹਣਾ ਸਾਦਗੀ ਦਾ ਉਪਦੇਸ਼ ਦੇ ਰਹੇ ਹਨ। ਆਪ ਨੇ ਅਪਣੇ ਪਵਿਤ੍ਰ ਸ਼ਰੀਰ ਤੇ ਸਾਦੀ ਕਾਲੀ ਕੰਬਲੀ ਲਈ ਹੋਈ ਹੈ, ਸੋਹਣੇ ਸੀਸ ਪਰ ਵੀ ਕਾਲੇ ਭੂਰੇ ਦਾ ਸਾਫਾ ਓਢਿਆ ਹੋਇਆ ਹੈ ਤੇ ਦੇਸੀ ਸਾਦੇ ਗਡੇ ਤੇ ਅਸਵਾਰ ਹੋ ਰਹੇ ਹਨ। ਆਹਾ, ਕੇਡਾ ਸਾਦਗੀ ਦਾ ਉਚ ਆਦਰਸ਼ ਹੈ ! ਕੇਡਾ ਸਾਦਗੀ ਦਾ ਸਿਖਣ ਦਾਇਕ ਸਬਕ ਹੈ ! ਅਜ ਇਸ ਨਜ਼ਾਰੇ ਨੂੰ ਤਕਕੇ ਕੇੜਾ ਕਠੋਰ ਦਿਲ ਹੈ, ਜੋ ਮੋਮ ਨ ਹੋਵੇ, ਕੇਹੜੇ ਪੱਥਰ ਨੇਤ੍ਰ ਹਨ ਜਿਨ੍ਹਾਂ ਵਿਚੋਂ ਆਂਸੂਆਂ ਦੀ ਝੜੀ ਨਾਂ ਲਗ ਦੀ ਹੋਵੇ। ਅਜ ਓਹ ਕੇਹੜਾ ਅਭਾਗਾ ਪੁਰਸ਼ ਹੈ, ਜੇਹੜਾ ਇਸ ਦ੍ਰਿਸ਼ਜ ਨੂੰ ਦੇਖਕੇ ਸਾਦਗੀ ਧਾਰਨ ਕਰਨ ਦਾ ਪਣ ਨ ਕਰੇ।

ਆਪ ਜੀ ਦੇ ਜੀਵਨ ਦੇ ਇਕ ਇਕ ਪਹਿਲੂ ਵਿਚੋਂ ਸਾਨੂੰ ਉਹ ਸਬਕ ਮਿਲਦਾ ਹੈ ਜਿਸਤੇ ਟੁਤਦੇ ਹੋਏ ਅਸੀਂ 'ਲੋਕ ਸੁਖੀ ਪਲੋਕ ਸੁਹੇਲੇ'ਬਣ ਸਕਦੇ ਹਾਂ। ਜਿਤੇ ਆਪ ਸਾਨੂੰ ਭਾਈ ਚਾਰਕ ਤੇ ਸਾਦਗੀ ਦਾ ਉਪਦੇਸ਼ ਦਿੰਦੇ ਸੀ, ਓਥੇ ਆਪ ਜੀ ਦਾ ਧਾਰਮਿਕ ਅਸੂਲਾਂ ਤੇਭੀਬੜਾ ਜ਼ਰ ਸੀ। ਹਰ ਇਕ ਸਿੰਘ ਨੂੰ ਹੁਕਮ ਸੀ ਕਿ ਓਹ ਅਪਣਾ ਧਾਰਮਿਕ ਜੀਵਨ ਉਚਾ ਬਣਾਵੇ। ਉਸ ਸਮੇਂ ਦੇ ਬਿਰਧ ਬਾਬੇ ਕਿਤੇ ਕਿਤੇ ਦੇ ਵਣ ਵਿਚ ਔਂਦੇ ਹਨ,ਓਨ੍ਹਾਂ ਦਾ ਦਰਸ਼ਨ ਕਰਨ ਸਾਰ ਮਨ ਦੀ ਹਾਲਤ ਬਦਲ ਜਾਂਦੀ ਹੈ। ਕਿਉਂਕਿ ਓਨ੍ਹਾਂ ਦਾ ਧਾਰਮਿਕ ਜੀਵਨ ਸੁਮੇਰ ਪਰਬਤ ਵਾਂਗ ਅਚੱਲ ਹੈ। ਓਨ੍ਹਾਂ ਦਾ ਸਤਿਗੁਰੂ ਜੀ ਦੇ ਬਚਨ ਪੁਰ ਦ੍ਰਿੜ੍ਹ ਵਿਸਵਾਸ ਹੈ। ਦਿਲ ਵਿਚ ਸ਼ਾਂਤੀ ਤੇ ਮਨ ਵਿਚ ਧੀਰਜ। ਬਿਰਧ ਹੋਣ ਤੇ ਵੀ ਆਪਣੇ ਨਿਤਨੇਮ ਤੋਂ ਆਲਾਸ ਨਹੀਂ ਕਰਦੇ। ਕਿਸੇ ਮੁਸੀਬਤ ਔਣ ਤੇ ਵੀ ਆਪਣੇ ਅਸੂਲ ਉਤੇ ਪੱਕੇ ਰਹਿੰਦੇ ਹਨ। ਏਥੇ ਮੈਨੂੰ ਸ੍ਰੀ ਮਾਨ ਬਾਬਾ ਲਾਲ ਸਿੰਘ ਜੀ ਲਤਾਲੇ ਵਾਲਿਆਂ ਦੀ ਇਕ ਕਥਾ ਯਾਦ ਆ ਗਈ ਹੈ। ਬਾਬਾ ਜੀ ਆਪਣੇ ਪਿੰਡ ਲਤਾਲੇ ਗਏ ਹੋਏ ਸਨ, ਤਦ ਆਪ ਓਥੇ ਬੀਮਾਰ ਹੋ ਗਏ। ਸਰੀਰ ਦੀ ਕਮਜ਼ੋਰੀ ਹੋਣ ਤੇ ਆਖ ਉਠਣ ਤੋਂ ਅਸਮਰੱਥ ਸੀ, ਨਜ਼ਦੀਕੀ ਸਨਬੰਧੀਆਂ ਬਹੁਤ ਆਖਿਆ ਕਿ ਬਾਬਾ ਜੀ ਹੁਕਮ ਹੋਏ ਤਾਂ ਅਸੀਂ ਪਾਣੀ ਲਿਆਕੇ ਤੁਹਾਡੇ

Sri Satguru Jagjit Singh Ji Elibrary NamdhariElibrary@gmail.com

ਲਈ ਕੋਈ ਹਲਕਾ ਉਪਯੋਗੀ ਭੋਜਨ ਤਿਆਰ ਕਰੀਏ, ਪਰ ਆਪ ਅਗੋਂ ਨਾਂਹ ਦਾ ਉੱਤ੍ਰ ਹੀ ਦਿਦੇ ਰਹੇ। ੨੦-੨੫ ਦਿਨਾਂ ਪਿਛੋਂ ਨੇਤ ਨਾਲ ਮੈਂ ਲਤਾਲੇ ਜਾ ਨਿਕਲਿਆ ਤਾਂ ਬਾਬਾ ਜੀ ਬੜ ਕਮਜ਼ੋਰ ਹੋ ਚੁਕੇ ਸਨ। ਮੈਂ ਬਾਬਾ ਜੀ ਨੂੰ ਛਕਾਣ ਵਾਸਤੇ ਸੋਧ ਦਾ ਲੰਗਰ ਤਿਆਰ ਕੀਤਾ। ਭੋਜਨ ਛਕਣ ਤੋਂ ਬਾਦ ਮੈਂ ਏਨਤੀ ਕੀਤੀ ਕਿ ਬਾਬਾ ਜੀ ਇਤਨੀ ਕਮਜ਼ੋਰੀ ਹੋਣ ਤੇ ਵੀ ਆਪਨੇ ਇਤਨਾਂ ਹਠ ਰਖਿਆ ! ਤਾਂ ਬਾਬਾ ਜੀ ਨੇ ਅਗੋਂ ਉਤ੍ਰ ਦਿੱਤਾ, ਬੱਚਾ ! ਏਹ ਮਰਯਾਦਾ, ਸ੍ਰੀ ਸਤਿਗੁਰੂ ਸਚੇ ਪਾਤਿਸ਼ਾਹ ਜੀ ਦੀ ਦੱਸੀ ਹੋਈ ਹੈ। ਇਸ ਵਿਚ ਫ਼ਰਕ ਨਹੀ ਪੌਣਾਂ ਚਾਹੀਦਾ। ਅਜ ਕਲ ਸ੍ਰੀ ਮਾਨ ਬਾਬਾ ਰਾਘੋ ਸਿੰਘ ਜੀ ਤੇ ਬਾਬਾ ਹਰਨਾਮ ਸਿੰਘ ਜੀ ਸ੍ਰੀ ਭੈਣੀ ਸਾਹਿਬ ਮੌਜੂਦ ਹਨ। ਭਾਵੇਂ ਆਪ ਸਰੀਰ ਕਰਕੇ ਬਹੁਤ ਕਮਜ਼ੋਰ ਹਨ, ਪਰ ਆਪ ਜੀ ਦਾ ਧਾਰਮਕ ਜੀਵਨ ਬਹੁਤ ਉੱਚਾ ਹੈ

ਕਿਉਂਕਿ ਆਪ ਜੀ ਸ੍ਰੀ ਸਤਿਗੁਰੂ ਜੀ ਦੀ ਸੇਵਾ ਵਿਖੇ ਹਾਜ਼ਰ ਰਹੇ ਹਨ। ਇਹ ਹੈ ਸਿਦਕ ਤੇ ਕਮਾਈ ਦਾ ਪ੍ਰਭਾਵ !

ਆਓ ! ਅਜ ਨਾਮਧਾਰੀ ਖਾਲਸਾ ਜੀ ! ਅਸੀਂ ਆਪਣੇ ਅੰਦਰ ਝਾਤੀ ਮਾਰਕੇ ਦੇਖੀਏਕਿ ਆਇਆ ਅਸੀਂ ਸੱਚੇ ਸ਼ਬਦਾਂ ਵਿਚ ਉਸ ਪ੍ਰੀਤਮ ਦੀ ਵਰੇ-ਗੰਢ ਮਨੌਣ ਦੇ ਕਿਤਨੇ ਕੁ ਹੱਕਦਾਰ ਹਾਂ। ਜਾਂ ਕਿ ਅਸੀਂ ਵੀ ਆਏ ਸਾਲ 'ਬਸੰਤ-ਅੰਕ' ਪ੍ਰਕਾਸ਼ਿਤ ਕਰਨਾ,ਜੋੜ-ਮੇਲਿਆ ਤੇ ਉਤਸ਼ਾਹ ਕਰਨਾ ਆਪਣਾ ਇਹ ਰਿਵਾਜ ਜਾਣ ਲਿਆ ਹੈ। ਨਹੀ ! ਨਹੀ !! ਨਾਮਧਾਰੀ ਪੰਥ ਐਸੀ ਗਲ਼ਤੀ ਤੇ ਨਹੀਂ ਜਾਵੇਗਾ। ਜਿਸ ਗੁਲ਼ਤੀ ਦੇ ਧਾਰਨ ਕੀਤਿਆਂ ਸਚੇ ਪਾਤਿਸ਼ਾਹ ਅਗੇ ਸ਼ਰਮਿੰਦਾ ਹੋਣਾਂ ਪਵੇ। ਨਾਮਧਾਰੀ ਪੰਥ ਆਪਣੇ ਬਜ਼ੁਰਗਾਂ ਦੇ ਪਾਏ ਪੂਰਨਿਆਂ ਤੇ ਚਲਦਾ ਹੋਇਆ ਦੁਨੀਆਂ ਤੇ ਪ੍ਰਕਾਸ਼ ਕਰੇਗਾ ਤੇ ਜ਼ਰੂਰ ਕਰੇਗਾ।

ਨਾਮ ਚੱਪੂ ਲੈਕੇ ਆਏ ਪਾਰ ਜੀ ਉਤਾਰਨੇ ॥

(ਵਲੋਂ (ਮਹੰਤ) ਮੋਹਨ ਸਿੰਘ ਜੀ 'ਮਤਵਾਲਾ' ਗੁਰਦੁਆਰਾ ਨਿਰਮਲ ਸਰ ਮੈਨੇਜਰ ਖਾਲਸਾ ਸਕੂਲ ਤਿਲੋਚਨ ਢਿਲਾ ਹਿਸਾਰ)

ਚੀਨੀ ਦੇ ਸਵਾਰ ਸ੍ਰੀ ,ਸਤਿਗੁਰੂ ਰਾਮ ਸਿੰਘਾ,
ਲੈਕੇ ਅਵਤਾਰ ਆਏ ਜੱਗ ਨੂੰ ਉਧਾਰਨੇ ਤਾਰਨੇ।
ਸਿੱਖੀ ਵਾਲਾ ਬੇੜਾ ਵਿਚ ਡੁੱਬਿਆ ਸੀ ਮੰਝ ਧਾਰ,
ਨਾਮ ਚੱਪੂ ਲੈਕੇ ਆਏ ਪਾਰ ਜੀ ਉਤਾਰਨੇ।
ਜਪ, ਤਪ, ਦਇਆ, ਧਰਮ, ਹੋਮ ਸਭ ਵਿਸਰੇ ਸੀ,
ਕਰਕੇ ਉਪਦੇਸ਼ ! ਆਏ ਉਨ੍ਹਾਂ ਬਿਸਥਾਰਨੇ।
ਕਲ਼ਜੁੱਗ ਵਿਚ ਸਤਿਜੁਗ ਵਰਤਾਇ ਦਿਤਾ,
ਧੰਨ ਗੁਰੂ ਰਾਮ ਸਿੰਘ ਜਾਵਾਂ ਬਲਿਹਾਰਨੇ।

Sri Satguru Jagjit Singh Ji Elibrary NamdhariElibrary@gmail.com

ਸ੍ਰੀ ਬਾਬਾਜੀ ਦੀ ਵਰ੍ਹੇ ਗੰਢ

(ਵਲੋਂ ਸ੍ਰੋਮਾਨਡਾਕਟਰ ਪੰਜਾਬ ਸਿੰਘ ਜੀ ਲਖਨਊ)

ਕੁਦਰਤ ਨੂੰ ਜੀਭ ਨਹੀ, ਪਰ ਜਿਸ ਤਰ੍ਹਾਂ ਉਹ ਬੋਲਦੀ ਹੈ ਬਸੰਤ ਦੀ ਵਿਗਸੀ ਬਨਾ-ਸਪਤੀ ਉਸਦੀ ਸਪਸ਼ਟ ਗਵਾਹੀ ਦੇ ਰਹੀ ਹੈ। ਮਾਨੋ ਅਜ ਕੁਦਰਤ ਦਾ ਗੁੰਗਾ—ਪਨ ਟੁਟ ਗਿਆ ਹੈ, ਜ਼ੁਬਾਨ ਮਿਲ ਚੁਕੀ ਸੂ ਅਤੇ ਉਹ ਸਾਫ ਜ਼ਾਹਿਰ ਕਰ ਰਹੀ ਹੈ ਕਿ ਭਗਵਾਨ ਖਿੜਾਓ ਪੈਦਾ ਕਰਨ ਵਾਲਾ ਦੇਵ ਹੈ। ਅੰਬਾਂ ਦੀ ਮੰਜਰੀ ਅੱਜ ਸਾਡੇ ਟੁਟੇ ਹੋਏ ਦਿਲਾਂ ਨੂੰ ਮੁੜ ਕਰਤਾਰ ਨਾਲ ਜੋੜਦੀ ਹੈ ਅਤੇ ਦਸਦੀ ਹੈ ਕਿ ਦੁਨੀਆਂ ਖਾਤ ਰਬ ਨੂੰ ਭੁਲੇ ਹੋਏ ਜੀਵ ! ਆ ਮੈਂ ਤੇਨੂੰ ਪ੍ਰੇਮ ਸਿਖਾਵਾਂ ਚਲ ਕਿਸੇ ਬਗੀਚੇ ਵਿਚ ਤੇ ਦੇਖ ਕਿ ਕਿਸ ਖੂਬੀ ਨਾਲ ਕੰਡਿਆਂ ਵਿਚ ਕੋਮਲ ਫੁਲ ਕਰਤਾਰ ਦੀ ਯਾਦ ਵਿਚ ਮਸਤ ਉਸ ਦੀ ਕੁਦਰਤ ਦਾ ਪ੍ਰੇਮ ਸੰਦੇਸਾ ਦੇ ਰਹੇ ਹਨ। ਅਜ ਰੁਮਕ ੨ ਹਵਾ ਚਲਣ ਨਾਲ ਨਿਕੀਆਂ ਨਿਕੀਆਂ ਕੋਮਲ ਟਹਿਨੀਆਂ ਆਪਸ ਵਿਚ ਮਿਲਕੇ ਪ੍ਰੇਮ ਭਾਵਨਾਂ ਜ਼ਾਹਿਰ ਕਰ ਰਹੀਆਂ ਹਨ। ਸੀਤ ਦੇ ਸਤਾਇਆਂ ਹੋਇਆਂ ਪੰਛੀਆਂ ਨੇ ਭੀ ਪ੍ਰੇਮ ਅਲਾਪ ਕਰਨ ਲਈ ਰੁਖਾਂ ਤੇ ਬੈਠ ਕੇ ਖੰਭ ਖਿਲਾਰੇ ਹਨ। ਮਾਨੋ ਫੁਲਾਂ ਦੀ ਆਪਸ ਦੀ ਛੋਹ ਤੇ ਟਹਿਨੀਆਂ ਦਾ ਝੁਕ ਝੁਕ ਪੈਣ, ਕੋਇਲ ਦੀ ਕੂਕ ਤੇ ਭੌਰੇ ਦੀ ਗੁੰਜਾਰ ਬਸੰਤ ਆਗਮਨ ਦੀ ਖੁਸ਼ੀ ਵਿਚ ਵਧਾਈ ਦੇ ਵਟਾਂਦਰੇ ਕਰ ਰਹੀ ਹੈ। ਐਸੀ ਪ੍ਰੇਮ ਲਗਨ, ਐਸੀ ਪ੍ਰੇਮ ਚਰਚਾ ਤੇ ਐਸਾ ਪ੍ਰੇਮ ਭਰਿਆ ਦ੍ਰਿਸ਼ ਹੀ ਕਰਤਾਰ ਦੀ ਯਾਦ ਤਾਜ਼ਾ ਕਰਦਾ ਹੈ। ਸਚ ਮੁਚ ਇਸੇ ਹੀ ਰੰਗ ਨੂੰ ਵੇਖਕੇ ਸਤਿਗੁਰਾਂ ਨੇ ਫੁਰਮਾਇਆ ਹੈ ਕਿ:—

"ਮਾਹਾ ਮਾਹੁ ਮਮਾਰਖੀ ਚੜਿਆ ਸਦਾ ਬਸੰਤ।
ਪਰ ਫੜ ਚਿਤ ਸਮਾਲਸੋਇ ਸਦਾ ਸਦਾ ਗੋਬਿੰਦ

ਆਪ ਫੁਰਮਾਂਦੇ ਹਨ—ਪਿਆਰੇ ਐਸੇ ਮੌਕਿਆ ਤੇ ਕਰਤਾਰ ਨੂੰ ਯਾਦ ਕਰ, ਅਪਨੇ ਹਿਰਦੇ ਨੂੰ ਪ੍ਰਫੁਲਤ ਕਰ ਤੇ ਇਸ ਬਨਸ-ਪਤੀ ਦਾ ਰੰਗ ਨਾਂ ਮਾਣ, ਬਲਕਿ ਅਪਨੇ ਜੀਵਨ ਨੂੰ ਹਰਿਆ ਭਰਿਆ ਕਰ। ਇਹਨਾਂ ਅਖਾਂ ਨਾਲ ਮਹਿਕੀ ਮੰਜਰੀ ਤੋਂ ਕੁਦਰਤ ਨੂੰ ਵੇਖ। ਜ਼ਬਾਨ ਨਾਲ ਉਸ ਦਾਤੇ ਦੀ ਸਿਫਤ ਗਾ ਤੇ ਕੰਨਾਂ ਨਾਲ ਸਰਵਨ ਕਰ। ਇਹੀ ਤੇਰੇ ਸਫਲ ਯਤਨ ਹਨ ਜੋ ਦਾਤੇ ਦੇ ਦਰ ਤਕ ਪਹੁਚਾਣ ਦਾ ਸਾਧਨ ਹੋ ਸਕਦੇ ਹਨ। ਵੇਖ ਜਿਥੇ ਦਾਤੇ ਨੇ ਹਾਜ਼ਰਾਂ ਹੀ ਨਹੀ ਬਲਕਿ ਲਖਾਂ ਉਪਕਾਰ ਇਸ ਜੀਵ ਤੇ ਕੀਤੇ ਹਨ, ਓਥੇ ਪ੍ਰੀਤਮ ਦਾ ਹੋਰ ਉਪਕਾਰ ਦੇਖ ਜੋ ਦੁਨੀਆਂ ਦੇ ਭਲੇ ਲਈ ਅਜ ਏਸ ਦਿਨ ਸੰਮਤ ੧੯੭੨ ਵਿਚ ਸ੍ਰੀ ਬਾਬਾ ਰਾਮ ਸਿੰਘ ਜੀ ਮਹਾਰਾਜ ਨੂੰ ਇਸ ਨਾਂ ਸ਼ੁਭਤ ਗੁਜ਼ਾਰ ਸੰਸਾਰ ਤੇ ਉਪਕਾਰ ਕਰਨ ਲਈ ਭੇਜਿਆ। ਸ੍ਰੀ ਬਾਬਾ ਜੀ ਦਾ ਉਪਦੇਸ਼ ਤੇ ਬਾਬਾ ਜੀ ਦੇ ਹੁਕਮ ਸਾਡੇ ਲਈ ਕਾਰ ਆਮਦ ਸਿਧ ਹੋਏ। ਉਹਨਾਂ ਦਾ ਉਪਦੇਸ਼ ਦੁਨੀਆਂ ਨੂੰ ਸਿਧੇ ਰਸਤੇ ਪਾਣ ਦਾ ਸੀ ਤੇ ਉਹ ਨਹੀ ਸਨ ਚਾਹੁੰਦੇ ਕਿ ਗੁਰੂ ਗੋਬਿੰਦ ਸਿੰਘ ਜੀ ਦਾ ਖਾਲਸਾ ਸ਼ਰਾਬ ਪੀਕੇ ਹੀ ਅਕਲ ਨੂੰ ਜੰਦਰ ਮਾਰੀ

Sri Satguru Jagjit Singh Ji Elibrary NamdhariElibrary@gmail.com

ਰਖੇ। ਉਹਨਾਂ ਨਾਮ ਦੁਆਰਾ ਹਰ ਪ੍ਰਾਣੀ ਦੇ ਮਨ ਨੂੰ ਉਹ ਰੰਗ ਚਾੜ੍ਹਨ ਦੀ ਕੋਸ਼ਸ਼ ਕੀਤੀ ਕਿ ਜਿਹੜਾ ਕਦੇ ਉਤਰੇ ਹੀ ਨਾ। ਉਹਨਾਂ ਸਚੇ ਪ੍ਰੇਮ ਤੇ ਨਾਮ ਦਾ ਨਸ਼ਾ ਪਿਲਾਇਆ ਤੇ ਪੀਵਨ ਵਾਲੇ ਇਨ ਅਮਲੋਂ ਹੀ ਖੀਵੇ ਕਰ ਦਿਤੇ। ਉਹਨਾਂ ਖਾਲਸੇ ਵਿਚ ਉਹ ਸਪਿਰਟ ਭਰੀ ਕਿ ਖਾਲਸਾ ਹਸ੍ਸੁ ਹ ਕਰਕੇ ਛਾਤੀਆਂ ਤੋਪਾਂ ਅਗੇ ਡਾਹ ਦੇਂਦਾ ਤੇ ਮੌਤ ਨੂੰ ਇਕ ਖੇਲ ਸਮਝਕੇ ਸ਼ਹੀਦੀਆਂ ਪ੍ਰਾਪਤ ਕੀਤੀਆਂ, ਦੁਖ ਝਲੇ, ਤੇਗੁਰਪੁਰੀ ਜਾ ਬਿਰਾਜੇ, ਪਰ ਧਰਮ ਤੇ ਸਿਖੀ ਆਨ ਸ਼ਾਨ ਨੂੰ ਵਟਾ ਨਾਂ ਲਗਣ ਦਿਤਾ।

ਸਚ ਹੈ, ਬਾਬਾ ਜੀ ਦਾ ਉਪਦੇਸ਼ ਸਚਾ ਸੁਚਾ ਤੇ ਮੁਰਦਿਆਂ ਵਿਚ ਜਿੰਦਗੀ ਪਾਂਣ ਵਾਲਾ ਸੀ। ਆਪ ਦੇ ਹੁਕਮ ਨਾਮੇ ਨੂੰ ਪੜ੍ਹੋ ਤਾਂ ਸੁਚੇ ਮੋਤੀ ਪ੍ਰਤੀਤ ਹੁੰਦੇ ਹਨ। ਆਪ ਫਰਮੋਂਦੇ ਹਨ "ਜੋ ਪਿਛਲੀ ਰਾਤ ਉਠਕੇ ਗੜਵਾ ਲਿਜਾਇ ਕਰ ਮਦਾਨੇ ਹੋਇ ਆਵਨਾ।.....ਇਸ਼ਨਾਨ ਕਰਨਾ। ਬਾਣੀ ਪੜ੍ਹਨੀ। ਕੰਠ ਨਾ ਹੋਵੈ ਤਾਂ ਕੰਠ ਕਰ ਲੈਣੀ।.....ਸੀਲ ਸੰਤੋਖ ਸਭ ਨੇ ਰਖਣਾ ਤੇ ਭਜਨ ਅਠੋ ਪਹਿਰ ਕਰਨਾ ਪ੍ਰਾਈ ਧੀ ਭੈਣ ਆਪਣੀ ਧੀ ਭੈਣ ਜਾਨਣੀ।" ਇਸਦੇ ਨਾਲ ਸ੍ਰੀ ਬਾਬਾ ਜੀ ਨੇ ਪਵਿਤ੍ਰਤਾ ਤੇ ਏਡਾ ਜੋਰ ਦਿਤਾ ਹੈ। ਆਪ ਫਰਮੋਂਦੇ ਹਨ ਕਿ—"ਅੰਗ ਭੀ ਫੂਕਾਂ ਮਾਰਕੇ ਨਾਂ ਬਾਲੋ ਬਲਕਿ ਪਖੇ ਨਾਲ ਬਾਲੋ,।" ਇਹ ਬਿਲ ਕੁਲ ਠੀਕ ਹੈ ਚੂੰਕਿ ਸਰੀਰ ਦਾ ਸਬੰਧ ਮਨ ਨਾਲ ਹੈ ਤੇ ਮਨ ਦਾ ਸਬੰਧ ਸ੍ਰੀਰ ਦੀ ਪਵਿਤ੍ਰਤਾ ਨਾਲ ਹੈ। ਜੇ ਸ੍ਰੀਰ ਪਵਿਤ੍ਰ ਹੈ ਤਾਂ ਮਨ ਵੀ ਪਵਿਤ੍ਰ ਹੈ। ਜੇ ਸ੍ਰੀਰ ਹੀ ਗੰਦਾ ਹੈ ਯਾ ਸ੍ਰੀਰ ਦੇ ਕਰਮ ਹੀ ਗਲੀਜ਼ ਹਨ, ਤਾਂ ਮਨ ਦੀ ਪਵਿਤ੍ਰਤਾ ਭੀ ਠੀਕ ਨਹੀ ਰਹਿ ਸਕਦੀ। ਇਸ ਲਈ ਸ੍ਰੀ ਬਾਬਾ ਜੀ ਨੇ ਠੀਕ ਫਰਮਾਇਆ ਹੈ ਕਿ ਸ੍ਰੀਰ ਤੇ ਸ੍ਰੀਰ ਨਾਲ ਸਬੰਧ ਰਖਨ ਵਾਲੇ ਕਾਰੋਬਾਰ ਨੂੰ ਭੀ ਪਵਿਤ੍ਰ ਰਖੋ ਤਾਕਿ ਤੁਹਾਡੇ ਮਨ ਦੀ ਪਵਿਤ੍ਰਤਾ ਲਈ ਰਸਤਾ ਸਾਫ ਹੁੰਦਾ ਜਾਵੇ। ਅੰਤ ਵਿਚ ਸ੍ਰੀ ਬਾਬਾ ਜੀ ਆਪਣੇ ਆਪ ਨੂੰ ਨਿਰਮਾਣਤਾ ਵਿਚ ਲੈ ਜਾਂਦੇ ਹਨ ਤੇ ਲਿਖਦੇ ਹਨ 'ਹੋਰ ਜੀ ਮੇਰੀ ਮਤ ਥੋੜੀ ਹੈ- ਤੁਸੀ ਆਪ ਹੀ ਸਭ ਕੁਝ ਸਮਝ ਲੈਣਾ।" ਬਸ ਇਹ ਹੈ ਉਦੇਸ਼ 'ਗ਼ੀਬੀ ਗਦਾ ਹਮਾਰੀ। ਖੰਨਾ ਸਗਲ ਰੇਨ ਛਾਰੀ॥ ਤਿਸ ਆਗੈ ਕੋਈ ਟਿਕੈ ਵਿਕਾਰੀ" ਇਹੋ ਉਪਦੇਸ਼ ਹੀ ਸ੍ਰੀ ਬਾਬਾ ਜੀ ਪ੍ਰਦੇਸ ਗਮਨ ਕਰਨ ਸਮੇਂ ਨਾਮਧਾਰੀ ਪੰਥ ਨੂੰ ਦੇ ਗਏ ਸਨ ਕਿ 'ਬੋਲ ਕਬੋਲ ਸਭ ਦਾ ਸਹਿ ਜਾਣਾ। ਜੇ ਕੋਈ ਮਾਰੇ ਤਾਂ ਭੀ ਖਿਮਾ ਕਰਨੀ।' ਆਦਿ ਐਸੇ ਮਹਾਂ ਪੁਰਸ਼ਾ ਦੀ ਵਰੇ ਗੰਢ ਦੀ ਨਾਮਧਾਰੀ ਪੰਥ ਨੂੰ ਵਧਾਈ ਹੋਵੇ।

ਆਏ ਨੇ

(ਵਲੋਂ ਕਵੀ ਪ੍ਰੀਤਮ ਸਿੰਘ ਜੀ)

ਉਠ ਚਲ ਕਰੀਏ ਦਰਸ਼ਨ ਉਸਦਾ,
ਜਿਨ ਧਰਤ ਅਕਾਸ਼ ਬਨਾਏ ਨੇ
ਅਗਨੀ, ਵਾਯੂ, ਜਲ, ਥਲ ਅਰ ਬਨ,
ਪਸੂ, ਪੰਛੀ, ਨਾਗ ਰਚਾਏ ਨੇ!
ਹਰ ਪਤੇ ਵਿੱਚ ਜਿਨ ਕਲ ਅਪਨੀ,
ਕੁਈ ਅਜਬ ਛੁਪਾਕੇ ਰਖੀ ਏ;-
ਓਹੋ ਹੀ ਦੁਨੀਆਂ ਨੂੰ ਤਾਰਨ,
ਅਜ ਭੈਣੀ ਦੇ ਵਿਚ ਆਏ ਨੇ!

Sri Satguru Jagjit Singh Ji Elibrary NamdhariElibrary@gmail.com

ਬੀਤਰਾਗ ਸ੍ਰੀ ਸੰਤ ਕੇਸਰ ਸਿੰਘ ਜੀ ਚਵਿੰਡੇ ਵਾਲੇ

(ਵਲੋਂ–ਸਰਦਾਰ ਤਰਨ ਸਿੰਘ ਜੀ "ਵਹਿਮੀ" ਹਿੰਦੂ ਚੱਕ)

ਨਾਮਧਾਰੀ ਪੰਥ ਦੇ ਮਹਾਨ ਫ਼ਖਰ ਅਤੇ ਸੰਤ ਸਮਾਜ ਦੇ ਮੁਕਟ ਮਣਿ ਸ੍ਰੀ ਸੰਤ ਕੇਸਰ ਸਿੰਘ ਜੀ ਦਾ ਜਨਮ ਜ਼ਿ: ਸਿਆਲਕੋਟ ਦੇ ਨਗਰ ਚਵਿੰਡੇ ਵਿਚ ਹੋਇਆ ਸੀ। ਆਪ ਦੇ ਪਿਤਾ ਜੀ ਦਾ ਸ਼ੁਭ ਨਾਮ ਭਾਈ ਗੁਰਦਿਤ ਸਿੰਘ ਅਤੇ ਸ੍ਰੀ ਮਾਤਾ ਜੀ ਦਾ ਨਾਮ ਪ੍ਰੇਮ ਕੌਰ ਸੀ। ਕਹਾਵਤ ਮਸ਼ਹੂਰ ਹੈ-'ਹੋਨਹਾਰ ਬਿਰਵਾਨ ਕੇ ਚਿਕਨੇ ਚਿਕਨੇ ਪਾਤ।' ਜਿਸ ਮਹਾਂਪੁਰਸ਼ ਨੇ ਆਪਣੇ ਜੀਵਨ ਨੂੰ ਆਦਰਸ਼ ਸੂਰਤ ਵਿਚ ਲੁਕਾਈ ਦੇ ਸਾਹਮਣੇ ਰਖਣਾਂ ਹੁੰਦਾ ਹੈ, ਉਹ ਹੋਸ਼ ਸੰਭਾਲ ਦਿਆਂ ਹੀ ਵਿਲੱਖਣ ਸੁਭਾਉ ਪ੍ਰਗਟ ਕਰਨ ਲਗ ਪੈਂਦਾ ਹੈ। ਸ੍ਰੀ ਸੰਤ ਕੇਸਰ ਸਿੰਘ ਜੀ ਨੇ ਵੀ ਜਦ ਬਾਲ ਅਵਸਥਾ ਤੋਂ ਅਗੇਰੇ ਕਦਮ ਰਖਿਆ, ਤਾਂ ਦੂਰ ਦੀ ਸੋਝੀ ਰਖਣ ਵਾਲੇ ਲੋਕਾਂ ਨੂੰ ਪਤਾ ਲੱਗਣ ਲਗ ਪਿਆ ਕਿ ਇਹ ਬਾਲਕ ਵਡਾ ਹੋਕੇ ਜਗਤ ਲਈ ਨਮੂਨਾ ਬਣ ਕੇ ਦਸੇਗਾ। ਜੀਭ ਤੋਂ ਝੂਠ ਨਾ ਬੋਲਣਾ, ਸਾਫ ਸਾਫ ਗੱਲ ਕਰਨੀ, ਕਿਸੇ ਤੋਂ ਨਾ ਝੱਕਣਾ ਅਤੇ ਸਚਾਈ ਪ੍ਰਤੀਤ ਹੋਣ ਤੇ ਕਿਸੇ ਦੀ ਧਮਕੀ ਅੱਗੇ ਨਾ ਝੁਕਣਾ, ਇਹ ਸੀ ਆਪ ਦਾ ਸੁਭਾਉ। ਅਕਾਲ ਪੁਰਖ ਨੇ ਆਪ ਦੀ ਦੈਵੀ ਮੂਰਤ ਵਿਚ ਉਸ ਬੀਜ ਦਾ ਅੰਕੁਰ ਉਗਾ ਦਿਤਾ ਸੀ, ਜਿਸ ਨੇ ਅਗਾਹਾਂ ਵਧ ਕੇ ਇਕ ਵਡਾ ਛਾਇਆ ਦਾਰ **ਰੁਖ** ਬਣਨਾਂ ਤੇ ਅਨੇਕਾਂ ਨੂੰ ਛਾਇਆ ਦੇਕੇ ਆਰਾਮ ਪੁਚਾਣਾਂ ਸੀ।

ਧੰਨਤਾ ਜੋਗ ਹੈ ਉਹ ਖੇੜਾ ਜਿਥੇ ਮਹਾਂਪੁਰਸ਼ ਜਨਮ ਲੈਂਦੇ ਹਨ! ਸੁਭਾਗ ਹੈ ਉਹ ਕੁਲ ਜੋ ਸੰਤ ਪੈਦਾ ਕਰਨ ਦਾ ਮਾਣ ਪ੍ਰਾਪਤ ਕਰਦੀ ਹੈ! ਅਤੇ ਧੰਨ ਹੁੰਦੀਆਂ ਹਨ ਉਹ ਮਹਾਂ ਪੂਜਨੀਜ ਮਾਤਾਵਾਂ, ਜਿਨ੍ਹਾਂ ਦੀਆਂ ਸੁਭਾਗ ਕੁੱਖਾਂ ਵਿਚੋਂ ਪਰਮੇਸ਼ਰ ਦੇ ਪਿਆਰੇ ਜਨਮਦੇ ਹਨ! ਚਵਿੰਡਾ ਜਿਸ ਵਿਚ ਸ੍ਰੀ ਬਾਬਾ ਜੀ ਨੇ ਜਨਮ ਲਿਆ, ਚੀਨੀ ਵਾਲੇ ਸੋਹਣੇ ਪਾਤਸ਼ਾਹ ਦੇ ਚਰਨ ਪਰਸਨ ਕਰਕੇ ਅੱਗੇ ਹੀ ਧੰਨ ਹੋ ਚੁਕਾ ਸੀ। ਉਸ ਦੀ ਖ਼ਾਕ ਤਾਰਨ ਹਾਰ ਸਾਂਈ ਦੇ ਕਦਮਾਂ ਨੇ ਅਸਰ ਵਾਲੀ ਬਣਾਦਿੱਤੀ ਸੀ। ਉਹ ਖੂਹ ਜੋ ਹਜ਼ੂਰ ਦੇ ਬਚਨ ਨਾਲ ਖਾਰਿਓਂ ਮਿਠਾ ਹੋਇਆ ਸੀ, ਚਵਿੰਡਾ ਵਾਸੀਆਂ ਨੂੰ ਇਹ ਸਦਾ ਚੇਤਾ ਕਰਾਉਂਦਾ ਰਹਿੰਦਾ ਹੈ, ਕਿ ਏਥੇ ਉਹਸਤਿਗੁਰੂ ਆਯਾ ਸੀਜਿਸਦੇ ਬਚਨਾਂ ਨਾਲ ਖਾਰੇ ਪਾਣੀ ਵੀ ਮਿਠੇ ਹੋ ਜਾਂਦੇ ਹਨ। ਉਸ ਪਾਵਨ ਫੇਰੀ ਤੋਂ ਲੈ ਕੇ ਚਵਿੰਡੇ ਵਿਚ ਸੰਗਤਾਂ ਦੀ ਆਵਾ ਜਾਈ ਰਹਿੰਦੀ ਸੀ। ਚੀਨੀ ਵਾਲੇ ਦੇ ਪਿਆਰੇ ਆਉਂਦੇ, ਦੀਵਾਨ ਸਜਦੇ, ਅਖੰਡ ਕੀਰਤਨ ਦਾ ਰਸ ਭਾਗਾਂ ਵਾਲੇ ਸਰੋਤੇ ਮਾਣਦੇ ਅਤੇ ਅਨੇਕਾਂ ਉਸ ਮਹਾਨ ਰਸ਼ ਦੀ ਮਧਰਤਾ ਵਿਚ ਗੁੰਮ ਹੋਕੇ ਖੀਵੇ ਹੋ ਹੋ ਜਾਂਦੇ। ਇਹ ਕੁਲ ਜਿਸ ਨੇ ਸੰਤਾਂ ਨੂੰ ਜਨਮ ਦਿੱਤਾ, ਉੱਚੇ ਭਾਗਾਂ ਵਾਲੇ ਸੰਤ ਸੇਵੀਆਂ ਦੀ ਕੁਲ

Sri Satguru Jagjit Singh Ji Elibrary NamdhariElibrary@gmail.com

ਸੀ ਅਤੇ ਕਿਸੇ ਸਾਧ ਵਚਨ ਦਾ ਹੀ ਫਲ ਸੀ ਕਿ ਜਿਸ ਵਿਚੋਂ ਸੰਤਾਂ ਵਰਗੀ ਮਹਾਨ ਉਚੀ ਵਜਕਤੀ ਪਟਗਟ ਹੋਈ। ਆਪ ਦੇ ਪਿਤਾ ਨਾਮਧਾਰੀ ਨਹੀਂ ਸਨ, ਪਰ ਪੁਰਾਤਨ ਗੁਰ-ਸਿਖੀ ਦਾ ਅਸਰ ਅਤੇ ਸਾਧ ਸੰਗਤ ਦਾ ਪ੍ਰਭਾਵ ਉਹਨਾਂ ਉਪਰ ਚੋਖਾ ਸੀ।

ਜਿਸ ਵੇਲੇ ਸੰਤਾਂ ਨੇ ਹੋਸ਼ ਸੰਭਾਲੀ, ਆਪ ਜੋੜ ਮੇਲਿਆਂ ਤੇ ਜਾਣ ਲਗ ਪਏ। ਦੜਪ ਦਾ ਸਾਰਾ ਇਲਾਕਾ ਨਾਮ ਆਧਾਰੀ ਨਾਮਧਾਰੀ ਹੋ ਚੁਕਾ ਸੀ, ਘਰ ਘਰ ਸਚੀ ਧਰਮ ਸਾਲ ਬਣੀ ਹੋਈ ਸੀ ਅਤੇ ਕੋਈ ਵਿਰਲਾ ਪਿੰਡ ਹੀ ਐਸਾ ਸੀ, ਜਿਥੇ ਸਤਿਗੁਰੂ ਸਵਾਰੇ ਜਾਕੇ ਗੁਰੂ ਜਸ ਦੇ ਪਰਵਾਹ ਨਹੀਂ ਚਲਾ ਦਿੰਦੇ ਸਨ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਇਸ ਇਲਾਕੇ ਤੇ ਖਾਸ ਮਿਹਰ ਕੀਤੀ ਹੋਈ ਸੀ ਤੇ ਦੜਪ ਆਪ ਦੇ ਨਾਮ ਉਪਰ ਆਪਣਾ ਸਭ ਕੁਝ ਕੁਰਬਾਨ ਕਰਨ ਨੂੰ ਤਿਆਰ ਬਰ ਤਿਆਰ ਰਹਿੰਦਾ ਸੀ। ਦੜਪ ਦੀ ਸਿਖੀ ਸੰਬੰਧੀ ਸ੍ਰੀ ਸਤਿਗੁਰੂ ਜੀ ਬਚਨ ਕੀਤਾ ਕਰਦੇ ਸਨ—"ਭਾਈ! ਮੈਂ ਜਿਥੇ ਜਿਥੇ ਨਾਮ ਬੀਜਣ ਜਾਂਦਾ ਰਿਹਾ ਹਾਂ, ਮੈਂ ਵੇਖਦਾ ਰਿਹਾ ਹਾਂ ਕਿ ਕਈ ਥਾਵਾਂ ਤਾਂ ਏਨੀਆਂ ਸੁਰੈਣ ਤੇ ਉਪਜਾਊ ਨਿਕਲਦੀਆਂ ਸਨ ਕਿ ਬੀਜ ਅਜੇ ਪੈਂਦਾ ਹੀ ਸੀ ਕਿ ਖੇਤੀ ਪੱਲਰ ਕੇ ਮੂਧੀ ਹੋਈ ਦਿੱਸਣ ਲਗ ਪੈਂਦੀ ਸੀ!"

੨.

ਸਤਿਗੁਰੂ ਪੰਚਮ ਪਾਤਸ਼ਾਹ ਫਰਮਾਂਦੇ ਨੇ—

"ਪੂਰਬ ਕਰਮ ਅੰਕੁਰ ਜਬ ਪ੍ਰਗਟੇ
ਹਰਿ ਭੇਟਿਓ ਪੁਰਖ ਰਸਿਕ ਬੈਰਾਗੀ।"

ਜਿਸ ਵੇਲੇ ਕਿਸੇ ਮਨੁਖ ਦੇ ਪੂਰਬਲੇ ਕਰਮਾਂ ਦੀ ਅੰਗੂਰੀ ਫੁਟਦੀ ਹੈ, ਉਸ ਨੂੰ ਕਿਸੇ ਮਹਾਨ ਰਸਕ, ਮਹਾਨ ਵੈਰਾਗ ਵਾਨ ਮਹਾਂ ਪੁਰਖ ਦੀ ਚਰਨ ਰਜ ਪਰਸਣ ਦਾ ਸੁਭਾਗ ਪ੍ਰਾਪਤ ਹੁੰਦਾ ਹੈ। ਚਰਨ ਰਜ ਮਥੇ ਤੇ ਲਗਣ ਸਾਰ ਕਿਸੇ ਨਵੇਂ ਜਗਤ ਦੇ ਦਰ-ਵਾਜ਼ੇ ਚੌਪਟ ਕਰ ਦਿੰਦੀ ਹੈ। ਅੰਤਰੀ ਨੈਣ ਖੁਲ੍ਹ ਜਾਂਦੇ ਹਨ ਅਤੇ ਮਨੁਖ ਬਾਹਰ ਵਲੋਂ ਪਾਸਾ ਮੋੜਕੇ ਸਾਰੀ ਸੁਰਤੀ ਅੰਤਰ ਰੁਖ ਕਰ ਲੈਂਦਾ ਹੈ। ਜਿਸ ਵੇਲੇ ਸੁਰਤ ਇਹ ਦੈਵੀ ਝਾਕੇ ਵੇਖਦੀ ਹੈ, ਉਸ ਨੂੰ ਜਗਤ ਪਦਾਰਥਾਂ ਦੀ ਖੂਬ ਸੂਰਤੀ, ਸੁਵਾਦ ਅਤੇ ਖਿਚ ਅਲਪ ਜਾਪਣ ਲਗ ਪੈਂਦੇ ਹਨ ਤੇ ਉਹ ਨਿਜਾਨੰਦ ਦਾ ਆਨੰਦ ਪ੍ਰਾਪਤ ਕਟਕੇ ਆਪੇ ਵਿਚ ਗੁੰਮਦ, ਆਪੇ ਵਿਚ ਆਪਣੇ ਕੇਂਦਰ ਰੂਪ ਨੂੰ ਵੇਖਦਾ ਅਤੇ ਸਹਿਜ ਦੀ ਅਕਥ ਕਥਾ ਦਾ ਮਹਾਂ ਸਵਾਦ ਮਾਣਦਾ ਹੈ। ਮਹਾਂ ਪੁਰਖ ਦਾ ਮੇਲ ਮੋਈ ਮਿਟੀ ਵਿਚ ਜੀਵਨ—ਕਿਰਨ ਦਾ ਪ੍ਰਕਾਸ਼ ਕਰਦਾ ਹੈ ਤੇ ਇਸ ਪ੍ਰਕਾਸ਼ ਨਾਲ ਜਗਿਆਸੂ ਤੇ ਜੋ ਅਸਰ ਹੁੰਦਾ ਹੈ, ਉਸ ਨੂੰ ਓਹੋ ਸਜਣ ਜਾਣਦੇ ਹਨ, ਜਿਨ੍ਹਾਂ ਨੇ ਇਸ ਮਾਰਗ ਵਲ ਪੈਰ ਪਾਇਆ ਹੈ। ਇਸ ਅਸਰ ਨਾਲ ਜੀਵੇ ਹੋਏ ਅਨੇਕਾਂ ਗੁਰ ਸਿਖਾਂ, ਸੰਤਾਂ, ਭਗਤਾਂ ਅਤੇ ਸਾਂਈ ਲੋਕਾਂ ਦੀਆਂ ਜੀਵਨ ਕਥਾਵਾਂ ਮਨੁਖ ਬੋਲੀ ਵਿਚ ਅੰਕਿਤ ਹੋਈਆਂ ਮੌਜੂਦ ਹਨ ਤੇ ਇਹ ਕਥਾ ਜਿਸ ਦਾ ਜ਼ਿਕਰ ਮੈਂ ਇਸ ਲੇਖ ਵਿਚ ਕਰ ਰਿਹਾ ਹਾਂ,ਏਹੋ ਜਹੇ ਅਸਰ ਦਾ ਹੀ ਪਰਤੱਖ ਸਬੂਤ ਹੈ।

ਚਵਿੰਡੇ ਤੋਂ ਦਖਣ ਰੁਖ ਦੇ ਪਾਸੇ ਗਿੱਲਾਂ ਜ਼ਿਮੀਂਦਾਰਾਂ ਦਾ ਵਸਾਇਆ ਹੋਇਆ ਨਗਰ 'ਗਿੱਲ' ਵਸਦਾ ਹੈ। ਇਸ ਨਗਰ ਵਿਚ ਸਤਿ-ਗੁਰੂ ਦੇ ਸਵਾਰੇ ਸ੍ਰੀ ਸੰਤ ਜਸਜੀਤ ਸਿੰਘ ਜੀ ਰਹਿੰਦੇ ਸਨ। ਇਹ ਸੰਤ ਜੀ ਉਹੀ ਨਾਮ ਰਸ ਪਾਗੇ ਸਾਧੂ ਸਨ, ਜੋ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਤੇ ਸ੍ਰੀ ਗੁਰੂ ਬਾਲਕ ਸਿੰਘ ਜੀ ਦੇ ਪਹਿਲੇ ਮੇਲ ਸਮੇਂ ਸਤਿਗੁਰਾਂ ਦੇ ਨਾਲ ਸਨ। ਸਤਿ-

Sri Satguru Jagjit Singh Ji Elibrary NamdhariElibrary@gmail.com

ਗੁਰਾਂ ਨੇ ਆਪ ਨੂੰ ਇਸ ਇਲਾਕੇ ਦਾ ਸੂਬਾ ਥਾਪਿਆ ਸੀ ਤੇ ਆਪ ਦੇ ਉੱਚੇ ਜੀਵਨ ਦਾ ਸਦਕਾ ਸਾਰੇ ਇਲਾਕੇ ਵਿਚ ਸਿਖੀ ਦਾ ਬੀਜ ਬੀਜਿਆ ਜਾ ਚੁਕਾ ਸੀ। ਸਤਿਗੁਰਾਂ ਨੇ ਆਪ ਦੇ ਮਹਾਨ ਉੱਚੇ ਜੀਵਨ ਨੂੰ ਵੇਖਕੇ ਬਚਨ ਕੀਤਾ ਸੀ–"ਬਾਬਾ ਜੀ! ਜੇ ਆਪ ਵਰਗਾ ਇਕ ਇਕ ਸਾਧੂ ਹਰ ਪਰਗਣੇ ਵਿਚ ਮੌਜੂਦ ਹੋਵੇ, ਤਾਂ ਸਾਰੀ ਸ੍ਰਿਸ਼ਟੀ ਦਾ ਉਧਾਰ ਹੋ ਜਾਵੇ।

ਆਪ ਦੀ ਜਸ ਸੁਗੰਧੀ ਸੰਤ ਕੇਸਰ ਸਿੰਘ ਜੀ ਨੇ ਬਾਲਕ ਰੂਪ ਵਿਚ ਸੁਣੀ। ਮਨ ਚਾਉ ਪੈਦਾ ਹੋਇਆ ਕਿ ਮਹਾਂ ਪੁਰਸ਼ਾਂ ਦੇ ਦਰਸ਼ਨ ਕਰੀਏ ਤੇ ਉਹ ਉਚੀ ਦਾਤ ਲੱਭੀਏ ਜਿਸ ਦੀ ਪ੍ਰਾਪਤੀ ਲਈ ਸਾਨੂੰ ਮਨੁਖਾ ਦੇਹ ਮਿਲੀ ਹੈ। ਖਬਰ ਆਈ ਅਜ ਸੰਤਾਂ ਦਾ ਦੀਵਾਨ ਸਜਣਾ ਹੈ। ਤਿਆਰਾਕੀਤਾ ਤੇ ਗਿੱਲੀਂ ਚਲੇ ਗਏ। ਦੀਵਾਨ ਵਿਚ ਹਾਜ਼ਰੀ ਭਰੀ, ਮਹਾਂ ਅਨੰਦ ਦੇ ਸਾਗਰ ਵਿਚ ਰਜ ਰਜ ਕੇ ਟੁੱਭੇ ਲਾਏ ਅਤੇ ਓਦੋਂ ਤੀਕ ਘਰ ਵਾਪਸ ਨਾ ਪਰਤੇ, ਜਦ ਤੀਕ ਸ੍ਰੀ ਮਾਨ ਬਾਬਾ ਬਰੁਮਾ ਸਿੰਘ ਜੀ ਤੋਂ ਭਜਨ ਨਾ ਪੁਛ ਲਿਆ।

ਬਾਬਾ ਜੀ ਨੇ ਭਜਨ ਦਸਿਆ ਤੇ ਪੂਰਬਲੇ ਸ਼ੁਭ ਕਰਮਾਂ ਦਾ ਬੂਟਾ ਫੁਟ ਕੇ ਲੰਭਰੇ ਮਾਰਨ ਲਗਪਿਆ। ਮਸਤੀ ਦੀ ਦਸ਼ਾ ਵਰਤ ਗਈ ਤੇ ਘਰ ਬਾਰ ਦਾ ਚਿਤ ਚੇਤਾ ਵੀ ਨਾ ਰਿਹਾ। ਨਾ ਕਿਸ ਨਾਲ ਬਚਨ ਕਰਨ, ਨਾ ਕੁਝ ਖਾਣ ਨਾ ਕੁਝ ਪੀਣ ਤੇ ਬਸ ਭਜਨ ਵਿਚ ਹੀ ਨਿਮਗਨ ਰਹਿਣ। ਤਨ ਨੂੰ ਖੁਰਾਕ ਪੁਚਾਣ ਦਾ ਖਿਆਲ ਹੀ ਨਾ ਰਿਹਾ ਤੇ ਸੁਰਤੀ ਦਾ ਸਾਰਾ ਰੁਖ ਰੂਹ ਨੂੰ ਗਿਜ਼ਾ ਦੇਣ ਵਲ ਹੋ ਗਿਆਂ। ਬਾਬਾ ਜਸੀਤ ਸਿੰਘ ਜੀ ਨੇ ਇਹ ਹਾਲਤ ਵੇਖੀ ਤਾਂ ਗੁਰਮੁਖਾਂ ਵਾਲੀ ਜੁਗਤੀ ਨਾਲ ਆਪ ਨੂੰ ਖਾਣ ਪੀਣ ਤੇ ਗਲ ਬਾਤ ਕਰਨ ਦੀ ਪ੍ਰੇਰਨਾ ਕੀਤੀ। ਸਚ ਮੁਚ ਜਦ ਆਤਮਾ ਕਿਸੇ ਉਚੇ ਪਦਾਰਥਾਂ ਨੂੰ ਭੁੰਚਨ ਲਗ ਜਾਂਦੀ ਹੈ, ਤਾਂ ਸ੍ਰੀਰਕ ਭੋਗਾਂ ਦਾ ਖਿਆਲ ਠੀਕ ਵੀ ਨਹੀਂ ਰਹਿੰਦਾ। ਕਿਸੇ ਮਹਾਂ ਪੁਰਸ਼ ਨੇ ਕਿਹਾ ਹੈ--

"ਮਨ ਪਰਕਾਸ਼ਕ ਦੇਹ ਕਾ, ਸਭ ਇੰਦ੍ਰੀ ਕੀ ਲੇ ਸਾਰ। ਸੋਜਾਇ ਰਹਿਓ ਨਿਜ ਪ੍ਰੀਤਮੈਕੇ ਕਰ ... ਦੇਹ ਸੰਭਾਰ।"

ਕਬੀਰ ਜੀ ਨੇ ਇਸੇ ਪਰਥਾਏ ਕਿਹਾ ਹੈ–

"ਕਬੀਰ ਸਤਿਗੁਰ ਸੂਰਮੇ ਬਾਹਿਆ ਬਾਨ ਜੁ ਏਕ। ਲਾਗਤ ਹੀ ਭੁਇ ਗਿਰ ਪਰਾ, ਪਰਾ ਕਰੇਜੇ ਛੇਕ?"

ਸੰਤ ਜਸੀਤ ਸਿੰਘ ਜੀ ਨੂੰ ਸਤਿਗੁਰੂ ਦੇ ਮਸਤਾਨਿਆਂ ਨਾਲ ਖਾਸ ਪਿਆਰ ਸੀ ਅਤੇ ਉਹ ਏਹਨਾਂ ਅਨੰਤ ਮੰਡਲ ਵਿਚ ਉਡਾਰੀਆ ਲੈਣ ਵਾਲੀਆਂ ਰੂਹਾਂ ਦੀ ਸੇਵਾ ਲਈ ਆਪਣਾ ਆਪ ਵੇਚਣੋਂ ਸੰਕੋਚ ਨਹੀਂ ਸਨ ਕਰਦੇ। ਬਾਬਾ ਜੀ ਨੂੰ ਪ੍ਰੇਮੀਆਂ ਦੀ ਇਸ ਆਪਾ ਭੁਲਾਊ ਦਸ਼ਾ ਦਾਪਤਾ ਸੀ ਤੇ ਉਹ ਜਾਣ ਦੇ ਸਨ, ਕਿ–

ਗੂੰਗਾ ਹੂਆਬਾਵਰਾ ਬਹਰਾ ਹੂਆ ਕਾਨ। ਪਾਵਹੁ ਤੇ ਪਿੰਗਲ ਭਇਆ ਮਾਰਿਆ ਸਤਿਗੁਰ ਬਾਨ।

ਹਾਂ ਅੰਤਰ ਆਤਮੇ ਰੰਗ ਲਗ ਜਾਂਦਾ ਹੈ ਤੇ ਪ੍ਰੇਮੀ ਸਭ ਕੁਝਭੁਲ ਕੇ ਕਹਿੰਦੇ ਹਨ:–

ਕਤ ਜਾਈਐ ਰੇ ਘਰ ਲਾਗੋ ਰੰਗ।
ਮੇਰਾ ਚਿਤਨਾ ਚਲੈ ਮਨ ਭਇਉ ਪੰਗ।

ਜਦ ਪ੍ਰੇਮੀਆਂ ਤੇ ਹਾਲ ਇਹ ਵਰਤਦਾ ਹੈ ਤਾਂ ਕਈ ਤਾਂ ਮਗਨ ਹੋ ਜਾਂਦੇ ਹਨ ਅਤੇ ਕਈ ਗੁਰੂ ਬਾਲਕ ਸਿੰਘ ਜੀ ਦੇ ਬਾਂਕੇ ਸੇਵਕਾਂ ਵਾਂਗ ਲਬਾ ਲਬ ਭਰੇ ਪਿਆਲੇ ਵਾਗ ਛਲਕ ਉਠਦੇ ਹਨ। ਬਾਂਕੇ ਦੀ ਕਥਾ ਨਾਮ-ਧਾਰੀ ਸੰਗਤਾਂ ਪਾਸੋਂ ਲੁਕੀ ਹੋਈ ਨਹੀਂ। ਸ੍ਰੀ ਗੁਰੂ ਬਾਲਕ ਸਿੰਘ ਜੀ ਪਾਸੋਂ ਨਾਮ

Sri Satguru Jagjit Singh Ji Elibrary NamdhariElibrary@gmail.com

ਪ੍ਰਤਾਪ ਕਰਨ ਸਾਰ ਖੀਵੇ ਹੋ ਗਏ ਸਨ। ਯਥਾ:-

ਬਾਲਕ ਮ੍ਰਿੰਦ ਜੂ ਗੋਬਿੰਦ ਨਾਮ ਸਾਰ,
ਜਪ, ਤਪ, ਕਰ ਤੇਜ ਕੀਨੀ ਸ਼ਬਦ ਕਟਾਰ ਜਬ।
ਏਕ ਬਾਂਕੇ ਸੇਵਕ ਪੈ ਜੌਹਰ ਅਜ਼ਮਾ-
ਵਨੇ ਕੋ ਸ਼ਬਦ ਕਟਾਰ ਕੇਰਾ ਕੀਨਾ ਉਨ
ਵਾਰ ਤਬ। ਲਾਗਤ ਸੋ ਲਬਾ ਲਬ, ਲਬਾ
ਲਬ ਕਹਿਨ ਲਗੋ, ਕਬੀ ਖੂਬ ਕੂਦ ਕਹੈ
ਅੰਬਰ ਖਿਲਾਰ ਫਬ। ਬੈਠੋ ਗੁਰੂ ਬਾਲਕ
ਸਿੰਘ, ਬੈਠੋ ਗੁਰੂ ਰਾਮ ਸਿੰਘ, ਬਾਬਾ ਬੁੱਧਸਿੰਘ
ਈਹੋ ਬੈਠੋ ਸਰਕਾਰ ਤਬ।

ਇਸ ਮਸਤੀ ਦੀ ਹਾਲਤ ਵਿਚ ਆਪ ਗਿਲੀਂ ਹੀ ਟਿਕ ਗਏ। ਦਿਨ ਰਾਤ ਨਾਮ ਜਪਦੇ, ਰਸ ਵਿਚ ਰਹਿੰਦੇ ਅਤੇ ਸਾਧ ਸੰਗਤ ਦੀ ਸੇਵਾ ਕਰਕੇ ਜਨਮ ਜਨਮ ਦਾ ਲਾਹ ਖਟਦੇ। ਭਰ ਜਵਾਨੀ ਤੀਕ ਇਸੇ ਰੰਗ ਵਿਚ ਇਥੇ ਹੀ ਰਹੇ ਅਤੇ ਆਪਦੀ ਜਸ ਸੁਗੰਧੀ ਸਾਰੇ ਇਲਾਕੇ ਵਿਚ ਪਸਰ ਗਈ। ਦਰਸ਼ਨਾਂ ਹਿਤ ਲੁਕਾਈ ਉਮਡਨ ਲਗ ਪਈ, ਅਤੇ ਆਪ ਨੂੰ ਇਹ ਆਵਾ ਜਾਈ ਚੰਗੀ ਨਾਂ ਲਗੀ। ਆਪਨੇ ਸੁਣਿਆਂ ਹੋਇਆ ਸੀ:-

ਦੀਦਸ਼ਨਾਖਤ ਸਿਫਤ ਜਹਿੰ,
ਸਾਧੂ ਠਹਿਰੇ ਨਾਂਹਿ।
ਹਿਤ ਮਾਨਦਿਕ ਬਿਘਨ ਤੇ,
ਸੋ ਮਨ ਮੇਂ ਡਰ ਖਾਹਿ।

ਸੰਤਾਂ ਦੀ ਉਮਰ ਇਸ ਵੇਲੇ ੨੮-੨੯ ਸਾਲਾਂ ਦੀ ਸੀ। ਆਪ ਨੇ ਗਿੱਲਾਂ ਤੋਂ ਛੁਟੀ ਲਈ ਤੇ ਨਗਰ 'ਸਿਖਾਣੀ' ਭਾਈ ਹੁਕਮ ਸਿੰਘ ਜੀ ਸ਼ਾਹ ਪਾਸ ਆ ਟਿਕੇ। ਸ਼ਾਹ ਹੁਰਾਂ ਨੇ ਆਪਦੀ ਕੀਰਤੀ ਤਾਂ ਅਗੇ ਹੀ ਸੁਣੀ ਹੋਈ ਸੀ, ਪਰ ਜਿਸ ਵੇਲੇ ਆਪਦੀ ਉਚੀ ਅਵਸਥਾ ਨੂੰ ਅਖੀਂ ਵੇਖਿਆ, ਤਾਂ ਕੁਰ-ਬਾਨ ਹੋ ਗਏ। ਇਕ ਦਿਨ ਹਥ ਜੋੜ ਅਰਜ਼ ਕਰਨ ਲਗੇ-"ਇਹ ਲੰਗਰ ਜਿਸ ਦੀ ਸੇਵਾ ਦਾ ਭਾਰ ਮੇਰੇ ਕਮਜੋਰ ਮੋਢਿਆਂ ਤੇ ਹੈ, ਕ੍ਰਿਪਾ ਕਰਕੇ ਤੁਸੀ ਚੁਕ ਲਵੋ ਤੇ ਮੈਨੂੰ ਆਪਣੀ ਅਰਦਲ ਵਿਚ ਸੇਵਾ ਕਰਨ ਦਾ ਮਾਣ ਬਖਸ਼ੋ।"

ਸੰਤਾਂ ਨੇ ਕਿਹਾ-"ਮੈਂ ਕਿਸੇ ਕਾਰ ਦਾ ਬੀੜਾ ਨਾ ਚੁਕਣ ਤੋਂ ਹੀ ਘਰੋਂ ਨਿਕਲਿਆ ਹਾਂ, ਪਰ ਭਾਈ ਜੇ ਤੂੰ ਇਹ ਬਚਨ ਦੇਵੇਂ ਕਿ ਮੈਂ ਹੋ ਅਓਂਦਾ ਆਪਣੇ ਵਲੋਂ ਫਰਕ ਨਹੀਂ ਰਖਾਂਗਾ, ਲੰਗਰ ਵਿਚ ਕਾਣੀ ਵੰਡ ਨਹੀ ਵਰਤੇਗੀ, ਕਿਸੇ ਦਾ ਦਿਲ ਨਹੀਂ ਦੁਖਾਇਆ ਜਾਵੇਗਾ, ਗੁਰਮਤ ਤੋਂ ਉਲਟ ਕੋਈ ਵਰਤਾਰਾ ਨਹੀ ਵਰਤੇਗਾ, ਸੇਵਾ ਜੋਗ ਸਜਣ ਨੂੰ ਸੇਵਾ ਮਿਲੇਗੀ, ਹੁਕਮ ਪਾਬੰਦੀ ਕਿਸੇ ਤੇ ਨਹੀ ਹੋਵੇਗੀ ਸਾਦਾ, ਖਾਧਾ ਤੇ ਸਾਦਾ ਪਹਿਨਿਆਂ ਜਾਵੇਗਾ, ਲਿਹਾਜ ਪਾਜ ਕਿਸੇ ਦਾ ਨਾ ਹੋਵੇਗਾ ਤੇ ਸਾਰੇ ਸਕੇਸੀ ਅਸ਼ਨਾਨ ਕਰਕੇ ਸੇਵਾ ਦਾ ਲਾਹ ਲਿਆ ਕਰਨਗੇ, ਤਾਂ ਮੈਂ ਇਹ ਭਾਰ ਧੰਨ ਭਾਗ ਜਾਣਕੇ ਚੁਕ ਲੈਂਦਾ ਹਾਂ। ਇਸ ਦੇ ਉਲਟ ਜੇ ਕੋਈ ਕਾਰ ਵਰਤੀ ਤਾਂ ਜਿਨਾਂ ਚਿਰ ਹੋ ਆਵੇਗੀ ਮੈ ਸੇਵਾ ਕਰਾਂਗਾ।

ਇਹ ਬਚਨ ਜੁੜੀ ਸੰਗਤ ਵਿਚ ਹੋਏ ਤੇ ਜਿਨ੍ਹਾਂ ਨੂੰ ਭਾਈ ਹੁਕਮ ਸਿੰਘ ਜੀ ਨੇ ਸਤਿ--ਕਹਿਕੇ ਪਰਵਾਨ ਕਰ ਲਿਆ। ਸੰਤ ਕੇਸਰ ਸਿੰਘ ਜੀ ਵੇਖਣ ਨੂੰ ਤਾਂ ਅਨ ਪੜ੍ਹ ਸਨ, ਪਰ ਨਾਮ ਦਾ ਅੰਤਰ ਪ੍ਰਕਾਸ਼ ਹੋਣ ਕਰਕੇ ਉਹ ਸੋਝੀ ਸੀ, ਜੋ ਪੜ੍ਹੇ ਲਿਖੇ ਵਿਦਵਾਨ ਪੰਡਤ ਹਜ਼ਾਰਾਂ ਜਨਮਾਂ ਦੀ ਪੜ੍ਹਾਈ ਨਾਲ ਪ੍ਰਾਪਤ ਨਹੀ ਕਰ ਸਕਦੇ। ਇਤਿਹਾਸ

Sri Satguru Jagjit Singh Ji Elibrary NamdhariElibrary@gmail.com

ਅਤੇ ਗੁਰਬਾਣੀ ਦਾ ਚੋਖਾ ਹਿਸਾ ਕੰਠ ਹੋ ਗਿਆ ਅਤੇ ਬਚਨ ਕਰਨ ਸਮੇਂ ਰਸਨਾਂ ਵਿਚੋਂ ਉਹ ਗਲਾਂ ਸਹਿਜੇ ਹੀ ਨਿਕਲ ਜਾਂਦੀਆਂ ਜੋ ਮਹਾਂ ਗਿਆਨੀ ਹੀ ਕਰਦੇ ਹਨ।

ਇਹ ਗਲ ਦਸਣ ਦੀ ਲੋੜ ਨਹੀ ਕਿ ਸਿਖੀ ਨਿਰੀ ਕਮਾਈ ਹੈ ਤੇ ਜਿਹੜਾ ਕਮਾਈ ਕਰਦਾ ਹੈ ਉਸ ਨੂੰ ਇਹ ਦਾਤ ਪ੍ਰਾਪਤ ਹੁੰਦੀ ਹੈ, ਪਰ ਉਹ ਲੋਕ ਜੋ ਇਸ ਨੂੰ ਆਪਣੇ ਜੀਵਨ ਵਿਚ ਨਹੀ ਵਸੌਂਦੇ ਤੇ ਕੇਵਲ ਗਲਾਂ ਨਾਲ ਹੀ ਸਿਖ ਬਣਨਾਂ ਚਾਹੁੰਦੇ ਹਨ, ਓਹਨਾਂ ਨੂੰ ਸਿਖੀ ਦੀ ਪਾਹ ਵੀ ਨਹੀ ਲਗਦੀ। ਉਹ ਕੋਰੇ ਦੇ ਕੋਰੇ ਹੀ ਰਹਿੰਦੇ ਹਨ ਤੇ ਜਿਸ ਕਰਕੇ ਗੁਰਸਿਖੀ ਵਿਚ ਉਹਨਾ ਲਈਕੋਈ ਟਿਕਾਣਾਂ ਨਹੀ ਹੁੰਦਾ। ਸੰਤਾਂ ਨੇ ਸਿਖੀ ਨੂੰ ਅਮਲ ਵਿਚ ਲਿਆਕੇ ਦਸਿਆ ਤੇ ਉਨ੍ਹਾਂ ਚੀਨੀ ਵਾਲੇ ਪਾਤਸ਼ਾਹ ਦੇ ਉਹਹੁਕਮ ਜੋ ਉਹਨਾਂ ਨੇ ਸਿਖਾਂ ਪ੍ਰਤਿ ਕੀਤੇ ਸਨ, ਉਹਨਾਂ ਤੇ ਅੰਤਮ ਸਵਾਸਾਂ ਤਕ ਪਹਿਰਾ ਦਿਤਾ।

੩.

ਸੰਤ ਸਵਾ ਪਹਿਰ ਦੇ ਤੜਕੇ ਉਠਦੇ, ਅਸ਼ਨਾਨ ਸੋਧਦੇ, ਰਸਨਾ ਨਾਮ ਜਪਦੀ ਤੇ ਹਥ ਕਾਰ ਕਰਦੇ। ਲੰਗਰ ਦਾ ਸਾਰਾ ਜਲ ਹਥੀਂ ਢੋਣਾਂ, ਸਭ ਨੂੰ ਆਪ ਅਸ਼ਨਾਨ ਕਰਾਉਣਾ ਤੇ ਸੇਵਾ ਵਿਚ ਮਸਤ ਹੋਕੇ ਸੇਵਾ ਰੂਪ ਹੀ ਹੋ ਜਾਣਾ। ਕਦੇ ਕੋਈ ਸਜਣ ਕਹਿੰਦਾ— 'ਜੀ ਸੰਗਤ ਨੂੰ ਅਸ਼ਨਾਨ ਕਰਾਉਣ ਦੀ ਸੇਵਾ ਦਾ ਸੁਭਾਗ ਮੈਨੂੰ ਬਖਸ਼ੋ, ਤਾਂ ਕਹਿੰਦੇ—"ਹਛਾ ਭਾਈ ਜਿਹੜਾ ਭਲਕੇ ਖੂਹੀ ਤੇ ਸਭਤੋਂ ਪਹਿਲਾਂ ਆ ਜਾਵੇ, ਸੇਵਾ ਦਾ ਲਾਹ ਉਹ ਲੈ ਲਵੇ।"

ਜਿਦਨ ਇਹ ਬਚਨ ਕਰਦੇ ਰਾਤ ਖੂਹੀ ਤੇ ਹੀ ਆ ਜਾਂਦੇ। ਜਗਰਾਤਾ ਕਟਦੇ ਤੇ ਗੜਵਾ ਲੈਕੇ ਸੇਵਾ ਲਈ ਕਮਰ ਕਸੀ ਰਖਦੇ। ਜੇ ਮਝਾਂ ਦੀ ਸੇਵਾ ਲੈਂਦੇ ਤਾਂ ਕਿੱਲੇ ਤੇ ਬਧੀਆਂ ਮਝਾਂ ਨੂੰ ਹੀ ਪਾਣੀ ਪਿਲਾਂਦੇ ਤੇ ਮਲ ਮਲਕੇ ਨੁਲ੍ਹਾਂਦੇ। ਦਯਾ ਤੁਰਸ ਦਾ ਇਹ ਹਾਲ ਸੀ ਕਿ ਇਕ ਵੇਰਾਂ ਭਾਈ ਹੁਕਮ ਸਿੰਘ ਜੀ ਦੀ ਧਰਮ ਪਤਨੀ ਨੂੰ ਵੀਹਾਂ ਕੋਹਾਂ ਦੀ ਵਾਟੇ ਘੋੜੀ ਤੇ ਛਡਨ ਗਏ। ਜਿਸ ਵੇਲੇ ਬੀਬੀ ਨੂੰ ਛਡ ਆਏ, ਤਾਂ ਘੋੜੀ ਤੇਸਵਾਰੀ ਕਰਨ ਦੀ ਥਾਂ, ਨਾ ਕੇਵਲ ਪੈਦਲ ਹੀ ਤੁਰਦੇ ਆਏ, ਬਲਕਿ ਘੋੜੀ ਦੀ ਕਾਠੀ ਤੇ ਤਾਹੜੂ ਵੀ ਆਪਣੇ ਸਿਰ ਤੇ ਚਾਦੀ ਲਿਆਏ। ਇਸ ਹਾਲਤ ਵਿਚ ਔਂਦਿਆਂ ਨੂੰ ਜਦ ਭਾਈ ਹੁਕਮ ਸਿੰਘ ਜੀ ਨੇ ਵੇਖਿਆ, ਤਾਂ ਪੁਛਣ ਤੇ ਕਹਿਣ ਲਗੇ—'ਸ਼ਾਹ ਜੀ ਅਸੀਂ ਸਾਧੂ ਫਕੀਰ ਹਾਂ, ਬੇਜ਼ਬਾਨ ਜਾਨਵਰਾਂ ਤੇ ਸਾਨੂੰ ਤਰਸ ਕਰਨਾ ਲੋੜ ਏ ਤੇ ਜਿਨ੍ਹਾਂ ਭਾਰ ਦਾ ਵੰਡਾਇਆ ਜਾ ਸਕਦਾ ਹੈ, ਵੰਡਾਈਏ।

ਇਕ ਦਿਨ ਦੀ ਗਲ ਹੈ ਕਿ ਭਾਈ ਹੁਕਮ ਸਿੰਘ ਜੀ ਨੇ ਆਪ ਨੂੰ ਬਲਦ ਦੀ ਰਾਖੀ ਲਈ ਅਰਜ ਕੀਤੀ। ਸਤ ਬਚਨ ਕਹਿਕੇ ਬਲਦ ਦੇ ਪਾਸ ਜਾ ਬੈਠੇ। ਸਾਰੀ ਰਾਤ ਜਾਗਦੇ ਤੇ ਭਜਨ ਕਰਦੇ ਰਹੇ। ਜਦ ਅੰਮ੍ਰਿਤ ਵੇਲਾ ਹੋਇਆ ਤਾਂ ਦੋ ਚਿਤੀ ਵਿਚ ਪੈ ਗਏ। ਸੋਚਨ ਮੈਂ ਰਾਖਾ ਬਣਕੇ ਬੈਠਾ ਹਾਂ। ਵੇਲਾ ਅਸ਼ਨਾਨ ਕਰਨ ਦਾ ਹੈ, ਪਰ ਜੇ ਅਸ਼ਨਾਨ ਕਰਨ ਜਾਂਦਾ ਹਾਂ, ਤਾਂ ਆਪਣੀ ਡਿਊਟੀ ਵਿਚ ਫਰਕ ਆਉਂਦਾ ਹੈ ਤੇ ਜੇ ਅਸ਼ਨਾਨ ਨਹੀਂ ਕਰਦਾ ਤਾਂ ਗੁਰ ਹੁਕਮ ਦੀ ਉਲੰਘਨਾਂ ਹੁੰਦੀ ਹੈ। ਆਖਰ ਇਹ ਜੁਗਤ ਫੁਰੀਓਨੇ ਕਿ ਖੂਹ ਜੋ ਹਵੇਲੀ ਦੇ ਪਾਸ ਸੀ ਪੁਠੀ ਪੈਰੀਂ ਓਸ ਵਲ ਜਾਵਾਂ ਤੇ ਜਾਕੇ ਅਸ਼ਨਾਨ ਕਰਕੇ ਝਟ ਪਟ ਵਾਪਸ ਆ ਜਾਵਾਂ ਆਪ ਨੇ ਇਸੇ ਤਰਾਂ ਕੀਤਾ ਤੇ ਬਚਨ ਵਿਚ ਫਰਕ ਨਾ ਆਉਣ ਦਿਤਾ।

Sri Satguru Jagjit Singh Ji Elibrary NamdhariElibrary@gmail.com

ਜਤ ਸਤ ਦਾ ਹਾਲ

ਜਵਾਨੀ ਦੇ ਆਰੰਭ ਤੋਂ ਹੀ ਆਪ ਘਰੋਂ ਨਿਕਲ ਆਏ ਸਨ ਤੇ ਆਪ ਦਾ ਅਨੰਦ ਕਾਰਜ ਨਹੀਂ ਸੀ ਹੋਇਆ। ਜਦ ਜਵਾਨੀ ਦਾ ਜ਼ੋਰ ਸੀ, ਤਾਂ ਆਪ ਮਸਤ ਰੰਗਾਂ ਵਿਚ ਵਿਚ ਖੇਡਦੇ ਸਨ ਤੇ ਆਪ ਨੂੰ ਕਦੇ ਸੁਪਨੇ ਵਿਚ ਵੀ ਇਸਤ੍ਰੀ ਦਾ ਖਿਆਲ ਨਹੀਂ ਸੀ ਆਇਆ। ਆਪਦਾ ਲੰਮਾਂ ਤੇ ਸਿੱਧਾ ਕੱਦ, ਰਜਵੇਂ ਸੋਹਣੇ ਨਕਸ਼, ਮਲਸ ਅਲਸੜ ਨੈਣ ਅਤੇ ਸਾਦਾ ਜਿਹਾ ਪਹਿਰਾਵਾ ਆਪਣੇ ਅੰਦਰ ਅਨੇਕਾਂ ਖਿੱਚਾਂ ਰਖਦਾ ਸੀ। ਇਕ ਜਵਾਨ ਇਸਤ੍ਰੀ ਆਪਦੀ ਜਵਾਨੀ ਤੇ ਜਵਾਨੀ ਦੀ ਸੁੰਦਰਤਾ ਨੂੰ ਵੇਖਕੇ ਮੋਹੀ ਗਈ। ਮੋਹ ਵਸ ਹੋਕੇ ਉਹ ਆਪ ਦੇ ਮਗਰ ਲਗ ਪਈ ਤੇ ਜਦ ਕਦੇ ਆਪਨੂੰ ਇਕਾਂਤ ਵਿਚ ਵੇਖਦੀ, ਕਾਮਾਤੁ ਹੋਈ, ਕਈ ਤਰਾਂ ਦੀਆਂ ਗੱਲਾਂ ਕਰਨ ਲਗ ਪੈਂਦੀ। ਮਸਤੀ ਦੇ ਰੰਗ ਵਿਚ ਰੰਗੇ ਸੰਤਾਂ ਨੂੰ ਉਸ ਦੀਆਂ ਗਲਾਂ ਪੋਂਹਦੀਆਂ ਵੀ ਨਾ। ਜੇ ਕਦੇ ਬੋਲਦੇ ਤਾਂ ਉਸ ਨੂੰ ਮਾਈ ਭੈਣ ਕਹਿਕੇ ਸੁਮਤ ਬਖਸ਼ਦੇ, ਪਰ ਉਹ ਆਸ਼ਕਤ ਹੋਈ ਇਸਤ੍ਰੀ ਆਪਣੇ ਹਠ ਤੇ ਕਾਇਮ ਰਹਿੰਦੀ ਤੇ ਆਪਨੂੰ ਜਫੇ ਮਾਰਨ ਲਗ ਜਾਂਦੀ। ਅਖੀਰ ਜਾਂ ਸੰਤਾਂ ਨੇ ਕੋਈ ਵਾਹ ਚਲਦੀ ਨਾ ਵੇਖੀ ਤਾਂ ਤੰਗ ਆਕੇ ਸਥਾਣਿਆਂ ਤੋਂ ਨਿਕਲ ਤੁਰੇ। ਇਸਤ੍ਰੀ ਨੂੰ ਸੰਤਾਂ ਦਾ ਪਤਾ ਲਗਾ, ਤਾਂ ਉਹ ਵੀ ਮਗਰ ਹੀ ਨਸ ਪਈ ਤੇ ਸੰਤਾਂ ਨੂੰ ਉਜਾੜ ਵਿਚ ਘੇਰਕੇ ਖਲੋ ਗਈ। ਸੰਤ ਉਚੀਆਂ ਬਾਹਾਂ ਕਰਕੇ ਦੁਹਾਈਆਂ ਦੇਣ ਲਗ ਪਏ—"ਹਾਇ, ਸਤਿਗੁਰੂ ਰਾਮ ਸਿੰਘ! ਰਖਲੈ।"

ਦੁਹਾਈਆਂ ਦੇਂਦੇ ਹੀ ਆਪ ਬੇਹੋਸ਼ ਹੋਕੇ ਡਿਗ ਪਏ। ਉਸ ਕਾਮਾਤੁ ਇਸਤ੍ਰੀ ਨੇ ਇਸ ਹਾਲਤ ਵਿਚ ਸਾਰੇ ਜਤਨ ਕੀਤੇ, ਪਰ ਧੰਨ ਸੰਤ ਕੇਸਰ ਸਿੰਘ ਜੀ ਕਿ ਜਿਨ੍ਹਾਂ ਤੇ ਉਸਦਾ ਕੋਈ ਜਾਦੂ ਵੀ ਨਾ ਚਲਿਆ। ਅਖੀਰ ਉਸ ਇਸਤ੍ਰੀ ਦਾ ਅਨੰਦ ਕਾਰਜ ਕਿਲ੍ਹਾ ਸੁਭਾ ਸਿੰਘ ਦੇ ਭਾ: ਝੰਡਾ ਸਿੰਘ ਨਾਲ ਕਰ ਦਿਤਾ ਗਿਆ।

ਸੰਤ ਗੁਜਰਾਂ ਵਾਲੇ

ਬਿਹੰਗਮ ਬਿਰਤੀ ਵਿਚ ਹੀ ਸੰਤ ਗੁਜਰਾਂ ਵਾਲੇ ਜਾ ਰਹੇ ਅਤੇ ਸਾਲ੍ਹਾਂ ਬੱਧੀ ਓਥੇ ਹੀ ਟਿਕੇ ਰਹੇ। ਜੋਹੜਾ ਵਾਕ ਮੂੰਹੋਂ ਨਿਕਲਦਾ ਸਿਧ ਹੋ ਜਾਂਦਾ ਤੇ ਏਸ ਤਰਾਂ ਅਨੇਕਾਂ ਸਜਣਾਂ ਦੀਆਂ ਮਨੋ ਕਾਮਨਾਵਾਂ ਸੁਤੇ ਹੀ ਪੂਰਨ ਹੋ ਗਈਆਂ। ਇਕ ਦਿਨ ਹਿੰਦੂ ਚੱਕ ਦਾਸ ਦੇ ਰਹਿ ਆਏ। ਆਪ ਦੇ ਨਾਲ ਭਾਈ ਲਹਿਣਾ ਸਿੰਘ ਲੁਬਾਣਾਂ ਅਤੇ ਇਕ ਕੁੱਤਾ ਸੀ। ਭਾ: ਲਹਿਣਾ ਸਿੰਘ ਉਂਵ ਤਾਂ ਚੰਗਾ ਗੁਰ ਸਿਖ ਸੀ, ਪਰ ਖਾਣ ਪੀਣ ਦਾ ਚਸਕਾ ਚੋਖਾ ਸਾਸੁ। ਜਿਸ ਸਿਖ ਦੇ ਘਰ ਲਵੇਰਾ ਤੇ ਹੋਰ ਪਦਾਰਥ ਨਾ ਹੁੰਦੇ, ਉਸ ਵਲ ਘਟ ਵਧ ਹੀ ਪ੍ਰਸਾਦ ਮੰਨਦਾ। ਉਸ ਦਾ ਇਹ ਹਾਲਤ ਵੇਖ ਕੇ ਮੇਰੇ ਪਿਤਾ ਨੇ ਸੰਤਾਂ ਪਾਸ ਸ਼ਕਾਇਤ ਕੀਤੀ। ਸੰਤਾਂ ਨੇ ਬਚਨ ਕੀਤਾ, ਇਹ ਪਿਛਲੇ ਜਨਮ ਦਾ ਭੁੱਖਾ ਹੈ, ਪਰ ਹੁਣ ਸਤਿਗੁਰੂ ਰਾਮ ਸਿੰਘ ਜੀ ਦੇ ਬਚਨ ਅਨੁਸਾਰ ਇਸ ਦੀ ਤੇ ਏਹੋ ਜਹੇ ਹੋਰਨਾਂ ਦੀ ਜਨਮ ਜਨਮਾਤ੍ਰਾਂ ਦੀ ਭੁਖ ਦੂਰ ਕਰ ਦਿਆਂਗਾ।

ਜਿਥੇ ਰਹਿੰਦੇ, ਘਰ ਵਾਲਿਆਂ ਨੂੰ ਨਾਲ ਹੀ ਉਠਾਲ ਲੈਂਦੇ ਤੇ ਸਭ ਨੂੰ ਅਸ਼ਨਾਨ ਕਰਵਾਉਂਦੇ। ਇਕ ਦਿਨ ਆਪ 'ਤਾਜੋ ਕੇ' ਇਕ ਸੰਬੰਧੀ ਦੇ ਘਰ ਜਾ ਰਹੇ। ਅੰਮ੍ਰਿਤ ਵੇਲੇ ਉਸ ਨੂੰ ਅਸ਼ਨਾਨ ਕਰਨ ਲਈ ਉਠਾਇਆ। ਉਹ ਨਾ ਉਠਿਆ, ਤੇ ਉਸਨੂੰ ਲੀੜਿਆਂ ਸਣੇ ਫੜ

Sri Satguru Jagjit Singh Ji Elibrary NamdhariElibrary@gmail.com

ਕੇ ਛਪੜ ਵਿਚ ਸਵੇਰ ਤਕ ਖਲੋਤੇ ਰਹੇ।

ਸੋਧੀਆਂ ਨੂੰ ਛਾਹ ਵੇਲੇ ਜਾਂ ਰੋਟੀ ਵੇਲੇ ਅਸ਼ਨਾਨ ਕਰਦਿਆਂ ਵੇਖ ਕੇ ਕਹਿੰਦੇ—ਇਹ ਰੋਟੀ ਦਾ ਨ੍ਹਾਉਣ ਹੈ, ਗੁਰੂ ਦੇ ਹੁਕਮ ਦਾ ਨ੍ਹਾਉਣ ਪ੍ਰਭਾਤ ਵੇਲੇ ਹੁੰਦਾ ਹੈ। ਉਹ ਸੋਧ ਕਿਸੇ ਗੁਣ ਨਹੀਂ ਜੋ ਸਵੇਰ ਦਾ ਅਸ਼ਨਾਨ ਰੋਕਦੀ ਹੈ। ਭਾਵੇਂ ਵਿਹਾਰੀ ਹੁੰਦਾ ਜਾਂ ਸੋਧੀ, ਕਹਿੰਦੇ ਕਿ ਅੰਮ੍ਰਤ ਵੇਲੇ ਦਾ ਅਸ਼ਨਾਨ ਨਹੀਂ ਉਕਾਣਾ ਚਾਹੀਦਾ।

ਉਹਨਾਂ ਦਾ ਅੰਦਰ ਚੀਨੀ ਵਾਲੇ ਦੀ ਯਾਤ ਵਿਚ ਹਰ ਵੇਲੇ ਭਰਿਆ ਰਹਿੰਦਾ ਤੇ ਜਦ ਬਿਰਹੋਂ ਦਾ ਅਤਿ ਜ਼ੋਰ ਹੁੰਦਾ ਤਾਂ ਉਚੀ ਬਾਂਹ ਕਰਕੇ ਕਹਿੰਦੇ "ਹਾਇ ! ਗੁਰੂ ਰਾਮ ਸਿੰਘ ਨਾ ਵਿਸਰੇ !" ਇਹ ਬਚਨ ਕਹਿੰਦਿਆਂ ਆਪ ਦੇ ਨੇਤਰ ਛਮਾਂ ਛਮ ਵਸਣ ਲਗ ਜਾਂਦੇ ਤੇ ਕਰੁਣਾ ਦਾ ਰਪ ਹੋਕੇ ਵੇਖਣ ਵਾਲੇ ਨੂੰ ਵੀ ਜਲ ਹਾਰ ਕਰ ਦੇਂਦੇ।

ਜੇ ਕਿਸੇ ਨੂੰ ਮੋਢੇ ਤੇ ਡਾਂਗ ਚੁਕੀ ਵੇਖਦੇ ਤਾਂ ਆਖਦੇ—"ਲੜਾਈ ਮੋਢੇ ਤੇ ਚੁਕੀ ਫਿਰਦਾ ਏਂ ? ਤੇ ਖੂਹ ਜੋ ਏਦੂੰ ਹੌਲਾ ਹੈ ਅਤੇ ਜੋ ਆਪਣਾ ਤੇ ਹੋਰਨਾਂ ਦਾ ਵੀ ਭਲਾ ਕਰਦਾ ਹੈ, ਉਹ ਨਹੀਂ ਚੁਕ ਸਕਦਾ ?" ਖੂਹ ਤੇ ਭਾਵ ਆਪ ਗੜਵੇ ਦਾ ਲੈਂਦੇ ਸਨ। ਜੇ ਕੋਈ ਸੋਧੀ ਖੁੱਲ੍ਹੇ ਨੂੰ ਪਾਣੀ ਨਾ ਪਿਲਾਓਂਦਾ, ਤਾਂ "ਹਾਇ ਰਖ ਲੈ ਗੁਰੂ ਰਾਮ ਸਿੰਘਾ !" ਕਹਿਕੇ ਕਹਿੰਦੇ "ਵੇਖੋ ! ਇਸ ਸਿਖਦੀ ਮੱਤ ਨੂੰ ਕਿ ਜਲ ਸਿਖ ਨੂੰ ਨਹੀਂ ਛਕਾਉਂਦਾ ਤੇ ਕੁੰਵੇ ਡੋਲ੍ਹੀ ਜਾਂਦਾ ਹੈ।" ਜੇ ਕਿਸੇ ਸਿਖ ਨੂੰ ਕਿਸੇ ਨਾਲ ਗੱਲ ਕਰਦਾ ਵੇਖ ਦੇ ਤਾਂ ਆਖਦੇ ਕਿ ਕੀ ਤੁਹਾਨੂੰ ਗੁਰੂ ਰਾਮ ਸਿੰਘ ਜੀ ਦਾ ਹੁਕਮ ਭੁਲ ਗਿਆ ਹੈ। ਸਾਥੀ ਨਾਲ ਵਿਥ ਤੇ ਤੁਰਨਾਂ ਤੇ ਭਜਨ ਵਿਚ ਮਸਤ ਰਹਿਣਾ, ਆਮ ਤੌਰ ਤੇ ਆਪ ਦੀ ਬਿਰਤੀ ਸੀ। ਯਥਾ—

ਦੋਃ—"ਪ੍ਰੇਮ ਮਗਨ ਹੋਇ ਸਬਦ ਕੋ,
ਗਾਵੇਂ ਦੁਚ ਉਪਜਾਇ। ਊਚੀ ਭੁਜ ਕਰ ਹਾਇ
ਕਹਿੰ, ਰੋਵੈਂ ਪੁਨ ਹਸ ਪਾਇ।

ਚੌਪਈ—ਕਬਹੁੰ ਵਹੁ ਤਿਨ ਕੋ ਉਠ ਚੁਣੈਂ,
ਸਭ ਘਟ ਮੋਂ ਵਹਿ ਪ੍ਰੀਤਮ ਗਣੈਂ।

ਦੋ:—ਰੂਖ ਬਿਰਖ ਕੋ ਗਲ ਲਗੈਂ, ਅੰਤਰ
ਦਰਸ ਪਿਆਸ। ਜੋ ਸਭ ਮੋਂ ਸਿਰ ਮੋਰ ਗੁਰ,
ਤਿਸ ਦੇਖਣ ਕੀ ਆਸ।"

ਜਿਥੇ ਜਾਣਾ ਚਾਹੁੰਦੇ, ਝੱਟ ਪਹੁੰਚ ਜਾਂਦੇ ਤੇ ਜਾਣ ਸਾਰ ਅਸਚਰਜ ਰੰਗ ਬੰਨ੍ਹ ਦੇਂਦੇ। ਹਉਂ ਹੰਕਾਰ ਅਤੇ ਆਪੇ ਦਾ ਮਾਣ ਤਾਂ ਆਪ ਦੇ ਨੇੜੇ ਵੀ ਨਹੀਂ ਢੁਕਦਾ ਸੀ। ਸਚ ਮੁਚ ਨਿਰਮਾਣਤਾ, ਭਜਨ, ਤਿਆਗ ਅਤੇ ਤਰਸ ਦੀ ਮੂਰਤ ਜਾਪਦੇ ਸਨ ਤੇ ਜੋਹੜਾ ਦਰਸ਼ਨ ਕਰਦਾ ਸੀ, ਠਰ ਜਾਂਦਾ ਸੀ।

ਵੱਡੀ ਉਮਰ ਹੋਣ ਕਰਕੇ ਖੰਘ ਲਗ ਗਈ, ਜੇ ਕੋਈ ਆ ਕੇ ਦਵਾਈ ਖਾਣ ਲਈ ਅਰਜ ਕਰਦਾ, ਤਾਂ ਕਹਿੰਦੇ, ਭਾਈ ਦਵਾਈ ਅੰਦਰ ਠੰਢ ਪੌਣ ਦੀ ਚਾਹੀਦੀ ਹੈ, ਸਰੀਰ ਦਾ ਕੋਈ ਖਿਆਲ ਨਹੀਂ। ਇਹ ਕਹਿੰਦੇ ਕਹਿੰਦੇ ਗਾਣ ਲਗ ਜਾਂਦੇ-"ਜੋਬਨ ਜਾਂਦੇ ਨ ਡਰਾਂ, ਜੇ ਸਹ ਪ੍ਰੀਤਿ ਨਾ ਜਾਇ।"

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦਰਸ਼ਨ

ਸ੍ਰੀ ਸਤਿਗੁਰੂ ਜੀ ਸੰਤ ਦੇਸਰ ਸਿੰਘ ਜੀ 'ਚੁਪ' ਕਰਕੇ ਗੁਜਰਾਂ ਵਾਲੇ ਜਾਇਆ ਕਰਦੇ ਸਨ, ਪਰ ਜਦੋਂ ਤੋਂ ਸੰਤ ਚਲੇ ਗਏ, ਸਤਿਗੁਰੂ ਜੀ ਦੇ ਦਰਸ਼ਨ ਵਧੇਰੇ ਹੋਣ ਲਗ ਪਏ। ਜਦ ਜਤਿਗੁਰੂ ਜੀ ਕਦੇ ਦੇਰ ਲਾ ਦੇਂਦੇ ਤਾਂ ਵਜ੍ਹਾ ਵਜ੍ਹਾ ਨਾਲ ਯਾਦ ਕਰਵਾਉਂਦੇ ਤੇ ਕਹਿੰਦੇ ਖੇਤੀ ਦੇ ਮਾਲਕ ਨੂੰ ਖੇਤੀ ਦੀ ਸਾਰ ਕਰਨੀ ਲੋੜੀਏ।

Sri Satguru Jagjit Singh Ji Elibrary NamdhariElibrary@gmail.com

ਇਕ ਵੇਰਾਂ ਦੀ ਗੱਲ ਹੈ ਕਿ ਸਤਿਗੁਰਾਂ ਨੇ ਸੰਤਾਂ ਨੂੰ ਕੀਮਤੀ ਦੁਸ਼ਾਲਾ ਬਖਸ਼ਿਆ। ਆਪ ਨੇ ਅਗਲੇ ਦਿਨ ਹੀ ਵਾਪਸ ਮੋੜਦਿਆਂ ਹੋਇਆ ਕਿਹਾ–"ਇਹ ਤੁਹਾਨੂੰ ਹੀ ਸੋਭਦਾ ਹੈ, ਸਾਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਹੀ ਚਿਤ ਆਵੇ।"

ਆਪ ਦੇ ਭਜਨ ਕਰਨ ਦਾ ਇਹ ਹਾਲ ਸੀ ਕਿ ਵਡੇਰੀ ਉਮਰ ਵਿਚ ਜਾਕੇ ਵੀ ਸਾਰੀ ਸਾਰੀ ਰਾਤ ਇਕ ਰਸ ਭਜਨ ਕਰਦੇ ਰਹਿੰਦੇ ਸਨ। ਇਕ ਵੇਰਾਂ ਸਤਿਗੁਰਾਂ ਨੂੰ ਦਸਿਆ ਗਿਆ ਕਿ ਸੰਤ ਅਸ਼ਨਾਨ ਨਹੀਂ ਕਰਦੇ,ਪਰ ਜਾਣੀ ਜਾਣ ਪਾਤਸ਼ਾਹ ਨੇ ਆਪ ਦੀ ਬਿਰਤੀ ਵੇਖਕੇ ਫਰਮਾਇਆ ਕਿ ਏਹੋ ਜਹੇ ਮਹਾਂ ਪੁਰਸ਼ ਜੋ ਦਿਨ ਰਾਤ ਸਾਂਈ ਧਿਆਨ ਵਿੱਚ ਮਗਨ ਰਹਿੰਦੇ ਹਨ, ਉਹਨਾਂ ਨੂੰ ਅਸ਼ਨਾਨ ਕਰਨ ਦੀ ਕੀ ਲੋੜ !

ਮੈਨੂੰ ਸਤਿਗੁਰਾਂ ਨੇ ਦਸਿਆ ਸੀ ਕਿ ਸਾਡੇ ਦਿਲ ਵਿਚ ਪੱਕੀ ਗਲ ਵਸ ਗਈ ਕਿ ਢਿੱਲੇ ਸਿਖਾਂ ਨੂੰ ਭੰਨ ਤੇ ਤਨਖਾਹ ਤੋਂ ਬਿਨਾਂ ਨਹੀਂ ਛਡਣਾਂ ਤੇ ਨਾ ਹੀ ਕਿਸੇ ਨੂੰ ਐਵੇਂ ਬਖਸ਼ਣਾ ਹੈ। ਜਿਸ ਵੇਲੇ ਸਤਿਗੁਰੂ ਜੀ ਗਏ ਤਾਂ ਸੰਤਾਂ ਨੇ ਸਤਿਗੁਰਾਂ ਦਾ ਮੋਢਾ ਫੜਕੇ ਕਿਹਾ–"ਸਤਿਗੁਰੂ ਰਾਮ ਸਿੰਘ ਜੀ ਦੀ ਬਖ–ਸ਼ਿਸ਼ ਦਾ ਬੂਹਾ ਕਦੇ ਬੰਦ ਨਹੀਂ ਕਰਨਾ। ਇਹ ਦਰ ਸਦਾ ਖੁਲ੍ਹਾ ਰਹਿਣ ਵਾਲਾ ਹੈ।"

ਸਤਿਗੁਰਾਂ ਦੀ ਹਜ਼ੂਰੀ ਵਿਚ ਹੀ ਇਕ ਦਿਨ ਦੀ ਗੱਲ ਹੈ ਕਿ ਸੰਤਾਂ ਨੇ ਕਿਹਾ–"ਜੀ ਸਚੇ ਪਾਤਸ਼ਾਹ ! ਇਹ ਜੋ ਤੇਰੇ ਮਗਰ ਹੱਥ ਜੋੜੀ ਖਲੋਤੇ ਤੇ ਅਣਜਾਂ ਬੇਨਤੀਆਂ ਕਰਦੇ ਹਨ, ਇਹਨਾਂ ਦਾ ਫਿਕਰ ਵੀ ਤੁਸਾਂ ਹੀ ਕਰਨਾ ਹੈ।" ਸਚੇ ਪਾਤਸ਼ਾਹ ਨੇ ਕਿਹਾ– "ਤੁਹਾਡੇ ਹੁੰਦਿਆਂ ਇਹਨਾਂ ਨੂੰ ਕੀ ਫਿਕਰ।"

ਸੰਗਤ ਵਿਚ ਜਿਸ ਦਿਨ ਜਿਹੜਾ ਸਿਖ ਨਾ ਆਉਂਦਾ,ਅਗਲੇ ਦਿਨ ਉਸ ਨੂੰ ਕਹਿੰਦੇ– "ਭਾਈ ਕਲ, ਤੇਰਾ ਹੀ ਭਜਨ ਕਰਦੇ ਰਹੇ ਹਾਂ।"

ਸੰਗਤਾਂ ਵਿਚ ਨਿਧੜਕ ਬਚਨ ਕਰਦੇ ਤੇ ਆਪ ਬੀਤੀਆਂ ਦੇ ਸਾਰੇ ਹਾਲ ਸਾਫ ਸਾਫ ਕਹਿ ਦੇਂਦੇ। ਕਦੇ ਕਦੇ ਇਹ ਵੀ ਕਹਿੰਦੇ ਕਿ ਜਿਹੜੇ ਸਿਖ ਪਰ ਇਸਤ੍ਰੀਆਂ ਨਾਲ ਪ੍ਰੇਮ ਦੇ ਬਚਨ ਕਰਕੇ ਹਸਦੇ ਤ ਆਖਦੇ ਹਨ ਕਿ ਅਸੀਂ ਬਚੇ ਹੋਏ ਹਾਂ,ਉਹ ਝੂਠੇ ਹਨ। ਇਸ ਤਰ੍ਹਾਂ ਕਰਨ ਨਾਲ ਦੋ ਗੁਨਾਹ ਹੋਏ। ਇਕ ਤਾਂ ਇਹ ਕਿ ਜਿੰਨਾਂ ਚਿਰ ਪਰ-ਇਸਤ੍ਰੀ ਨਾਲ ਬਚਨ ਕੀਤੇ, ਭਜਨ ਭੁਲਾ ਤੇ ਦੂਜਾ ਗੁਰੂ ਦਾ ਇਹ ਹੁਕਮ ਕਿ "ਪਰ ਤ੍ਰਿਅ ਰੂਪ ਨ ਪੇਖੈ ਨੇਤ੍।" ਵਿਸਰਿਆ।

ਇਕ ਦਿਨ ਮੈਂ ਦਰਸ਼ਨ ਕਰਨ ਆਇਆ। ਕਹਿਣ ਲਗੇ ਕਿ "ਹਿੰਦੂ ਚਕੋਂ ਕੋਈ ਵਾਹੀ ਕਰਨ ਵਾਲਾ ਜਟ ਆਇਆ ਹੈ?" ਮੈਂ ਅਰਜ ਕੀਤੀ ਕਿ ਮੈਂ ਤੇ ਦੇਵਾ ਸਿੰਘ ਆਏ ਹਾਂ। ਹੁਕਮ?" ਕਿਹੋ ਨੇ "ਕਾਰ ਦੀ ਵਾਹੀ ਕਰਦੇ ਹੋ ਕਿ ਗੁਰੂ ਵਿਚਾਰ ਦੀ।" ਮੈਂ ਉਤਰ ਦਿਤਾ–"ਜੀ ਕਾਰ ਦੀ।" ਇਹ ਸੁਣਕੇ ਬਾਂਹ ਉਚੀ ਕੀਤੀ ਤੇ ਕਹਿਣ ਲਗੇ–

"ਮਨ ਹਾਲੀ ਕਿਰਸਾਣੀ ਕਰਨੀ,
ਸਰਮ ਪਾਣੀ ਤਨੁ ਖੇਤ।
ਨਾਮ ਬੀਜ ਸੰਤੋਖ ਸੁਹਾਗਾ,
ਰਖੁ ਗਰੀਬੀ ਵੇਸ।

ਫੇਰ ਕਿਹਾ–"ਸੋਹਾਗਣ ਹੈ ਕਿ ਛੁੱਟੜ ?" ਮੈਂ ਉਤਰ ਦਿੱਤਾ "ਸੋਹਾਗਣ।"

ਸੰਤਾਂ ਆਖਿਆ–"ਕੰਤ ਵੀ ਡਿੱਠਾ ਹਈ ਕਿਵੇਂ ਦਾ ਹੈ ?"

ਮੈ ਕਿਹਾ--"ਸੰਤ ਜੀ, ਮੈਂ ਤਾਂ ਸੋ ਸੁਣਕੇ

Sri Satguru Jagjit Singh Ji Elibrary NamdhariElibrary@gmail.com

ਹੀ ਸੁਦੈਣ ਹੋਈ ਪਈ ਹਾਂ, ਡਿਠਾ ਨਹੀਂ।" ਪਾਸੋਂ ਦੇਵਾ ਸਿੰਘ ਨੇ ਆਖਿਆ "ਜੀ ਕੰਤ ਤੁਹਾਡੇ ਜੈਸਾ ਹੈ।"

ਸੰਤਾਂ ਨੇ ਹਉਕਾ ਲੈਕੇ ਕਿਹਾ ਕਿ–ਜਾਨੀ ਨ ਜਾਈ ਕਛੂ ਰੂਪ ਰੇਖੰ। ਕਹਾਂ ਬਾਸ ਤਾਕੋ ਫਿਰੈ ਕੋਨ ਭੇਖੰ।

ਇਕ ਦਿਨ ਆਪ ਨਿੱਕੀ ਜਹੀ ਮੰਜੀ ਡਾਹੀ ਬੈਠੇ ਸਨ। ਮਿਲਖਾ ਸਿੰਘ ਮਸਤਾਨਾ ਆਇਆ ਤੇ ਸੰਤਾਂ ਨੂੰ ਹੇਠਾਂ ਲੈਕੇ ਕਹਿਣ ਲਗਾ ਕਿ "ਤੂੰ ਲੋਕਾਂ ਪਾਸੋਂ ਪੂਜਾ ਕਰਵਾਂਦਾ, ਉਹਨਾਂ ਨੂੰ ਵਰ ਸਰਾਫ ਦੇਂਦਾ ਤੇ ਵਡਾ ਸੰਤ ਬਣੀ ਬੈਠਾ ਹੈਂ, ਮੈਨੂੰ ਅਪਣੀ ਸੰਤਗਿਰੀ ਵਿਖਾ।"

ਸੰਤ ਚੋਖਾ ਚਿਰ ਚੁਪ ਕੀਤੇ ਰਹੇ, ਪਰ ਜਦ ਓਸ ਨੇ ਸੰਤਾਂ ਦੀ ਧਣ ਮਰੋੜ ਕੇ ਮੰਜੀ ਦੀ ਦੌਣ ਵਿਚ ਦੇ ਦਿੱਤੀ ਤਾਂ ਸੰਤਾਂ ਨੇ ਸੁਭਾਵਕ ਕਿਹਾ "ਖੂਨੀਆਂ ! ਏਨਾਂ ਤੈਗ ਕਿਉਂ ਕੀਤਾ ਈ।"

ਇਸ ਘਟਣਾ ਪਿਛੋਂ ਮਿਲਖਾ ਸਿੰਘ ਭੂਪਾਲ ਵਾਲੇ ਗਿਆ ਤੇ ਓਥੇ ਖੂਨ ਕਰਨ ਦੇ ਕਾਰਨ ੧੪ ਸਾਲ ਲਈ ਕਾਲੇ ਪਾਣੀ ਚਲਾ ਗਿਆ।

ਸੰਤਾਂ ਨੇ ਅਰਜ ਕਰਕੇ ਸਤਿਗੁਰਾਂ ਪਾਸੋਂ ਗੁਜਰਾਂ ਵਾਲੇ ਲਈ ਹੋਲਾ ਲਿਆ। ਜਿਸ ਵੇਲੇ ਵਾਪਸ ਗੁਜਰਾਂਵਾਲੇ ਗਏ ਤਾਂ ਸੰਗਤਾਂ ਨੂੰ ਕਿਹਾ "ਸਜਨੋਂ ! ਸਾਨੂੰ ਦਰਗਾਹੋ ਹਾਜ਼ਰ ਹੋਣ ਦਾ ਦੋ ਵੇਰ ਹੁਕਮ ਆ ਚੁਕਾ ਹੈ ਅਸਾਂ ਹੋਲੇ ਦੇ ਦਰਸ਼ਨ ਨਹੀ ਕਰਨੇ।"

"ਹੋਲਾ ਨਹੀਂ ਦੇਖਣਾ" ਦਾ ਬਚਨ ਸੰਗਤਾਂ ਨੇ ਸੁਣਿਆਂ ਤਾਂ ਅਰਜ਼ ਕੀਤੀ ਕਿ 'ਹੋਲਾ ਵਿਚ ਹੋਕੇ ਕਰੇ' ਜਵਾਬ ਦਿਤੇ ਨੇ– "ਅਗੇ ਹੀ ਕਾਫਰ ਪੁਣਾ ਕੀਤਾ ਹੈ ਤੇ ਦੋ ਵੇਰਾਂ ਬਚਨ ਮੋੜ ਚੁਕੇ ਹਾਂ। ਹੁਣ ਤੀਜਾ ਹੁਕਮ ਫੇਰ ਕੇ ਅਸਾਂ ਖਸਮ ਨਾਲ ਲੜਾਈ ਨਹੀ ਕਰਨੀ'

ਚੜ੍ਹਾਈ ਕਰਨ ਤੋਂ ਦੋ ਦਿਨ ਪਹਿਲਾਂ ਸੰਤ ਕੇਸਰ ਸਿੰਘ ਜੀ 'ਚੁਪ' ਨੇ ਬਚਨ ਕੀਤਾ ਸੀ ਕਿ ਪਰਸੋਂ ਸੰਤਾਂ ਨੇ ਚੜ੍ਹਾਈ ਕਰ ਜਾਣੀ ਹੈ। ਜਿਸ ਨੇ ਬਚਨ ਕਰਨੇ ਹਨ,ਕਰ ਲਵੇ। ਸੰਗਤਾਂ ਬੇਅੰਤ ਇਕਠੀਆਂ ਹੋਈਆਂ ਅਤੇ ੨੭ ਭਾਦੋਂ ੧੯੮੨ ਵਾਲੇ ਦਿਨ ਇਹ ਮਹਾਨ ਉਚੀ ਆਤਮਾ ਪਰਮ ਪੁਰਖ ਕਰਤਾਰ ਵਿਚ ਲੀਨ ਹੋ ਗਈ।

ਗੁਰਬਾਣੀ ਦੀਆਂ ਇਹ ਤੁਕਾਂ ਆਪ ਦੀ ਰਸਨਾਂ ਤੇ ਆਮ ਤੌਰ ਤੇ ਰਹਿੰਦੀਆਂ ਸਨ– ਕਪੜ ਰੂਪ ਸੁਹਾਵਣਾ ਛਡ ਦੁਨੀਆ ਅੰਦਰ ਜਾਵਣਾ।

* * * *

ਕਿਤ ਬਿਧ ਧੀਅਰੇ ਹੀਅਰੇ ਨਿਮਾਨੇ।
ਮਿਲ ਸਾਜਨ ਹਉ ਤੁਝ ਕੁਰਬਾਨੇ।

* * * * *

ਹਉ ਸਭ ਵੇਸ ਕਰੀ ਪਿਰ ਕਾਰਨ
ਜੇ ਹਰਿ ਪ੍ਰਭ ਸਾਚੇ ਭਾਵਾ।
ਸੋ ਪਿਰ ਪਿਆਰਾ ਮੈ ਨਦਰਿ ਨ ਦੇਖੈ
ਹਉ ਕਿਉ ਕਰ ਧੀਰਜ ਪਾਵਾ।

* * * * *

ਇਕ ਫਰਮਾਇਸ ਆਖੀਐ ਜੇ ਮੰਨੇ ਸਾਈ।

ਆਪ ਮਾਯਾ ਦੇ ਪੂਰਨ ਤਿਆਗੀ ਸਨ, ਪਰ ਜੇ ਕੋਈ ਪ੍ਰੇਮੀ ਕੁਝ ਦੇ ਜਾਂਦਾ ਤਾਂ ਮਾਯਾ ਇਕਤ੍ਰ ਕਰਕੇ ਸਤਿਗੁਰਾਂ ਦੀ ਭੇਟ ਕਰ ਦੇਂਦੇ।

Sri Satguru Jagjit Singh Ji Elibrary NamdhariElibrary@gmail.com

ਸ਼ਹੀਦੀਆਂ ਦਾ ਮੁੜ ਉਤਸ਼ਾਹ ਬਖਸ਼ਨ ਹਾਰੇ

(ਵਲੋਂ ਪੰਥ ਰਤਨ ਸ੍ਰੀ ਮਾਨ ਭਾਈ ਸਾਹਿਬ ਭਾਈ ਮੋਹਨ ਸਿਘ ਜੀ ਵੈਦ ਤਰਨ ਤਾਰਨ)

ਪਰਮ ਪਰਤਾਪ ਵਾਨ, ਤੇਜਸ੍ਵੀ, ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ਦੇ ਗੁਰਪੁਰ ਸਿਧਾਰਨ ਉਪ੍ਰੰਤ ਸਿਖ ਪੰਥ ਦੀ ਪਾਟੋ ਧਾੜ, ਆਗੂਆਂ ਦੇ ਵਿਸ਼ਵਾਸ ਘਾਤ, ਦੇ ਕਾਰਨ ਸਿਖ ਰਾਜ ਦੇ ਵਿਨਾਸ਼ ਹੋ ਜਾਣ ਉਪਰੰਤ, ਸਮੁਚੇ ਤੌਰ ਤੇ ਸਿਖਾਂ ਵਿਚ ਮੁਰਦਿਹਾਨ ਜਹੀ ਛਾ ਗਈ ! ਜਿਨ੍ਹਾਂ ਗੁਰਮੁਖਾਂ ਸਿਦਕ ਵਾਨਾਂ ਦੇ ਸ੍ਰੀਰ ਵਿਚ ਸਿਖੀ ਖ਼ੂਨ ਸੁਰਜੀਤ ਰਿਹਾ, ਓਹ ਭੀ ਸ੍ਰ: ਤੇਗਾ ਸਿੰਘ ਜੀ ਵਾਕੁਰ ਨਿਵੇਕਲੇ ਦੂਰ ਦੁਨਾਡੇ ਛਿਪ ਛਿਪਾ ਦਿਨ ਕਟੱਨ ਲੱਗੇ ਤੇ ਲੁਕ ਛਿਪਕੇ ਹੀ ਸਿਖੀ ਜੌਹਰ ਵਿਖਾਂਦੇ ਰਹੇ। ਏਸ ਸਮੇਂ ਵਿਚ ਚਾਰ ਚੁਫੇਰੇ ਖਾਲਸਾ ਜੀ ਵਿਚ ਉਦਾਸੀ ਜੇਹੀ ਛਾ ਗਈ, ਤੇ "ਜਿਨ ਮਨ ਹੋਰ ਮੁਖ ਹੋਰ" ਸਨ, ਓਨਾਂ ਵਲੋਂ ਸਿਖੀ ਸ਼ਾਨ ਦੇ ਉਲਟ ਵਤੀਰੇ ਭੀ ਵਰਤੋਂ ਵਿਚ ਆਂਣ ਲੱਗ ਪਏ ! ਏਸ ਸਮੇਂ ਵਿਚ ਸਿਖਾਂ ਦੀ ਆਨ, ਸ਼ਾਨ ਬਰ ਕਰਾਰ ਰੱਖਣ ਵਾਲਾ ਗੁਣ ਸ਼ੀਹੀਦੀਆਂ ਦਾ ਉਤਸ਼ਾਹ ਮੂਲੋਂ ਹੀ ਲੁਪਤ ਜੇਹਾ ਹੋ ਗਿਆ ਤੇ ਨਾਮ ਬਾਣੀ ਵਲੋਂ ਭੀ ਬਹੁਤ ਅਵੇਸਲਾ ਪਨ ਹੋ ਗਿਆ !

ਇਸ ਤੋਂ ਕੁਝ ਚਿਰ ਉਪ੍ਰੰਤ ਸ੍ਰੀ ਅੰਮ੍ਰਿਤਸਰ ਜੀ ਵਿਚ ਕਝ ਬੁੱਚੜਾਂ ਦੇ ਅੱਤਯਾਚਾਰ ਨੂੰ ਨਾਂ ਸਹਾਰ ਦੇ ਹੋਏ ਕੁਝ ਗੁਰ ਸਿਖਾਂ ਨੇ ਓਨ੍ਹਾਂ ਦੀ ਸੋਧ ਕੀਤੀ ਤੇ ਆਪ ਹਰਨ ਹੋ ਗਏ ! ਜਿਸ ਕਾਰਨ ਕਈ ਬੇਦੋਸੇ ਗੁਰ ਸਿਖ ਅਪਰਾਧੀ ਸਮਝਕੇ ਸ੍ਰਕਾਰ ਨੇ ਫੜ ਲਏ !

ਜਦ ਇਹ ਪਤਾ ਸ੍ਰੀ ੧੦੮ ਮਾਨ ਮਹਾਰਾਜ, ਹਰਿ ਮੂਰਤਿ, ਹਰਿਜਨ, ਪੂਜਨੀਕ ਬਾਬਾ ਰਾਮ ਸਿੰਘ ਸਾਹਿਬ ਜੀ ਨੂੰ ਲੱਗਾ, ਤਦ ਮਹਾਰਾਜ ਜੀ ਨੇ ਸਿਖ ਸੰਗਤਾਂ ਵਿਚ ਹੁਕਮ ਕੀਤਾ ਕਿ ਗੁਰ ਸਿਖਾਂ ਦਾ ਧਰਮ ਆਪ ਲੁਕ ਛਿਪਕੇ ਨਿਰ-ਦੋਸਿਆਂ ਨੂੰ ਸਜ਼ਾਵਾਂ ਦਵਾਣੀਆਂ ਨਹੀਂ, ਜਿਨ੍ਹਾਂ ਨੇ ਧਰਮ ਹੇਤ ਗਊਆਂ, ਗਰੀਬਾਂ ਦੀ ਰਖਜਾ ਹਿਤ ਉੱਦਮ ਕੀਤਾ ਹੈ, ਓਨ੍ਹਾਂਨੂੰ ਹੁਣ ਸ਼ਹੀਦੀਆਂ ਪ੍ਰਾਪਤਕਰਨ ਤੋਂਪਿਛੇ ਨਹੀਂਹਟਨਾਂ ਚਾਹੀਦਾ ! ਧ੍ਰਮ ਦੀ ਖ਼ਾਤਰ ਸ਼ਹੀਦੀਆਂ ਪ੍ਰਾਪਤ ਕਰਨੀਆ ਅਟਲ ਜੀਵਨ ਪ੍ਰਾਪਤ ਕਰਨਾ ਹੈ ! ਬੇਦੋਸਿਆਂ ਨੂੰ ਛੁੜਾਨ ਤੇ ਸੱਚ ਨੂੰ ਪ੍ਰਗਟ ਕਰਕੇ ਹਰ ਤਰਾਂ ਦੇ ਤਸੀਹੇ ਝੱਲ ਬਲੀਦਾਨ ਹੋ ਜਾਣ ਵਾਸਤੇ ਓਨ੍ਹਾਂ ਗੁਰਸਿਖਾਂ ਨੂੰ ਹੀ ਸਾਹਮਣੇ ਹੋ ਕੇ ਆਪਣੇ ਕੀਤੇ ਨੂੰ ਮੰਨ ਲੈਣਾਂ ਯੋਗ ਹੈ ਤੇ ਅਜੇਹਾ ਹੀ ਹੋਣਾਂ ਚਾਹੀਦਾ ਹੈ ! ਮਹਾਰਾਜ ਜੀ ਦਾ ਇਹ ਹੁਕਮ ਸੁਣਕੇ ਗੁਰ ਸਿਖਾਂ ਵਿਚ ਸ਼ਹੀਦੀਆਂ ਪ੍ਰਾਪਤਿ ਕਰਨ ਦਾ ਉਤਸ਼ਾਹ ਮੁੜ ਸੁਰਜੀਤ ਹੋ ਆਇਆ।

Sri Satguru Jagjit Singh Ji Elibrary NamdhariElibrary@gmail.com

ਜਿਨ੍ਹਾਂ ਅਣਖੀ ਮਹਾਨ ਸ਼ਹੀਦੀਆਂ ਦਾ ਇਤਿਹਾਸ ਗੁਰਮੁਖ ਪਾਠਕ ਏਸੇ ਨੰਬ੍ਰ ਵਿਚ ਪੜ੍ਹਨਗੇ। ਅੱਜ ਉਨਾਂ ਪਾਵਨ ਮੂਰਤਿ.ਪੂਜਨੀਯ,ਮਹਾਰਾਜ ਜੀ ਦੇ ਅਵਤਾਰ ਧਾਰਨ ਦਾ ਦਿਨ ਹੈ। ਆਓ ਅੱਜ ਸਭ ਦਲਕੇ ਓਨ੍ਹਾਂ ਦੇ ਉਪਕਾਰ ਯਾਦ ਕਰੀਏ ! ਓਨ੍ਹਾਂ ਦੇ ਚਲਾਏ ਨਾਮ ਬਾਣੀ ਦੇ ਪ੍ਰਵਾਹ ਤੋਂ ਵੱਧ ਤੋਂ ਵੱਧ ਲਾਭ ਪ੍ਰਾਪਤਿ ਕਰੀਏ ਤੇ ਇਕ ਚਿਤ ਹੋਕੇ ਅਰਜ਼ ਕਰੀਏ ਜੋ ਮਹਾਰਾਜ ਜੀ ਆਓ ! ਤੇ ਜ਼ਰੂਰ ਸਦੇਹ ਆਕੇ ਆਪਣੇ ਪਰਮ ਪਵਿਤ੍ਰ ਦਰਸ਼ਨ ਦੇ ਕੇ ਗੁਰਸਿਖਾਂ ਦੀ ਅਗਵਾਈ ਕਰਕੇ ਨਾਮ ਤੇ ਗੁਰਬਾਣੀ ਦਾ ਪ੍ਰਵਾਹ ਵੱਧ ਤੋਂਵੱਧ ਚਲਾ ਕੇ ਗੁਰਸਿਖਾਂ ਨੂੰ ਸਤਿਗੁਰੂ ਜੀ ਦੇ ਉਪਦੇਸ਼ਾਂ ਤੇ ਚਲਾਓ ! ਦੁਰ ਦਸ਼ਾ ਤੋਂ ਬਚਾਓ ! ਤੇ ਆਤਮਕ ਦਾਤਾਂ ਬਖਸ਼ਕ ਗੁਰਮਤਿ ਤੇ ਪੰਥ ਨੂੰ ਦਲਾਓ ! ਜੋ ਉਸੇ ਤਰਾਂ ਧਰਮ ਦੀਖਾਤਰ ਸ਼ਹੀਦੀਆਂ ਪ੍ਰਾਪਤਿ ਕਰਨ ਦਾ ਉਤਸ਼ਾਹ ਪ੍ਰਾਪਤਿ ਹੋਵੇ !

†+†+†+†+†

ਸਤਿਨਾਮ ਦਾ ਜਾਪ ਜਪਾਨ ਆਇਆ।

(ਵਲੋਂ ਸਦਾਰ ਦੇਵਾ ਸਿੰਘ ਜੀ 'ਕਰਤੀ ਕੁਸਰਾਂ ਵਾਲਾ)

ਜਦੋਂ ਖਾਲਸਾ ਰਾਜ ਦੇ ਨਸ਼ੇ ਅੰਦਰ, ਹੈਸੀ ਦਿਸਦਾ ਬੜਾ ਗਲਤਾਨ ਹੋਇਆ।
ਨਿਤਨੇਮ ਪ੍ਰੇਮ ਪਿਆਰ ਸਾਰੇ, ਏਸੇ ਨਸ਼ੇ ਦੇ ਵਿਚ ਵਰਾਨ ਹੋਇਆ।
ਭੁਲ ਗਿਆ ਜਾਂ ਓਸਦੀ ਯਾਦ ਤਾਂਈਂ, ਤਦੋ ਕਹਿਰ ਦੇ ਵਿਚ ਭਗਵਾਨ ਹੋਇਆ।
ਰਾਜ ਪਾਟ ਗਵਾਏਕੇ ਆਪ ਹਥੀ, ਹਥੋਂ ਫੁਟ ਭੈੜੀ ਪ੍ਰੇਸ਼ਾਨ ਹੋਇਆ।
ਓਸ ਸਮੇਂ ਅੰਦਰ ਭਾਢੀ ਲੋੜ ਸੀ ਇਹ, ਸਏਕ ਏਕਤਾ ਫੇਰ ਪੜ੍ਹਾਏ ਕੋਈ।
"ਕਿਰਤੀ" ਭੁਲਿਆਂ, ਰੁਲਿਆਂ, ਖੁਲ੍ਹਿਆਂ ਨੂੰ, ਰੁੜ੍ਹਦੇ ਜਾਂਦਿਆਂ ਤਾਂਈ ਬਚਾਏ ਕੋਈ।
ਬਸ ਅੰਤ ਅਧਰਮ ਦੀ ਹਦ ਹੋਈ ਤਾਂ ਬਸੰਤ ਦਾ ਦੋਜ਼ ਪਛਾਨ ਆਇਆ।
ਏਹਨਾਂ ਟੁਟਿਆਂ ਫੁਟਿਆਂ ਦਿਲਾਂ ਉਤੇ, ਮਲ੍ਹਮ ਏਕਤਾ ਫੇਰ ਲਗਾਨ ਆਇਆ।
ਬਾਣੀ ਨਾਮ ਅਭਿਆਸ ਜੋ ਭੁਲ ਗਏ ਸੀ,ਮੇਹਰਬਾਨ ਹੋ ਯਾਦ ਕਰਾਨ ਆਇਆ।
ਸਤਨਿਾਮ ਦਾ ਜਾਪ ਜਪਾਨ ਆਇਆ, ਦੁਖੀ ਸੜਦਿਆਂ ਠੰਢ ਵਰਤਾਨ ਆਇਆ।
ਦੁਖ ਗਉ ਗਰੀਬ ਦੇ ਕਟਨੇ ਨੂੰ, ਜਿਸਨੇ ਆਪਨੀ ਜਾਨ ਲਗਾਈ ਹੋਵੇ।
ਜਨਮ ਦੋਜ਼ ਪਛਾਨਕੇ ਅਜ ਓਹਦਾ, ਸਾਰੀ ਕੌਮ ਦੇ ਤਾਂਈਂ ਵਧਾਈ ਹੋਵੇ।

Sri Satguru Jagjit Singh Ji Elibrary NamdhariElibrary@gmail.com

ਅਮੀਰਾਂ ਤੇ ਗਰੀਬਾਂ ਦੀ ਬਸੰਤ

(ਵਲੋਂ ਸੁਦਾਰ ਦੇਵਾ ਸਿੰਘ ਜੀ "ਕਿਰਤੀ" ਸਿਖ ਵੀਰ ਦੀ ਹੱਟੀ ਗੁਰਦਾਸਪੁਰ ਵਾਲਾ)

ਦੋ ਮਨਜ਼ਲੇ ਇਕ ਮਕਾਨ ਅੰਦਰ, ਟੱਬਰ ਦਾਰ ਕਰਾਏ ਤੇ ਵੱਸਦੇ ਨੇ।
ਮੇਲੇ ਅਜ ਬਸੰਤ ਦੇ ਜਾਣ ਲੱਗੇ, ਇਕ ਰੋਂਵਦੇ ਤੇ ਦੂਜੇ ਹੱਸਦ ਨੇ।
ਬਾਬੂ ਸਣੇ ਬੀਵੀ, ਸੂਟ ਬੂਟ ਪਾਕੇ, ਵੇਖੋ ਕੀਤੀਆਂ ਝਟ ਤਿਆਰੀਆਂ ਨੇ।
ਪੁਛ ਪੁਛ ਕੇ ਸਾਹਮਣੇ ਸ਼ੀਸ਼ਿਆਂ ਨੂੰ, ਚੀਰ ਚੀਰ ਕੇ ਲਿਟਾਂ ਸਵਾਰੀਆਂ ਨੇ।
ਫੈਸ਼ਨ ਗਿਣਾਂ ਤਾਂ ਆਂਵਦੀ ਸ਼ਰਮ ਮੈਨੂੰ, ਤੇ ਨਾਂ ਯਾਦ ਨਜ਼ਾਕਤਾਂ ਸਾਰੀਆਂ ਨੇ।
ਟਾਂਗਾ ਆ ਗਿਆ ਬੈਠ ਗਏ ਝਾਲ ਸਾਰੇ, ਬੰਦ ਕੀਤੀਆਂ ਨੌਕਰਾਂ ਬਾਰੀਆਂ ਨੇ।
ਭਾਪੇ ਪੰਜ ਦਿਤੇ, ਭਾਬੋ ਅਠ ਦਿਤੇ ਇਕ ਦੂਸਰੇ ਨੂੰ ਪੈਸੇ ਦੱਸਦੇ ਨੇ।
ਬਚੇ ਉਹਨਾਂ ਦੇ ਖੁਸ਼ੀ ਦੇ ਵਿਚ "ਕਿਰਤੀ" ਜਾਂਦੇ ਨੱਚਦੇ, ਟੱਪਦੇ ਹੱਸਦੇ ਨੇ।
ਡਿੱਠੇ ਹੇਠਲੇ ਕਿਵੇਂ ਉਦਾਸ ਬੈਠੇ, ਫੇਰ ਦਿਨਾਂ ਦੇ ਨੇ ਅਵਾਜ਼ਾਰ ਕੀਤਾ।
ਬੱਚੇ ਆਖਦੇ ਨੇ ਮੇਲੇ ਜਾਣ ਖਾਤਰ, ਸਾਨੂੰ ਤੁਸਾਂ ਨਹੀ ਅਜੇ ਤਿਆਰ ਕੀਤਾ।
ਨਾਹੀ ਕਪੜੇ ਨਵੇਂ ਸਵਾ ਦਿਤੇ, ਜੁਤੀ ਲੈਣ ਤੋਂ ਸਰੋਂ ਇਨਕਾਰ ਕੀਤਾ।
ਪੈਸਾ ਇਕ ਤੇ ਅਜ ਜ਼ਰੂਰ ਦਿਹੋ, ਕਿਨੀ ਵਾਰ ਹੈ ਤੁਸਾਂ ਇਨਕਾਰ ਕੀਤਾ।
ਸੁਣ ਸੁਣ ਗੱਲ ਕਲੇਜੇ ਪਇ ਸੱਲਦੇ ਨੇ, ਮਾਨੋ ਤੀਰ ਸੀਨੇ ਅੰਦਰ ਧੱਸਦੇ ਨੇ।
"ਕਿਰਤੀ" ਲਹਿਰ ਵਗੇ ਅੰਦਰ ਹੰਝੂਆਂ ਦੀ,ਉਤੋਂ ਨਿਰਾ ਵਿਖਾਲੇ ਦਾ ਹੱਸਦੇ ਨੇ।
ਪੀਹਣਾਂ ਕਤਿਆ ਕਿਸੇ ਦਾ ਨਾਲ ਵਖਤਾਂ; ਪੈਸੇ ਹੈਨ ਬਚਾਏ ਰਖਾਏ ਭਾਬੋ।
ਇੱਕ ਇੱਕ ਪਿਆਰ ਦੇ ਨਾਲ ਸਭਨੂੰ, ਰਾਹੀਂ ਪਤੀ ਦੀ ਰਹੀ ਫੜਾਏ ਭਾਬੋ।
ਭੈੜੀ ਚੀਜ਼ ਨਾ ਖਾ ਬੀਮਾਰ ਹੋਣਾਂ, ਨਾਲੇ ਸਿਖਿਆ ਰਹੀ ਸਮਝਾਏ ਭਾਬੋ।
ਮੇਰੇ ਵਾਸਤੇ ਕੀਹ ਲਿਆਵਨਾਂ ਏਂ, ਵਾਧੇ ਵਿਚ ਹੈ ਰਹੀ ਸੁਣਾਇ ਭਾਬੋ।
ਲੱਗ ਉਂਗਲੀ ਬਾਪ ਦੀ ਟੁਰੇ ਸੱਭੇ, ਇਕ ਦੂਸਰੇ ਦੇ ਅਗੇ ਨੱਸਦੇ ਨੇ।
"ਕਿਰਤੀ" ਡਿਗਦਾ, ਕੋਈ ਉਠਾਲਦਾ ਏ, ਕਦੇ ਰੋਂਵਦੇ ਤੇ ਕਦੇ ਹੱਸਦੇ ਨੇ।
ਵਿਚ ਰਾਹ ਦੇ ਕਰੀ ਸਲਾਹ ਜਾਂਦੇ, ਦਸੋ ਭਾਈ ਸਾਰੇ ਕੀਹ ਕੀ ਖਾਵਨਾਂ ਏਂ।
ਔਣ ਲਗਿਆਂ ਮੁੰਨੀ ਤੇ ਮਾਂ ਜੋਗਾ, ਕਾਕੇ ਵਾਸਤੇ ਕੀਹ ਲਿਆਵਨਾਂ ਏਂ।
ਇਕ ਆਖਦਾ ਖੰਡ ਦੀ ਖੀਲ ਲੈਸਾਂ, ਇਕ ਕਹੇ ਪਤੰਗ ਉਡਾਵਨਾਂ ਏਂ।
ਪੈਸਾ ਇਕ ਤੇ ਚਿਤ ਹਜ਼ਾਰ ਸੋਚਾਂ, ਸੋਚਾਂ ਵਿਚ ਹੀ ਚਿਤ ਪਰਚਾਵਨਾਂ ਏਂ।
ਬਚਨ ਏਹ ਪਿਆਰ ਤੇ ਦਰਦ ਵਾਲੇ, ਸੁਣਨ ਵਾਲਿਆਂ ਦੇ ਸੀਨੇ ਖੱਸਦੇ ਨੇਂ।
"ਕਿਰਤੀ" ਟੁਰੀ ਜਾਂਦੇ ਕੰਡੇ ਪੁੜੀ ਜਾਂਦੇ ਮੇਲੇ ਖੁਸ਼ੀ ਅੰਦਰ ਤਾਂ ਭੀ ਹੱਸਦੇ ਨੇਂ।

Sri Satguru Jagjit Singh Ji Elibrary NamdhariElibrary@gmail.com

ਸ਼ਾਮਲਾਤ ਜ਼ਮੀਨ ਵਿਚ ਬਣਿਆ ਸਕੂਲ (ਮਿਡਲ)



Sri Satguru Jagjit Singh Ji elibrary
Namdharielibrary@gmail.com



ਨਾਮਧਾਰੀ ਸਾਧ ਸੰਗਤ ਨੈਰੋਬੀ, (ਅਫ਼ਰੀਕਾ)

Sri Satguru Jagjit Singh Ji Elibrary
NamdhariElibrary@gmail.com

ਨਾਮਧਾਰੀ ਜੀਵਨਾ-ਆਦਰਸ਼

ਵਲੋਂ ਸ੍ਰੀ ਮਾਨ ਪੰਡ ਪ੍ਰਸਿਧ ਵਿਦਵਾਨ ਸਰਦਾਰ ਮੁਨਸ਼ਾ ਸਿੰਘ ਜੀ 'ਦੁਖੀ' ਅੰਡੀਟਰ 'ਵਿਚਾਰ ਸੁਧਾਰ' ਮਿੰਟਗੁਮਰੀ

ਜਿਵੇਂ ਇਕ ਕਾਮਲ ਵੈਦ ਨਬਜ਼ ਦੇਖਣ ਤੋਂ,ਅਤੇ ਇਕ Character reader (ਕੈਰੈਕਟਰ ਰੀਡਰ) ਚਿਹਰਾ ਦੇਖਣ ਤੋਂ ਹੀ ਬੰਦੇ ਦੇ ਸਾਰੇ ਹਾਲ ਜਾਣ ਲੈਂਦਾ ਹੈ, ਐਨ ਤਿਵੇਂ ਹੀ ਇਕ ਹਿਸਟਰੀ ਰੀਡਰ, ਇਤਿਹਾਸ ਵਾਚਕ ਕਿਸੇ ਕੌਮ ਦੇਸ਼ ਜਾਂ ਬੰਦੇ ਦੇ ਜੀਵਨਾਦਰਸ਼ ਤੋਂ ਉਸਦੇ ਸਾਰੇ ਜੀਵਣ ਨੂੰ, ਉਸਦੇ ਅਨੁਯਾਈਆਂ ਦੇ ਜੀਵਨ ਆਸ਼ੇ ਤੋਂ ਬਖੂਬੀ ਸਮਝ ਸਕਦਾ ਤੇ ਬੜੀ ਅਛੀ ਤਰਾਂ ਸਹਿਜੇ ਹੀ ਜਾਣ ਸਕਦਾ ਹੈ। ਕਤਾਬੀ ਗਪੌੜੇ ਮਾਰਨੇ ਜਾਂ ਪੜ੍ਹਨੇ ਹੋਰ ਗਲ ਹੈ, ਪਰ ਠੰਢੇ ਦਿਲਿ, ਧੀਰਜ ਨਾਲ, ਵਿਚਾਰਕੇ, ਸਮਝਕੇ ਫੇਰ ਕਿਸੇ ਨਤੀਜੇ ਤੇ ਪਹੁੰਚਣਾ ਹੋਰ ਗਲ ਹੈ।

ਮਹਾਨ ਆਤਮਾ ਬਾਬਾ ਰਾਮ ਸਿੰਘ ਜੀ ਸਾਹਿਬ ਮਹਾਰਾਜ ਬਾਰੇ ਦੋ ਚਾਰ ਘਟਨਾਵਾਂ ਡਾਢੀਆਂ ਹੀ ਮਸ਼ਹੂਰ ਹਨ,ਜਿਨ੍ਹਾਂ ਬਾਰੇ ਸ਼ਾਇਦ ਕੋਈ ਵੀ ਇਨਕਾਰ ਨਹੀਂ ਕਰ ਸਕਦਾ, ਵਿਰੋਧੀ ਵੀ ਮੁਨਕਰ ਨਹੀ ਹੋ ਸਕਦੇ। ਉਹ ਘਟਨਾਂ ਕੀ ਹਨ ? ਮਾਨੋ ਆਪ ਜੀ ਦੇ ਜੀਵਨ ਆਦਰਸ਼ ਜਾਣਨ ਦੀ ਕੁੰਜੀ ਹਨ। ਸੁਣਿਆਂ ਹੈ ਕਿ:—

੧. ਮਹਾਨ ਆਤਮਾ ਬਾਬਾ ਰਾਮ ਸਿੰਘ ਜੀ ਮਹਾਰਾਜ ਦਾ ਮੁਖ ਅਸੂਲ ਸਾ ਕਿ ਕਦੇ ਵੀ ਚਿਠੀ ਸਰਕਾਰੀ ਡਾਕਖਾਨੇ ਰਾਹੀਂ ਨਹੀਂ ਭੇਜਣੀ। ਸਗੋਂ ਜਿੱਥੇ ਵੀ ਚਿਠੀ ਭੇਜਣੀ ਹੋਵੇ ਤਾਂ ਉਹ ਦਸਤੀ ਭੇਜਣੀ। ਉਹ ਵੀ ਇਕ ਅਜੀਬ ਤਰੀਕੇ ਨਾਲ। ਤਰੀਕਾ ਇਹ ਸੀ ਕਿ ਜੇ ਸ੍ਰੀ ਭੈਣੀ ਸਾਹਿਬ ਜੀ ਤੋਂ ਸ੍ਰੀ ਅੰਮ੍ਰਿਤਸਰ ਸਾਹਿਬ ਜੀ ਨੂੰ ਚਿਠੀ ਭੇਜਣੀ ਹੈ, ਤਾਂ ਆਪ ਜੀ ਜਿਸ ਨਾਮਧਾਰੀ ਗੁਰਸਿਖ ਦੇ ਹਥ ਪਤ੍ਰਿਕਾ ਪਕੜਾਉਣੀ, ਉਸਨੂੰ ਕਟੜਾ ਹੁਕਮ ਦੇਣਾ ਕਿ 'ਯਥਾ ਸ਼ਕਤਿ; ਜਿੰਨਾਂ ਵੀ ਭਜ ਸਕੇ ਭੱਜਣਾ ਤੇ ਇਕੋ ਸਾਹ ਭਜੇ ਜਾਣਾ। ਉਸਨੇ ਇਸੇ ਹੁਕਮ ਅਨੁਸਾਰ ਉਹ ਚਿਠੀ ਅਗਲੇ ਪੜਾਉ ਤੇ ਪਹੁੰਚਾਉਣੀ। ਅਗਲੇ ਪੜਾਉ ਵਾਲੇ ਗੁਰਸਿਖ ਨੇ ਇਸਤਰਾਂ ਅਗਲੇਰੇ ਪੜਾਉ ਤੇ ਪਹੁੰਚਾਉਣੀ ਤੇ ਐਨ ਇਸੇ ਹੀ ਤਰਾਂ ਮਹਾਰਾਜ ਜੀ ਦੀ ਡਾਕ ਮਿਥੇ ਹੋਏ ਥਾਂ ਤੇ ਜਾਂਦੀ ਤੇ ਆਉਂਦੀ ਸੀ। ਅਰਥਾਤ ਆਪ ਚਿਠੀਆਂ ਨੂੰ ਕਦੇ ਵੀ ਸਰਕਾਰੀ ਡਾਕ ਬੰਬੇ (ਲੈਟਰ ਬਕਸ) ਵਿਚ ਨਹੀ ਸਨ ਪਾਉਂਦੇ।

੨. ਆਪ ਸਦਾ ਸ਼ਾਂਤਿ ਚਿਤ ਬੀਰ ਰਸੀ ਜਲਾਲ ਤੇ ਚੜ੍ਹਦੀਆਂ ਕਲਾ ਵਿਚ ਵਿਚਰਦੇ ਸਨ। ਕ੍ਰੋਧ, ਅਹੰਕਾਰ ਆਦਿ ਆਪ ਦੇ ਨੇੜੇ ਵੀ ਨਹੀ ਸੀ ਫਟਕਿਆ। ਮਾਨੋ ਆਪਜੀ ਦੇ ਪੰਜ ਭੂਤਕ ਸਰੀਰ ਵਿਚ ਕ੍ਰੋਧ ਅਹੰਕਾਰਾਦਿ ਦਾ ਅਭਾਵ ਹੀ ਸੀ।

੩. ਆਪ ਜੀ ਨੇ ਜਿਸਦੇ ਵੀ ਕੰਨ ਵਿਚ ਨਾਮ ਦੀ ਫੂਕ ਮਾਰੀ, ਕੂਕ ਫੂਕੀ ਉਹ ਕੂਕਾ ਹੋ ਗਿਆ। ਨਮਾਧਾਰੀ ਬਣ ਗਿਆ। ਦੀਵਾਨਾ ਹੋ ਗਿਆ। ਨਾਮ ਰਸੀਆ ਹੋ ਗਿਆ ਤੇ ਚੜ੍ਹਦੀਆਂ ਕਲਾਂ ਵਿਚ ਵਿਚਰਨ ਵਾਲਾ ਨਾਮ ਰਸ ਖੀਵਾ, ਪ੍ਰੇਮ ਮਰ ਜੀਵਾ ਹੋ ਗਿਆ।

ਆਓ ਅਜ ਅਸੀਂ ਆਪ ਜੀ ਦੇ ਮਹਾਨ ਪਰੁਪਕਾਰੀ ਕਾਰਨਾਮਿਆਂ ਵਿਚੋਂ ਕੇਵਲ ਉਪੋ੍ਕਤ ਤਿਹਾਂ ਉਪਰ ਹੀ ਵਿਚਾਰ ਕਰੀਏ।

ਪਹਿਲੀ ਗਲ ਬਾਰੇ ਆਖਦੇ ਹਨ ਕਿ ਇਕ ਵਾਰ ਕਿਸੇ ਗੁਰਮੁਖ ਪ੍ਰੇਮੀ ਨੇ ਸ੍ਰੀ

Sri Satguru Jagjit Singh Ji Elibrary NamdhariElibrary@gmail.com

ਹਜ਼ੂਰ ਬਾਬਾ ਟਾਮ ਸਿੰਘ ਜੀ ਮਹਾਰਾਜ ਤੋਂ ਚਿਠੀ ਡਾਕ ਵਿਚ ਨਾ ਪਾਉਣ, ਅਤੇ ਹਥੀਂ ਪਹੁੰਚਾਉਣ ਦਾ ਕਾਰਨ ਪਛਿਆ, ਤਾਂ ਆਪ ਜੀ ਦਾ ਕੂਜੇ ਵਿਚ ਸਮੁੰਦਰ ਬੰਦ ਕਰਨ ਵਰਗਾ, ਅਤੀ ਸੰਖੇਪ ਪਰ ਡਾਢਾ ਮਹੱਤ੍ਵ ਭਰਿਆ ਸ਼ਾਦ ਪਰ ਗੂੜ੍ਹ ਾਵ ਪੂਰਤ ਉਤਰ ਸੀ:--

"ਗੁਰਮੁਖਾ ! ਆਪਣਾ ਭੇਦ ਲਿਖਕੇ ਦੂਜੇ ਦ ਹਥ ਦੇ ਦੇਣਾ ਤਾਂ ਆਤਮ ਘਾਤ ਕਰਨ ਨਾਲੋਂ ਵੀ ਵਡੀ ਭੁਲ ਹੈ।" ਸਚ ਮੁਚ ਹੀ ਇਸਤੋਂ ਵਡੀ ਮੂਰਖਤਾ ਹੋਰ ਹੋ ਵੀ ਕੀ ਸਕਦੀ ਹੈ । ਮੁਲਕੀ ਸੇਵਾ ਦ ਮੈਦਾਨ ਵਿਚ ਵਿਚਰਨ ਵਾਲੇ ਸਿਆਣੇ ਸੇਵਕ ਜਾਣਦੇ ਹਨ ਤੇ ਸਾਧਾਰਨ ਵਿਚਾਰਵਾਨਾਂ ਨੂੰ ਜ਼ਰਾ ਕੁ ਗਹੁ ਨਾਲ ਵਿਚਾਰਨ ਤੋਂ ਸਾਫ ਪਤਾ ਲਗ ਜਾਊ ਕਿ ਇਸੇ 'ਆਤਮਘਾਤ ਨਾਲੋਂ ਵੀ ਵਡੀ ਭੁਲ' ਨਾਹੀਂ ਹੀ ਮੁਲਕੀ ਸੇਵਾ ਦੇ ਚੌਪੜ ਵਿਚ ਪੁਗੀਆਂ ਹੋਈਆਂ ਕਈ ਨਰਦਾਂ,ਮਾਰੀਆਂ ਗਈਆਂ ਅਜੇਹੀਆਂ ਕਚੀਆਂ ਹੋਈਆਂ । ਅਜੇਹੀਆਂ । ਮਾਰੀਆਂ ਕਿ ਮੁੜ ਉਠ ਹੀ ਨ ਸਕੀਆਂ। ਨਾ 'ਪੌ'ਪਿਆ ਤੇ ਨਾ ਖੜੀਆਂ ਹੋਈਆਂ ਜੇ ਭਲਾ ਕਿਤੇ ਮੁੜਿ ਸਿਰੁ ਚੁਕਿਆ ਖੜੀਆਂ ਹੋਈਆਂ ਵੀ,ਤਾਂ ਅਸਮਾਨੀ ਚੋਟ ਵਾਂਗ ਵੈਰੀ ਦੀ ਗੋਟ ਦੀ ਓਹ ਕਰਾਰੀ ਚੋਟ ਪਈ ਕਿ ਦਰੋਂ ਬਾਹਰ ਹੀ ਨਾ ਹੋਣ ਦਿਤੀਆਂ ਤੇ ਅੰਤ ਸਦਾ ਲਈ ਮਰ ਗਈਆਂ। ਬਾਜ਼ੀ ਮਾਤ ਹੋ ਗਈ।

ਆਪਦੀ ਦੂਜੀ ਹਾਲਤ, ਰੱਬੀ ਰਸ ਵਿਚ ਲੀਨ, ਸ਼ਾਂਤਿ ਸਾਗਰ ਵਿਚ ਡੁਬੇ ਹੋਇਆਂ, ਤੇ ਜਲਾਲੀ ਕਰਤਾਰ ਵਿਚ ਇਕ ਮਿਕ ਹੋ ਸਦਾ ਅਕਾਲ ਪੁਰਖ ਦੇ ਅੰਗੀ ਸੰਗੀ ਹੋਣ ਦੀ ਲਖਾਇਕ ਹੈ। **"ਭੈ ਕਾਹੂ ਕੋ ਦੇਤ ਨਹਿ, ਨਹਿ ਭੈ ਮਾਨਤ ਆਨ"** ਦੇ ਜਾਵਨ ਨਸ਼ਾਨੇ ਨੂੰ ਸਿਧ ਕਰਦੀ ਹੈ। ਲੋਭ ਮੋਹ ਅਹੰਕਾਰ ਆਦਿ ਦਾ ਨੇੜ ਵੀ ਨਾ ਫਟਕਣਾਂ ਸਾਫ ਦਸ ਰਿਹਾ ਹੈ ਕਿ ਆਪ ਕਿਸੇ ਉੱਚ ਘਾਟੀ ਦੇ ਵਸਨੀਕ ਹੁੰਦੇ ਹੋਏ ਮਾਨੁਖੀ ਜਾਮਾ-ਧਾਰ ਸਾਡੇ ਵਿਚ ਕਤਕ ਵਤ ਵਿਚਰ ਰਹੇ ਸਨ। ਇਨਾਂ ਗਲਾਂ ਨੂੰ ਨਾਮ ਰਸ ਦ ਅਭਿਆਸੀ, ਉਚ ਆਤਮਕ ਮੰਡਲਾਂ ਵਿਚ ਉਡਣ ਵਾਲੇ ਗੁਰਮੁਖ ਸੰਤ ਹੀ ਸਮਝ ਸਕਦੇ ਹਨ । ਇਸ ਗਲ ਨੂੰ ਆਮ ਬੰਦੇ ਸਮਝ ਹੀ ਨਹੀਂ ਸਕਦੇ ਕਿ ਕਿਵੇਂ ਕਾਮ, ਕ੍ਰੋਧ, ਲੋਭ, ਮੋਹ ਤੇ ਅਹੰਕਾਰ ਆਦਿ ਤੋਂ ਸਾਫ ਸੀਨਾ ਵੀ ਹੋ ਸਕਦਾ ਹੈ। ਕਿਵੇਂ 'ਖਾਲਸੋ ਬੇ ਕੀਨਾ' ਹਿਰਦਾ ਵੀ ਹੋ ਸਕਦਾ ਹੈ। ਇਹ ਅਗੰਮੀ ਖੇਲ ਹੈ ਜਿਸਦੇ ਸਮਝਣ ਲਈ ਉਸ ਉਚੀ ਅਗੰਮੀ ਜੋਤ ਦੇ ਚਾਨਣੇ ਦੀ ਲੋੜ ਹੈ। ਇਸੇ ਅਵਸਥਾ ਦਾ ਹੀ ਸਦਕਾ ਸੀ ਕਿ ਜਾਦੂ ਵਤ ਆਪ ਨੇ ਜਿਸ ਵਲ ਵੀ ਹਿਰਦੇ ਪ੍ਰਬੋਧਨੀ ਦ੍ਰਿਸ਼ਟੀ ਨਾਲ ਇਕ ਵਾਰ ਝਾਕਿਆ,ਉਹ ਪ੍ਰੇਮ-ਬਾਣ ਨਾਲ ਦੁੱਸਰ ਸਲਿਆ ਗਿਆ। ਉਹ ਪ੍ਰੇਮ ਖੀਵਾ ਲੁਡ੍ਹਕ ਗਿਆ। ਆਹੋ ਜੀ ! ਕਾਮਲ ਸਤਿ-ਗੁਰ ਨੇ, ਪੂਰੇ ਸਤਿਗੁਰ ਨੇ ਜਦ ਕਦੇ ਵੀ ਸ਼ਬਦ ਬੇਧੀ, ਸ਼ਬਦ-ਬਾਣ ਵਾਹਿਆ, ਉਹ ਅਚੂਕ ਨਸ਼ਾਨੇ ਤੇ ਵਜਾ ਤੇ ਆ ਦਰਸ਼ਕ ਹਿਰਦਾ 'ਲਾਗਤ ਹੀ ਭੁਇ ਗਿਰ ਪਰਿਆ' ਤੇ ਤੜਫਨ ਲਗ ਪਿਆ। ਉਸਦੀ 'ਪਰਿਆ ਕਰੇਜੇ ਛੇਕ' ਵਾਲੀ ਅਵਸਥਾ ਹੋ ਗਈ। ਓਹ **'ਨਹਿ ਭੈ ਮਾਨਤ ਆਨ'** ਦੇ ਉਚ ਮਹਿਲ ਦਾ ਵਾਸੀ ਹੋ ਗਿਆ ਉਸਦੀ, 'ਹਰਿ ਹਰਿਜਨ ਦੁਇ ਏਕ ਹੈ" ਵਾਲੀ ਮਸਾਲ ਬਣ ਗਈ। ਬਸ ਫੇਰ ਕੀ ਸੀ ਇਸ ਪਾਰਸ ਨਾਲ ਪਰਸ ਪਰਸ ਕੇ ਮਨੂਰ ਵਤ ਹਿਰਦੇ, ਲਗੇ

Sri Satguru Jagjit Singh Ji Elibrary NamdhariElibrary@gmail.com

ਕੰਚਨ ਹਣ। ਇਸ ਮਹਾ ਸੰਤ ਨਾਲ ਛੂ ਛੂ ਲਹ. ਸਾਧਾਰਨ ਬੰਦੇ ਗਿਆਨੀ ਤੇ ਸੰਤ ਬਣਨ! ਮਾਹੋ ਜੀ! ਇਸ ਨਿਰਲੋ ਭੀ, ਬੇ ਕੀਨ ਸੋਨਾ, ਆਤਮਾ ਨੇ ਕਮਾਲ ਦੇ ਸਿਖ ਸੰਤ ਪੈਦਾ ਕੀਤੇ, ਜਿਨ੍ਹਾਂ ਨੇ **ਕੰਚਨ ਲੰਹ ਸਮਾਨ** ਵਾਲੀ ਵਸਵਥਾ ਬਸਰ ਕੀਤੀ। ਵਡੇ ੨ ਕੱਟੜ ਵਿਰੋਧੀ, ਆਤਮਕ ਖਿਲਾੜੀਆਂ ਨੂੰ ਮਏਲ ਕਰਨ ਵਾਲੇ ਮੂਰਖ ਜਦ ਕਦੇ ਵੀ ਮਹਾਰਾਜ ਦ ਸੋਹੇਂ ਆਏ, ਆਪ ਨੇ ਜ਼ਰਾ ਕੁ ਹੀ ਨਜ਼ਰ ਚੁਕਕੇ ਦੇਖਿਆ ਨਹੀਂ ਕਿ ਉਹ ਨੀਮ ਬਿਸਮਲ ਹੋ ਤੜਫਨ ਲਗ ਪਏ। ਆਪ ਜੀ ਦੀ ਆਤਮ ਸ਼ਕਤੀ ਦੀ ਇਸ ਧਾਂਕ ਨੇ ਸਮੇ ਦੀ ਕੂਟ ਨੀਤਗਜ ਸਰਕਾਰ ਦੀ ਅਕਲ ਦੀ ਵੀ ਕੁਤਨੀ ਭੁਵਾ ਛਡੀ। ਉਸ ਦੇ ਅਨੇਕ ਕਟੜ ਪੱਥਰ ਚਿਤ ਸੂਹੀਏ ਵੀ ਸ੍ਰੀ ਹਜ਼ੂਰ ਦੇ ਪ੍ਰੇਮ ਬਾਨ ਬੇਧੇ ਢੇਰੀ ਹੋ ਓਥੇ ਹੀ ਚਰਨਾਂ ਵਿਚ ਮੁਦਤਾਂ ਲਿਟਦੇ ਰਹੇ।

ਬਸ ਏਹੀ ਤੇ ਅਜੇਹੀਆਂ ਹੀ ਅਨੇਕ ਗਲਾਂ ਸਨ ਜੋ ਸਾ ਨਾਮਧਾਰੀ ਸੰਪ੍ਰਦਾਇ ਦੇ ਬਾਨੀ ਮਹਾਰਾਜ ਦੇ ਜੀਵਨ-ਅਦਰਸ਼ ਦੇ ਤਾਲੇ ਦੀ ਕੁੰਜੀ ਕਹੀਆਂ ਜਾ ਸਕਦੀਆਂ ਹਨ। ਜਿਨ੍ਹਾਂ ਤੋਂ ਸ੍ਰੀ ਨਾਮਧਾਰੀ ਸੰਤ ਸਿਖਾਂ ਦਾ ਜੀਵਨਾਦਰਸ਼ ਸੁਖੈਣ ਹੀ ਸਮਝਿਆ ਜਾ ਸਕਦਾ ਹੈ। ਦੂਰ ਜਾਣ ਦੀ ਲੋੜ ਨਹੀਂ ਅਜ ਵੀ ਸ੍ਰੀ ਭੈਣੀ ਸਾਹਿਬ ਜੀ ਵਿਚ ਉਹ ਉਹ ਬੀਰ ਤਪੱਸ੍ਵੀ ਦੇਖੇ ਜਾ ਰਹੇ ਹਨ ਜਿਨ੍ਹਾਂ ਦਾ ਜੀਵਨ ਨਾਮਧਾਰੀ ਮਹਾਰਾਜ ਦੇ ਝੰਡੇ ਹਠ ਆਉਣ ਤੋਂ ਪਹਿਲਾਂ ਡਾਢਾ ਹੀ ਵਿਸ਼ੈਲਾ ਤੇ ਭਿਅੰਕਰ ਸੀ।

ਉਪ੍ਰੋਕਤ ਘਟਨਾਵਾਂ ਦੇ ਜਾਣਨ ਤੋਂ ਨਾਮਧਾਰੀ ਜੀਵਨਾਦਰਸ਼ ਸੁਖੱਲਾ ਹੀ ਸਮਝਿਆ ਜਾ ਸਕਦਾ ਹੈ। ਮੇਰੀ ਦਿਲੀ ਚਾਹ ਹੈ ਤੇ ਅਕਾਲ ਪੁਰਖ ਅੰਤਰਜਾਮੀ ਅਗੇ ਡਾਢੇ ਤਰਲੇ ਭਰੀ ਅਰਦਾਸ ਹੈ ਕਿ ਇਹ ਸੰਤ ਸਿਖ ਸੰਪ੍ਰਦਾਇ, ਬੀਰ, ਸ਼ਾਂਤਿ, ਨਾਮ ਰਤੀ ਸੰਪ੍ਰਦਾਇ, ਕੌੜੀ ਵੇਲ ਵਾਂਗ ਨਿਰਭਉ ਨਾਮ ਅਭਿਆਸੀਆਂ ਦੀ ਸੰਪ੍ਰਦਾਇ, ਦਿਨ ਦੂਣੀ ਤੇ ਰਾਤ ਚੌਗਣੀ ਵਧੇ, ਤੇ ਇਸ ਕਲਜੁਗੀ ਸਮੇਂ ਵਿਚ ਮਾਯਾ ਮੋਹ ਜਾਲਿ ਫਸੀ ਤੜਫ ਰਹੀ ਦੁਨੀਆਂ ਨੂੰ ਅਸੁਰੀ ਸੰਪਦਾ ਗ੍ਰਸਤ ਬਿਲਕ ਰਹੇ ਸੰਸਾਰ ਨੂੰ ਈਰਖਾ ਕੀਨੇ ਤੇ ਦ੍ਵੈਖ ਅਗਨਿ ਵਿਚ ਸੜ ਰਹੇ ਲੋਕਾਂ ਨੂੰ ਪ੍ਰੇਮ,ਸ਼ਾਂਤਿ ਤੇ ਨਾਮ ਰਸ ਦੇ ਛਟੇ ਦੇਕੇ ਜੀਵਾਵੇ, ਬਚਾਵੇ ਤੇ ਪ੍ਰਫੁਲਤ ਕਰੇ।

ਵਧਾਈ ਏ! ਵਧਾਈ ਏ!!

(ਵਲੋਂ ਸਰਦਾਰ ਦੇਵਾ ਸਿੰਘ ਜੀ 'ਕਿਰਤੀ' ਗੁਜਰਾਂ ਵਾਲਾ)

ਵਾਹ ਵਾਹ ਅਜ ਸਾਰੇ ਸੰਸਾਰ ਵਿਚ ਦਿਸਦਾ ਏ,
ਜਿਦ੍ਹੇ ਵੱਲ ਤਕੋ ਖੁਸ਼ੀ ਦਿਸਦੀ ਲੁਕਾਈ ਏ।
ਫੁਲਾਂ ਵਾਂਗ ਫੁਲ ਫੁਲ ਸਾਰੇ ਨਰ ਨਾਰੀਆਂ ਦੇ,
ਪਗਾਂ ਤੇ ਦੁਪਟਿਆ ਨੇ ਖੁਸ਼ੀ ਹੀ ਵਿਖਾਈ ਏ।
ਜਿਥੋਂ ਤਕ ਪ੍ਰਜ ਸਤ੍ਰੀ ਉਚੀ ਅਸਮਾਨ ਵਲ,
ਗੁਡੀਆਂ, ਦੇ ਰਾਹੀਂ ਖੁਸ਼ੀ ਬਚਿਆਂ ਪੁਚਾਈ ਏ।
'ਕਿਰਤੀ' ਦੇ ਵਲੋਂ ਅਜ ਚੀਨੀ ਵਲੇ ਆਵਨੇ ਦੀ,
ਸਾਰੀ ਸਿਖ ਕੌਮ ਨੂੰ ਵਧਾਈ ਏ! ਵਧਾਈ!

Sri Satguru Jagjit Singh Ji Elibrary NamdhariElibrary@gmail.com

ਚੀਨੀ ਵਾਲਾ ਬਾਬਾ

ਵਲੋਂ–ਸ੍ਰੀਮਾਨਸਰਦਾਰ ਬ੍ਰਿਜਾਰਾ ਸਿੰਘ ਜੀ ਮਿਉਨਿਸਪਲ ਕਮਿਸ਼ਨਰ ਲਖਨਊ

ਗੁਲਾਮ ਭਾਰਤ ਵਰਸ਼ੀਆਂ ਨੂੰ ਆਜ਼ਾਦੀ ਦੀ ਸੰਥਾ ਪੜ੍ਹਾਉਣ ਲਈ, ਧਰਮ, ਐਸ਼ਵਰਜ ਅਤੇ ਸਹਿਚਾਰ ਗਵਾ ਚੁਕੇ ਸਿਖਾਂ ਨੂੰ ਸਿਖੀ ਦਾਨ ਦੇਣ ਲਈ ਅਰ ਰਬ ਤੋਂ ਬੇਮੁਖ ਹੋ ਚੁਕੀ ਲੁਕਾਈ ਨੂੰ ਸਨਮੁਖ ਕਰਕੇ ਉਸ ਨਾਲ ਜੋੜਨ ਲਈ, ਚੀਨੀ ਵਾਲਾ ਸੋਹਣਾ ਬਾਬਾ ਉਸ ਭਾਗੇ ਭਰੇ ਵਿਗਸਾਤ ਵਾਲ਼ ਦਿਨ ਅਵਤਰਿਆ ਜਿਸ ਨੂੰ ਬਸੰਤ ਦੇ ਪਿਆਰੇ ਨਾਮ ਨਾਲ ਯਾਦ ਕੀਤਾ ਜਾਂਦਾ ਹੈ।

ਬਸੰਤ ਆਈ ਬਨਸਪਤੀ ਨੂੰ ਨਵਾਂ ਜੀਵਨ ਦੇ ਗਈ, ਸੁਕੀਆਂ ਹੋਈਆਂ ਟਹਿਣੀਆਂ ਨੂੰ ਫੁਲਾਂ, ਕੀਕਲੀਆਂ ਏ ਸ਼ਗੂਫਿਆਂ ਨਾਲ ਭਰਕ ਨਵ-ਵਿਵਾਹਤ ਲਾੜੀਆਂ ਬਣਾ ਗਈ ਤੇ ਉਹ ਖੇੜਾ ਜੋ ਕੁਦਰਤ ਨੇ ਆਪਣੇ ਸੀਨੇ ਵਿਚ ਕਿਸੇ ਅਮਾਨਤ ਵਾਂਗ ਸੰਭਾਲ ਕੇ ਰਖਿਆ ਹੋਇਆ ਸੀ, ਉਸ ਦੀਆਂ ਖੁਲ੍ਹੀਆਂ ਦਾਤਾਂ ਵੰਡ ਕੇ ਇਕ ਅਸਚਰਜ ਰੰਗ ਬੰਨ੍ਹ ਗਈ। ਅੰਬਾਂ ਨੂੰ ਬੂਰ ਲੱਗਾ, ਕੋਇਲਾਂ ਨੇ ਪਿਆਰ–ਤ੍ਰਾਨਿਆਂ ਦਾ ਸਾਗਰ ਉਮਡਾ ਦਿੱਤਾ; ਭੌਰਿਆਂ ਨੇ ਮਧੁਰ-ਧੁਨੀ ਗੁੰਜਾਰ ਛੁਹੰ ਲਈ ਅਤੇ ਪੰਜਾਬ ਦਾ ਕਿਣਕਾ ਕਿਣਕਾ ਇਸ ਅਲੌਕਿਕ ਪਲਟੇ ਨਾਲ ਨਿਰਾ ਰਾਗ ਰੂਪ ਬਣ ਗਿਆ। ਇਸ ਰਸ-ਰੰਗ ਵਾਲੀ ਸੁਹਾਵੀ ਬਸੰਤ ਨੂੰ ਜਿਸ ਜੀਅ ਦਾਨ ਦਾਤੇ ਨੇ ਕਣਕਾਂ ਦਾ ਹੁਸਨ ਅਤੇ ਲੋਹੜ੍ਹਾਂ ਦਾ ਖੇੜਾ ਦਿਤਾ ਸੀ, ਆਪਣੀ ਕੁਦਰਤ ਦਾ ਵਿਗਸਾਓ ਤੁੱਕਣ ਲਈ ਛਮ ਛਮ ਕਰਦਾ ਆ ਗਿਆ।

ਚੀਨੀ, ਆਇਆ ਉਹ ਛਬੀਆਂ ਨੂੰ ਛਬ ਦੇਣ ਵਾਲਾ ਸੁਲਤਾਨ, ਜਿਸ ਦੇ ਸਵਾਗਤ ਲਈ ਸਾਰੀ ਕੁਦਰਤ ਸੱਜ ਫਬ ਕੇ ਤਿਆਰ ਹੋ ਗਈ। ਧਰਤੀ ਜੋ ਅਧਰਮ, ਕੁਕਰਮ, ਅਤੇ ਨਿਲੱਜਤਾ ਦੇ ਭਾਰ ਨਾਲ ਭੈ ਭੀਤ ਹੋਈ ਕੰਬ ਰਹੀ ਸੀ, ਐਉਂ ਮਹਿਸੂਸ ਕਰਨ ਲਗ ਪਈ, ਜਿਵੇਂ ਕੋਈ ਅਰਸ਼ੀ ਠੰਢਕ ਪੈ ਗਈ ਹੁੰਦੀ ਹੈ। ਉਹ ਅਗੇ ਵੀ ਖਿੜਦੀ ਸੀ, ਰਸ ਵਿਚ ਭਰਦੀ ਸੀ, ਜੀਵਨ-ਉਛਾਲੀਆਂ ਲੈਂਦੀ ਸੀ, ਪਰ ਓਸ ਖੇੜੇ ਅਤੇ ਉਛਾਲ ਨੂੰ ਤੱਕਣ ਵਾਲੀ ਅੱਖ ਕਿਉਂ-ਕਿ ਉਸ ਨੂੰ ਨਜ਼ਰ ਨਹੀਂ ਸੀ ਆਉਂਦੀ ਇਸ ਲਈ ਉਸ ਦਾ ਹਰ ਵਾਰਸਕ ਫੇਰਾ ਨ੍ਹਾਸੇ ਦੀ ਕਦੇ ਨਾ ਪੂਰਨ ਹੋਣ ਵਾਲੀ ਆਸ ਸਾਬਤ ਹੁੰਦਾ ਸੀ। ਅਨੰਦ ਪੁਰੀ ਪ੍ਰੀਤਮ ਦੇ ਛੱਪਣ ਛੋਪ ਖੋਡ ਜਾਣ ਦੇ ਉਪਰੰਤ, ਕਿਸੇ ਅਮਰ ਰਸੀ ਰਸ ਦਾਤਾ ਜੀ ਨੇ ਮਿਠੇ ਪਿਆਰਾਂ ਨਾਲ ਭਰਿਆ ਗੀਤ ਨਹੀਂ ਸੀ ਅਲਾਪਿਆ। ਚੇਤ ਆਉਂਦਾ ਸੀ, ਉਹ ਹਰ ਸਾਲ ਗਾਉਂਦੀ ਸੀ–

ਚੇਤ ਬਸੰਤ ਭਲਾ ਭਵਰ ਸੁਹਾਵੜੇ।
ਬਨ ਫੂਲੇ ਮੰਝ ਬਾਰ ਮੈ ਪਿਰ ਘਰ ਬਾਹੁੜੇ।

ਪਰ ਹੁੰਦਾ ਕੀ ਸੀ ? ਇਹ–

ਪਿਰ ਘਰ ਨਹੀਂ ਆਵੈ, ਧਨ ਕਿਉ ਸੁਖ ਪਾਵੈ, ਬਿਰਹ ਬਿਰੋਧ ਤਨ ਛੀਜੈ। ਕੋਕਿਲ ਅੰਬ ਸੁਹਾਵੀ ਬੋਲੈ, ਕਿਉ ਦੁਖ ਅੰਕ ਸਹੀਜੈ। ਭਵਰ ਭਵੰਤਾ ਫੁਲੀ ਡਾਲੀ, ਕਿਉ ਜੀਵਾ ਮਰ ਮਾਏ। ਨਾਨਕ ਚੇਤ ਸਹਿਜ ਸੁਖ ਪਾਵੈ, ਜੇ ਹਰਿ ਧਨ ਸਨ ਘਰ ਪਾਵੈ।"

ਤੇ ਅਜ ਉਹ ਆ ਗਿਆ ਹੈ ਜਿਸ ਨੂੰ ਇਹ ਬਸੰਤ ਰਾਣੀ ਵਰਿ ਆਂ ਤੋਂ ਉਡੀਕ ਰਹੀ ਸੀ। ਉਹ ਆ ਗਿਆ ਹੈ, ਇਸੇ ਖੁਸ਼ੀ ਵਿਚ ਆਪਣੇ ਅੰਦਰਲੇ ਸਾਰੇ ਹੁਸਨਾਂ ਨੂੰ ਉਜਾਗਰ ਕਰਕੇ ਸਦਕੇ ਹੋ ਰਹੀ ਹੈ। ਅਜ ਮਿਲਾਪ ਦਿਨ ਹੈ ਅਤੇ ਜਿਸ ਨੂੰ ਵਧੇਰੇ ਸੁਹਾਵਣਾ ਬਨਾਣ ਲਈ

Sri Satguru Jagjit Singh Ji Elibrary NamdhariElibrary@gmail.com

ਸ੍ਰੀ ਮਾਨ ਸਰਦਾਰ ਸ਼ਿਗਾਰਾ ਸਿੰਘ ਜੀ

Sri Satguru Jagjit Singh Ji Elibrary NamdhariElibrary@gmail.com



ਕਾਕਾ ਕਰਮ ਸਿੰਘ ਜੀ

INDIAN LABEL PRINTING PRESS, LAHORE

Sri Satguru Jagjit Singh Ji Elibrary NamdhariElibrary@gmail.com

ਬਸੰਤ ਦੀਆਂ ਮਿਠ ਏਲੀਆਂ ਸਖੀਆਂ ਗੀਤ ਗਾ ਰਹੀਆਂ ਹਨ।

ਚੜ੍ਹ ਪਿਆ ਉਹ ਸੂਰਜ ਜਿਸ ਦੀ ਲਾਲੀ ਧੁੰਮਦੀ ਵੇਖ ਕੇ ਕੰਵਲਾਂ ਦੇ ਚਿਹਰਿਆਂ ਤੇ ਹਾਸੀ ਆ ਗਈ। ਉਹ ਖਿੜ ਪਏ ਅਤੇ ਆਪਣੀਆਂ ਅੰਦਰਲੀਆਂ ਮਹਿਕਾਂ ਨਾਲ ਵਾਯੂ ਮੰਡਲ ਨੂੰ ਸੁਗੰਧਤ ਕਰ ਦਿੱਤਾ। 'ਸ੍ਰੀ ਭਾਈ ਗੁਰਦਾਸ ਜੀ ਨੇ ਫਰਮਾਇਆ ਹੈ—"ਜਿਉਂ ਕਰ ਸੂਰਜ ਨਿਕਲਿਆ ਤਾਰੇ ਛਪੇ ਅੰਧੇਰ ਪਲੋਆ।"

ਉਹਨਾਂ ਨੇ ਇਹ ਤੁਕ ਨਿਰੰਕਾਰੀ ਬਾਬੇ ਦੇ ਆਗਮਨ ਦਾ ਅਸਰ ਮਹਿਸੂਸ ਕਰਕੇ ਲਿਖੀ ਸੀ, ਪਰ ਸਚਾਈ ਏਹੋ ਹੈ ਕਿ ਹਰ ਗੁਰੂ ਨਾਨਕ ਦੇ ਆਗਮਨ ਸਮੇਂ ਏਹੋ ਕੁਝ ਹੀ ਹੁੰਦਾ ਰਿਹਾ ਤੇ ਜਿਸ ਵੇਲੇ ਉਹ ਬਾਂਕੀ ਚੀਨੀ ਦਾ ਸਵਾਰ ਵੀ ਸੰਸਾਰ ਤੇ ਆਯਾ, ਇਸ ਤੁਕ ਵਿਚ ਅੰਕਿਤ ਕੀਤੇ ਗਏ ਭਾਵ ਵਾਲੀ ਹਾਲਤ ਹੀ ਵਰਤੀ।

ਜਿਸ ਵੇਲੇ ਇਹ ਆਗਮਨ ਹੋਇਆ, ਸਿਖ ਰਾਜ ਆਪਣੇ ਅੰਤਲੇ ਸਾਹ ਲੈ ਰਿਹਾ ਸੀ। ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਆਪਣੀਆਂ ਸ਼ਾਨਾਂ, ਬਰਕਤਾਂ ਅਤੇ ਜਿਤਾਂ ਨੂੰ ਆਪਣੇ ਨਾਲ ਹੀ ਲੈ ਗਿਆ ਸੀ। ਤਖਤ ਤੇ ਨਾਮ ਮਾਤ੍ਰ ਤਾਂ ਸਿਖ ਮਹਾਰਾਜਾ ਸੀ, ਪਰ ਸਾਰੀ ਤਾਕਤ ਉਹਨਾਂ ਡੋਗਰਿਆਂ ਦੇ ਹਥ ਵਿਚ ਸੀ, ਜੋ ਸਿਖ ਸਲਤਨਤ ਦੇ ਸ਼ਾਨਦਾਰ ਮਹਿਲ ਨੂੰ ਗਿਰਾ ਕੇ, ਉਸ ਤੇ ਡੋਗਰਾ ਰਾਜ ਦੀ ਉਸਾਰੀ ਕਰਨਾ ਚਾਹੁੰਦੇ ਸਨ। ਸਤਿਲੁਜ ਤੋਂ ਪਾਰ ਫ਼ਿਰੰਗੀ ਛਾਉਣੀਆਂ ਪਾਈ ਬੈਠਾ ਸੀ, ਅਤੇ ਜਿਸਦੀ ਡੂੰਘੀ ਪਾਲਿਸੀ ਇਹ ਸੀ ਕਿ ਸਿਖ ਰਾਜ ਦਾ ਕੰਡਾ ਨਿਕਲ ਜਾਵੇ। ਇਹ ਦੋਵੇਂ ਢਾਹਾਂ ਸਿਖ ਰਾਜ ਦਾ ਅੰਤ ਕਰਕੇ ਹੀ ਰਹੀਆਂ ਤੇ ਪੰਜਾਬ ਦੀ ਉਹ ਆਜ਼ਾਦੀ, ਜੋ ਸਦੀਆਂ ਦੀਆਂ ਕਠਿਨ ਘਾਲਾਂ ਦਾ ਸਿਟਾ ਸੀ, ਗੱਲਾਮੀ ਵਿਚ ਤਬਦੀਲ ਹੋ ਗਈ। ਇਹਨਾਂ ਦੇ ਵਡੇ ਕਾਰਨਾ ਤੋਂ ਬਿਨਾਂ ਸਿਖ ਰਾਜ ਦੀ ਤਬਾਹੀ ਦਾ ਮੁਖੀ ਤੇ ਸਭ ਤੋਂ ਵਡਾ ਕਾਰਨ ਸਿਖਾਂ ਦੇ ਚਲਨ ਵਿਚ ਗਿਰਾਵਟ ਦਾ ਪੈਦਾ ਹੋਣਾ ਸੀ ਅਤੇ ਉਹ ਗਿਰਾਵਟ ਇੰਨੀ ਘਿਨਾਉਨੀ ਸ਼ਕਲ ਅਖ-ਤਿਆਰ ਕਰ ਗਈ ਸੀ ਕਿ ਜਿਸਨੇ ਸਿਖਾਂ ਵਿਚੋਂ ਸਿਖੀ ਦੀਆਂ ਸਾਰੀਆਂ ਬਰ-ਕਤਾਂ ਕਢ ਲਈਆਂ ਸਨ। ਜੇ ਮੈਂ ਇਹ ਗਲ ਆਖਾਂ ਕਿ ਸਿਖਾਂ ਦਾ ਕੌਮੀ ਚਲਨ ਪਹਿਲਾਂ ਦੀ ਤਰਾਂ ਹੀ ਉਚਾ ਰਹਿੰਦਾ, ਤਾਂ ਅੰਗ੍ਰੇਜ਼ ਦੀਆਂ ਹਜ਼ਾਰਾਂ ਪਾਲਿਸੀਆਂ ਤੇ ਡੋਗ-ਰਿਆਂ ਦੀਆਂ ਸੈਂਕੜੇ ਮਾਰੂ ਚਾਲਾਂ ਵੀ ਸਿਖ ਰਾਜ ਨੂੰ ਨਾਬੂਦ ਨਾ ਕਰ ਸਕਦੀਆਂ। ਸਿਖਾਂ ਵਿਚੋਂ ਸਿਖੀ ਗਈ ਤੇ ਉਸ ਦੇ ਜਾਣ ਸਾਰ ਜ਼ਵਾਲ ਮੂੰਹ ਫੈਲਾਈ ਆ ਗਿਆ ਅਤੇ ਜਿਸ ਨੇ ਸਿਖਾਂ ਦੀ ਆਜ਼ਾਦੀ, ਸ਼ਾਨ ਅਰ ਕੌਮੀ ਵਕਾਰ ਨੂੰ ਹੜਪ ਕਰ ਲਿਆ।

ਇਹ ਗਲ ਕਦੇ ਨਹੀਂ ਭੁਲ ਜਾਣੀ ਚਾਹੀਦੀ ਕਿ ਮਹਾਂ ਪੁਰਸ਼ਾਂ ਦਾ ਜਨਮ ਸਦਾ ਓਦੋਂ ਹੁੰਦਾ ਹੈ ਜਦ ਧਰਮ ਦੀ ਗਿਰਾਵਟ ਆਪਣੀਆਂ ਆਖਰੀ ਹੱਦਾ ਵੀ ਟਪ ਜਾਵੇ। ਇਕ ਕਵੀ ਨੇ ਆਖਿਆ ਹੈ ਕਿ—

"ਜਬ ਜਬ ਹੋਤ ਧਰਮ ਕੀ ਹਾਨੀ।
ਤਬ ਤਬ ਆਵਤ ਸਾਰੰਗ ਪਾਨੀ।"

ਸਚ ਮੁਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਆਗਮਨ ਵੀ ਓਦੋਂ ਹੋਇਆ, ਜਦ ਸਿਖ ਧਰਮ ਅਲੋਪ ਹੋਣ ਵਾਲਾ ਸੀ, ਤੇ ਸ਼ਹੀਦਾਂ ਅਤੇ ਸਤਿਗੁਰੂਆਂ ਦੀਆਂ ਘਾਲੀਆਂ ਘਾਲਾਂ ਮਿਟੀ ਵਿਚ ਮਿਲ ਚਲੀਆਂ ਸਨ। ਉਨ ਦੀ ਮਾਲਾ ਵਾਲੇ ਸਤਿਗੁਰੂ ਨੇ ਸਿਖੀ ਦੀ ਪੁਕਾਰ ਸੁਣੀ ਅਤੇ ਉਸ ਨਿਕੇ ਹੋਂ

Sri Satguru Jagjit Singh Ji Elibrary NamdhariElibrary@gmail.com

ਨਗਰ ਸ੍ਰੀ ਭੈਣੀ ਸਾਹਿਬ ਵਿਚ ਜਨਮ ਲਿਆ ਜਿਸ ਦਾ ਜ਼ਿਕਰ ਅਜ ਤੋਂ ਸੌ ਸਾਲ ਪਹਿਲਾਂ ਕਿਸੇ ਨੇ ਸੁਣਿਆਂ ਤੀਕ ਵੀ ਨਹੀਂ ਸੀ। ਆਗਮਨ ਕੀ ਹੋਇਆ, ਸੁਕ ਰਹੀ ਖੇਤੀ ਨੂੰ ਪਾਣੀ ਮਿਲ ਗਿਆ ਤੇ ਉਹ ਦਿਨਾਂ ਵਿਚ ਲੰਭਰੇ ਮਾਰ ਕੇ ਫੁਟ ਪਈ। ਚੁਫੇਰੇ ਗੂੰਜਾਂ ਪੈ ਗਈਆਂ ਤੇ ਪੰਜਾਬ ਦੇ ਘਰ ਘਰ ਵਿਚੋਂ 'ਨਾਮ' ਦੀ ਮਧੁਰ ਧੁਨੀ ਦਾ ਮਧੁਰ ਅਲਾਪ ਸੁਣੀਨ ਲਗ ਪਿਆ।

ਚੀਨੀ ਵਾਲੇ ਸਤਿਗੁਰੂ ਨੇ ਸਾਡੀ ਅਸਲ ਕਮੀ ਨੂੰ ਮਹਿਸੂਸ ਕੀਤਾ ਅਤੇ ਨਾਮ ਤੋਂ ਬਿਨਾਂ ਸਾਡੇ ਹਿਰਦੇ ਜੋ ਸਖਣੇ ਹੋ ਰਹੇ ਸਨ, ਉਹਨਾਂ ਵਿਚ ਸਭ ਤੋਂ ਪਹਿਲਾਂ ਨਾਮ ਦਾ ਬੂਟਾ ਲਾਇਆ। ਜਿਸ ਨਾਲ ਸਿਖ ਦਿਲਾਂ ਨੂੰ ਨਾਮ ਦੀ ਤਰਾਵਤ ਪਹੁੰਚੀ, ਉਹ ਹਰੇ ਹੋ ਗਏ ਤੇ ਉਹਨਾਂ ਨੂੰ ਆਪਣੀ ਅਸਲੀਅਤ ਦਾ ਪਤਾ ਲਗਣ ਲਗ ਪਿਆ। ਸਦੀਆਂ ਦੇ ਮੁਰਦਾ ਹੋਏ ਜੀ ਉਠੇ ਤੇ ਉਸ ਕਰਾਮਾਤੀ ਅਸਰ ਨੇ ਸਾਡੀ ਕਾਇਆਂ ਹੀ ਪਲਟ ਦਿਖਾਈ। ਜਿਧਰ ਨਜ਼ਰ ਗਈ ਬਸੰਤ ਵਾਲਾ ਅਸਰ ਹੋਇਆ ਅਤੇ ਬਸੰਤ ਨੇ ਜਿਵੇਂ ਬਨ ਰਾਇ ਵਿਚ ਸਜਰਾ ਜੀਵਨ ਫੂਕਿਆ ਸੀ, ਠੀਕ ਓਸੇ ਤਰ੍ਹਾਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਸਿਖ ਪੰਥ ਵਿਚ ਨਵੀਂ ਜ਼ਿੰਦਗੀ ਪੈਦਾ ਕੀਤੀ।

ਨਾਮਧਾਰੀ ਵੀਰੋ ! ਤੁਸੀਂ ਬਸੰਤ ਉਤਸ਼ਵ ਮਨਾ ਰਹੇ ਹੋ, ਤੁਹਾਡੇ ਇਸ ਉਤਸ਼ਵ ਵਿਚ ਮੈਂ ਵੀ ਹਿੱਸਾ ਲੈਂਦਾ ਹਾਂ ਅਤੇ ਤੁਹਾਨੂੰ ਵਧਾਈ ਦੇਂਦਾ ਹਾਂ ਕਿ ਤੁਸੀਂ ਉਸ ਮਹਾਂ ਪੁਰਸ਼ ਦਾ ਜਨਮ ਉਤਸ਼ਵ ਮਨਾ ਰਹੇ ਹੋ, ਜਿਸ ਨੇ ਤੁਹਾਨੂੰ ਨਵਾਂ ਜੀਵਨ ਦਿਤਾ ਸੀ। ਏਸ ਸਮੇਂ ਮੈਂ ਤੁਹਾਨੂੰ ਇਸ ਤੋਂ ਬਿਨਾਂ ਕੋਈ ਪੈਗ਼ਾਮ ਨਹੀਂ ਦੇਣਾ ਚਾਹੁੰਦਾ ਕਿ ਨਾਮ ਜਪੋ, ਬਾਣੀ ਪੜ੍ਹੋ ਅਤੇ ਜੇਹੋ ਜਿਹਾ ਉਚਾ ਜੀਵਨ ਬਿਤਾਣ ਲਈ ਤੁਹਾਨੂੰ ਉਸ ਨੇ ਕਿਹਾ ਸੀ, ਓਹੋ ਜਿਹਾ ਬਿਤਾਓ।

ਵਲੋਂ ਸੰਤ ਗੁਰਦਿਆਲ ਸਿੰਘ ਜੀ ਸ੍ਰੀ ਭੈਣੀ ਸਾਹਿਬ

ਚੀਨੀ ਤੇ ਚੜ੍ਹਕੇ ਪ੍ਰੀਤਮ ਜੀ.

ਇਕ ਵਾਰ ਤਾਂ ਏਥੇ ਆ ਜਾਵੋ !
ਸੜਦੇ ਹਾਂ ਬਿਰਹੋਂ ਅਗਨੀ ਵਿਚ,
ਪਾ ਦਰਸ਼ਨ-ਨੀਰ ਬੁਝਾ ਜਾਵੋ !
ਨਿਤ ਉਠ ਕੇ ਸਾਂਝ ਸਵੇਰੇ ਹੀ,
ਆਸਾਂ ਦੀ ਚਕੀ ਝੋਨੇ ਆਂ;
ਕਿਰਪਾ ਕਰ ਚੀਨੀ ਵਾਲੇ ਜੀ,
ਦਾਸਾਂ ਦੀ ਆਸ ਪੁਜਾ ਜਾਓ !

Sri Satguru Jagjit Singh Ji Elibrary NamdhariElibrary@gmail.com

ਉਨ੍ਹੀਵੀ ਸਦੀ ਦਾ ਸਭ ਤੋਂ ਵੱਡਾ ਦੇਸ਼ ਭਗਤ

(ਕੁਰਬਾਨੀ ਦੇ ਪੁੰਜ ਸ੍ਰੀਮਾਨ ਬਾਬਾ ਮਨ ਸਿੰਘ ਜੀ 'ਗਾਗਾ,ਜ਼ਿਲਾ ਲਾਹੌਰ ਦੀਪਵਿਤ੍ਰ ਲੇਖਣੀ ਤੋਂ)

ਪਰਮ ਸਨੁਮਾਨਨੀਕ, ਪਰਮ ਤੇਜਸਵੀ ਅਤੇ ਪਰਮ ਪਵਿੱਤ੍ਰ ਮੂਰਤੀ ਸ੍ਰੀ ਬਾਬਾ ਰਾਮ ਸਿੰਘ ਜੀ ਮਹਾਰਾਜ ਉਹ ਮਹਾਨ ਉੱਚ ਅਤੇ ਮਹਾਨ ਪੂਜਨ ਵਜਕਤੀ ਹੋਇ ਹਨ, ਜਿੰਨ੍ਹਾਂ ਨੇ ਹਿੰਦ ਨੂੰ ਬਦੇਸੀ ਗੁਲਾਮੀ ਦੇ ਜੂਲੇ ਹੇਠੋਂ ਕੱਢਣ ਲਈ, ਉਹ ਦੇਸ਼ ਭਗਤ, ਤਿਆਗੀ ਅਤੇ ਧਰਮੀ ਆਸ਼ਕ ਪੈਦਾ ਕੀਤੇ, ਜਿਨ੍ਹਾਂ ਨੇ ਤੋਪਾਂ ਅਗੇ ਉਡਦਿਆਂ ਹੋਇਆਂ ਵੀ ਰਤੀ ਜਿੰਨੀ ਕਾਂਪ ਨਾਂ ਖਾਧੀ।

ਮੇਰੇ ਦਿਲ ਵਿਚ ਆਪ ਸੰਬੰਧੀ ਬੇ ਹੱਦ ਪਿਆਰ ਹੈ, ਤੇ ਮੈਂ ਮਹਿਸੂਸ ਕਰਦਾ ਹਾਂ, ਕਿ ਜੇ ਆਪਦੀ ਚਲਾਈ ਹੋਈ ਲਹਿਰ ਦੇ ਰਾਹ ਵਿਚ ਦੇਸ਼ ਦ੍ਰੋਹੀ ਅਤੇ ਗੱਦਾਰ ਖੜੇ ਨਾ ਹੋ ਜਾਂਦੇ, ਤਾਂ ਭਾਰਤ ਵਰਸ਼ ਦੀ ਪਵਿਤ੍ਰ ਭੂਮੀ ਕਦੇ ਦੀ ਆਜ਼ਾਦ ਹੋ ਗਈ ਹੁੰਦੀ। ਮੈਂ ਆਪ ਨੂੰ ਸਾਦਗੀ, ਸਵੱਛਤਾ, ਸੁਹਿਰਦਗੀ ਤੇ ਸਚ ਦਾ ਅਵਤਾਰ ਸਮਝਦਾ ਹਾਂ। ਦਸਮ ਗੁਰੂ ਦੀ ਪੈਦਾ ਕੀਤੀ ਸਪਿਰਟ ਨੂੰ ਅਸਲ ਅਰਥਾਂ ਵਿਚ ਆਪ ਨੇ ਹੀ ਸਮਝਿਆ ਸੀ, ਅਤੇ ਇਸੇ ਕਰਕੇ ਸਿਖਾਂ ਵਿਚ ਸਿਖੀ ਦਾ ਅਸਲ ਚਲਨ ਪਰਵਿਰਤ ਕਰਨ ਲਈ ਆਪ ਨੇ ਬਹੁਤ ਕੁਝ ਕਰ ਵਿਖਾਇਆ ਸੀ। ਮੈਨੂੰ ਅਫਸੋਸ ਹੈ ਕਿ ਮੇਰੀ ਬਦ ਕਿਸਮਤ ਕੌਮ ਦੇ ਆਗੂ ਕਹਿਲਾਣ ਵਾਲੇ ਲੋਕਾਂ ਨੇ ਨਿਜੀ ਸਵਾਰਥਾਂ ਅਤੇ ਦਾਸਤਾ ਦੇ ਅਸਰ ਹੇਠਾਂ ਆਕੇ ਆਪ ਦੀ ਅਸਲ ਪੋਜ਼ੀਸ਼ਨ ਨੂੰ ਨਾ ਸਮਝਿਆ, ਤੇ ਗੁਲਾਮੀ ਦੇ ਜਿਹੜੇ ਕਰੜੇ ਸੰਗਲ ਤੋੜਨ ਲਈ ਆਪ ਨੇ ਕਮਰ ਕੱਸਾ ਕੀਤਾ ਸੀ, ਉਹਨਾਂ ਨੇ ਉਹਨਾਂ ਸੰਗਲਾਂ ਨੂੰ ਵਧੇਰੇ ਮਜ਼ਬੂਤ ਕਰਵਾ ਦਿੱਤਾ। ਜਾਤੀ ਦੇ ਅਜੇਹੇ ਦੁਸ਼ਮਨਾਂ ਦੀਆਂ ਮਹਾਂ ਮੰਦੀਆਂ ਕਰਤੂਤਾਂ ਦਾ ਫਲ ਅਸੀਂ ਅਜ ਭੁਗਤ ਰਹੇ ਹਾਂ ਅਤੇ ਪਰਾਇਆਂ ਦਾ ਡੰਡਾ ਹੈ ਕਿ ਜੋ ਦਿਨ ਰਾਤ ਸਾਡੇ ਸਿਰਾਂ ਤੇ ਖੜਕਦਾ ਹੈ ਅਤੇ ਅਸੀਂ ਨਾ ਆਵਾਜ਼ ਕੱਢ ਸਕਦੇ ਹਾਂ, ਨਾ ਤੜਫ ਸਕਦੇ ਹਾਂ ਤੇ ਨਾ ਹੀ ਕਿਸੇ ਅਗੇ ਫਰਯਾਦ ਕਰ ਸਕਦੇ ਹਾਂ।

ਉਹ ਮੰਦ ਭਾਗ ਜਾਤੀ ਜੋ ਆਪਣੇ ਉਧਾਰਕਾਂ ਦਾ ਕਦਰ ਨਹੀਂ ਕਰਦੀ, ਜੋ ਆਪਣੇ ਸ਼ੁਭ ਚਿੰਤਕਾਂ ਨੂੰ ਨਹੀਂ ਪਛਾਣਦੀ, ਉਸ ਨਾਲ ਇਸੇ ਤਰਾਂ ਬੀਤਦੀ ਹੈ, ਜਿਵੇਂ ਅਜ ਸਾਡੇ ਨਾਲ ਬੀਤ ਰਹੀ ਹੈ। ਸਾਡੀ ਕਲਯਾਨ ਦੇ ਸਾਰੇ ਸਾਧਨ ਬਿਰਥਾ ਹਨ, ਜਦ ਤੀਕ ਅਸੀਂ ਆਪਣੇ ਉਹਨਾਂ ਗੁਨਾਹਾਂ ਦਾ ਦਿਲੋਂ ਪਸਚਾਤਾਪ ਨਹੀਂ ਕਰਦੇ, ਜਿਨ੍ਹਾਂ ਦੀ ਸਜ਼ਾ ਕਿ ਸਾਨੂੰ ਅਜ ਮਿਲ ਰਹੀ ਹੈ।

ਸਭ ਤੋਂ ਵਧ ਦੁਖ ਮੈਨੂੰ ਇਸ ਗਲ ਦਾ ਹੈ ਕਿ ਅਸਾਂ ਆਪਣੇ ਉਧਾਰਕਾਂ ਦੀਆਂ ਘਾਲਾਂ ਦੀ ਕਦਰ ਕਰਨ ਦੀ ਥਾਂ,ਉਹਨਾਂ ਦਾ ਨਾਮ ਲੈਣਾ ਵੀ ਗੁਨਾਹ ਸਮਝਿਆ ਹੋਇਆ ਹੈ। ਮੈਨੂੰ ਪਤਾ ਹੈ ਕਿ ਸਾਡੇ ਵਿਚ ਅਨੇਕਾਂ ਸੱਜਣ ਹਾਲਾਂ ਵੀ ਅਜੇਹੇ ਹਨ, ਜੋ ਸ੍ਰੀ ਮਹਾਰਾਜ ਰਾਮ ਸਿੰਘ ਜੀ ਦਾ ਪਵਿਤ੍ਰ ਨਾਮ ਕੇਵਲ ਇਸ ਲਈ ਨਹੀਂ ਲੈਂਦੇ ਕਿ ਉਹ ਨਾਮਧਾਰੀ ਸੰਪ੍ਰਦਾਇ ਦੇ ਬਾਨੀ ਸਨ। ਏਹੋ ਜਹੀ ਨਿਕੰਮੀ ਕਿਸਮ ਦੀ ਸੰਪ੍ਰਦਾਇਕ ਸੂਗ ਵੇਖ ਕੇ ਮੈਂ ਦੁਖੀ ਹੁੰਦਾ ਹਾਂ। ਇਹ ਭਿਆਨਕ ਕਿਸਮ ਦੀ ਨਫਰਤ ਹੀ ਹੈ ਜੋ ਨਾ ਸਾਨੂੰ ਇਕ ਥਾਂ ਬੈਠਣ

Sri Satguru Jagjit Singh Ji Elibrary NamdhariElibrary@gmail.com

ਦਿੰਦੀ ਹੈ, ਨਾ ਇਕ ਥਾਂ ਸੋਚਣ ਦਿੰਦੀ ਹੈ ਤੇ ਨਾ ਹੀ ਆਪਣਾ ਇਕ ਆਦਰਸ਼ ਬਣਾਕੇ ਕੋਈ ਮਿਲਵਾਂ ਕਦਮ ਉਠਾਣ ਦਿੰਦੀ ਹੈ। ਸਤਿਗੁਰੂਆਂ ਨੂੰ ਤੇ ਉਹਨਾਂ ਦਾ ਅਸਲ ਆਸ਼ਾ ਪਰਚਾਰਨ ਵਾਲਿਆਂ ਨੂੰ ਅਸੀਂ ਆਪਣੀਆਂ ਕਰਤੂਤਾਂ ਦੇ ਅਸਰ ਹੇਠਾਂ ਵੰਡ ਲੈਂਦੇ ਹਨ। ਹਾਲਾਂ ਕਿ ਅਸਲ ਗਲ ਇਹ ਹੈ ਕਿ ਉਹ ਸਭਨਾਂ ਨਾਲ ਇਕੋ ਜਿਹਾ ਪਿਆਰ ਕਰਨ ਵਾਲੇ, ਮਨੁਖ ਮਾਤ੍ਰ ਦੇ ਸੱਜਣ ਅਤੇ ਸਰਬੱਤ ਦਾ ਉਧਾਰ ਕਰਨ ਵਾਲੇ ਸਨ।

ਪਿਛਲੇਰੇ ਸਾਲ ਜਦ ਮੈਂ ਜੇਲ ਵਿਚੋਂ ਰਿਹਾ ਹੋਕੇ ਆਇਆ ਸਾਂ, ਤਾਂ ਗੁਰੂ ਨਾਨਕ ਅਵਲੰਭੀ ਸਾਰੀਆਂ ਸੰਪ੍ਰਦਾਵਾਂ ਦੇ ਮਿਲਾਪ ਦੀ ਸੁਹਾਵਣੀ ਖਬਰ ਸੁਣਕੇ ਮੈਨੂੰ ਬੇ ਹੱਦ ਪਰਸੰਨਤਾ ਹੋਈ ਸੀ। ਮੈਂ ਖਿਆਲ ਕਰਦਾ ਸਾਂ ਕਿ ਕਰਤਾਰ ਨੇ ਸਾਡੀ ਸਣ ਲਈ ਹੈ ਤੇ ਅਸੀਂ ਮਿਲਕੇ ਸਿਖੀ ਸ਼ਾਨ ਨੂੰ ਚਮਕਾ ਸਕਾਂਗੇ। ਪਰ ਹੁਣ ਜਦ ਕਿ ਪੰਥ ਹੋਰ ਹੋਰ ਕੰਮ;ਵਿਚ ਰੁਝ ਰਿਹਾ ਹੈ ਤੇ ਕਿਸੇ ਨੂੰ ਉਸ ਮਿਲਾਪ ਦਾ ਚੇਤਾ ਨਹੀਂ ਰਿਹਾ, ਜਿਸ ਖੁਣੋਂ ਕਿ ਅਸੀਂ ਕਾਸੇ ਜੋਗੇ ਵੀ ਨਹੀਂ, ਮੇਰੀਆਂ ਕੁਝ ਆਸਾਂ ਨ੍ਰਾਸਤਾ ਵਿਚ ਬਦਲ ਗਈਆਂ ਹਨ। ਚੌਧਰਾਂ ਤੇ ਪਾਰਟੀ ਬਾਜ਼ੀਆਂ ਤੋਂ ਬਿਨਾਂ ਸਾਨੂੰ ਕੁਝ ਨਹੀਂ ਸੁਝਦਾ ਅਤੇ ਨਤੀਜਾ ਇਹ ਹੈ ਕਿ ਅਸੀਂ ਹਰ ਜਗ੍ਹਾ ਜ਼ਲੀਲ ਹੋ ਰਹੇ ਹਾਂ ਅਤੇ ਹੋਰ ਚੰਦ ਸਾਲਾਂ ਤੀਕ ਓਸੇ ਮੁਸਲਮਾਨੀ ਰਾਜ ਦੇ ਅਧੀਨ ਹੋ ਜਾਣ ਵਾਲੇ ਹਾਂ, ਜਿਸ ਦੇ ਜ਼ੁਲਮਾਂ ਦਾ ਅੰਤ ਕਰਨ ਲਈ ਸਾਡੇ ਬਜ਼ੁਰਗਾਂ ਨੂੰ ਲੱਖਾਂ ਅਮੁੱਲ ਕੁਰਬਾਨੀਆਂ ਦੇਣੀਆਂ ਪਈਆਂ ਸਨ।

ਗੁਰਦੁਆਰੇ ਜੋ ਧਰਮ ਅਸਥਾਨ ਸਨ, ਝਗੜੇ ਦਾ ਕਾਰਨ ਬਣੇ ਹੋਏ ਹਨ ਤੇ ਹਰ ਸਿਖ ਦੀ ਅੱਖ ਇਸ ਪਾਸੇ ਹੈ ਕਿ ਮੈਂ ਅਮਕੀ ਗੁਰਦਵਾਰਾ ਕਮੇਟੀ ਦਾ ਪ੍ਰਧਾਨ ਬਣ ਜਾਵਾਂ ਤੇ ਖੂਬ ਮੌਜ ਮੇਲੇ ਮਾਣਾਂ। ਚਲਣ ਦੀ ਇਸ ਗਿਰਾਵਟ ਨੇ ਸਾਡੇ ਵਿਚੋਂ ਸਿਖੀ ਗੁਣ ਕਢ ਦਿਤੇ ਹਨ। ਲੋਕ ਸਾਨੂੰ ਵੇਖਦੇ ਹਨ ਤੇ ਠੱਠੇ ਕਰਦੇ ਹਨ। ਇਸ ਗਿਰਾਵਟ ਵਿਚੋਂ ਕੱਢਣ ਲਈ ਸ੍ਰੀ ਮਹਾਰਜ ਰਾਮ ਸਿੰਘ ਜੀ ਨੇ ਹੰਭਲਾ ਮਾਰਿਆ ਸੀ। ਇਲਾਜ ਦਸਿਆ ਸੀ। ਜੇ ਉਸ ਇਲਾਜ ਤੇ ਅਜ ਵੀ ਵਰਤੋਂ ਕੀਤੀ ਜਾਵੇ ਤਾਂ ਅਸੀਂ ਸਚੇ ਸਿਖ ਬਣ ਸਕਦੇ ਹਾਂ ਤੇ ਸਾਡੀ ਗੁਲਾਮੀ ਦਾ ਅੰਤ ਹੋ ਸਕਦਾ ਹੈ।

ਪਿਆਰਾ ਦਰਸ਼ਨ

ਮਿਠਤ ਪਿਆਰ ਭਰੇ ਵਾਹ ਦਰਸ਼ਨ
ਮਿਹਰ ਜਿਨ੍ਹਾਂ ਥੀਂ ਵਸਦੀ।
ਛਲਕੇ ਤਰਸ ਜਿਵੇਂ ਕੰਵਲਾਂ ਤੇ
ਮਹਿਕ ਧੁੜ ਸੰਗ ਹਸਦੀ।
ਹੱਸੇ ਤਾਂ ਕੁਈ ਬਿਜਲੀ ਕੂੰਦੇ,
ਬੋਲੇ ਅੰਮ੍ਰਿਤ ਵਸੇ;
ਵੇਖੇ ਜਦੋਂ ਮੁਠੇ ਦਿਲ ਅੰਦਰੋ,
ਸ਼ਕਲ ਨੂਰਾਨੀ ਲਸਦੀ।

Sri Satguru Jagjit Singh Ji Elibrary NamdhariElibrary@gmail.com

ਸਾਡਾ ਮਜ਼ਬ

ਵਲੋਂ ਸ੍ਰੀ ਮਾਨ ਸੁਦਾਰ ਆਸਾ ਸਿੰਘ ਜੀ ਬ ਵਿਲਰ
ਇਨਸਪੈਕਟ੍ਰ ਪੇਨ ਗਲੀ ਲਾਹੌਰ

ਭਾਰਤ ਵਰਸ਼ ਵਿਚ ਐਨੇ ਮਤ ਭੇਦ ਹਨ ਕਿ ਦੁਨੀਆਂ ਦੇ ਕਿਸੇ ਦੂਸਰੇ ਦੇਸ ਵਿਚ ਘਟ ਹੀ ਹੋਣਗੇ। ਵਦੇਸ਼ੀ ਲੋਕ ਭਾਰਤ ਵਾਸੀਆਂ ਦੇ ਬਹੁਤੇ ਮਤ ਮਤਾਤ੍ਰਾਂ ਨੂੰ ਜ਼ਰਾ ਫਿਰਣਾਂ ਦੀ ਨਜ਼ਰ ਨਾਲ ਹੀ ਵੇਖਦੇ ਹਨ। ਜਦੋਂ ਸਤਿਗੁਰੂ ਰਾਮ ਸਿੰਘ ਜੀ ਸਚੇ ਪਾਤਸ਼ਾਹ ਨੇ ਦਸ਼ਮੇਸ਼ ਪਿਤਾ ਦੀ ਚਲਾਈ ਹੋਈ ਰਹੁ ਰੀਤੀ ਅਲੋਪ ਹੁੰਦੀ ਵੇਖਕੇ ਸਿਖ ਪੰਥ ਦੀ ਵਾੜੀ ਨੂੰ ਸੁਰਜੀਤ ਕਰਨ ਲਈ ਪਰਚਾਰ ਸ਼ੁਰੂ ਕੀਤਾ—ਤਾਂ ਲੋਕਾਂ ਸਮਝਿਆ ਕਿ ਆਪਨੇ ਕੋਈ ਨਵਾਂ ਹੀ ਪੰਥ ਚਲਾ ਦਿਤਾ ਹੈ।

ਉਹਨਾਂ ਹੀ ਦਿਨਾਂ ਵਿਚ ਇਕ ਅੰਗ੍ਰੇਜ਼ ਅਫਸਰ ਦੀ ਸਤਿਗੁਰਾਂ ਨਾਲ ਮੁਲਾਕਾਤ ਹੋਈ। ਉਸਨੇ ਉਪਰ ਦਸੇ ਖਿਆਲ ਦੇ ਅਧੀਨ (ਕਿ ਏਥੇ ਅਗੇ ਕੇਹੜਾ ਮਜ਼ਬਾਂ ਦਾ ਘਾਟਾ ਸੀ ਜੋ ਏਹਨਾਂ ਨੇ ਇਕ ਹੋਰ ਮਜ਼ਬ ਚਲਾ ਦਿਤਾ ਹੈ) ਪੁਛਿਆ ਕਿ ਬਾਬਾ ਜੀ! ਦੁਨੀਆਂ ਵਿਚ ਕਿੰਨੇ ਕੁ ਮਜ਼ਬ ਹਨ? ਅੰਤ੍ਰਯਾਮੀ ਸਚੇ ਪਾਤਸ਼ਾਹ ਜੀ ਨੇ ਉਤਰ ਦਿਤਾ ਕਿ "ਆਦ ਤੋਂ ਸੰਸਾਰ ਭਰ ਵਿਚ ਦੋ ਹੀ ਮਜ਼ਬ ਰਹੇ ਹਨ ਅਤੇ ਦੋ ਹੀ ਰਹਿਨਗੇ! ਇਕ ਵਾਹਿਗੁਰੂ ਦੇ ਭਗਤਾਂ ਦਾ ਦੂਸਰਾ ਸ਼ੈਤਾਨ ਦੇ ਪਿਛੇ ਚਲਨ ਵਾਲਿਆਂ ਦਾ! ਬਾਕੀ ਜੋਹੜੀਆਂ ਵੰਡਾਂ ਨਜ਼ਰ ਔਂਦੀਆਂ ਹਨ, ਇਹ ਸਭ ਇਹਨਾਂ ਦੋਹਾਂ ਸਰੇਣੀਆਂ ਦੀਆਂ ਵਖੋ ਵਖਰੀਆਂ ਸ਼ਕਲਾਂ ਹਨ।" ਸਤਿਗੁਰਾਂ ਦਾ ਏਹ ਫਰਮਾਨ ਸੁਣਕੇ ਅੰਗ੍ਰੇਜ਼ ਅਫਸਰ ਦੀ ਤਸੱਲੀ ਹੋ ਗਈ।

ਜੇ ਅੰਤਹਿ ਕਰਣ ਵਿਚ ਰੱਬ ਦਾ ਨਿਵਾਸ ਹੈ, ਤਾਂ ਬਾਹਰੋਂ ਭਾਵੇਂ ਆਦਮੀ ਕੋਈ ਵੀ ਸ਼ਕਲ ਧਾਰੇ, ਕੋਈ ਵਿਹਾਰ ਕਰੇ, ਉਹ ਦਰਗਾਹੇ ਪਰਵਾਨ ਹੈ ਅਤੇ ਜੇ ਅੰਦਰ ਹਉਮੈ ਪਰਧਾਨ ਹੈ, ਤਾਂ ਭਾਵੇਂ ਬਾਹਰੋਂ ਆਦਮੀ ਕਿੰਨਾਂ ਹੀ ਮੋਮਨ ਬਣਿਆਂ ਫਿਰੇ, ਕਿੰਨਾਂ ਵੀ ਜਾਪ ਕਰੇ, ਤੀਰਥ ਨ੍ਹਾਵੇ, ਸਭ ਨਿਸਫਲ ਹਨ। ਓਹਦਾ ਸਾਰਾ ਜੀਵਨ ਹੀ ਨਿਸਫਲ ਹੈ। ਏਹੋ ਜਹੇ ਪੁਰਸ਼ ਨਾ ਸਿਰਫ ਲੋਕਾਂ ਨੂੰ ਧੋਖਾ ਦੇਂਦੇ ਹਨ, ਸਗੋਂ ਆਪ ਵੀ ਧੋਖੇ ਵਿਚ ਹੀ ਹੁੰਦੇ ਹਨ। ਫਾਰਸੀ ਦੇ ਇਕ ਸੂਫੀ ਕਵੀ ਨੇ ਇਕ ਸੋਹਣੀ ਕਵਿਤਾ ਦੁਆਰਾ ਏਸ ਗਲ ਦਾ ਨਿਰਨਾਂ ਕੀਤਾ ਹੈ। ਕਵਿਤਾ ਜ਼ਰਾ ਲੰਮੀ ਹੈ ਤੇ ਏਸ ਸ਼ੇਅਰ ਤੋਂ ਸ਼ੁਰੂ ਹੁੰਦੀ ਹੈ।

ਬਕੁਮਾਰ ਖ਼ਾਨਾ ਰਫ਼ਤਮ ਹਮਾਂ ਪਾਕ ਬਾਜ਼ ਦੀਦਮ।

ਭਾਵ ਇਹ ਹੈ—

ਮੈ ਜੂਆ ਖੇਡਣ ਵਾਲਿਆਂ ਦੇ ਅੱਡੇ ਤੇ ਗਿਆ ਤੇ ਦੇਖਿਆ ਕਿ ਸਾਰੇ ਹੀ ਸਾਫ਼ ਦਿਲ ਵਾਲੇ ਤੇ ਪਰਹੇਜ਼ ਗਾਰ ਹਨ। ਅਗਲੇ ਦਿਨ ਮੈ ਮਸੀਤ ਵਿਚ ਗਿਆ ਤਾਂ ਕੀ ਵੇਖਦਾ ਹਾਂ ਕਿ ਸਾਰੇ ਹੀ ਧੋਖੇ ਬਾਜ਼ ਤੇ ਪਖੰਡੀ ਇਕਠੇ ਹੋਏ ਹੋਏ ਹਨ।

ਜ਼ਰਾ ਗਹੁ ਕਰਨ ਵਾਲੀ ਗਲ ਹੈ ਕਿ ਨਮਾਜ਼ੀ ਦਿਹਾੜੀ ਵਿਚ ਪੰਜ ਵਾਰੀ ਨਮਾਜ਼ ਪੜ੍ਹਦੇ ਹਨ ਤੇ ਪੰਜ ਵਾਰੀ ਅਪਣੇ ਪਿਛਲੇ ਗੁਨਾਹਾਂ ਦੀ ਮਾਫੀ ਮੰਗਦੇ ਹੋਏ ਅਗਾਂਹ

Sri Satguru Jagjit Singh Ji Library NamdhariLibrary@gmail.com

ਲਈ ਉਹਨਾਂ ਗੁਨਾਹਾਂ ਤੋਂ ਬਚਨ ਦਾ ਇਕਰਾਰ ਨਾਮਾਂ ਰੱਬ ਨੂੰ ਲਿਖਕੇ ਦੇ ਆਂਦੇ ਹਨ ਅਤੇ ਮਸੀਤੋਂ ਨਿਕਲਦੇ ਹੀ ਸਭ ਕੁਛ ਭੁਲ ਜਾਂਦੇ ਹਨ। ਫੇਰ ਓਹੋ ਕੰਮ ਕਾਰ ਤੇ ਦੁਨੀਆਂ ਦੇ ਰਗੜੇ ਝਗੜੇ। ਦਸੋ ! ਇਸਤੋਂ ਵਧਕੇ ਰੱਬ ਨਾਲ ਹੋਰ ਮਖੌਲ ਕੀ ਹੋ ਸਕਦਾ ਹੈ !

ਰੱਬ ਨੇ ਕਦੇ ਵੀ ਉਹਨਾਂ ਨੂੰ ਸਦਿਆ ਨਹੀ ਸੀ ਕਿ ਆਓ ਮੈਂ ਤੁਹਾਡੇ ਪਿਛਲੇ ਗੁਨਾਂਹ ਮਾਫ ਕਰਦਾ ਹਾਂ,ਪਰ ਜੇ ਅਗਾਂਹ ਲਈ ਕੰਨਾ ਨੂੰ ਹਥ ਲਾਓ ਕਿ ਅਜੇ ਵਰਗੇ ਭੈੜੇ ਕੰਮ ਨਹੀ ਕਰਾਂਗੇ। ਆਪਣੇ ਆਪ ਜਾਕੇ ਦਿਹਾੜੀ ਵਿਚ ਪੰਜ ਵਾਰੀ ਇਕਰਾਰ ਕਰ ਆਂਦੇ ਹਨ ਤੇ ਅਮਲ ਇਕ ਵਾਰੀ ਵੀ ਨਹੀ ਕਰਦੇ ਤੇ ਸਾਰੀ ਉਮਰ ਏਹੋ ਸਿਲਸਲਾ ਤੁਰਿਆ ਰਹਿੰਦਾ ਹੈ। ਕੀ ਇਹਨਾਂ ਲੋਕਾਂ ਦਾ ਮਜ਼ੂਬ ਧੋਤੇ ਬਾਜ਼ੀ ਨਹੀ ? ਤੇ ਉਹ ਵੀ ਰਬ ਨਾਲ ?

ਦੂਜੇ ਪਾਸੇ ਇਕ ਜੂਏ ਬਾਜ਼ ਰਹਿੰਦਾ ਹੈ। ਜਿਸ ਨੇ ਆਪਣਾ ਮਕਾਨ ਦਾਅ ਤੇ ਲਾਇਆ ਹੈ, ਅਤੇ ਆਪ ਜਾਣ ਤੇ ਆਪਣਾ ਮਕਾਨ ਦੂਸਰੇ ਦੇ ਹਵਾਲੇ ਕਰ ਦਿੰਦਾ ਹੈ। ਆਪਣੀਆਂ ਇਸਤ੍ਰੀਆਂ ਤੱਕ ਲੋਕ ਜੂਏ ਵਿਚ ਹਾਰ ਦਿੰਦੇ ਹੈਨ। ਕੋਈ ਲਿਖਤ ਨਹੀਂ ਕੋਈ ਅਦਾਲਤੀ ਕਾਰਵਾਈ ਨਹੀ, ਪਰ ਕੀ ਮਜਾਲ ਜੋ ਮੂੰਹੋਂ ਨਿਕਲੀ ਗਲ ਦਾ ਪਾਸ ਨਾਂ ਹੋਵੇ। ਏਹ ਕੁਛ ਹੁੰਦਿਆਂ ਵੀ ਜੂਏ ਬਾਜ਼ ਆਪਣੇ ਆਪ ਨੂੰ ਐਬੀ ਸਮਝਦਾ ਹੈ ਤੇ ਸਮਝਿਆ ਜਾਂਦਾ ਹੈ ਤੇ ਨਮਾਜ਼ੀ ਮੋਮਨ !

ਪਰ ਜੂਏ ਬਾਜ਼ਾਂ ਦਾ ਅੰਤਹਿ ਕਰਨ ਸਾਫ ਹੈ ਤੇ ਨਮਾਜ਼ੀ ਦਾ ਮੈਲਾ। ਜੂਏ ਬਾਜ਼ ਨੂੰ ਚੇਤਾ ਤਤਾਂ ਸਤਿਸੰਗ ਮਿਲ ਜਾਵੇ ਤਾਂ ਬੇੜਾ ਪਾਰ ਹੈ। ਪਰ ਨਮਾਜ਼ੀ ਜਿਹੜਾ ਆਪਣੀ ਵਲੋਂ ਅਗੇ ਹੀ ਰਬ ਦੇ ਘਤ ਪਹੁੰਚਿਆ ਹੋਇਆ ਹੈ, ਓਹਦਾ ਇਲਾਜ ਕੀ ? ਮੱਕਿਓਂ ਪਰੇ ਤਾਂ ਉਜਾੜ ਹੀ ਹੈ।

ਮੇਰਾ ਮਤਲਬ ਇਹ ਨਹੀ ਕਿ ਜੂਆ ਖੇਡਣਾਂ ਚੰਗਾ ਹੈ ਤੇ ਨਮਾਜ਼ ਪੜ੍ਹਨੀ ਮਾੜੀ। ਸਗੋਂ ਇਹ ਹੈ ਕਿ ਜਿਸ ਵੇਲੇ ਸਾਡੇ ਅੰਦ ਰਬ ਦਾ ਡਰ, ਰਬ ਦਾ ਆਸਰਾ, ਅਤੇ ਰਬ ਦੀ ਰਜ਼ਾ ਹੁੰਦੀ ਹੈ, ਓਸ ਵੇਲੇ ਸਾਡਾ ਮਜ਼ਬ ਰਬ ਦੀ ਭਗਤੀ ਹੁੰਦਾ ਹੈ, ਅਤੇ ਜਿਸ ਵੇਲੇ ਅਸੀਂ ਰਬ ਦਾ ਡਰ ਅਤੇ ਆਸਰਾ ਭੁਲ ਜਾਂਦੇ ਹਾਂ, ਤਾਂ ਫੇਰ ਸਾਨੂੰ ਹਜ਼ਾਰਾਂ ਚੀਜ਼ਾਂ ਡਰੌਣ ਲਗ ਪੈਂਦੀਆਂ ਹਨ, ਅਤੇ ਅਸੀਂ ਲਖਾਂ ਆਸਰੇ ਤਕਦੇ ਫਿਰਦੇ ਹਾਂ। ਉਸ ਵੇਲੇ ਸਾਡਾ ਮਜ਼ਹਬ ਸ਼ੈਤਾਨੀ ਹੁੰਦਾ ਹੈ, ਅਤੇ ਇਸ ਦਸ਼ਾ ਵਿਚ ਅਸੀ ਜਿੰਨੇ ਵਿਹਾਰ ਕਰਦੇ ਹਾਂ, ਸਭ ਨਿਸਫਲ ਹੁੰਦੇ ਹਨ। ਸਤਿਗੁਰਾਂ ਨੇ ਏਸੇ ਲਈ ਫੁਰਮਾਇਆ ਹੈ।

"ਨਰ ਅਚੇਤ ਪਾਪ ਤੇ ਡਰ ਰੇ"

ਅਸੀਂ ਮੂੰਹੋਂ ਭਾਵੇਂ ਕੁਛ ਕਹਿੰਦੇ ਫਿਰੀਏ ਪਰ ਅਸਲ ਵਿਚ ਸਾਡਾ ਮਜ਼ਬ ਮਿੰਟ ਨ ਪਿਛੋਂ ਬਦਲਦਾ ਰਹਿੰਦਾ ਹੈ ! ਜ਼ਰਾ ਏਸੇ ਅਸੂਲ ਨੂੰ ਚੇਤੇ ਰਖਕੇ ਰਾਤ ਨੂੰ ਸੌਣ ਲਗਿਆਂ ਅੰਦਰ ਝਾਤੀ ਮਾਰੋ ਕਿ ਅਜ ਦਿਨ ਭਰ ਵਿਚ ਅਸੀਂ ਆਪਣਾਂ ਮਜ਼ਹਬ ਕਿਨੀ ਕੁ ਵਾਰੀ ਬਦਲਿਆ ਸੀ, ਤਾਂ ਆਪਣੀ ਅਸਲੀ ਕਰਤੂਤ ਦਾ ਪਤਾ ਲਗ ਜਾਂਦਾ ਹੈ। ਫੇਰ ਅਸੀਂ ਬਾਹਰ ਨਿਕਲਦੇ

Sri Satguru Jagjit Singh Ji Elibrary NamdhariElibrary@gmail.com

ਹਾਂ ਤਾਂ ਕਿਡੀ ਸੋਹਣੀ ਸ਼ਕਲ ਬਣਾਕੇ, ਪਰ ਜਦੋਂ ਅਸੀਂ ਇਕੱਲੇ ਤੇ ਨਿਡਰ ਹੁੰਦੇ ਹਾਂ, ਉਸ ਵੇਲੇ ਅਸੀਂ ਕੀ ਕਰਤੂਤਾਂ ਕਟਦੇ ਹਾਂ। ਦਰ ਅਸਲ ਸਾਡਾ ਅਸਲੀ ਮਜ਼ਹਬ ਓਹੋ ਹੀ ਹੁੰਦਾ ਹੈ। ਦੁਨੀਆਂ ਦੇ ਵਿਹਾਰ ਕਰੋ, ਪਰ ਰਬ ਦੇ ਡਰ ਨਾਲ। ਜੀਹਦੇ ਮਾਤਹਿਤ ਕੰਮ ਕਰਦੇ ਹੋਵੋ, ਓਹਦਾ ਅਦਬ ਜਾਇਜ਼ ਹੈ, ਪਰ ਜੇ ਉਹ ਲਾਂਭੇ ਵੀ ਚਲਿਆ ਜਾਵੇ, ਤਾਂ ਤੁਸੀਂ ਰਬ ਨੂੰ ਹਾਜ਼ਰ ਸਮਝਦਿਆਂ ਹੋਇਆਂ, ਆਪਣਾ ਵਿਹਾਰ ਪੂਰੀ ਈਮਾਨਦਾਰੀ ਨਾਲ ਕਰੋ। ਏਹ ਸਾਰਾ ਵਿਹਾਰ ਹੀ ਰਬ ਦੀ ਭਗਤੀ ਹੈ।

ਆਪਣੀ ਕਿਸੇ ਔਕੜ ਨੂੰ ਹੱਲ ਕਰਨਾ ਹੈ, ਤਾਂ ਰਬ ਅਗੇ ਅਰਦਾਸ ਕਰੋ। ਦੁਨਿਆਵੀ ਤ੍ਰੀਕਿਆਂ ਨਾਲ ਵੀ ਕੋਸ਼ਸ਼ ਕਰੋ, ਪਰ ਅਸਲੀ ਆਸਰਾ ਰੱਬ ਦਾ ਰਖੋ। ਜੇ ਕਿਸੇ ਕਾਰਨ ਹਾਰ ਹੋ ਜਾਵੇ, ਤਾਂ ਸਿਰ ਨੀਵਾਂ ਕਰਕੇ ਕਹਿ ਦਿਓ ਹੇ ਪ੍ਰਭੂ ! ਤੇਰੀ ਇਛਿਆ ਪੂਰਨ ਹੋਵੇ।

ਸਰੀਰ ਨੂੰ ਸੁਖੀ ਰਖਣ ਲਈ ਆਪਣੀ ਅਤੇ ਦੂਸਰੀ ਆਤਮਾ ਦਾ ਘਾਤ ਨਾ ਕਰੋ। ਸਰੀਰ ਨੇ ਤਾਂ ਰਹਿਣਾ ਹੀ ਨਹੀਂ, ਇਹਦੇ ਪਿਛੇ ਆਤਮਾ ਦਾ ਘਾਤ ਕਿਉਂ ਕਰਦੇ ਹੋ।

ਸ਼ੈਤਾਨੀ ਚਾਲਾਂ ਤੇ ਸ਼ੈਤਾਨੀ ਆਸਰਿਆਂ ਤੋਂ ਕੰਮ ਲੈਣ ਵਲੋਂ ਸੰਸਾਰ ਵਿਚ ਕੁਛ ਚਿਰ ਲਈ ਸਰੀਰ ਕਰਕੇ ਸੋਹਣੇ ਜ਼ਰੂਰ ਹੋ ਜਾਂਦੇ ਹਨ, ਪਰ ਉਹ ਇਕ ਐਸੇ ਦਰਖਤ ਦੀ ਨਿਆਈਂ ਹੁੰਦੇ ਹਨ, ਜਿਹੜਾ ਬੜਾ ਹਰਿਆ ਭਰਿਆ ਹੋਵੇ, ਪਰ ਉਸ ਦੀਆਂ ਜੜ੍ਹਾਂ ਨੂੰ ਸਿਤੰਕ ਲਗੀ ਹੋਵੇ। ਏਹੋ ਜਿਹਾ ਦਰਖਤ ਜਦੋਂ ਡਿਗਦਾ ਹੈ, ਜੜ੍ਹਾਂ ਤੋਂ ਹੀ ਜਾਂਦਾ ਹੈ। ਇਸਦੇ ਪਿਛੋਂ ਕਰਤਾਰ ਦੇ ਭਗਤ ਕਛ ਚਿਰ ਲਈ ਦੁਨੀਆਂ ਵਿਚ ਤਕਲੀਫ ਤਾਂ ਕਟਦੇ ਹਨ, ਪਰ ਉਹਨਾਂ ਦੀਆਂ ਜੜ੍ਹਾਂ ਤੇ ਟਾਹਨੀਆਂ ਵਿਚ ਆਤਮ ਰਸ ਦੀ ਸ਼ਕਤੀ ਵਧੇਰ ਭਰਦੀ ਰਹਿੰਦੀ ਹੈ, ਤੇ ਉਨ੍ਹਾਂ ਦੇ ਸਰੀਰ ਰੂਪ ਰੁਖ ਕਦੇ ਵੀ ਤਬਾਹ ਨਹੀ ਹੁੰਦੇ ।

ਸ਼ੈਤਾਨ ਲੋਕ ਰੱਬ ਦੀ ਰਜ਼ਾ ਅਗੇ ਨਿਉਂਣ ਵਾਲਿਆਂ ਦੀ ਸ਼ਰਾਫਤ ਦਾ ਨਾਜਾਇਜ਼ ਫੈਦਾ ਉਠਾਕੇ ਖੁਸ਼ ਹੁੰਦੇ ਤੇ ਕਹਿੰਦੇ ਹਨ ਕਿ ਅਸਾਂ ਅਮਕੇਆਦਮੀਨੂੰ ਆਪਣੀ ਚਤਰਾਈ ਨਾਲ ਖੂਬ ਠਗਿਆ ਤੇ ਤਬਾਹ ਕੀਤਾ ਹੈ,ਪਰ ਉਹ ਨਹੀ ਜਾਣਦੇ ਕਿਃ—

ਨਾ ਉਹ ਮਰਹਿ ਨ ਠਾਗੇ ਜਾਹਿ।
ਜਿਨਕੈ ਰਾਮੁ ਵਸੈ ਮਨ ਮਾਹਿ।

ਸਭ ਤੋਂ ਵਡੀ ਸਿਆਣਪ ਰਬ ਦੀ ਰਜ਼ਾ ਅਗੇ ਝੁਕਕੇ—ਆਪਣੀ ਚਤਰਾਈ ਤੇ ਆਪਣੀ ਤਾਕਤ ਨੂੰ ਭੁਲਾਕੇ ਹਾਰ ਜਾਣ ਵਿਚ ਹੈ। ਅਤੇ ਸਭ ਤੋਂ ਵਡੀ ਮੂਰਖਤਾਈ ਤੇ ਗੁਨਾਹ ਆਪਣੀਆਂ ਸ਼ੈਤਾਨੀ ਤਾਕਤਾਂ ਨਾਲ ਕਿਸੇ ਨੂੰ ਨੁਕਸਾਣ ਪਹੁੰਚਾਣਾ ਹੈ।

ਜੇ ਤੁਸੀਂ ਚਤਰ ਹੋ, ਤਾਂ ਚੇਤਾ ਰਖੋ ਕਿ ਤੁਹਾਡੇ ਨਾਲੋਂ ਕੋਈ ਬਹੁਤ ਵਡਾ ਚਤਰ ਵੀ ਤੁਹਾਡੇ ਅੰਦਰ ਬੈਠਾ ਹੈ।

ਜੇ ਜ਼ੋਰ ਵਾਲੇ ਹੋ, ਤਾਂ ਤੁਹਾਡੇ ਨਾਲੋਂ ਬਹੁਤ ਵਡਾ ਜ਼ੋਰ ਵਾਲਾ ਰੱਬ ਆਪ ਹੈ। ਰੱਬ ਹਰ ਗੱਲੇ ਤੁਹਾਡੇ ਨਾਲੋਂ ਬਹੁਤ ਵੱਡਾ ਹੈ। ਉਹਨੂੰ ਵਿਸਾਰ ਕੇ ਜਦੋਂ ਤੁਸੀ ਓਹਦੀ ਖਲਕਤ ਨੂੰ ਤੰਗ ਕਰਦੇ ਹੋ, ਤਾਂ ਚੇਤੇ ਰਖੋ ਓਹ ਵੀ ਤੁਹਾਨੂੰ ਤੰਗ ਕਰੇਗਾ। ਤੇ ਫੇਰ ਜਦੋਂ ਤੁਸੀ ਸਾਰਿਆਂ ਪਾਸਿਆਂ ਤੋਂ ਨਰਾਸ ਹੋਕੇ

Sri Satguru Jagjit Singh Ji Clibrary NamdhariClibrary@gmail.com

ਉਹਦੇ ਅਗੇ ਅਰਦਾਸ ਕਰੋਗੇ, ਤਾਂ ਓਹ ਵੀ ਤੁਹਾਨੂੰ ਉਸੇ ਤਰ੍ਹਾਂ ਵਿਸਾਰ ਛਡੇਗਾ– ਜਿਵੇਂ ਤੁਸੀਂ ਉਹਨੂੰ ਆਪਣੇ ਜ਼ੋਰ ਵਲੇ ਭੁਲਾ ਛਡਿਆ ਸੀ, ਪਰ ਜੇ ਤੁਸੀਂ ਚੇਤੇ ਰਖਦਿਆਂ ਹੋਇਆਂ ਕਿਸੇ ਦੀ ਸ਼ੈਤਾਨੀ ਤਾਕਤ ਦਾ ਏਸ ਲਈ ਮੁਕਾਬਲਾ ਨਹੀ ਸੀ ਕੀਤਾ ਕਿ ਇਹ ਵੀ ਰਬ ਦੀ ਖਲਕਤ ਹੈ, ਮੈਂ ਏਹਨੂੰ ਦੁਖਾਕੇ ਜਗਤ ਪਿਤਾ ਦੀ ਨਾਰਾਜ਼ਗੀ ਦਾ ਕਾਰਨ ਕਿਉਂ ਬਣਾਂ ਤਾਂ ਰੱਬ ਵੀ ਕਦੇ ਨਹੀ ਵਿਸਾਰੇਗਾ ਤੇ ਤੁਹਾਡੀ ਹਰ ਇਕ ਮੰਗ ਪੂਰੀ ਕਰੇਗਾ।

ਡਰ ਦੁਖੀਏ ਦੀ ਹਾਅ ਤੋਂ
ਤਾਕਿ ਮੰਗ ਮੰਗਣ ਦੇ ਵੇਲੇ
ਹੋਏ ਸੁਆਗਤ ਦਰ ਤੇ
ਸਚੇ ਹਰ ਅਰਦਾਸ ਤੇਰੀ ਦਾ॥

੦–੦–੦–੦–੦

(ਵਲੋਂ ਸੰਤ ਪ੍ਰਤਾਪ ਸਿੰਘ ਜੀ ਛੋਹਰਗੜ੍ਹ ਪਟਿਆਲਾ)

ਦਸਮੇਸ਼ ਪਿਛੋਂ ਸਿਖੀ ਹਾਲਤ ਖਰਾਬ ਹੋਈ.

ਭਾਰਤ ਵਿਚਾਰੀ ਵਿਚ ਮਚੀ ਹਾਹਾ ਕਾਰਿ ਆ !
ਭੁਲ ਗਏ ਸੁਚ ਸੋਧ ਗੁਰੂ ਮਰਯਾਦਾ ਤਾਈਂ,
ਸ੍ਰੀ ਗੁਰੂ ਬਾਣੀ ਤਾਈਂ ਕਿਸੇ ਨਾ ਵਿਚਾਰਿਆ !
ਮਾਸ ਤੇ ਸ਼ਰਾਬ ਪੀਕੇ ਲਗੇ ਚੋਰੀ ਠੱਗੀ ਵਿਚ,
ਰਹਿਤ ਬਹਿਤ ਤਾਂਈ ਮਨੋਂ ਉੱਕਾ ਹੀ ਵਿਸਾਰਿਆ !
ਜਪ, ਤਪ, ਜੱਗ, ਹੋਮ, ਕਿਸੇ ਨੂੰ ਨਾ ਯਾਦ ਰਿਹਾ,
ਸੰਤ ਸਾਧ ਤਾਈਂ ਭਲਾ ਕਿਸੇ ਨਾ ਨਿਹਾਰਿਆ !
ਪੁਰਖ ਅਕਾਲ ਜੀ ਦੇ ਦਿਲ ਵਿਚ ਦਯਾ ਆਈ,
ਬਾਰ੍ਹਵਾਂ ਉਤਾਰ ਅਵਤਾਰ ਆਕੇ ਧਾਰਿਆ !
ਆਪਣਾ ਸਰੂਪ ਗੁਰੂ ਰਾਮ ਸਿੰਘ ਭੇਜ ਦਿਤਾ,
ਸ੍ਰੀ ਭੈਣੀ ਸਾਹਿਬ ਚ ਲਗਾਈ ਕੁਲਜ਼ਾਰਿ ਆ !
ਨਾਮ ਦਾ ਪਿਆਲਾ ਕਲ੍ਹ ਜੀਵਾਂ ਨੂੰ ਪਿਲਾਇਕੇ ਤੇ,
ਕਾਮ, ਕਰੋਧ, ਲੋਭ, ਮੋਹ, ਹੰਗਤਾ ਨੂੰ ਮਾਰਿਆ !
ਪਰਮ ਪਵਿੱਤ੍ਰ ਦਿਨ ਆਜ ਚੀਨੀ ਵਾਲੜੇ ਦਾ,
ਗੁਰੂ ਰਾਮ ਸਿੰਘ ਜੀ ਨੇ ਦੁਨੀਆਂ ਨੂੰ ਤਾਰਿਆ !

Sri Satguru Jagjit Singh Ji Elibrary NamdhariElibrary@gmail.com

ਬਿਨ ਸਿਮਰਨ ਜਿਉ ਜੀਵਨ ਬਲਨਾ

(ਵਲੋਂ ਸ੍ਰੀਮਾਨ ਮਹੰਤ ਗੁਰਬਖਸ਼ ਸਿੰਘ ਜੀ ਸੇਵਾ ਪੰਥੀ ਅੱਡਣ ਡਾਹੀਕਟੜਾ ਕਰਮ ਸਿੰਘਅੰਮ੍ਰਤਸਰ)

ਸਿਮਰਨ ਕੀ ਹੈ ? ਅਕਾਲ ਪੁਰਖ ਪ੍ਰੀਤਮ ਪਿਆਰੇ ਨੂੰ ਹਰ ਛਿਨ ਨਿਜ ਧਿਆਨ ਵਿਚ ਵਸਾਈ ਰਖਣਾ। 'ਹਉ"ਦੀਆਂ ਕੰਧਾਂ ਗਿਰਾਉਣ ਲਈ 'ਤੂੰ ਹੀ ਤੂੰ' ਦੀਆਂ ਗੈਂਤੀਆਂ ਚਲਾਉਣੀਆਂ ਅਤੇ ਆਪਾ ਚਿੰਤਨ ਦੀ ਥਾਂ,ਇਸ ਆਪੇ ਦੇ ਅਸਲ਼ ਪ੍ਰਕਾਸ਼ ਕੇਂਦਰ ਵਲ ਸੁਰਤੀ ਨੂੰ ਲਾਈ ਰਖਣਾ। ਹਾਂ ਜੀ, ਸਿਮਰਨ ਕਰਤਾਰ ਦੀ ਸੁਖਦਾਈ ਯਾਦ ਹੈ, ਉਸ ਤਕ ਪਹੁੰਚਣ ਦੀ ਪਉੜੀ ਹੈ, ਉਸਨੂੰ ਮਨਾਣ,ਰੀਝਾਣ ਦਾ ਜਤਨ ਹੈ ਅਤੇ ਉਹ ਧੰਨ ਭਾਗੇ ਪੁਰਸ਼ ਜੋ ਅੰਤਰ ਲਗਨ ਦਵਾਰਾ ਇਸ ਜੁਗਤੀ ਨੂੰ ਅਮਲ ਵਿਚ ਲਿਆ ਰਹੇ ਹਨ, ਉਹ ਸਚ ਮੁਚ ਸਾਲਾਹਣ ਯੋਗ ਹਨ।

ਸਿਮਰਨ ਤੋਂ ਬਿਨਾ ਮਨੁਖ-ਆਤਮਾ ਸੁੰਞੀ ਹੈ, ਛੁਟੜ ਹੈ ਅਤੇ ਉਸਦੀ ਓਹੋ ਹੀ ਹਾਲਤ ਹੈ, ਜੋ ਖਸਮ ਨੂੰ ਵਿਸਾਰਨ ਵਾਲੀਆਂ ਨਾਰਾਂ ਦੀ ਹੁੰਦੀ ਹੈ। ਜਿੱਕਰ ਖਸਮ ਦਾ ਮਹਿਲ ਉਹਨਾਂ ਭਾਗਵਾਨ ਦੇਵੀਆਂ ਨੂੰ ਪ੍ਰਾਪਤ ਹੁੰਦਾ ਹੈ, ਜੋ ਉਸਨੂੰ ਰੀਝਾਣ ਲਈ ਦਿਨ ਰਾਤ ਜੁਟੀਆਂ ਰਹਿੰਦੀਆਂ ਹਨ, ਇਸੇ ਤਰਾਂ ਸੁਖ ਓਸੇ ਆਤਮਾ ਨੂੰ ਹੀ ਮਿਲ ਸਕਦਾ ਹੈ, ਜੋ ਪਰਮਾਤਮਾਂ ਦੇ ਜ਼ਿਕਰ ਵਿਚ ਦਿਨ ਰਾਤ ਇਕ ਕੀਤੀ ਰਖਦੀ ਹੈ।

ਮਨੁਖ ਕਰਤਾਰ ਤੋਂ ਵੱਖ ਹੋਕੇ ਸੰਸਾਰ ਵਿਚ ਆਇਆ ਹੈ। ਇਹ ਆਪਣੇ ਪਿਆਰੇ ਨਾਲੋਂ ਵਿਛੜਿਆ ਹੋਇਆ ਹੈ। ਜਿਨ੍ਹਾਂ ਨੇ ਇਸ ਵਿਛੋੜੇ ਨੂੰ ਮਹਿਸੂਸ ਕੀਤਾ ਹੈ, ਉਹ ਤਾਂ ਬਾਵਰੇ ਹੋ ਗਏ ਹਨ ਤੇ ਉਸ ਬਾਵਰੇ ਪਨ ਵਿਚ ਆਪਣੇ ਜੀਵਨ-ਪੰਧ ਉਹਨਾਂ ਨੇ ਜਿਸਤਰ੍ਹਾਂ ਕਟੇ ਹਨ, ਉਹ ਜ਼ਿਕਰ ਵੀ ਡਾਢਾ ਅਸਰ ਵਾਲਾ ਤੇ ਅੰਦਰਲੇ ਹਲੂਣ ਸੁਟਣ ਯੋਗ ਹੈ। ਉਹ ਸਮਝਦੇ ਸਨ ਕਿ ਅਸੀਂ ਜਿਸ ਨਾਲੋਂ ਵਿਛੜਕੇ ਆਏ ਹਾਂ, ਉਸ ਵਿਚ ਗੁਮ ਹੋਣਾਂ ਹੀ ਸਾਡਾ ਜੀਵਨ ਆਦਰਸ਼ ਹੈ ਤੇ ਇਸ ਆਦਰਸ਼ ਦੀ ਪੂਰਤੀ ਲਈ ਜੇ ਉਹਨਾਂ ਨੂੰ ਆਪਣੇ ਸਿਰਾਂ ਦੀਆਂ ਖੋਪਰੀਆਂ ਕਚਕੋਲ ਵੀ ਬਨਾਣੀਆਂ ਪਈਆਂ, ਤਾਂ ਬਨਾਣੋ ਸੰਕੋਚ ਨਾ ਕੀਤਾ। ਏਹੋ ਜਹੇ ਬਿਰਹੀ ਈਸ਼ਵਰ ਭਗਤਾਂ ਦੀਆਂ ਅਨੇਕਾਂ ਕਥਾਵਾਂ ਜਗਤ ਵਖਯਾਤ ਹਨ। ਖਾਸ ਕਰਕੇ ਜਿਸ ਧਰਮ ਦਾ ਅਨੁਯਾਈ ਕਿ ਮੈ ਹਾਂ, ਉਸ ਦਾ ਤਾਂ ਸਾਰਾ ਇਤਿਹਾਸ ਹੀ ਅਜੇਹੇ ਸੰਤਾਂ,ਭਗਤਾਂ ਦੀਆਂ ਜੀਵਨੀਆਂ ਦਾ ਅਸਚਰਜ ਸੰਗ੍ਰਹਿ ਹੈ।

ਸਤਿਗੁਰਾਂ ਦਾ ਅਵਤਾਰ ਹੀ ਇਸੇ ਲਈ ਹੋਇਆ ਸੀ ਕਿ ਉਹ ਸੰਸਾਰ ਨੂੰ ਅਕਾਲ ਵਾਲੇ ਪਾਸੇ ਲਾਕੇ ਮਨੁਖਾਂ ਨੂੰ ਉਸ ਜੀਵਨ-ਆਧਾਰ ਦਾ ਅਹਿਸਾਸ ਕਰਾਉਣ, ਜਿਸ ਦੀ ਸੱਤਾ ਸ਼ਕਤੀ ਸਾਡੇ ਅੰਦਰ ਹੋਂਦ ਦਾ ਨਸ਼ਾ ਪੈਦਾ ਕਰ ਰਹੀ ਹੈ। ਹਿੰਦੁਸਤਾਨੀਆਂ ਦੀ ਸਭ ਤੋਂ ਵਡੀ ਕਮ-ਜ਼ੋਰੀ ਉਹਨਾਂ ਨੂੰ ਏਹੋ ਹੀ ਨਜ਼ਰ ਆਈ ਕਿ ਇਹ ਰੱਬ ਨੂੰ ਭੁੱਲ ਕੇ ਮੁਰਦਾ ਬਣ ਗਏ ਹਨ। ਉਹਨਾਂ ਨੇ ਦਸਿਆ ਕਿ ਨਿਰਭਉ ਪਰਮਾਤਮਾ ਦਾ ਧਿਆਨ ਰਖਨਾ ਤੇ ਉਸ ਨੂੰ ਧਿਆਨ ਰਾਹੀਂ ਹਰ ਛਿਨ ਯਾਦ ਕਰਨਾ,ਮਨੁਖ ਆਤਮਾ ਨੂੰ ਬਲ਼ਵਾਨ ਬਣਾਉਂਦਾ ਹੈ। ਅਕਾਲ ਸਮਰੁਨ ਜੀਵਨ ਸੋਮੇਂ ਨਾਲ ਜੁੜਨਾ ਤੇ

Sri Satguru Jagjit Singh Ji Elibrary NamdhariElibrary@gmail.com

ਉਸ ਤੋਂ ਜੀਵਨ-ਕਰੰਟ ਪ੍ਰਾਪਤ ਕਰਨੀ ਹੈ, ਪਰ ਅਕਾਲ ਸਿਮਰਨ ਦੀ ਬਜਾਇ ਹੋਰਨਾਂ ਚੀਜ਼ਾਂ ਮਗਰ ਦੌੜਨਾ; ਮੋਇਆਂ ਨੂੰ ਚਿੰਤਨ ਕਰਨਾ ਹੈ ਤੇ ਜਿਸ ਨਾਲ ਮੁਰਦਿਹਾਣ ਵਰਤਦੀ ਹੈ।

ਸਿਖੀ ਦਾ ਮੂਲ ਅੰਤਰ ਕੀ ਹੈ! ਰਬ ਜੋ ਸੋਹਾਣ ਹੈ, ਸਤਿ ਹੈ, ਕਰਤਾ ਪੁਰਖ ਹੈ, ਨਿਰਭਉ ਹੈ, ਨਿਰਵੈਰ ਹੈ, ਕਾਲ ਦੀਆਂ ਪਕੜਾਂ ਤੋਂ ਬਾਹਰ ਹੈ, ਅਜੋਨੀ ਹੈ ਤੇ ਸੁਤੇ ਪ੍ਰਕਾਸ਼ ਹੈ,ਉਸ ਨੂੰ ਅੰਤਰ ਨਿਵਾਸ ਦੇਣਾ ਅਤੇ ਉਹ ਅਮਲ ਜੋ ਸਤਿਗੁਰੂ ਜੀ ਦਸਣ ਉਸ ਨਾਲ ਉਸ ਦੀ ਪ੍ਰਾਪਤੀ ਵਿਚ ਜੁਟ ਜਾਣਾ। ਸਤਿਗੁਰਾਂ ਨੇ ਉਹ ਅਮਲ ਕੀ ਦਸਿਆ? ਸਿਮਰਨ। ਜਿਨਾਂ ਚਿਰ ਤੀਕ ਸਿਖਾਂ ਨੇ ਸਿਮਰਨ ਕੀਤਾ, ਇਹਨਾਂ ਵਿਚ ਬਲ ਆਇਆ, ਹਿੰਮਤ ਆਈ, ਚੜ੍ਹਦੀ ਕਲਾ ਆਈ, ਨਿਰਭੈਤਾ ਆਈ, ਨਿਰਵੈਰਤਾ ਆਈ ਅਤੇ ਆਪਣੇ ਇਹਨਾਂ ਉਚੇ ਦੈਵ ਗੁਣਾਂ ਦੇ ਆਸਰੇ ਸਿਖਾਂ ਨੇ ਜਿਧਰ ਵੀ ਮੂੰਹ ਕੀਤਾ, ਜਿਤ ਅਗੇ ਹੋਕੇ ਇਹਨਾਂ ਦੇ ਚਰਨ ਚੁੰਮਦੀ ਰਹੀ। ਹਾਂ, ਸਿਖ ਨੇ ਨਜ਼ਰ ਕੀਤੀ, ਤਾਂ ਚਲਦੇ ਵਹਿਣਾਂ ਨੇ ਰਾਹ ਦੇ ਦਿਤਾ ਅਤੇ ਜੇ ਇਸ ਨੇ ਪਹਾੜ ਵਲ ਰੁਖ ਕੀਤਾ, ਤਾਂ ਉਹ ਅਹਿੱਲ ਪਹਾੜ ਆਪਣੀ ਥਾਂ ਛਡ ਗਿਆ। ਪਰ ਜਦ ਇਹਨਾਂ ਨੂੰ ਭੁਲ ਗਿਆ ਕਰਤਾਰ ਤੇ ਉਸਦਾ ਸਿਮਰਨ, ਇਹ ਓਸੇ ਧਕੇ ਖਾ ਰਹੀ ਚੁਰਾਸੀ ਦਾ ਅੰਗ ਬਣ ਗਏ, ਜਿਸ ਵਿਚ ਸਤਿਗੁਰੂਆਂ ਨੇ ਇਹਨਾਂ ਨੂੰ ਅਨੇਕਾਂ ਘਾਲਣਾ ਘਾਲਣ ਦੇ ਉਪਰੰਤ ਕਢਿਆ ਸੀ ਅਤੇ ਜਾ ਪਏ ਉਸ ਡੂੰਘੇ ਟੋਏ ਵਿਚ ਜਿਸ ਵਿਚ ਡਿੱਗਕੇ ਇਹਨਾਂ ਨੇ ਆਪਣਾ ਅੰਗ ਅੰਗ ਤੁੜਵਾ ਲਿਆ।

ਇਕ ਸਦੀ ਤੋਂ ਵਧੇਰੇ ਸਮੇਂ ਤੀਕ ਲਗਾਤਾਰ ਕੁਰਬਾਨੀਆਂ ਕਰ ਕੇ ਇਨ੍ਹਾਂ ਨੇ ਆਪਣੀ ਮਾਤ੍ਰੀ ਭੂਮੀ ਤੇ ਉਸ ਦੇ ਜਾਇਆਂ ਨੂੰ ਆਜ਼ਾਦ ਕਰਾਇਆ ਸੀ, ਪਰ ਰਾਜ ਭਾਗ ਪ੍ਰਾਪਤ ਕਰਨ ਸਾਰ ਇਹਨਾਂ ਵਿਚ ਗਰਾਵਟ ਆ ਗਈ। ਇਹ ਆਪਣੇ ਮਾਲਕ ਜੀ ਨੂੰ ਭੁਲਾ ਬੈਠੇ। ਪੰਜਾਬ ਦੇ ਕਲਾਲਖਾਨੇ ਸਿਖਾਂ ਦੇ ਅੱਡੇ ਬਣ ਗਏ, ਧਰਮ ਨੂੰ ਜਵਾਬ ਦੇ ਦਿਤਾ ਅਤੇ ਸਰਦਾਰੀਆਂ ਜੋ ਅਨੇਕਾਂ ਖੁਆਰੀਆਂ ਸਹਿਣ ਦੇ ਉਪਰੰਤ ਪ੍ਰਾਪਤ ਹੋਈਆਂ ਸਨ, ਅਧਰਮ ਦੀ ਧਾਰਾ ਵਿਚ ਉਸੇ ਤਰਾਂ ਰੁੜ੍ਹ ਗਈਆਂ, ਜਿਵੇਂ ਮੁਗਲਾਂ ਪਠਾਣਾਂ ਦੇ ਰਾਜ ਭਾਗ ਰੁੜ੍ਹੇ ਸਨ। ਆਹ! ਵੱਡਿਆਂ ਦੀਆਂ ਘਾਲਾਂ ਨੂੰ ਸਿਖਾਂ ਨੇ ਬਹੁਤ ਛੇਤੀ ਬਿਰਥਾ ਗਵਾ ਦਿਤਾ ਅਤੇ ਉਹ ਸੁਫਨੇ ਜੋ ਸਾਡੇ ਵਡਾਰੂਆਂ ਨੇ ਵੇਖੇ ਸਨ, ਓਹਨਾਂ ਦੀ ਤਾਬੀਰ ਚੰਗੀ ਨਾ ਨਿਕਲੀ।

ਸਾਡੀ ਇਹ ਮਹਾਂ ਦੀਨ ਹੀਨ ਹਾਲਤ ਵੇਖਕੇ ਅਕਾਲ ਪੁਰਖ ਨੇ ਫੇਰ ਤਰਸ ਖਾਧਾ ਅਤੇ ਸੰਮਤ ੧੮੭੨ ਵਿਚ ਉਸ ਮਹਾਂ ਪੁਰਸ਼ ਨੂੰ ਜਨਮ ਦਿਤਾ, ਜਿਸਦਾ ਮਹਾਂ ਪਵਿਤ੍ਰ ਅਤੇ ਮਹਾਂ ਸੁਖਦਾਈ ਨਾਮ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਮਹਾਰਾਜ ਹੈ। ਹਜ਼ੂਰ ਦਾ ਆਗਮਨ ਬਸੰਤ ਉਤਸ਼ਵ ਵਾਲੇ ਦਿਨ ਹੋਯਾ। ਜਿਸ ਦਾ ਭਾਵ ਇਹ ਸੀ ਕਿ ਜਿਵੇਂ ਬਸੰਤ ਬਨ ਰਾਇ ਨੂੰ ਨਵ-ਜੀਵਨ ਦੇਣ ਹਿਤ ਆਈ ਹੈ, ਇਸੇ ਤਰਾਂ ਸ੍ਰੀ ਮਹਾਰਾਜ ਜੀ ਸਿਖਾਂ ਨੂੰ ਨਵੀਂ ਜ਼ਿੰਦਗੀ ਦੇਣ ਆਏ ਹਨ। ਸਚ ਮੁਚ ਆਪ ਨੇ ਸਾਨੂੰ ਨਵਾਂ ਜੀਵਨ ਬਖਸ਼ਿਆ ਅਤੇ ਸਿਮਰਨ ਦੀ ਉਹ ਜਾਚ ਜਿਸਨੂੰ ਅਸੀਂ ਭੁਲਾ ਬੈਠੇ ਸਾਂ, ਸ੍ਰੀ ਮੁਖ ਦਵਾਰਾ ਦਸੀ। ਸਿਮਰਨ ਦੀ ਜਾਗ ਲਗਣ ਸਾਰ ਖਾਲਸਾ ਫੇਰ ਤਿਆਰ ਬਰ ਤਿਆਰ ਬਲੀ ਬੀਰ ਅਤੇ ਚੜ੍ਹਦੀਕਲਾਂ ਵਿਚ ਖੇਡਣ ਵਾਲਾ ਨਿਰਭੈ ਜੋਧਾ ਬਣ ਗਿਆ।

Sri Satguru Jagjit Singh Ji Elibrary NamdhariElibrary@gmail.com

ਦੇਸ਼ ਦੀ ਗੁਲਾਮੀ ਏਸ ਨੂੰ ਜੰਜਾਲ ਹੋ ਭਾਸਣ ਲਗੀ, ਅਧਰਮ ਦਾ ਪਹਿਰਾ ਇਸ ਲਈ ਨਾ ਸਹਾਰਨ ਜੋਗ ਗੱਲ ਬਣ ਗਿਆ ਅਤੇ ਇਸ ਨੇ ਸ਼ੇਰਾਂ ਵਾਲੀ ਗਰਜ ਨਾਲ ਐਲਾਨ ਕੀਤਾ ਕਿ ਧਰਤੀ ਤੇ ਧਰਮ ਵਿਸਥਾਰਿਆ ਜਾਵੇਗਾ ਅਤੇ ਹਰ ਇਕ ਨੂੰ ਆਜ਼ਾਦੀ ਦਿਵਾਕੇ ਮਨੁਖ ਦੀ ਸਾਂਝੀਵਾਲਤਾ ਬਰਕਰਾਰ ਕੀਤੀ ਜਾਵੇਗੀ।

ਖਾਲਸੇ ਦੀ ਇਸ ਨਵੀਂ ਗਰਜ ਨੇ ਸਮੇਂ ਦੀ ਸਰਕਾਰ ਨੂੰ ਜਗਾ ਦਿਤਾ ਤੇ ਓਸ ਨੇ ਦੇਸ਼ ਧ੍ਰੋਹੀਆਂ ਨਾਲ ਮਿਲ ਕੇ ਜੋ ਕੁਝ ਕੀਤਾ, ਲੋੜ ਨਹੀ ਕਿ ਮੈ ਉਹਨਾਂ ਦੁਖਦਾਈ ਘਟਨਾਵਾਂ ਦਾ ਜ਼ਿਕਰ ਏਥੇ ਕਰਾਂ। ਬੂਟਾ ਅਜੇ ਪੁੰਗਰਨ ਹੀ ਲਗਾ ਸੀ ਕਿ ਮਰੁੰਡ ਦਿਤਾ ਗਿਆ ਤੇ ਜਿਹੜੀ ਆਸ਼ਾ ਇਸ ਪਾਸੋਂ ਕੀਤੀ ਗਈ ਸੀ, ਉਹ ਪੂਰੀ ਨਾ ਹੋ ਸਕੀ।

ਅਜ ਅਸੀ ਉਸ ਪਿਆਰੇ ਦੀ ਪਾਵਨ ਯਾਦ ਮਨਾ ਰਹੇ ਹਾਂ, ਜਿਸ ਨੇ ਸਿਮਰਨ ਦੀ ਭੁੱਲੀ ਹੋਈ ਮਰਯਾਦਾ ਮੁੜ ਸਥਾਪਤ ਕਰਕੇ ਕਲਜੁਗ ਵਿਚ ਸਤਿਜੁਗ ਵਰਤਾਇਆ ਸੀ। ਜਿਸ ਨੇ ਸਿਖਾਂ ਨੂੰ ਸਿਖੀ ਦਾ ਅਸਲ ਮਾਰਗ ਦਸਕੇ ਅਕਾਲ ਸੇਵੀ ਖਾਲਸੇ ਬਣਾਇਆ ਸੀ। ਉਹ ਕਿਸੇ ਖਾਸ ਸੰਪ੍ਰਦਾਇ ਦਾ ਨਹੀਂ ਸੀ, ਸਗੋਂ ਅਸਾਂ ਸਾਰਿਆਂ ਦਾ ਸਾਂਝਾ ਪ੍ਰੀਤਮ ਸੀ ਤੇ ਉਸ ਨੇ ਜੋ ਕੁਝ ਵੀ ਕੀਤਾ ਅਸਾਂ ਸਾਰਿਆਂ ਲਈ ਕੀਤਾ। ਅੱਜ ਸਾਡੀ ਹਾਲਤ ਬਹੁਤ ਅਬਤਰ ਹੋ ਰਹੀ ਹੈ, ਅਸੀਂ ਧਰਮ ਦਾ ਮਾਰਗ ਛੱਡ ਕੇ ਅਧਰਮ ਦੇ ਵਹਿਣ ਵਿਚ ਰੁੜ੍ਹਦੇ ਜਾ ਰਹੇ ਹਾਂ। ਧਰਮ ਦੇ ਪਰਦੇ ਵਿਚ ਪਾਖੰਡ ਫੈਲ ਰਿਹਾ ਹੈ। ਅਤੇ ਜਿਸ ਦਾ ਸਦਕਾ ਸਾਡੇ ਗਭਰੂਆਂ ਦਾ ਝੁਕਾਉ ਬਦੋ ਬਦੀ ਨਾਸਤਕਤਾ ਵਲ ਹੋ ਰਿਹਾ ਹੈ। ਸਾਡੇ ਵਿਚ ਗੱਲਾਂ ਕਰਨ ਵਾਲੇ, ਉਪਦੇਸ਼ ਕਰਨ ਵਾਲੇ, ਬਹਿਸਾਂ ਕਰਨ ਵਾਲੇ ਅਤੇ ਪੋਚੇ ਪਾਚੇ ਸਜਣ ਅਨੇਕਾਂ ਹਨ, ਪਰ ਸਡੇ ਵਿਚ ਰੱਬ ਜੀ ਦੀ ਯਾਦ ਵਾਲੇ, ਅੰਦਰੋਂ ਬਾਹਰੋਂ ਇਕੋ ਜਹੇ ਦੇ, ਨਿਉਂ ਚੱਲਣ ਵਾਲੇ, ਸਰਬੱਤ ਨਾਲ ਪਿਆਰ ਕਰਨ ਵਾਲੇ ਅਤੇ ਸਿਖੀ ਨੂੰ ਅਸਲੀ ਜੀਵਨ ਵਿਚ ਕਮਾਵਣ ਵਾਲੇ ਬਹੁਤ ਘਟ ਹਨ। ਇਹ ਘਾਟੇ ਸਾਡੀ ਤਬਾਹੀ ਦਾ ਵੱਡਾ ਕਾਰਨ ਬਣ ਰਹੇ ਹਨ ਤੇ ਜੇ ਅਸਾਂ ਏਨ੍ਹਾਂ ਨੂੰ ਦੂਰ ਕਰਨ ਦਾ ਜਤਨ ਨਾ ਕੀਤਾ, ਤਾਂ ਅਸੀਂ ਆਪਣਾ ਰਿਹਾ ਖਿਹਾ ਰੋਹਬ ਵੀ ਗਵਾ ਬੈਠਾਂਗੇ।

ਅਸੀਂ ਪਰਚਾਰ ਪਰਚਾਰ ਕੂਕਦੇ ਹਾਂ ਤੇ ਚਾਹੁੰਦੇ ਹਾਂ ਕਿ ਹੋਰਨਾਂ ਲੋਕਾਂ ਨੂੰ ਸਿਖ ਬਣਾਕੇ ਆਪਣੀ ਗਿਣਤੀ ਵਿਚ ਵਾਧਾ ਕਰੀਏ, ਪਰ ਅਸੀਂ ਨਹੀਂ ਸੋਚਦੇ ਕਿ ਜੇ ਸਾਡੇ ਥੋੜਿਆਂ ਵਿਚ ਵੀ ਸਿਖੀ ਦਾ ਨਿਵਾਸ ਹੋ ਜਾਵੇ, ਤਾਂ ਸਾਰੀਆਂ ਔਕੜਾਂ ਦਾ ਹੱਲ ਅਸੀਂ ਆਪ ਸੋਚ ਲਵਾਂਗੇ। ਬਸੰਤ ਪੰਚਮੀ ਵਾਲੇ ਦਿਨ ਅਵਤਰਨ ਵਾਲੇ ਪਾਤਸ਼ਾਹ ਦਾ ਪੁਰਬ ਮਨਾਉਣ ਵਾਲਿਆਂ ਨੂੰ ਏਸ ਪਾਸੇ ਸਭਨਾ ਤੋਂ ਵਧ ਧਿਆਨ ਦੇਣਾਂ ਚਾਹੀਦਾ ਹੈ। ਉਹਨਾਂ ਦੇ ਪਾਸ ਸਿਮਰਨ ਦੀ ਜੁਗਤੀ ਹੈ, ਉਹਨਾਂ ਨੂੰ ਅੱਗੇ ਵਧਣਾ ਚਾਹੀਦਾ ਹੈ ਤੇ ਆਪਣੇ ਆਦਰਸ਼ਕ ਜੀਵਨਾਂ ਦੇ ਨਮੂਨੇ ਬਣਾ ਕੇ ਸਿਖੀ ਭੁਲ ਚੁਕੇ ਸਿਖਾਂ ਨੂੰ ਸਿਖੀ ਦਸਣੀ ਲੋੜੀ ਦੀ ਹੈ। ਬਸ ਜੇ ਸਾਨੂੰ ਸਿਖੀ ਦੀ ਸੋਝੀ ਆ ਗਈ; ਜੇ ਅਸਾਂ ਆਪਣੇ ਅਸਲ ਆਦਰਸ਼ ਨੂੰ ਸਮਝ ਲਿਆ, ਤਾਂ ਭਵਿੱਖਤ ਦੀਆਂ ਸਾਰੀਆਂ ਉਚੀਆਂ ਉਮੈਦਾਂ ਦਾ ਆਧਾਰ ਅਸੀਂ ਹੋਵਾਂਗੇ, ਪਰ ਜੇ ਅਸੀਂ ਆਪਣੇ ਫਰਜ਼ ਤੋਂ ਗਾਫ਼ਲ ਰਹੇ, ਜੇ ਅਸੀਂ ਪਾਖੰਡ ਧਰਮ ਨੂੰ ਹੀ ਅਸਲ ਧਰਮ ਸਮਝਦੇ ਰਹੇ, ਜੇ ਅਸੀਂ ਬਾਹਰੋਂ ਹੋਰ ਤੇ ਅੰਦਰੋਂ ਹੋਰ ਬਣੇ ਰਹੇ, ਤਾਂ ਸਭ ਤੋਂ ਨੀਵੇਂ ਅਸੀਂ ਹੋਵਾਂਗੇ।

Sri Satguru Jagjit Singh Ji Elibrary NamdhariElibrary@gmail.com

ਸਾਰਿਆਂ ਦਾ ਸਾਂਝਾ ਬਾਬਾ

(ਵਲੋਂ ਪ੍ਰਸਿੱਧ ਅਕਾਲੀ ਲੀਡਰ ਸ੍ਰੀ ਮਾਨ ਮਾਸਟਰ ਤਾਰਾ ਸਿੰਘ ਜੀ ਬੀ. ਏ.)

'ਸਤਿਜੁਗ' ਦੇ 'ਬਸੰਤ ਨੰਬਰ' ਲਈ ਮੈਥੋਂ ਲੇਖ ਦੀ ਮੰਗ ਕੀਤੀ ਗਈ ਹੈ। 'ਸ਼ਹੀਦ ਗੰਜ ਐਜੀਟੇਸ਼ਨ ਦੇ ਸਿਲਸਿਲੇ ਵਿਚ ਬੇਹੱਦ ਰੁਝੇਵਾਂ ਹੋਣ ਕਰਕੇ ਭਾਵੇਂ ਮੈਂ ਕੋਈ ਲੰਮਾ ਲੇਖ ਤਾਂ ਲਿਖ ਨਹੀਂ ਸਕਦਾ, ਪਰ ਇਹ ਵੀ ਨਹੀਂ ਕਰ ਸਕਦਾ ਕਿ ਉਸ ਮਹਾਨ ਉਚੇ ਤੇ ਸੁਚੇ ਦੇਸ਼ ਭਗਤ ਤੇ ਸਿਖੀ ਦੇ ਉਧਾਰਕ ਸ੍ਰੀ ਬਾਬਾ ਰਾਮ ਸਿੰਘ ਜੀ ਮਹਾਰਾਜ ਦੀ ਯਾਦ ਵਿਚ ਦੋ ਸ਼ਬਦ ਲਿਖਕੇ ਆਪਣੀ ਕਲਮ ਨੂੰ ਪਵਿਤ੍ਰ ਨਾ ਕਰਾਂ।

ਸ੍ਰੀ ਬਾਬਾ ਜੀ ਦੀ ਪਵਿਤ੍ਰ ਜੀਵਨੀ ਪੜ੍ਹਕੇ ਮੈਨੂੰ ਨਿਸਚਾ ਹੋਗਿਆ ਹੈ ਕਿ ਸਿਖ ਰਾਜ ਦੇ ਅੰਤ ਪਿਛੋਂ ਸਿੱਖੀ ਦਾ ਝੰਡਾ ਉੱਚਾ ਕਰਨ ਵਾਲੇ ਮਹਾਂ ਪੁਰਖਾਂ ਵਿਚੋਂ ਆਪ ਸ਼ਰੋਮਣੀ ਹੋਏ ਹਨ। ਸਿਖਾਂ ਦੀ ਖੇਰੂੰ ਖੇਰੂੰ ਹੋਈ ਜਥੇਬੰਦੀ ਨੂੰ ਨਵੇਂ ਸਿਰੇ ਕਾਇਮ ਕਰਨ ਦਾ ਖਿਆਲ ਪਹਿਲੀ ਵਾਰ ਆਪ ਦੇ ਦਿਲ ਵਿਚ ਹੀ ਪੈਦਾ ਹੋਇਆ ਸੀ ਤੇ ਉਹ ਸਾਰੀਆਂ ਬੁਰਿਆਈਆਂ ਜੋ ਸਿਖਾਂ ਨੂੰ ਡੂੰਘੇ ਟੋਏ ਵਿਚ ਸੁੱਟਣ ਦਾ ਕਾਰਨ ਬਣੀਆਂ ਸਨ, ਉਹਨਾਂ ਨੂੰ ਦੂਰ ਕਰਨ ਦੀ ਵਿਉਂਤ ਵੀ ਆਪ ਨੇ ਹੀ ਸੋਚੀ ਸੀ।

ਆਪ ਨੇ ਸਭ ਤੋਂ ਪਹਿਲਾਂ ਸਿਖਾਂ ਨੂੰ ਭੁੱਲੀ ਹੋਈ ਸਿਖੀ ਦਾ ਚੇਤਾ ਕਰਾਇਆ ਤੇ ਨਾਮ, ਬਾਣੀ ਦਾ ਲੜ ਜੋ ਉਹਨਾਂ ਦੇ ਹਥੋਂ ਛੁਟ ਚੁਕਾ ਸੀ, ਬੜੇ ਪਿਆਰ ਨਾਲ ਉਹਨਾਂ ਦੇ ਹਥਾਂ ਵਿਚ ਦਿੱਤਾ। ਜਿਸ ਵੇਲੇ ਸਿਖਾਂ ਨੂੰ ਸਿਖੀ ਦਾ ਰੰਗ ਚੜ੍ਹਿਆ, ਉਹਨਾਂ ਦੀ ਅਣਖ ਅਤੇ ਬੀਰਤਾ ਨੇ ਹੁਲਾਰਾ ਖਾਧਾ ਅਤੇ ਉਹ ਸਾਰੇ ਦੇ ਸਾਰੇ ਦੇਸ਼ ਨੂੰ ਆਜ਼ਾਦ ਕਰਨ ਦਾ ਸੁਫਨਾ ਵੇਖਣ ਲਗ ਪਏ। ਜਥੇ ਬੰਦੀ ਨੂੰ ਵਧੇਰੇ ਮਜ਼ਬੂਤ ਕਰਨ ਲਈ ਪੰਜਾਬ ਨੂੰ ਅਠੋ ਅੱਠ ਸੂਬਿਆਂ ਵਿਚ ਵੰਡਿਆ ਗਿਆ ਤੇ ਹਰ ਸੂਬੇ ਦਾ ਅੱਠ ਸੂਬਾ ਮੁਕਰਰ ਕਰਕੇ ਤਾਕੀਦ ਕੀਤੀ ਗਈ ਕਿ ਸਿਖ ਆਪਣੇ ਫੈਸਲੇ ਆਪੋ ਆਪਣੇ ਸੂਬਿਆਂ ਪਾਸੋਂ ਕਰਵਾਇਆ ਕਰਨ। ਇਹਗਲ ਠੀਕ ਹੈ ਕਿ ਕਈਆਂ ਕਾਰਨਾਂ ਕਰਕੇ ਸ੍ਰੀ ਬਾਬਾ ਜੀ ਦਾ ਪਵਿਤ੍ਰ ਮਿਸ਼ਨ ਪਰਵਾਨ ਨਾ ਚੜ੍ਹ ਸਕਿਆ, ਪਰ ਇਸ ਗਲ ਤੋਂ ਕੋਈ ਇਨਕਾਰ ਨਹੀ ਸਕਦਾ ਕਿ ਉਹਨਾ ਨੇ ਸਿਖਾਂ ਵਿਚ ਗੁਰਮਤਿ ਨੂੰ ਪਰਵਿਰਤ ਕੀਤਾ ਅਤੇ ਬਦੇਸ਼ੀ ਸਰਕਾਰ ਦੇ ਵਿਰੁਧ ਨਾ ਮਿਲ ਵਰਤਨ ਦੀ ਲਹਿਰ ਚਲਾਕੇ ਸਿਖਾਂ ਨੂੰ ਦੇਸ਼ ਭਗਤੀ ਦੀ ਸੰਥਾ ਪੜ੍ਹਾਈ।

ਆਪਣੇ ਪਿਆਰੇ ਦੇਸ਼ ਨੂੰ ਆਜ਼ਾਦ ਵੇਖਣ ਦੇ ਅਪ੍ਰਾਧ ਵਿਚ, ਆਪ ਆਪਣੇ ਕਈ ਮਸ਼ਹੂਰ ਸੂਬਿਆਂ ਸਣੇ ਜਲਾ ਵਤਨ ਕਰਕੇ ਨਜ਼ਰ ਬੰਦ ਕਰ ਦਿਤੇ ਗਏ ਅਤੇ ਸਿਖ ਕਿ ਜਿਨ੍ਹਾਂ ਦੀ ਆਨ ਸ਼ਾਨ ਕਾਇਮ ਕਰਨ ਲਈ ਉਹਨਾਂ ਨੇ ਇਹ ਭਾਰੀ ਕੁਰਬਾਨੀ ਕੀਤੀ ਸੀ, ਸਵਾ ਰਥ ਵਸ ਹੋਕੇ ਆਪ ਨੂੰ ਉਕਾ ਰੀ ਵਿੱਸਰ ਗਏ।

ਜਿਵੇਂ ੧੯੧੪–੧੫ ਦੇ ਦੇਸ਼ ਭਗਤਾਂ

Sri Satguru Jagjit Singh Ji Elibrary NamdhariElibrary@gmail.com

ਨੂੰ ਅਸਿਖ ਕਹਿਕੇ ਵਧ ਤੋਂ ਵਧ ਸਜਾਵਾਂ ਦਿਵਾਣ ਵਾਲਿਆਂ ਨੇ ਅਪਣੇ ਦੇਸ਼ ਨਾਲ਼ ਭਾਰੀ ਪਾਪ ਕੀਤਾ ਸੀ, ਇਸੇ ਤਰਾਂ ਸ੍ਰੀ ਬਾਬਾ ਜੀ ਦੀ ਚਲਾਈ ਹੋਈ ਨਾਮਧਾਰੀ ਲਹਿਰ ਨੂੰ ਤਬਾਹ ਕਰਨ ਦੀ ਜ਼ਿਮੇਵਾਰੀ ਵੀ ਅਜੇਹੇ ਲੋਕਾਂ ਦੇ ਸਿਰਾਂ ਪਰ ਹੀ ਸੀ, ਜੋ ਬਾਬਾ ਜੀ ਦੇ ਅਸਲ ਨਸ਼ਾਂਨੇ ਨੂੰ ਨਹੀਂ ਸਮਝਦੇ ਸਨ ਤੇ ਜਿਨ੍ਹਾਂ ਦੀਆਂ ਅਖਾਂ ਅਗੇ ਸਵਾਰਥ ਦੀ ਮੋਟੀ ਚਰਬੀ ਆਈ ਹੋਈ ਸੀ।

ਅਜ ਅਸੀਂ ਰਲ ਮਿਲ ਕੇ ਉਸ ਪਾਵਨ ਆਤਮਾ ਤੇ ਸਚੇ ਦੇਸ਼ ਭਗਤ ਦੀ ਯਾਦ ਮਨਾ ਰਹੇ ਹਾਂ, ਅਜ ਹਰ ਸਿਆਣਾ ਸਿਖ ਮਹਿਸੂਸ ਕਰ ਰਿਹਾ ਹੈ ਕਿ ਉਸ ਪਿਆਰੇ ਨੇ ਜੋ ਕੁਝ ਕੀਤਾ ਸੀ, ਸਿਖੀ ਨੂੰ ਸਿਰ ਖੁਦ ਕਰਨ ਲਈ ਕੀਤਾ ਸੀ ਅਜ। ਸਾਡੇ ਵਿਚ ਓਹ ਪਹਿਲੀ ਨਫਰਤ ਨਹੀ, ਅਜ ਅਸੀਂ ਆਪੋ ਵਿਚ ਜੁੜ ਮਿਲ ਕੇ ਬੈਠਣ ਲਈ ਤਿਆਰ ਹਾਂ ਅਤੇ ਉਹ ਸਮਾਂ ਚਲਾ ਗਿਆ ਹੈ, ਜਦ ਸਾਡੇ ਕੰਨ ਸ੍ਰੀ ਬਾਬਾ ਜੀ ਦਾ ਨਾਮ ਸੁਣਨੋ ਵੀ ਸੰਗਦੇ ਸਨ। ਮੈਂ ਸ੍ਰੀ ਬਾਬਾ ਜੀ ਨੂੰ ਓਸੇ ਤਰਾਂ ਹੀ ਆਪਣਾ ਸਮਝਦਾ ਹਾਂ, ਜਿਸ ਤਰਾਂ ਮੇਰੇ ਨਾਮਧਾਰੀ ਵੀਰ ਉਹਨਾਂ ਨੂੰ ਆਪਣਾ ਸਮਝਦੇ ਹਨ। ਉਹ ਉਹਨਾ ਨੂੰ ਸਤਿਗੁਰੂ ਕਹਿਕੇ ਸਨਮਾਨ ਦੇ ਹਨ ਤੇ ਮੈ ਉਹਨਾਂ ਨੂੰ ਪਰਮ ਪੂਜਯ ਬਾਬਾ ਜੀ ਕਹਿੰਦਾ ਹਾਂ। ਕਹਿਣ ਵਿਚ ਥੋੜਾ ਜਿਹਾ ਫਰਕ ਹੈ, ਸਤਿਕਾਰ ਵਿਚ ਕੋਈ ਫਰਕ ਨਹੀਂ। ਮੈਂ ਚਾਹੁੰਦਾ ਹਾਂ ਕਿ ਆਪ ਦੇ ਪੁਰਬ ਨੂੰ ਸਾਰਾ ਪੰਥ ਮਿਲਕੇ ਮਨਾਇਆ ਕਰੇ ਤੇ ਉਹ ਉਪਕਾਰ ਜੋ ਆਪ ਨੇ ਸਾਡੇ ਉਪਰ ਕੀਤੇ ਹਨ, ਉਹਨਾਂ ਨੂੰ ਯਾਦ ਕਰਕੇ ਅਸੀਂ ਉਹਨਾਂ ਪੂਰਨਿਆਂ ਤੇ ਤੁਰਨ ਦਾ ਜਤਨ ਕੀਤਾ ਕਰੀਏ ਜੋ ਆਪ ਪਾ ਗਏ ਹਨ। ਅੰਤ ਵਿਚ ਮੈਂ ਆਪਣੇ ਨਾਮਧਾਰੀ ਵੀਰਾਂ ਨੂੰ ਆਪਦੇ ਜਨਮ ਗੁਰਪੁਰਬ ਦੀ ਲਖ ਲਖ ਵਧਾਈ ਦਿੰਦਾ ਹਾਂ।

ਃ—ਃ੦ਃ

ਸਤਿਗੁਰੂ ਜਗਜੀਤ ਸਿੰਘ ਪੁਸਤਕਾਲਯ
ਪੁਸਤਕ ਨੰ.:.....
ਅਲਮਾਰੀ .....
ਸ੍ਰੀ ਭੈਣੀ ਸਾਹਿਬ

§§ ਚੀਨੀ ਵਾਲੇ ਦਾ ਪੈਗਾਮ §§

ਵਲੋਂ ਸ੍ਰੀ ਮਤੀ ਸ੍ਰਦਾਰਨੀ ਲੀਲਾਵੰਤੀ ਜੀ ਧਰਮ ਪਤਨੀ ਸ੍ਰਦਾਰ ਆਤਮਾ ਸਿੰਘ ਜੀ
ਰਾਵਲ ਪਿੰਡੀ

ਵੀਰੋ ਅਤੇ ਭੈਣੋ! ਅਜ ਅਸੀਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਸ਼ੁਭ ਗੁਰਪੁਰਬ ਮਨਾ ਰਹੇ ਹਾਂ। ਉਹ ਪਾਤਸ਼ਾਹ ਕਿਤੇ ਚਲਾ ਨਹੀ ਗਿਆ, ਹਾਜ਼ਰ ਨਾਜ਼ਰ ਹੈ ਤੇ ਉਸਨੇ ਇਕਰਾਰ ਕੀਤਾ ਹੋਇਆ ਹੈ ਕਿ ਮੈ ਇਸੇ ਦੇਹ ਵਿਚ ਦਰਸ਼ਨ ਦਿਆਂਗਾ। ਉਸ ਦੇ ਦਰਸ਼ਨ ਦੇਣ ਦੀ ਸ਼ਰਤ ਏਹ ਹੈ ਕਿ ਆਪਣੇ ਹਿਰਦਿਆਂ ਨੂੰ ਵਧ ਤੋਂ ਵਧ ਪਵਿਤ੍ਰ ਕਰਨ ਤੇ ਉਸਦੇ ਬੈਠਣ ਜੋਗ ਬਨਾਣ ਲਈ ਦਿਨ ਰਾਤ ਭਜਨ ਕਰੀਏ ਅਤੇ ਬਾਣੀ ਪੜ੍ਹੀਏ ਅਤੇ ਉਸ ਨੂੰ ਪਿਆਰਨ ਵਾਲੇ ਸੰਤ ਮਹਾਤਵਾਂ ਦੀ ਸੇਵਾ ਕਰੀਏ। ਪ੍ਰਦੇਸ ਗਵਨ ਕਰਨ ਲਗਾ ਉਹ ਪਿਆਰਾ ਸਾਨੂੰ ਏਹੋ ਸੰਦੇਸ਼ਾ ਦੇ ਗਿਆ ਸੀ। ਸਾਡਾ ਫਰਜ਼ ਹੈ ਕਿ ਅਸੀਂ ਇਸ ਤੇ ਤਨੋ, ਮਨੋ ਵਰਤੋਂ ਕਰੀਏ ਤੇ ਓਸਦੇ ਛੇਤੀ ਤੋਂ ਛੇਤੀ ਦਰਸ਼ਨ ਕਰਨ ਲਈ ਉਸਦੀ ਦਸੀ ਹੋਈ ਮਰਜਾਦਾ ਅਤੇ ਹੁਕਮਾਂ ਨੂੰ ਅਮਲ ਵਿਚ ਲਿਆਈਏ।

ਸਤਿ ਸ੍ਰੀ ਅਕਾਲ

Sri Satguru Jagjit Singh Ji Elibrary NamdhariElibrary@gmail.com

ਕੂਕਿਆਂ ਦਾ ਦੀਵਾਨ

(ਵਲੋਂ ਸ੍ਰੀਮਾਨ ਸਰਦਾਰ ਧੰਨਾ ਸਿੰਘ ਜੀ "ਕਾਨੂੰਗੋ" ਪਸਰੂਰ)

ਨਾਮਧਾਰੀ ਵੀਰਾਂ ਨੂੰ ਓਪਤੇ ਲੋਕ ਪਹਿਲੇ ਕੂਕੇ ਕਿਹਾ ਕਰਦੇ ਸਨ। ਸ਼ਬਦ ਕੂਕਾ ਓਦੋਂ ਇਕ ਮਿਹਣੇ ਜਿਹੇ ਵਾਂਗ ਕਿਹਾ ਜਾਂਦਾ ਸੀ। ਤਖਤਾਂ ਦੇ ਪੁਜਾਰੀ ਵੀ ਪਹਿਲੇ ਇਨ੍ਹਾਂ ਨੂੰ ਕੂਕਾ ਹੀ ਕਹਿੰਦੇ ਸਨ ਤੇ ਅੰਗ੍ਰੇਜ਼ ਲਿਖਾਰੀਆਂ ਨੇ ਵੀ ਇਨ੍ਹਾਂ ਨੂੰ ਕੂਕਾ ਸ਼ਬਦ ਨਾਲ ਹੀ ਯਾਦ ਕੀਤਾ ਹੈ। ਅਸਲ ਵਿਚ ਮਹਾਰਾਜ ਰਾਮ ਸਿੰਘ ਜੀ ਦੇ ਵੇਲੇ ਜਦੋਂ ਇਹਨਾਂ ਦੇ ਅਖੰਡ ਕੀਰਤਨ ਰਹਿੰਦੇ ਸਨ, ਸੁੱਤੀ ਦੁਨੀਆਂ ਤੇ ਐਸ਼ਾਂ ਵਿਚ ਪਏ 'ਸੂਰਜ-ਮੁਖੀ' ਸਰਦਾਰਾਂ ਤੇ ਜਾਗੀਰਦਾਰਾਂ ਦੀ ਮਿਠੀ ਨੀਂਦ ਵਿਚ ਕੀਰਤਨ ਨਾਲ ਜਦੋਂ ਵਿਘਨ ਪੈਂਦਾ ਸੀ ਤੇ ਉਨ੍ਹਾਂ ਨੂੰ ਦੁਰਾਚਾਰ ਤੋਂ ਵਰਜਿਆ ਜਾਂਦਾ ਸੀ, ਓਦੋਂ ਇਹਨਾਂ ਦੀ ਦਿਨ ਰਾਤ ਦੀ ਲਗਨ ਦੀ ਅਖੰਡ ਧੁਨੀ ਨੂੰ ਨਾ ਸਹਾਰਦੇ ਹੋਏ, ਇਨ੍ਹਾਂ ਨੂੰ ਉਹ ਕੂਕੇ (ਕੂਕਨ ਵਾਲੇ, ਤੁਹੀ ਤੁਹੀ ਨੂੰ ਰਟਨ ਵਾਲੇ) ਕਰਕੇ ਸਦਦੇ ਸੀ। ਸ੍ਰੀ ਬਾਬਾ ਹਰੀ ਸਿੰਘ ਜੀ ਦੇ ਵੇਲੇ ਵੀ ਬਹੁਤੇ ਲੋਕ ਕੂਕਾ ਹੀ ਕਹਿੰਦੇ ਸਨ ਤੇ ਨਾਮਧਾਰੀ ਦੀਵਾਨਾਂ ਨੂੰ ਕੂਕਿਆਂ ਦੇ ਦੀਵਾਨ ਸਦਦੇ ਸਨ। ਸਰਕਾਰ ਨੇ ਹੁਣ ਜਦੋਂ ਦੀ ਇਹਨਾਂ ਦੇ ਦੀਵਾਨਾਂ ਤੋਂ ਇਨ੍ਹਾਂ ਨੂੰ ਸੀਤਲ ਸੁਭਾਵ ਜਾਣਕੇ ਨਿਗਰਾਨੀ ਹਟਾਈ ਹੈ, ਤਾਂ ਲੋਕਾਂ ਨੇ ਵੀ ਹੁਣ ਨਾਮਧਾਰੀ ਕਹਿਣਾਂ ਸ਼ੁਰੂ ਕਰ ਦਿੱਤਾ ਹੈ। ਪਰ ਇਹਨਾਂ ਨੂੰ ਅਜੇ ਵੀ ਕੂਕਾ ਆਖੀਏ ਤਾਂ ਓਸ ਤਰਾਂ ਗੁੱਸਾ ਨਹੀਂ ਕਰਦੇ, ਜਿਸ ਤਰ੍ਹਾਂ ਇਕ ਸਿੱਖ ਨੂੰ ਸਿਖੜਾ ਤੇ ਮੁਸਲਮਾਨ ਨੂੰ ਮੁਸਲਾ ਕਹੀਏ ਤੇ ਗੁੱਸਾ ਕਰਦੇ ਹਨ। ਮੈਂ ਇਕ ਦੁੱਚੇ ਜਹੇ ਸਿਖ ਨੂੰ ਕੂਕਾ ਕਿਹਾ ਤੇ ਓਹ ਕਹਿਣ ਲਗਾ—ਜੇ ਮੇਰੇ ਧੰਨ ਭਾਗ ਹੋਣ ਜੇ ਮੈਂ ਸਚ ਮੁਚ ਕੂਕਾ ਬਣਾਂ। ਮੇਰਾ ਜਨਮ ਭਾਵੇਂ ਸਿਖਾਂ ਦੇ ਘਰ ਦਾ ਹੈ ਤੇ ਮੇਰੇ ਕਈ ਇਕ ਮਿੱਤ੍ਰ ਨਾਮਧਾਰੀ ਵੀ ਹੈਨ। ਪੰਜ ਚਾਰ ਵਾਰੀ ਇਨ੍ਹਾਂ ਦੇ ਦੀਵਾਨਾਂ ਵਿਚ ਜਾਕੇ ਦਰਸ਼ਨ ਵੀ ਕੀਤਾ, ਪਰ ਇਹਨਾਂ ਦੇ ਅਸਲੀ ਹਾਲ ਦਾ ਮੈਨੂੰ ਵਧੇਰੇ ਪਤਾ ਨਹੀ ਸੀ। ਐਤਕੀਂ ਮੈਨੂੰ ਸਿਰਫ ਇਕੋ ਰਾਤ ਇਨ੍ਹਾਂ ਦੇ ਦੀਵਾਨ ਦੇਖਣ ਦਾ ਇਤਫਾਕ ਹੋਯਾ ਹੈ। ਮੈਂ ਪਿਛੇ ਜਹੇ ਓਸ ਦੀਵਾਨ ਤੇ ਪੁਜਾ ਸਾਂ। ਰਸਤੇ ਵਿਚ ਸੰਗਤਾਂ ਦੇ ਜਥੇ ਖੁਸ਼ੀ ਨਾਲ ਚਾਏ ਚਾਏ 'ਕੀਰਤਨ ਕਰਦੇ ਪ੍ਰੇਮ ਵਿਚ ਮਸਤ ਹੋਏ ਝੂਲਦੇ ਝਾਲਦੇ ਪਿੰਡ ਲਾਗੇ ਪੁਜੇ ਹੋਏ ਸਨ।

ਪਹਿਲੀ ਗਲ ਜੋ ਮੈਂ ਡਿੱਠੀ, ਓਹ ਏਹ ਸੀ ਕਿ ਸਭ ਲੋਕ ਆਪੋ ਆਪਣੇ ਘਰਾਂ ਸਾਧਾਰਨ ਤੇ ਸਾਦਾ ਪਹਿਰਾਵੇ ਵਿਚ ਸਨ। ਕੋਈ ਬਨਾਵਟ ਬਨਾਉ ਸ਼ਿੰਗਾਰ ਯਾ ਜ਼ਾਹਰ ਦਾਰੀ ਨਹੀ ਸੀ। ਸਾਧਾਰਨ ਤੌਰ ਨਾਲ ਖੁਸ਼ੀ ਨਾਲ ਜਾ ਰਹੇ ਸੀ। ਜੀਕੂੰ ਤ੍ਰਿਕਾਲਾਂ ਵੇਲੇ ਆਪਣੇ ਘਰ ਨੂੰ ਜਾਈਦਾ ਹੈ। ਜਿਸ ਤਰ੍ਹਾਂ ਹੋਰ ਮੇਲਿਆਂ ਮਸਾਦਿਆਂ ਉਤੇ ਆਦਮੀ ਤੀਵੀਆਂ ਬਣ ਠਣ, ਟੀਪ ਟਾਪ ਕਰਕੇ ਜਾਂਦੇ ਹਨ, ਏਥੇ ਅਜੇ ਇਹ ਉਡ ਚੰਬੜੂ ਰੋਗ ਨਹੀਂ ਵਿਆਪਿਆ, ਬਹੁਤਿਆਂ ਦੇ ਸਿਰਾਂ ਤੇ ਪੱਗਾਂ

Sri Satguru Jagjit Singh Ji Elibrary NamdhariElibrary@gmail.com

ਵੀ ਪੁਰਾਣੇ ਨਮੂਨੇ ਦੀਆਂ ਸਨ। ਓਹ ਨਮੂਨਾਂ ਜੋ ਅਜ ਤੋਂ ਢਾਈ ਸੌ ਸਾਲ ਪਹਿਲੇ ਸੀ। ਕਪੜੇ ਵੀ ਬਹੁਤੇ ਖਦਰ ਦੇ ਹੀ ਡਿੱਠੇ ਭਾਵੇਂ ਆਮ ਖਦਰ ਨੂੰ ਘਰਾਂ ਵਿਚ ਕੁਦਰਤ ਨੇ ਢਾਅ ਲਾਈ ਹੋਈ ਹੈ। ਹੋਰ ਤੇ ਹੋਰ ਇਨਾਂ ਦੇ ਸਤਿਗੁਰੂ ਮਹਾਰਾਜ ਪ੍ਰਤਾਪ ਸਿੰਘ ਹੋਰਾਂ ਦੇ ਵੀ ਖਦਰ ਦੇ ਕਪੜੇ, ਦਸਤਾਰ ਤੇ ਦੇਸੀ ਲੋਈ ਹੀ ਡਿਠੀ। ਮੈਂ ਜਨਤਾ ਵਿਚ ਪੱਛਮੀ ਫੈਸ਼ਨ, ਰੇਸ਼ਮ ਚਮਕੀ, ਬੋਸਕੀ ਸ਼ਾਹਰਾਂ ਵਾਲੀ ਇਥੇ ਨਹੀਂ ਡਿਠੀਂ। ਨਾ ਹੀ ਇਥੇ ਉਚੇਚ ਦਿਖਾਵਾ। ਨਾ ਬੈਠਣ ਖਲੋਣ ਵਿਚ ਹੀ ਉਚੇਚ ਤੇ ਸ਼ਹਿਰੀ ਨਖਰਾ ਸੀ, ਨਾ ਕਿਸੇ ਨੂੰ ਲੀਡਰੀ ਦੀ ਭੁਖ ਡਿੱਠੀ ਓਹਨਾਂ ਦੇ ਤੇ ਗੁਰੂ ਦਾ ਵੀ ਆਮ ਜਨਤਾ ਵਿਚੋਂ ਪਤਾ ਨਹੀ ਲਗਦਾ ਸੀ। ਜਿੰਨਾਂ ਚਿਰ ਕੋਈ ਓਪਰੇ ਨੂੰ ਨਾਂ ਦਸੇ ਅਰਥਾਤ ਸਮਾਨਤਾ ਤੇ ਏਕਤਾ ਸੀ। ਜਿਨ੍ਹਾਂ ਨੂੰ ਓਹ ਸੂਬੇ ਸਦਦੇ ਸਨ, ਓਹ ਵੀ ਦੀਵਾਨ ਦੇ ਲਾਗੇ ਸਾਧਾਰਨ ਸੇਵਕਾਂ ਵਾਂਗ ਸੰਗਤ ਵਿਚ ਪਏ ਫਿਰਦੇ ਕੰਮ ਕਰਦੇ ਸਨ।

ਮੈਂ ਓਥੇ ਜਾਕੇ ਅਖੰਡ ਪਾਠ ਜਿਥੇ ਹੁੰਦਾ ਸੀ, ਦਰਸਨ। ਕੀਤਾ ਫੇਰ ਵਰਨੀਆਂ ਦਾ (ਇਹ ਪੁਰਾਤਨ ਤ੍ਰੀਕਾ ਅਖੰਡ ਭਜਨ ਦਾ ਸ੍ਰੀ ਮਾਨ ਮਹਾਰਾਜ ਰਾਮ ਸਿੰਘ ਜੀ ਨੇ ਪ੍ਰਚਲਤ ਕੀਤਾ ਹੈ, ਜੋ ਚੁਪ ਚਾਪ ਹੁੰਦਾ ਹੈ) ਅਸੀਂ ਚਾਰ ਸਾਥੀ ਸਾਂ, ਜੋ ਰਾਤ ਇਸ ਦੀਵਾਨ ਵਿਚ ਰਹੇ। ਆਮ ਜਨਤਾ ਵਿਚ ਸਾਨੂੰ ਇਕ ਖੁਲ੍ਹੇ ਕਮਰੇ ਵਿਚ ਛੋਈ ਵਿਛੀ ਹੋਈ ਉਤੇ ਜਗ੍ਹਾ ਮਿਲ ਗਈ। ਸੇਵਾਦਾਰਾਂ ਨੇ ਸਾਨੂੰ ਬਿਸਤ੍ਰੇ ਪ੍ਰੇਮ ਨਾਲ ਛੋਈ ਦੇ ਉਤੇ ਵਿਛਾ ਦਿਤੇ। ਇਹਨਾਂ ਵਿਚ ਇਕਥੜੇ ਉਚੇ ਲੰਮੇ, ਮੁੱਲ੍ਹੀ ਤਬੀਅਤ ਦੇ ਜਵਾਨ ਜਹੇ ਸਭੋਲ ਸਜਣ ਵੀ ਸਾਨੂੰ ਬਿਸਤਰੇ ਵਿਛਾਕੇ ਦੇਂਦੇ ਸਨ। ਉਹ ਡੇਰਾ ਕਰਾਕੇ ਲੰਗਰ ਵਲ ਨੂੰ ਲੈ ਗਏ ਸੀ। ਪਤਾ ਲਗਾ ਜੋ ਏਹ ਸ੍ਰ:-ਆਤਮਾ ਸਿੰਘ ਜੀ ਸੰਪ੍ਰਦਾਇ ਕਾਨਫ਼ੂਸ ਦੇ ਕਰਮ ਚਾਰੀਆਂ ਵਿਚੋਂ ਹੈਸਨ। ਓਹਨਾਂ ਦੀਆਂ ਗੱਲਾਂ ਵਿਚੋਂ ਐਉਂ ਪ੍ਰਤੀਤ ਹੁੰਦਾ ਸੀ, ਜੀਕੂੰ ਪੰਥ ਲਈ ਕਾਫੀ ਸਾਰਾ ਦਰਦ ਰਖਦੇ ਹਨ।

ਲੰਗਰ ਵਿਚ ਬਹੁਤ ਸਾਦਾ ਤ੍ਰੀਕੇ ਨਾਲ ਲੰਗਰ ਤਿਆਰ ਹੋ ਰਿਹਾ ਸੀ। ਓਸੇ ਪਗਲ਼ੀ ਉਤੇ ਆਜ਼ਾਦਾਨਾ ਤ੍ਰੀਕੇ ਨਾਲ ਪ੍ਰਸ਼ਾਦ ਮਿਲਆ, ਪਰ ਜਿਸ ਭਾਵ ਤੇ ਪਿਆਰ ਨਾਲ ਸੇਵਾਦਾਰ ਛਕਾਂਦੇ ਸੀ, ਉਸ ਨਾਲ ਓਹ ਸਵਾਦ ਆਯਾ, ਜੋ ਘਰ ਵੀ ਨੰਹੀ। ਅੱਂਦਾ ਢਾਈ ਘੰਟੇ ਸੰਤ ਮੰਗਲ ਸਿੰਘ ਦੇ ਹਸੋਕੜੇ ਪਰ ਯੁਕਤੀ ਪੂਰਤ ਬਿਲਾਸਾਂ ਨਾਲ ਚਿਤ ਪਰਚਿਆ ਰਿਹਾ। ਘੜੀ ਡਿਠੀ ਤੇ ੧੧ ਵਜੇ ਦੇ ਕ੍ਰੀਬ ਸੀ। ਬਾਹਰ ਡਿਠਾ ਤੇ ਦੀਵਾਨ ਲਗਾ ਹੋਯਾ ਸੀ, ਜੋ ਸਾਰੀ ਰਾਤ ਰਹਿਣਾਂ ਸੀ ਤੇ ਜਿਸ ਵਿਚ ਸ਼ਬਦ ਰਸ ਵਸ ਕੂਕਾਂ ਵੱਜਣ ਕਰਕੇ ਇਹਨਾਂ ਦਾ ਨਾਮ ਕੂਕੇ ਪਿਆ ਹੋਯਾ ਹੈ।

ਹੁਣ ਸੌਣ ਦਾ ਵੇਲਾ ਸੀ, ਪਰ ਮਹਾਰਾਜ ਪ੍ਰਤਾਪ ਸਿੰਘ ਹੋਰਾਂ ਦਾ ਪ੍ਰੋਗ੍ਰਾਮ ਪੁਛਿਆ ਤਾਂ ਪਤਾ ਲਗਾ ਜੋ ਸਵੇਰੇ ਆਪ ਦੀਵਾਨ ਲਗਾ ਦੇਂਦੇ ਹੈਨ। ਪਰ ਮੁਸ਼ਕਿਲ ਏਹ ਸੀ, ਕਿ ਪੰਜ ਵਜੇ ਹੀ ਬੈਠ ਜਾਂਦੇ ਹੈਨ ਤੇ ਜੋ ਕੋਈ ਉਸਤੋਂ ਪਹਿਲੇ ਹੀ ਇਸ਼ਨਾਨ ਕਰਕੇ ਜਾ ਪੂਜੇ–ਬੈਠ ਸਕਦਾ ਹੈ, ਦੂਸਰਾ ਨਹੀਂ। ਪਤਾ ਲਗਾ ਜੋ ਮਹਾਰਾਜ ਤੇ ਸਵੇਰੇ ਹੀ ਸਣੇ ਕੇਸੀ ਅਸ਼ਨਾਨ ਕਰਕੇ ਪੂਰੇ ਪੰਜ ਵਜੇ ਆ ਜਾਂਦੇ ਹੈਨ ਤੇ ਸਾਢੇ ਸੱਤ ਵਜੇ ਤਕ ਜੇ ਪ੍ਰੇਮ ਦਾ ਕੀਰਤਨ ਨਾ ਕਰਨ, ਤਾਂ ਉਹਨਾਂ ਨੂੰ ਓਸ

Sri Satguru Jagjit Singh Ji Elibrary NamdhariElibrary@gmail.com

ਹੀ ਨਹੀ ਆਉਂਦਾ।

ਇਹ ਸੁਣਕੇ ਸਾਨੂੰ ਫਿਕਰ ਲਗਾ ਕਿ ਪੰਜ ਵਜ ਤੋਂ ਪਹਿਲੇ ਹੀ ਉਠਕ ਅਸ਼ਨਾਨ ਕਰਕੇਹ ਜ਼ਤ ਹੋਣਾ ਹੈ। ਮੁਸ਼ਕਲ ਦਿਸੀ, ਜੋ ਅਸੀ ਤੇ ਗਰਮ ਪਾਣੀ ਦੀ ਅ ਣਹੋਂਦ ਦੇ ਖਿਆਲ ਨਾਲ ਘਰੋਂ ਕਛਹਿਰੇ ਵੀ ਨਹੀਂ ਲਿਆਏ ਸਾਂ, ਪਰ ਸਾਨੂੰ ਧੀਰਜ ਆਈ, ਜਾਂ ਸੁਣਿਆਂ ਜੋ ਮਹਾਰਾਜ ਕਿਸੇ ਖਾਸ ਸੂਰਤ ਵਿਚ ਕਿਸੇ ਓਪਰੇ ਨੂੰ ਆਵਣ ਦੀ ਮਾਫੀ ਵੀ ਦੇ ਦੇਂਦੇ ਹੈਨ।

ਗਲ ਕੀ ਅਸੀਂ ਇਨ੍ਹਾਂ ਛੋਈ ਦੇ ਬਿਸਤ੍ਰਿਆਂ ਉਤੇ ਸੁਤੇ, ਪਰ ਨਿਘ ਘਰ ਦੇ ਬਿਸਤ੍ਰਿਆਂ ਕੋਲੋਂ ਵੀ ਵਧ ਹੀ ਸੀ। ਇਹ ਫਿਕਰ ਸੀ ਕਿ ੫ ਵਜੇ ਤੋਂ ਪਹਿਲੇ ਹੀ ਉਠੀਏ। ਸੋ ਫਿਕਰ ਨਾਲ ੪ ਵਜੇ ਹੀ ਜਾਗ ਆ ਗਈ। ਉਠਕੇ ਜੰਗਲ ਨੂੰ ਗਏ ਤੇ ਖੂਹ ਤੇ ਪੁਜੇ। ਓਥੇ ਜਾਕੇ ਡਿਠਾ, ਜੋ ਸੰਗਤ ਏਥੇ ਅਸ਼ਨਾਨ ਨੂੰ ਆਵਨ ਲਗ ਪਈ ਹੈ। ਅਜ ਮਾਘ ਦੀ ਪਹਿਲੀ ਤੇ ਜਨਵਰੀ ਦੀ ੧੨ ਸੀ। ਸਿਆਲ ਭਰ ਜੋਬਨ ਤੇ ਸੀ, ਰਾਤ ਦੇ ਚਾਰ ਬਜੇ ਸੀ ਤੇ ਪਿੰਡੋਂ ਬਾਹਰ ਵਾਰ। ਮੈਂ ਕਿਹਾ ਕਿ ਏਹ ਲੋਕ ਕਿਉਂ ਬਿਪਤਾ ਭੋਗਦੇ ਹੈਨ ਤੇ ਐਸ ਵੇਲੇ ਠੰਢੇ ਪਾਣੀ ਨਾਲ ਹਵਾ ਵਿਚ ਨ੍ਹਾਉਂਦੇ ਹੈਨ। ਦੂਜੇ ਪਾਸੇ ਘਰਾਂ ਵਲ ਨਲਕਾ ਖਟ ਖਟ ਕਰਦਾ ਸੀ। ਜਿਥੇ ਮਹਾਰਾਜ ਹੋਰੀ ਬ੍ਰਾਜਦੇ ਸੀ ਪਰ ਓਹ ਤੇ ਆਪ ਸੁਣਿਆ ਹੈ ਜੋ ਦੋ ਵਜੇ ਹੀ ਉਠਕੇ ਅਸ਼ਨਾਨ ਕਰਕੇ ਨਿਤਨੇਮ ਕਰਦੇ ਹੈਨ।

ਮੈਂ ਖੂਹ ਉਤੇ ਸੋਚ ਰਿਹਾ ਹੀ ਸਾਂ ਕਿ ਇਨਾਂ ਲੋਕਾਂ ਨੂੰ ਨਾ ਹਵਾ ਲਗਣ ਦਾ ਤੇ ਨਾ ਹੀ ਨਮੋਨੀਏ ਦਾ ਡਰ ਹੈ। ਏਹ ਐਡੇ ਦਲੇਰ ਤੇ ਨਿਡਰ ਹੈਨ, ਸ਼ਾਇਦ ਇਨ੍ਹਾਂ ਨੇ ਕਦੇ ਨਮੋਨੀਆਂ ਡਿੱਠਾ ਹੀ ਨਹੀ। ਏਹ ਪਾਣੀ ਨਾਲ ਖੇਡ ਰਹੇ ਹੈਨ, ਫੇਰ ਬਾਹਰ ਹਵਾ ਵਿਚ।

ਮੈ ਹੋਰ ਹੈਰਾਨ ਹੋਯਾ ਜਦੋ ਮੈ ਡਿਠਾ ਕਿ ਹੁਣ ਤੇ ਦੇਵੀਆਂ ਵੀ ਆ ਰਹੀਆਂ ਹੈਨ। ਓਹ ਮਰਦਾਂ ਤੋਂ ਵੀ ਵਧ ਹੁਸ਼ਯਾਰ ਸਨ। ਕੈਸੀ ਹਨੇਰਾ ਕੁਛ। ਓਹ ਨਹਾਵਣ ਲਗੀਆਂ ਬੁਢੀਆਂ ਵਿਚ ਰਲ ਵਰਤਨ ਦੀ ਐਸੇ ਮੌਕੇ ਆਦਤ ਹੁੰਦੀ ਹੈ, ਦੋ ਰਲ਼ਕੇ ਪਰਤਾ ਕਰ ਲੈਂਦੀਆਂ ਤੇ ਤੀਜੀ ਨ੍ਹਾ ਲੈਂਦੀ ਸੀ। ਰਾਤ ਦੇ ਸਵਾ ਚਾਰ ਬਜੇ ਸੀ।

ਮੈ ਖੂਹ ਦੇ ਪਡਾਣੇ ਵਿਚ ਵੜਿਆ ਤੇ ਇਕ ਬਢੀ ਕਹਿਣ ਲਗੀ, ਭਰਾਜੀ ਜਰਾ ਖੂਹ ਗੇੜਨਾ ਮੈਂ ਨ੍ਹਾ ਲਵਾਂ। ਮੈਨੂੰ ਗੁਸਾ ਆਯਾ ਕਿ ਏਹ ਬੁਢੀ ਗਵਾਰ ਹੈ ਮੇਰੀ ਕਦੇ ਕੂ ਦੀ ਵਾਕਫ ਹੈ? ਐਉਂ ਬੋਲਦੀ ਹੈ ਜਿਵੇ ਕਿਸੇ ਜਾਣੂ ਯਾ ਨੌਕਰ ਨੂੰ ਕਹੀਦਾ ਹੈ॥

ਪਰ ਇਸ ਵੇਲੇ ਮੈਨੂੰ ਆਪ ਹੀ ਸ਼ਰਮ ਆਈ ਜੋ ਏਸ ਵੇਲੇ ਨ੍ਹਾਵਣਾਂ ਮੌਤ ਹੈ, ਨਮੂਨੀਏਂ ਦਾ ਡਰ ਹੈ, ਪਰ ਇਸ ਬਹਾਦਰ ਮਾਈ ਬੁਢੀ ਨੂੰ ਸ਼ਾਬਾਸ਼ ਹੈ, ਜੋ ਮੈਂ ਨ੍ਹਾ ਵੀ ਨਹੀਂ ਸਕਦਾ, ਖੂਹ ਗੇੜਕੇ ਨ੍ਹਵਾਯਾ। ਛਡਨ ਲਗਾ ਤਾਂ ਇਕ ਹੋਰ ਫੇਰ ਬੋਲ ਪਈ, ਭਰਾ ਜੀ ਦੋ ਫੇਰੇ ਹੋਰ ਗੇੜਨੇ। ਦੋ ਫੇਰੇ ਦੇਕੇ ਮੈਂ ਛਡਨ ਲਗਾ ਹੀ ਸਾਂ ਕਿ ਮਗਰਲੀ ਬੁਢੀ ਨੇ ਮੇਰਾ ਧੰਨਵਾਦ ਕੀਤਾ ਤੇ ਕਹਿਣ ਲਗੀ "ਭਰਾ ਜੀ ਥੋੜੀ ਜਹੀ ਮਿਹਰਬਾਨੀ ਹੋਰ ਕਰੋ, ਤਾਂ ਏਸ ਬਾਲ ਨੂੰ ਵੀ ਮੈਂ ਨਵ੍ਹਾ ਲਵਾਂ।" ਮੇਰੀ ਹੈਰਾਨੀ ਦੀ ਕੋਈ ਹਦ ਨਾਂ ਰਹੀ, ਜਦੋਂ ਮੈਂ ਡਿਠਾ ਕਿ ਚੁਪ ਕਰਕੇ ਚਾਰ ਬਰਸ ਦੇ ਬਾਲ ਦਾ ਮੂੰਹ ਧੋਕੇ ਉਹ ਨਵਾਣ ਲਗੀ। ਓਹ ਬਾਲ ਵੀ ਕੁਸਕਿਆ ਨਾ ਤੇ ਮੂੰਹ ਧੋਂਦੇ ਆਡ ਦੇ ਬਲ਼ੇ ਹੋ

Sri Satguru Jagjit Singh Ji Elibrary NamdhariElibrary@gmail.com

ਗਿਆ। ਮਾਲੂਮ ਹੁੰਦਾ ਸੀ ਜੋ ਬਾਲ ਨੂੰ ਚਰੋਕਣੀ ਆਦਤ ਠੰਢੇ ਪਾਣੀ ਨਾਲ ਨਵ੍ਹਾਣ ਦੀ ਪਾਈ ਹੋਈ ਹੈ।

ਮੈਨੂੰ ਓਦੋਂ ਸ਼ਰਮ ਆਈ, ਜੋ ਮੈ ਤੇ ਨਾਲ ਕੱਛ ਵੀ ਨਹੀ ਲਿਆਇਆ ਹੋਯਾ ਹਾਂ, ਜੋ ਗਰਮ ਪਾਣੀ ਨਹੀ ਮਿਲਣਾਂ। ਪਰ ਧੰਨ ਇਹ ਕੂਕੇ, ਜੋ ਐਸ ਵੇਲੇ ਸਣਕੇਸੀ ਅਸ਼ਨਾਨ ਕਰਦੇ ਹਨ! ਧੰਨ ਇਨ੍ਹਾਂ ਦੀਆਂ ਘਰ ਦੀਆਂ ਤੇ ਧੰਨ ਇਨ੍ਹਾਂ ਦੇ ਬਾਲ।

ਇਹ ਪੂਰ ਅਜੇ ਗਿਆ ਨਹੀ ਸੀ, ਜੋ ਹੋਰ ਆ ਗਿਆ। ਮੈਂ ਤ ਵਿਚੇ ਛਡਕੇ ਓਥੋਂ ਤੁਰਨ ਦੀ ਕੀਤੀ। ਦੀਵਾਨ ਵਲ ਆਏ। ਪੰਜ ਵਜਨ ਵਿਚ ਕੁਛ ਮਿੰਟ ਸਨ। ਗਿੱਲਿਆਂ ਕੇਸਾਂ ਵਾਲੇ ਨਾਮਧਾਰੀ ਪਤਨੇ ਲਪੇਟ ਕੇ ਬੈਠੇ ਸਨ, ਦੀਵਾਨ ਸਜਿਆ ਹੋਇਆ ਸੀ, ਪਰ ਅਸਾਂ ਤੇ ਪੰਜ ਅਸ਼ਨਾਨ ਤੇ ਹੀ ਗੁਜਰਾਨ ਕੀਤੀ ਸੀ ਤੇ ਵਿਚੋਂ ਬੈਠਿਆਂ ਜਰੂਰ ਫੁਰਨਾਂ ਫੁਰਦਾ ਸੀ, ਜੋ ਅਸੀਂ ਤੇ ਸਿਨਮਾਂ ਦੇ ਰਿਐਤੀ ਟਿਕਟਾਂ ਵਾਲਿਆਂ ਮੁਫਤ ਖੋਰਿਆਂ ਵਿਚੋਂ ਹਾਂ ਏਥੇ ਬੈਠੇ ਤੇ ਜ਼ਰੂਰ ਹਾਂ, ਪਰ ਬੈਠਣ ਦੇ ਹਕਦਾਰ ਨਹੀ ਹਾਂ।

ਪੰਜ ਵਜੇ ਸਵੇਰੇ ਦੀਵਾਨ ਵਿਚ ਮਹਾਰਾਜ ਗਿਲੇ ਕੇਸ ਨਿਤ ਨੇਮ ਤੋਂ ਵੇਹਲੇ ਹੋਕੇ, ਆਨ ਬਰਾਜੇ। ਮਮੂਲੀ ਫਰਸ਼ ਸੀ, ਸਿਵਾਏ ਮਿਟੀ ਦੇ ਦੀਵਿਆਂ ਦੇ, ਹੋਰ ਕੋਈ ਕੀਮਤੀ ਲੈਂਪ ਨਹੀ ਸੀ। ਆਪ ਦਿਨ ਨਿਕਲੇ ਤਕ ਬੜੇ ਪ੍ਰੇਮ ਤੇ ਮਗਨਤਾ ਵਿਚ ਲੀਨ ਹੋਏ ਕੀਰਤਨ ਕਰਦੇ ਰਹੇ। ਏਸ ਅੰਮ੍ਰਿਤ ਵੇਲੇ ਦੀ ਚੁਪ ਵਿਚ ਏਹ ਨਿਰੰਕਾਰੀ ਕੀਰਤਨ ਸੰਸਾਰੀ ਜੀਵਾਂ ਨੂੰ ਵੀ ਉਚ ਮੰਡਲ ਦਾ ਸੁਆਦ ਚਖਾ ਦੇਂਦਾ ਸੀ। ਸਚ ਖੰਡ ਦਾ ਹੀ ਦ੍ਰਿਸ਼ ਬਝਾ ਹੋਇਆ ਡਿਠਾ ਆਸਾ ਦੀ ਵਾਰ ਪਿਛੋਂ ਅਖੰਡ ਪਾਠਾਂ ਦਾ ਭੋਗ ਪਿਆ ਤੇ ਦੀਵਾਨ ਸਜਿਆ।

ਮਹਾਰਾਜ ਜੀ ਦੀਵਾਨ ਵਿਚ ਆਣ ਬਿਰਾਜੇ। ਸੰਗਤਾਂ ਵਾਂਗ ਹੀ ਸਾਦਾ ਖਦਰ ਦੇ ਕਪੜੇ ਤੇ ਦੇਸੀ ਲੋਈ ਸੀ। ਸੰਗਤਾਂ ਔਣ ਲਗੀਆਂ। ਓਸੇ ਤਰਾਂ ਸਾਦਗੀ ਤੇ ਸੁਭਾਵਕ ਤੌਰ ਨਾਲ ਬੈਠਣ ਲਗ ਗਈਆਂ। ਪ੍ਰਸੰਨ ਚੇਹਰੇ, ਬਿਨਾਂ ਤਕਲਫ ਬੈਠਦ ਜਾਂਦੇ ਸੀ। ਲੋਕ ਆਣ ਨ ਮਹਾਰਾਜ ਜੀ ਨੂੰ ਮਥਾ ਟੇਕਦੇ, ਬਚੇ ਬੀਬੀਆਂ ਐਉਂ ਖੁਲ੍ਹੇ ਦਿਲ ਲਾਡ ਨਾਲ ਮਿਲਦੇ, ਜੀਕੂੰ ਘਰ ਵਿਚ ਬਾਪੂ ਨਾਲ ਗੱਲਾਂ ਕਰਦੀਆਂ ਹੈਨ, ਤੇ ਮਹਾਰਾਜ ਵੀ ਐਉਂ ਰਾਜੀ ਹੁੰਦੇ ਸੁਖ ਸਾਂਦ ਪੁਛਦੇ, ਜੀਕੂੰ ਘਰ ਵਿਚ ਪੁਤ੍ਰਾਂ ਧੀਆਂ ਨਾਲ ਗਲਾਂ ਕਰੀਦੀਆਂ ਹੈਨ। ਬਚੇ ਵੀ ਹਸ ਹਸ ਕੇ ਮਿਲਦੇ ਸੀ। ਆਪ ਬਾਲਾਂ ਨਾਲ ਬਾਲਾਂ ਵਾਂਗ ਬ੍ਰਿਧਾ ਨਾਲ ਬ੍ਰਿਧਾਂ ਵਾਂਗ ਗਲਾਂ ਕਰਦੇ ਸੀ, ਪ੍ਰਮਾਰਥ ਵਾਲਿਆ ਨਾਲ ਪ੍ਰਮਾਰਥ ਦੀਆਂ। ਬਹੁਤ ਖਿਆਲ ਆਪ ਦਾ ਏਹ ਸੀ ਜੋ ਸੰਗਤ ਵਿਚੋਂ ਕਿਸੇ ਦੀ ਪਿਠ ਸ੍ਰੀ ਗੁਰੂ ਗ੍ਰੰਥ ਸਾਹਿਬ ਵਲ ਨਾ ਹੋ ਜਾਵੇ,ਇਸ ਲਈ ਆਪ ਸੰਗਤ ਨੂੰ ਬਠਾਂਦੇ ਸੀ। ਆਪ ਦੀਆਂ ਗਲਾਂ ਸਿਧੀਆਂ ਸਾਦੀਆਂ, ਕੋਈ ਬਾਰੀਕ ਡੂੰਘੀ ਫਲਾਸਫੀ ਦੀਆਂ ਨਹੀ ਹੈਸਨ। ਸਾਧਾਰਨ, ਪਰ ਹਮ ਦਰਦੀ ਦੀਆਂ ਹੁੰਦੀਆ ਸੀ ਪਰ ਦਿਲ ਦੇ ਭਾਵ ਨਾਲ ਬੋਲੀ ਰਸ ਭਿੰਨੀ ਤੇ ਅਸ੍ ਕਰਨ ਵਾਲੀ ਹੁੰਦੀ ਹੈਸੀ। ਜਿਸ ਨਾਲ ਇਕ ਪ੍ਰਮਾਰਥੀ ਦੇ ਹਿਰਦੇ ਉਤੇ ਡੂੰਘਾ ਅਸਰ ਪੈਂਦਾ ਸੀ। ਉਨਾ ਦੇ ਕੋਲ ਬੈਠਨ ਨਾਲ ਸ਼ਾਂਤੀ ਪ੍ਰਾਪਤ ਹੁੰਦੀ ਹੈ ਸੀ। ਸਵੇਰ ਦਾ ਵੇਲਾ ਸੀ, ਸਾਢੇ ਅਠ ਵਜ ਚੁਕ ਸੀ, ਸੰਗਤਾਂ ਭਾਈ ਨਧਾਨ ਸਿੰਘ ਜੀ "ਅ ਲਿਮ"ਦੇ ਕੀਰਤਨ ਲਈ ਬੜੀ ਚਾਹ ਨਾਲ ਉਡੀਕ ਵਿਚ ਸਨ। ਛੇਤੀ ਪਰਤ ਆਉਂਣ ਕਰਕੇ ਅਸੀਂ ਨਾ ਸੁਣ ਸਕੇ।

Sri Satguru Jagjit Singh Ji Elibrary NamdhariElibrary@gmail.com

ਨਿਗ੍ਹਾ ਨਾਲ ਹੀ ਜਿਵਾਂਦਾ ਹੋਯਾ !

{ ਵਲੋਂ ਸ੍ਰੀ ਮਤੀ ਸਰਦਾਰਨੀ ਨਰਿੰਦਰ ਕੌਰ ਜੀ ਧਰਮ ਪਤਨੀ
ਸਰਦਾਰ ਅਵਤਾਰ ਸਿੰਘ ਜੀ "ਆਜ਼ਾਦ" }

ਮਿੱਠਾ ਮਾਹੀ, ਪਯਾਰ ਪੁੰਜ, ਦਯਾ ਦਾ ਖਜ਼ਾਨਾ ਸਖੀ,
ਆਇਆ ਅਲਬੇਲਾ ਨਿਗ੍ਹਾ ਨਾਲ ਹੀ ਜੀਵਾਂਦਾ ਹੋਯਾ !
ਸਾਦਗੀ, ਸੁਹਿਰਦਤਾ, ਸ੍ਵੱਛਤਾ ਤੇ ਸੋਧ, ਸੁਚ,
ਆ ਗਿਆ ਨੀ ਆ ਗਿਆ ਹੈ ਸਾਰੇ ਵਰਤਾਂਦਾ ਹੋਯਾ !
ਹਸ ਹਸ ਬੋਲਦਾ, ਮਸੋਲ਼ਦਾ ਏ ਸੀਨਿਆਂ ਨੂੰ,
ਸਾਡੀ ਗਲੀ ਆ ਗਿਆ ਨੀ ਝੂੰਮਦਾ ਝੂੰਮਾਂਦਾ ਹੋਯਾ !
ਅੱਖਾਂ ਖੋਲ੍ਹ ਵਿਹੜੇ ਵਿਚ ਚੀਨੀ ਵਾਲਾ ਆ ਗਿਆ ਨੀ,
ਖੇੜੇ, ਰਸ, ਮਹਿਕ ਨਾਲ ਮਹਿਫਲਾਂ ਸਜਾਂਦਾ ਹੋਯਾ !

—ਃ੭ਃ—

ਵਿਛੜੇ ਮਿਲਾਂਵਦਾ, ਜਗਾਂਵਦਾ ਏ ਕਰਮ ਸੁੱਤੇ,
ਜਦੋਂ ਕਦੇ ਵੇਖੇ ਬੁਲ੍ਹਾਂ ਵਿਚ ਮੁਸਕਾਂਦਾ ਹੋਯਾ !
ਇਸ਼ਕ ਦੇ ਆਕਾਸ਼ ਉਤੇ ਚਾੜ੍ਹ ਕੇ ਉਡਾਂਵਦਾ ਏ,
ਆਂਵਦਾ ਏ ਨੇੜੇ ਜਦੋਂ ਪ੍ਰੇਮ-ਪੇਚੇ ਪਾਂਦਾ ਹੋਯਾ !
ਨੈਣਾਂ ਦੇ ਨੁਕੀਲੇ ਤੀਰਾਂ ਨਾਲ ਜਿੰਦ ਕੱਢ ਲਵੇ,
ਸੋਹਣੀਆਂ ਅਦਾਵਾਂ ਨਾਲ ਲੁੱਟ ਕੇ ਲਿਜਾਂਦਾ ਹੋਯਾ !
ਘੋਲੀਆਂ ਮੈਂ ਏਸ ਦੀ ਨੂਰਾਨੀ ਛਬ ਉਤੋਂ ਜਾਵਾਂ,
ਆਗਿਆ ਨੀ ਘਰ ਮੇਰੇ ਬਰਕਤਾਂ ਵਸਾਂਦਾ ਹੋਯਾ !

Sri Satguru Jagjit Singh Ji Elibrary NamdhariElibrary@gmail.com

ਬਸੰਤੀ ਦਰਬਾਰ

(ਵਲੋਂ ਸ੍ਰ: ਗੁਰਦਿਤ ਸਿੰਘ ਜੀ 'ਕਮਲ' ਮੁਜ਼ਫਰ ਪੁਰ (ਪਟਨਾ) ਬਿਹਾਰ)

ਦਸ ਹੇ ਬਸੰਤ ਰਾਣੀ, ਕਿਸ ਲਈ ਤੂੰ ਕਰਦੀ ਤਿਆਰੇ ?
ਪਾਕੇ ਬਸੰਤੀ ਚੋਲਾ, ਪਈ ਜਾਵਨੀਏਂ ਵਾਰੇ ?
ਕਿਸਦੀ ਉਡੀਕ ਅੰਦਰ, ਏਨੀ ਖਿੜੇ ਖਿੜਾਏਂ ?
ਕਿਸਦੇ ਦਰਸ ਦੀ ਖਾਤਰ, ਪਈ ਕਿਲਕਲੀ ਮਚਾਏਂ ?
ਧਰਤੀ ਤੇ ਸਾਰੇ ਹੋਈਆਂ, ਹਰਿਔਲੀਆਂ ਵਿਛਾਈਆਂ'
ਅਰਸ਼ਾਂ ਤੋਂ ਫਰਸ਼ਾਂ ਤਾਂਈ, ਲਿਸ਼ਕਾਂ ਸੁਨਹਿਰੀ ਛਾਈਆਂ ।
ਫੁਲਾਂ ਦੇ ਰੂਪ ਅੰਦਰ, ਕਲੀਆਂ ਨੇਂ ਖਿੜ ਖਿੜਾਈਆਂ'
ਅੰਮ੍ਰਿਤ ਫੁਹਾਰ ਮਿਠੀ, ਕੀ ਛਹਿਬਰਾਂ ਨੇ ਲਾਈਆਂ ।
ਵੇਲਾਂ ਅੰਗੂਰੀ ਫੁਟੀਆਂ, ਅੰਬਾਂ ਨੂੰ ਬੂਰ ਆਏ'
ਕੋਮਲ ਕਰੂੰਬਲਾਂ ਨੇਂ, ਰੁੱਖਾਂ ਦੇ ਰੰਗ ਵਟਾਏ ।
ਪੈਲਾਂ ਪਏ ਮੋਰ ਪਾਵਨ, ਕੋਇਲਾਂ ਨੇਂ ਰਾਗ ਗਾਏ'
ਬੁਲ ਬੁਲ ਦੇ ਨਗਮੇਂ ਸੁਣਕੇ, ਮਸਤੀ' ਚ ਭੌਰ ਆਏ ।
ਮੌਲੀ ਸਰਲ ਵਨੱਸਪਤ, ਪਾਕੇ ਨਵੇਂ ਪੁਸ਼ਾਕੇ'
ਕਿਸਦਾ ਏ ਅੱਜ ਸੁਆਗਤ, ਇਹ ਪਰੇਮ ਚੋਲਾ ਪਾਕੇ ।
ਕੀ ਜਾਣਦੇ ਨਹੀਂ ਲੋਕੋ ! ਅਜ ਜੋਤ ਰਬੀ ਔਣਾਂ ?
ਜਿਸਦਾ ਖਿੜਾਇਆ ਖੇੜਾ, ਉਸ ਪਿਆਰੇ ਫੇਰਾ ਪੌਣਾਂ ।
ਅਹੁ ਹੋਇਆ ਵੇਖੋ ਚਾਨਣ, ਅਰਸ਼ਾਂ ਤੋਂ ਭੈਣੀਂ ਤਾਂਈਂ !
ਜਿਥ ਕੀਤਾ ਜੱਗ ਉਜਾਲਾ, ਆਇਆ ਉਹ ਸੋਹਣਾਂ ਸਾਂਈਂ !
ਜਿਸ ਤੋਂ ਸੁੰਦਰਤਾ ਵਾਰੀ, ਸਦਕੇ ਸੌ ਵਾਰ ਜਾਵੇ !
ਜਨਤ ਦਾ ਹੁਸਨ ਸਾਰਾ, ਚਰਨਾਂ ਤੇ ਸਿਰ ਝੁਕਾਵੇ !
ਪੁਸ਼ਪਾਂ ਦੀ ਵਰਖਾ ਹੋਣੀ, ਰਹਿ ਦੇਵਤੇ ਨੇ ਗਾਏ !
ਗੂੰਜਾਂ ਇਹੋ ਹੀ ਗੂੰਜਨ, ਚੀਨੀ–ਸਵਾਰ ਆਏ !
ਰਾਮਾਂ ਦਾ ਰਾਮ ਆਇਆ, ਸ਼ਾਂਮਾ ਦਾ ਸ਼ਾਂਮ ਆਇਆ !
ਸਚਖੰਡ ਵਿਚੋਂ 'ਅੰਮ੍ਰਿਤ' ਦੀ ਦਾਤ 'ਨਾਮ' ਲਿਆਇਆ !

Sri Satguru Jagjit Singh Ji Elibrary NamdhariElibrary@gmail.com

ਖੁਸ਼ੀਆਂ ਤੇ ਲਖ ਵਧਾਈਆਂ, ਈਦਾਂ ਦਾ ਚੰਦ ਚੜ੍ਹਿਆ !
ਕੀਤਾ ਜਹਾਨ ਰੌਸ਼ਨ, ਦੁਨੀਆਂ ਤੇ ਖੇੜਾ ਖਿੜਿਆ !
ਮੁਖੜੇ ਜਿਦ੍ਹੇ ਤੋਂ ਰੱਬਦਾ ਦੀਦਾਰ ਝਲ੍ਹਕਾਂ ਮਾਰੇ !
ਦਰਸਨ ਪਿਆਰਾ ਕਰਕੇ, ਅਰਸ਼ੀ ਵਜਣ ਹੁਲਾਰੇ !
ਨੈਣਾਂ ਚੋਂ ਮਸਤੀ ਚੋਂਦੀ, ਮਸਤਕ ਇਲਾਹੀ ਚਮਕੇ !
ਜਲਵਾ ਨੂਰਾਨੀ ਜਿਸਦਾ, ਚਿਹਰੇ ਤੋਂ ਲਾਲੀ ਦੱਮਕੇ !
ਪਿਆਰਾਂ ਦਾ ਸੋਮਾਂ ਵਗਿਆ, ਤਪਿਆਂ ਦਿਲਾਂ ਨੂੰ ਠਾਰੇ !
ਜਿਸਦੇ ਚਰਨਾਂ ਦੀ ਛੋਹ ਨੇਂ, ਲਖਾਂ ਹੀ ਪਾਪੀ ਤਾਰੇ !
ਸਾਰੇ ਆਨੰਦ ਛਾਇਆ, ਹਰ ਇਕ ਨਿ ਮੰਗਲ ਗਾਇਆ !
ਮਿਠੜਾ ਉਹ ਮਾਹੀ ਆਇਆ, ਜਿਸ ਏੜਾ ਬੰਨੇ ਲਾਇਆ !

ਅਰਸ਼ੀ ਦਰਬਾਰ

ਅਜ ਮਾਲਵੇ ਦੀ ਧਰਤੀ ਨੂੰ—ਭਾਗ ਰੱਬ ਨੇ ਲਾਇਆ !
ਅਜ ਦਾਤਾ ਰਹਿਮਤਾਂ ਦਾ ਅਵਤਾਰ ਧਰਕੇ ਆਇਆ !
ਭੈਣੀ ਨੂੰ ਲਖ ਵਧਾਈਆਂ ਘਰ ਘਰ ਕਿ ਖੁਸ਼ੀਆਂ ਆਈਆਂ !
ਰੱਬ ਦੀ ਕ੍ਰਿਪਾ ਤਰੁੱਠੀਆਂ ਲਖ ਬਰਕਤਾਂ ਨੇ ਆਈਆਂ !
ਅਰਸ਼ੀ ਉਹ ਪਿਆਰੇ ਪ੍ਰੀਤਮ ਤੁਧ ਚੋਜ ਨੇ ਨਿਰਾਲੇ !
ਜੀਵਨ ਤਿਰਾ ਲਾਸਾਨੀ, ਕਰਤੱਬ ਤਿਰੇ ਉਜਾਲੇ !
ਦੁਖੀਆਂ ਦੇ ਦਰਦ ਭਰੀਆਂ ਕੂਕਾਂ ਗਈਆਂ ਸੀ ਅਰਸ਼ੀਂ !
ਅੰਧ ਘੋਰ ਛਾ ਰਿਹਾ ਸੀ ਚੀਖਾਂ ਪਈਆਂ ਸੀ ਫਰਸ਼ੀਂ !
ਔਣਾਂ ਤਾਂ, ਤੇਰਾ ਹੋਇਆ ਜਦ ਦੇਸ਼ ਸਭ ਦੁਖੀ ਸੀ !
'ਮੈਂ' 'ਤੂੰ' ਦਾ ਸੀ 'ਬਖੇੜਾ' ਬਿਨ 'ਨਾਮ' ਬੇ ਰੁਖੀ ਸੀ !
ਤੈਂ ਆਕੇ ਦੇਸ਼ ਉਤੇ ਕਈ ਪ੍ਰੇਮ ਰੰਗ ਵਖਾਏ !
ਛਟੇ ਭਜਨ ਦੇ ਦੇਕੇ ਮੋਏ ਤੈਂ ਆ ਜਿਵਾਏ !
ਸਿਖ ਪੰਥ ਜਦ ਕਿ ਸਾਰਾ ਗਫਲਤ ਦੇ ਵਿਚ ਪਿਆ ਸੀ !
ਸ਼ੇਰਾਂ ਦਾ ਲਾਹਕੇ ਬਾਣਾ ਸਿੱਯਾਰ ਹੋ ਗਿਆ ਸੀ !
ਦਸ਼ਮੇਸ਼ ਜੀ ਦੇ ਕੀਤੇ ਉਪਕਾਰ ਭੁਲ ਗਿਆ ਸੀ !
ਸਿਖੀ ਤੋਂ ਹੋਕੇ ਸਖਣਾ ਇਹ ਲਾਲ ਰੁਲ ਗਿਆ ਸੀ !
ਦਸਮੇਂ ਗੁਰੂ ਦੀ ਜੋਤ ਉਹ ਫਿਰ ਰਾਮ ਬਣਕੇ ਆਈ !
ਜਿਸ ਗਈ ਗਵਾਤੀ ਸਿਖੀ ਵਿਚ ਜਾਨ ਮੁੜਕੇ ਪਾਈ !

Sri Satguru Jagjit Singh Ji Elibrary NamdhariElibrary@gmail.com

ਦੇਇ ਪ੍ਰੇਮ ਦਾ ਹਲੂਣਾਂ ਸੁਤਿਆਂ ਨੂੰ ਟੁੰਬ ਜਗਾਇਆ !
ਸਿਖੀ ਦੀ ਆਬਰੂ ਨੂੰ ਦੁਖੜੇ ਕਈ ਸੈਂਹਿ ਵਚਾਇਆ !
ਅੰਮ੍ਰਿਤ ਪਿਲਾ ਪਿਲਾਕੇ ਕਈ ਸ਼ੇਰ ਕੀਤੇ ਪੈਦਾ !
ਵਹਿਤ ਦਾ ਸਬਕ ਦਿਤਾ ਵਾਹੁ ! ਖੂਬ ! ਤੈਥੋਂ ਸ਼ੈਦਾ !
ਵਾਹ ! ਵਾਹ ! ਉਹ ਤੈਰੇ ਸਦਕੇ ਐ ਸੋਹਣੀ ਸ਼ਾਨ ਵਾਲੇ !
ਹੋ ਗਏ ਤਿਰੇ ਦੀਵਾਨੇ ਜਿਨ ਪੀਤੇ ਪ੍ਰੇਮ ਪਿਆਲੇ !
ਟਪਕੇ ਪਈ ਦੇਸ਼ ਭਗਤੀ ਜੀਵਨ ਤਿਰੇ ਚੋਂ ਉਚੀ !
ਰਛਿਆ, ਗਰੀਬ ਗਊ ਦੀ ਕੀਤੀ ਤੈਂ ਸਚੀ ਸੁਚੀ !
ਕਲਿਜੁਗ ਦੇ ਵਿਚ ਆਕੇ ਸਤਿਜੁਗ ਤੈਂ ਕਰ ਵਿਖਾਇਆ !
ਸਤਿਨਾਮ ਦਾਤ ਦੇਕੇ ਡੁਬਿਆਂ ਨੂੰ ਤੈਂ ਤਰਾਇਆ !
ਬੁਮਾਂ ਤੇ ਚੀਨ ਜਾਕੇ ਤੈਂ ਚੋਜ ਰਬੀ ਕੀਤੇ !
ਭੁਲਿਆਂ ਨੂੰ ਨਾਮ ਦੇਕੇ, ਰੰਗਣ 'ਚ' ਰੰਗ ਲੀਤੇ !
ਅਜ਼ਮਤ ਤਿਰੀ ਦੇ ਅਗੇ, ਝੁੱਕ ਗਏ ਆ ਲੋਕ ਸਾਰੇ !
ਰੱਬੀ ਤਿਰਾ ਤਰਾਨਾਂ, ਸੁਣ ਆਏ ਤੇਰੇ ਦਵਾਰੇ !
ਲਖਾਂ ਤੇਰੇ ਪ੍ਰੇਮੀਂ, ਕੁਰਬਾਨ ਤੈਥੋਂ ਜਾਂਦੇ !
ਮਸਤੀ ਇਲਾਹੀ ਅੰਦਰ, ਪਏ ਪ੍ਰੇਮ ਕੂਕਾਂ ਪਾਂਦੇ !
ਦਾਤਾ ਤੂੰ ਰਹਿਮਤਾਂ ਦਾ, ਭਗਤੀ ਦਾ ਉਚ ਭੰਡਾਰਾ !
ਰਿਸ਼ੀਆਂ ਦਾ ਹੈਂ ਰਿਸ਼ੀ ਤੂੰ, ਅਵਤਾਰ ਮਹਾਂ ਉਜਾਰਾ !
ਰੱਛਾ ਧਰਮ ਦੀ ਖਾਤਰ, ਦੁਖੜੇ ਤੈਂ ਕਈ ਸਹਾਰੇ !
ਸਿਖੀ ਦੀ ਆਣ ਖ਼ਾਤਰ, ਸੁਖ ਆਪਣੇ ਤੈਂ ਵਾਰੇ !
ਭੈਣੀ ਸਾਹਿਬ ਦੇ ਅੰਦਰ, "ਪ੍ਰਤਾਪ" ਤੇਰਾ ਛਾਇਆ !
ਅਰਸ਼ੀ ਦਰਬਾਰ ਤੇਰੇ, ਜਲਵਾ ਰੱਬੀ ਖਿੜਾਇਆ !
ਕੌਤਕ ਕਮਾਲ ਲਖਾਂ, ਗਿਣ ਨਾ ਸਕਾਂ ਮੈਂ ਤੇਰੇ !
ਓਹ ਦੈਵੀ ਗੁਣਾਂ ਵਾਲੇ, ਪ੍ਰੀਤਮ ਮਿਰੇ ਉਚੇਰੇ !
ਦੁਖੀਆਂ ਹੋਈ ਹਿੰਦ ਤਾਂਈ, ਦਰਸ਼ਨ ਦੀ ਝੱਲਕ ਆ ਦੇ !
ਆ ਲੋੜ ਡਾਢੀ ਤੇਰੀ, ਜੀਵਨ ਨਵਾਂ ਆ ਪਾ ਦੇ !
ਚਿਰ ਵਿਛੜਿਆਂ ਨੂੰ ਹੋਇਆ, ਸਦਕੇ ਓ ! ਪਾਈਂ ਫੇਰਾ !
ਸੁਵੇਂ ਮੇਰੇ ਇਹ ਦਿਲ ਵਿਚ, ਲਾਦੇ "ਕਮਲ" ਆ ਡੇਰਾ !

Sri Satguru Jagjit Singh Ji Elibrary NamdhariElibrary@gmail.com

ਸਿਖੀ ਤੇ ਸਾਦਗੀ ਦਾ ਪ੍ਰਚਾਰਕ

(ਵਲੋਂ ਸ੍ਰੀ ਮਾਨ ਸੁਦਾਗ ਨਾਹਰ ਸਿੰਘ ਜੀ, ਐਮ ਏ.)

ਉਨ੍ਹੀਵੀਂ ਸਦੀ ਦੇ ਸਿਖ ਇਤਿਹ ਸ ਅੰਦਰ ਸਿਖ ਕੌਮ ਵਿਚ ਬਹੁਤ ਉਚੀਆਂ ਦਸਤੀਆਂ ਵਾਲੇ ਧਾਰਮਿਕ ਪੁਰਸ਼ ਹੋਏ ਹਨ। ਓਹਨਾਂ ਪਵਿਤ੍ਰ ਦਸਤੀਆਂ ਵਿਚੋਂ ਸ੍ਰੀ ਬਾਬਾ ਰਾਮ ਸਿੰਘ ਜੀ ਖਾਸ, ਉਚਾ ਅਸਥਾਨ ਰਖਦੇ ਹਨ। ਬਸੰਤ ਦੇ ਜਨਮ ਦਾ ਪਵਿਤ੍ਰ ਦਿਹਾੜਾ ਹੈ। ਜਦ ਤੋਂ ਖਾਲਸੇ ਨੇ ਮੁਲਕੀ ਮੱਲਾਂ ਮਾਰਨੀਆਂ ਸ਼ੁਰੂ ਕੀਤੀਆਂ ਸਨ, ਤਦ ਤੋਂ ਧਾਰਮਿਕ ਅੰਗ ਕੁਲ ਹੀਣਾਂ ਅਤੇ ਨਿਰਬਲ ਜਿਹਾ ਹੋ ਚਲਿਆ ਸੀ। ਲਾਹੌਰ ਦਰਬਾਰ ਵਿਚ ਬਾਬਾ ਸਾਹਿਬ ਸਿੰਘ ਬੇਦੀ ਦਾ ਜ਼ੋਰ ਹੋਣ ਕਰਕੇ ਅਤੇ ਮਹਾਰਾਜਾ ਰਣਜੀਤ ਸਿੰਘ ਦਾ ਹਿੰਦੂ ਧੜੇ ਦੇ ਹਥ ਚੜ੍ਹਨ ਕਰਕੇ, ਨਿਟੋਲ ਸਿਖ ਰਸਮਾਂ ਤਕਰੀਬਨ ਅਲੋਪ ਹੀ ਹੋ ਗਈਆਂ ਸਨ। ਹਰਿ ਮੰਦਰ ਸਾਹਿਬ ਦਾ ਮੁਖ ਗਿਆਨੀ ਘਰ ਬੈਠਕੇ ਚੋਰੀ ਸ਼ਰਾਬ ਪੀਂਦਾ ਸੀ, ਪਰ ਦਰਬਾਰ ਸਾਹਿਬ ਆਕੇ ਕਵਾ ਕਰਦਾ ਸੀ। ਇਕ ਵਾਰ ਮਹਾਰਾਜਾ ਰਣਜੀਤ ਸਿੰਘ ਅਤੇ ਉਸਦੇ ਮੂਰਖ ਵਜ਼ੀਰਾਂ ਨੇ ਸਲਾਹ ਕੀਤੀ ਕਿ ਬਾਬਾ ਸਾਹਿਬ ਸਿੰਘ ਬੇਦੀ ਨੂੰ ਗੁਰੂ ਗੱਦੀ ਤੇ ਬਿਠਾਇਆ ਜਾਵੇ। ਸਲਾਹ ਪੱਕੀ ਹੋ ਗਈ ਤੇ ਬਾਬਾ ਸਿਖਾਂ ਦਾ ਗੁਰੂ ਬਣਨ ਦੀ ਖੁਸ਼ੀ ਵਿਚ ਜ਼ਮੀਨੋਂ ਗਿਠ ਗਿਠ ਉਚਾ ਫਿਰੇ। ਮਹਾਰਾਜਾ ਰਣਜੀਤ ਸਿੰਘ ਤਾਂ ਬਾਬਾ ਜੀ ਦਾ ਸ਼ਰਧਾਲੂ ਸੀ ਤੇ ਸਾਰੀ ਗਲ ਗਿਣੀ ਮਿਥੀ ਹੋਈ ਸੀ, ਪਰ ਦਜ ਬਾਬਾ ਸਾਹਿਬ ਸਿੰਘ ਜੀ ਦਰਸ਼ਣੀ ਡਿਉਢੀ ਤੋਂ ਅੰਦਰ ਜਾਣ ਲਗੇ, ਤਾਂ ਹਰਿ ਮੰਦਰ ਸਾਹਿਬ ਦੇ ਗਰੰਥੀ ਭਾਈ ਚੰਚਲ ਸਿੰਘ ਜੀ ਨੇ ਅਗੋਂ ਹੋਕੇ ਤਲਵਾਰ ਦੇ ਕਬਜ਼ੇ ਤੇ ਹਥ ਰਖਕੇ ਬਾਬਾ ਸਾਹਿਬ ਸਿੰਘ ਨੂੰ ਲਲਕਾਰਿਆ ਅਤੇ ਇਸ ਤਰ੍ਹਾਂ ਨਾਲ ਬਾਬਾ ਸਾਹਿਬ ਸਿੰਘ ਜੀ ਦੀਆਂ ਸਾਰੀਆਂ ਆਸਾਂ ਉਮੈਦਾਂ ਵਿਚੇ ਹੀ ਰਹਿ ਗਈਆਂ।।

ਲਾਹੌਰ ਰਾਜ ਦਰਬਾਰ ਦੇ ਕੀਰਤਨ ਸੋਹਲੇ ਦੇ ਪਿਛੋਂ ਆਮ ਸਿਖਾਂ ਅੰਦਰ ਬੜੀ ਜ਼ਬਰਦਸਤ ਧਾਰਮਿਕ ਗਿਰਾਵਟ ਆ ਗਈ, ਸਿਖਾਂ ਦੀ ਧਾਰਮਿਕ ਅਤੇ ਰਾਜਸੀ ਗਿਰਾਵਟ ਵਲੋਂ ਇਹ ਸਮਾ ਡਾਢਾ ਹੀ ਭਿਆਨਕ ਸੀ। ਇਨਾਂ ੨੦ ਸਾਲਾਂ ਅੰਦਰ ਹੀ ਬਾਬਾ ਰਾਮ ਸਿੰਘ ਜੀ ਦੀ ਵਜਕਤੀ ਨੇ ਹੀ ਚਾਨਣ-ਮੁਨਾਰੇ ਵਾਲਾ ਕੰਮ ਕੀਤਾ। ਬਾਬਾ ਜੀ ਦੇ ਬਹੁਤ ਸਾਰੇ ਕੰਮਾਂ ਵਿਚੋਂ ਤਿੰਨ ਕੰਮ ਹਮੇਸ਼ਾਂ ਲਈ ਸਿਖ ਇਤਹਾਸ ਅੰਦਰ ਮੋਟੇ ਲਫਜਾਂ ਵਿਚ ਲਿਖੇ ਜਾਇਆ ਕਰਨਗੇ:—

(੧) ਸਿਖ ਕੌਮ ਅੰਦ ਗੁਰੂ ਗੋਬਿੰਦ ਸਿੰਘਜੀ ਦੀ ਨਿਰੋਲ ਸਿਖੀ ਦਾ ਪ੍ਰਚਾਰ, ਬਾਣੀ ਦਾ ਪਠਨ ਪਾਠਨ; ਸ੍ਰੀ ਗੁਰੂ ਗਰੰਥ ਸਾਹਿਬ ਦੀ ਤਾਬਿਆ ਦੀਵਾਨ ਲਗਾਵਣ ਦੀ ਪੁਰਾਤਨ ਰੀਤੀ, ਜੋ ਤਕਰੀਬਨ ਉਸ ਸਮੇ ਅਲੋਪ ਹੀ ਹੋ ਚੁਕੀ ਸੀ। ਸੰਗਤ ਵਿਚ ਮਿਲ ਬੈਠਣਾਂ ਅਤੇ ਸ਼ਬਦ ਕੀਰਤਨ ਦੀ ਪਰਪਾਟੀ ਚਲੌਣੀ।

(੨) ਇਸਤਰੀਆਂ ਨੂੰ ਅੰਮ੍ਰਤ ਛਕਾਵਣਾ ਅਤੇ ਉਨ੍ਹਾਂ ਨੂੰ ਦੀਵਾਨਾਂ ਵਿਚ ਬਿਠਾਉਣਾ

Sri Satguru Jagjit Singh Ji Elibrary NamdhariElibrary@gmail.com

ਇਸ ਰੀਤੀ ਨੂੰ ਹਿੰਦੂ ਅਸਰ ਹੇਠ ਆਏ ਹੋਏ ਗਿਆਨੀਆਂ ਨੇ ਬਿਲ ਕੁਲ ਹੀ ਉਡਾ ਦਿਤਾ ਸੀ।

(੩) ਸਾਦਾ ਜੀਵਨ ਬਤੀਤ ਕਰਨ ਦਾ ਉਪਦੇਸ਼, ਹਿੰਦੂਆਂ ਵਾਲੀਆਂ ਮਰਣੇ ਪਰਨੇ, ਵਿਆਹ ਸ਼ਾਦੀਆਂ ਦੀ ਫਜ਼ੂਲ ਅਤੇ ਉਜਾੜ ਦੇਣ ਵਾਲੀਆਂ ਰਸਮਾਂ ਆਦਿ ਬੰਦ ਕਰਕੇ ਗੁਰਮੁਖੀ ਜੀਵਨ ਬਤੀਤ ਕਰਨ ਦਾ ਤਰੀਕਾ ਦਸਣਾ।

ਮੈਂ ਬਾਬਾ ਰਾਮ ਸਿੰਘ ਜੀ ਸੰਬੰਧੀ ਛੋਟੀ ਉਮਰ ਤੋਂ ਬਹੁਤ ਕੁਛ ਸੁਣਦਾ ਚਲਿਆ ਆਇਆ ਹਾਂ। ਕੁਦਰਤ ਨਾਲ ਮੇਰੇ ਪਿੰਡ ਅਤੇ ਪ੍ਰਲੋਕ ਵਾਸੀ ਬਾਬਾ ਕਾਲਾ ਸਿੰਘ ਜੀ ਨਾਮਧਾਰੀ ਇਤਿਹਾਸ ਕਾਰ ਦੇ ਪਿੰਡ ਦਾ ਫਾਸਲਾ ਕੇਵਲ ਇਕ ਫਰਲਾਂਗ ਹੀ ਹੈ। ਉਨ੍ਹਾਂ ਦਾ ਮੇਰੇ ਨਾਲ ਅਗਾਧ ਪਰੇਮ ਸੀ, ਸੋ ਮੇਰੇ ਦਿਲ ਅੰਦਰ ਸ਼ੁਰੂ ਤੋਂ ਹੀ ਬਾਬਾ ਜੀ ਦੇ ਮੁਤਅਲਕ ਬਹੁਤ ਸ਼ਰਧਾ ਅਤੇ ਪ੍ਰੇਮ ਭਰਿਆ ਹੋਇਆ ਹੈ।

:–:o:–:

ਤੂੰ ਹੀ ਕੰਨਾਂ ਵਾਲਾ ਹੈਂ

(ਵਲੋਂ ਸ੍ਰੀਮਾਨ ਸੁਦਾਗਰ ਸ਼ਿੰਗਾਰਾ ਸਿੰਘ ਜੀ "ਸ਼ਿੰਗਾਰ")

ਸਤਿਗੁਰੂ ਰਾਮ ਸਿੰਘ ਪਤਿਤ ਪਾਵਨ ਤੂੰ ਹੀ, ਲੀਲ੍ਹਾ ਹੈ ਬਿਅੰਤ ਤੇਰੀ ਅੰਤ ਨਹੀ ਆਂਵਦਾ।
ਮਾਣ ਹੋ ਨਿਮਾਨਿਆਂ ਦੇ, ਤਾਣਹੋ ਨਿਤਾਣਿਆਂ ਦੇ, ਕਰੋ ਉਹਦੀ ਰਖਿਆ ਜੋ ਆਸਰਾ ਤਕਾਂਵਦਾ।
ਤੱਤੇ ਠੰਢੇ ਬੋਲ ਤੇ ਕਬੋਲ ਵੀ ਸਹਾਰ ਲੈਂਦਾ, ਵਾਰ ਝਲ ਆਪ, ਦੁਖੀ ਦੀਨ ਹੈਂ ਬਚਾਂਵਦਾ।
ਵਾਰਨੇ ਸਦਕੇ ਜਾਵਾਂ ਤੇਰੇ ਏਸ ਬਿਰਦ ਤੋਂ ਮੈਂ, ਜਨਮ ੨ ਰੁਲਦਿਆਂ ਨੂੰ ਗਲੇ ਹੈਂ ਲਗਾਂਵਦਾ।
ਧਰਮ ਰਹਿਕ ਹੁੰਦਾ ਜਦੋਂ ਸਾਂਈਆਂ ਵੇਖਿਆ ਤੂੰ, ਝਟ ਪਟ ਆਣ ਉਹਦਾ ਹੋਇਆ ਰਖਵਾਲਾ ਹੈਂ।
ਜਿਥੋਂ ਤਕ ਵੇਖਿਆ ਵਿਚਾਰਿਆ ਮੈਂ ਖੋਜਿ ਕੇ ਤੇ, ਮੇਰੇ ਤੇ ਖਿਆਲ ਵਿਚ ਤੂੰ ਹੀ ਕੰਨਾਂ ਵਾਲਾ ਹੈਂ।
ਕੰਨਾਂ ਵਾਲਾ ਨਾਮ ਉਹਦਾ ਸੁਣੇ ਜੋ ਪੁਕਾਰ ਛੇਤੀ, ਆਪ ਤੋਂ ਬਗੈਰ ਕਿਸੇ ਸੁਣੀ ਨ ਪੁਕਾਰ ਪਜਾਰੇ।
ਜਦੋਂ ੨ ਕੀਤੀ ਫਰਿਆਦ ਦੁਖੀ ਹੋਇ ਕਿਸੇ, ਤਦੋਂ ੨ ਆਪ ਜੀ ਨੇ ਲਈ ਉਹਦੀ ਸਾਰ ਪਜਾਰੇ।
ਇਕ ਚਿਤ,ਇਕ ਛਿਨ ਹੋਇਕੇ ਧਿਆਯਾ ਜਿਨੇ,ਬਿਨਾਂ ਹੀ ਬਿਲਮ ਉਹਦਾ ਕੀਤਾ ਤੂੰ ਉਧਾਰ ਪਜਾਰੇ।
ਤਦੇ ਕੰਨਾਂ ਵਾਲਾ ਮੈਂ ਤੇ ਆਖਦਾ ਹਾਂ ਆਪ ਜੀ ਨੂੰ, ਜਾਵਾਂ ਬਲਿਹਾਰ ਤੈਥੋਂ ਜਾਵਾਂ ਬਲਿਹਾਰਪਜਾਰੇ।
ਸਾਗਰਾਂ ਦੇ ਜੀਵਾਂ ਤੇ ਅਕਾਸ਼ਾਂ ਦਿਆਂ ਪੰਛੀਆਂ ਨੂੰ, ਕਿਸੇ ਨੂੰ ਵੀ ਰੋਜੀ ਦੇਣੋ ਕਰਦਾ ਨ ਟਾਲਾ ਹੈਂ।
ਜਿਥੋਂ ਤਕ ਵੇਖਿਆ ਵਿਚਾਰਿਆ ਮੈਂ ਖੋਜ ਕੇ ਤੇ, ਮੇਰੇ ਤੇ ਖਿਆਲ ਵਿਚ ਤੂੰ ਹੀ ਕੰਨਾਂ ਵਾਲਾ ਹੈਂ।
ਗੰਗਾਸੰਦੀ ਲਹਿਰ ਵਿਚੋਂ ਰਖਿਆ ਕਬੀਰ ਜੀਨੂੰ, ਨਾਮੇਦੀ ਪੁਕਾਰ ਸੁਣਦੇਹੁਰਾ ਫਿਰਾਇਆ ਆਨ!
ਸਧਨਾ ਕਸਾਈ ਪੀਪਾ ਝਾਲਮੀਕ ਸੈਣ ਨਾਈ ਧੰਨੇ ਰਵਿਦਾਸ ਆਦਿ ਕਈਆਂ ਨੂੰ ਤਰਾਇਆ ਆਨ!
ਭਗਤ ਧ੍ਰੂਵ ਨੂੰ ਤੂੰ ਆਪ ਜਾ ਬਡਾਈ ਕੀਤੀ,ਸਦਾ ਲਈ ਅਟਲ ਕਰ ਅੰਬਰੇ ਚੜ੍ਹਾਇਆ ਆਨ!
ਐਸ ਕਲੁਕਾਲ ਬਿਕਰਾਲ ਸੰਸਾਰ ਵਿਚ, ਰਾਇ ਸਿੰਘ ਤਾਈਂ ਝਟ ਆਪ ਨੇ ਬਚਾਇਆ ਆਨ!
ਧੰਨ, ਧੰਨ, ਧੰਨ, ਧੰਨ, ਧੰਨ ਗੁਰੂ ਰਾਮ ਸਿੰਘ, ਕਸ਼ਟ ਸਹਾਰ ਕੀਤੀ ਸਾਡੀ ਪ੍ਰਿਤਪਾਲਾ ਹੈਂ!
ਜਿਥੋਂ ਤਕ ਵੇਖਿਆ ਵਿਚਾਰਿਆ ਮੈਂ ਖੋਜ ਕੇ ਤ, ਮੇਰੇ ਤਾਂ ਖਿਆਲ ਵਿਚ ਤੂੰ ਹੀ ਕੰਨਾਂ ਵਾਲਾਹੈਂ!

Sri Satguru Jagjit Singh Ji Elibrary NamdhariElibrary@gmail.com

ਆਜ਼ਾਦੀ ਪ੍ਰਾਪਤੀ ਦੇ ਅਸਲ ਸਾਧਨ

(ਵਲੋਂ ਨਿਸ਼ਕਾਮ ਅਤੇ ਨਿਮਾਣ ਪੰਥ ਸੇਵਕ ਸ੍ਰੀ ਮਾਨ ਸ਼ਦਾਤ ਆੜਮਾ ਸਿੰਘ ਜੀ ਰਾਵੀਸ ਰਾਵਲ ਪਿੰਡੀ)

ਜਦੋਂ ਸਾਈਂ ਧਰਤੀ ਉਤੇ ਧਰਮ ਨੂੰ ਸਥਾਪਨ ਕਰਨਾ ਚਾਹੁੰਦਾ ਹੈ, ਤਾਂ ਓਹ ਆਪਣੇ ਕਿਸੇ ਅਤਿ ਪਿਆਰੇ ਨੂੰ ਸੰਸਾਰ ਉਤੇ ਭੇਜਦਾ ਹੈ। ਬਸੰਤ ਪੰਚਮੀ ਵਾਲ਼ੇ ਦਿਨ ਵੀ ਉਸਦੀ ਮੇਹਰ ਤ੍ਰੁਠੀ ਸੀ ਅਤੇ ਉਸਨੇ ਆਪਣੇ ਨਿਰਗੁਣ ਰੂਪ ਵਿਚੋਂ ਸਰਗੁਣ ਦੇਹ ਧਾਰਨ ਕਰਕੇ ਪੰਜਾਬ ਦੇ ਉਸ ਹਿਸੇ ਵਿਚ ਜਨਮ ਲਿਆ ਸੀ, ਜਿਸਨੂੰ ਇਤਿਹਾਸ ਕਾਰਾਂ ਨੇ ਮਾਲਵੇ ਦੇ ਨਾਮ ਨਾਲ ਯਾਦ ਕੀਤਾ ਹੈ। ਮਾਲਵੇ ਵੀ ਧਰਤੀ ਵਿਚੋਂ ਕਈ ਉੱਚ ਕੋਟੀ ਦੇ ਮਹਾਤਮਾਂ ਪੈਦਾ ਹੋਏ ਹਨ। ਭਾਈ ਮਨੀ ਸਿੰਘ ਜੀ ਵਰਗੇ ਮਹਾਂ-ਸ਼ਹੀਦ ਦਾ ਜਨਮ ਵੀ ਮਾਲਵੇ ਵਿੱਚ ਹੀ ਹੋਇਆ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਸ਼ੇਸ਼ ਕਰਕੇ ਮਾਲਵੇ ਵਿੱਚ ਹੀ ਰਹੇ ਸਨ ਅਤੇ ਓਹਨਾਂ ਦੀ ਬਖਸ਼ਿਸ਼ ਦੀਆਂ ਤ੍ਰੁੱਕਾਂ ਮਾਲਵੇ ਉਪਰ ਬਹੁਤ ਕਰਕੇ ਪਈਆਂ ਸਨ। ਇਹ ਗਲ ਦਸਣ ਦੀ ਇਸ ਲਈ ਲੋੜ ਪਈ ਹੈ, ਤਾਕਿ ਪਾਠਕਾਂ ਨੂੰ ਮਾਲਵੇ ਦੀ ਮਹਾਨਤਾ ਦਾ ਪਤਾ ਲਗ ਸਕੇ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਉਸ ਵੇਲੇ ਅਵਤਾਰ ਧਾਰਨ ਕੀਤਾ, ਜਦ ਕਿ ਪੰਜਾਬ ਉਤੇ ਸਿੱਖ ਰਾਜ ਜਾ ਝੰਡਾ ਝੁੱਲ ਰਿਹਾ ਸੀ, ਪਰ ਜਿਸ ਝੰਡੇ ਨੂੰ ਅਨੇਕਾਂ ਸ਼ਹੀਦਾਂ, ਹਠੀਆਂ, ਜਪੀਆਂ, ਤਪੀਆਂ ਅਤੇ ਮਹਾਂ-ਪੁਰਸ਼ਾਂ ਨੇ ਸਦੀਆਂ ਬੱਧੀ ਕਠਨ ਘਾਲਾਂ ਘਾਲਣ ਦੇ ਉਪ੍ਰੰਤ ਖੜਾ ਕੀਤਾ ਸੀ, ਉਹ ਸਿਖਾਂ ਦੀ ਆਪਣੀ ਗਿਰਾਵਟ ਕਰਕੇ ਹੀ ਨੀਵਾਂ ਹੋਣ ਵਾਲਾ ਸੀ। ਸਿਖ ਦਰਬਾਰ ਉਪ੍ਰ ਡੋਗਰਿਆਂ ਦਾ ਅਸਰ ਸੀ ਅਤੇ ਓਹ ਮਹਾਰਾਜ ਨੂੰ ਆਪਣੇ ਹਥ ਦੀ ਗੋਟ ਵਾਂਗ ਜਿਵੇਂ ਚਾਹੁੰਦੇ ਸਨ, ਚਲਾ ਲੈਂਦੇ ਸਨ। ਸਿਖ ਸ੍ਰਦਾਰ ਜਿਨ੍ਹਾਂ ਦੇ ਦਿਲ ਵਿੱਚ ਸਿਖੀ ਤੇ ਸਿਖ ਰਾਜ ਲਈ ਪਿਆਰ ਸੀ, ਓਹਨਾਂ ਦਾ ਅਸਰ ਲਗਾਤਾਰ ਦੂਰ ਹੋ ਰਿਹਾ ਸੀ ਤੇ ਇਹ ਖਰਾਬੀ ਹੀ ਸੀ, ਜਿਨ੍ਹੂ ਖਾਨਾ ਜੰਗੀ ਦੀ ਖਤਰਨਾਕ ਸ੍ਰਤ ਅਖਤਯਾਰ ਕਰਕੇ ਉਹ ਕਹਿਰ ਵਰਤਾਏ ਕਿ ਜਿਨ੍ਹਾਂ ਦਾ ਜ਼ਿਕਰ ਕਰਨ ਲਗਿਆਂ ਕਲਮ ਦਾ ਸੀਨਾ ਪਾਟਦਾ ਹੈ।

ਸ੍ਰੀ ਬਾਬਾ ਵੀਰ ਸਿੰਘ ਜੀ ਨੌਰੰਗਾਬਾਦੀਏ ਜੈਸੇ ਗੁਰਮੁਖ ਪਿਆਰੇ ਇਸ ਖਾਨਾ ਜੰਗੀ ਦੇ ਪ੍ਰਵਾਹ ਵਿੱਚ ਹੀ ਰੁੜ ਗਏ ਸਨ। ਮਹਾਰਾਜਾ ਸ਼ੇਰ ਸਿੰਘ ਜੀ, ਕੰਵਰ ਪ੍ਰਤਾਪ ਸਿੰਘ ਅਤੇ ਕਈ ਹੋਰ ਸ੍ਰਦਾਰ ਓਦੋਂ ਹੀ ਕਤਲ ਹੋਏ ਸਨ ਤੇ ਕਿਸੇ ਵਿੱਚ ਹਿੰਮਤ ਨਹੀਂ ਸੀ ਪੈਂਦੀ ਕਿ ਇਸ ਅਬਤਰੀ ਨੂੰ ਦੂਰ ਕਰਨ ਲਈ ਮੈਦਾਨ ਵਿਚ ਆਉਂਦਾ। ਸ੍ਰਦਾਰ ਲਹਿਣਾ ਸਿੰਘ ਜੀ ਮਜੀਠੀਏ ਅਤੇ ਸ੍ਰ: ਸ਼ਾਮ ਸਿੰਘ ਜ਼ੀ ਅਟਾਰੀ ਜੈਸੇ ਸਿਖ ਰਾਜ ਦੇ ਪੁਰਾਣੇ ਸੇਵਕ ਕੇਵਲ ਇਸ ਲਈ ਘਰਾਂ ਵਿੱਚ ਜਾ ਬੈਠੇ ਸਨ ਕਿ ਉਨ੍ਹਾਂ ਦੀ ਆਵਾਜ਼ ਨਗਾਰ-ਖਾਨੇ ਵਿੱਚ ਤ੍ਰੂਤੀ ਦੀ ਅਵਾਜ਼ ਸਾਬਤ ਹੋ ਰਹੀ ਸੀ ਤੇ ਓਹ ਹੀਆ ਨਹੀ ਸੀ ਕਰ ਸਕਦੇ ਕਿ ਅਗੇ ਹੋਕੇ ਖਾਲਸੇ ਦੀ ਅਗ਼ਵਾਈ ਕਰਨ। ਓਦੋਂ ਖਾਲਸੇ ਦੀ ਅਗਵਾਈ ਕਰਨਾ ਤਲ਼ਵਾਰ ਦੀ ਤੇਜ਼ ਧਾਰ ਉਪਰ ਨਿਰਤ

Sri Satguru Jagjit Singh Ji Elibrary NamdhariElibrary@gmail.com

ਕਰਨਾ ਸੀ ਤੇ ਏਹ ਨਿਰਤ ਕੋਈ ਓਹ ਮਹਾਂਬਲੀ ਹੀ ਕਰ ਸਕਦਾ ਸੀ, ਜਿਸ ਦੇ ਤੇਜ ਪ੍ਰਤਾਪ ਅਗੇ ਖਾਲਸਾ ਝੁਕ ਜਾਂਦਾ। ਇਸ ਅਛੜਾ ਦਛੜੀ ਵਿਚ ਹੀ ਸਿਖ-ਰਾਜ ਤਬਾਹ ਹੋ ਗਿਆ ਤੇ ਸਿਖ ਜੋ ਕਲ ਤੀਕ ਪੰਜਾਬ ਦੀ ਕਿਸਮਤ ਦੇ ਮਾਲਿਕ ਸਨ, ਪਰਾਇਆਂ ਦੇ ਅਧੀਨ ਹੋ ਗਏ।

ਰਾਜ ਭਾਗ ਖੁਹਾ ਚੁਕਨ ਦੇ ਮਗਰੋਂ, ਰਾਜਸੀ ਗੁਲਾਮੀ ਦੇ ਨਾਲ ਸਿਖਾਂ ਵਿੱਚ ਦਿਮਾਗੀ ਗੁਲਾਮੀ ਵੀ ਆਈ। ਓਹ ਅਰਸ਼ ਤੇ ਸਨ ਪਰ ਫਰਸ਼ ਤੇ ਡਿਗ ਪਏ। ਇਸ ਡਿਗਣ ਨਾਲ ਉਨ੍ਹਾਂ ਨੂੰ ਆਪਣੀ ਸੁਧ ਬੁਧ ਹੀ ਨਾ ਰਹੀ। ਸਿਖੀ ਗੌਰਵ, ਸਿਖੀ ਆਨ, ਸਿਖੀ ਹੌਸਲਾ, ਸਪ੍ਰਿਟ ਅਤੇ ਸਿਖੀ ਜੋਸ਼ ਉਨ੍ਹਾਂ ਵਿਚੋਂ ਪਰ ਲਾਕੇ ਉਡ ਗਿਆ। ਇਸ ਗਿਰਾਵਟ ਨੇ ਉਨ੍ਹਾਂ ਨੂੰ ਬਾਕੀ ਦੀ ਚੌਤਾਸੀ ਨਾਲ ਮਿਲਾਕੇ ਧਰਮੋਂ ਪਤਿਤ ਕਰ ਦਿਤਾ।

ਏਹ ਵਕਤ ਸੀ ਜਦ ਸਿੱਖੀ ਦੀ ਬਾਹੁੜੀ ਕਰਨ ਵਾਲਾ ਕੋਈ ਮਹਾਂ ਪੁਰਸ਼ ਸੰਸਾਰ ਤੇ ਆਉਂਦਾ, ਸੋ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਿਖੀ ਨੂੰ ਆਪਣੇ ਸਿੰਘਾਸਣ ਤੇ ਮੁੜ ਬਿਠਾਣ ਲਈ ਪ੍ਰਗਟ ਹੋਏ। ਉਹਨਾਂ ਨੇ ਇਕੋ ਨਜ਼ਰ ਨਾਲ ਆਪਣੇ ਪਸਾਰੇ ਦੇਸ਼ ਅਤੇ ਪਸਾਰੀ ਕਮ ਦੀ ਹਾਲਤ ਵੇਖ ਲਈ। ਆਪ ਦੀ ਜਵਾਨੀ ਦੇ ਆਰੰਭ ਤਕ ਉਹ ਸਮਾ ਸੀ, ਜਿਸਦਾ ਜ਼ਿਕਰ ਕਿ ਮੈਂ ਉਪਰ ਕਰ ਆਇਆ ਹਾਂ। ਆਪ ਜਾਣਦੇ ਸਨ ਕਿ ਇਸ ਸਾਰੀ ਗਿਰਾਵਟ ਦੀ ਤਹਿ ਵਿਚ ਅਸਲ ਗਲ ਏਹ ਹੈ ਕਿ ਸਿਖਾਂ ਨੂੰ ਸਿਖੀ ਭੁਲ ਗਈ ਹੈ ਅਤੇ ਜੇਕਰ ਸਿਖਾਂ ਨੂੰ ਸਿਖੀ ਦੀ ਪਧਤੀ ਤੇ ਖੜਾ ਕਰ ਦਿਤਾ ਜਾਵੇ, ਤਾਂ ਉਹ ਸਾਰੀਆਂ ਖਰਾਬੀਆਂ ਦੂਰ ਹੁੰਦੀਆਂ ਪਲ ਨਹੀ ਲੌਣਗੀਆਂ, ਜੋ ਸਿਖੀ ਦੀ ਅਣਹੋਂਦ ਕਰਕੇ ਆਈਆਂ ਸਨ। ਆਪ ਨੇ ਪ੍ਰਚਾਰ ਪ੍ਰਨਾਲੀ ਨੂੰ ਨਵੇਂ ਸਿਰੇ ਕਾਇਮ ਕੀਤਾ। ਜੀਵਨ ਵਾਲੇ ਸਚੇ ਅਤੇ ਸੁਚੇ ਪ੍ਰਚਾਰਕ ਪੈਦਾ ਕੀਤੇ। ਕਰਤਾਰ ਨਾਲੋਂ ਟੁਟੀਆਂ ਹੋਈਆਂ ਰੂਹਾਂ ਨੂੰ ਮੁੜ ਉਸ ਨਾਲ ਜੋੜਿਆ "ਹਥ ਕਾਰ ਵਲ ਅਤੇ ਮਨ ਕਰਤਾਰ ਵਲ" ਦੀ ਪੁਰਾਣੀ ਸੰਥਾ ਸਭ ਨੂੰ ਚੇਤੇ ਕਰਵਾਈ। ਗੁਰਬਾਣੀ ਪੜ੍ਹਨ, ਨਾਮ ਜਪਨ, ਕੀਰਤਨ ਕਰਨਅਤੇ ਮਨ, ਬਚ, ਕਰਮ ਕਰਕੇ ਸ਼ੁਧ ਰਹਿਣ ਦੀ ਪ੍ਰਪਾਟੀ ਤੋਰੀ। ਸਾਦਾ ਪਹਿਨਣ, ਸਾਦਾ ਖਾਣ, ਅਤੇ ਸਾਦਾ ਵਰਤਾਰਾ ਵਰਤਣ ਦੀ ਤਾਕੀਦ ਕੀਤੀ। ਘਰ ਦੇ ਝਗੜੇ ਘਰ ਨਜਿਠਣ ਅਤੇ ਆਪੋ ਵਿਚ ਮਿਲ ਕੇ ਗੁਰਮਤਾ ਕਰਨ ਦੀ ਜਾਚ ਸਿਖਾਈ।

ਇਸ ਜੀਵਨ ਜੁਗਤੀ ਨੇ ਸਿਖੀ ਦੇ ਸੁਕੇ ਹੋਏ ਬੂਟੇ ਨੂੰ ਹਰਾ ਭਰਾ ਕਰ ਦਿਤਾ ਅਤੇ ਕਲਿਜੁਗ ਵਿਚ ਸਤਿਜੁਗ ਦੇ ਨਜ਼ਾਰੇ ਪ੍ਰਗਟ ਹੋ ਪਏ। ਨਾਮਧਾਰੀ ਪੰਥ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਚਲਾਈ ਹੋਈ ਮਰਯਾਦਾ ਦਾ ਜੀਉਂਦਾ ਜਾਗਦਾ ਨਿਸ਼ਾਨ ਹੈ ਤੇ ਇਸ ਗਲ ਤੋਂ ਕੋਈ ਸਜਨ ਵੀ ਇਨਕਾਰ ਨਹੀਂ ਕਰ ਸਕਦਾ ਕਿ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਹੀ ਸਨ, ਜਿਨ੍ਹਾਂ ਨੇ ਗਵਾਚੀ ਹੋਈ ਸਿਖੀ ਨੂੰ ਲਭਕੇ ਸਭ ਨਾਲ ਪਜਾ ਕਰਨਾਂ ਜੀਵ ਮਾਤ੍ਰ ਨਾਲ ਦਇਆ ਵਰਤਨੀ, ਮਾਸ ਸ਼ਰਾਬ ਆਦਿ ਦੁਰ ਪਦਾਰਥਾਂ ਤੋਂ ਵਿਵਰਜਿਤ ਕਰਨਾਂ, ਆਪਣੇ ਅਤੇ ਪਰਾਏ ਹਕ ਦੀ ਸੋਝੀ ਰਖਨੀ, ਧਰਮ ਦੀ ਕ੍ਰਿਤ ਕਰਨੀ ਅਤੇ ਵੰਡ ਛਕਣਾਂ ਇਹ ਸਨ ਉਚੇ ਸੁਚੇ ਗੁਣ ਜੋ ਆਪ ਨੇ ਦਸੇ ਸਨ। ਇਨ੍ਹਾਂ ਗੁਣਾਂ ਕਰਕੇ ਹੀ ਖਾਲਸੇ ਨੇ ਮੁਗ਼ਲ-ਰਾਜ ਦੀ ਗੁਲਾਮੀ ਨੂੰ ਦੂਰ ਕੀਤਾ ਸੀ ਅਤੇ ਏਹੋ ਗੁਣ ਹੀ ਹਨ, ਜਿਨ੍ਹਾਂ ਨੂੰ ਧਾਰਨ ਕਰਕੇ ਅਸੀਂ ਹੁਣ ਸੁਤੰਤਰ ਹੋ ਸਕਦੇ ਹਾਂ।

Sri Satguru Jagjit Singh Ji Elibrary NamdhariElibrary@gmail.com

ਪਿਆਰਾ ਚੀਨੀ ਵਾਲਾ

(ਵਲੋਂ—ਸ੍ਰੀਮਾਨ ਸਰਦਾਰ ਅਵਤਾਰ ਸਿੰਘ ਜੀ "ਅਜ਼ਾਦ..)

੧.

ਆਗਈ ਫਏਨਾ ਭਰੀ ਰੁਤ ਆ ਗਈ,
ਸਿਆਲ ਵਿਚ ਜੀਵਨ ਦੀ ਨਿਘ ਵਰਤਾ ਗਈ।
ਹੁਸਨ ਨੇ ਥਾਂ ਥਾਂ ਉਛੱਲਾਂ ਮਾਰੀਆਂ,
ਲਾਂਵਦੇ ਰਸ, ਮਹਿਕ, ਖੇੜੇ ਤਾਰੀਆਂ।
ਨੰਗੀਆਂ ਡਾਲਾਂ ਨੂੰ ਮਿਲ ਭੋਸ਼ਨ ਗਏ,
ਗੂੰਜ ਪਇ ਤ੍ਰਾਨੇ "ਬਸੰਤ" "ਬਹਾਰ" ਦੇ।
ਧਰਤ ਤੇ ਵਿਛੀਆਂ ਨੇ ਹਰੀਆਂ ਮਖਮਲਾਂ,
ਫੁਲ ਬਣਿ ਕਲੀਆਂ ਨੇ ਟਹਿ ਟਹਿ ਹਸੀਆਂ।
ਫੁੱਟੀਆਂ ਰੁੱਖਾਂ ਦੀਆਂ ਅੰਗੂਰੀਆਂ,
ਲਗੀਆਂ ਨੱਚਣ ਨੇ ਫਿਰ ਮਸਰੂਰੀਆਂ!
ਕੱਢੀਆਂ ਹਰ ਸ਼ਾਖ਼ ਨਵੀਆਂ ਪੱਤੀਆਂ।
ਛਬਿ ਦੀਆਂ ਸਾਕਾਰ ਨੇ ਮਦ—ਮੱਤੀਆਂ।
ਝੂਮ ਉੱਠੀ ਸੋਹਲਤਾ ਸੋਆਂਗਣੀ,
ਛੇੜ ਲਈ ਭੌਰਾਂ ਨੇ ਮਿੱਠੀ ਰਾਗਣੀ।
ਪੱਤ—ਝੜ ਦੀ ਗੋਦ ਵਿਚੋਂ ਮਚਲ ਕੇ,
ਨਿਕਲ ਪਈ ਸੋਹਜਾਂ ਸਵਾਰੀ ਰੁੱਤ ਏ!
ਪੌਣ ਨੇ ਜਾਦੂ ਅਜੇਹਾ ਫੂਕਿਆ,
ਜੀਣ ਲਈ ਹਰ ਇਕ ਕਿਣਕਾ ਕੂਕਿਆ।
ਚੜ੍ਹ ਪਿਆ ਰਸ ਪੀਣ ਦਾ ਚਾਓ ਕੁਈ,
ਉਮਡਿਆ ਜਜ਼ਬੇ ਦਾ ਦਰਯਾਓ ਕੁਦੀ।
ਨੀਂਦ ਦੀ ਗੋਦੀ ਨ ਲਗਦੀ ਹੈ ਭਲੀ,
ਖਿੜਨ ਹਿਤ ਕਾਹਲੀ ਪਈ ਹਰ ਇਕ ਕਲੀ।

Sri Satguru Jagjit Singh Ji Elibrary NamdhariElibrary@gmail.com

ਸ਼ੋਕ ਨਜ਼ਾਰੇ ਦਾ ਸਭ ਵਿਚ ਜਾਗਿਆ,
ਵਿਗਸਿਆ ਉਛਲਾਓ ਰੂਪ ਹੋ ਜਾਣ ਦਾ।
ਪਿਆਰ-ਲੋਬੀ ਫੁੱਟਿਆ ਬਨਰਾਇ ਚੋਂ,
ਨਿਕਲ ਪਇ ਨੇ ਗੀਤ ਕਰੜੀ ਹਾਇ ਚੋਂ।
ਕਿਸ ਲਈ ਪਲਟਾਓ ਹੈ ਇਹ ਆ ਗਿਆ ?
ਕਿਸ ਲਈ ਵਿਗਸਾਓ ਹੈ ਇਹ ਛਾ ਗਿਆ ?
ਇਸ ਲਈ ਕਿ ਆ ਰਿਹਾ ਦਾਤਾਰ ਉਹ,
ਇਸ ਲਈ ਕਿ ਆ ਰਿਹਾ ਦਿਲਦਾਰ ਉਹ;
ਜਿਸ ਦੀ ਦਾਤਾਰੀ ਨੇ ਦਾਤਾਂ ਵੰਡੀਆਂ,
ਜਿਸ ਦੀ ਦਿਲਦਾਰੀ ਨੇ ਟੁੱਟੀਆਂ ਗੰਢੀਆਂ।
ਹਾਂ, ਉਹ ਜਿਸ ਦੀ ਮਿਹਰ ਸਭ ਤੇ ਵੱਸਦੀ,
ਹਾਂ, ਉਹ ਜਿਸ ਦੀ ਸ਼ਕਲ ਹੈ ਸਦ ਹੱਸਦੀ !

੨.

ਖੋਲ੍ਹ ਅੱਖਾਂ ਸੱਜਨੀ ! ਹਈ ਆ ਰਿਆ,
ਪਿਆਰ ਦਾ ਸਾਗਰ ਮਨੋਂ ਉਮਡਾ ਗਿਆ।
ਨੈਣ ਰਸ ਮਤੇ ਉਛਾਲਣ ਮਸਤੀਆਂ,
ਵੇਖਦੇ ਜਿਧਰ ਘਟਾਂ ਵਸ ਜਾਂਦੀਆਂ।
ਮੁਸਕ੍ਰਾਂਦੇ, ਇਜ਼ਲੀਆਂ ਪ੍ਰਗਟਾਂਵਦੇ,
ਮੋਈ ਮਿੱਟੀ ਵਿਚ ਜੀਵਨ ਪਾਂਵਦੇ।
ਬੋਲ਼ਦੇ ਤਾਂ ਪ੍ਰੇਮ ਸਰ ਹਿਚਕੋਲਦਾ,
ਵਿਗਸਦਾ ਖੇੜਾ ਹੈ ਮੋਤੀ ਰੋਲਦਾ।
ਸਚ ਦਾ ਆਨੰਦ ਦਾ ਅਵਤਾਰ ਨੇ,
ਰਾਮ ਨੇ, ਗੋਬਿੰਦ ਨੇ, ਕਰਤਾਰ ਨੇ।
ਆਪ ਨੇ ਉਜਲ਼ੇ ਉਜਾਲਾ ਕਰਨ ਪਇ,
ਪਾਪ ਦੇ ਪਸਰੇ ਹਨੇਰੇ ਹਰਨ ਪਇ।
ਡੁੱਬਿਆਂ ਨੂੰ ਤਾਰਦੇ, ਉਬਾਰਦੇ,

Sri Satguru Jagjit Singh Ji Elibrary NamdhariElibrary@gmail.com

ਪੰਜ ਚੋਰਾਂ ਨੂੰ ਨੇ ਫੜ ਸੰਘਾਰਦੇ ।
ਇਸ਼ਕ ਦੀ ਨੇ ਜਾਚ ਖੁਦ ਸਿਖਲਾਂਵਦੇ,
ਨੈਣ ਨੈਣਾਂ ਵਿਚ ਜਦ ਆ ਪਾਵਦੇ ।
ਆਪ ਬਣਿ ਮਾਸ਼ੂਕ ਜਦ ਨੇ ਜਾਂਵਦੇ,
ਸਿੱਖ ਨੂੰ ਆਸ਼ਕ ਬਣਾ ,ਮਸਤਾਂਵਦੇ ।
ਝਲਕ ਲੁਕਵੇਂ ਹੁਸਨ ਦੀ ਖਿੱਚੂ ਵਿਖਾ,
ਦੇਵੰਦੇ ਨੇ ਵਲਵਲੇ ਮਾਰੂ ਜਗਾ ।
ਜਾਗਦੇ ਜਦ ਵਲਵਲੇ, ਨਾ ਹੋਸ਼ ਰਹਿ,
ਜੀਭ ਕੂਣੇਂ ਹਾਰਕੇ, ਖਾਮੋਸ਼ ਰਹਿ ।
ਆਪ ਪਰ ਤੋੜਨ ਜਦੋਂ ਖਾਮੋਸ਼ੀਆਂ,
ਦੇਣ ਭਾਂਬੜ ਬਾਲ ਫਿਰ ਬੇ ਹੋਸ਼ੀਆਂ ।
'ਹਕ਼ ! ਹਕ਼ !' ਮਨਸੂਰ ਸਮ ਹੋਵਣ ਲੱਗੇ,
'ਤੂੰ ਹੀ ਤੂੰ' ਦੀ ਸਦ ਦਿਲ ਖੁਹਵਣ ਲਗੇ ।
ਲਿਤੜ ਜਾਵੇ ਅ਼ਕ਼ਲ ਨੂੰ ਦੀਵਾਨਗੀ,
ਪਾਸ ਤਕ ਫਟਕੇ ਨ ਭੁਲ ਹੈਰਾਨਗੀ ।
ਵਹਿਮ ਜਾਪਣ ਇਲਮ ਦੀਆਂ ਬੀਊਰੀਆਂ,
ਮਹਿਕ ਉਠਨ ਅੰਦਰੋਂ ਮਸਰੂਰੀਆਂ ।
ਲੁਕਣ ਦਾ, ਅਡ ਰਹਿਣ ਦਾ ਪਰਦਾ ਹਟੇ,
ਦੂਰ ਦੀ ਬਹੁ ਦੂਰ ਦੀ ਮੰਜ਼ਲ ਕਟੇ ।
ਆਪ ਅੰਦਰ ਵੱਸ ਕੇ ਚਾਨਣ ਵਿਖਾ,
ਦੇਵੰਦੇ ਮਜਜ਼ੂਬ ਨੂੰ ਗਿਆਨੀ ਬਣਾ ।
ਕੌਣ ? ਚੀਨੀ ਵਾਲੜੇ ਪ੍ਰੀਤਮ ਪ੍ਰਭੂ !
ਅਜ ਆਵਣ ਵਾਲੜੇ ਮੀਤਮ ਪ੍ਰਭੂ ।
ਧਰਤ ਤੇ ਆਕਾਸ਼ ਨੂੰ ਮਹਿਕਾਵਣੇ;
ਛੋਹ ਲਾਕੇ ਮੁਰਦਿਆਂ ਜੀਵਾਵਣੇ !

Sri Satguru Jagjit Singh Ji Elibrary NamdhariElibrary@gmail.com

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਕੇ ਸਿਧਾਂਤ

ਸਤਿਗੁਰੂ ਸਗਜੀਤ ਸਿੰਘ ਪੁਸਤਕਾਲਯ
ਪੁਸਤਕ ਨੰ:.....
ਅਲਮਾਰੀ .....
ਸ੍ਰੀ ਭੈਣੀ ਸਾਹਿਬ

(ਵਲੋਂ ਸ੍ਰੀ ਰਾਸਟਰ ਪਤੀ ਬਾਬੂ ਰਾਜੇਂਦ੍ਰ ਪ੍ਰਸ਼ਾਦ ਜੀ)

ਸਤਿਗੁਰੂ ਰਾਮ ਸਿੰਘ ਜੀ ਕਾ ਜਨਮ ੧੮੧੫ ਈਸਵੀ ਮੇਂ ਹੁਆ ਥਾ। ਸ਼ੁਰੂ ਮੇਂ ਆਪ ਫੌਜ ਮੇਂ ਕਾਮ ਕਰਤੇ ਥੇ, ਪਰ ਆਪ ਕਾ ਮਨ ਤੋ ਭਗਵਦ ਭਗਤੀ ਮੇਂ ਥਾ ਔਰ ਜਬ ਗੁਰੂ ਬਾਲਕ ਸਿੰਘ ਜੀ ਸੇ ਸੰਜੋਗ ਵਸ਼ ਦਰਸ਼ਨ ਹੋ ਗਿਆ, ਆਪ ਨੇ ਦੀਖਸ਼ਾ ਲੇ ਲੀ ਔਰ ਭਜਨ ਮੇਂ ਔਰ ਭੀ ਮਸਤ ਹੋ ਗਏ। ਕੁਛ ਦਿਨੋਂ ਬਾਦ ਨੌਕਰੀ ਛੋੜ, ਅਪਨੇ ਧਨ ਕੋ ਸਾਧੂ ਭੂਕੋਂ ਕੀ ਸੇਵਾ ਮੇਂ ਲਗਾ ਕਰ, ਆਪਨੇ ਈਸ਼ਵਰ ਭਗਤੀ ਔਰ ਨਾਮ ਕਾ ਹੀ ਪ੍ਰਚਾਰ ਕਰਨਾ ਸ਼ੁਰੂ ਕੀਆ। ਆਪ ਨਾਮਧਾਰੀ ਪ੍ਰਚਾਰ ਕਰਤੇ ਥੇ, ਇਸ ਲੀਏ ਆਪਕੋ ਅਨੁਯਾਈ ਨਾਮਧਾਰੀ ਪ੍ਰਸਿਧ ਹੁਏ। ਆਵੇਸ਼ (ਸੂਤ੍ਰ) ਮੇ ਆਕਰ ਨਾਮ ਬਹੁਤ ਜ਼ੋਰੋਂ ਸੇ ਲੀਆ ਕਰਤੇ ਥੇ। ਇਸ ਲੀਏ ਜਨਤਾ ਮੇ ਉਨ ਕੋ ਕੂਕਾ ਕੇ ਨਾਮ ਸੇ ਭੀ ਲੋਗ ਕਹਿਨੇ ਲਗੇ। ਗੁਰੂ ਕੇ ਪ੍ਰਚਾਰ ਸੇ ਪ੍ਰਾਯ ਤੀਂਨ ਲਾਖ ਸਿਖ ਨਾਮਧਾਰੀ ਹੋ ਗਏ। ਗੁਰੂ ਰਾਮ ਸਿੰਘ ਸ੍ਵੰਤ੍ਰਤਾ ਕੋ ਭੀ ਧਰਮ ਕਾ ਅਵੱਸ਼ਕ ਅੰਗ ਸਮਝਤੇ ਥੇ ਔਰ ਨਾਮ-ਧਾਰੀਓਂ ਕਾ ਸੰਗਠਨ ਬਹੁਤ ਜ਼ੋਰਦਾਰ ਹੋ ਗਿਆ ਥਾ।

ਹਮਾਰੇ ਦੇਸ਼ ਮੇਂ ਮਹਾਤਮਾ ਗਾਂਧੀ ਨੇ ਜੋ ਅਸਹਿਯੋਗ ਇਤਨੇ ਜ਼ੋਰ ਸੇ ਚਲਾਯਾ; ਉਸ ਕੋ ਗੁਰੂ ਰਾਮ ਸਿੰਘ ਨੇ ਉਨਸੇ ਪ੍ਰਾਯ ਪਚਾਸ ਵਰਸ਼ ਪੂਰਵ ਹੀ ਨਾਸਧਾਰੀਤ ਮੇ ਪ੍ਰਚਾਰਤ ਕੀਆ ਥਾ। ਉਨਕੇ ਸਿਧਾਤੋਂ ਮੇਂ ਪਾਂਚ ਚੀਜ਼ੇਂ ਹੈ। (੧) ਸਰਕਾਰੀ ਨੌਕਰੀ ਕਾ ਵਹਿਸ਼ਕਾਰ। (੨) ਸਰਕਾਰੀ ਸਕੂਲੋਂ ਕਾ ਵਹਿਸ਼ਕਾਰ। (੩) ਸਤਕਾਰੀ ਅਦਾਲਤੋਂ ਕਾ ਵਹਿਸ਼ ਕਾਰ। (੪) ਵਦੇਸ਼ੀ ਵਸਤੂੋਂ ਕਾ ਵਹਿਸ਼ਕਾਰ (੫) ਐਸੇ ਕਾਨੂਨ ਮਾਨਨੇ ਸੇ ਇਨਕਾਰ, ਜੋ ਆਪਨੀ ਆਤਮਾ ਸੇ ਵਿਰੁਧ ਹੋ। ਗੁਰੂ ਤੋਂ ਅਹਿੰਸਾ ਪਰ ਭੀ ਜ਼ੋਰ ਦੇਤੇ ਥੇ, ਪਰ ਉਨਕੇ ਅਨੁਯਾਈਓਂ ਨ ਇਸੇ ਪੂਰੀ ਤਰਾਂ ਨਹੀ ਸਮਝਾ ਔਰ ਏਕ ਵਾਰ ਗਤੂ ਕੀ ਰਖਸ਼ਾ ਕੇ ਲੀਏ ਕੁਛ ਨੇ ਕੁਛ ਬੂਚੜੋਂ ਕੋ ਕਤਲ ਕਰ ਡਾਲਾ। ਇਸ ਪਰ ਬਹੁਤ ਲੋਕ ਪਕੜੇ ਜਾਨੇ ਲਗੇ ਔਰ ਲੋਗੋਂ ਪਰ ਸਖਤੀ ਹੋਨੇ ਲਗੀ। ਤਬ ਗੁਰੂ ਨੇ, ਸਿਖੋਂ ਕੋ ਬੁਲਾ ਕਰ ਕਹਾ ਕਿ ਤੁਮ ਨੇ ਤੋ ਹੱਤਿਆ ਕੀ ਔਰ ਦੂਸਰੇ ਥੇ ਕਸੂਰ ਲੋਗੋਂ ਪਰ ਸਖਤੀ ਹੋ ਰਹੀ ਹੈ। ਤੁਮ ਕੋ ਆਪਨਾ ਕਸੂਰ ਕਬੂਲ ਕਰ ਲੇਨਾਂ ਚਾਹੀਏ। ਜਿਨੋਂ ਨੇ ਕਤਲ ਕੀਆ ਥਾ, ਅਦਾਲਤ ਮੇ ਜਾਕਰ ਕਸੂਰ ਕਬੂਲ ਕਰ ਲੀਆ ਔਰ ਉਨਕੀ ਫਾਸੀ ਹੋ ਗਈ ਜਿਸੇ ਉਨਹੋਂ ਨੇ ਹੰਸਤੇ ਹੰਸਤੇ ਸ੍ਵੀਕਾਰ ਕੀਆ। ਗੁਰੂ ਕਾ ਪ੍ਰਭਾਵ ਔਰ ਨਾਮ-ਧਾਰੀਓਂ ਕਾ ਸੰਗਠਨ ਬੜ੍ਹਤਾ ਹੀ ਜਾਤਾ ਥਾ। ਮਾਲੇਰ ਕੋਟਲੇ ਮੇ ਏਕ ਨਾਮਧਾਰੀ

Sri Satguru Jagjit Singh Ji Elibrary NamdhariElibrary@gmail.com

ਸਿਖ ਕਾ ਵਹਾਂ ਕੇ ਪੁਲੀਸ ਸੇ ਬੈਲ ਕੇ ਭਾਰ ਕੇ ਲੀਏ ਝਗੜਾ ਹੋ ਗਿਆ । ਔਰ ਵੁਹ ਰੋਤਾ ਨਾਮਧਾਰੀਓਂ ਮੇ ਜਾਇ ਪਹੁੰਚਾ । ਗੁਰੂ ਕੇ ਹਜ਼ਾਰ ਰੋਕਨੇ ਪਰ ਭੀ ਨਾਮਧਾਰੀ ਸ਼ਾਂਤ ਨਹੀ ਹੁਏ। ਔਰ ਉਨਹੋਂ ਨੇ ਮਾਲੇਰ ਕੋਟਲਾ ਕੀ ਪੁਲਿਸ ਪਰ ਚੜਾਈ ਕਰ ਦੀ। ਸਰਕਾਰ ਕੀ ਓਰ ਸੇ ਇਸ ਬਲਵਾ ਕੋ ਸਖਤੀ ਸੇ ਦਬਾਇਆ ਗਿਆ । ਔਰ ਪਚਾਸ ਨਾਮਧਾਰੀ ਤੋ ਤੋਪੋਂ ਸੇ ਉੜਾ ਦੀਏ ਗਏ ਔਰ ਤੀਸ ਫਾਸੀ ਦੀਏ ਗਏ। ਗੁਰੂ ਭੀ ਅਪਨੇ ਸਭੀਂ ਸੂਬੋਂ ਕੇ ਸਾਥ ਦੇਸ ਨਿਰਵਾਸਤ ਕੀਏ ਗਏ ਔਰ ਨਾਮਧਾਰੀਓਂ ਪਰ ਬੜੀ ਕਰੜੀ ਨਿਗਾਹ ਰਖੀ ਗਈ । ਪ੍ਰਾਯ ਪਚਾਸ ਵਰਸ਼ੋਂ ਤਕ ਭੈਣੀ ਸਾਹਿਬ ਗਾਂਵ ਪਰ ਜੋ ਗੁਰੂ ਰਾਮ ਸਿੰਘ ਕਾ ਸਥਾਨ ਥਾ, ਪੁਲੀਸ ਕਾ ਸਖਤ ਪਹਿਰਾ ਰਹਾ। ਨਾਮਧਾਰੀ ਬਿਨਾਂ ਆਗਿਆ ਕੇ ਧਾਰਮਕ ਔਰ ਸਮਾਜਿਕ ਕਾਮ ਕੇ ਲੀਏ ਭੀ ਇਕਠੇ ਨਹੀ ਹੋ ਸਕਤੇ ਥੇ। ਯਦਿ ਹੋ ਜਾਏਂ ਤੋਂ ਉਨਕੇ ਸਖਤ ਸਜ਼ਾ ਦੀ ਜਾਤੀ। ਇਸ ਪ੍ਰਕਾਰ ਨਾਮਧਾਰੀਓਂ ਕਾ ਸੰਘਠਨ ਟੂਟ ਗਿਆ ਔਰ ਆਜ ਭੀ ਵੇਹ ਥੋੜੇਂ ਹੈਂ। ਗੁਰੂ ਰਾਮ ਸਿੰਘ ਕੀ ਸ਼ਿਖਸ਼ਾ ਪਰ ਹੀ ਚਲਤੇ ਹੈਂ। ਸਰਕਾਰੀ ਸਕੂਲੋਂ ਔਰ ਅਦਾਲਤੋਂ ਸੇ ਅਲਗ ਰਹਿਤੇ ਹੈਂ ਔਰ ਵਦੇਸ਼ੀ ਕਪੜੇ ਨਹੀ ਪਹਿਨਤੇ। ਅਭੀ ਉਨ ਕਾ ਸਭ ਕਾਮ ਪ੍ਰਾਯ ਗਾਵੋਂ ਮੇ ਹੀ ਹੋਤਾ ਹੈ ਔਰ ਖੇਤੀ ਤਥਾ ਦੂਸਰੇ ਗ੍ਰਾਮੀਣ ਕਾਮ ਸੇ ਅਪਨਾਂ ਗੁਜ਼ਰ ਕਰਤੇ ਹੈਂ। ਭਜਨ ਮੇ ਮਸਤ ਰਹਿਤੇ ਹੈਂ। ਨਾਮਧਾਰੀ ਆਪਨੇ ਕੋ ਹਿੰਦੂ ਹੀ ਮਾਨਤੇ ਹੈਂ ਔਰ ਅਕਾਲੀ ਸਿਓਂ ਜੈਸਾ ਅਲੱਗ ਸ਼ੁਮਾਰ ਹੋਨਾਂ ਨਹੀ ਚਾਹਤੇ। ਆਜ ਵੁਹ ਬਹੁਤ ਕਮਜ਼ੋਰ ਹੈਂ,ਪਰ ਅਪਨੇ ਸਿਧਾਤੋਂ ਸੇ, ਹਟਤੇ ਨਹੀ। ਉਨ ਕਾ ਇਤਹਾਸ ਭੀ ਹਮਾਰੇ ਲੀਏ ਬਹੁਤ ਹੀ ਲਾਭਦਾਇਕ ਔਰ ਸ਼ਿਖਸ਼ਾ ਪ੍ਰਦ ਹੈ ।

—:o:—

ਭਾਗਾਂ ਭਰੀ ਬਸੰਤ

(ਵਲੋਂ ਸ੍ਰੀਮਾਨ ਸਰਦਾਰ ਲਾਲ ਸਿੰਘ ਜੀ "ਕੰਵਰ")

ਲੋਹਾ ਕਿਤੇ ਰਿਹਾ ਜਿਨ੍ਹੇਂ ਸੰਗ ਵੀ ਬਣਾਏ ਸੋਨੇ,
(ਪਰ) ਪਾਰਸ ਦੇ ਵਾਂਗ ਆਪਾ ਕਿਸੇ ਤੋਂ ਲੁਕਾਯਾ ਨ
ਚਾਨਣੀ ਪਸਾਰ ਤੇ ਹਨੇਰੇ ਨੂੰ ਨਿਵਾਰਕੇ ਵੀ,
ਚੰਨ ਵਾਂਗੂੰ ਡੇਰਾ ਉਚੇ ਮੰਦਰਾਂ ਤੇ ਲਾਯਾ ਨ।
ਨੂਰ ਵਾਂਗੂ ਨਿੱਤਰਕੇ ਸਚਾਈ ਜਿਨ੍ਹੇ ਜ਼ਾਹਰ ਕੀਤੀ,
ਛੁਪਕੇ ਹਨੇਰੇ ਵਾਂਗ ਜਿੰਦ ਨੂੰ ਬਚਾਯਾ ਨ।
ਨੰਗੇ ਧੜ ਧੜਾ ਧੜ ਝੱਲੀਆਂ ਕਟਾਰਾਂ ਜਿਨ,
ਫੁੱਲ ਦਾ ਵੀ ਵਾਰ ਵਰੀ ਪੱਥਰਾਂ ਤੋਂ ਪਾਯਾ ਨ।
ਜਿੰਨੂੰ ਕਿਸੇ 'ਭਾਈ' ਕਿਸੇ "ਵਲੀ" ਕਿਸੇ ਗੌਸ' ਕਿਹਾ,
ਕਿਸੇ ਅਵਤਾਰ ਕਿਸੇ ਆਖਿਆ ਜੀ ! ਸੰਤ ਏ।
ਓਸੇ ਚੀਨੀ ਵਾਲੇ, ਰਾਮ ਹਰੀ, ਜੀ ਦੀ ਯਾਦ ਵਿਚ,
ਵਰ੍ਹੇ ਪਿਛੋਂ ਆਈ ਭਾਗਾਂ ਭਰੀ ਇਹ ਬਸੰਤ ਏ।

Sri Satguru Jagjit Singh Ji Elibrary NamdhariElibrary@gmail.com

ਬਸੰਤ ਦੇ ਮਹਾਰਾਜ ਦੀ ਬਸੰਤ ਰੀਝ

(ਪੰਜਾਬ ਦੇ ਮਹਾਂ ਰਸਜ ਅਤੇਮਾਨਵ ਧਰਮ ਦੇ ਪੁਜਾਰੀ ਲੇ: ਸ੍ਰੀ ਮਾਨ ਸ: ਗੁਰਬਖਸ਼ ਸਿੰਘ ਜੀ ਐਡੀਟਰ "ਪ੍ਰੀਤ-ਲੜੀ" ਦੀ ਲਿਖਣੀ ਤੋਂ)

ਆਮ ਦੁਨੀਆਂ ਸਮਝਦੀ ਹੈ ਕਿ ਮਹਾਂ ਪੁਰਖਾਂ ਦਾ ਬਿਹੋ ਹੀ ਸੁਨੇਹਾ ਭਜਨ ਬੰਦਗੀ, ਹੁੰਦਾ ਹੈ। ਪਰ ਭਜਨ ਬੰਦਗੀ ਇਕ ਅਵਸਥਾ ਹੈ ਜਿਦੀ ਉਪਮਾਂ ਕਿਸੇ ਆਸ਼ਿਕ ਦੀ ਓਸ ਮਾਨਸਕ ਅਵਸਥਾ ਨਾਲ ਦਿਤੀ ਜਾ ਸਕਦੀ ਹੈ, ਜਦੋਂ ਅਖ ਕਿਸੇ ਆਕਰਖਣ ਹੁਸਨ ਨਾਲ ਕੜ ਚੁਕੀ ਹੁੰਦੀ ਹੈ। ਆਮ ਦੁਨੀਆਂ ਦੀ ਅਖ ਫੁੱਲਾਂ ਦੀ ਥਾਂ ਫਲਾਂ ਉਤੇ ਹੀ ਟਿਕਦੀ ਹੈ। ਏਸ ਅਖ ਵਿਚ ਭਜਨ ਬੰਦਗੀ ਦੀ ਅਨਭਵਤਾ ਪੈਦਾ ਹੀ ਨਹੀਂ ਹੁੰਦੀ, ਪਰ ਤੇਰਾਂ ਤਿੰਨਾਂ ਵਿਚ ਗਿਣ ਜਾਣ ਲਈ ਦੁਨੀਆਂ ਇਕ ਰਸਕ ਹੋਣ ਦਾ ਦਾਹਵਾ ਜ਼ਰੂਰ ਕਰਦੀ ਹੈ ਤੇ ਭਜਨ ਬੰਦਗੀ ਦੀ ਪ੍ਰਸੰਸਾ ਵਿਚ ਕਈ ਕਿਤਾਬਾਂ ਰਚਦੀ ਤੇ ਮੰਦਰ ਉਸਾਰਦੀ ਹੈ। ਏਸ ਚਤ੍ਰਾਈ ਨਾਲ ਦੁਨੀਆਂ ਆਪਣੇ ਅੰਤ੍ਰਾ ਕਰਨ ਦੀ ਹੁਸਨ-ਮੰਗ ਜਿਸ ਨੂੰ ਧਰਮ-ਮੰਗ ਵੀ ਆਖਿਆ ਜਾਂਦਾ ਹੈ, ਚੁਪ ਕਰਾ ਕੇ ਮਾਇਕ ਸੁਆਦਾਂ ਵਿਚ ਲਗੀ ਰਹਿੰਦੀ ਹੈ। ਧਾਰਮਕ ਆਦਮੀ ਏਸੇ ਲਈ ਉਚ ਸਿੰਘਾਸਨਾਂ ਉਤੇ ਬੈਠੇ,ਵਿਹਲ ਤੇ ਬਹੁਲਤਾ ਵਿਚ ਖੁਸ਼ੀ ਹੋ, ਲੋਕਾਂ ਦੀ ਮਾਣਤਾ ਨਾਲ ਬੜੇ ਪ੍ਰਸੰਨ ਵੇਖੇ ਜਾਂਦੇ ਹਨ।

ਪਰ ਬਸੰਤ ਰੁਤ ਦੇ ਰੌਸ਼ਨ-ਜ਼ਮੀਰ ਮਹਾਰਾਜ ਰਾਮ ਸਿੰਘ ਨੇ ਸਿਖ ਦੁਨੀਆਂ ਵਿਚ ਦਸਾਂ ਪਾਤਸ਼ਾਹੀਆਂ ਦੇ ਮਗਰੋਂ ਪਹਿਲ ਮਹਾਂ-ਪੁਰਖ ਹੋਏ ਹਨ, ਜਿਨ੍ਹਾਂ ਨੇ ਬੜੇ ਜ਼ੋਰ ਤੇ ਅਸਰ ਨਾਲ ਇਹ ਸਮਝਾਣ ਦਾ ਸਫਲ ਜਤਨ ਕੀਤਾ ਹੈ, ਕਿ ਭਜਨ ਬੰਦਗੀ ਸਿਰਫ ਸੁਚਜੇ ਸਾਧਨ ਹਨ, ਆਪਣੀਆਂ ਰੁਚੀਆਂ ਨੂੰ ਚੰਗਿਆਂ ਰਖਣ ਲਈ, ਹਸਤੀ ਦੇ ਅਸਲੇ ਨਾਲ ਲਿਵ ਜੋੜ ਕੇ ਕਬਜ਼ੇ ਦੇ ਭੁਲੇਖੇ ਤੋਂ ਬਚਿਆਂ ਰਹਿਣ ਲਈ, ਜੀਵਨ ਯਾਤ੍ਰਾ ਲਈ,ਸਮਰੱਥਾ ਪ੍ਰਾਪਤ ਕਰਨ ਲਈ। ਪਰ ਮਨੋਰਥ ਜ਼ਿੰਦਗੀ ਦਾ

ਸ੍ਰੀ ਮਾਨ ਸੁਦਾਰ ਗੁਰਬਖਸ਼ ਸਿੰਘ ਜੀ ਦੀ ਅਸਰ ਭਰੀ ਲੇਖਣੀ ਦੀਆਂ ਧੁੰਮਾ ਸਾਰੇ ਪੰਜਾਬੀ-ਸੰਸਾਰ ਵਿਚ ਪਈਆਂ ਹੋਈਆਂ ਹਨ। ਆਪ ਮਨੁਖ ਮਾਤ੍ਰ ਦੀ ਸਾਂਝ ਅਤੇ ਏਕਤਾ ਦੇ ਸੁਨਹਿਰੀ ਸੁਫ਼ਨੇ ਵੇਖਣ ਵਾਲੇ ਉਹਨਾ ਗਿਣਤੀ ਦੇ ਲੇਖਕਾਂ ਵਿਚੋਂ ਹਨ, ਜੋ ਤਮਾਮ ਕਿਸਮ ਦੀਆਂ ਵਿਰਕੂ ਵੰਡਾਂ, ਧਾਰਮਕ ਤਅੱਸਬਾਂ ਅਤੇ ਨਸਲੀ ਵਖੇਵਿਆਂ ਤੋਂ ਅਤ ਰਹਿਕੇ ਸਰਬੱਤ ਦਾ ਭਲਾ ਲੋਚਨ ਵਾਲੇ ਹਨ। ਇਸ ਲੇਖ ਵਿਚ ਆਪ ਨੇ ਚੀਨੀ ਵਾਲੇ ਪਾਤਸ਼ਾਹ ਨੂੰ ਬੜੀ ਚੰਗੀ ਨਜਰ ਨਾਲ ਵੇਖਿਆ ਹੈ ਅਤੇ ਆਪਣੇ ਭਾਵਾਂ ਨੂੰ ਇਸ ਸੁੰਦਰਤਾ ਅਤੇ ਸੁਚਜਤਾ ਨਾਲ ਗੁੰਦਿਆ ਹੈ ਕਿ ਦਿਲ ਕਰਦਾ ਹੈ ਜੁ ਆਪ ਦੇ ਹਥਾਂ ਨੂੰ ਚੁਮ ਲਿਆ ਜਾਵ।

ਕੇਮਾ ਵਿੱਚ ਪ੍ਰਗਟ ਹੁੰਦੀ ਨੇਕੀ ਹੈ।

(Passive warship) ਨਾ ਕਿ ਕਿਸੇ ਭਤ ਦੀ ਅਭੇਲ ਸਮਾਧੀ। (Active goodness) ਨਿਜ ਮੁਕਤੀ ਦਾ ਆਦਰਸ਼ ਨਿਜ-ਲਾਭ ਜੇਡਾ ਹੀ ਖੁਦਗਰਜ਼ ਹੈ। ਇਹੀ ਕਾਰਨ ਹੈ ਕਿ ਨਿਰੋਲ ਆਪਣੀ ਮੁਕਤੀ ਲਈ ਰੁੱਝ ਹੋਏ ਆਦਮੀ ਬੜੇ ਕਠੋਰ ਚਿਤ ਵੇਖੇ ਜਾਂਦੇ ਹਨ। ਇਹ ਅਟਲ ਸਚਿਆਈ ਹੈ, ਕਿ ਜਿਹੜਾ ਕੋਈ ਸ੍ਵ-ਸਾਂਝ ਤੋਂ ਵਖਰਾ ਹੋਕੇ ਕੁਝ ਚਾਹੇਗਾ, ਓਸ ਵਿਚੋਂ ਚਲਦੇ ਪ੍ਰਵਾਹ ਵਾਲੀ ਲਚਕ ਤੇ ਨਿਰਮਾਣਤਾ ਜਾਂਦੇ ਰਹਿਣਗੇ।

Sri Satguru Jagjit Singh Ji Elibrary NamdhariElibrary@gmail.com

ਮਹਾਰਾਜ ਰਾਮ ਸਿੰਘ ਜੀ ਦਾ ਪਤਲਾ ਸਰੀਰ, ਸੂਖਮ ਆਤਮਾ, ਭਰਾਤ੍ਰੀ ਪ੍ਰੇਮ, ਸੇਵਾ ਦੀ ਚਾਹ, ਦੇਸ ਦਾ ਇਸ਼ਕ, ਚਲਦੇ ਪ੍ਰਵਾਹ ਦੀ ਲਚਕ ਤੇ ਨਿਰਮਲਤਾ ਦੇ ਸਾਖੀ ਹਨ। ਓਹਨਾ ਦਾ ਸਾਰਾ ਜੀਵਨ ਏਸ ਬਸੰਤੀ ਰੀਝ ਦਾ ਵਿਕਾਸ ਹੈ, ਕਿ ਆਪਣਾ ਜੀਵਨ ਪ੍ਰਵਾਹ ਦੇਸ ਦੇ ਬੂਟੇ ਬੂਟੇ ਵਿਚ ਲੰਘਾ ਦਿਤਾ ਜਾਏ ਤੇ ਦੇਸ ਬਾਗ ਦੀ ਖੜ-ਖੜ ਕਰਦੀ ਪਤ-ਝੜੀ ਨੂੰ ਖਿੜ-ਖਿੜ ਪੈਂਦੀ ਬਸੰਤ ਵਿਚ ਵਟਾ ਦਿੱਤਾ ਜਾਏ। ਗੁਰੂ ਗੋਬਿੰਦ ਸਿੰਘ ਸਾਹਬ ਦੇ ਪਿਛੋਂ ਇਹ ਰੀਝ ਮਜ਼ਬੀ ਉਤਸ਼ਾਹ ਦੀ ਮਸਤੀ ਵਿਚ ਮਹਾਰਾਜ ਰਾਮ ਸਿੰਘ ਜੀ ਦੇ ਬਸੰਤੀ ਹਿਰਦੇ ਵਿਚੋਂ ਹੀ ਨਿਕਲੀ ਹੈ। ਥੋੜ੍ਹੇ ਜਿਹੇ ਆਪਣੇ ਸਿਖਾਂ ਨੂੰ ਭਜਨ ਬੰਦਗੀ ਦੇ ਰਾਹ ਪਾ ਛਡਨਾ ਹੀ ਓਹਨਾਂ ਆਪਣਾ ਕਾਜ ਨਹੀਂ ਸਮਝਿਆ, ਸਗੋਂ ਓਹਨਾਂ ਦੀ ਦਰ ਦਰਸ਼ੀ ਅਖ ਨੇ ਵੇਖ ਲਿਆ ਤੇ ਸ੍ਰਬ-ਪਿਆਰ ਦੇ ਹਿਰਦੇ ਨੇ ਅਨੁਭਵ ਕਰ ਲਿਆ ਕਿ ਸ੍ਵੈ-ਪ੍ਰਸੰਨਤਾ ਲਈ ਆਲੇ ਦੁਆਲੇ ਦੀ ਪ੍ਰਸੰਨਤਾ ਅਵੱਸ਼ਯ ਹੈ। ਇਕ ਸਫਲ ਦੇਸ ਦੀ ਸਫਲ ਸਮਾਜ ਵਿਚੋਂ ਹੀ ਸਫਲ ਜੀਵਨ ਪੈਦਾ ਕੀਤਾ ਜਾ ਸਕਦਾ ਹੈ। ਤੀਤਰੀਆਂ ਦੇ ਖੰਭਾਂ ਦੇ ਰੰਗ ਓਹਨਾਂ ਬੂਟਿਆਂ ਵਰਗੇ ਹੀ ਹੋ ਜਾਂਦੇ ਹਨ, ਜਿਨ੍ਹਾਂ ਦੁਆਲੇ ਓਹ ਉਡਦੀਆਂ ਹਨ। ਗੁਲਾਮ ਦੇਸ, ਵਹਿਮਾਂ ਬੱਧੀ ਸਮਾਜ ਤੇ ਜਾਹਿਲ ਗ਼ੁਰਬਤ ਵਿਚੋਂ ਜੀਵਨ-ਮੁਕਤ ਪੈਦਾ ਕਰਨੇ ਕਠਨ ਹਨ।

ਏਸ ਅਨੁਭਵਤਾ ਨੇ ਮਹਾਰਾਜ ਰਾਮ ਸਿੰਘ ਜੀ ਦਾ ਜੀਵਨ ਆਮ ਮਜ਼ਬੀ ਪੇਸ਼ਵਾਆਂ ਨਾਲੋਂ ਵਖਰਾ ਬਣਾ ਦਿਤਾ। ਓਹਨਾਂ ਨੇ ਸਭ ਤੋਂ ਪਹਿਲੋਂ ਸਮਾਜ ਦੇ ਬੰਧਨ ਖੋਹਲੇ, ਇਸਤ੍ਰੀਆਂ ਦਾ ਪਰਦਾ ਹਟਾਇਆ, ਵਿਆਹ ਸੁਖਾਲੇ ਕੀਤੇ, ਖਾਣਾ ਪੀਣਾ ਤੇ ਪਹਿਰਾਵਾ ਸਾਦਾ ਕੀਤਾ, ਮਾਸ ਸ਼ਰਾਬ ਦੀਆਂ ਸੁਆਦਲੀਆਂ ਖੁੱਭਣਾਂ ਚੋਂ ਕੱਢਿਆ, ਹਰ ਭਾਂਤ ਦੇ ਵਿਚਾਲੇ ਨੂੰ ਵਿਵਰਜਿਤ ਕੀਤਾ। ਇਮਾਰਤਾਂ ਦੇ ਜਾਦੂ ਤੋਂ ਜਾਨ ਛਡਾਈ, ਭਜਨ ਕੀਰਤਨ ਲਈ ਖੁਲ੍ਹ ਆਕਾਸ਼ ਦੇ ਪ੍ਰਭਾਵ ਦੀ ਮਹਿਮਾ ਕੀਤੀ, (ਭੈਣੀ ਸਾਹਿਬ ਵਿਚ ਅੰਮ੍ਰਿਤ ਵੇਲੇ ਦੇ ਦੀਵਾਨ ਬਾਹਰ ਮੈਦਾਨ ਵਿਚ ਹੀ ਲਗਦੇ ਹਨ। ਓਥੇ ਆਲੀਸ਼ਾਨ ਛੱਡ ਕੇ, ਸਾਦਾ ਜਿਹਾ ਗੁਰਦੁਆਰਾ ਵੀ ਨਹੀਂ, ਪਰ ਜੋ ਰਸ ਕੀਰਤਨ ਦਾ ਓਥੇ ਹੈ, ਓਹ ਮੈਨੂੰ ਕਿਸੇ ਹੋਰ ਥਾਂ ਨਹੀਂ ਆਇਆ।), ਕਿਰਤ ਕਰਕੇ ਖਾਣ ਨੂੰ ਜ਼ਿੰਦਗੀ ਦੇ ਮੁਖ ਨੇਮਾਂ ਵਿਚ ਸ਼ਾਮਲ ਕੀਤਾ। ਕੋਈ ਨਾਮਧਾਰੀ ਸਾਧੂ ਜਾਂ ਮੰਗਤਾ ਅਜੇ ਤਕ ਮੇਰੇ ਕੋਲ ਨਹੀਂ ਆਇਆ। ਮਹਾਰਾਜ ਜੀ ਦਾ ਮੈਂ ਇਹ ਬੜਾ ਉਪਕਾਰ ਸਮਝਦਾ ਹਾਂ, ਕਿਉਂਕਿ ਧਾਰਮਕ ਮੰਗਤੇ ਨਾਲੋਂ ਸਭਤ ਨੂੰ ਛਿਥਿਆਂ ਪਾਣ ਵਾਲੀ ਸਭਤ ਹੋਰ ਮੈਨੂੰ ਕੋਈ ਨਹੀਂ ਜਾਪਦੀ।

ਏਸ ਤੋਂ ਪਿਛੋਂ ਓਹਨਾਂ ਸਾਰੇ ਦੇਸ ਦੀ ਭਲਿਆਈ ਨੂੰ ਸਾਹਮਣੇ ਰਖਿਆ। ਕਿਉਂਕਿ ਚੰਗੇ ਬਾਗ਼ਾਂ ਵਿਚ ਹੀ ਚੰਗੇ ਪੰਛੀ ਰਹਿ ਸਕਦੇ ਹਨ, ਅਮੀਰ ਹਰਿਆਵਲਾਂ ਵਿਚ ਹੀ ਪੰਛੀਆਂ ਦੇ ਖੰਭਾਂ ਉਤੇ ਅਮੀਰੀ ਦੀ ਝਲਕਾਰ ਆ ਸਕਦੀ ਹੈ। ਦਲਿੱਦਰੀ ਮੁਲਕਾਂ ਵਿਚ ਮਜ਼ੂਰ ਤੇ ਕਈ ਚੰਗੇ ਚੰਗੇ ਪੈਦਾ ਹੋ ਸਕਦੇ ਹਨ, ਜੋਕਰ ਰੋਗੀ ਸ਼ਹਿਰਾਂ ਵਿਚ ਯੋਗ ਹਕੀਮ, ਪਰ ਰਾਮ ਨਗਰੀ ਨਹੀਂ ਆਬਾਦ ਹੋ ਸਕਦੀ। ਰਾਮ ਨਗਰੀ ਵਸਾਣ ਲਈ ਹਸਦੀ, ਰਸਦੀ ਤੇ ਸੁਤੰਤ੍ਰਤਾ ਲੋਕਾਈ ਦੀ ਲੋੜ ਹੈ।

ਏਸ ਲਈ ਖੁਸ਼ਹਾਲੀ ਤੇ ਸੁਤੰਤ੍ਰਾ ਨੂੰ ਮਹਾਰਾਜ ਨੇ ਆਪਣਾ ਵਿਰਦ ਬਣਾ ਲਿਆ। ਸੁਤੰਤ੍ਰ ਦੇਸ਼ ਦੀ ਖ਼ਾਬ ਆਪਣੇ ਸਿਖਾਂ ਦੇ ਮਨਾ ਵਿਚ ਵਸਾ ਦਿਤੀ। ਸ੍ਵਦੇਸ਼ੀ ਦਾ ਅਜਿਹਾ ਮੰਤ੍ਰ ਪੜ੍ਹਾ-

Sri Satguru Jagjit Singh Ji Elibrary NamdhariElibrary@gmail.com

ਇਆ ਕਿ ਕਾਂਗਰਸ ਨਾਲੋਂ ਵੀ ਵਧੀਕ ਸੁੱਚੇ ਸੁਦੇਸ਼ੀ ਜੇ ਲਭਣੇ ਹੋਣ ਤਾਂ ਨਾਮਧਾਰੀਆਂ ਵਿਚੋਂ ਹੀ ਮਿਲਣ ਗੇ। ਕਾਂਗਰਸ ਦੀ ਪ੍ਰਭਤਾ ਜਦੋਂ ਘਟ ਜਾਂਦੀ ਹੈ, ਸੁਦੇਸ਼ੀ ਦੀ ਵਰਤੋਂ ਵੀ ਘਟ ਜਾਂਦੀ ਹੈ, ਪਰ ਨਾਮਧਾਰੀ ਕੋਈ ਟਾਵਾਂ ਹੀ ਐਸਾ ਲਭ ਸਕੇ ਗਾ ਜਿਦੇ ਲਈ ਸੁਦੇਸ਼ੀ ਓਹਦੇ ਧਾਰਮਕ ਭਰੋਸੇ ਦਾ ਅੰਗ ਨਹੀਂ ਬਣ ਚੁਕਿਆ ।

ਆਮ ਤੌਰ ਤੇ ਧਰਮ ਸਰਕਾਰ ਦੀ ਆਸਾਨੀ ਹੁੰਦਾ ਹੈ ਤੇ ਧਾਰਮਕ ਗੱਦੀਆਂ ਉਤੇ ਵਿਰਾਜਨ ਵਾਲੇ ਵਕਤ ਦੀ ਸਰਕਾਰ ਦੇ ਭਾਈਵਾਲ ਹੁੰਦੇ ਹਨ। ਸਰਕਾਰ ਦਾ ਹਥ ਉਹਨਾਂ ਦੀਆਂ ਕੰਡਾਂ ਉਤੇ ਤੇ ਉਹਨਾਂ ਦੀਆਂ ਸਾਰੀਆਂ ਪੇਸ਼ੀਨ-- ਗੋਈਆਂ, ਇਲਹਾਮ, ਉਪਦੇਸ਼ ਉਸ ਦੀ ਸੇਵਾ ਲਈ ਹਾਜ਼ਰ ਹੁੰਦੇ ਹਨ, ਪਰ ਮਹਾਰਾਜ ਰਾਮ ਸਿੰਘ ਜੀ ਨੇ ਇਹ ਪੁਸ਼ਪ-ਸੇਜਾ ਤਿਆਗਕੇ ਜਲਾਵਤਨੀ ਦੇ ਕੰਡਿਆਂ ਵਿਚ ਵਿਝਣਾ ਪ੍ਰਵਾਨ ਕੀਤਾ। ਓਹ ਵੀ ਜੇ ਚਾਹਦੇ ਤਾਂ ਹੋਰਨਾਂ ਵਾਂਗ ਅਖੌਤੀ ਧਰਮ ਦੇ ਪਰਚਾਰ ਦੇ ਆਸਰੇ ਨਿਰੀ ਮਾਨਤਾ ਤੇ ਅਮੀਰੀ ਵਿਚ ਰਹਿ ਸਕਦੇ ਸਨ ਤੇ ਹੋ ਸਕਦਾ ਹੈ, ਸਰਕਾਰ ਕਦੇ ਓਹਨਾਂ ਦੀ ਗੱਦੀ ਨੂੰ ਵੀ ਸਰ ਦਾ ਖਿਤਾਬ ਦੇ ਦੇਂਦੀ, ਪਰ ਅਜ ਇਹ ਗੱਦੀ ਏਨੇ ਵਰ੍ਹਿਆਂ ਦੀ ਇਹਤਿਆਤ ਦ ਬਾਵਜੂਦ ਵੀ ਬਾਰੀਆਂ ਵਿਚ ਗਿਣੀ ਜਾਂਦੀ ਹੈ। ਧਾਰਮਕ ਜਮਾਤ ਕੀਹ ਆਖ ਤੇ ਆਪਣੀ ਜ਼ਮੀਰ ਉਤੇ ਸਰਕਾਰੀ ਕ੍ਰਿਪਾ ਵਾਰ ਸਕਣ ਦੀ ਦਲੇਰੀ ਕੀਹ ਆਖ !

ਇਹ ਕ੍ਰਿਸ਼ਮਾ ਮਹਾਰਾਜ ਰਾਮ ਸਿੰਘ ਜੀ ਦੀ ਬਸੰਤੀ ਰੀਝ ਦਾ ਹੈ, ਜਿਸ ਰੀਝ ਨਾਲ ਓਹਨਾਂ ਹਿੰਦੁਸਤਾਨ ਨੂੰ ਇਕ ਸੁਤੰਤ੍ਰ ਦੇਸ਼ ਬਣਾਨ ਲਈ ਆਪਣਾ ਸਭ ਕੁਝ ਅਰਪਣ ਕਰ ਦਿੱਤਾ। ਏਸੇ ਰੀਝ ਨੂੰ ਪੂਰਿਆਂ ਕਰਨ ਲਈ ਓਹਨਾਂ ਆਪਣੇ ਸਿਖਾਂ ਨੂੰ ਸੇਵਾ ਦਾ ਸਬਕ ਦਿੱਤਾ। ਮੁੜ ਗੁਰੂ ਗੋਬਿੰਦ ਸਿੰਘ ਸਾਹਿਬ ਵਾਲੀ ਖਾਲਸਾ ਫੌਜ ਸਾਜਣ ਦਾ ਜਤਨ ਕੀਤਾ, ਓਹ ਫੌਜ ਜਿਹੜੀ ਆਪਣੇ ਸੁਆਦਾਂ ਤੇ ਅਰਥਾਂ ਨੂੰ ਲੋਕ ਸੇਵਾ ਤੋਂ ਵਾਰ ਸਕੇ। ਆਪਣੇ ਲਈ ਸਾਰੀ ਦੁਨੀਆਂ ਜੀਉਂਦੀ ਹੈ, ਪਰ ਖਾਲਸਾ ਓਹਨਾਂ ਆਤਮਾ ਦਾ ਸੰਗਠਣ ਤਜਵੀਜ਼ ਕੀਤਾ ਗਿਆ ਸੀ, ਜਿਹੜੀਆਂ ਦੂਜਿਆਂ ਲਈ ਜੀਉਨ ਤੇ ਮਰਨ ਲਈ ਤਿਆਰ ਹੋਣ। ਇਹ ਜੀਉਂਦੇ ਸ਼ਹੀਦਾਂ ਦਾ ਲਸ਼ਕਰ ਸੀ। ਨਿਜ-ਮੁਕਤੀ ਤੇ ਨਿਜ-ਸੁਖਾਂ ਦੇ ਚਾਹਵਾਨ ਖਾਲਸਾ ਨਹੀਂ ਆਖੇ ਜਾ ਸਕਦੇ। ਓਹ ਆਮ ਖਲਕਤ ਹਨ।

ਏਸ ਭਾਵ ਨਾਲ ਮਹਾਰਾਜ ਰਾਮ ਸਿੰਘ ਜੀ ਨੇ ਆਪਣੀ ਨਾਮਧਾਰੀ ਫੌਜ ਲਈ ਸੁਆਦ ਵਰਜ ਦਿਤੇ। ਲੋਕ-ਸੇਵਾ ਦਾ ਆਦਰਸ਼ ਸਭ ਤੋਂ ਮੋਹਰੇ ਰਖਿਆ। ਜੇ ਨਾਮਧਾਰੀ ਅਜ ਓਸ ਆਦਰਸ਼ ਨਾਲ ਪੂਰੇ ਹੋਏ ਨਹੀਂ ਜੀਉ ਰਹੇ, ਤਾਂ ਓਹ ਆਪਣੇ ਸਤਿਗੁਰੂ ਦੀ ਰੀਝ ਅਨੁਸਾਰ ਜੀਵਣ ਬਤੀਤ ਨਹੀਂ ਕਰ ਰਹੇ। ਮਹਾਰਾਜ ਦਾ ਆਸ਼ਾ ਨਾਮਧਾਰੀਆਂ ਦੀ ਗਿਣਤੀ ਵਧਾਣ ਲਈ ਟੈਕਨੀਕਲ ਗੁਰਮੰਤ੍ਰ ਪੜ੍ਹਾਣਾ ਨਹੀਂ ਸੀ, ਉਹ ਆਪਣੇ ਦੇਸ਼ ਵਿਚ ਓਹੋ ਬਸੰਤ ਖਿੜੀ ਵੇਖਣੀ ਚਾਹਦੇ ਸਨ, ਜਿਹੜੀ ਓਹਨਾਂ ਦੀ ਆਪਣੀ ਆਤਮਾਂ ਵਿਚੋਂ ਫੁਟ ਨਿਕਲੀ ਸੀ।

ਉਹ ਚਾਹਦੇ ਸਨ ਕਿ ਸਾਵੀਆਂ ਪੈਲੀਆਂ ਪੀਲੇ ਫੁੱਲਾਂ ਨਾਲ ਟਹਿਕਨ, ਲਦੇ ਬਾਗਾਂ ਵਿਚ ਪੰਛੀ ਚਹਿਕਣ, ਪੱਕੇ ਬੰਨਿਆਂ ਉਤੇ ਕਾਮੇ ਹਸਨ, ਹਰੇ ਚਮਨਾਂ ਵਿਚ ਬਚੇ ਖੇਡਣ, ਸ੍ਰਛ ਵਿਹੜਿਆਂ ਵਿਚ ਚੂੜੇ ਛਣਕਣ ਤੇ ਚਰਖਿਆਂ ਦੀ ਘੁਣਕਾਰ ਆਵੇ, ਮਦਾਨਾਂ ਵਿਚ ਕਬਡੀਆਂ ਮੱਚਣ, ਮੰਡੀਆਂ ਵਿਚ ਢੇਰ ਲਿਸ਼ਕਣ, ਵੱਗਾਂ ਵਿਚ ਵਛਿਆਂ ਦੇ ਘੁੰਘਰੂ ਠਨਕਣ, ਕੋਂਸਲਾਂ

Sri Satguru Jagjit Singh Ji Elibrary NamdhariElibrary@gmail.com

ਵਿਚ ਮੁੱਦਬਰ ਸੱਜਣ ਤੇ ਦੇਸ ਦੀ ਧਰਤੀ ਉਤੇ ਹਿੰਦੂ ਮੁਸਲਿਮ ਸਿਖ ਲਾ ਪਰਵਾਹ ਤੇ ਭਰੋਸੇ-ਭਰੀ ਚਾਲ ਢਾਲ ਨਾਲ ਰੁਝੇ ਦਿੱਸਣ, ਜੀਕਰ ਕੋਈ ਮਾਲਕ ਆਪਣੇ ਘਰ ਦੇ ਵਿਹੜੇ ਵਿਚ ਹੁੰਦਾ ਹੈ, ਜਾਂ ਬਸੰਤ ਰੁਤ ਲਹਿ ਲਹਿ ਕਰਦੀਆਂ ਪੈਲੀਆਂ ਵਿਚ ਵਿਗਸ ਵਿਗਸ ਪਈ ਪੈਂਦੀ ਹੈ।

ਜਿਸ ਪੈਲੀ ਚੋਂ ਕਦੇ ਕਿਸੇ ਸਿੱਟੇ ਨੇ ਸਿਰ ਨਹੀਂ ਚੁਕਿਆ, ਓਸ ਵਿਚ ਹਲ ਵਾਹਿਆ ਵੀ ਕਿਸ ਕੰਮ ? ਜਿਸ ਧਨੀ ਦੇ ਬਚਿਆਂ ਗਲ ਲੀਰ ਵਗਣ, ਓਹਦਾ ਬੰਕਾਂ ਵਿਚ ਜੁੜਿਆ ਧਨ ਕਿਸ ਅਰਥ ? ਜਿਸ ਖਲਕਤ ਦੇ ਸਿਰ ਤਲਵਾਰਾਂ ਮਾਰੀਆਂ, ਓਹ ਦੀ ਖਾਲਕ ਦੀ ਪੂਜਾ ਕਿਸ ਲੇਖੇ ? ਓਹ ਮਜ਼ਬ ਕੀਹ ਜਿਦੇ ਪੈਰੋ ਲਾਹੌਰ ਦੀਆਂ ਗਲੀਆਂ ਵਿਚ ਲਹੂ ਦੀ ਹੋਲੀ ਖੇਡਣ !

ਮਹਾਰਾਜ ਰਾਮ ਸਿੰਘ ਜੀ ਤੇ ਹੋਰ ਸਾਰੇ ਅਸਲੀ ਮਹਾਂ ਪੁਰਖ ਸਮਾਜ ਦੇ ਆਚਾਰ, ਦੇਸ਼ ਦੀ ਖੁਸ਼ਹਾਲੀ ਤੇ ਸੁਤੰਤ੍ਰਤਾ ਨੂੰ ਹੀ ਓਹਨਾਂ ਦੇ ਧਰਮ ਦੀ ਕਸੌਟੀ ਸਮਝਦੇ ਹਨ। ਏਸੇ ਲਈ ਓਹ ਆਪਣਾ ਸਾਰਾ ਅਸਰ ਕੌਮਾਂ ਵਿਚ ਜਾਗ੍ਰਤਾ ਪੈਦਾ ਕਰਨ ਲਈ ਵਰਤਦੇ ਹਨ, ਓਹ ਲੋਕਾਂ ਨੂੰ ਉਭਾਰਦੇ ਹਨ, ਸ੍ਵੈ-ਸਨਮਾਨ ਸਿਖਾਂਦੇ ਹਨ, ਬੁਤਾਂ ਤੇ ਭਰਮਾਂ ਕੋਲੋਂ ਛੁਡਾ ਕੇ ਕੁਦਰਤ ਵਿਚ ਕਾਦਰ ਨੂੰ ਵੇਖਣਾਂ ਸਿਖਾਂਦੇ ਹਨ, ਪਰ ਧਰਮ ਦੀ ਓਟ ਲੈਕੇ ਮਾਨਤਾ ਦੀ ਭੁਖ ਪੂਰੀ ਕਰਨ ਵਾਲੇ ਅਖੌਤੀ ਧਾਰਮਕ ਪੁਰਖ ਸੁਰਗ ਦੇ ਲਾਰਿਆਂ ਤੇ ਅਗਲੀ ਦੁਨੀਆਂ ਦੀ ਮੁਕਤੀ ਨਾਲ ਵਰਤਮਾਨ ਜ਼ਿੰਦਗੀ ਦੀ ਮਹਿਮਾ ਘਟਾ ਕੇ ਜਨਤਾ ਨੂੰ ਬੇ ਯਕੀਨ, ਸ਼ੰਕਿਆਂ-ਭਰੀ ਤੇ ਡਾਵਾਂ ਡੋਲ ਬਣਾਦੇਂਦੇ ਹਨ,ਤਾਂਕਿ ਓਹ ਹਮੇਸ਼ਾਂ ਰਹਿਬਰੀ ਦੇ ਮੁਥਾਜ ਰਹਿਣ ਤੇ ਓਹਨਾਂ ਵਿਚ ਕਦੇ ਜਾਗ੍ਰਤਾ ਪੈਦਾ ਨਾ ਹੋ ਸਕੇ।

ਅਸਲੀ ਮਹਾਂ ਪੁਰਖ, ਗੁਰੂ ਗੋਬਿੰਦ ਸਿੰਘ ਸਾਹਿਬ ਵਾਂਗ ਆਪਣੀ ਮਾਨਤਾ ਦੇ ਵਿਰੁਧ ਬੜੀ ਕਰੜੀ ਆਗਿਆ ਦੇਂਦੇ ਹਨ।

ਅਜ ਹਿੰਦੁਸਤਾਨ ਦਾ ਸ਼ੋਕਮਈ ਦਲਿਦਰ, ਸ੍ਵੈ-ਭਰੋਸੇ ਦੀ ਅਨਹੋਂਦ, ਜਹਾਲਤ ਦੀ ਬਹੁ-ਲਤਾ, ਰਸਮਾਂ ਤੇ ਭਰਮਾਂ ਦੀ ਗੁਲਾਮੀ, ਪੁਲੀ-ਟੀਕਲ ਮੱਕਾਰੀ, ਧਾਰਮਕ ਨੇਸਤੀ, ਤਅਸਬਾਂ ਦੀ ਹਕੂਮਤ ਵੇਖ ਕੇ ਮੇਰੇ ਦਿਲੋਂ ਅਰਜ਼ੋਈ ਉਠਦੀ ਹੈ ਕਿ ਚੋਨੀ ਵਾਲੇ ਵਰਗਾ ਕੋਈ ਮਹਾਂ ਪੁਰਖ, ਜਿਹੜਾ ਧਾਰਮਕ ਰੁਚੀਆਂ ਦੀ ਧਰਮ-ਭੁਖ ਤੇ ਉਨਤੀ ਦੇ ਜਾਚਕਾਂ ਦੀ ਆਕਾਸ਼ ਭੁਖ, ਇਕੋ ਆਪਣੀ ਉਚੀ ਤੇ ਸੁੱਚੀ ਸ਼ਖਸੀ-ਅਤ ਨਾਲ ਲਾਹ ਸਕਦਾ ਹੋਵੇ, ਸਾਡੇ ਦੇਸ਼ ਦੀਆਂ ਤਾਕਤਾਂ ਦੀ ਅਗਵਾਈ ਕਰੇ। ਨਾ ਮਾਦਾ ਪ੍ਰਸਤਾਂ ਦੀ ਧਨ-ਦੌੜ ਮਨ ਨੂੰ ਖਿਚਦੀ ਹੈ, ਤੇ ਨਾਂ ਧਰਮੀਆਂ ਦੇ ਮੋਰਚੇ,ਪਿਕਟਾਂ ਤੇ ਘ੍ਰਿਣਾਂ ਖਲਾਰਦੇ ਨਾਹਰੇ ਚੰਗੇ ਲਗਦੇ ਹਨ। ਨਾ ਧਨ ਦਾ ਤੋਲ ਪੂਰਾ ਜਾਪਦਾ ਹੈ, ਨਾ ਪਾਠਾਂ ਨਮਾਜ਼ਾਂ ਦੀ ਪਰਖ-ਹੀਨ ਤੱਕੜੀ। ਦੋਹਾਂ ਤੱਕ-ੜੀਆਂ ਉਤੇ ਖੋਟੇ ਆਦਮੀ ਵੀ ਖਰੇ ਤੋਲੇ ਜਾ ਰਹੇ ਹਨ। ਕਿਸੇ ਸੁੱਚੇ ਤੋਲਣ ਹਾਰੇ ਲਈ ਮਨ ਤਾਂਘਦਾ ਹੈ, ਕਿਸੇ ਧਰਮ-ਕਾਂਟੇ ਲਈ ਲੋਚ ਦਾ ਹੈ, ਪੂਰੇ ਵਟਿਆਂ ਦੀ ਮੰਗ ਕਰਦਾ ਹੈ।

ਫੇਰ ਕੀਕਰ ਕਤਲਆਮਾਂ ਨੂੰ ਲੋਕ ਧਾਰ-ਮਕ ਆਣ-ਸ਼ਾਨਾਂ ਆਖ ਕੇ ਭੁਲੇਖਾ ਪਾ ਸਕਣ ਗੇ, ਫੇਰ ਕੀਕਰ ਭਰਾਵਾਂ ਦੇ ਕਾਤਲ ਗ਼ਾਜ਼ੀ ਤੇ ਸ਼ਹੀਦ ਅਖਵਾ ਸਕਣ ਗੇ, ਫੇਰ ਕੀਕਰ ਭਰਾਵਾਂ ਦੇ ਦਿਲਾਂ ਵਿਚ ਘ੍ਰਿਣਾਂ ਦਾ ਜ਼ਹਿਰ ਪਾਣ ਵਾਲੇ ਧਾਰਮਕ ਲੀਡਰ ਤੇ ਅਮੀ-ਰੁਲ ਮਿਲਤ ਸਮਝੇ ਜਾ ਸਕਣ ਗੇ, ਫੇਰ ਕੀਕਰ ਸਾਂਝੇ ਘਰ ਨੂੰ ਵੈਰੀਆਂ ਦੇ ਹੱਥੀਂ ਵੇਚਣ ਵਾਲੇ ਨਾਮਣੇ ਖਟ ਸਕਣ ਗੇ ! ਬਗਲੇ ਭਗਤਾਂ ਦੀ ਸਮਾਧੀ ਦਾ ਪਾਜ ਖੁਲ੍ਹ ਜਾਇਗਾ,

Sri Satguru Jagjit Singh Ji Elibrary NamdhariElibrary@gmail.com

ਝੂਠੇਵ ਰਾਗਾਂ ਦੀ ਤੁਹਿ ਵਿਚੋਂ ਫ਼ਰੇਬੀ ਐਸ਼ ਦਾ ਮੁੰਹ ਨੰਗਾ ਹੋ ਜਾਇਗਾ, ਤੇ ਪੰਥ, ਕੌਮ, ਦੇਸ਼ ਮਜ਼ਬੂਆਂ ਦੀਆਂ ਓਟਾਂ ਵਿਚੋਂ ਲੁਕ ਲੁਕ ਕੇ ਖਲਕਤ ਦਾ ਖ਼ੂਨ ਕਰਨ ਵਾਲਿਆਂ ਦੇ ਹੱਥ ਆਰ ਖੋਹ ਲਏ ਜਾਣਗੇ।

ਫੇਰ ਕੀਹ ਹੋਵੇਗਾ ? ਜੋ ਮਹਾਰਾਜ ਰਾਮ ਸਿੰਘ ਜੀ ਦੀ ਰੀਝ ਸੀ।

"ਭੈਣਾਂ ਦੇ ਤਨ ਕੱਜੇ ਹੋਣਗੇ, ਭਰਾਵਾਂ ਦੇ ਢਿਡ ਭਰੇ ਹੋਣਗੇ, ਨਫਾਕ ਦਾ ਡੇਰਾ ਉਖੜੇਗਾ, ਪਿਆਰ ਦਾ ਸੂਰਜ ਚਮਕੇਗਾ, ਭਰਾ ਨੂੰ ਭਰਾ ਨਾਲ ਮਿਲਨੋਂ ਆਰ ਨਹੀਂ ਹੋਵੇਗੀ, ਰਹੇਗਾ ਬ੍ਰਹਮਣ ਜਾਂ ਕੋਈ ਚੁਮਾਰ ਨਹੀਂ, ਬੰਦਾਬੰਦਾ ਨਿਵਾਜ਼ ਨੂੰ ਵੇਖ ਲਏਗਾ;ਅਨੇਕ ਦੀ ਓਟ ਵਿਚ ਲੁਕੇ ਉਸਇਕ ਨੂੰ ਪੇਖ ਲਏਗਾ !

ਜ਼ਾਲੀਮ ਰਹੇਗਾ ਨਾ ਫਕੀਰ ਰਹੇਗਾ, ਨਾ ਪਾਕ ਤੇ ਨਾ ਕੋਈ ਹਕੀਰ ਰਹੇਗਾ, ਨਫਾਕ ਦਾ ਸਾਇਆ ਦੂਰ ਹੋਵੇਗਾ, ਜਦੋਂ ਮਹਿਰਮ ਆਲਮ ਦਿਸ ਪਵੇਗਾ !

ਫੇਰ ਸਭ ਰੂਹਾਂ ਆਜ਼ਾਦ ਹੋਣਗੀਆਂ, ਨਾ ਕੌਮ ਦੀ ਕੈਦ, ਨਾ ਜ਼ਾਤ ਦੀ ਵੰਡ ਹੋਵੇਗੀ, ਨਾ ਕੋਈ ਮਹਿਕੂਮ ਤੇ ਨਾ ਕੋਈ ਹੁਕਮਰਾਨ ਹੋਣਗੇ, ਸਭੋ ਰਾਸਤੀ ਦੀ ਰਾਹ ਵਿਚ ਸ਼ਾਦਮਾਨ ਹੋਣਗੇ।

"ਬਹਾਰ ਆਇਗੀ ਮੁੜ ਏਥੇ, ਉਖਾੜੇਗਾ ਖਿਜ਼ਾਂ ਡੇਰਾ। ਬਹਿਸ਼ਤ ਹੋਇਗਾ ਧਰਤ ਉਤੇ, ਮੁੜ ਇਹ ਹਿੰਦੋਸਤਾਂ ਮੇਰਾ।"

ਸਭਨਾਂ ਨੇ ਜਾ ਜਾ ਚੁੰਮਿਆ !

(ਵਲੋਂ ਸ੍ਰੀਮਾਨ ਸਰਦਾਰ ਗੁਰਬਖਸ਼ ਸਿੰਘ ਜੀ "ਜੱਟ" ਜੀਆ ਬੱਗਾ)

ਪਾਈ ਖਿਜ਼ਾਂ ਨੇ ਤਕਿਆ ਜਿਸ ਤਰਫ ਡਾਹਡੀ ਲੂਟ ਸੀ।
ਦਿਤੀ ਜੋ ਆਇਆ ਹਥ ਵਿਚ ਸਭਨਾਂ ਦੀ ਮਿਟੀ ਪੁਟ ਸੀ।
ਰੁੱਖਾਂ ਦਰਖਤਾਂ ਖੇਤੀਆਂ ਦੀ ਛਿਲ ਲਾਹ ਕੇ ਖਾ ਗਈ।
ਸਭ ਕੁਝ ਹੜ੪ ਕਰ ਗਈ ਏਹ ਡੈਨ ਕਿਥੋਂ ਆ ਗਈ।

ਬਾਗਾਂ ਦੇ ਪਤਰ ਸੁਕ ਕੇ ਫਿਰਦੇ ਸੀ ਥਾਂ ਥਾਂ ਖੜਕਦੇ।
ਜਿਸ ਦਾ ਮੈਂ ਸੀਨਾ ਫੋਲਿਆ ਦੁਖ ਸਨ ਕਲੇਜੇ ਰੜਕਦੇ।
ਨਾ ਬੁਲਬੁਲਾਂ ਸਨ ਬਾਗ ਵਿਚ,ਤੋਤੇ ਨਾ ਮੈਨਾਂ ਮੋਰ ਸਨ।
ਕੋਇਲ ਨਾ ਕਿਧਰੇ ਕੂਕਦੀ, ਕਾਂਵਾਂ ਦੇ ਥਾਂ ਥਾਂ ਸ਼ੋਰ ਸਨ।

ਸਭਨਾਂ ਦੇ ਗਲ ਵਿਚ ਏਸ ਨੇ ਪਾਇਆ ਅਜੇਹਾ ਫਾਹ ਸੀ।
ਜੀ ਜੀ ਦੇ ਅੱਗੇ ਪੌਣ ਵੀ ਲੈਂਦੀ ਪਈ ਠੰਢੇ ਸਾਹ ਸੀ।
ਆਇਆ ਅੜਿਕੇ ਵਿਚ ਜੋ, ਲੱਸੀ ਵਾਂਗਰ ਜੋਕ ਦੇ।
ਸਾਡੇ ਈ ਫੜਕੇ ਖਾ ਗਈ ਅੱਗੋਂ ਜੋ ਇਸ ਨੂੰ ਰੋਕ ਦੇ।

ਲੱਭਾਂ ਨਾ ਜਦ ਕੁਝ ਖਾਨ ਨੂੰ ਕਰਕੇ ਦਲੀਲਾਂ ਪੱਕੀਆਂ।
ਸਿਖਾਂ ਦੇ ਘਰ ਵਲ ਤਕਕੇ ਲੱਗੀ ਸੀ ਫਕਨ ਫੱਕੀਆਂ।
ਲਾਈ ਚਵਾਤੀ ਖਿਚ ਕੇ ਇਸ ਨੇ ਅਜੇਹੀਆਂ ਆਂਉਦਿਆਂ।
ਲੱਗੇ ਲੜਨ ਆਪਸ ਦੀ ਵਿਚ ਸਿਖ ਗੌਂਦਿਆਂ ਹੀ ਗੌਂਦਿਆ।

Sri Satguru Jagjit Singh Ji Elibrary NamdhariElibrary@gmail.com

ਬੇਟੇ ਨੇ ਕੀਤਾ ਬਾਪ ਨੂੰ ਭਾਈ ਨੇ ਭਾਈ ਕਤਲ ਸੀ।
ਸਿੱਖਾਂ ਦੀ ਮਾਹੀ ਮਤ ਚਾ ਹੁੰਦਾ ਅਜੇਹਾ ਅਦਲ ਸੀ।
ਬਹਿੰਦਾ ਸੀ ਜੇਹੜਾ ਤਖਤ ਤੇ ਤਲਵਾਰ ਗਲ ਦਾ ਹਾਰ ਸੀ।
ਹਫਤਾ ਨ ਸੀ ਕੁਈ ਕਢਦਾ ਗਰਦਣ ਤੋਂ ਹੁੰਦੀ ਪਾਰ ਸੀ।
ਤਲਵਾਰ ਤੋਂ ਜੋ ਬਚ ਰਿਹਾ ਏਹ ਮਾਰ ਉਤੋਂ ਲਤ ਚਾ।
ਹੇਠੋਂ ਜਦੋਂ ਸਨ ਲੰਘਦੇ ਸੀ ਡੇਗ ਦੇਂਦੀ ਛੱਤ ਚਾ।
ਚੁਣ ਚੁਣ ਕੇ ਲੁਕਮੇ ਕਰ ਗਈ ਸਿਖਾਂ ਦੇ ਕਰਮੋ ਕਾਂਡ ਦੇ।
ਬੱਚਿਆ ਨਾ ਕੋਈ ਇਕ ਵੀ ਆਇਆ ਜੋ ਹਥ ਇਸ ਰਾਂਡ ਦੇ।
ਲੱਗੇ ਨਚਾਵਨ ਰੰਡੀਆਂ ਭੰਡਾਂ ਦੇ ਬਨ ਗੈ ਯਾਰ ਸਨ।
ਲਾਂਹਦੇ ਕਛਹਿਰੇ ਸਨ ਤਦੋਂ ਸਿੱਖਾਂ ਦੇ ਸਿਖ ਸ੍ਰਦਾਰ ਸਨ।
ਪੀ ਪੀ ਸ਼ਰਾਬ ਕਬਾਬ ਨੂੰ ਖਾਂਦੇ ਸੀ ਮੁਛ ਮਰੋੜ ਕੇ।
ਬਹਿੰਦੇ ਸੀ ਸਿੱਖੀ ਧਰਮ ਦੀ ਅਸਲੋਂ ਈ ਬੇੜੀ ਬੋੜ ਕੇ।
ਸੁਚ ਸੋਧ, ਜਤ,ਸਤ, ਰੁੜ੍ਹ ਗਿਆ ਵਿਚ ਕਾਮ ਵਾਲੀ ਨਹਿਰ ਦੇ।
ਉਠਕੇ ਜੋ ਪੜ੍ਹਦੇ ਬਾਣੀਆਂ ਸਨ ਸਿਖ ਤੜਕੇ ਪਹਿਰ ਦੇ।
ਦੀਵਾਨ ਨਾ ਨਸ਼ਾਨ ਨਾ ਝੰਡੇ ਨਾ ਸਿਖੀ ਝੁੱਲ ਦੇ।
ਦਾਹੜੀ ਤੇ ਮੁੱਛਾਂ ਪੁਟਨਾਂ ਇਹ ਕੰਮ ਹੈਸਨ ਕੁੱਲ ਦੇ।
ਦਸਮੇਸ਼ ਜੀ ਦੀ ਦਹਿਤ ਤੇ ਉਪਕਾਰ ਸਾਰੇ ਭੁਲ ਗਏ।
ਵਿਸ਼ਿਆਂ ਵਿਕਾਰਾਂ ਤੇ ਕੁਰਹਿਤਾਂ ਦੇ ਹੀ ਬੂਹੇ ਖੁਲ੍ਹ ਗਏ।
ਭੈਣੀ ਦੇ ਅੰਦਰ ਨੂਰ ਦਾ ਉਸ ਵਕਤ ਸੋਮਾਂ ਫੁਟਿਆ।
ਸਤਿਜੁਗ ਦਾ ਸੂਰਜ ਚੜ੍ਹ ਪਿਆ ਕਲਜੁਗ ਦਾ ਤਾਰਾ ਟੁਟਿਆ।
ਧਰਤੀ ਦਾ ਸੀਨਾ ਟਹਿਕਿਆ ਥਾਂ ਥਾਂ ਤੇ ਮਹਿਕੇ ਫੁਲ ਨੇ।
ਫੁਲਾਂ ਨੂੰ ਜਿਸ ਦਮ ਵੇਖਿਆ ਬੁਲ ਬੁਲ ਦੇ ਫੁਰਕੇ ਬੁਲ੍ਹ ਨੇ।
ਭੌਰੇ ਗੁੰਜਾਰਾਂ ਕਢਦੇ ਕਲੀਆਂ ਨੇ ਖੋਲ੍ਹੇ ਮੁਖੜੇ।
ਦਿਸੀ ਖਿਜ਼ਾਂ ਨਾ ਭੱਜਦੀ ਨਸੇ ਨਾ ਦਿਸੇ ਦੁਖੜੇ।
ਰਾਏ ਸਿੰਘ ਨੂੰ ਸਿੰਘ ਤੋਂ ਵਾਹ ਵਾਹ ਛੁਡਾਵਨ ਵਾਲਿਆ।
ਬੁੱਢੀ ਦੇ ਮੋਏ ਪੁਤ ਨੂੰ ਵਾਹ ਵਾਹ ਬਚਾਵਨ ਵਾਲਿਆ।
ਤੇਰੇ ਇਹ ਸਭ ਉਪਕਾਰ ਨੇ ਘਰ ਘਰ ਖੁਲ੍ਹੇ ਦਰਬਾਰ ਨੇ।
ਧੀਆਂ ਬਚਾਈਆਂ ਮਰਨ ਤੋਂ ਤੇਰੇ ਵਿਹਾਰ ਸੁਧਾਰ ਨੇ।
ਵਾਹ ਪ੍ਰੇਮ ਤੇਰੇ ਨੇਮ ਨੇ, ਵਾਹ ਸਾਦਗੀ ਦੇ ਵਾਹ ਕਰਮ ਨੇ।
ਵਾਹ ਸੁਚ ਤੇਰੀ ਸੋਧ ਵਾਹ ਇਤਿਫਾਕ ਤੇ ਵਾਹ ਧਰਮ ਨੇ।
ਸਭਨਾਂ ਨੂੰ ਛਾਤੀ ਲਾਲਿਆ ਇਕ ਪ੍ਰੇਮ ਸੋਮਾਂ ਸੁੰਮਿਆਂ
ਭੈਣੀ ਦੀ "ਜਟਾ" ਰੇਤ ਨੂੰ ਸਭਨਾਂ ਨੇ ਜਾ ਜਾ ਚੁੰਮਿਆਂ

Sri Satguru Jagjit Singh Ji Elibrary NamdhariElibrary@gmail.com

ਆਜ਼ਾਦੀ ਦਾ ਸੰਦੇਸਾ ਦੇਣ ਵਾਲਾ

(ਵਲੋਂ ਸ੍ਰੀ ਮਾਨ ਸਰਦਾਰ ਦੀਵਾਨ ਸੰਘਜੀ 'ਮਝੈਲ' ਸਕਤ੍ਰ ਸ਼੍ਰੋਮਣੀ ਅਕਾਲੀ ਦਲ)

ਬਸੰਤ ਪੰਚਮੀ ਉਹ ਸ਼ੁਭ ਦਿਨ ਹੈ, ਜਿਸ ਦਿਨ ਕਿ ਜ਼ਿਲਾ ਲੁਧਿਆਣੇ ਦੇ ਇਕ ਗੁਮਨਾਮ ਜਹੇ ਪਿੰਡ ਭੈਣੀ ਵਿਚ, ਇਕ ਸਚੇ ਮਹਾਂ ਪੁਰਖ ਨੇ ਜਨਮ ਲਿਆ ਸੀ। ਉਸ ਮਹਾਂ ਪੁਰਖ ਦਾ ਨਾਮ ਸਿਖ ਇਤਿਹਾਸ ਵਿਚ ਬੜੇ ਗੌਰਵ ਵਾਲਾ ਹੈ। ਨਾਮਧਾਰੀ ਸੰਪ੍ਰਦਾਇ ਉਸ ਦੀ ਸਦਾ ।ਜਉਂਦੀ ਜਾਗਦੀ ਦੀ ਯਾਦਗਾਰ ਹੈ ਤੇ ਜਿਸ ਦੇ ਅਨੁਯਾਈਆਂ ਨੂੰ ਵੇਖ ਕੇ ਆਪ ਤੋਂ ਆਪ ਪਤਾ ਲਗ ਜਾਂਦਾ ਹੈ ਕਿ ਉਸ ਨੇ ਸਿਖੀ ਵਿਚ ਕਿਹੜੇ ਉਚੇ ਆਦਰਸ਼ ਨੂੰ ਪਰਚਾਰਿਆਸੀ।

੧੯੨੧ ਤੋਂ ਪਹਿਲਾਂ ਭੈਣੀ ਸਾਹਿਬ ਨੂੰ ਬਾਗ਼ੀਆਂ ਦਾ ਬਹੁਤਵਡਾ ਗੜ੍ਹ ਸਮਝਿਆ ਜਾਂਦਾ ਸੀ ਅਤੇ ਸਰਕਾਰ ਅੰਗ੍ਰੇਜ਼ੀ ਨਾਮਧਾਰੀਆਂ ਦੀ ਓਸੇ ਤਰਾਂ ਹੀ ਕਰੜੀ ਨਿਗਰਾਨੀ ਰਖਦੀ ਸੀ, ਜਿਵੇਂ ਅਜ ਕਲ ਬੰਗਾਲ ਦੇ ਯਰਕਾਊਆਂ ਅਤੇ ਬਾਕੀ ਪ੍ਰਾਂਤਾਂ ਦੇ ਕਿਰਤੀ ਆਗੂਆਂ ਦੀ ਰਖਦੀ ਹੈ। ਸਚ ਮੁਚ ਬੰਗਾਲ ਦੇ ਸ਼ਹਿਰ ਮੇਦਨਾ ਪੁਰ ਦੀ ਜਿਹੜੀ ਹਾਲਤ ਅਜ ਕਲ ਹੈ, ਏਹੋ ਹਾਲਤ ਓਦੋਂ ਏਸ ਨਿਕੇ ਜਹੇ ਪਿੰਡ ਦੀ ਸੀ। ਦਰਸ਼ਨ ਕਰਨ ਆਏ ਸਿਖਾਂ ਨੂੰ ਪਿੰਡ ਨਹੀਂ ਸੀ ਵੜਨ ਦਿਤਾ ਜਾਂਦਾ ਤੇ ਕਈ ਵੇਰਾਂ ਐਸਾ ਵੀ ਹੁੰਦਾ ਸੀ ਕਿ ਜ਼ ਉਹ ਪਿੰਡੋਂ ਬਾਹਰ ਵਾਰ ਦੂਰ ਬੈਠਕੇ ਦੀਵਾਨ ਸਜਾਂਦੇ ਸਨ, ਤਾਂ ਪੁਲਿਸ ਉਹਨਾਂ ਨੂੰ ਓਥੇ ਵੀ ਨਹੀਂ ਸੀ ਬੈਠਣ ਦਿੰਦੀ। ਨਾਮਧਾਰੀਆਂ ਨਾਲ ਇਹ ਸਲੂਕ ਕਿਉਂ ਕੀਤਾ ਜਾਂਦਾ ਸੀ? ਕੇਵਲ ਇਸ ਲਈ ਕਿ ਉਹਨਾਂ ਦੇ ਦਿਲਾਂ ਵਿਚ ਆਪਣੇ ਦੇਸ਼ ਲਈ ਸਚਾ ਪਿਆਰ ਸੀ ਤੇ ਉਹ ਚਾਹੁੰਦੇ ਸਨ ਕਿ ਬਦੇਸ਼ੀ ਸਤਕਾਰ ਦੀ ਥਾਂ ਭਾਰਤ ਭੂਮੀ ਤੇ ਭਾਰਤੀਆਂ ਦਾ ਆਪਣਾ ਰਾਜ ਹੋਵੇ। ਉਹ ਪੱਕੇ ਨਾ ਮਿਲਵਰਤਨੀਏ ਸਨ ਅਤੇ ਵਸ ਲਗਦੇ ਸਰਕਾਰ ਦੀ ਕਿਸੇ 'ਬਰਕਤ' ਪਾਸੋਂ ਵੀ ਲਾਭ ਪ੍ਰਾਪਤ ਨਹੀ ਸਨ ਕਰਦੇ। ਹਾਂ, ਹਾਂ, ਉਹ ਗਵਾਚੀ ਹੋਈ ਸਿਖ ਸ਼ਾਨ ਨੂੰ ਮੋੜਨ ਦਾ ਸੁਫਨਾ ਲੈਂਦੇ ਸਨ, ਉਹ ਕਲਗੀਆਂ ਵਾਲੇ ਦੇ ਖੜੇ ਕੀਤੇ ਝੰਡੇ ਨੂੰ ਅਜ਼ਾਦ ਵਾਯੂ ਮੰਡਲ ਵਿਚ ਲਹਿਰਾਂਉਦਾ ਵੇਖਣ ਦੇ ਇਛਾ ਵਾਨ ਸਨ ਅਤੇ ਇਹ ਗੁਨਾਹ ਐਸਾ ਨਹੀਂ ਸੀ ਕਿ ਜਿਸਨੂੰ ਦਾਨੀ ਸਰਕਾਰ ਅੰਗ੍ਰੇਜ਼ੀ ਬਰਦਾਸ਼ਤ ਕਰ ਸਕਦੀ।

ਉਹਨਾਂ ਦੇ ਸੀਨਿਆਂ ਵਿਚ ਆਜ਼ਾਦੀ ਦੇ ਇਹ ਉਚੇ ਵਲਵਲੇ ਓਸ ਮਹਾਂ ਪੁਰਖ ਨੇ ਭਰੇ ਸਨ, ਜਿਸਦਾ ਪਵਿਤ੍ਰ ਜ਼ਿਕਰ ਕਿ ਮੈਂ ਲੇਖ ਦੇ ਅਰੰਭ ਵਿਚ ਕਰ ਆਇਆ ਹਾਂ। ਸਿਖ ਰਾਜ ਦੀ ਆਖਰੀ ਪਰ ਮਧਮ ਜਹੀ ਝਲਕ ਉਹ ਵੇਖ ਚੁਕਾ ਸੀ। ਉਸ ਵੰਹਦੀ ਹਾਲਤ ਵਿਚ ਵੀ ਸਤਿਲੁਜ ਤੋਂ ਲੈਕੇ ਖ਼ੈਬਰ ਤੀਕ ਖਾਲਸੇ ਦੇ ਨਾਮ ਦਾ ਖ਼ਤਬਾ ਪੜ੍ਹਿਆ ਜਾਂਦਾ ਸੀ ਅਤੇ ਜਿਥੇ ਕਿਤੇ ਇਕ ਖ਼ਾਲਸਾ ਵੀ ਹੁੰਦਾ ਸੀ, ਸ਼ਾਹਾਨਾਂ ਵਕਾਰ ਨਾਲ ਰਹਿੰਦਾ ਸੀ। ਫਿਲਮ ਦੇ ਪਰਦੇ ਵਾਂਗ ਇਹ ਨਜ਼ਾਰਾ ਛੇਤੀ ਹੀ ਅਖਾਂ ਤੋਂ ਉਹਲੇ ਹੋ ਗਿਆ ਅਤੇ ਨਮਕ-ਹਰਾਮ ਸਰਦਾਰਾਂ ਦੀ ਗ਼ਦਾਰੀ ਤੇ ਪੱਛਮੀ ਕੂਟ ਨੀਤੀ ਦੀਆਂ ਚਾਲਾਂ ਨਾਲ ਹੰਨ ਹੰਨੇ ਅਮੀਰ ਬਣਿਆ ਖਾਲਸਾ, ਦੂਜਿਆਂ ਦਾ ਗੁਲਾਮ ਬਣ ਗਿਆ। ਖਾਲਸੇ ਦੀ ਇਹ ਗੁਲਾਮੀ ਉਸ ਮਹਾਂ ਪੁਰਸ਼ ਲਈ ਅਸਹਿ ਹੋਕੇ ਭਾਸ ਰਹੀ ਸੀ ਤੇ ਜਿਸ ਨੂੰ ਦੂਰ ਕਰਨ ਲਈ ਉਹ ਦਿਨ ਰਾਤ ਵਿਆਕੁਲ ਰਹਿੰਦਾ ਸੀ।

ਉਸ ਨੇ ਖਾਲਸੇ ਨੂੰ ਜਥੇ ਬੰਦ ਕੀਤਾ, ਦੇਸ਼ ਭਗਤੀ ਤੇ ਸਾਂਈਂ ਭਗਤੀ ਦੇ ਲਾਈਟ ਹਾਊਸ ਜਗਾਏ। ਇਕ ਪਾਸੇ ਨਾਮ ਸਿਮਰਨ ਦੀ ਜੁਗਤੀ ਸਮਝਾਈ ਤੇ ਦਿਤ ਪਾਸੇ

Sri Satguru Jagjit Singh Ji Elibrary NamdhariElibrary@gmail.com

ਸੁਤੰਤ੍ਰਤਾ ਪ੍ਰਾਪਤ ਕਰਨ ਦਾ ਉਹ ਗੁਰ ਦਸਿਆ ਜਿਸਦੀ ਪਹਿਲੀ ਸੰਥਾ ਕਲਗੀਆਂ ਵਾਲੇ ਨੇ ਕੇਸ ਗੜ੍ਹ ਦੇ ਦੀਵਾਨ ਵਿਚ ਪੰਜ ਸਿਰ ਲੈਕੇ ਦਿਤੀ ਸੀ। ਪਿਛੋਂ ਜੋ ਕੁਝ ਹੋਇਆ ਸਾਰੇ ਜਾਣਦੇ ਹਨ ਤੇ ਮੈਂ ਉਹ ਅਫਸੋਸ ਵਾਲੇ ਸਮਾਚਾਰ ਲਿਖਕੇ ਪਾਠਕਾਂ ਨੂੰ ਦੁਖੀ ਕਰਨਾ ਨਹੀ ਚਾਹੁੰਦਾ। ਅਜ ਓਸ ਦੇ ਬਹੁਤ ਵਡੇ ਅਮਲੀ ਪਰਚਾਰ ਅਤੇ ਆਜ਼ਾਦੀ ਦੇ ਸਚੇ ਪੈਰੰਬਰ ਦਾ ਜਨਮ ਪੁਰਬ ਹੈ। ਮੈਂ ਚਾਹੁਦਾ ਹਾਂ ਕਿ ਇਸ ਪਵਿਤ੍ਰ ਯਾਦ ਵਿਚ ਅਸੀਂ ਉਸਦੇ ਪਾਏ ਪੁਰਨਿਆਂ ਤੇ ਚਲਣ ਦਾ ਜਤਨ ਕਰੀਏ ਅਤੇ ਅਜ਼ਾਦੀ ਦਾ ਭੁੱਲਾ ਹੋਇਆ ਸਬਕ ਚੇਤੇ ਕਰਕੇ ਦੇਸ਼ ਦੀ ਗੁਲਾਮੀ ਦੀਆਂ ਜ਼ੰਜੀਰਾਂ ਕੱਟੀਏ ।

ਚੀਨੀ ਵਾਲੇ ਪ੍ਰੀਤਮ

(ਵਲੋਂ—ਸ੍ਰੀਮਾਨ ਸੰਤ ਮੀਹਾਂ ਸਿੰਘ ਜੀ ਸੂਬਾ ਸ੍ਰੀ ਭੈਣੀ ਸਾਹਿਬ)

ਜੀਵ ਜੰਤ ਨੇ ਅਜ ਨਿਹਾਲ ਹੋਏ,
ਬਨਰਾਇ ਤੇ ਤਕ ਕੇ ਬਹਾਰ ਆਈ।
ਧਰਤੀ ਮਾਤ ਦਾ ਰਿਦਾ ਪ੍ਰਫੁਲਤ ਹੋਇਆ,
ਪਹਿਨ ਨਵੀਂ ਪੋਸ਼ਾਕ ਗੁਲਜ਼ਾਰ ਆਈ।
ਮਹਿਕਾਂ ਪਸਰੀਆਂ ਪੌਣ ਦੇ ਚੜ੍ਹ ਮੋਢੀਂ,
ਰੰਗਤ, ਸੋਹਜ ਲੈ ਨਵੇਂ ਸ਼ਿੰਗਾਰ ਆਈ।
ਚੀਨੀ ਵਾਲੇ ਦੇ ਗਲੇ ਵਿਚ ਪਾਣ ਦੇ ਲਈ,
ਰੁਤ ਬਸੰਤ ਲੈ ਫੁੱਲਾਂ ਦੇ ਹਾਰ ਆਈ।
ਤੇਰਾ ਆਵਣਾ,ਬਰਕਤਾਂ ਲਿਆਵਣਾ ਏਂ,
ਸਾਡੇ ਨੈਣਾਂ ਤੇ ਆਸਣ ਵਿਛਾ ਪ੍ਰੀਤਮ।
ਜਨਮ ਜਨਮ ਦੇ ਵਿਛੜੇ ਮੇਲ ਲੈ ਹੁਣ,
ਚਿਰ ਦੇ ਰੁਲਦਿਆਂਨੂੰ ਚਰਨੀਂ ਲਾ ਪ੍ਰੀਤਮ।

ਚੀਨੀ ਵਾਲੇ ਦਾ ਆਗਮਨ

(ਵਲੋਂ—ਸ੍ਰੀਮਾਨ ਬਾਬਾ ਜਵਾਲਾ ਸਿੰਘ ਜੀ ਪਿੰਡ ਆਦਮ ਪੁਰ)

ਘੋਲੀਆਂ ਵਾਰਨੇ ਜਾਂ ਲਖ ਵਾਰੀਆਂ,
ਆ ਗਿਆ ਏ ਨੈਣਾਂ ਨਾਲ ਜੀਵਾਵਣਾ।
ਚਰਨ ਫੜ ਫੜ ਚੁੰਮਣ ਮੁਕਤੀਆਂ, ਭੁਗਤੀਆਂ,
ਦਰਸ ਮਿਠਾ ਹਿਰਦੀਂ ਠੰਢ ਵਰਤਾਵਣਾ।
ਮਿਹਰਦੀ ਤਰੌਂਕ ਲਗਾਵਦਾ ਚਾਰ ਸੂ,
ਬੋਲ ਉਸ ਦਾ ਮੀਤ ! ਲੁਟ ਲੈ ਜਾਵਣਾ।
ਸੁਖ, ਖੇੜੇ, ਰੀਝਾਂ, ਪਿਆਰ ਤੇ ਪਿਰਮ ਰਸ,
ਉਛਲ ਪਇਆ ਨੇ ਤਕਕੇ ਏਸਦਾ ਆਵਣਾ।

Sri Satguru Jagjit Singh Ji Elibrary NamdhariElibrary@gmail.com

ਤਿੰਨ ਰੰਗੇ-ਚਿਤ੍ਰਾਂ ਸੰਬੰਧੀ

ਚਾਰੇ ਤਸਵੀਰਾਂ ਤਿੰਨ ਰੰਗੀਆਂ, ਮੇਰੇ ਲੇਖ 'ਅਪੂਰਵ--ਬਲੀ ਦਾਨ' ਨਾਲ ਸਬੰਧਤ ਹਨ। ਲੇਖ ਪੜ੍ਹਕੇ ਓਹਨਾਂ ਸਬੰਧੀ ਆਪ ਹੀ ਸਭ ਕੁਝ ਨਿਸਚੇ ਹੋ ਜਾਂਦਾ ਏ। ਵਿਦੈਗੀ ਸਮੇਂ ਦੇ ਨਜ਼ਾਰੇ ਨੂੰ ਮੇਰੇ ਸੁਹਿਰਦ ਮਿਤ੍ਰ ਸ੍ਰਃ ਅਵਤਾਰ ਸਿੰਘ ਜੀ ਅਜ਼ਾਦ ਨੇ ਆਪਣੀ ਸੁੰਦ੍ ਕਵਿਤਾ 'ਪਿਰ ਪਰਦੇਸ ਸਿਧਾਇਓ' ਸਿਰ ਲੇਖ ਹੇਠ, ਡਾਢਾ ਸੁੰਦ੍ ਅੰਕਿਤ ਕੀਤਾ ਏ ਤੇ ਪ੍ਰਦੇਸ ਗਵਨ ਕਟਨ ਵਾਲੀ ਤਸਵੀਰ ਨੂੰ ਅਖੀਆਂ ਵਿਚ ਵਸਾ ਕੇ ਏਹ ਕਵਿਤਾ ਪੜ੍ਹਿਆਂ ਬਾਈ ਸਕੋਪ ਵਾਂਗ ਸਾਰਾ ਦ੍ਰਿਸ਼ਜ ਅਖੀਆਂ ਅਗੇ ਆ ਖਲੋਂਦਾ ਏ। ਵਯੋਗੀ ਦਿਲਾਂ ਲਈ ਇਹ ਦੋਏ ਚੀਜਾਂ ਰਲਾਕੇ ਵਾਚਣੀਆਂ ਮੁਸ਼ਕਲ ਹਨ।

ਪੰਜਵਾਂ ਚਿਤ੍ਰ ਸ੍ਰੀ ਮਾਨ ਸੰਤ ਹਰਨਾਮ ਸਿੰਘ ਜੀ ਗੜ੍ ਦੀਵਾਲਾ ਵਾਲਿਆਂ ਦਾ ਹੈ, ਜਿਨ੍ਹਾਂ ਦੇ ਜੀਵਨ ਦੇ ਸੰਖੇਪ ਹਾਲ ਮੈਂ ਆਪਣੇ ਲੇਖ ਵਿਚ ਚੰਗੀ ਤਰ੍ਹਾਂ ਦਰਸਾ ਚੁਕਾ ਹਾਂ।

ਸਾਧ ਸੰਗਤ ਨੈਰੋਬੀ

ਨੈਰੋਬੀ ਅਫਰੀਕਾ ਵਿਚ ਭਾਵੇਂ ਨਾਮਧਾਰੀ ਸਾਧ ਸੰਗਤ ਥੋੜ੍ਹੀ ਜੇਹੀ ਏ, ਪਰ ਸਤਿਗੁਰੂ ਦਾ ਪਿਆਰ ਇਹਨਾਂ ਗੁਰ ਸਿਖਾਂ ਦੇ ਦਿਲ ਵਿਚ ਬੜ੍ਹਾ ਵਡਾ ਏ। ਬਸੰਤ ਪੰਚਮੀ ਦਾ ਗੁਰ ਪੁਰਬ ਇਹ ਡਾਢੇ ਪ੍ਰੇਮ ਨਾਲ ਮਨਾਂਦੇ ਹਨ। ਆਮ ਸਜਣਾਂ ਨਾਲ ਇਸ ਸੰਗਤ ਦਾ ਬੜ੍ਹਾ ਹਿਤ ਹੈ। ਸ੍ਰੀ ਮਾਨ ਸੂਬਾ ਲਾਲ ਿੰਘ ਜੀ ਣੜ੍ਹੀ ਕਰਨੀ ਵਾਲੇ ਗੁਰਮੁਖ ੂਰ ਿਸਖ ਹਨ, ਜਿਨ੍ਹਾਂ ਦੀ ਲਗਨ ਦਾ ਸਦਕਾ ਅਫ੍ਰੀਕਾ ਵਿਚ ਚੀਨੀ ਵਾਲੇ ਪਾਤਸ਼ਾਹ ਦੀ ਸਫੈਦ ਧੁਜਾ ਫਹਿਰਾ ਰਹੀ ਏ।

ਸਾਧ ਸੰਗਤ ਚਿੰਛਮਈ

ਚਿੰਛ ਮਈ ਸਿਆਮ ਦੇਸ ਦਾ ਇਕ ਪ੍ਰਸਿਧ ਸ਼ਹਿਰ ਹੈ, ਏਥੋਂ ਗਡੀ ਬੰਕੋਕ ਨੂੰ ਜਾਂਦੀ ਏ। ਸਿਆਮ ਦੇਸ਼ ਦੇ ਦੌਰੇ ਸਮੇ ਸ੍ਰੀ ਸਤਿਗੁਰੂ ਸਚੇ ਪਾਤਸ਼ਾਹ ਜੀ ਨੇ ਚਰਨ ਪਾਏ ਸਨ। ਏਥੇ ਕਈ ਘਰ ਨਾਮਧਾਰੀਆਂ ਦੇ ਹਨ। ਜਿਹੜੇ ਕਪੜ ਦਾ ਵਪਾਰ ਕਰਦੇ ਹਨ। ਸੰਤ ਸੁੰਦ੍ ਸਿੰਘ ਜੀ ਸ਼ੇਖੂ ਪੁਰੀਏ ਏੜ੍ਹੇ ਉਤਸ਼ਾਹੀ ਨੌਜਵਾਨ ਹਨ। ਏਥੇ ਨਾਮਧਾਰੀ ਗੁਰ ਦੁਆਰਾ ਡਾਢਾ ਆਲੀਸ਼ਾਨ ਹੈ। ਮਹੰਤ ਕੇਸ੍ ਸਿੰਘ ਜੀ ਰਾਜੇ ਵਾਲੇ ਗ੍ਰੰਥੀ ਹਨ। ਏਥੋਂ ਦੀ ਸੰਗਤ ਪੰਥ ਦੀ ਸੇਵਾ ਲਈ ਸਦਾ ਤਿਆਰ ਰਹਿੰਦੀ ਏ।

ਪੰਡਤ ਮਨਸ਼ਾ ਸਿੰਘ ਜੀ—

ਆਜ਼ਾਦੀ ਦੇ ਸਚੇ ਆਸ਼ਕ, ਹਰ ਇਕ ਦਾ ਮਨ ਮੋਹ ਲੈਣ ਵਾਲੇ ਅਤੇ ਪਿਆਰ ਦੀ ਸਚੀ ਮੂਰਤੀ ਪੰਡਤ ਮਨਸ਼ਾ ਸਿੰਘ ਜੀ ਸ੍ਰੀ ਭੈਣੀ ਸਾਹਿਬ ਵਿਦਯਾਲੇ ਦੇ ਮੁਖ ਅਧਿਆਪਕ ਹਨ। ਆਪ ਦੀ ਸੰਖੇਪ ਜੀਵਨ ਕਥਾ ਇਹ ਹੈ ਕਿ ਆਪ ਦਾ ਜਨਮ ਪਿੰਡ ਭਟਵਲ ਜ਼ਿਲਾ ਲੁਧਿਆਣਾਂ ਵਿਚ ਸਰਦਾਰ ਅਤਰ ਸਿੰਘ ਦੇ ਗ੍ਰਹਿ ਹੋਇਆ ਸੀ। ਜਿਸ ਵੇਲੇ ਆਪ ਲਿਖਨ ਪੜ੍ਹਨ ਦੇ ਯੋਗ ਹੋਏ, ਆਪ ਨੂੰ ਸ੍ਰੀ ਮਾਨ ਸੰਤ ਬੂਟਾ ਸਿੰਘ ਜੀ ਪਾਸ ਪੜ੍ਹਨੇ ਿਟਾ ਦਿਤਾ। ਸੰਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ

Sri Satguru Jagjit Singh Ji Elibrary NamdhariElibrary@gmail.com

ਪਾਸੋਂ ਦੀਖਜਤ ਹੋਏ ਸਨ ਤੇ ਸਜ ਮੁਚ ਸਿਖੀ ਦਾ ਬਹੁਤ ਉਚਾ ਨਮੂਨਾ ਸਨ। ਸੰਤਾਂ ਨੇ ਬੜੇ ਪ੍ਰੇਮ ਨਾਲਪੰਡਤਜੀ ਨੂੰ ਆਦਿ ਬਾਣੀ ਦਾ ਪਾਠ ਕਰਵਾਇਆ ਅਤੇ ਜਿਸ ਵੇਲੇ ਆਪ ਸਿਆਣੇ ਹੋਏ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਹਜ਼ੂਰੀ ਵਿਚ ਲਿਆ ਹਾਜ਼ਰ ਕੀਤਾ।

ਆਪ ਭੈਣੀ ਸਾਹਿਬ ਹੀ ਰਹਿਣ ਲਗ ਪਏ ਤੇ ਵਿਦਿਆ ਹਾਸਲ ਕਰਦੇ ਰਹੇ। ੧੯੧੯ ਦੇ ਉਪਰੰਤ ਮੁਕਤਸਰ ਦੇ ਮੇਲੇ ਤੇ ਜਦ ਸਤਿਗੁਰਾਂ ਨੇ ਸੂਬਿਆਂ ਦੀ ਸਥਾਪਨਾ ਕੀਤਾ ਤਾਂ ਆਪ ਨੂੰ ਜ਼ਿਲਾ ਲੁਧਿਆਨੇ ਦਾ ਸੂਬਾ ਥਾਪਿਆ ਗਿਆ। ਇਸ ਦੇ ਉਪਰੰਤ ਆਪ ਨੇ ਪੰਥ ਅਤੇ ਦੇਸ਼ ਲਈ ਅਨੇਕਾਂ ਘਾਲਾਂ ਘਾਲੀਆਂ। ਸੇਵਾ ਕਰਦਿਆਂ ਹੋਇਆਂ ਆਪ ਨੂੰ ਕਈ ਵਾਰ ਜੇਲ੍ਹ ਜਾਣਾ ਪਿਆ ਹੈ। ਸਿਵਲ ਨ ਫਰਮਾਨੀ ਲਹਿਰ ਦੇ ਜੋਬਨ ਤੇ ਆਪ ਸੂਬਕ ਕਾਂਗ੍ਰਸ ਕਮੇਟੀ ਲਾਹੌਰ ਦੇ ਡਿਕਟੇਟਰ ਵੀ ਬਣੇ ਸਨ ਤੇ ਆਪ ਨੂੰ ਡੇਢ ਸਾਲ ਸਖਤ ਕੈਦ ਸਜ਼ਾ ਹੋਈ ਸੀ। ਸਜ਼ਾ ਭੁਗਤਣ ਦੇ ਉਪਰੰਤ ਆਪ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਭੈਣੀ ਸਾਹਿਬ ਹੀ ਆ ਟਿਕੇ ਤੇ ਹੁਣ ਏਥੇ ਹੀ ਨਿਵਾਸ ਰਖਦੇ ਹਨ।

ਸਰਦਾਰ ਸ਼ਿੰਗਾਰਾ ਸਿੰਘ ਜੀ

ਸ੍ਰੀ ਮਾਨ ਸਰਦਾਰ ਸ਼ਿੰਗਾਰਾ ਸਿੰਘ ਜੀ ਮਿਉਨਿਸਪਲ ਕਮਿਸ਼ਨਰ ਲਖਨਊ ਉਹਨਾਂ ਗਿਣਤੀ ਤੇ ਰਈਸਾਂ ਵਿਚੋਂ ਹਨ ਜਿਨ੍ਹਾਂ ਦੇ ਦਿਲ ਵਿਚ ਸਿਖੀ ਸਿਦਕ ਭੋਂਸਾ ਤੇ ਪਿਆਰ ਉਛਾਲੇ ਖਾ ਰਿਹਾ ਹੈ। ਆਪ ਦਾ ਜਨਮ ਨਗਰ ਤਾਂ ਘੁਕੇ ਵਾਲੀ ਜ਼ਿਲਾ ਅੰਮ੍ਰਿਤਸਰ ਹੈ, ਪਰ ਲਖਨਊ ਵਿਚ ਕਾਰੋ ਬਾਰ ਹੋਣ ਕਰਕੇ ਆਪ ਰਹਿੰਦੇ ਓਥੇ ਹੀ ਹਨ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਉਪਰ ਆਪ ਨੂੰ ਅਨਿ ਨ ਸ਼ਰਧਾ ਹੈ ਤੇ ਜਿਸ ਦਾ ਪਰਤੱਖ ਸਬੂਤ ਇਹ ਹੈ ਕਿ ਆਪ ਨੇ ਆਪਣੇ ਉੱਦਮ ਨਾਲ ਲਖਨਊ ਵਿਚ ਸ੍ਰੀ ਸਤਿਗੁਰੂ ਜੀ ਦਾ ਸ਼ਾਨਦਾਰ ਗੁ: ਬਣਵਾਇਆ ਹੈ। ਇਹ ਠੀਕ ਹੈ ਕਿ ਉਸ ਗੁਰਦਵਾਰੇ ਦੀ ਸਥਾਪਨਾ ਵਿਚ ਹੋਰ ਨਾਮਧਾਰੀ ਸਜਣਾਂ ਨੇ ਵੀ ਬਹੁਤ ਵਧ ਚੜ੍ਹਕੇ ਹਿਸਾ ਲਿਆ ਹੈ, ਪਰ ਜੇ ਸਤਦਾਰ ਜੀ ਦਾ ਪੂਰਾ ੨ ਮਿਲ ਵਰਤਣ ਅਤੇ ਦਿਨ ਰਾਤ ਦੀ ਮਿਹਨਤ ਉਹਨਾਂ ਦੇ ਨਾਲ ਨਾ ਹੁੰਦੀ, ਤਾਂ ਇਹ ਸ਼ਾਨਦਾਰ ਇਮਾਰਤ ਇੰਨੇ ਉਸਾਰਣੀ ਬੜੀ ਔਖੀ ਗਲ ਸੀ। ਆਪ ਨਾਮਧਾਰੀ ਦਰਬਾਰ ਦੇ ਮੈਂਬਰ ਹਨ ਤੇ ਯੂ. ਪੀ. ਦੀ ਨਾਮਧਾਰੀ ਸੰਗਤ ਵਿਚੋਂ ਆਪ ਨੂੰ ਖਾਸ ਮਹਾਨਤਾ ਪ੍ਰਾਪਤ ਹੈ।

ਮਾਸਟਰ ਸੋਹਾਵਾ ਸਿੰਘ ਜੀ

ਸ੍ਰੀ ਮਾਨ ਮਾਸਟਰ ਸੁਹਾਵਾ ਸਿੰਘ ਜੀ ਜੋ ਅਜ ਕਲ ਸ੍ਰੀ ਭੈਣੀ ਸਾਹਿਬ ਨਿਵਾਸ ਰਖਦੇ ਹਨ, ਦੇ ਸ਼ੁਭ ਨਾਮ ਤੋਂ ਸੰਗਤਾਂ ਚੰਗੀ ਤਰ੍ਹਾਂ ਪਰਚਿਤ ਹਨ। ਆਪ ਦਾ ਜਨਮ ਮਾਝੇ ਦੇ ਪ੍ਰਸਿੱਧ ਨਗਰ ਜਾਹਮਣ ਵਿਚ, ਭਾਈ ਗੁਰਦਿੱਤ ਸਿੰਘ ਜੀ ਰਾਮ ਗੜ੍ਹੀਏ ਦੇ ਗ੍ਰਹਿ ਮਹੀਨਾ ਵਿਸਾਖ ਸੰਮਤ ੧੯੪੪ ਬਿਕ੍ਰਮ ਨੂੰ ਹੋਇਆ ਸੀ। ਮਾਸਟਰ ਜੀ ਕਹਿੰਦੇ ਹਨ ਕਿ ਮੇਰੇ ਜਨਮ ਤੋਂ ਕੁਝ ਚਿਰ ਪਹਿਲਾਂ ਇਕ ਸੰਤਾਂ ਨੇ ਮਾਤਾ ਜੀ ਨੂੰ ਦਸ ਦਿੱਤਾ ਸੀ ਕਿ ਤੇਰੇ ਗ੍ਰਹਿ ਉਹ ਲੜਕਾ ਜਨਮੇਗਾ ਜੋ ਪਹਿਲਾਂ ਸਤਕਾਰੀ ਨੌਕਰੀ ਕਰੇਗਾ ਤੇ ਪਿਛੋਂ ਸਚੀ ਸਰਕਾਰ ਦੀ ਨੌਕਰੀ ਭੁਗਤਾਵੇਗਾ। ਸੁਰ ਸਿੰਘ ਦੇ ਮਿਡਲ ਸਕੂਲ ਵਿਚੋਂ ਸੰਨ ੧੯੯੭ ਨੂੰ ਆਪ ਨੇ ਮਿਡਲ ਪਾਸ ਕੀਤਾ ਤੇ ਜਿਸ ਦੇ ਉਪਰੰਤ ਆਪ ਲਹੌਰ "ਮਿਉ ਸਕੂਲ ਆਫ ਆਰਟਸ" ਵਿਚ ਦਾਖਲ ਹੋ ਗਏ।

Sri Satguru Jagjit Singh Ji Elibrary NamdhariElibrary@gmail.com

ਸਕੂਲ ਵਿਚ ਆਪ ਦਾ ਸ਼ੁਮਾਰ ਬੜੇ ਹੁਸ਼ਿਆਰ ਵਿਦਿਆਰਥੀਆਂ ਵਿਚ ਹੁੰਦਾ ਸੀ ਤੇ ਜਿਸ ਕਰਕੇ ੧੫) ਰੁਪਏ ਤੀਕ ਮਹੀਨਾ ਵਜ਼ੀਫਾ ਲੈਂਦੇ ਸਨ। ਚਾਰ ਸਾਲ ਦਾ ਕੋਰਸ ਪਾਸ ਕਰਕੇ ਆਪ ਗਵਰਮਿੰਟ ਟੈਕਨੀਕਲ ਸਕੂਲ ਲਾਹੌਰ ਵਿਚ ਮੁਲਾਜ਼ਮ ਹੋ ਗਏ ਅਤੇ ੩੦) ਰੁਪਏ ਮਾਸਕ ਤਨਖਾਹ ਤੋਂ ਤਰੱਕੀ ਕਰਕੇ ੧੧੦) ਰੁਪਏ ਮਾਸਕ ਤਨਖਾਹ ਤੀਕ ਅਪੜੇ। ਆਪ ਦੀ ਤਨਖਾਹ ੨੦੦) ਰੁਪਏ ਤੀਕ ਪਹੁੰਚਦੀ ਸੀ, ਪਰ ਸਤਿਗੁਰਾਂ ਦੇ ਹੁਕਮ ਦੇਣ ਤੇ ਆਪ ਨੇ ਅਗੇਤਰੀ ਹੀ ਪਿਨਸ਼ਨ ਲੈ ਲਈ ਅਤੇ ਸਾਰੇ ਦੁਨਿਆਵੀਂ ਝੰਜਟ ਛੱਡਕੇ ਸ੍ਰੀ ਭੈਣੀ ਸਾਹਿਬ ਆ ਗਏ।

ਆਪ ਪਹਿਲਾਂ ਪਕੇ ਸਿੰਘ ਸਭੀਏ ਹੁੰਦੇ ਸਨ, ਪਰ ੧੯੦੯ ਵਿਚ ਗੋਬਿੰਦ ਆਗਿਆ ਅਨੁਸਾਰ, ਸੰਤ ਸੁੰਦਰ ਸਿੰਘ ਜੀ ਮੰਜੀ-ਤੋੜ ਪਾਸੋਂ ਭਜਨ ਪੁਛਿਆ ਤੇ ਨਾਮਧਾਰੀ ਸਜ ਗਏ। ਆਪ ਬੜੇ ਮਿੱਠੇ ਸੁਭਾਉ ਵਾਲੇ, ਰਹਿਤ ਬਹਿਤ ਤੇ ਸੁਚ ਸੋਧ ਵਿਚ ਪੱਕੇ ਤੇ ਪੰਥ ਲਈ ਦਿਲ ਵਿਚ ਸਚਾ ਦਰਦ ਰਖਣ ਵਾਲੇ ਸਜਣ ਹਨ। ਬਾਕੀ ਦਾ ਸਾਰਾ ਜੀਵਨ ਆਪ ਨੇ ਪੰਥ ਨੂੰ ਸੌਂਪ ਦਿਤਾ ਹੈ ਅਤੇ ਸਤਿਗੁਰਾਂ ਦੇ ਹੁਕਮ ਵਿਚ ਸੇਵਾ ਦਾ ਲਾਹ ਲੈ ਰਹੇ ਹਨ। ਅਕਾਲ-ਪੁਰਖ ਆਪ ਦਾ ਸਿਦਕ ਤੋੜ ਨਿਭਾਵੇ। ਆਪ ਦਾ ਪੂਰਾ ਜੀਵਨ 'ਸਤਿਜੁਗ' ਵਿਚ ਫਿਰ ਪ੍ਰਕਾਸ਼ਤ ਹੋਵੇਗਾ।

ਇੰਦ੍ਰ ਸਿੰਘ "ਚਕ੍ਰਵਰਤੀ"

ਸਤਿਗੁਰਾਂ ਦੀ ਆਗਿਆ

(ਵਲੋਂ ਸ੍ਰੀ ਮਾਨ ਸੰਤ ਤਰਨ ਸਿੰਘ ਜੀ 'ਵਹਿਮੀ' ਚਕ ਹਿੰਦੂ)

ਸ੍ਰੀ ਦਸਮੇਸ ਬਾਦ ਸਾਡੇ ਏਸ ਦੇਸ ਵਿਦ, ਰਾਮ ਮੁਰੋਸ਼ ਗੁਰ ਆਏ ਸਮਾ ਜਗਿਆ।
ਵੇਦ ਗੁਰ ਹੱਟ ਲੋਕਾਂ ਵਿੱਥਾਂ ਵਿਚ ਸੱਟ ਦਿਤੇ, ਓਥੋਂ ਕੱਢ ਚੁੰਮ ਚੱਟ ਗੁਰਾਂ ਦਿਤੀ ਆਗਿਆ।
ਬਾਣੀ ਨਿਰੰਕਾਰ ਜੀ ਦੀ ਤੁਸਾਂ ਨ ਵਿਚਾਰ ਕੀਤੀ, ਕੀਤਾ ਪ੍ਰਚਾਰ ਏਹ ਸੰਸਾਰ ਸੇਵਾ ਲਾਗਿਆ।
ਸਾਦਗੀ ਸ੍ਵੈਦੇਸੀ ਗੁਰਮਤਿ ਸਤਿ ਪਰਚਾਰੀ, ਤਾਹਿ ਕਰ ਨਮੋ ਨੇਤ ਖਾਲਸਾ ਸੁਭਾਗਿਆ।

ਗੁਰ ਜਸ

ਜਾਣੀਜਾਣ ਮਿਹਰਬਾਨ ਗੁਣਖਾਨ ਗਿਆਨਦਾਨ,ਦੇਨਹਾਰ ਸਾਰਗੰਜ ਪਿਆਰਪੁੰਜ ਪਿਆਰੇਜਿਉਂ।
ਸਰਗੁਣ ਸੰਗਤ ਸਨੇਹੀ ਦੇਹੀ ਸੁੰਦਰ ਅਤਿ, ਚੀਨੀ ਅਸ੍ਵਾਰ ਯਾਰ ਭਾਰਥ ਸਤਾਰੇ ਜਿਉਂ।
ਧਰਮ ਅਵਤਾਰ ਕਾਰ ਦਇਆ ਜਾਹਰਤੀਨਲੋਕ, ਪਿਆਰਅੁਾਰਗਊ ਦੀਨਾਦਾਸਾਂ ਰਖਵਾਰੇ ਜਿਉਂ।
ਸਤਿਗੁਰੂ ਸਤਿਗੁਰੂ ਸਤਿਗੁਰੂ ਸਤਿਗੁਰੂ, ਰਾਮ ਹਰਿ ਰਾਮ ਹਰਿ ਰਾਮ ਸਿੰਘ ਸਾਤੇ ਜਿਉਂ।

ਯਤੀਮਾ ਦੀ ਦੁਹਾਈ

ਲੋਕ ਕਰੇ ਹਾਸੀ ਨ ਉਦਾਸੀ ਭੀ ਖਲਾਸੀ ਕਰੇ, ਪ੍ਰੀਤਮ ਬਦੇਸ ਵਾਸੀ ਖਾਸੀ ਦੇਰ ਲਾਈਏ।
ਆਸੀ ਇਸ ਦਾਸੀ ਨੂੰ ਚੁਰਾਸੀ ਜੁਗ ਬੀਤ ਚੁਕੇ, ਸੁਕ ਉਕੇ ਆਂਸੂ ਭੀ ਨ ਨਾਸੀ ਨ ਜੁਦਾਈ ਏ।
ਹੋਵੇ ਮੇਰਾ ਹੇਤੀ ਉਹਦਾ ਭੇਤੀ ਏਤੀ ਪੀਆ-ਸੇਤੀ. ਕਹੇ ਆਵੇਂ ਛੇਤੀ ਸਿਖੀ ਖੇਤੀ ਮੁਰਝਾਈ ਏ।
ਲੁਟ ਲਿਆ ਵਹਿਮੀ ਨਾਮਾ ਨੀਮਾ ਵੇ ਹਕੀਮਾ ਨੀਮਾ, ਤੇਰੇ ਪਾਸ ਪ੍ਰੀਤਮਾ ਯਤੀਮਾ ਦੀ ਦਵਾਈ ਏ।

Sri Satguru Jagjit Singh Ji Elibrary NamdhariElibrary@gmail.com

ਰੀਵੀਊ

ਨਾਮਧਾਰੀ ਇਤਿਹਾਸ

ਹਿਸਾ ਪਹਿਲਾ, ਲੇਖਕ ਸ੍ਰੀ ਮਾਨ ਸੰਤ ਇੰਦ੍ ਸਿੰਘ ਜੀ 'ਚਕ੍ਰਵਰਤੀ' ਕਾਗਜ਼ ਛਪਾਈ ਬਹੁਤ ਵਧੀਆ, ਪ੍ਰਕਾਸ਼ਕ ਮੈਨੇਜਰ 'ਸਤਿਜੁਗ' ਸ੍ਰੀ ਭੈਣੀ ਸਾਹਿਬ, ਭੇਟਾ ਕੇਵਲ ੧)ਰੁਪਇਆ।

ਇਹ ਪੁਸਤਕ ਨਾਮਧਾਰੀ ਇਤਿਹਾਸ ਦੀ ਪਹਿਲੀ ਲੜੀ ਹੈ ਅਤੇ ਜਿਸ ਵਿਚ ਸ੍ਰੀ 'ਚਕ੍ਰਵਰਤੀ' ਜੀ ਨੇ ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਮਹਾਰਾਜ ਦੇ ਜੀਵਨ ਸਮਾਚਾਰ ਸੰਗ੍ਰਹਿ ਕੀਤੇ ਹਨ। ਵਿਦਵਾਨ ਅਤੇ ਖੋਜੀ ਲੇਖਕ ਜੀ ਨੇ ਅਨੇਕਾਂ ਗਵਾਚੇ ਹੋਏ ਤੇ ਰਲ ਗੱਡ ਹੋਏ ਸਮਾਚਾਰਾਂ ਨੂੰ ਪੂਰੀ ਮਿਹਨਤ ਨਾਲ ਲਭਿਆ ਅਤੇ ਓਹਨਾਂ ਸਮੂਹ ਸ਼ੰਕਿਆਂ ਦਾ ਮਸਕਤ ਉਤਰ ਦਿੱਤਾ ਹੈ, ਜੋ ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਦੀ ਗੁਰਿਆਈ ਦੇ ਸੰਬੰਧ ਵਿਚ ਸ਼ੰਕਾ ਵਾਦੀ ਸਜਣ ਕੀਤਾ ਕਰਦੇ ਹਨ। ਵੱਡੀ ਸੁਆਦਲੀ ਗਲ ਇਹ ਹੈ ਕਿ ਰਸਕ ਕਰਤਾਜੀ ਦੀ ਲੇਖ-ਸ਼ੈਲੀ ਏੜੀ ਸਵਾਦਲੀ ਤੇ ਅਸਤ ਕਰਨ ਵਾਲੀ ਹੈ ਅਤੇ ਇੱਕ ਇਤਿਹਾ-ਸ.ਕ ਪੋਥੀ ਨੂੰ ਆਪ ਨੇ ਏਨਾਂ ਸਵਾਦਲਾ ਬਣਾ ਦਿੱਤਾ ਹੈ ਕਿ ਪੜ੍ਹਨ ਲਗਿਆਂ ਦਿਮਾਗ ਥਕਾਵਟ ਮਹਿਸੂਸ ਨਹੀਂ ਕਰਦਾ। ਯਕੀਨਨ ਇਹ ਪੁਸਤਕ ਲਿਖ ਕੇ ਲੇਖਕ ਜੀ ਨੇ ਇਤਿਹਾਸ ਦੇ ਵਡੇ ਘਾਟੇ ਨੂੰ ਪੂਰਿਆਂ ਕਰਨ ਦਾ ਸਫਲ ਜਤਨ ਕੀਤਾ ਹੈ ਅਤੇ ਉਹ ਸੱਜਣ ਜੋ ਨਾਮਧਾਰੀ ਇਤਿਹਾਸ ਦਾ ਸੋਮਾ ਲੱਭਣ ਲਈ ਤਰਲੇ ਲੈ ਰਹੇ ਸਨ, ਉਹਨਾਂ ਤੇ ਭਾਰੀ ਉਪਕਾਰ ਕਮਾਇਆ ਹੈ। ਨਾਮਧਾਰੀ ਵੀਰ ਤਾਂ ਇਸ ਪੋਥੀ ਦੀ ਇਕ ਇਕ ਕਾਪੀ ਜ਼ਰੂਰ ਲੈਣਗੇ ਹੀ ਪਰ ਓਹ ਸਜਣ ਜੋ ਇਤਿਹਾਸ ਖੋਜੀ ਹਨ, ਉਹਨਾਂ ਨੂੰ ਇਹ ਪੁਸਤਕ ਜ਼ਰੂਰ ਹੀ ਮੰਗਵਾ ਲੈਣੀ ਚਾਹੀਦੀ ਹੈ। ਅੰਤ ਵਿਚ ਅਸੀਂ ਆਪਣੇ ਸੁਹਿਰਦ ਮਿਤ੍ਰ ਸ੍ਰੀ ਮਾਨ 'ਚਕ੍ਰਵਰਤੀ'ਜੀਨੂੰ ਏਨੀ ਖੋਜ ਭਰੀ ਤੇ ਉਪਜੋਗੀ ਪੁਸਤਕ ਲਿਖਣ ਤੇ ਵਧਾਈ ਦੇਂਦੇ ਹਾਂ।

'ਆਜ਼ਾਦ'

ਨਿਰਮਲ ਪੰਥ—

ਇਸ ਪੁਸਤਕ ਦਾ ਪੂਰਾ ਨਾਮ 'ਬਾਬਾ ਨਾਨਕ ਜੀ ਦਾ ਨਿਰਮਲ-ਪੰਥ' ਹੈ, ਜਿਸ ਦੇ ਕਰਤਾ ਸ੍ਰੀ ਮਾਨ ਸੰਤ ਦਿਆਲ ਸਿੰਘ ਜੀ ਲਾਹੌਰ ਵਾਲੇ ਹਨ, ਪੁਸਤਕ ਦਾ ਆਸ਼ਾ ਇਸ ਦੇ ਨਾਮ ਤੋਂ ਹੀ ਜ਼ਾਹਰ ਹੁੰਦਾ ਹੈ ਅਤੇ ਜਿਸ ਵਿਚ ਕਰਤਾ ਜੀ ਨੇ ਨਿਰਮਲ ਸੰਪ੍ਰਦਾਇ ਸੰਬੰਧੀ ਉਠਾਏ ਗਏ, ਉਹਨਾਂ ਸੰਮੂਹ ਸ਼ੰਕਿਆਂ ਦਾ ਯੋਗਤਾ ਪੂਰਵਕ ਉਤਰ ਦਿਤਾ ਹੈ, ਜੋ ਭਿੰਨ ਭਿੰਨ ਸਮੇਂ ਕੀਤੇ ਗਏ ਹਨ। ਪੁਸਤਕ ਗੁਰਬਾਣੀ ਅਤੇ ਇਤਿਹਾਸ ਦੇ ਹਵਾਲਿਆਂ ਨਾਲ ਭਰੀ ਪਈ ਹੈ ਤੇ ਜਿਸ ਤੇ ਪੁਸਤਕ ਦੇ ਲੇਖਕ ਜੀ ਨੇ ਕਾਫੀ ਮਿਹਨਤ ਕੀਤੀ ਹੈ। ਨਿਰਮਲ ਸੰਪ੍ਰਦਾਇ ਸੰਬੰਧੀ ਵਧੇਰੇ ਤੇ ਸਜਰੀ ਵਾਕਫੀ ਪ੍ਰਾਪਤ ਕਰਨ ਵਾਲੇ ਸਜਣਾਂ ਨੂੰ ਇਹ ਪੁਸਤਕ ਏਸ ਪਤੇ ਤੋਂ ਮੰਗਵਾਣੀ ਚਾਹੀਦੀ ਹੈ।

ਸੰਤ ਦਿਆਲ ਸਿੰਘ ਜੀ ਧਰਮ ਸਾਲਾ
ਰਾਇ ਸਾਹਿਬ ਹਰਨਾਮ ਦਾਸ
ਦਰਵਾਜ਼ਾ ਸ਼ੇਰਾਂ ਵਾਲਾ ਲਾਹੌਰ।

Sri Satguru Jagjit Singh Ji Elibrary NamdhariElibrary@gmail.com

ਗੋਬਿੰਦ ਦਾਸ ਤੋਂ ਸੰਤ ਹਰਨਾਮ ਸਿੰਘ

(ਵਲੋਂ ਸ੍ਰੀਮਾਨ ਸੰਤ ਇੰਦ੍ਰ ਸਿੰਘ ਜੀ "ਚੱਕ੍ਰਵਰਤੀ" ਦੀ ਅਸਰ ਭਰੀ ਲੇਖਣੀ ਅੰਕਿਤ)

ਪੂਰਨ ਪੁਰਖ ਬ੍ਰਹਮ ਗਿਆਨੀ ਭਗਤ ਸ੍ਰੀ ਨਾਮ ਦੇਵ ਜੀ ਮਹਾਰਾਜ ਨਗਰ ਭਟੀ ਵਾਲ, ਜ਼ਿਲਾ ਗੁਰਦਾਸ ਪੁਰ 'ਰਾਮੇ ਆਣੇ' ਨਾਮੀ ਸਥਾਨ ਤੇ ਕੁਲੀ ਬੰਨ੍ਹਕੇ ਤਪ ਕਰ ਰਹੇ ਸਨ। ਅਜੇ ਆਪ ਜੀ ਨੇ ਆਪਣੇ ਆਪ ਨੂੰ ਪ੍ਰਗਟ ਨਹੀ ਸੀ ਕੀਤਾ। ਕਾਦੀਆਂ ਨਗਰ ਦੇ ਰਹਿਣ ਵਾਲੇ ਭਾਈ ਲਧਾ ਨਾਮੀ ਖਤਰੀ ਬਾਹਰਲੇ ਪਿੰਡਾਂ ਵਿਚ ਲੂਣ ਤੇਲ ਆਦਿ ਸੌਦਾ ਵੇਚਣ ਜਾਯਾ ਕਰਦੇ ਸਨ ਅਤੇ ਸ੍ਰੀ ਭਗਤ ਜੀ ਮਹਾਰਾਜ ਦੇ ਡੇਰੇ ਤੇ ਦੀਵਾ ਜਗਾ ਆਇਆ ਕਰਦੇ ਸਨ। ਇਕ ਦਿਨ ਆਪ ਜੀ ਦਾ ਸਭ ਤੇਲ ਖਤਮ ਹੋ ਗਿਆ। ਉਸ ਦਿਨ ਬਿਨਾਂ ਦਰਸ਼ਨ ਕੀਤੇ ਹੀ 'ਰਾਮੇ ਆਣੇ' ਦੇ ਅਗੋਂ ਦੀ ਲੰਘ ਚਲੇ। ਸ੍ਰੀ ਨਾਮ ਦੇਵ ਜੀ ਨੇ ਅਵਾਜ਼ ਮਾਰਕੇ ਕਿਹਾ– "ਭਾਈ ਲਧਾ ਜੀ, ਕੀ ਗਲ ਏ, ਅਜ ਲੁਕਕੇ ਕਿਉਂ ਜਾ ਰਹੇ ਹੋ?"

"ਦੀਨ ਦਿਆਲ, ਕੁਪੀ ਦਾ ਤੇਲ ਖਤਮ ਹੋਗਿਆ ਏ।"

"ਭਾਈ ਜਰਾ ਕੁੱਪੀ ਵਲ ਤਕ ਤੇ ਸਹੀ।"

ਜਦ ਭਾਈ ਲਧਾ ਰਾਮ ਜੀ ਕੁੱਪੀ ਵਲ ਨਜ਼ਰ ਮਾਰੀ ਤਦ ਕੁੱਪੀ ਤੇਲ ਨਾਲ ਭਰੀ ਹੋਈ ਜਾਪੀ। ਭਾਈ ਲਧਾ ਸ੍ਰੀ ਭਗਤ ਜੀ ਮਹਾਰਾਜ ਦੇ ਚਰਨੀ ਆ ਡਿਗਾ। ਦੀਵਾ ਜਗਾ ਕੇ ਓਥੇ ਹੀ ਬੈਠ ਗਿਆ। ਭਗਤ ਜੀ ਨੇ ਕਿਹਾ–"ਭਾਈ ਹੁਣ ਜਾਹ ਕਾਦੀਆਂ।"

"ਮਹਾਰਾਜ ਹੁਣ ਤੇ ਮੈ ਕਿਤੇ ਜਾਣ ਜੋਗਾ ਨਹੀ ਰਿਹਾ। ਮੈਨੂੰ ਪਾਵਨ ਚਰਨਾ ਵਿਚ ਹੀ ਹੁਣ ਰਖੋ।"

ਭਗਤ ਜੀ ਮਹਾਰਾਜ ਨੇ ਭਾਈ ਲਧੇ ਨੂੰ 'ਨਾਮ' ਦੀ ਦਾਤ ਦੇਕੇ ਨਿਹਾਲ ਕੀਤਾ ਅਤੇ ਹੁਕਮ ਕੀਤਾ ਕਿ "ਕਾਦੀਆਂ ਥੀਂ ਆ ਜਾਵੋ, ਏਥੇ ਸਾਡੇ ਨੇੜੇ ਸੁਖੋ ਵਾਲ ਆ ਵਸੋ। ਸਾਡਾ ਡੇਰਾ ਘੁਮਾਣਾਂ ਵਿਖੇ ਹੋਵੇਗਾ ਤੇ ਤੇਰਾ ਸੁਖੋ ਵਾਲ ਵਿਖੇ। ਤੇਰੇ ਦੇ ਡੇਰੇ ਦੀ ਯਾਤ੍ਰਾ ਬਿਨ੍ਹਾਂ ਸਾਡੇ ਡੇਰੇ ਦੀ ਯਾਤ੍ਰਾ ਪੂਰੀ ਨਹੀ ਹੋਵੇਗੀ। ਤੇਰੇ ਬੰਸ ਵਿਖੇ ਵਡੇ ਵਡੇ ਮਹਾਤਮਾਂ ਜਨਮ ਧਾਰਨ ਗੇ। ਲੋਕੀਂ ਤੈਨੂੰ ਗੁਰੂਆਂ ਵਾਂਗੂ ਪੂਜਣ ਗੇ।" ਏਹ ਵਰ ਲੈਕੇ ਭਾਈ ਲਧਾ ਰਾਮ ਜੀ ਪ੍ਰਵਾਰ ਸਹਿਤ ਕਾਦੀਆਂ ਪਿੰਡ ਸੁਖੋਵਾਲ ਵਿਖੇ ਆ ਗਏ।

ਉਸ ਵੇਲੇ ਭਾਈ ਲਧਾ ਰਾਮ ਜੀ ਦੀ ਵੈਰਾਗੀ ਗੱਦੀ ਤੇ ਸਿਧ ਪੁਰਖ ਬਾਵਾ ਸੰਤ ਰਾਮ ਜੀ ਵਿਰਾਜਦੇ ਸਨ। ਏਹਨਾਂ ਦੇ ਬੇਟੇ ਭ੍ਰਾਤਾ ਸ੍ਰੀ ਬਾਵਾ ਕਾਨ ਦਾਸ ਜੀ ਦੇ ਗ੍ਰਹਿ ਵਿਖੇ ਮਾਈ ਆਸਾ ਦੇਵੀ ਜੀ ਦੀ ਪਵਿਤ੍ਰ ਕੁਖੋਂ ਇਕ ਬਾਲਕ ਪੈਦਾ ਹੋਇਆ। ਬਾਵਾ ਸੰਤ ਰਾਮ ਜੀ ਕਿਹਾ ਕਿ–ਬਾਲਕ ਦਾ ਦਰਸਨ ਕਰਾਵੋ? ਬਾਵਾ ਕਾਹਨ ਦਾਸ ਜੀ ਬਾਲਕ ਗੋਬਿੰਦ ਦਾਸ ਨੂੰ ਲੈ ਆਏ। ਬਾਵਾ ਸੰਤ ਰਾਮ ਜੀ ਨੇ ਗਦ ਵਿਚ ਲੈ ਕੇ ਕਿਹਾ–ਨਿਹੰਗ ਸਿੰਘ ਜੀ ਪ੍ਰਗਟੇ ਹਨ ਬੜੇ ਬਲੀ, ਕਰਨੀ ਵਾਲੇ, ਜਤੀ, ਸਤੀ ਮਹਾਂ ਪੁਰਸ਼ ਹੋਣਗੇ।

"ਹੋਨਹਾਰ ਬ੍ਰਿਵਾਤਕੇ ਚਿਕਨੇ ੨ ਪਾਤ।"

Sri Satguru Jagjit Singh Ji Elibrary NamdhariElibrary@gmail.com

ਦੀ ਕਹਾਵਤ ਅਨੁਸਾਰ ਗੋਬਿੰਦ ਦਾਸ ਜੀ ਛੋਟੀ ਉਮਰਾ ਵਿਚ ਹੀ ਜੰਗਲ਼ ਵਿਚ ਚਲ਼ੇ ਜਾਂਦੇ, ਇਕਾਂਤ ਪਸੰਦ ਡਾਢੇ ਸਨ। ਬਾਲਕਾਂ ਨਾਲ ਖੇਡਣਾ ਅਤੇ ਪਿੰਡ ਵਿਚ ਰਹਿਣਾ ਆਪ ਜੀ ਦੇ ਸੁਭਾਵ ਦੇ ਉਲਟ ਸੀ। ਇਕ ਦਿਨ ਜੰਗਲ ਵਿਚ ਬੈਠਿਆਂ ਨੂੰ ਬਘਿਆੜ ਫੜ ਟੁਰਿਆ, ਕਿਸੇ ਅਜਾਲੀ ਨੇ ਬਾਵਾ ਕਾਨ੍ਹ ਦਾਸ ਜੀ ਨੂੰ ਘਰ ਆ ਦਸਿਆ ਕਿ ਤੇਰੇ ਪੁਤ੍ਰ ਨੂੰ ਬਘਯਾੜ ਲੈ ਗਿਆ ਏ। ਕਾਨ੍ਹ ਦਾਸ ਜੀ, ਬਾਵਾ ਸੰਤ ਰਾਮ ਜੀ ਕੋਲ ਜਾਕੇ ਆਖਣ ਲਗੇ ਕਿ—ਆਪ ਤਾਂ ਕਹਿੰਦੇ ਸੋ,ਨਿਹੰਗ ਸਿੰਘ ਪ੍ਰਗਟ ਹੋਇਆ ਏ, ਬੜਾ ਜੋਧਾ ਤੇ ਬਲੀ ਹੋਵੇਗਾ, ਪਰ ਬਾਲ ਗੋਬਿੰਦ ਦਾਸ ਨੂੰ ਤੇ ਅਜ ਬਘਯਾੜ ਚੁਕ ਲੈ ਗਿਆ ਏ। ਸੰਤ ਰਾਮ ਜੀ ਕਿਹਾ ਫਿਕਰ ਨਾਂ ਕਰੋ। ਓਹਨਾਂ ਦਾ ਧਰਮਰਾਜ ਵੀ ਕੁਝ ਵਿਗਾੜ ਨਹੀਂ ਸਕਦਾ। ਓਹਨਾਂ ਦਾ ਦੂਸਨ ਕਰਕੇ ਖੂੰ-ਖਾਰ ਜੀਵ ਵੀ ਹਿੰਸਾ ਛਡ ਦੇਣਗੇ। ਤਦੇ ਪਤਾ ਲਗਾ ਜਦ ਆਪ ਸਹਿਜ ਸੁਭਾਵ ਹੀ ਜੰਗਲ ਵਲੋਂ ਆਂਦੇ ਨਜ਼ਰੀਂ ਪਏ। ਪਿਤਾ ਜੀ ਭੇਜਕੇ ਗਏ, ਜਾਕੇ ਡਿਠਾ ਸਿਰ ਵਿਚ ਦੰਦਾਂ ਦੇ ਨਸ਼ਾਨ ਹਨ, ਬਾਵਾ ਸੰਤ ਰਾਮ ਜੀ ਕੋਲ ਜਾ ਬਠਾਯਾ। ਸੰਤ ਰਾਮ ਜੀ ਕਿਹਾ—ਏਹ ਜਨਮ ਮਰਣ ਤੋਂ ਰਹਿਤ ਹਨ, ਪੂਰਨ ਪੂਰਸ਼ ਹਨ। ਏਹ ਬਘਯਾੜ ਕਾਲ ਸੀ ਅਤੇ ਆਪ ਜੀ ਦੇ ਦਰਸ਼ਨ ਕਰਨ ਆਯਾ ਸੀ।

ਸਤਿ ਸਾਲ ਦੀ ਉਮਰਾ ਵਿਚ ਬਾਵਾ ਸੰਤ ਰਾਮ ਜੀ, ਬਾਲ ਗੋਬਿੰਦ ਦਾਸ ਨੂੰ ਆਪਣੀ ਸਿਖੀ ਦੀ ਵਾਕਫੀਅਤ ਕਰਾਨ ਲਈ ਨਾਲ ਲੈ ਟੁਰੇ। ਜ਼ਿਲ੍ਹਾ ਹੁਸ਼ਯਾਰਪੁਰ ਦੇ ਜਦ ਲਿੰਗੜਾਂ ਨਾਮੀ ਇਕ ਪਿੰਡ ਵਿਚ ਰਹੇ, ਅਗੇ ਖੂਹ ਲਾਣ ਲਈ ਚਕ ਸੱਟਕੇ ਸੱਕਰ ਵੰਡੀ ਜਾ ਰਹੀ ਸੀ। ਆਪ ਨੂੰ ਸੱਕਰ ਦਿਤੀ, ਓਹ ਖਾਕੇ ਆਪਨੇ ਕਿਹਾ—ਹੋਰ ।ਦਰ,, ਵਰਤਾਵੇ ਕਿਹਾ ਬਾਬਾ ਜੀ ਸੰਤੋਖ ਕਰੋ। ਆਪ ਨੇ ਕਿਹਾ ਖਾਣੀ ਨਹੀ ਖੂਹ ਵਿਚ ਪਾਣੀ ਏ, ਜਾਓ ਮਿਠਾ ਕਰਨਾ ਏ। ਵਰਤਾਵੇ ਕਿਹਾ ਜਲ਼ ਪਹਿਲਾਂ ਹੀ ਬੜਾ ਮਿਠਾ ਏ। ਆਪ ਨ ਕਿਹਾ ਨਹੀ ਖਾਰਾ ਏ। ਬਾਲ ਜਾਣ ਕਿਸ ਖਯਾਲ਼ ਨ ਕੀਤਾ, ਪਤ ਜਦ ਪਾਣੀ ਕਢਿਆ ਤ ਖਾਰਾ ਨਿਕਲ਼ਿਆ।

੩

ਬਰਿੰਦਾ ਬਨ ਦੀਆਂ ਗਲ਼ੀਆਂ ਵਿਚ ਇਕ ਸਾਧੂ ਫਿਰ ਰਿਹਾ ਏ। ਬਾਰਾਂ ਸਾਲ ਦਾ ਉਮਰਾ ਏ। ਚੇਹਰਾ ਚੰਨ ਵਾਂਗ ਆਭਾਂ ਮਾਰਦਾ ਏ। ਪਤਲ਼ੇ ਜੇਹੇ ਪਪੀਸਿਆਂ ਵਰਗੇ ਬੁੱਲ਼, ਜਦ ਖੁੱਲ਼ਦੇ ਹਨ, ਫੁੱਲ ਕੇਰਦੇ ਹਨ। ਅਖੀਆਂ ਮੋਟੀਆਂ, ਸ਼ਰਮੀਲੀਆਂ, ਮਸਤੀ ਨਾਲ਼ ਭਰੀਆਂ, ਏ ਪ੍ਰਵਾਹ ਹਨ। ਰੰਗ ਦੁਧ ਜਹਾ ਗੋਰਾ ਏ। ਨਕ ਖੰਡੇ ਦੀ ਧਾਰ ਨੂੰ ਸ਼ਰਮਸਾਰ ਕਰਦਾ ਏ ਪਿਆ। ਜਿਧਰ ਏਹ ਸਾਧੂ ਜਾਂਦਾ ਏ, ਬ੍ਰਿੰਦਾਬਨ ਦੇ ਲੋਕੀ ਅਦਬ ਨਾਲ ਮੱਥੇ ਟੇਕਦੇ ਹੋਏ ਅਗੋਂ ਭੇਟਾ ਲੈਮਿਲਦੇ ਹਨ ਕਈ ਤੇ ਆਂਹਦੇ ਹਨ ਕਿ ਏਹ ਸਾਧੂ ਦੇ ਰੂਪ ਵਿਚ ਮੁੜ ਭਗਵਾਨ ਕ੍ਰਿਸ਼ਨ ਜੀ ਆਪ ਹੀ ਪ੍ਰਗਟੇ ਹਨ। ਸਾਧੂ ਕਿਸੇ ਨਾਲ ਗਲ ਨਹੀ ਕਰਦਾ। ਬਸ ਜਾਂ ਜਮਨਾ ਕਿਨਾਰੇ ਅਤੇ ਜਾਂ ਰਾਸ ਲੀਲਾ ਵਿਚ। ਕੋਈ ਮੰਡਲੀ ਅਜੇਹੀ ਨਹੀਂ ਜਿਸਨੇ ਸਾਧੂ ਨੂੰ ਸੱਦਕੇ ਰਾਸ ਨਹੀ ਸੁਣਾਈ। ਆਪ ਰਾਸ ਸੁਣਦੇ ਬਿਦੇਹ ਹੋ ਜਾਂਦੇ ਹਨ। ਤਨ ਬਦਨ ਦੀ ਕੋਈ ਸੁਧ ਨ ਰਹੰਦੀ। ਜੇ ਰੋਣ ਲਗ ਜਾਂਦੇ ਹਨ;ਤਾਂ ਸਾਰੀ ਰਾਤ ਰੋਈ ਹੀ ਜਾਂਦੇ ਹਨ। ਜਦ ਹੋਸ਼ ਆਂਦੀ ਏ ਤਾਂ ਡਾਢੇ ਪਿਆਰ ਨਾਲ ਬੋਲ ਉਠਦੇ ਹਨ—

'ਸੀਸ ਮੁਕਟ ਕਟਿ ਕਾਛਨੀ'

Sri Satguru Jagjit Singh Ji Elibrary NamdhariElibrary@gmail.com

"ਸਤਿਜੁਗ ਸ੍ਰੀ ਭੈਨੀ ਸਾਹਿਬ"

੧੦ ਮਾਘ ੧੯੯੨

ਸ੍ਰੀ ਮਾਨ ਸੰਤ ਹਰਨਾਮ ਸਿੰਘ ਜੀ ਯੋਗੀ ਰਾਮ ਗੜ੍ਹ ਦੀਵਾਲ

THE INDIAN LABEL PRINTING PRESS. LAHORE

Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji Elibrary NamdhariElibrary@gmail.com

ਕਰ ਮੁਰਲੀ ਉਰ ਮਾਲ। ਏਹ ਬਾਨਕ ਮੋ ਮਨ ਵਸੇ ਸਦਾ ਬਿਹਾਰੀ ਲਾਲ।

ਦੂਜੇ ਸਾਧੂਆਂ ਦੀ ਦੇਖਾ ਦੇਖੀ ਅਤੇ ਬਹੁਤ ਕਹਿਣ ਸੁਨਣ ਕਰਕੇ ਏਹ ਠਾਕਰ ਪੂਜਾ ਵਲ ਲਗ ਜਾਂਦਾ ਏ। ਇਕ ਦਿਨ ਠਾਕਰਾਂ ਦੀ ਚੌਂਕੀ ਸਿਰ ਤੇ ਚਾਈ, ਜਮਨਾ ਕਿਨਾਰੇ ਟੁਰਿਆ ਜਾਂਦਾ ਏ। ਅਗੋਂ ਇਕ ਹੋਰ ਸਾਧੂ ਮਿਲਿਆ। ਉਸ ਕਿਹਾ—ਮਹਾਤਮਾਂ ਜੀ ਏਹ ਕੀ ਚਇਆ ਜੇ ? ਇਸ ਕਿਹਾ—ਮਹਾਰਾਜ, ਠਾਕਰ ਜੀ ਹਨ। ਉਸ ਕਿਹਾ—ਠਾਕਰ ਤੇ ਤੁਸੀਂ ਆਪ ਹੋ, ਫਿਰ ਚੁਕੀ ਕੀ ਫਿਰਦੇ ਹੋ।

ਇਸ ਕਿਹਾ—"ਹੋਰ ਕੀ ਕਰਾਂ ਕੁਝ ਸਮਝ ਨਹੀਂ ਪੈਂਦੀ, ਘਰੋਂ ਨਿਕਲਿਆ ਸਾਂ ਕਿ ਕੋਈ ਮਹਾਂ—ਪੁਰਸ਼ ਮਿਲੇਗਾ, ਅੰਦਰ ਠੰਢ ਵਰਤੇਗੀ। ਮਨ ਸ਼ਾਂਤ ਹੋਵੇਗਾ। ਸੁਰਤ ਸਬਦ ਨਾਲ ਜੁੜਕੇ ਆਪਣੇ ਨਿਜ ਸਥਾਨ ਤੇ ਪੁਜੇਗੀ। ਇਸੇ ਖਜਾਲ ਨਾਲ ਏਥੇ ਆਯਾ ਸਾਂ। ਰਾਸਾਂ ਵੇਖਦਾ ਹਾਂ। ਦਰਸ਼ਨ ਲਈ ਲਾਲਸਾ ਵਧ ਰਹੀ ਏ। ਖਿਚ ਪੈ ਰਹੀਏ। ਕਿਸ ਪਾਸੇ ਦੀ ਕੋਈ ਪਤਾ ਨਹੀ। ਕੋਈ ਝਲਕਾਰਾ ਵਜਦਾ ਏ ਪਤਾ ਕੋਈ ਨਹੀ ਲਗਦਾ। ਬਾਰਾਂ ਸਾਲਾਂ ਦੀ ਉਮਰਾ ਵਿਚ ਏਥੇਆਯਾ ਸਾਂ, ੧੨ ਸਾਲ ਹੋਰ ਲੰਘ ਗਏ ਹਨ ਪਰ ਮੇਰੀ ਆਸ ਨਹੀ ਪੁੰਨੀ। ਮੇਰੀ ਮੁਰਾਦ ਨਹੀ ਵਰ ਆਈ। ਤੁਸੀਂ ਮੇਹਰ ਚਾ ਕਰੋ ਤੇ ਕੁਝ ਦਸੋ ਜੋ ਹੁਣ ਮੈ ਕੀ ਕਰਾਂ। ਆਪਹੀ ਕੋਈ ਰਸਤਾ ਦਸੋ। ਰੇਖ ਵਿਚ ਮੇਖ ਮਾਰੋ।"

ਸਾਧੂ ਕਿਹਾ—"ਆਪਦਾ ਭਵਿਸ਼ਜ ਮੈਨੂੰ ਕੁਝ ਉਜਲ ਜਾਪਦਾ ਏ। ਜਿਸ ਸਰੂਪ ਵਿਚ ਆਪ ਹੁਣ ਹੋ, ਏਹ ਆਪਨੂੰ ਫਬਦਾ ਨਹੀ। ਆਪ ਦਾ ਮਾਲਕ ਕੋਈ ਹੋਰ ਏ। ਓਹ ਆਪ ਹੀ ਆਪਣੀ ਦੱਸ ਆਪਨੂੰ ਪਾਏਗਾ, ਠਾਕਰ ਪੂਜਾ ਛਡ ਛਡੋ। ਅਹਾਰ ਕਮ ਕਰੋ। ਕਿਸੇ ਦੇ ਮਥੇ ਨਾ ਲਗੋ। ਦਿਨੇ ਰਾਤ ਧਿਆਨ—ਮਗਨ ਰਹੋ। ਅਭਿਆਸ ਕਰੋ। ਫਿਰ ਆਸ਼ਾ ਹੈ ਕਿ ਆਪ ਜੀ ਦੀ ਆਸ ਪੂਰੀ ਹੋਵੇਗੀ, ਫਿਰ ਆਪਨੂੰ ਕੋਈ ਥਹੁ ਦਿਸੇਗਾ।" ਏਹ ਕਹਿ ਸਾਧੂ ਅਦ੍ਰਿਸ਼ਨ ਹੋ ਗਿਆ। ਸਾਡੇ ਸਾਧੂ ਹੁਣ ਸਭੋਂ ਹੋਰ ਵੀ ਵੈਰਾਗ ਵਿਚ ਹੋ ਗਏ ਹਨ। ਨੇਤ੍ਰਾਂ ਵਿਚੋਂ ਨੀਰ ਦੇ ਫੁਹਾਰੇ ਚਲ ਰਹੇ ਹਨ, ਪਰ ਅੱਜ ਮਨ ਕੁਝ ਹਲਕਾ ਜਿਹਾ ਜਾਪਦਾ ਏ, ਕੋਈ ਆਸ਼ਾ ਜਹੀ ਬਝ ਰਹੀ ਏ। ਕਈ ਵਾਰ ਇੰਵ ਭੁਲੇਖਾ ਜਿਹਾ ਪੈਕੇ ਭਰਮ ਹੁੰਦਾ ਏ, ਜਿਵੇਂ ਹੌਲੀ ਜਹੀ ਕੰਨ ਵਿਚ ਕੋਈ ਆਖ ਰਿਹਾ ਏ—'ਗੋਬਿੰਦ ਦਾਸ ਫਿਕਰ ਨਾਂ ਕਰ, ਮੈ ਤੇਰੀ ਪੁਕਾਰ ਸੁਣਕੇ ਆਗਿਆ ਹਾਂ।" ਆਪ ਠਾਕਰਾਂ ਦੀ ਚੌਂਕੀ ਓਥੇ ਹੀ ਸੱਟ, ਇਕ ਪਾਸੇ ਟੁਰ ਜਾਂਦੇ ਹਨ।

੪

ਜਮਨਾਂ ਦੇ ਕਿਨਾਰੇ ਤੇ ਇਕ ਕੁੱਲੀ ਬੱਧੀ ਹੋਈ ਏ, ਵਿਚ ਇਕ ਸਾਧੂ ਬੈਠਾ ਏ। ਅਜ ੩੦ ਦਿਨ ਹੋ ਗਏ ਹਨ, ਨਹੀ ਅਹਾਰ ਕੀਤਾ, ਨਹੀ ਕੁਝ ਖਾਧਾ ਅਤੇ ਨਹੀ ਪੀਤਾ, ਕਿਸੇ ਨਾਲ ਬੋਲਦਾ ਨਹੀ। ਕੋਈ ਸਵਾਲ ਨਹੀ ਕਰਦਾ, ਲੋਕੀਂ ਖਾਣ ਵਾਲੇ ਪਦਾਰਥ ਆਪ ਹੀ ਧਰ ਜਾਂਦੇ ਹਨ ਅਤੇ ਆਪ ਹੀ ਚੁਕ ਲਿਜਾਂਦੇ ਹਨ। ਏਹ ਕਿਸੇ ਬੰਨੇ ਵੀ ਅਖ ਭਰਕੇ ਨਹੀ ਤਕਦਾ, ਦਰਸ਼ਨ ਲਈ ਭਗਤਾਂ ਦੀ ਭੀੜ ਲਗੀ ਰਹਿੰਦੀ ਏ, ਪਰ ਏਹ ਬਾਹਰ ਨਿਕਲਣਾਂ ਪਸੰਦ ਨਹੀ ਕਰਦਾ, ਸ਼ਰੀਰ ਭਾਵਾ ਕ੍ਰਿਸ਼ ਹੋਗਿਆ ਏ। ਫਕਤ ਹੱਡੀਆਂ ਦੀ ਮੁੱਠ ਰਹਿ ਗਈ ਏ। ਅਜ ਅਗੇ ਨਾਲੋਂ

Sri Satguru Jagjit Singh Ji Elibrary NamdhariElibrary@gmail.com

ਵੀ ਦੁਖ ਬਹੁਤਾ ਉਦਾਸ ਹੈ। ਤੇ ਕਈ ਵਾਰ ਉਹ ਆਖ ਹੀ ਬੈਠਦਾ ਹੈ: ਲੱਗ ਪੈਂਦਾ ਏ: ਸਾਧੂ ਜੀ ਕਹਿ ਗਏ ਸਨ, ਧਿਆਨ ਧੁਰੋ, ਅਭਿਆਸ ਕਰੋ, ਦਰਸ਼ਨ ਹੋਣਗੇ, ਪਤਾ ਲਗੇਗਾ, ਕੋਈ ਆਸ ਪੁਗੇਗੀ। ਮਹੀਨਾ ਲੰਘ ਗਿਆ ਏ, ਕੁਝ ਨਹੀ ਬਣਿਆਂ। ਸਗੋਂ ਉਲਟੀ ਗਲ ਜਾਪਦੀ ਏ। ਧਿਆਨ ਸ੍ਰੀ ਕ੍ਰਿਸ਼ਨ ਜੀ ਮਹਾਰਾਜ ਦਾ ਧਰਦਾ ਹਾਂ, ਪਰ ਦਰਸ਼ਨ ਇਕ ਸਿਖ ਸਵਾਰ ਦੇ ਹੁੰਦੇ ਹਨ। ਖਬਰੇ ਭਗਵਾਨ ਨੂੰ ਕੀ ਮਨਜ਼ੂਰ ਏ। ਖਬਰੇ ਮੇਰੇ ਨਾਲ ਕੀ ਖੇਡ ਵਰਤਾਣੀ ਨੇ। ਖਬਰੇ ਇਸੇ ਆਸ ਵਿਚ ਹੀ ਚਲ ਵਸਨਾ ਏਂ। ਖਬਰੇ ਇਸੇ ਤਰ੍ਹਾਂ ਹੀ ਜਨਮ ਵਿਤੀਤ ਹੋ ਜਾਣਾਂ ਏ। ਹੇ ਭਗਵਾਨ ਮੇਹਰ ਕਰ ਹੁਣਤੇ ਕੁਝ ਥਹੁ ਪਤਾ ਦੱਸ! ਹੁਣ ਤੇ ਦਰਸ਼ਨ ਦੇਕੇ ਕ੍ਰਿਤਾਰਥ ਕਰ! ਖਬਰੇ ਉਸ ਸਿਖ ਦੇ ਸਰੂਪ ਵਿਚ ਹੀ ਭਗਵਾਨ ਔਂਦਾ ਹੋਵੇ। ਮੈ ਅਭਾਗਾ ਕੀ ਜਾਣਾਂ। ਜਿੰਨਾ ਚਿਰ ਓਹ ਆਪ ਨਾ ਦਸੇ, ਮੈ ਕੀ ਸਮਝ ਸਕਦਾ ਹਾਂ। ਹਾਂ ਏਹ ਜ਼ਰੂਰ ਏ,ਜੁ ਉਸ ਸਿਖ ਦੇ ਦਰਸ਼ਨ ਨਾਲ ਮਨ ਸ਼ਾਂਤਿ ਹੋ ਜਾਂਦਾ ਏ, ਫੁਰਨੇ ਮੁਕ ਜਾਂਦੇ ਹਨ, ਰਸ ਆ ਜਾਂਦਾ ਏ। ਜੀ ਕਰਦਾ ਏ ਕਿ ਓਹ ਸਰੂਪ ਸਦਾ ਅਖੀਆਂ ਅਗੇ ਰਹੇ। ਖਬਰੇ ਭਗਵਾਨ ਇਸੇ ਰੂਪ ਵਿਚ ਹੀ ਔਂਦੇ ਹਨ। ਹੇ ਈਸ਼ਰ, ਨ ਕਲਪਾ! ਮੇਹਰ ਕਰ ਅਤੇ ਕੁਝ ਮੈਨੂੰ ਵੀ ਥਹੁ ਦਸ। ਇੰਵ ਵਰਲਾਪ ਕਰਦੇ ਹੋਏ ਆਪ ਫਿਰ ਧਯਾਨ ਮਗਨ ਹੋ ਜਾਂਦੇ ਹਨ। ਧਿਆਨ ਵਿਚ, ਅਜ ਫਿਰ ਕਲਗੀ ਸਮੇਤ ਸ਼ਸਤ੍ਰਧਾਰੀ ਮਹਾਨ ਤੇਜਸ੍ਵੀ, ਤੀਰ ਕਮਾਣ ਧਾਰੀ ਕ੍ਰੋੜਾਂ ਸੂਰਜਾਂ ਦੀ ਆਭਾ ਮਾਤ ਪਾਣ ਵਾਲੀ ਕਲਗੀ ਦੀ ਜਯੋਤੀ, ਨੀਲੇ ਤੇ ਸ੍ਵਾਰ ਸੋਂਹੇ ਖਲੋਤੀ ਏ। ਹੁਣ ਤੋਂ ਹਿੰਮਤ ਕਰਕੇ ਉਠ ਬੈਠੇ ਤੇ ਚਰਨਾਂ ਤੇ ਢਹਿ ਪਏ। ਚਰਨ ਸਪ੍ਰਸ਼ ਨਾਲ ਇੰਵ ਥਰ ਥਰਾ ਉਠੇ,ਜਿਵੇਂ ਬਿਜਲੀ ਦੀ ਤਾਰ ਨੂੰ ਹਥ ਛੋਹ ਜਾਵੇ। ਅੰਦਰ ਪ੍ਰਕਾਸ਼ ਹੋ ਗਿਆ ਹਥ ਜੋੜਕੇ ਹਿੰਮਤ ਕਰਕੇ ਪੁਛਿਆ :

"ਮਹਾਰਾਜ। ਮੈਂ ਜਿਸ ਸਰੂਪ ਦਾ ਧਿਆਨ ਕਰਦਾ ਹਾਂ ਓਹ ਆਪ ਨਹੀ। ਉਸਦੇ ਥਾਂ ਮੈਨੂੰ ਸਦਾ ਆਪਦੇ ਦਰਸ਼ਨ ਹੁੰਦੇ ਹਨ। ਆਪ ਕੋਈ ਵੀ ਕਿਉਂ ਨਾ ਹੋਵੇ, ਤ੍ਰਾਨ ਕਰਤਾ! ਮੈਨੂੰ ਇੰਵ ਜਾਪਦਾ ਏ, ਜਿਵੇਂ ਆਪ ਹੀ ਹੁੰਦੇ ਹੋ। ਮੇਹਰ ਕਰੋ ਅਤੇ ਮੈਨੂੰ ਆਪਣੇ ਪਵਿਤ੍ਰ ਨਾਮ ਥੀਂ ਵਾਕਿਫ ਕਰਾਓ?"

ਸਾਧੂ ਦੀ ਏਹ ਜੋਦੜੀ ਸੁਣਕੇ ਉਸ ਦਿਵ ਜੋਤੀ ਦੇ ਬੁਲ ਫਰਕੇ। ਅਵਾਜ਼ ਨਿਕਲੀ, ਅਵਾਜ਼ ਕੀ ਸੀ ਇੰਵ ਸੀ ਜਿਵੇਂ ਲਖਾਂ ਬੱਦਲ ਇਕ ਸਾਰ ਹੀ ਘੋਰ ਉਠੇ ਹਨ। ਪਰ ਇਸ ਅਵਾਜ਼ ਵਿਚ ਬੱਦਲ ਦੀ ਕਠੋਰਤਾ ਅਤੇ ਭੈ ਦਾ ਕਾਂਬਾ ਨੰਹੀ ਸੀ, ਸਗੋਂ ਪਯਾਰ ਦੀ ਮਧੁਰਤਾ ਸੀ। ਸ਼ਾਂਤੀ ਦਾ ਵੇਗ ਸੀ। ਅਭੈਤਾ ਦੀ ਲਖਤਾ ਸੀ। ਪਯਾਰ ਨਾਲ ਸਿਰਤੇ ਹਥ ਫੇਰਦਿਆਂ ਹੋਯਾਂ ਕਿਹਾ—'ਪੁਤ੍ਰ ਮੇਰਾ ਨਾਂਓ ? ਮੈਂ ਅਕਾਲ ਦਾ ਪੁਤ੍ਰ ਹਾਂ! ਹੁਕਮ ਦੇ ਅਨੁਸਾਰ ਆਦਰਸ਼ ਮਨੁਖ ਪੈਦਾ ਕਰਨ ਲਈ ਧਰਾ ਤੇ ਅਵਤੀਰਨ ਹੋਯਾ ਹਾਂ। ਮੈਂ ਆਪਣੇ ਪਿਤਾ ਸ੍ਰੀ ਅਕਾਲ ਦਾ ਦਾਸ ਹਾਂ। ਮੇਰੇ ਪ੍ਰੇਮੀ ਮੈਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਾਉਂ ਨਾਲ ਯਾਦ ਕਰਦੇ ਹਨ। ਇਸ ਸਮੇ ਮੇਰਾ ਪਹਿਰਾ ਏ। ਮੈਨੂੰ ਮਾਲਕ ਨੇ 'ਜਹਾਂ ਤਹਾਂ ਤੈ ਧਰਮ ਚਲਾਇ। ਕਬੁਧਿ ਕਰਨ ਤੇ ਲੋਕ ਹਟਾਇ।' ਦਾ ਹੁਕਮ ਦੇਕੇ ਭੇਜਿਆ ਏ।"

ਸਾਧੂ ਕਿਹਾ 'ਆਪ ਜੀ ਦੇ ਪ੍ਰਤਖ ਦਰਸ਼ਨ ਦਾ ਸਥਾਨ ?'

ਮੁਸਕ੍ਰਾਕੇ ਬੋਲੇ—'ਰਾਮਸਿੰਘ ਮੇਰੇ ਹੈ ਨਾਮਾ।
ਬਾਢੀ ਸੁਤ ਭੈਣੀ ਕੋ ਧਾਮਾ।"

Sri Satguru Jagjit Singh Ji Elibrary NamdhariElibrary@gmail.com

ਇਹ ਕਹਿੰਦੇ ਹੀ ਅੰਤ੍ਰ ਧਿਆਨ ਹੋ ਗਏ।

ਅਜ ਸਾਧੂ ਵੜਾ ਪ੍ਰਸੰਨ ਹੈ। ਜਮਨਾ ਦੇ ਕਿਨਾਰੇ ਇਕ ਮਹਾਨ ਯਗ ਰਚਾਯਾ ਗਿਆ ਏ, ਜਿਸ ਵਿਚ ਰੂਬ ਰੁਰਬਾ, ਸਾਧੂ ਬ੍ਰਾਹਮਣ ਅੰਨ ਖਾਂਦੇ ਹੋਏ ਸਾਧੂ ਨੂੰ ਅਸੀਸਾਂ ਦਿੰਦੇ ਜਾ ਰਹੇ ਹਨ। ਅਜ ਸਾਡੇ ਚਰਿਤ੍ਰ ਨਾਇਕ ਸਾਧੂ ਗੋਬਿੰਦ ਦਾਸ ਹਾਂ ਜੀ, ਸਚੀ ਮੁਚੀਂ ਵਣੇ ਹੋਏ ਗੋਬਿੰਦ ਜੀ ਦੇ ਦਾਸ, ਬਾਹਰ ਨਿਕਲੇ ਹਨ। ਅਸ਼ਨਾਨ ਕਰਕੇ ਪ੍ਰਸਾਦ ਛਕ, ਬਿੰਦ੍ਰਾਬਨ ਵਾ ਸੀਆਂ ਨੂੰ ਰੋਂਦੇ ਧੋਂਦੇ ਛਡਿ, ਆਪਣੇ ਪਯਾਰੇ ਦੀ ਭਾਲ ਵਿਚ ਪੰਜਾਬ ਨੂੰ ਟੁਰ ਪੈਂਦੇ ਹਨ।

ਏ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਪੰਜਾਬ ਦੀ ਧਰਤੀ ਨੂੰ ਭਾਗ ਲਾ ਰਹੇ ਹਨ। ਸ੍ਰੀ ਭੈਣੀ ਸਾਹਿਬ ਚਹਿਲ ਪਹਿਲ ਏ। ਲਖਾਂ ਸਿੰਘ ਹਜ਼ੂਰ ਦੇ ਦਰਸ਼ਨ ਲਈ ਆਂਦੇ ਹਨ ਤੇ ਵਰੋ-ਸਾਏ ਜਾਂਦੇ ਹਨ। ਸ੍ਰੀ ਸਤਿਗੁਰੂ ਜੀ ਬਾਬਾ ਭਗਵਾਨ ਸਿੰਘ ਜੀ ਚੋਬਦਾਰ ਨੂੰ ਹੁਕਮ ਕਰਦੇ ਹਨ ਕਿ—'ਇਸ ਨੁਹਾਰ ਦਾ ਇਕ ਪ੍ਰੇਮੀ ਦਰਸ਼ਨ ਲਈ ਆ ਰਿਹਾ ਏ, ਉਸ ਨੂੰ ਵਰਗੋ ਤਗੀ ਸਾਡੇ ਹਜ਼ੂਰ ਨ ਆਣ ਦੇਣਾ। ਡੇਰਾ ਕਰਾਣਾ, ਚਰਨ ਧੋਣੇ, ਪ੍ਰਸਾਦ ਪਾਣੀ ਦੀ ਸੇਵਾ ਕਰਨੀ, ਜਦ ਅਸੀਂ ਸਦੀਏ ਹਾਜ਼ਰ ਕਰਨਾ।'

ਪੁਛਦੇ ਪੁਛਾਂਦੇ ਸ੍ਰੀ ਮਾਨ ਬਾਬਾ ਗੋਬਿੰਦ ਦਾਸ ਜੀ ਸ੍ਰੀ ਭੈਣੀ ਸਾਹਿਬ ਪੁਜਦੇ ਹਨ। ਸਤਿਗੁਰੂ ਜੀ ਦੀਆਂ ਦਸੀਆਂ ਨਿਸ਼ਾਨੀਆਂ ਪਛਾਣ ਕੇ, ਬਾਬਾ ਭਗਵਾਨ ਸਿੰਘ ਜੀ ਇਕ ਸਿੰਘ ਨੂੰ ਨਾਲ ਦੇ ਕੇ ਆਪ ਜੀ ਦੇ ਡੇਰੇ ਅਤੇ ਸ੍ਰੀਰਕ ਕ੍ਰਿਆ ਦਾ ਸਭ ਪ੍ਰਬੰਧ ਕਰਾ ਦੇਂਦੇ ਹਨ। ਸਾਧੂ ਆਂਹਦਾ ਹੈ ਕਿ ਮੈਂ ਸ੍ਰੀ ਸਤਿ-ਗੁਰੂ ਰਾਮ ਸਿੰਘ ਜੀ ਦਾ ਦਰਸ਼ਨ ਕਰਨਾ ਹੈ। ਸਾਹਿਬ ਅਰਜ਼ ਸੁਣਕੇ ਇਕ ਰਾਗੀ ਸਿੰਘ ਜੀ ਨੂੰ ਭੇਜਿਆ, ਪਰ ਸਾਧੂ ਦੀ ਤਸੱਲੀ ਨਾ ਹੋਈ। ਦੂਜੇ ਦਿਨ ਇਕ ਸੂਬਾ ਭੇਜਿਆ। ਸਾਧੂ ਨੇ ਕਿਹਾ-"ਪਹਿਰਾਵਾ ਮੇਰੇ ਸੁਆਮੀ ਜੇਹਾ ਹੈ, ਪਰ ਦਰਸ਼ਨ ਓਹ ਨਹੀਂ। ਲੁਕੇ ਕਿਉਂ ਬੈਠੇ ਹਨ। ਦਰਸ਼ਨ ਬਿਨਾਂ ਸ਼ਾਂਤੀ ਨਹੀਂ ਆਂਦੀ।" ਤੀਜੇ ਦਿਨ ਹਜ਼ੂਰ ਨੇ ਸਾਧੂ ਨੂੰ ਆਪਣੇ ਦੀਵਾਨ ਵਿਚ ਸਦ ਭੇਜਿਆ। ਦਰਸ਼ਨ ਕਰਦੇ ਸਾਰ ਹੀ ਵੈਰਾਗੀ ਹੋ ਚਰਨਾਂ ਤੇ ਢਹਿ ਪਿਆ, ਬੇ ਸੁਧ ਹੋ ਗਿਆ। ਇਕ ਪਹਿਰ ਮਸਤ ਰਿਹਾ। "ਮਹਾਂ ਪੁਰਖ ਜੀ ਆਪਣੇ ਘਰ ਆ ਗਏ ਹੋ, ਹੋਸ਼ ਸੰਭਾਲੋ, ਸਾਵਧਾਨ ਹੋਵੋ।" ਸੇਵਾਦਾਰ ਨੂੰ ਹੁਕਮ ਹੋਯਾ—'ਅਸ਼ਨਾਨ ਕਰਾਕੇ ਕਛਹਿਰਾ ਪਹਿਨਾ ਲਿਆਓ। ਜੂੜਾ ਵਿਚ-ਕਾਰ ਕਰਨਾਂ॥' ਹੁਕਮ ਅਨਸਾਰ ਸੇਵਾਦਾਰ ਅਸ਼ਨਾਨ ਕਰਵਾ ਲਿਆਯਾ। ਅੰਮ੍ਰਤ ਤਿਆਰ ਕਰਵਾ ਕੇ, ਹਜ਼ੂਰ ਨੇ ਆਪ ਕਮਰ ਕਸਾ ਕਰਕੇ ਗੋਬਿੰਦ ਦਾਸ ਦੇ ਸੀਸ ਤੇ ਦਮਾਲਾ ਸਜਾਇਆ। ਦਮਾਲੇ ਅਗੇ ਖੰਡਾ ਅਤੇ ਚਕ੍ਰ ਸਜਾਯਾ। ਆਪਣੀ ਹਥੀਂ ਅੰਮ੍ਰਤ ਛਕਾਕੇ ਹੁਕਮ ਕੀਤਾ ਕਿ—"ਭਾਈ ਥੋੜੇ ਦਿਨਾਂ ਨੂੰ ਬੜਾ ਭਾਰੀ ਸਾਂਗ ਵਰਤੇਗਾ, ਉਸ ਵਿਚ ਵਿਰਲੇ ਹੀ ਕਾਇਮ ਰਹਿ ਸਕਣਗੇ, ਜਿਨ੍ਹਾਂ ਵਿਚ ਏਹ ਮਹਾਂ ਆਤਮਾਂ ਵੀ ਤਿਆਰ ਬਰ ਤਿਆਰ ਰਹਿਕੇ ਗੁਰਮਤ ਪ੍ਰਚਾਰ ਜਾਰੀ ਰਖੇਗੀ।" ਬਹੁਤ ਸਾਰੇ ਵਰ ਦਿਤੇ ਅਤੇ ਗੋਬਿੰਦ ਦਾਸ ਤੋਂ ਸ੍ਰੀ ਮਾਨ ਬਾਬਾ ਹਰਨਾਮ ਸਿੰਘ ਜੀ ਨਾਉਂ ਰਖਿਆ। ਅੰਮ੍ਰਤ ਛਕਕੇ ਆਪ ਜੀ ਦਾ ਤੇਜ ਸੂਰਜ ਸਮਾਨ ਚਮਕਾਂ ਮਾਰਨ ਲਗਾ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਦੇਸ ਗਵਨ ਕਰਨ ਪਿਛੋਂ ਬਾਬਾ ਹਰਨਾਮ ਸਿੰਘ ਜੀ ਗੜ੍ਹ ਦੀਵਾਲਾ (ਜ਼ਿਲ੍ਹਾ ਹੁਸ਼ਿਆਰ ਪੁਰ) ਵਿਖੇ ਜਾ ਰਹੇ ਸਨ।

Sri Satguru Jagjit Singh Ji Elibrary NamdhariElibrary@gmail.com

ਆਪ ਜੀ ਨੇ ਏਥੇ ਅਨੇਕਾਂ ਕਰਾਮਾਤਾਂ ਵਿਖਾਈਆਂ ਜੋ ਹੜੀਆਂ ਅਜ ਤੀਕ ਇਸ ਇਲਾਕੇ ਦੇ ਲੋਕਾਂ ਦੀ ਜ਼ਬਾਨੀ ਸੁਣੀਆਂ ਜਾਂਦੀਆਂ ਹਨ। ਆਪ ਜੀ ਦੀ ਕ੍ਰਿਪਾ ਨਾਲ ਕਈ ਕੋਹੜੇ ਰਾਜੀ ਹੋਏ, ਜਿਨ੍ਹਾਂ ਵਿਚੋਂ ਇਕ ਉਤਮ ਸਿੰਘ ਨਾਮੀ ਸਿੰਘ ਦੇ ਦੋਨਾਂ ਸਤਰਾਂ ਦੇ ਲੇਖਕ ਨੇ ਦਰਸ਼ਨ ਕੀਤੇ ਹਨ। ਇਕ ਅੰਗੂਠੇ ਤੇ ਕੋਹੜ ਦਾ ਵੱਡਾ ਜੇਹਾ ਨਿਸ਼ਾਨ ਸੀ, ਬਾਕੀ ਦੇਹੀ ਉਸੇ ਤੁਰਾਂ ਹੀ ਸੁੰਦਰ ਸੀ। ਆਪਦੇ ਕੌਤਕ ਅਪਾਰ ਹਨ,ਆਪ ਦੇ ਚੋਜ ਵਿਅੰਤ ਅਤੇ ਖੇਲ ਅਜ ਬਹਨ। ਸਥਾਨਾ ਭਾਵ ਕਰਕੇ ਮੈ ਵਿਸਥਾਰ ਸਹਿਤ ਲਿਖਣੋਂ ਅਸਮਰੱਥ ਹਾਂ ਆਪ ਜੀ ਦਾ ਗੜ੍ਹ ਦੀਵਾਲੇ ਦਾ ਡੇਰਾ ਅਤੇ ਭਟੀਆਂ ਵਾਲਾ ਡੇਰਾ ਆਬਾਦ ਹਨ। ਆਪ ਜੀ ਦੇ ਨਿਕਟ ਵਰਤੀ ਸੇਵਕਾਂ, ਬਾਬਾ ਮਾਨ ਸਿੰਘ ਜੀ, ਬਾਬਾ ਦੁੰਨਾ ਸਿੰਘ ਜੀ, ਬਾਬਾ ਮਲਾ ਜਿੰਘ ਜੀ, ਉਤਮ ਸਿੰਘ ਜੀ, ਬਾਬਾ ਖੇਮ ਸਿੰਘ ਜੀ, ਮਾਤਾ ਖੇਮਕੌਰ ਜੀ (ਆਪ ਜੀ ਦੇ ਮਹਿਲ ਜੋ ਅਜੇ ਤੀਕ ਜ਼ਿੰਦਾ ਹਨ) ਦੇ ਦਰਸ਼ਨ ਕਰਨ ਦਾ ਸੁਭਾਗ ਮੈਨੂੰ ਹਾਸਿਲ ਹੋਯਾ ਏ ਜਿਨ੍ਹਾਂ ਤੋਂ ਕਈ ਵਾਰ ਬਚਨ ਸੁਣੇ ਹਨ।

ਇਸ ਲੇਖ ਦੀ ਸਾਮੱਗ੍ਰੀ ਮੈਨੂੰ ਪੂਜਨੀਕ ਭਾਈ ਸਾਹਿਬ ਸੰਤ ਹਰਨਾਮ ਸਿੰਘ ਜੀ ਰਾਗੀ ਅਤੇ ਸ੍ਰੀ ਮਾਨ ਸੰਤ ਰਣ ਸਿੰਘ ਜੀ ਕੰਬਿਆਂ ਵਾਲੇ ਕਾਦੀਆਂ ਤੋਂ ਪ੍ਰਾਪਤਿ ਹੋਈ ਏ। ਸੰਤ ਰਣ ਸਿੰਘ ਜੀ ਨੂੰ ਸੰਤਾਂ ਨੇ ਆਪ ਅੰਮ੍ਰਤ ਛਕਾਇਆ ਸੀ ਅਤੇ ਦੁਮਾਲਾ ਸਜਾਕੇ ਚੜ੍ਹ ਪ੍ਰਦਾਨ ਕੀਤਾ ਸੀ ਜੋਹੜਾ ਹੁਨ ਵੀ ਏਹ ਸੀਸੜੇ ਸਜਾਂਦੇ ਹਨ। ਆਪ ਜੀ ਦੇ ਬਣਾਏ ਕੰਘੇ ਕ੍ਰਿਪਾਂਨਾ ਬੜੇ ਸੁੰਦ੍ ਅਤੇ ਸਸਤੇ ਹੁੰਦੇ ਹਨ। ਪਤਾ ਸੰਤ ਰਣ ਸਿੰਘ ਜੀ ਨਾਮਧਾਰੀ, ਕਾਦੀਆਂ ਖਾਸ, ਜਿਲ੍ਹਾ ਗੁਰਦਾਸ ਪੁਰ ਹੈ, । ਲੇਖਕ ਏਹਨਾ ਦੋਹਾਂ ਸਜਨਾਂ ਦਾ ਧੰਨਵਾਦੀ ਏ।

—੪੦੪—

Sri Satguru Jagjit Singh Ji Elibrary NamdhariElibrary@gmail.com

ਕੀਰਤੀ ਬੰਦਨਾਂ

(ਵਲੋਂ ਸ੍ਰੀ ਮਾਨਸ੍ਰ: ਭਗਤ ਸਿੰਘ ਜੀ 'ਪ੍ਰੇਮੀ' ਹਾਲ ਬੈਂਕੋਕ ਸਿਆਮ)

ਸ੍ਰੀ ਗੁਰੂ ਦੁਆਦਸ ਦੁਆਦਸ ਸਰੂਪ ਧਰਾ ਦੁਆਦਸ ਲਜਤ ਭਾਨ ਦੁਆਦਸ ਕਾ ਤੇਜ ਪਿਖ
ਦੁਆਦਸ ਕੇ ਮਾਸ ਮਾਹਿ ਉਤਮ ਹੈ ਸੋਈ ਮਾਸ ਧਰਾ ਅਵਤਾਰ ਜੀਉ ਦੁਆਦਸ ਵਖੇਧ ਪਿਖ।
ਦੁਆਦਸ ਗੁਰਿੰਡਨ ਮੇ ਦੁਆਦਸ ਗੁਰਿੰਡ ਬਡੋ ਆਦ ਅੰਤ ਜਾਲ ਏਹੀ ਦੂਸਰਾ ਨਾ ਵੇਖ ਪਿਖ।
ਧੰਨ ਗੁਰੂ ਦੁਆਦਸ ਹੈ ਬੰਦਨਾਂ ਦੁਆਦਸ ਕੋ ਰਿਖੀ ਮੁਨੀ ਪਾਰ ਪਾਏ ਸੁਆਦਸ਼ ਮੁਗੋਸ ਪਿਖ।
ਨਾਮ ਗੁਰੂ ਰਾਮ ਸਿੰਘ ਰਾਮ ਰੂਪ ਰਮਾ ਰਾਮ ਰਾਮ ਰਾਮ ਸੁਭੁ ਸ਼ਾਮ ਆਠੋਂ ਪਹਿਰ ਰਵੇ ਹੈਂ।
ਜਪ ਸ੍ਰੀ ਰਾਮ ਪ੍ਰਮ ਧਾਂਮ ਮੇ ਨਿਵਾਸ ਕੀਆ ਪੀਆ ਅਮਰੀ ਬਾਣਾਂ ਘਾਟਾਂ ਕਿਤਹੁੰ ਨਾ ਪਰੇ ਹੈਂ।
ਕਾਮ ਕ੍ਰੋਧ ਲੋਭ ਮੋਹ ਅਹੰਕਾਰ ਦੀਏ ਖੋਹ ਚੜ੍ਹਿਆ ਅਗੰਮੀ ਰਹੋ ਕਾਰਜ ਸੋ ਸਰੇ ਹੈਂ।
ਧੰਨ ਗੁਰੂ ਰਾਮ ਸਿੰਘ ਧੰਨ ਗੁਰੂ ਰਾਮ ਸਿੰਘ ਅੰਮ੍ਰਤ ਰੂਪੀ ਮੇਘ ਤੇਰੇ ਦਰ ਉਤੇ ਵਰ੍ਹੇ ਹੈਂ।
ਸ੍ਰੀ ਗੁਰੂ ਰਾਮ ਮ੍ਰਗਿੰਦ ਦੀਨ ਦੁਨੀ ਵਾਲੀ ਚੜ੍ਹੀ ਰਹੋ ਲਾਲੀ ਖਾਲੀ ਦਰ ਕੋਈ ਜਾਇ ਨਾ।
ਸਿਖੀ ਰੂਪ ਬੂਟਿਓਂ ਕੇ ਪਾਲੀ ਫਲ ਡਾਲੀ ਡਾਲੀ ਪੇਵੰਦ ਸੁਖਾਲੀ ਆਲੀ ਕੀਮ ਕੋਈ ਪਾਇ ਨਾ।
ਕੂੜਦੀ ਉਢਾਲੀ ਸਤਾ ਸਚ ਦੀ ਬਹਾਲੀ ਮਾਲੀ ਚਾਲ ਹੈ ਨਿਰਾਲੀ ਆਲੀ ਘਲਨਾਂ ਸਮਾਏ ਨਾ।
ਬੈਠ ਰਾਮਦਾਸ ਪੁਤੇ ਤਜਰੋ ਕੁਜਜਤੇ ਨੇ ਤਜਤੇ ਗੋਬਿੰਦ ਇਕ ਛਿਨ ਜੋ ਭਲਾਏ ਨਾ।
ਫੈਲਿਓ ਜਸ ਭਾਰੀ ਜਿਸ ਤਾੜਕਾਂ ਉਧਾਰੀ ਸੋਦੀ ਸ੍ਰੀ ਗੁਰੂ ਰਾਮ ਸਿੰਘ ਤਾਰੇ ਨਰ ਨਾਰ ਨੂੰ।
ਮੁਕ ਜਾਏ ਹੇਰ ਫੇਰ ਕਟਦਾ ਚੋਰਾਸੀ ਗੇੜ ਲਗਦੀ ਨਾਂ ਡੇਰ ਜਾਨੇ ਮਿਥਿਆ ਸੰ ਸਾਰ ਨੂੰ।
ਅਠੋ ਪਹਿਰ ਬੰਦਗੀ ਮੇ ਜਿੰਦਗੀ ਬਤੀਤ ਕਰੇ ਜੰਤ ਸ਼ਾਂਤ ਹਿਰਦਾ ਖਪਾਵੇ ਅਹੰਕਾਰ ਨੂੰ।
ਦੂਰੋਂ ਦੂਰੋਂ ਸੰਗਤਾ ਆ ਚਰਨ ਪਰਸ ਕਰ ਹੋਵਨ ਅਨੰਦ ਪਿਖ ਸੁੰਦਰ ਦੀਦਾਰ ਨੂੰ।
ਸ੍ਰੀ ਗੁਰੂ ਰਾਮ ਸਿੰਘ ਸ੍ਰੀ ਰਾਮ ਦਾਸ ਪੁਰੇ ਸੰਤਨ ਕੀ ਜੁੰਡੀਆਂ ਅਖੰਡੀਆਂ ਕੋਠੀਆਂ।
ਭਜਨ ਬਾਣੀ ਰਸ ਦਾਨੀ ਸਭੀ ਮਨ ਭਾਨੀ ਅਨੀ ਭਵਨ ਭਵਨ ਸੋਹੇ ਹੋਵਨ ਹੋਵਠੀਆਂ।
ਇੰਦ ਕੇ ਮਨਿੰਦ ਸ੍ਰੀ ਕ੍ਰਿਪਾ ਸਿੰਧ ਪੇਖਤ ਹੀ ਹੋਵਤ ਮੰਸਤ ਜੰਗ ਚਰਨ ਪਰੇਸ਼ੀਆ।
ਦਾਨੇ ਤੇ ਦੀਵਾਨੇ ਮਸਤਾਨੇ ਜਾਵਾਂ ਕੁਰਬਾਨੇ ਫਿਰਨ ਦੁਆਲ਼ੇ ਚੜ ਗਈ ਭੰਗ ਭਠੀਆਂ।
ਦੇਵਤੇ ਕੀ ਸਤਾਂ ਸੁਭਾਂ ਤੀਨ ਪੈਹਰ ਰੈਣ ਜਾਏ ਬੈਠਤੀ ਅਕੰਤ ਵਿਖਮੰਤ ਰਾਗੀ ਰਾਗ ਕੋ।
ਢੋਲਕ ਮੁਦੰਗ ਤੂਸ਼ ਛੈਨਕ ਛਨਕ ਮਿਠੀ ਵਾਜੇ ਸਾਜੇ ਜੋੜੀ ਸੋਹੇ ਆਪ ਨਯਤਗ ਕੋ।
ਲਾਗਤ ਦੀਵਾਨ ਮਸਤ ਭੋਰੇ ਸਭ ਡਿਗੇ ਆਨ ਸੋਹਬਤ ਨਧਾਨ ਆਏ ਛੇਰਨਿਜ ਭਾਗ ਕੋ।
ਬੈਠਤ ਮ੍ਰਗਿੰਦ ਰਾਮ, ਚੰਦ ਦੇ ਸਮਾਨ ਬੰਚ ਪਾਏ ਖੀਰਮਾਣੀਮੇ ਲਗਾਵਦੇ ਹੈਂ ਜਾਗਕੋ।
ਕਿਰਤ ਕਮਾਨੀ ਹਥੀ ਆਪ ਪੀਨਾ ਪਾਨੀ ਜਾਨੀ ਸੰਤ ਸੇਵ ਅਤੇ ਰੰਗ ਚੜੇ ਦੁਖ ਭੰਜਨਾ।
ਕਾਮ ਸੋਹੇ ਧਾਮ ਸੋਹੇ ਨਾਮ ਮੁਬ ਰਹੇ ਜਾਹਿ ਗਏ ਦੁਖ ਦੂਰ ਕਦ ਪੁਰ ਰਤੀ ਰੰਜਨਾ।
ਸ੍ਰੀ ਪਤ ਜੋਹੇ ਜੋਈ ਪੋਹੇ ਨਾਹੀ ਔਰੇ ਕਾਮ ਅਮੀ ਰਸ ਕੁੰਭ ਭਰੇ ਪਰੇ ਸੁਖ ਅੰਜਨਾ।
ਰੋਗਨ ਕੀ ਸੋਗਨ ਕੀ ਭੋਗਨ ਕੀ ਦੂਰ ਚਾਟ ਗੁਰੂ ਰਾਮ ਸ੍ਰਿੰਘ ਮੇਹਰ ਵਾਨ ਤਈ ਬੰਦਨਾ।
ਦੀਨ ਦੁਖੀ ਵਾਲੀ ਮਿਲ ਖੇਲਤ ਸੰਤ ਜਨ ਗੁਨੀ ਮੁਨੀ ਗਿਆਨੀ ਭਏ ਛੋਡਾ ਮਨ ਮੰਤ ਕੋ।
ਨਾਮ ਦਾਨ ਪਰਿਉ ਮਾਨ ਪਇਉ ਕੀਰਸੇਵਜਾਹਿ ਮੁਕਤਭਇਜੁਗਤ ਗਹੀਲ਼ਹਿਆ ਪ੍ਰਮ ਰਾਤ ਦੇ।

ਸੁੰਦਰ ਦੀਦਾਰੇ ਸੂਧੇ ਦਾੜ੍ਹੇ ਸੋਹੇ ਤੇੜ ਕਛ ਸ਼ਕਤੀ ਅਗੰਮੀ ਵਧੀ ਧੰਮ ਜਤ ਸਤ ਕੋ।
ਪੰਥਨ ਕਾ ਸਾਰ ਪੰਥ ਨਾਮਧਾਰੀ ਹੋਇਆ ਜਾਰੀ ਗੁਰੂ ਰਾਮ ਸਿੰਘ ਵਾਰੀ ਤਾਰਿਆ ਜਗਤ ਕੋ।
ਸ੍ਰੀ ਰਾਮ ਹਰੀ ਬਲਹਾਰੇ ਜਾਵਾਂ ਵਾਰੇ ਵਾਰੇ ਸੰਕਟ ਨਵਾਰੇਂ ਕੁਲ ਤਾਰੇਂ ਨਰ ਨਾਰ ਨੂੰ।
ਜਿਨ੍ਹਾ ਜਿਨ੍ਹਾ ਮਰਮੀਆਂ ਨੇ ਸੁੰਦਰ ਦੀਦਾਰੇ ਕੀਤੇ ਭਾਰੇ ਹਾਰੇ ਸੁਖੀ ਭਏ ਰੱਲੇ ਕਰ ਭਾਰ ਨੂੰ।
ਦੁਬਿਧਾ ਨਵਾਰੇਂ ਪੰਜੇ ਮਾਰੇਂ ਤੇ ਉਤਾਰੇ ਮਲ ਫੇਰ ਨਹੀ ਹਾਰੇ ਜਾਨ ਸਕੇ ਗੁਝੀ ਸਾਰ ਨੂੰ।
ਦੋਇ ਕਰ ਜੋੜ 'ਪ੍ਰੇਮੀ, ਬੰਦਨ, ਹੈ ਬਾਰੇ ਬਾਰੇ ਸੰਤਨ ਸਹਾਰੇ 'ਰਾਮ ਹਰੀ' ਅਵਤਾਰ ਨੂੰ।

ਸੋਹਾਣ ਸਤਿਗੁਰੂ

{ ਵਲੋਂ ਸਰਦਾਰ ਗੁਰਬਖਸ਼ ਸਿੰਘ ਜੀ 'ਪੀਤਮ' ਬੰਕੋਕ }

ਜਿਸ ਦੇ ਆਵਣ ਸਾਰ ਜਗਤ ਤੋਂ,
ਦੂਰ ਹਨੇਰਾ ਹੋਇਆ ਹੈ !
ਜਿਸ ਦੇ ਚਰਨ ਪੈਂਦਿਆਂ ਖੋੜਾ,
ਅੰਮ੍ਰਿਤ ਬਣ ਕੇ ਚੋਇਆ ਹੈ !
ਜਿਸ ਦਾ ਪਿਆਰ ਮਹਾਂ ਰਸ ਮਿੱਠਾ,
ਫੁੱਲਾਂ ਵਿਚ ਸਮੋਇਆ ਹੈ !
ਜਿਸ ਦੀ ਛੋਹ ਪ੍ਰਾਪਤ ਕਰਕੇ,
ਜੀ ਉਠਿਆ ਹਰ ਮੋਇਆ ਹੈ !
ਠੁੰਮ ਠੁੰਮ ਕਰਦਾ ਉਹੋ ਆ ਗਿਆ,
ਮੈਂ ਸਦਕੇ ਇਸ ਦਰਸ਼ਨ ਤੋਂ !
ਅੱਖਾਂ ਲੈਣ ਉਤਾਰ ਇਸ ਨੂੰ,
ਹੋਣ ਨ ਵਾਕਫ ਤਰਸਨ ਤੋਂ !

ਲਖ ਲਖ ਵਧਾਈਆ !

(ਵਲੋਂ ਸ: ਦਾਨ ਸਿੰਘ ਜੀ "ਭਾਖੀ" ਬੰਕੋਕ ਸਿਆਮ)

ਜਿਸ ਦੇ ਆਵਣ ਸਾਰ ਜਗਤ ਵਿਚ, ਧੁੰਮਾ ਪਈਆਂ ਸਾਰੇ !
ਜਿਸ ਦੇ ਉਤੋਂ ਭਾਰਤ ਮਾਤਾ, ਜਾਂਦੀ ਸੌ ਸੌ ਵਾਰੇ !
ਆਇਆ ਏ ਓਹ ਦਿਨ ਬਸੰਤ ਦੇ, ਸਿੱਖ-ਬਾਗ ਦਾ ਮਾਲੀ !
ਜਿਸ ਦੀ ਛੋਹ ਨਾਲ ਜੀਵਨ ਮਿਲਿਆ, ਹਤੇ ਪਤੇ ਹੋਰ ਭਾਲੀ !
ਜਿਸ ਦੀ ਇਕ ਨਜਰ ਨੇ ਪੱਥਰ, ਪਾਰਸ ਚੁੱਕ ਬਣਾਇ !
ਜਿਸ ਦੀ ਇਕ ਨਜ਼ਰ ਨੇ ਗਿੱਦੜ, ਸ਼ੇਰਾਂ ਨਾਲ ਲੜਾਇ !
ਪਾਪੀ ਕੰਬੇ, ਧਰਮੀ ਵਿਗਸੇ, ਸੰਤਾਂ ਸ਼ੁਕਰ ਮਨਾਇਆ !
ਹਰਨ ਧਰਨ ਦਾ ਭਾਰ ਅਰਸ਼ ਤੋਂ, ਆਪ ਮਾਹੀ ਚਲ ਆਇਆ !
ਘੋਲੀ ਵੰਞਾਂ ਵਾਰੀ ਵੰਞਾਂ, ਲਖ, ਲਖ ਲਵਾਂ ਬਲਾਈਆਂ !
ਉਸਦੇ ਆਵਣ ਦੀਆਂ ਜਗਤ ਨੂੰ, ਲਖ ਲਖ ਵਾਰ ਵਧਾਈਆਂ !

Sri Satguru Jagjit Singh Ji Elibrary NamdhariElibrary@gmail.com

ਨਵੇਂ ਰੰਗ-ਨਵੇਂ ਢੰਗ-ਨਵੇਂ ਪ੍ਰਬੰਧ

ਵਿਚ

ਪੰਜਾਬੀ ਦਾ ਬੇਹਦ ਸਵਾਦਲਾ

ਹਫਤਾ ਵਾਰ

"ਆਕਾਸ਼-ਬਾਣੀ"

ਸਤਿਗੁਰੂ ਜਗਜੀਤ ਸਿੰਘ ਪੁਸਤਕਾਲਾ
ਪੁਸਤਕ ਨੰ.
ਅਲਮਾਰੀ
ਸ੍ਰੀ ਭੈਣੀ ਸਾਹਿਬ

ਪ੍ਰਸਿਧ ਨੌਜਵਾਨ ਲੇਖਕ ਅਤੇ ਜਾਦੂ ਨਿਗਾਰ ਕਵਿ ਸ੍ਰੀ ਮਾਨ ਸਰਦਾਰ ਅਵਤਾਰ ਸਿੰਘ ਜੀ "ਆਜ਼ਾਦ" ਸਾਬਕ ਐਡੀਟਰ 'ਪੰਜਾਬ-ਦਰਪਣ', 'ਕ੍ਰਿਪਾਣ ਬਹਾਦਰ', 'ਫਤਹ', 'ਪ੍ਰੀਤਮ' ਅਤੇ ਐਡੀਟਰ ਇੰਚਾਰਜ 'ਸਤਿਜੁਗ' ਦੀ ' ਐਡੀਟਰੀ ਹੇਠਾਂ ਬਹੁਤ ਛੇਤੀ ਨਿਕਲਨਾ ਸ਼ੁਰੂ ਹੋਣ ਵਾਲਾ ਹੈ। ਹਰ ਪਰਕਾਰ ਦਾ ਪੱਕਾ ਪਰਬੰਧ ਕਰ ਲਿਆ ਗਿਆ ਹੈ ਅਤੇ ਸ੍ਰੀਮਾਨ ਪ੍ਰੋਫੈਸਰ ਗੰਗਾ ਸਿੰਘ ਜੀ ਚੀਫ ਐਡੀਟਰ 'ਅੰਮ੍ਰਿਤ' ਅਤੇ ਪ੍ਰਿੰਸੀਪਲ ਸ਼ਹੀਦ ਸਿਖੀ ਮਿਸ਼ਨਰੀ ਕਾਲਜ ਨੇ 'ਆਕਾਸ਼-ਬਾਣੀ' ਦਾ ਆਨਰੇਰੀ ਚੀਫ ਐਡੀਟਰ ਬਣਨਾ ਪਰਵਾਨ ਕਰ ਲਿਆ ਹੈ। ਉਹ ਸਜਣ ਜੋ ਪੰਜਾਬੀ ਅਖਬਾਰ ਨਵੀਸੀ ਦੇ ਮੰਡਲ ਵਿਚ ਇਕ ਬੇਹਦ ਸ਼ਾਨਦਾਰ ਅਤੇ ਹਰ ਵਿਸ਼ੇ ਤੇ ਮੁਕੱਮਲ ਅਰ ਨਵੀਂ ਵਾਕਫੀ ਪਾਉਣ ਵਾਲੇ ਅਖਬਾਰ, ਦੀ ਚਿਰਾਂ ਤੋਂ ਉਡੀਕ ਕਰ ਰਹੇ ਸਨ, ਉਹਨਾਂ ਨੂੰ "ਆਕਾਸ਼--ਬਾਣੀ" ਦੇ ਗਾਹਕ ਬਹੁਤ ਛੇਤੀ ਬਣ ਜਾਣਾ ਚਾਹੀਦਾ ਹੈ। 'ਆਕਾਸ਼-ਬਾਣੀ' ਵਿਚ ਰਾਜਸੀ, ਸਮਾਜਕ, ਸੰਜਮਕ, ਆਰਥਕ, ਸਾਹਿਤਕ, ਧਾਰਮਕ, ਸਿਨਿਮਾ ਅਤੇ ਵਿਗਿਆਨ ਆਦਿ ਭਿੰਨ ਭਿੰਨ ਵਿਸ਼ਿਆਂ ਸਬੰਧੀ ਉਚ ਕੋਟੀ ਦੇ ਲੇਖ ਹੋਇਆ ਕਰਨਗੇ। ਇਸਤ੍ਰੀ ਸਮਾਜ ਅਤੇ ਬਚਿਆਂ ਲਈ ਖਾਸ ਤੌਰ ਤੇ ਮੁਸਤਕਿਲ ਸਫੇ ਹੋਣਗੇ। ਏਨੇ ਵਾਧਿਆਂ ਦੇ ਮਾਲਕ ਅਖਬਾਰ ਦਾ ਸਾਲਾਨਾ ਚੰਦਾ ਕੇਵਲ ੪) ਰੁਪਏ ਹੀ ਰਖਿਆ ਗਿਆ ਹੈ। ਸਜਣ ਜਨ ਆਪੋ ਆਪਣਾ ਚੰਦਾ ਭੇਜ ਕੇ ਝਟ ਪਟ ਗਾਹਕ ਬਣਨ।

ਪ੍ਰਾਰਥਕ:-

ਮੈਨੇਜਰ 'ਆਕਾਸ਼-ਬਾਣੀ' ਅੰਮ੍ਰਿਤ ਸਰ

Sri Satguru Jagjit Singh Ji Elibrary NamdhariElibrary@gmail.com

ਤਨ ਮਨ ਪ੍ਰਫੁਲਤ ਕਰਨ ਵਾਲੀ ਅਦੁਤੀ ਸੁਗਾਤ ?

ਨਾਮਧਾਰੀ ਨਿਤਨੇਮ

ਕਾਗ਼ਜ਼ ! ਵਲਾਇਤੀ ! ਛਪਾਈ ਦੋ ਰੰਗੀ ! ਪੰਨੇ ੭੦੦

ਗੁਰਬਾਣੀ ਦੇ ਰਸੀਏ ਸਜਣਾਂ ਨੂੰ ਇਹ ਤਨ ਮਨ ਖਿੜਾਓਣ ਵਾਲੀ ਸੁਹਾਵਣੀ ਖਬਰ ਸੁਣਕੇ ਚਾਓ ਚੜ ਜਾਵੇਗਾ ਕਿ "ਸਤਿਜੁਗ" ਦੇ ਪ੍ਰਬੰਧਕਾਂ ਨੇ ਖੁਲਾ ਧਨ ਖਰਚਕੇ **'ਨਾਮਧਾਰੀ-ਨਿਤ-ਨੇਮ,** ਪ੍ਰਕਾਸ਼ਤ ਕਰ ਦਿਤਾ ਹੈ।

ਇਹ ਨਿਤਨੇਮ ਏਨਾਂ ਸੁੰਦ੍, ਸ਼ੁਧ ਅਤੇ ਸਾਫ ਛਪਿਆ ਹੈ ਕਿ ਜਿਸ ਦੇ ਦਰਸ਼ਨ ਕਰਕੇ ਹੀ ਦੋ ਜਹਾਨ ਦੀਆਂ ਖੁਸ਼ੀਆਂ ਪ੍ਰਾਪਤ ਹੋ ਜਾਂਦੀਆਂ ਹਨ। ਕਾਗਜ ਬੜਾ ਪੱਕਾ ਤੇ ਮੋਮੀ ਅਤੇ ਜਿਲਦ ਐਸੀ ਵਧੀਆ ਹੈ ਕਿ ਗੁਟਣਾ ਸਚ ਮੁਚ ਸਦਾ ਸੰਭਾਲਕੇ ਰਖਣ ਵਾਲੀ ਸੁਗਾਤ ਬਣ ਗਿਆ ਹੈ। ਅਨੇਕਾਂ ਸਜਣਾਂ ਦੇ ਆਰਡਰ ਸਾਡੇ ਪਾਸ ਪਹਿਲਾਂ ਪਹੁੰਚ ਚੁਕੇ ਸਨ ਤੇ ਜਿਨਾਂ ਦੀਆਂ ਮੰਗਾ ਪੁਰੀਆਂ ਕਰਨ ਦੇ ਉਪ੍ਰੰਤ ਨਿਤਨੇਮ ਦੀਆਂ ਕੁਝ ਸੌ ਕਾਪੀਆਂ ਹੀ ਰਹਿ ਜਾਣਗੀਆਂ। ਉਹ ਸਜਣ ਜਿਨਾਂ ਨੇ ਹਾਲਾਂ ਤੀਕ ਆਰਡਰ ਨਾਂ ਭੇਜਿਆ ਹੋਵੇ ਛੇਤੀ ਲਿਖ ਭੇਜਣ ਨਹੀ ਤਾਂ ਹਥ ਮਲਦੇ ਰਹਿ ਜਾਣਗੇ।

ਇਹ ਵਡਮੂਲਾ ਨਾਮਧਾਰੀ ਨਿਤ ਨੇਮ ਜਿਸਦਾ ਮੋਖ ਕੇਵਲ ੧।) ਰੁਪਇਆ ਹੈ ਵਿਚ ਇਹ ਬਾਣੀਆਂ ਹਨ।

੧. ਜਪਜੀ, ੨. ਸ਼ਬਦ ਹਜਾਰੇ, ੩. ਜਾਪ ਸਾਹਿਬ, ੪. ਸ਼ਬਦ ਹਜਾਰੇ, ਪਾਤਸ਼ਾਹੀ ੧੦, ੫. ਰਹਿਰਾਸ, ੬. ਕੀਰਤਨ ਸੋਹਿਲਾ, ੭. ਅਨੰਦ ਸਾਹਿਬ ੮. ਸੁਖਮਨੀ ਸਾਹਿਬ, ੯. ਆਸਾ ਦੀ ਵਾਰ, ੧੦. ਛਕੇ ਛੰਤ ਮਹਲਾ ੪, ੧੧. ਅਕਾਲ ਉਸਤਤਿ, ੧੨. ਚੰਡੀ ਚਰਿਤ੍ਰ ਦੂਜਾ, ੧੩. ਚੰਡੀ ਦੀ ਵਾਰ, ੧੪. ਉਗ੍ ਦੰਤੀ, ੧੫. ਸ਼ਸਤ੍ਰ ਨਾਮ ਮਾਲਾ, ੧੬. ਬਾਰਾਂ ਮਾਹ ਮਹਲਾ ੫, ੧੨. ਕਲਕੀ ਅਵਤਾਰ ਸਵਯੇ, ੧੮. ਰਾਮ ਕਲੀ ਦੀ ਵਾਰ, ੧੯. ਲਾਵ, ੨੦. ਅਰਦਾਸ ਭੂਮਕਾ ਅਤੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ।

ਪ੍ਰਾਰਥਕ—ਮੈਨੇਜਰ "ਸਤਿਜੁਗ, ਸ੍ਰੀਭੈਣੀ ਸਾਹਿਬ

Sri Satguru Jagjit Singh Ji Elibrary NamdhariElibrary@gmail.com

ਸ੍ਰੀ ਸਤਿਗੁਰੂ ਰਾਮ ਹਰੀ ਦਸਤ-ਕਾਰੀ ਆਸ਼ਰਮ

ਨਿਰਖ ਬਿਲਕੁਲ ਵਾਜਬੀ ਤੇ ਕਪੜਾ ਮਜ਼ਬੂਤ !
ਕੰਮ ਸਿਖਣ ਵਾਲਿਆਂ ਲਈ ਸੁਨਹਿਰੀ ਸਮਾਂ !!

ਸ੍ਰੀ ਭੈਣੀ ਸਾਹਿਬ ਦਸਤਕਾਰੀ ਆਸ਼੍ਰਮ ਕਾਇਮ ਹੋ ਗਿਆ ਹੈ, ਹਾਲਾਂ ਖਡੀਆਂ ਲਾਕੇ ਕਪੜੇ ਦੀ ਉਣਾਈ ਦਾ ਕੰਮ ਆਰੰਭ ਕੀਤਾ ਗਿਆ ਏ। ਇਸ ਕੰਮ ਲਈ ਇਕ ਬੜੇ ਸਿਆਣੇ ਤੇ ਲਾਇਕ ਅਧਿਯਾਪਕ ਸਜਨ ਰਖੇ ਗਏ ਹਨ। ਨਵੇਂ ਨਵੇਂ ਡੀਜ਼ਾਇਨ ਬੇਹਦ ਪੱਕੇ ਕਪੜੇ ਤਿਆਰ ਕਰਨਾਂ ਇਸ ਆਸ਼੍ਰਮ ਦਾ ਮੁਖ ਕੰਮ ਹੋਵੇਗਾ। ਜਿਨ੍ਹਾਂ ਸਜਨਾਂ ਨੇ ਏਥੇ ਕੰਮ ਸਿਖਣਾ ਹੋਵੇ, ਓਹਨਾਂ ਲਈ ਸ੍ਰੀ ਸਤਿਗੁਰੂ ਜੀ ਨੇ ਆਪਣੀ ਅਪਾਰ ਕ੍ਰਿਪਾਲਤਾ ਦੁਆਰਾ ਹੁਕਮ ਕੀਤਾ ਹੈ ਕਿ ਓਹ ਘਟ ਤੋਂ ਘਟ ੧ ਸਾਲ ਏਥੇ ਜ਼ਰੂਰ ਰਹਿਕੇ ਕੰਮ ਸਿਖਣ ਫੀਸ ਵਗੈਰਾ ਕੋਈ ਨਹੀਂ ਲਈ ਜਾਇਗੀ। ਪ੍ਰਸ਼ਾਦਾ ਗੁਰੂ ਕੇ ਲੰਗੋਂ ਮਿਲੇਗਾ ।:: ਹਰ ਇਕ ਕੰਮ ਸਿਖਣ ਦੇ ਅਭਿਲਾਖੀ ਲਈ ਏਹ ਜ਼ਰੂਰੀ ਹੋਵੇਗਾ, ਕਿ ਓਹ ਜਾਂ ਤੇ ਕਿਸੇ ਮੋਹਤਬਰ ਆਦਮੀ ਦੀ ਜ਼ਮਾਨਤ ਦੇਵੇ ਉਹ ਸਾਲ ਤੋਂ ਪਹਿਲਾਂ ਨਹੀਂ ਜਾਇਗਾ, ਜਾਂ ਨਕਦ ੫੦ ਰੁਪਏ ਦਾਖਿਲ ਕਰੇ ਜੇਹੜੇ ਸਾਲ ਮਗਰੋਂ ਜਾਣ ਲਗਿਆਂ ਮੋੜ ਦਿਤੇ ਜਾਣਗੇ। ਆਸ਼ਾ ਹੈ ਬੇਕਾਰ ਸਜਨ ਸ੍ਰੀ ਸਤਿਗੁਰੂ ਜੀ ਦੀ ਇਸ ਉਦਾਰਤਾ ਤੋਂ ਜ਼ਰੂਰ ਲਾਭ ਉਠਾਣਗੇ।

ਅਨੇਕਾਂ ਕਿਸਮਾਂ ਦਾ ਤਿਆਰ ਕਪੜਾ ਮਿਲਨ ਦਾ ਪਤਾ :—
ਮੈਨੇਜਰ ਸ੍ਰੀ ਸਤਿਗੁਰੂ ਰਾਮ ਹਰੀ ਦਸਤ ਕਾਰੀ ਆਸ਼੍ਰਮ
ਸ੍ਰੀ ਭੈਣੀ ਸਾਹਿਬ ਜ਼ਿਲਾ ਲੁਧਿਹਾਨਾ

Sri Satguru Jagjit Singh Ji Elibrary NamdhariElibrary@gmail.com

ਮਹਾਰਾਜ ਆਏ

ਉਜਾਲਾ ਸਖੀ ! ਹੋ ਗਿਆ ਹੈ ਉਜਾਲਾ,
ਉਜਾਲਾ ਕਰਨ ਹਾਰ ਦਾਤਾ ਜੀ ਆਏ।
ਨਰਾਲੇ ਨੇ ਸਭ ਤੋਂ,ਨਰਾਲੇ ਜਗਤ ਲਈ,
ਅਮਰ ਸੁਖ ਪਦਾਰਥ ਅਨੇਕਾਂ ਲਿਆਏ।
ਜਿਥੇ ਪੈਰ ਧਰਦੇ, ਫੁਟਣ ਚਸ਼ਮੇ ਓਥੋਂ,
ਨਿ ਦੇਂਦੇ ਨਿਗ੍ਹਾ ਨਾਲ ਮੁਰਦੇ ਜਿਵਾਏ।
ਜਿਧਰ ਵੇਖਦੇ ਕ੍ਰਾਮਤਾਂ ਵਸਦੀਆਂ ਨੇ,
ਨਦਰ–ਮਿਹਰ ਮਿੱਟੀ ਨੂੰ ਸੋਨਾ ਬਣਾਏ।
ਨਹੀਂ ਤਾਬ ਵੇਖਣ ਦੀ 'ਮੂਸੇ' ਨੂੰ ਮੁਖੜਾ,
ਮਹਾਂ–ਤੇਜ ਲੀਤੀ ਏ ਕਾਯਾ ਵਟਾਏ।
ਚਰਨ-ਛੋਹ ਨਹੀ, ਬਿਜਲੀਆਂ ਕੂੰਦ ਪਈਆਂ
ਜਿਨ੍ਹੇ ਦੇਵਤੇ ਅਪਣੀ ਵੱਲੇ ਖਿਚਾਏ।
ਵਿਕੇ ਹੁਸਨ ਹੁਸਨਾਂ ਦੇ ਦਾਤਾ ਤੋਂ ਤਕੋ !
ਉਛਾਲੇ ਸੁੰਦਰਤਾ ਦੇ ਰਿਤੁ–ਰਾਜ ਖਾਏ।
ਗਈ ਮਹਿਕ ਵਿਕ ਕ੍ਰਸਦੇ ਮਾਲਕ ਤੋਂ ਹਸਦੀ,
ਚੜ੍ਹੇ ਜੀਵ ਜੰਤਾਂ ਨੂੰ ਭਰ ਭਰ ਕੇ ਚਾ ਏ।
ਖਿੜੇ ਖੇੜਿਆਂ ਕ੍ਰਹਿਕ੍ਰਹੇ ਮਾਰ ਦਸਿਆ,
ਮਹਾਰਾਜ ਆਏ ! ਮਹਾਰਾਜ ਆਏ !
ਉਠੋ ! ਵਧਿ ਸਵਾਗਤ ਕਰੋ 'ਚਕ੍ਰਵਰਤੀ'
ਜਗਤ-ਨਾਥ ਸਾਡੀ ਰਖਣ ਲਾਜ ਆਏ।

"ਚਕ੍ਰਵਰਤੀ"

Sri Satguru Jagjit Singh Ji Elibrary NamdhariElibrary@gmail.com